*Published in Punjabi & English*
Distributed in Toronto, Calgary, Vancouver and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-11, ਅੰਕ-5, ਮਈ 2021 | Website: www.ppapmg.com
HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਸਾਹਾਂ ਦੀ ਸੌਦਾਗਰੀ /2
ਲੁੱਟ ਤੇ ਕੁੱਟ ਦਾ ਸੰਦ ਬਣਾਇਆ ਕਰੋਨਾ/4
ਹਰਤੋਸ਼ ਬੱਲ ਦਾ ਕਸੂਰ ਕੀ ਸੀ; ਆਖਿਰ ਉਹ ਕਹਿ ਕੀ ਰਿਹਾ ਹੈ ?/6
ਗੈਰ-ਕਰੋਨਾ ਗੰਭੀਰ ਬੀਮਾਰੀਆਂ ਦਾ ਐਮਰਜੈਂਸੀ ਇਲਾਜ ਕਿਥੋਂ ਕਰਵਾਈਏ ?/7
"ਸਰਮਾਏਦਾਰੀ ਕਤਲੇਆਮ ਦਾ ਹਥਿਆਰ ਬਣ ਚੁੱਕੀ ਹੈ" - ਅਰੁੰਧਤੀ ਰਾਏ/8
ਕੈਨੇਡਾ ਦਾ ਇਸ ਸਾਲ ਦਾ ਬਜਟ/13
ਦਲਿਤ ਪੱਤਾ ਪੰਜਾਬ ਚੋਣਾਂ 'ਚ ਕਿੰਨਾ ਕੁ ਕਾਰਗਰ ?/17
ਸ਼ਹੀਦ ਭਗਵਤੀ ਚਰਣ ਵੋਹਰਾ ਸਾਡੇ ਸਮਿਆਂ ਦੇ ਨਾਲ ਨਾਲ/18
"ਨਵਉਦਾਰਵਾਦ ਦੇ ਖ਼ਿਲਾਫ਼ ਡੱਟੇ ਬਿਨਾਂ ਬਦਲਾਓ ਸੰਭਵ ਨਹੀਂ ਹੈ" - ਕੋਬਾਡ ਗਾਂਧੀ/20
ਇਹ ਹੈ ਗਾਥਾ - ਪਰ ਤੁਹਾਡੇ ਸਾਰਿਆਂ ਲਈ ਨਹੀਂ/26
ਤੁਰ ਗਿਆ "ਗ਼ੈਰ-ਹਾਜ਼ਿਰ ਆਦਮੀ" ਪ੍ਰੇਮ ਗੋਰਖੀ/32

# ਮਹਾਮਾਰੀ ਅਤੇ 'ਸਵੈਨਿਰਭਰਤਾ' ਦਾ ਦੰਭ




ਬੂਟਾ ਸਿੰਘ ਨਵਾਂਸ਼ਹਿਰ
94634-74342

ਪਿਛਲੇ ਹਫ਼ਤਿਆਂ ਤੋਂ ਮੁਲਕ ਦੇ ਵੱਖ-ਵੱਖ ਹਿੱਸਿਆਂ ਤੋਂ ਆ ਰਹੀਆਂ ਖ਼ਬਰਾਂ ਖ਼ੌਫ਼ਨਾਕ ਹਨ। ਇਕ ਵਾਰ ਫਿਰ ਕੋਰੋਨਾ ਨਾਲ ਨਜਿੱਠਣ ਦੀ ਘੋਰ ਇੰਤਜ਼ਾਮੀ ਕਾਰਨ ਹਸਪਤਾਲਾਂ 'ਚ ਆਪਾਧਾਪਾ ਮੱਚੀ ਹੋਈ ਹੈ। ਪਰਵਾਸੀ ਮਜ਼ਦੂਰਾਂ 'ਚ ਡਰ ਅਤੇ ਕੰਮਕਾਜੀ ਲੋਕਾਂ 'ਚ ਚਿੰਤਾ ਦਾ ਆਲਮ ਹੈ। ਕੋਰੋਨਾ ਦੇ ਮਾਮਲੇ 'ਚ ਹੁਣ ਭਾਰਤ ਬਾਕੀਆਂ ਨੂੰ ਪਛਾੜ ਕੇ ਦੁਨੀਆ 'ਚ ਪਹਿਲੇ ਨੰਬਰ 'ਤੇ ਹੈ! ਹਰ ਪਾਸੇ ਮੌਤਾਂ ਦਾ ਆਲਮ ਹੈ। ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਣ ਲਈ ਪਿਛਲੀਆਂ ਚੋਣਾਂ 'ਚ 'ਸ਼ਮਸਾਨ ਬਨਾਮ ਕਬਰਸਤਾਨ' ਦਾ ਫਿਰਕੂ ਨਾਅਰਾ ਦੇਣ ਵਾਲੇ ਮੋਦੀ ਨੇ ਪੂਰਾ ਮੁਲਕ ਹੀ ਸ਼ਮਸਾਨਘਾਟ ਬਣਾ ਦਿੱਤਾ ਹੈ। ਸਿਵਿਆਂ ਅਤੇ ਕਬਰਸਤਾਨਾਂ 'ਚ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਜਗਾ ਨਹੀਂ ਮਿਲ ਰਹੀ। ਦਿੱਲੀ ਵਿਚ ਸਸਕਾਰ ਕਰਨ ਲਈ ਸੋਲਾਂ ਤੋਂ ਵੀਹ ਘੰਟੇ ਇੰਤਜ਼ਾਰ ਕਰਨਾ ਪੈ ਰਿਹਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਵਿਚ ਰੋਜ਼ਾਨਾ 3000 ਤੋਂ ਉੱਪਰ ਲੋਕ ਕੋਰੋਨਾ ਨਾਲ ਮਰ ਰਹੇ ਹਨ ਅਤੇ 29 ਅਪ੍ਰੈਲ ਨੂੰ ਇਹ ਗਿਣਤੀ 3645 ਤੱਕ ਪਹੁੰਚ ਗਈ ਹੈ। ਇਹ ਸਿਰਫ਼ ਹਸਪਤਾਲਾਂ ਦੇ ਅੰਕੜੇ ਹਨ, ਸ਼ਮਸ਼ਾਨ ਘਾਟਾਂ ਦੇ ਰਿਕਾਰਡ ਵੱਖਰੀ ਦਾਸਤਾਨ ਬਿਆਨ ਰਹੇ ਹਨ। ਦੈਨਿਕ ਭਾਸਕਰ ਨੇ ਨਿਊ ਯਾਰਕ ਟਾਈਮਜ਼ ਦੇ ਹਵਾਲੇ ਨਾਲ ਫਰੰਟ ਪੇਜ ਖ਼ਬਰ ਛਾਪੀ ਹੈ ਕਿ ਭਾਰਤ ਵਿਚ ਮੌਤਾਂ ਦੀ ਅਸਲ ਗਿਣਤੀ ਸਰਕਾਰੀ ਅੰਕੜਿਆਂ ਤੋਂ ਪੰਜ ਗੁਣਾਂ ਜ਼ਿਆਦਾ ਹੈ ਅਤੇ ਕੇਂਦਰ ਸਰਕਾਰ ਰਾਜਾਂ ਉੱਪਰ ਗਿਣਤੀ ਨੂੰ ਦਬਾਉਣ ਲਈ ਦਬਾਓ ਪਾ ਰਹੀ ਹੈ। ਸਰਕਾਰੀ ਅੰਕੜਿਆਂ ਦੀ ਬੇਭਰੋਸਗੀ ਦਾ ਸਬੂਤ ਇਹ ਹੈ ਕਿ ਗੁਜਰਾਤ ਹਾਈਕੋਰਟ ਨੇ ਸਰਕਾਰ ਨੂੰ ਕੋਰੋਨਾ ਦੇ ਮਰੀਜ਼ਾਂ ਅਤੇ ਮੌਤਾਂ ਦੇ ਸਹੀ ਅੰਕੜੇ ਦੱਸਣ ਲਈ ਕਿਹਾ ਹੈ। ਮੱਧ ਪ੍ਰਦੇਸ਼ ਦੀ ਰਾਜਧਾਨੀ ਦੀਆਂ ਰਿਪੋਰਟਾਂ ਹਨ ਕਿ ਭੋਪਾਲ 'ਚ 13 ਦਿਨ 'ਚ 1000 ਮੌਤਾਂ ਹੋਈਆਂ ਪਰ ਸਰਕਾਰੀ ਅੰਕੜਿਆਂ 'ਚ 41 ਦੱਸੀਆਂ ਗਈਆਂ। 1984 ਦੇ ਯੂਨੀਅਨ ਕਾਰਬਾਈਡ ਗੈਸ ਕਾਂਡ ਤੋਂ ਬਾਦ ਪਹਿਲੀ ਵਾਰ ਭੋਪਾਲ ਸ਼ਹਿਰ ਦੇ ਸ਼ਮਸ਼ਾਨਘਾਟਾਂ ਅਤੇ ਕਬਰਸਤਾਨਾਂ 'ਚ ਉਸੇ ਪੈਮਾਨੇ 'ਤੇ ਲਾਸ਼ਾਂ ਦੀ ਆਮਦ ਹੋ ਰਹੀ ਹੈ। ਦਿੱਲੀ ਵਿਚ 22 ਅਪ੍ਰੈਲ ਨੂੰ ਕੋਰੋਨਾ ਵਾਇਰਸ ਨਾਲ ਸੰਬੰਧਤ 306 ਮੌਤਾਂ ਹੋਈਆਂ ਜੋ ਜਨਵਰੀ ਤੋਂ ਲੈ ਕੇ ਇਕ ਦਿਨ ਵਿਚ ਮੌਤਾਂ ਦੀ ਸਭ ਤੋਂ ਵੱਡੀ ਤਾਦਾਦ ਸੀ।

ਕੋਵਿਡ-19 ਦੀ ਦੂਜੀ ਲਹਿਰ ਨਾਲ ਨਜਿੱਠਣ ਦੀ ਨਾਕਾਮੀ ਮਨੁੱਖਤਾ ਖ਼ਿਲਾਫ਼ ਮਹਾਂ ਜੁਰਮ ਹੈ। ਇਸ ਨੇ ਇਹ ਹਕੀਕਤ ਜੱਗ ਜ਼ਾਹਿਰ ਕਰ ਦਿੱਤੀ ਹੈ ਕਿ ਭਾਰਤ ਦਾ ਰਾਜ ਪ੍ਰਬੰਧ ਪੂਰੀ ਤਰਾਂ ਦੰਭ 'ਤੇ ਆਧਾਰਿਤ ਅਤੇ

(ਬਾਕੀ ਸਫ਼ਾ 22 'ਤੇ)



















# ਸਾਹਾਂ ਦੀ ਸੌਦਾਗਰੀ



ਕੁਲਦੀਪ ਸਿੰਘ ਦੀਪ (ਡਾ.)
ਦੀਪ ਦੁਨੀਆ
9876820600



ਦੇਸ਼ ਵਿਚ ਹਾਹਾਕਾਰ ਮੱਚੀ ਹੋਈ ਹੈ। ਇਹ ਹਾਹਾਕਾਰ ਕਰੋਨਾ ਦੀ ਨਹੀਂ ਹੈ, ਆਕਸੀਜਨ ਦੀ ਵੀ ਨਹੀਂ ਹੈ, ਬੈਡਾਂ ਦੀ ਵੀ ਨਹੀਂ ਹੈ, ਵੈਂਟੀਲੈਂਟਰਾਂ ਦੀ ਵੀ ਨਹੀਂ ਹੈ...ਬਲਕਿ ਬਦ ਇੰਤਜ਼ਾਮੀ ਦੀ ਹੈ, ਨੀਅਤ ਤੋਂ ਹੋਈ ਬਦਨੀਅਤ ਦੀ ਹੈ, ਸਿਆਸੀ ਜਮਾਤ ਦੀ ਸਾਜ਼ਿਸ਼ ਦੀ ਹੈ ਅਤੇ ਸਾਹਾਂ ਦੀ ਸੌਦਾਗਰੀ ਦੀ ਹੈ। ਭਾਰਤ ਦੀ ਸੁਪਰੀਮ ਅਦਾਲਤ ਦੇ ਦੋ ਜੱਜਾਂ ਰੇਖਾ ਪੱਲੀ ਅਤੇ ਵਿਪਿਨ ਸਾਂਘੀ ਨੇ ਕਿਹਾ ਹੈ ਕਿ
'ਇਸ ਦੇਸ਼ ਨੂੰ ਭਗਵਾਨ ਚਲਾ ਰਹੇ ਹਨ।'

ਤੇ ਸਿਅਸਤਦਾਨ ਤਾਂ ਭਗਵਾਨ ਦੇ ਨਾਂ ਤੇ ਸਿਆਸਤਾਂ ਕਰ ਰਹੇ ਰਹੇ ਹਨ, ਭਗਵਾਨ ਨੂੰ ਵੋਟਾਂ ਵਿਚ ਤਬਦੀਲ ਕਰ ਰਹੇ ਹਨ ਤੇ ਆਮ ਲੋਕਾਂ ਦੇ ਸਾਹਾਂ ਦੀ ਸੌਦਾਗਰੀ ਕਰ ਰਹੇ ਹਨ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਹੈ ਕਿ: "ਲੋਕਾਂ ਨੂੰ ਮਰਨ ਲਈ ਨਹੀਂ ਛੱਡਿਆ ਜਾ ਸਕਦਾ।"

ਕਿੰਨੀ ਤਰੱਕੀ ਕੀਤੀ ਹੈ ਸਾਡੇ ਦੇਸ਼ ਨੇ ਇਕ ਸਾਲ ਵਿਚ। ਇਕ ਸਾਲ ਬਾਅਦ ਵੀ ਪ੍ਰਵਾਸੀ ਮਜ਼ਦੂਰ ਉਵੇਂ ਆਪਣੇ ਘਰਾਂ ਨੂੰ ਦੌੜ ਰਹੇ ਹਨ, ਭੁੱਖ ਨਾਲ ਮਰ ਰਹੇ ਹਨ, ਐਕਸੀਡੈਂਟਾਂ ਨਾਲ ਮਰ ਰਹੇ ਹਨ, ਉਵੇਂ ਹੀ ਬੈਡਾਂ ਦੀ ਕਮੀ ਹੈ, ਵੈਂਟੀਲੇਟਰਾਂ ਦੀ ਕਮੀ ਹੈ, ਆਕਸੀਜਨ ਦੀ ਤਾਂ ਬੇਹਦ ਕਮੀ ਹੈ, ਮਰੀਜ ਘਰਾਂ ਵਿਚ ਤੜਫ ਰਹੇ ਹਨ, ਐਂਬੂਲੈਂਸ਼ਾਂ ਵਿਚ ਦਮ ਤੋੜ ਰਹੇ ਹਨ, ਹਸਪਤਾਲਾਂ ਦੇ ਦਰਵਾਜ਼ੇ ਮੂਹਰੇ ਸਟਰੈਚਰਾਂ ਤੇ ਚੀਕਾਂ ਮਾਰ ਮਾਰ ਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਰਹੇ ਹਨ। ਵੈਕਸੀਨ ਲਗਵਾਉਣ ਵਾਲਿਆਂ ਦੀਆਂ ਲਾਈਨਾਂ ਹਨ, ਕਰੋਨਾ ਟੈਸਟ ਕਰਵਾਉਣ ਵਾਲਿਆਂ ਦੀਆਂ ਲਾਈਨਾਂ ਹਨ, ਰੈਮਡੀਸੀਵਰ ਇੰਜੈਕਸ਼ਨ ਲੈਣ ਵਾਲਿਆਂ ਦੀਆਂ ਲਾਈਨਾਂ ਹਨ, ਹਸਪਤਾਲ ਦਾਖਲ ਹੋਣ ਵਾਲਿਆਂ ਦੀਆਂ ਲਾਈਨਾਂ ਹਨ, ਡੈਡ ਬਾਡੀ ਲੈਣ ਵਾਲਿਆਂ ਦੀਆਂ ਲਾਈਨਾਂ ਹਨ, ਤੇ ਸ਼ਮਸ਼ਾਨਘਾਟ ਵਿਚ ਸੰਸਕਾਰ ਕਰਨ ਵਾਲਿਆਂ ਦੀਆਂ ਲਾਈਨਾਂ ਹਨ। ਕਿਸੇ ਦੀ ਲਾਸ਼ ਕਿਸੇ ਨੂੰ ਦੇ ਕੇ ਇਹ ਕਿਹਾ ਜਾ ਰਿਹਾ ਹੈ:

"ਜੋ ਮਿਲ ਗਿਆ ਲੈ ਜੋ ਤੇ ਸੰਸਕਾਰ ਕਰ ਦਿਓ..." ਤੇ ਹੁਣ ਆਕਸੀਜਨ ਦੀ ਕਿੱਲਤ ਨੇ ਤਾਂ ਹੱਦ ਹੀ ਕਰ ਦਿੱਤੀ ਹੈ। ਲੋਕ ਰਸੋਈ ਗੈਸ ਸਿਲੈਂਡਰਾਂ ਵਾਂਗ ਆਕਸੀਜਨ ਦੇ ਸਿਲੈਂਡਰ ਲੈਣ ਲਈ ਲਾਈਨਾਂ ਲਾਈਂ ਖੜ੍ਹੇ ਹਨ। ਸਾਹਾਂ ਦੇ ਮਿਲਣ ਦੀ ਉਡੀਕ ਕੀਤੀ ਜਾ ਰਹੀ ਹੈ, ਮਰੀਜ ਸਾਹਾਂ ਨੂੰ ਉਡੀਕਦੇ ਉਡੀਕਦੇ ਪਰਲੋਕ ਸਿਧਾਰ ਰਹੇ ਹਨ। ਮਰੀਜਾਂ ਦੇ ਸਰਪ੍ਰਸਤ ਬੇਬਸ ਹਨ, ਉਹਨਾਂ ਦੇ ਸਾਮ੍ਹਣੇ ਉਹਨਾਂ ਦੇ ਆਪਣੇ ਤੜਫ ਤੜਫ ਕੇ ਮਰ ਰਹੇ ਹਨ...ਹਸਪਤਾਲਾਂ ਦੇ ਬਾਹਰ ਨੋਟਿਸ ਲੱਗ ਚੁੱਕੇ ਹਨ ਕਿ ਆਕਸੀਜਨ ਖਤਮ ਹੈ, ਕਿਤੇ ਹੋਰ ਲੈ ਜਾਓ ਮਰੀਜ ਨੂੰ...ਕਿਤੇ ਹੋਰ ਲੈ ਜਾਣ ਦੇ ਚੱਕਰ ਵਿਚ ਮਰੀਜ 'ਕਿਸੇ ਹੋਰ ਦੇਸ਼' ਪਹੁੰਚ ਜਾਂਦਾ ਹੈ।

ਰਾਜਾਂ ਵਿਚ ਵੈਕਸੀਨਾਂ ਦੀ ਵੀ ਆਪਾਧਾਪੀ ਮੱਚੀ ਹੈ ਤੇ ਆਕਸੀਜ਼ਨ ਦੀ ਵੀ। ਕਿਸੇ ਰਾਜ ਦਾ ਟਰੱਕ ਕਿਸੇ ਹੋਰ ਨੇ ਰੋਕ ਲਿਆ ਹੈ, ਕਿਸੇ ਰਾਜ ਦਾ ਕਿਸੇ ਹੋਰ ਨੇ। ਮਰੀਜਾਂ ਦੀ ਗਿਣਤੀ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। 8 ਜਨਵਰੀ 2021 ਨੂੰ ਅਮਰੀਕਾ ਵਿਚ ਇਕ ਦਿਨ ਵਿਚ ਤਿੰਨ ਲੱਖ 7 ਹਜ਼ਾਰ ਮਰੀਜ ਆਏ ਸਨ, ਜੋ ਕਿ ਵਿਸ਼ਵ ਵਿਚ ਸਭ ਤੋਂ ਵੱਧ ਸਨ। ਹੁਣ ਵਿਸ਼ਵ ਗੁਰੂ ਹਿੰਦੁਸਤਾਨ ਨੇ ਉਹ ਰਿਕਾਰਡ ਤੋੜ ਦਿੱਤਾ ਹੈ। ਅੱਜ ਜਾਣੀ ਕਿ 22 ਅਪ੍ਰੈਲ 2021 ਨੂੰ ਤਿੰਨ ਲੱਖ 15 ਹਜ਼ਾਰ ਮਰੀਜ ਮਿਲੇ ਹਨ, ਜੋ ਕਿ ਵਿਸ਼ਵ ਰਿਕਾਰਡ ਹੈ।

ਕੀ ਕੀਤਾ ਹੈ ਅਸੀਂ ਇਕ ਸਾਲ ਵਿਚ? ਹੱਥ ਤੇ ਹੱਥ ਧਰ ਕੇ ਬੈਠੇ ਰਹੇ, ਸਿਆਸਤਾਂ ਕਰਦੇ ਰਹੇ। ਪਿਛਲੀ ਵਾਰ ਟਰੰਪ ਦੀ ਆਓਭਗਤ ਕਰਦੇ ਕਰਦੇ ਦੇਸ਼ ਦਾ ਕੁੰਢਾ ਕਰਾ ਦਿੱਤਾ ਸੀ, ਜਿਸ ਦੀ ਕੀਮਤ ਮਹੀਨਿਆਂ ਬੱਧੀ ਲਾਕਡਾਊਨ ਲਾ ਕੇ, ਕਰੋੜਾਂ ਪ੍ਰਵਾਸੀਆਂ ਨੂੰ ਉਜਾੜ ਕੇ, ਕਰੋੜਾਂ ਦਾ ਰੁਜ਼ਗਾਰ ਤਬਾਹ ਕਰਕੇ, ਜੀ ਡੀ ਪੀ ਮਾਈਨਸ 23 ਤੱਕ ਲਿਜਾ ਕੇ ਤੇ ਲੱਖਾਂ ਜਾਨਾਂ ਗਵਾ ਕੇ ਚੁਕਾਉਣੀ ਪਈ ਸੀ।

ਇਹੋ ਕੁਝ ਹੁਣ ਹੋਇਆ। ਜਦ ਮੋਦੀ ਤੇ ਅਮਿਤ ਸਾਹ ਸਮੇਤ ਬੰਗਾਲ ਵਿਚ ਸਿਆਸੀ ਰੋਟੀਆਂ ਸੇਕਦੇ ਰੈਲੀਆਂ ਤੇ ਰੈਲੀਆਂ ਕਰ ਰਹੇ ਸਨ, ਉਸ ਵਕਤ ਮਹਾਂਰਾਸ਼ਟਰ, ਦਿੱਲੀ, ਮੱਧ ਪ੍ਰਦੇਸ਼ ਤੇ ਯੂਪੀ ਆਦਿ ਰਾਜਾਂ ਵਿਚ ਕਰੋਨਾ ਦਨਦਨਾ ਰਿਹਾ ਸੀ। ਦੇਸ਼ ਦੇ ਭਗਵੇਕਰਨ ਦੇ ਏਜੰਡੇ ਦੇ ਤਹਿਤ ਸਾਡੇ ਸਿਆਸੀ ਲੀਡਰ ਅਤੇ ਧਰਮ ਗੁਰੂ ਕਰੋੜਾਂ ਭਗਤਾਂ ਨਾਲ ਕੁੰਭ ਵਿਚ ਡੁਬਕੀਆਂ ਲੱਗਾ ਰਹੇ ਸਨ...ਦੇਸ਼ ਦਾ ਚੋਣ ਕਮੀਸ਼ਨ ਸੱਤਾ ਦਾ ਦਲਾਲ ਬਣ ਕੇ ਉਹਨਾਂ ਨੂੰ ਹਰ ਪ੍ਰਕਾਰ ਦੀਆਂ ਛੋਟਾਂ ਦੇ ਰਿਹਾ ਸੀ। ਅੱਜ ਬੰਗਾਲ ਹਾਈਕਰੋਟ ਨੇ ਵੀ ਇਹ ਕਹਿ ਦਿੱਤਾ ਹੈ ਕਿ ਚੋਣ ਕਮੀਸ਼ਨ ਨੇ ਆਪਣੀ ਕੋਈ ਗਾਈਡਲਾਈਨ ਲਾਗੂ ਨਹੀਂ ਕਰਵਾਈ। ਲਖਨਊ ਹਾਈਕੋਰਟ ਜੋਗੀ ਸਰਕਾਰ ਨੂੰ ਪਾਣੀ ਪੀ ਪੀ ਕੋਸ ਰਹੀ ਹੈ, ਪਰ ਬੇਸ਼ਰਮ ਸੱਤਾ ਦੇ ਕੰਨਾਂ ਤੇ ਜੂੰ ਨਹੀਂ ਸਰਕ ਰਹੀ ਹੈ।

ਹੁਣ ਜਦ ਦੇਸ਼ ਵਿਚ ਮਰੀਜਾਂ ਦਾ ਵਿਸ਼ਵ ਰਿਕਾਰਡ ਕਾਇਮ ਹੋ ਗਿਆ ਹੈ, ਤਦ ਪ੍ਰਧਾਨਮੰਤਰੀ ਨੇ ਕੱਲ੍ਹ ਹੋਣ ਵਾਲੀਆਂ ਰੈਲੀਆਂ ਕੈਂਸਲ ਕੀਤੀਆਂ ਹਨ। ਜਦ ਬੰਗਾਲ ਵਿਚ ਅੱਠ ਗੇੜਾਂ ਵਿਚ ਚੋਣਾਂ ਕਰਵਾਉਣ ਦਾ ਪਲੈਨ ਬਣਾਇਆ ਸੀ ਤਾਂ ਨਿਰੋਲ ਵੋਟਾਂ ਦੀ ਜਿੱਤ ਦਾ ਏਜੰਡਾ ਸਾਮ੍ਹਣੇ ਸੀ, ਕਰੋਨਾ ਦਾ ਇਕ ਪ੍ਰਤੀਸ਼ਤ ਵੀ ਖਿਆਲ ਨਹੀ ਰੱਖਿਆ ਗਿਆ ਸੀ। ਇੱਕੋ ਏਜੰਡਾ ਸੀ ਕਿ ਹਰ ਗੇੜ ਵਿਚ ਪ੍ਰਧਾਨ ਮੰਤਰੀ ਵੱਧ ਤੋਂ ਵੱਧ ਰੈਲੀਆਂ ਕਰ ਸਕਣ..ਪ੍ਰਧਾਨ ਮੰਤਰੀ ਦਿੱਲੀ ਆ ਕੇ ਕਰੋਨਾ ਬਚਾਉ ਮੁਹਿੰਮ ਤਹਿਤ ਲੋਕਾਂ ਨੂੰ ਇਕੱਠੇ ਨਾ ਹੋਣ ਦੀ ਅਪੀਲ ਕਰ ਰਹੇ ਸਨ ਤੇ ਬੰਗਾਲ ਤੇ ਅਸਾਮ ਵਿਚ ਜਾ ਕੇ ਲੱਖਾਂ ਲੋਕਾਂ ਨੂੰ ਇੱਕਠੇ ਕਰ ਰਹੇ ਸਨ। ਹੈ ਨਾ ਵਿਸ਼ਵ ਗੁਰੂ ਦੀ ਕਮਾਲ ਦੀ ਜਾਦੂਗਰੀ। ਬੰਗਾਲ ਵਿਚ ਟੈਸਟਿੰਗ ਟਰੇਸਿੰਗ ਨਾ ਮਾਤਰ ਹੈ। ਚੋਣਾਂ ਤੋਂ ਬਾਅਦ ਇਸ ਦਾ ਕੀ ਹਾਲ ਹੋਣਾ ਹੈ, ਉਸ ਨੂੰ ਸੋਚ ਕੇ ਡਰ ਲਗਦਾ ਹੈ। ਕੇਰਲਾ ਵਰਗੀ ਅਨੁਸ਼ਾਸਿਤ ਸਟੇਟ ਵਿਚ ਵੀ ਕਰੋਨਾ ਪਹਿਲੀ ਵਾਰ ਬੇਕਾਬੂ ਹੋਇਆ ਹੈ, ਸਿਰਫ ਇਹਨਾਂ ਦੀਆਂ ਚੋਣਾਂ ਕਰਕੇ।

ਆਖਰੀ ਗੱਲ..ਸਾਹਾਂ ਦੀ ਸੌਦਾਗਰੀ ਦੇ ਭਵਿੱਖ ਲਈ ਵੱਡੇ ਸਬਕ ਹਨ। ਆਕਸੀਜਨ ਹਵਾ ਵਿਚ ਵਾਧੂ ਹੈ, ਅਸੀਂ ਸਾਰੇ ਹਵਾ ਵਿਚਲੀ ਆਕਸੀਜਨ ਨਾਲ ਹੀ ਸਾਹ ਲੈ ਰਹੇ ਹਾਂ। ਇਸੇ ਹਵਾ ਨੂੰ ਇੱਕਠੀ ਕਰਕੇ, ਸੋਧ ਕੇ, ਕੰਪ੍ਰੈਸ਼ ਕਰਕੇ ਕ੍ਰਾਇਜਨਿਕ ਟੈਂਕਾਂ ਵਿਚ ਭਰ ਕੇ ਤੇ ਫਿਰ ਸਲੰਡਰਾਂ ਵਿਚ ਭਰ ਕੇ ਵੱਡੇ ਵੱਡੇ ਅਦਾਰੇ ਇਸ ਦਾ ਵਪਾਰ ਕਰ ਰਹੇ ਹਨ। ਜਿਵੇਂ ਸੱਤਾ ਦੀ ਮਿਹਰਬਾਨੀ ਨਾਲ ਕਾਰਪੋਰੇਟ ਹਰ ਕੁਦਰਤੀ ਸਰੋਤ ਤੇ ਕਬਜ਼ਾ ਜਮਾ ਰਿਹਾ ਹੈ, ਇਹਨਾਂ ਨੇ ਭਵਿੱਖ ਵਿਚ ਬਾਹਰਲੀ ਹਵਾ ਏਨੀ ਪਲੀਤ ਕਰ ਦੇਣੀ ਹੈ ਕਿ ਇਸ ਵਿਚ ਸਾਹ ਹੀ ਨਹੀਂ ਲਏ ਜਾਣੇ। ਤਦ ਇਹ ਕਾਰਪੋਰੇਟ ਹਰ ਬੰਦੇ ਨੂੰ ਆਕਸੀਜਨ ਦੇ ਨਿੱਕੇ-ਨਿੱਕੇ ਸਲੰਡਰ ਮੁਹਈਆਂ ਕਰਾਏਗਾ ਤਾ ਜੋ ਉਹ ਉਹਨਾਂ ਮਿੰਨੀ ਸਲੰਡਰਾਂ ਨੂੰ ਆਪਣੀ ਪਿੱਠ ਤੇ ਟੰਗ ਕੇ ਰੁਟੀਨ ਵਿਚ ਸ਼ੁੱਧ ਆਕਸੀਜ਼ਨ ਨਾਲ ਸਾਹ ਲੈ ਸਕੇ।

ਸੋਚੋ! ਜਦ ਅੱਜ ਦੇਸ਼ ਦੇ ਦੋ ਪ੍ਰਤੀਸ਼ਤ ਕਰੋਨਾ ਪੀੜਤ ਲੋਕਾਂ ਨੂੰ ਸਾਹ ਦੇਣ ਲਈ ਆਕਸੀਜਨ ਨੇ ਚੀਕਾਂ ਕਢਾ ਰੱਖੀਆਂ ਹਨ, ਲੋਕ ਮਰ ਰਹੇ ਹਨ, ਕੱਲ੍ਹ ਨੂੰ ਜਦ ਹਰ ਬੰਦੇ ਨੂੰ ਬੋਤਲ ਬੰਦ ਪਾਣੀ ਵਾਂਗ ਸਿਲੰਡਰ ਬੰਦ ਆਕਸੀਜਨ ਦੀ ਲੋੜ ਪਈ ਤਾਂ ਇਹ ਕਾਰਪੋਰੇਟ ਤੁਹਾਡੇ ਸਾਹਾਂ ਦੀ ਰੱਜ ਕੇ ਸੌਦਾਗਰੀ ਕਰੇਗਾ, ਮਨਮਰਜੀ ਦੇ ਰੇਟਾਂ ਤੇ ਸਲੰਡਰ ਸਪਲਾਈ ਕਰੇਗਾ..,.ਆਕਸੀਜਨ ਸਟੋਰ ਕਰਕੇ ਮਸਨੂਈ ਕਿਲੱਤ ਪੈਦਾ ਕਰੇਗਾ...ਫਿਰ ਰਾਤੋ ਰਾਤ ਰੇਟਾਂ ਨੂੰ ਅਸਮਾਨਾਂ ਦੇ ਚੜ੍ਹਾਏਗਾ...ਤੇ ਤੁਹਾਡੀ ਸੰਘੀ ਤੇ ਅੰਗੂਠਾ ਰੱਖ ਕੇ ਆਪਣੀ ਆਮਦਨ ਨੂੰ ਹਜ਼ਾਰਾਂ ਗੁਣਾ ਵਧਾਏਗਾ ਤੇ ਤੁਹਾਨੂੰ ਸਰੀਰਕ ਤੇ ਆਰਥਿਕ ਤੌਰ ਤੇ ਮੌਤ ਵਰਗੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਕਰੇਗਾ। ਕਿਸੇ ਨੂੰ ਇਹ ਗੱਲਾਂ ਅੱਤਕਥਨੀ ਲੱਗ ਸਕਦੀਆਂ ਹਨ। ਪਰ ਸਬੂਤ ਤੁਹਾਡੇ ਸਾਮ੍ਹਣੇ ਹੈ। ਤਿੰਨ ਖੇਤੀ ਕਨੂੰਨਾਂ ਵਿਚ ਤੀਜਾ ਕਨੂੰਨ '1955 ਦੇ ਜ਼ਰੂਰੀ ਵਸਤਾਂ ਐਕਟ ਵਿਚ ਸੋਧ' ਇਹ ਸਾਰੇ ਅਧਿਕਾਰ ਕਾਰਪੋਰੇਟ ਨੂੰ ਦਿੰਦੀ ਹੈ ਕਿ ਉਹ ਆਲੂ ਗੰਢਿਆਂ ਦੇ ਨਾਲ ਨਾਲ ਆਕਸੀਜ਼ਨ ਨੂੰ ਵੀ ਸਟੋਰ ਕਰ ਸਕੇ ਤੇ ਰੱਜ ਰੱਜ ਤੁਹਾਡੇ ਸਾਹਾਂ ਦੀ ਸੌਦਾਗਰੀ ਕਰ ਸਕੇ। ਅਜੇ ਵੀ ਵਕਤ ਹੈ ਦੋਸਤੋ...ਸੁਚੇਤ ਹੋਈਏ ਇਹਨਾਂ ਸਾਹਾਂ ਦੇ ਸੌਦਾਗਰਾਂ ਤੋਂ ਤੇ ਲਾਮਬੰਦ ਹੋ ਕੇ ਲੜੀ ਜਾ ਰਹੀ ਲੜਾਈ ਦਾ ਹਿੱਸਾ ਬਣੀਏ। ਕਿਸੇ ਸ਼ਾਇਰ ਦੀਆਂ ਲਾਈਨਾਂ ਚੇਤੇ ਆ ਰਹੀਆਂ ਹਨ:

**ਕੈਦ ਕਰ ਸਾਂਪੋ ਕੋ ਸਪੇਰੋਂ ਨੇ ਯੇ ਕਹਿ ਕਰ ਬਸ**
**ਅਬ ਇਨਸਾਨ ਕੋ ਡਸਨੇ ਕੇ ਲੀਏ ਇਨਸਾਨ ਹੀ ਕਾਫੀ ਹੈਂ...**

# ਪੱਛਮੀ ਬੰਗਾਲ ਚੋਣ ਨਤੀਜਿਆਂ ਬਾਰੇ




ਪੱਛਮੀ ਬੰਗਾਲ ਚੋਣਾਂ ਵਿੱਚ ਭਾਜਪਾ ਦੀ ਅਸਫਲਤਾ ਸੰਘਰਸ਼ ਕਰ ਰਹੇ ਕਿਸਾਨਾਂ ਦੀ ਜਿੱਤ ਨਹੀਂ ਹੈ, ਨਾ ਇਹ ਬੰਗਾਲ ਦੇ ਕਿਰਤੀ ਲੋਕਾਂ ਦੀ ਜਿੱਤ ਹੈ , ਇਹ ਮਮਤਾ ਬੈਨਰਜੀ ਦੀ ਹੀ ਜਿੱਤ ਹੈ। ਬੰਗਾਲ ਦੇ ਇਕ ਹਾਕਮ ਧੜੇ ਦੀ ਜਿੱਤ ਹੈ। ਉਂਜ ਭਾਜਪਾ ਇਸ ਨੂੰ ਆਪਣੀ ਹਾਰ ਨਹੀਂ ਮੰਨੇਗੀ ਕਿਉਂਕਿ ਉਸ ਨੇ ਬੰਗਾਲ ਅੰਦਰ ਆਪਣੀ ਹਿੰਦੂਤਵੀ ਫ਼ਿਰਕੂ ਸਿਆਸਤ ਦੇ ਪੈਰ ਜਮਾਏ ਹਨ, ਖੂਬ ਪਸਾਰਾ ਕੀਤਾ ਹੈ, ਅਗਾਂਹ ਨੂੰ ਸੀਟਾਂ ਵੀ ਵਧਾ ਲੈਣਗੇ। ਇਨ੍ਹਾਂ ਨਤੀਜਿਆਂ ਨੂੰ ਫਾਸ਼ੀਵਾਦ ਦੀ ਹਾਰ ਕਹਿਣਾ ਸਹੀ ਨਹੀਂ ਹੈ। ਬੰਗਾਲ ਚ ਸਰਕਾਰ ਨਾ ਬਣਾ ਸਕਣਾ ਭਾਜਪਾ ਦੇ ਫਾਸ਼ੀ ਹੱਲੇ 'ਚ ਰੁਕਾਵਟ ਪਾਉਣ ਜੋਗੀ ਸੱਟ ਨਹੀਂ ਹੈ। ਜਿੰਨ੍ਹਾ ਨੂੰ ਪੱਛਮੀ ਬੰਗਾਲ ਅੰਦਰ ਮਮਤਾ ਬੈਨਰਜੀ ਦੀ ਸਰਕਾਰ ਵੱਲੋਂ ਲੋਕ ਸੰਘਰਸਾਂ ਪ੍ਰਤੀ ਧਾਰਨ ਕੀਤੇ ਜਾਂਦੇ ਰੱਵਈਏ ਦਾ ਪਤਾ ਹੈ ਉਹ ਤਾਂ ਅਜਿਹਾ ਫਤਵਾ ਦੇਣ ਤੋਂ ਲਾਜਮੀ ਹਿਚਕਿਚਾਹਟ ਦਿਖਾਉਣਗੇ। ਮਮਤਾ ਬੈਨਰਜੀ ਦੀ ਅਖੌਤੀ ਆਰਥਿਕ ਸੁਧਾਰਾਂ ਲਈ ਪ੍ਰਤੀਬੱਧਤਾ ਮੋਦੀ ਨਾਲੋਂ ਬੁਨਿਆਦੀ ਤੌਰ 'ਤੇ ਵੱਖਰੀ ਨਹੀਂ ਹੈ। ਇਸ ਲਈ ਬੰਗਾਲ ਦੇ ਲੋਕਾਂ ਲਈ ਹੱਕਾਂ ਦੇ ਸੰਘਰਸਾਂ ਦਾ ਮਾਰਗ ਅਜੇ ਵੀ ਓਨਾ ਹੀ ਔਖਾ ਹੈ। ਉਝ ਇਹਨਾਂ ਚੋਣਾਂ ਰਾਹੀਂ ਵੀ ਭਾਜਪਾ ਨੇ ਸੂਬੇ ਦੇ ਹਾਕਮ ਜਮਾਤੀ ਸਿਆਸਤੀ ਢਾਂਚੇ ਅੰਦਰ ਫਿਰਕਾਪ੍ਰਸਤੀ ਦਾ ਬੋਲ ਬਾਲਾ ਬਣਾ ਦਿੱਤਾ ਹੈ ਜੋ ਅੱਗੇ ਚੱਲ ਕੇ ਵੀ ਉਸਦੇ ਕੰਮ ਆਉਣਾ ਹੈ।

ਕਿਸਾਨ ਸੰਘਰਸ਼ ਦੇ ਪ੍ਰਸੰਗ 'ਚ ਭਾਜਪਾ ਦੀ ਇਹ ਅਸਫਲਤਾ ਵਕਤੀ ਤੌਰ 'ਤੇ ਚਿੱਤ ਦੀ ਤਸੱਲੀ ਵਾਲੀ ਗੱਲ ਹੀ ਬਣਦੀ ਹੈ। ਇਹ ਨਤੀਜਾ ਸੰਘਰਸ਼ ਦੇ ਮੈਦਾਨ ਚ ਡਟੇ ਕਿਸਾਨਾਂ ਤੇ ਦੇਸ਼ ਅੰਦਰ ਮੋਦੀ ਸਰਕਾਰ ਵੱਲੋਂ ਕੁਚਲੇ ਜਾ ਰਹੇ ਲੋਕਾਂ ਦੇ ਚਿੱਤ ਠਾਰਨ ਜੋਗਾ ਤਾਂ ਹੈ ਕਿਉਂਕਿ ਜਿਹੜੇ ਦੁਸ਼ਮਣ ਨਾਲ ਮੱਥਾ ਲੱਗਿਆ ਹੋਇਆ ਹੈ ਉਸ ਦੀ ਕਿਸੇ ਖੇਤਰ 'ਚ ਹਾਰ ਹੌਂਸਲਾ ਦਿੰਦੀ ਹੈ। ਪਰ ਅਮਲੀ ਤੌਰ 'ਤੇ ਸੰਘਰਸ ਲਈ ਇਹ ਕੋਈ ਲਾਹੇਵੰਦਾ ਪਹਿਲੂ ਬਣਨ ਜੋਗਾ ਘਟਨਾ ਵਿਕਾਸ ਨਹੀਂ ਹੈ।

ਮੋਦੀ ਸਰਕਾਰ ਨੇ ਜਿਸ ਤਰ੍ਹਾਂ ਦੇਸ਼ ਦੀ ਰਾਜ ਮਸ਼ੀਨਰੀ 'ਤੇ ਕੰਟਰੋਲ ਨੂੰ ਮਜਬੂਤ ਕੀਤਾ ਹੋਇਆ ਹੈ ਤੇ ਜਿਸ ਤਰ੍ਹਾਂ ਦੇ ਫਾਸ਼ੀ ਅਮਲਾਂ'ਤੇ ਟੇਕ ਰੱਖ ਕੇ ਇਹ ਚੱਲ ਰਹੀ ਹੈ , ਕਿਸੇ ਨਵੇਂ ਸੂਬੇ 'ਚ ਸਰਕਾਰ ਬਣਾ ਸਕਣ ਦੀ ਨਾਕਾਮੀ ਉਸ ਦੇ ਫਾਸ਼ੀ ਰਥ 'ਚ ਮਾਮੂਲੀ ਵਿਘਨ ਪਾਉਣ ਵਾਲੀ ਸੱਟ ਵੀ ਨਹੀਂ ਬਣਦੀ। ਇਸ ਲਈ ਇੱਕ ਅੱਧਾ ਦਿਨ ਕੱਛਾਂ ਵਜਾ ਲੈਣ ਤੇ ਤਸੱਲੀ 'ਚ ਰਹਿ ਲੈਣ ਵਿੱਚ ਕੋਈ ਹਰਜ ਨਹੀਂ ਪਰ ਛੇਤੀ ਛੇਤੀ ਹਕੀਕਤ ਮੁਖੀ ਹੋ ਲੈਣ 'ਚ ਹੀ ਭਲਾਈ ਹੈ। ਇਹ ਮੌਕਾਪ੍ਰਸਤ ਵਿਰੋਧੀ ਪਾਰਟੀਆਂ ਮੋਦੀ ਹਕੂਮਤ ਦੇ ਫਾਸ਼ੀ ਹਮਲੇ ਨੂੰ ਡੱਕਣ ਜੋਗੀਆਂ ਨਹੀਂ ਹਨ। ਇਹ ਹਮਲਾ ਆਖਰ ਨੂੰ ਲੋਕਾਂ ਦੀ ਜੂਝਣ ਸਮਰੱਥਾ ਦੇ ਜੋਰ ਹੀ ਡੱਕਿਆ ਜਾ ਸਕਣਾ ਹੈ। ਕਿਸਾਨ ਸੰਘਰਸ ਵੀ ਕਿਸਾਨ ਜਨਤਾ ਦੇ ਦਮ ਖਮ ਤੇ ਹਮਾਇਤੀ ਲੋਕਾਂ ਦੇ ਡਟਵੇਂ ਸਾਥ ਨਾਲ ਹੀ ਜਿੱਤ ਤੱਕ ਪੁੱਜਣਾ ਹੈ। ਆਓ, ਲੋਕਾਂ ਦੀ ਆਪਣੀ ਜਥੇਬੰਦ ਤਾਕਤ ਤੇ ਸੰਘਰਸ ਦੀਆਂ ਜਿੱਤਾਂ 'ਚੋਂ ਹਕੀਕੀ ਤਸੱਲੀ ਲ਼ੈਣ ਵੱਲ ਵਧੀਏ।

Pavel Kussa ਦੀ ਵਾਲ ਤੋਂ।






**SARO KARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Malkit Singh Abbotsford (BC)
Narbhinder Singh (India) (Punjab)
935-443-0211
Buta Singh Nawan Shahr (Punjab)
946-347-4342
atoozed@gmail.com
Jaswant Zirakh (India) (Punjab)
98151-69825
jaswantzirakh@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸੰਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਕੈਨੇਡਾ ਦਾ ਇਸ ਸਾਲ ਦਾ ਬਜਟ



ਡਾ ਬਲਜਿੰਦਰ ਸਿੰਘ ਸੇਖੋਂ
001 905 781 1197

ਕਰੋਨਾਂ ਮਹਾਂਮਾਰੀ ਦੇ ਚਲਦਿਆਂ ਦੋ ਸਾਲਾਂ ਵਿਚ ਲਿਬਰਲ ਸਰਕਾਰ ਦਾ ਇਹ ਪਹਿਲਾ ਬੱਜਟ ਹੈ। ਬਜਟ ਵਿਚ ਬੱਚਿਆਂ ਦੀ ਸੰਭਾਲ, ਨਵੀਆਂ ਨੌਕਰੀਆਂ, ਮੂਲ ਨਿਵਾਸੀਆਂ ਦੀ ਸਿਹਤ ਅਤੇ ਘਰ, ਵਾਤਾਵਰਣ ਦਾ ਸਹਾਇਕ ਵਿਕਾਸ ਢਾਂਚਾ, ਕੋਵਿਡ ਦੀ ਮਾਰ ਝੱਲ ਰਹੇ ਲੋਕਾਂ ਦੀ ਸਹਾਇਤਾ ਅਤੇ ਆਰਥਿਕਤਾ ਨੂੰ ਥਾਂ ਸਿਰ ਲਿਆਉਣ ਲਈ ਵੱਡੇ ਵਾਇਦੇ ਕੀਤੇ ਗਏ ਹਨ। ਸਰਕਾਰ ਵਲੋਂ ਬੱਜਟ ਨੂੰ ਮੱਧ ਵਰਗ ਲਈ ਚੰਗੀਆਂ ਨੌਕਰੀਆਂ ਮੁਹੱਈਆਂ ਕਰਵਾਉਣ ਵਾਲਾ ਅਤੇ ਸਾਫ, ਸਥਿਰ ਆਰਥਿਕਤਾ ਪੈਦਾ ਕਰਨ ਵਾਲਾ ਪ੍ਰਚਾਰਿਆ ਜਾ ਰਿਹਾ ਹੈ ਜੋ ਸਰਕਾਰ ਮੁਤਾਬਿਕ ਹਰ ਇੱਕ ਲਈ ਲਾਭਦਾਇੱਕ ਹੋਵੇਗੀ। ਉਨ੍ਹਾਂ ਮੁਤਾਬਿਕ ਇਸ ਨਾਲ ਸਾਲ ਦੇ ਅੰਤ ਤੱਕ 10 ਲੱਖ ਨੌਕਰੀਆਂ ਪੈਦਾ ਹੋਣਗੀਆਂ, ਪੰਜਾਂ ਸਾਲਾਂ ਵਿਚ 10 ਡਾਲਰ ਪ੍ਰਤੀ ਦਿਨ ਦੇ ਖਰਚ ਤੇ ਬੱਚਿਆਂ ਦੀ ਸੰਭਾਲ ਮਿਲ ਸਕੇਗੀ ਅਤੇ ਦੇਸ਼ ਅਗਲੇ 30 ਸਾਲਾਂ ਵਿਚ ਵਾਤਾਵਰਣ ਖਰਾਬ ਕਰਨ ਵਾਲੀਆਂ ਗੈਸਾਂ ਓਨੀਆਂ ਹੀ ਛੱਡਿਆ ਕਰੇਗਾ, ਜਿਨੀਆਂ ਇਸ ਦੇਸ਼ ਵਿਚਲੇ ਦੂਸਰੇ ਸਰੋਤ ਉਨ੍ਹ ਨੂੰ ਖਪਤ ਕਰ ਲੈਣ। ਕੁੱਲ ਨਵੇਂ ਖਰਚੇ 101.4 ਅਰਬ ਡਾਲਰ ਜੋੜ ਕੇ ਇਸ ਸਾਲ ਦਾ ਕਨੇਡਾ ਦੇ ਬੱਜਟ ਦਾ ਵਿੱਤੀ ਘਾਟਾ 354.2 ਅਰਬ ਡਾਲਰ ਦਾ ਅਨੁਮਾਨ ਹੈ ਜੋ ਅਗਲੇ ਸਾਲ ਵੀ 154.7 ਅਰਬ ਹੋਵੇਗਾ। ਇਹ ਪਹਿਲਾਂ ਦੇ ਬੱਜਟਾਂ ਨੂੰ ਵੇਖਦਿਆਂ ਬਹੁਤ ਵੱਡੀਆਂ ਰਕਮਾਂ ਹਨ। ਸਰਕਾਰ ਕਹਿ ਰਹੀ ਹੈ ਕਿ ਆਰਥਿਕਤਾ ਨੂੰ ਦੁਬਾਰਾ ਪੈਰਾਂ ਸਿਰ ਕਰਨ ਲਈ ਇਹ ਖਰਚ ਜਰੂਰੀ ਹਨ। ਇਸ ਵਿਚ ਕਰੋਨਾ ਨਾਲ ਬੰਦ ਰਹਿ ਰਹੇ ਕੰਮਾਂ ਨਾਲ ਸਬੰਧਿਤ ਅਦਾਰਿਆਂ ਅਤੇ ਲੋਕਾਂ ਦੀ ਮੱਦਦ ਲਈ 12 ਅਰਬ ਡਾਲਰ ਦੀ ਸਹਾਇਤਾ, ਕਰਾਏ ਦੀ ਸਬਸਿਡੀ, ਤਨਖਾਹ ਦੀ 500 ਡਾਲਰ ਪ੍ਰਤੀ ਹਫਤਾ ਪੂਰਤੀ ਜੋ 17 ਜੁਲਾਈ ਤੋਂ 300 ਡਾਲਰ ਰਹਿ ਜਾਵੇਗੀ, ਸ਼ਾਮਲ ਹਨ। ਇਸ ਸਾਰੇ ਵੱਧ ਰਹੇ ਕਰਜ਼ੇ ਨੂੰ ਲਾਹੁਣ ਦੀ ਉਮੀਦ ਬਿਮਾਰੀ ਖਤਮ ਹੋਣ ਬਾਅਦ ਹੋਣ ਵਾਲੀ ਆਰਥਿਕ ਤਰੱਕੀ ਤੇ ਰੱਖੀ ਜਾ ਰਹੀ ਹੈ, ਕੀ ਇਹ ਉਮੀਦ ਮੁਤਾਬਿਕ ਵਧੇਗੀ, ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ।

ਲਿਬਰਲ ਸਰਕਾਰ ਨੇ ਕਾਫੀ ਕੁਝ ਇਸ ਬੱਜਟ ਵਿਚ ਪਾਇਆ ਹੈ, ਬਹੁਤ ਸਾਰੇ ਵਾਇਦੇ ਲੰਬੇ ਸਮੇਂ ਦੇ ਹਨ, ਜੋ ਸੰਕੇਤ ਕਰਦੇ ਹਨ ਕਿ ਜੇਕਰ ਸਾਡੀ ਸਰਕਾਰ ਡੇਗ ਦਿੱਤੀ ਗਈ, ਤਾਂ ਇਹ ਸਭ ਕੁਝ ਸਿਰਫ ਫੋਕੇ ਵਾਇਦੇ ਬਣ ਕੇ ਰਹਿ ਜਾਵੇਗਾ। ਐਨ ਡੀ ਪੀ ਵਲੋਂ ਕੀਤੀਆਂ ਜਾ ਰਹੀਆਂ ਮੰਗਾਂ, ਲੰਬੇ ਸਮੇ ਲਈ ਪ੍ਰੋਵਿੰਸਸ ਨੂੰ ਸਿਹਤ ਸੇਵਵਾਂ ਲਈ ਹਰ ਸਾਲ ਮੱਦਦ ਕਰਨਾ, ਲੋਕਾਂ ਨੂੰ ਮੁਫਤ ਦਵਾਈਆਂ ਦੇਣਾ, ਸ਼ਾਮਿਲ ਨਹੀਂ ਕੀਤੀਆਂ ਗਈਆਂ ਤਾਂ ਜੋ ਇਹ ਲੱਗੇ ਕਿ ਲਿਬਰਲ ਸਰਕਾਰ ਕਿਸੇ ਦੀ ਪਿਛਲੱਗ ਨਹੀਂ ਜਾਂ ਕਿਸੇ ਦੇ ਆਸਰੇ ਨਹੀਂ ਚੱਲ ਰਹੀ, ਜੇਕਰ ਦਮ ਹੈ ਤਾਂ ਇਸ ਨੂੰ ਡੇਗ ਕੇ ਵੇਖੇ। ਫਿਰ ਵੀ ਐਨ ਡੀ ਪੀ ਪਾਰਟੀ ਵਲੋਂ ਇਹ ਕਹਿ ਕੇ ਬੱਜਟ ਦੇ ਹੱਕ ਵਿਚ ਵੋਟਾਂ ਪਾਈਆਂ ਗਈਆਂ ਕਿ ਉਹ ਕਰੋਨਾ ਦੇ ਚਲਦੇ ਲੋਕਾਂ ਨੂੰ ਵੋਟਾਂ ਵਿਚ ਨਹੀਂ ਉਲਝਾ ਸਕਦੇ। ਨਾਲ ਹੀ ਉਨ੍ਹਾਂ ਦਾ ਕਹਿਣਾ ਹੈ ਕਿ ਬੱਜਟ ਦੀਆਂ ਅਹਿਮ ਮੱਦਾਂ ਜਿਵੇਂ, ਬੱਚੇ ਸੰਭਾਲਣ ਦੀ ਜੁਮੇਵਾਰੀ ਸਰਕਾਰ ਲਵੇ ਅਤੇ ਘੱਟੋ ਘੱਟ ਉਜ਼ਰਤ 15 ਡਾਲਰ ਘੰਟਾ ਉਨ੍ਹਾਂ ਦੀ ਪਾਰਟੀ ਦੇ 2015 ਅਤੇ 2019 ਦੇ ਚੋਣ ਮੈਨੀਫੈਸਟੋ ਵਿਚੋਂ ਚੋਰੀ ਕੀਤੀਆਂ ਗਈਆਂ ਹਨ।

ਕੰਸਰਵਟਿਵ ਪਾਰਟੀ ਦੇ ਲੀਡਰ ਐਰਨ ਓ ਟੂਲ ਨੇ ਕਿਹਾ ਹੈ ਕਿ ਪ੍ਰੋਵਿੰਸਾਂ ਨੂੰ ਪੁੱਛੇ ਬਿਨਾ ਬੱਚਿਆਂ ਦੀ ਲੰਬੇ ਸਮੇ ਲਈ ਸੰਭਾਲ ਦਾ ਫੈਸਲਾ ਗਲਤ ਹੈ। ਇਸ ਪਾਰਟੀ ਮੁਤਾਬਿਕ ਸਰਕਾਰ ਨੂੰ ਵੈਕਸੀਨੇਸ਼ਨ ਤੇ ਜਿਆਦਾ ਜੋਰ ਦੇਣਾ ਚਾਹੀਦਾ ਹੈ ਤਾਂ ਜੋ ਆਰਥਿਕਤਾ ਅੱਗੇ ਵੱਧੇ ਤੇ ਲੋਕਾਂ ਨੂੰ ਰੋਜ਼ਗਾਰ ਮਿਲੇ। ਕੰਸਰਵਟਿਵ ਪਾਰਟੀ ਨੂੰ ਖਦਸ਼ਾ ਹੈ ਕਿ ਲਿਬਰਲ ਸਰਕਾਰ ਲੋਕਾਂ ਦੇ ਰਹਿਣ ਵਾਲੇ ਘਰ ਵੇਚਣ ਵੇਲੇ ਹੋਣ ਵਾਲੇ ਮੁਨਾਫੇ ਤੇ ਵੀ ਟੈਕਸ ਲਾਵੇਗੀ ਜੋ ਗਲਤ ਹੋਵੇਗਾ। ਉਨ੍ਹਾਂ ਦੀ ਪਾਰਟੀ, ਬਲਾਕ ਕਿਊਬਕਵਾ ਅਤੇ ਗਰੀਨ ਪਾਰਟੀ ਨੇ ਬੱਜਟ ਦੇ ਵਿਰੋਧ ਵਿਚ ਵੋਟਾਂ ਪਾਈਆਂ।

ਕਨੇਡਾ ਵਿਚ ਆਮ ਕਰਕੇ ਜਦ ਵੀ ਘੱਟ ਗਿਣਤੀ ਦੀ ਸਰਕਾਰ ਨੂੰ ਡੇਗਿਆ ਗਿਆ ਹੈ, ਓਹੀ ਪਾਰਟੀ ਚੋਣ ਜਿੱਤ ਕੇ ਪੂਰਨ ਬਹੁਮੱਤ ਵਾਲੀ ਸਰਕਾਰ ਬਣਾਉਂਦੀ ਰਹੀ ਹੈ। ਸਾਲ 1972 ਤੋਂ 1974 ਤੱਕ ਐਨ ਡੀ ਪੀ ਪਾਰਟੀ, ਪੀਅਰ ਟਰੂਡੋ ਦੀ ਘੱਟ ਗਿਣਤੀ ਦੀ ਸਰਕਾਰ ਦੀ ਮਦਦ ਕਰਦੀ ਰਹੀ ਤੇ ਇਕੱਠੇ ਹੋ ਕੇ ਦੋਨੋ ਪਾਰਟੀਆਂ ਅਗਾਂਹ ਵਧੂ ਇਜੰਡੇ ਤੇ ਕੰਮ ਕਰਦੀਆਂ ਰਹੀਆਂ, ਜਿਸ ਵਿਚ ਸਰਕਾਰੀ ਤੇਲ ਕੰਪਨੀ ਪੈਟਰੋ ਕਨੇਡਾ ਬਣਾਉਣਾ ਸੀ। ਜਦ 1974 ਵਿਚ ਐਨ ਡੀ ਪੀ ਨੇ ਪ੍ਰੋਗਰੈਸਿਵ ਕੰਸਰਵਟਿਵ (ਪੀ ਸੀ) ਪਾਰਟੀ ਨਾਲ ਰਲ ਕੇ ਸਰਕਾਰ ਡੇਗੀ ਤਾਂ ਹੋਈਆਂ ਚੋਣਾਂ ਵਿਚ ਐਨ ਡੀ ਪੀ ਅਪਣੀਆਂ ਅੱਧੀਆਂ ਸੀਟਾਂ ਹਾਰ ਗਈ ਅਤੇ ਲਿਬਰਲ ਦੀ ਬਹੁਮਤ ਸਰਕਾਰ ਫਿਰ ਬਣ ਗਈ। ਐਨ ਡੀ ਪੀ ਲੀਡਰ ਡੇਵਿਸ ਲੇਵਿਸ ਵੀ ਅਪਣੀ ਸੀਟ ਹਰ ਗਿਆ। ਸਾਲ 2011 ਵਿਚ ਲਿਬਰਲ ਅਤੇ ਐਨ ਡੀ ਪੀ ਪਾਰਟੀ ਨੇ ਰਲ ਕੇ ਸਟੀਫਨ ਹਾਰਪਰ ਦੀ ਘੱਟ ਗਿਣਤੀ ਸਰਕਾਰ ਇਹ ਕਹਿਕੇ ਡੇਗੀ ਕਿ ਇਹ ਵੱਡੇ ਖਰਚ ਜਿਵੇਂ ਜੁਰਮ ਰੋਕੂ ਕਾਨੂੰਨ, ਲੜਾਕੇ ਜੈੱਟ ਹਵਾਈ ਜਹਾਜ਼ ਵਗੈਰਾ ਤੇ ਕਿੰਨਾਂ ਖਰਚ ਆਇਆ ਹੈ ਬਾਰੇ ਵੀ ਨਹੀਂ ਦੱਸ ਰਹੀ। ਪਰ ਚੋਣ ਹੋਣ ਤੇ ਉਲਟਾ ਕੰਸਰਵਟਿਵ ਪਾਰਟੀ ਬਹੁਮੱਤ ਸਰਕਾਰ ਬਣਾ ਗਈ। ਸੋ ਵਰੋਧੀ ਪਾਰਟੀਆਂ ਵੀ ਲੋਕਾਂ ਦਾ ਰੁੱਖ ਵੇਖਕੇ ਸਰਕਾਰ ਡੇਗਣ ਤੋਂ ਡਰ ਰਹੀਆਂ ਹਨ।

ਸਬਸਿਡੀਆਂ ਸਤੰਬਰ ਤੱਕ ਦਿਤਿਆਂ ਜਾਣਗੀਆਂ ਪਰ ਜਿਆਦਾ ਲੋਕਾਂ ਦਾ ਮੰਨਣਾ ਹੈ ਕਿ ਔਖੇ ਹਾਲਾਤ ਤਾਂ ਸਾਲ ਦੇ ਅੰਤ ਤੱਕ ਤਾਂ ਕੀ, ਅਗਲੇ ਸਾਲ ਵੀ ਬਣੇ ਰਹਿਣਗੇ। ਸੋ ਸਰਕਾਰ ਨੂੰ ਇੱਹ ਅੱਗੇ ਤੱਕ ਰੱਖਣੀਆਂ ਚਾਹੀਦੀਆਂ ਹਨ। ਸਰਕਾਰ ਦੇ ਹੱਕ ਵਿਚ ਬੋਲਣ ਵਾਲੇ ਕਹਿੰਦੇ ਹਨ ਕਿ ਆਖਿਰ ਜੋ ਵੀ ਅੱਜ ਕਰਜ਼ਾ ਸਰਕਾਰ ਸਿਰ ਚੱੜ੍ਹ ਰਿਹਾ ਹੈ, ਉਹ ਲੋਕਾਂ ਤੇ ਟੈਕਸ ਲਾ ਕੇ ਹੀ ਪੂਰਾ ਕੀਤਾ ਜਾਣਾ ਹੈ, ਸੋ ਵੇਖਕੇ ਖਰਚ ਕਰਨ ਦੀ ਲੋੜ ਹੈ।

ਚੰਗਾ ਹੈ ਕਿ ਮੂਲ ਨਿਵਾਸੀਆਂ ਦੀਆਂ ਸਹੂਲਤਾਂ ਲਈ ਕੁਝ ਫੰਡ ਰੱਖੇ ਗਏ ਹਨ, ਪਰ ਉਨ੍ਹਾਂ ਦਾ ਕਨੇਡਾ ਵਿਚ ਰਹਿੰਦੇ ਹੋਏ ਅਤੇ ਇਥੋਂ ਦੇ ਮੂਲ ਨਿਵਾਸੀ ਹੁੰਦੇ ਹੋਏ, ਜੋ ਰਹਿਣ ਸਹਿਣ, ਬੱਚਿਆਂ ਦੀ ਪੜ੍ਹਾਈ, ਸਿਹਤ ਸੇਵਾਵਾਂ ਆਦਿ ਦਾ ਹਾਲ ਹੈ, ਉਸ ਨੂੰ ਠੀਕ ਕਰਨ ਲਈ ਇਸ ਤੋਂ ਕਿਤੇ ਵੱਡੇ ਉਪਰਾਲੇ ਦੀ ਲੋੜ ਹੈ।

ਲੋਕਾਂ ਨੂੰ ਸਿਹਤ ਸੇਵਾਵਾਂ ਦੇ ਨਾਲ ਨਾਲ ਮੁਫਤ ਦੁਆਈਆਂ ਦੇਣ ਲਈ ਵੱਖ ਵੱਖ ਅਦਾਰਿਆਂ ਵਲੋਂ ਦਬਾਅ ਲਗਾਤਾਰ ਪਾਇਆ ਜਾ ਰਿਹਾ ਹੈ। ਇਸ ਦਾ ਤਰਕ ਇਹ ਵੀ ਲਿਆ ਜਾਂਦਾ ਹੈ ਕਿ ਇਸ ਸਹੂਲਤ ਦੀ ਅਣਹੋਂਦ ਵਿਚ ਗਰੀਬ ਲੋਕ ਜ਼ਰੂਰੀ ਦਵਾਈਆਂ ਨਹੀਂ ਖਰੀਦ ਸਕਦੇ ਅਤੇ ਆਖਿਰ ਬਿਮਾਰੀ ਵੱਧਣ ਤੇ ਹਸਪਤਾਲਾਂ ਵਿਚ ਜਾਂਦੇ ਹਨ, ਜਿਥੇ ਉਨ੍ਹਾਂ ਦੇ ਇਲਾਜ ਤੇ ਸਰਕਾਰ ਨੂੰ ਸਗੋਂ ਵੱਧ ਖਰਚੇ ਕਰਨੇ ਪੈਂਦੇ ਹਨ। ਜੇਕਰ ਉਨ੍ਹਾਂ ਨੂੰ ਮੁਫਤ ਦਵਾਈ ਦੀ ਸਹੂਲਤ ਹੋਵੇ ਤਾਂ ਉਨ੍ਹਾਂ ਦੀ ਬਿਮਾਰੀ ਨਾ ਵੱਧੇ, ਸਾਰੇ ਲੋਕ ਤੰਦਰੁਸਤ ਰਹਿਣ, ਆਰਥਿਕਤਾ ਵਿਚ ਅਪਣਾ ਹਿੱਸਾ ਪਾਉਣ ਅਤੇ ਸਿਹਤ ਸੇਵਾਵਾਂ ਤੇ ਵਾਧੂ ਬੋਝ ਨਾ ਪਵੇ।

ਬਜਟ ਵਿਚ ਪ੍ਰੋਵਿੰਸਸ ਨੂੰ ਸਿਹਤ ਸੇਵਾਵਾਂ ਲਈ ਸਿਰਫ ਇਸ ਸਾਲ 4 ਅਰਬ ਵਾਧੂ ਦਿੱਤੇ ਜਾ ਰਹੇ ਹਨ, ਜਦ ਕਿ ਸੂਬਾ ਸਰਕਾਰਾਂ ਨੇ ਹਰ ਸਾਲ 28 ਅਰਬ ਡਾਲਰ ਸਿਹਤ ਸੇਵਾਵਾਂ ਲਈ ਦੇਣ ਦੀ ਮੰਗ ਕੀਤੀ ਸੀ। ਬਲਾਕ ਕਿਊਬਕਵਾ ਵਲੋਂ ਵੱਡਾ ਇਤਰਾਜ਼ ਇਸ ਮੁੱਦੇ ਤੇ ਕੀਤਾ ਗਿਆ। ਇਸ ਦੇ ਨਾਲ ਹੀ ਉਹ ਕਹਿੰਦੇ ਹਨ ਕਿ ਕਰੋਨਾ ਨੇ ਵੱਡੀ ਉਮਰ ਦੇ ਸਾਰੇ ਲੋਕਾਂ ਨੂੰ ਜਿਆਦਾ ਤੰਗ ਕੀਤਾ ਹੈ ਇਸ ਲਈ ਹਰ ਇੱਕ ਦੀ ਬੁਢਾਪਾ ਪੈਂਨਸ਼ਨ ਵਿਚ ਵਾਧਾ ਕਰਨ ਜ਼ਰੂਰੀ ਸੀ ਨਾ ਕਿ ਸਿਰਫ 75 ਸਾਲ ਦੀ ਉਮਰ ਤੋਂ ਵੱਡਿਆਂ ਲਈ।

ਵਾਤਵਰਣ ਦੇ ਸੁਧਾਰ ਲਈ ਸਰਕਾਰ ਨੇ ਵੱਡੇ ਉਦਯੋਗਾਂ ਵਲੋਂ ਧਰਤੀ ਦਾ ਤਾਪਮਾਨ ਵਧਾਉਣ ਵਾਲੀਆਂ ਗੈਸਾਂ ਘੱਟ ਕਰਨ ਅਤੇ ਸਾਫ ਸੁਥਰੀ ਆਰਥਿਕਤਾ ਲਿਅਉਣ ਨੂੰ ਉਤਸ਼ਾਹਿਤ ਕਰਨ ਲਈ 17 ਅਰਬ ਡਾਲਰ ਖਰਚ ਕਰਨ ਜਾਂ ਟੈਕਸਾਂ ਵਿਚ ਛੋਟਾਂ ਦੇਣ ਲਈ ਰੱਖੇ ਹਨ। ਇਸ ਵਿਚ ਜੋ ਉਦਯੋਗ ਸੋਲਰ ਪੈਨਲ ਜਾਂ ਬਿਜਲੀ ਦੀਆਂ ਕਾਰਾਂ ਬਣਾਉਣਗੇ ਉਨ੍ਹਾਂ ਨੂੰ ਅਗਲੇ ਦਸ ਸਾਲ 50× ਟੈਕਸ ਛੋਟ, ਅਤੇ 4.4 ਅਰਬ ਡਾਲਰ ਲੋਕਾਂ ਨੂੰ ਘਰਾਂ ਵਿਚ ਊਰਜਾ ਬਚਾਉਣ ਵਾਲੀਆਂ ਫਰਨੈਂਸ ਵਗੈਰਾ ਬਦਲਾਉਣ ਲਈ ਬਿਨਾ ਵਿਆਜ਼ 40,000 ਡਾਲਰ ਤੱਕ ਦੇ ਕਰਜ਼ੇ ਦੇਣ ਲਈ ਰੱਖੇ ਹਨ। ਇਸ ਨਾਲ 10000 ਚੰਗੀਆਂ ਨੌਕਰੀਆਂ ਵੀ ਪੈਦਾ ਹੋਣਗੀਆਂ। ਪਰ ਵਾਤਾਵਰਣ ਲਈ ਚਿਤਤ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਕਨੇਡਾ ਨੇ ਵਾਤਾਵਰਣ ਸੰਭਾਲ ਲਈ ਪ੍ਰਮੁੱਖ ਰੋਲ ਅਦਾ ਕਰਨਾ ਹੈ ਤਾਂ ਐਨੀ ਥੋੜੀ ਰਕਮ ਨਾਲ ਕੁਝ ਨਹੀਂ ਹੋਣਾ।

**ਖੋਜ ਲਈ ਫੰਡ** : ਕਰੋਨਾ ਮਹਾਂਮਾਰੀ ਨੇ ਬੀਤੇ ਕੁਝ ਦਹਾਕਿਆਂ ਤੋਂ ਸਰਕਾਰਾਂ ਵਲੋਂ ਸਿਹਤ ਅਤੇ ਖੇਤੀਬਾੜੀ ਜਿਹੇ ਜ਼ਰੂਰੀ ਖੇਤਰਾਂ ਵਿਚੋਂ ਵੀ ਖੋਜ ਲਈ ਰੱਖੇ ਫੰਡ ਕੱਢ ਲੈਣ ਦੀ ਗਲਤੀ ਨੂੰ ਉਜਾਗਰ ਕੀਤਾ ਹੈ। ਕਿਸੇ ਪੱਛਮੀ ਸਰਕਾਰ ਦੀ ਅਪਣੀ ਪ੍ਰਯਗਸ਼ਾਲਾ ਵਿਚ ਦਮ ਨਹੀਂ ਸੀ ਕਿ ਇਸ ਦੇ ਇਲਾਜ ਜਾਂ ਰੋਕ ਲਈ ਦਵਾਈਆਂ ਤਿਆਰ ਕਰੇ। ਸਰਕਾਰਾਂ ਨੇ ਅਰਬਾਂ ਡਾਲਰ ਪ੍ਰਾਈਵੇਟ ਕੰਪਨੀਆਂ ਨੂੰ ਵੈਕਸੀਨ ਬਣਾਉਣ ਲਈ ਦਿੱਤੇ ਅਤੇ ਜਦ ਇਹ ਬਣ ਗਈਆਂ ਤਾਂ ਸਰਕਾਰਾਂ ਨੂੰ ਉਨ੍ਹਾਂ ਤੋਂ ਮਹਿੰਗੀਆਂ ਖਰੀਦਣੀਆਂ ਪੈ ਰਹੀਆਂ ਹਨ। ਇਨ੍ਹਾਂ ਸਰਕਾਰਾਂ ਦੀ ਇਹ ਰੱਟ ਕਿ ਹਰ ਬਿਮਾਰੀ ਦਾ ਇਲਾਜ਼ ਵੱਡੀਆਂ ਕੰਪਨੀਆਂ ਲੱਭਣਗੀਆਂ, ਅਸੀਂ ਉਨ੍ਹਾਂ ਨੂੰ ਪੇਟੈਂਟਾਂ ਦੀ ਆੜ ਵਿਚ ਖੋਜ ਤੇ ਕੀਤੇ ਖਰਚਿਆਂ ਨੂੰ ਕਈ ਗੁਣਾ ਕਮਾਈ ਵਿਚ ਬਦਲਣ ਵਿਚ ਮੱਦਦ ਕਰਾਂਗੇ, ਖੇਤੀ ਖੋਜ ਵਿਚ ਵੀ ਉਹ ਮੁਢਲਾ ਰੋਲ ਅਦਾ ਕਰਨਗੀਆਂ ਆਦਿ ਨੇ ਵੱਡਾ ਨੁਕਸਾਨ ਕੀਤਾ ਹੈ। ਸਿਹਤ ਸੇਵਵਾਂ ਵਿਚ ਇਹ ਸ਼ੂਗਰ, ਬਲੱਡ ਪ੍ਰੈਸ਼ਰ, ਕੋਲਿਸਟਰੌਲ ਆਦਿ ਦਾ ਪੱਕਾ ਇਲਾਜ ਕਰਨ ਤੇ ਖੋਜ ਨਹੀਂ ਕਰਦੀਆਂ, ਸਗੋਂ ਜੋ ਖੋਜ ਬਿਮਾਰੀ ਨੂੰ ਜੜ੍ਹੋ ਪੁਟਣ ਵੱਲ ਜਾਂਦੀ ਹੈ, ਉਸ ਨੂੰ ਲੋਕਾਂ ਤੱਕ ਜਾਣ ਤੋਂ ਵੀ ਰੋਕਦੀਆਂ ਹਨ ਤਾਂ ਕਿ ਇਹ ਲੋਕਾਂ ਨੂੰ ਸਾਰੀ ਸਾਰੀ ਉਮਰ ਆਪਣੀਆਂ ਦਵਾਈਆਂ ਖਵਾ ਕੇ ਪੈਸੇ ਦੀ ਲੁੱਟ ਕਰਦੀਆਂ ਰਹਿਣ। ਖੇਤੀ ਖੋਜ ਵਿਚ ਮੌਨਸੈਂਟੋ ਵਰਗੀ ਕੰਪਨੀ ਜੋ ਹੁਣ ਬਾਇਰ ਨੇ ਖਰੀਦ ਲਈ ਹੈ, ਨੇ ਕਿਸਾਨ ਤੋਂ ਅਪਣਾ ਬੀਜ ਆਪ ਰੱਖ ਕੇ ਬੀਜਣ ਦਾ ਹੱਕ ਵੀ ਖੋਹ ਲਿਆ ਤੇ ਉਨ੍ਹਾਂ ਨੂੰ ਮਜ਼ਬੂਰ ਕੀਤਾ ਕਿ ਉਹ ਕੰਪਨੀ ਤੋਂ ਹਰ ਸਾਲ ਨਵਾਂ ਬੀਜ ਖਰੀਦਣ। ਪ੍ਰਾਈਵੇਟ ਕੰਪਨੀਆਂ ਦੀ ਖੋਜ ਕੰਪਨੀਆਂ ਨੂੰ ਵੱਡੇ ਮੁਨਾਫੇ ਕਮਾ ਕੇ ਦੇਣ ਤੇ ਕੇਂਦਰਿਤ ਰਹਿੰਦੀ ਹੈ ਇਸ ਨਾਲ ਭਾਂਵੇ ਕਿਨਾ ਵੀ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋਵੇ ਜਾਂ ਵਾਤਾਵਰਣ ਦਾ ਨੁਕਸਾਨ ਹੋਵੇ। ਸੋ ਇਹ ਦੋਵੇਂ ਖੇਤਰਾਂ ਦੀ ਖੋਜ ਸਰਕਾਰਾਂ ਨੂੰ ਫਿਰ ਤੋਂ ਅਪਣੇ ਹੱਥ ਲੈਣੀ ਚਾਹੀਦੀ ਹੈ।

ਲਿਬਰਲ ਸਰਕਾਰ ਨੇ ਖੋਜ ਲਈ ਨਗੂਣੇ ਫੰਡ ਰੱਖੇ ਹਨ। ਜੋ ਵੀ ਹਨ ਉਹ ਕਈ ਸਾਲਾਂ ਵਿਚ ਵੰਡ ਕੇ ਖਰਚੇ ਜਾਣੇ ਹਨ। ਵਾਤਾਵਰਣ ਵਿਗਾੜ ਸਕਣ ਵਾਲੀਆਂ ਗੈਸਾਂ ਦੀ ਵੱਖ ਵੱਖ ਉਦਯੋਗਾਂ ਵਿਚੋ ਨਿਕਲਣ ਦੀ ਦਰ ਨੂੰ ਘਟਾਉਣ ਲਈ ਖੋਜ ਵਾਸਤੇ ਅਗਲੇ 7 ਸਾਲਾਂ ਵਿਚ 5 ਅਰਬ ਡਾਲਰ, ਉਦਯੋਗਾਂ ਨਾਲ ਸਬੰਧਿਤ ਖੋਜ ਨੂੰ ਉਤਸ਼ਾਹਿਤ ਕਰਨ ਲਈ ਪਹਿਲਾਂ 10 ਕਰੋੜ ਡਾਲਰ ਹਰ ਸਾਲ ਲਈ ਰੱਖੇ ਸਨ ਹੁਣ ਅਗਲੇ 5 ਸਾਲਾਂ ਵਿਚ 50 ਕਰੋੜ ਹੋਰ, ਮਨੁੱਖ ਵਾਂਗ ਸੋਚ ਕੇ ਫੈਸਲੇ ਲੈ ਸਕਣ ਵਾਲੇ ਕੰਪਿਊਟਰਾਂ ਲਈ ਅਗਲੇ ਦਸ ਸਾਲਾਂ ਲਈ 44 ਕਰੋੜ, ਕੁਆਂਟਮ ਖੋਜ ਲਈ ਅਗਲੇ 7 ਸਾਲਾਂ ਵਿਚ 36 ਕਰੋੜ, ਫਾਈਬਰ ਓਪਟਿਕਸ ਵਗੈਰਾ ਲਈ ਅਗਲੇ ਪੰਜ ਸਾਲਾਂ ਵਿਚ 9 ਕਰੋੜ, ਜ਼ੀਨ ਖੋਜ ਲਈ ਅਗਲੇ 6 ਸਾਲਾਂ ਵਿਚ 40 ਕਰੋੜ। ਇਸ ਵਿਚ ਚੰਗੀ ਮੱਦ ਹੈ ਕਿ ਜੀਵ ਵਿਗਿਆਨ ਦੀਆਂ ਖੋਜਾਂ ਲਈ ਅਗਲੇ 7 ਸਾਲਾਂ ਲਈ 2 ਅਰਬ 20 ਕਰੋੜ ਡਾਲਰ ਰੱਖੇ ਹਨ, ਜਿਸ ਵਿਚ ਮਹਾਂਮਾਰੀਆਂ ਨਾਲ ਨਜਿਠਣ ਲਈ ਖੋਜ ਸ਼ਾਮਿਲ ਹੈ।

**ਵਿਦਿਆ** : ਸਰਕਾਰ ਨੇ ਵਿਦਿਆਰਥੀਆਂ ਦੇ ਕਰਜ਼ੇ ਵਿਚ ਵੀ ਕੁਝ ਵਾਧਾ ਕਰਨ ਦੀ ਗੱਲ ਕਰ ਰਹੀ ਹੈ। ਅਸਲ ਵਿਚ ਮੁੱਢ ਤੋਂ ਲੈ ਕੇ ਡਾਕਟਰੀ, ਇੰਜਨੀਅਰ ਜਾਂ ਹੋਰ ਸਾਰੀ ਵਿਦਿਆ ਸਰਕਾਰਾਂ ਦੀ ਜੁਮੇਵਾਰੀ ਬਣਦੀ ਹੈ, ਜੋ ਮੁਫਤ ਹੋਣੀ ਚਾਹੀਦੀ ਹੈ। ਇਸ ਨਾਲ ਕਿਨੇ ਹੀ ਯੋਗ ਵਿਅੱਕਤੀ ਜੋ ਪੈਸੇ ਦੀ ਘਾਟ ਕਾਰਨ ਨਹੀਂ ਪੜ੍ਹ ਸਕਦੇ, ਪੜਨਗੇ ਅਤੇ ਸਮਾਜ ਵਿਚ ਅਪਣਾ ਬਣਦਾ ਯੋਗਦਾਨ ਪਾਉਣਗੇ। ਕਈ ਦੇਸ਼ ਜਿਨ੍ਹਾਂ ਵਿਚ ਜਰਮਨੀ, ਕਿਊਬਾ, ਨੌਰਵੇ, ਸਵੀਡਨ, ਫਿਨਲੈਂਡ, ਫਰਾਂਸ ਆਦਿ ਸ਼ਾਮਿਲ ਹਨ, ਵਿਚ ਸਾਰੀ ਵਿਦਿਆ ਮੁਫਤ ਹੈ। ਕਨੇਡਾ ਕਿਸੇ ਮਾਪ ਦੰਡ ਵਿਚ ਵੀ ਇਨ੍ਹਾਂ ਮੁਲਕਾਂ ਤੋਂ ਥੱਲੇ ਨਹੀਂ, ਫਿਰ ਇਹ ਠੀਕ ਫੈਸਲਾ ਲੈਣ ਵਿਚ ਕਿਸ ਗਲ ਦੀ ਰੁਕਾਵਟ ਹੈ। ਐਨ ਡੀ ਪੀ ਲੀਡਰ ਜੈਕ ਲੇਅਟਨ ਕਿਹਾ ਕਰਦਾ ਸੀ ਕਿ ਕੀ ਪੰਛੀ ਅਪਣੇ ਬੱਚਿਆਂ ਨੂੰ ਉਡਣਾ ਸਿਖਾਣ ਵੇਲੇ ਉਨ੍ਹਾਂ ਦੇ ਗਲ ਵਿਚ ਭਾਰ ਪਾਉਂਦੇ ਹਨ, ਜੇ ਨਹੀਂ ਤਾਂ ਅਸੀਂ ਅਪਣੇ ਵਿਦਿਆਰਥੀਆਂ ਗਲ ਕਰਜ਼ੇ ਦਾ ਬੋਝ ਕਿਉਂ ਪਾਉਂਦੇ ਹਾਂ। ਸਰਕਾਰਾਂ ਨੂੰ ਵਿਦਿਆ ਮੁਫਤ ਕਰਨੀ ਚਾਹੀਦੀ ਹੈ।


Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਲੁੱਟ ਤੇ ਕੁੱਟ ਦਾ ਸੰਦ ਬਣਾਇਆ ਕਰੋਨਾ

ਡਾ ਬਲਜਿੰਦਰ



2021 ਦੀ ਕਰੋਨਾ ਦੀ ਵੈਕਸੀਨ ਸੰਸਾਰ ਪੱਧਰ 'ਤੇ ਹੀ ਲਾਉਣੀ ਅਰੰਭੀ ਗਈ। ਪਰ ਨਾਲ ਹੀ ਇਸ ਵੈਕਸੀਨ ਪ੍ਰਤੀ ਸ਼ੰਕੇ-ਸੁਬਹੇ ਉਠੇ ਅਤੇ ਕੋਵਿਡ-19 ਦਾ ਕਈ ਮੁਲਕਾਂ ਅੰਦਰ ਦੂਜੀ ਵਾਰ ਭਮਾਰਾ ਅਤੇ ਕਈਆਂ ਅੰਦਰ ਤੀਜਾ ਵੀ। ਜਿਸ ਨੇ 2020 ਦੇ ਮਾਰਚ -ਅਪ੍ਰੈਲ ਦੀਆਂ ਯਾਦਾਂ ਤਾਜ਼ਾਆ ਕਰਾ ਜ਼ਿਹਨ 'ਚ ਉਹੀ ਹਾਲਤਾਂ ਦਾ ਨਕਸ਼ਾ ਲਿਆ ਮਾਰਿਆ। ਭਿੰਨ ਭਿੰਨ ਤਰ੍ਹਾਂ ਦੀਆ ਵੈਕਸੀਨਾਂ (ਜਿਹਨਾਂ ਨੂੰ ਰੱਬ ਵਰਗੇ ਆਸਰੇ ਜਿਹਾ ਕਹਿ ਵਿਆਪਕ ਪੱਧਰ 'ਤੇ ਪ੍ਰਚਾਰਿਆ ਗਿਆ) ਮਾਰਕੀਟ 'ਚ ਆਉਣ ਦੇ ਬਾਵਜੂਦ ਕੀ ਸਹਿਮ, ਡਰ ਅਤੇ ਮੌਤਾਂ ਨਾਲ ਸ਼ੋਕ ਦੇ ਮਹੌਲ ਦਾ ਬੋਲਬਾਲਾ ਹੈ।

ਪਿਛਲੇ ਸਾਲ ਦਾ ਬਹੁਤ ਸਮਾਂ ਲਾਕਡਾਊਨ, ਕਰਫ਼ਿਊ, ਮਾਸਕਾਂ, ਸੈਨੀਟਾਈਜ਼ਰਾਂ 'ਚ ਨਿਕਲਿਆ ਅਤੇ ਹੁਣ ਵੈਕਸੀਨਾਂ ਦੀ ਆਮਦ ਅਤੇ ਜਬਰੀ ਕਨੂੰਨੀ ਢੰਗ ਤਰੀਕੇ ਅਪਣਾਕੇ ਲਾ-ਵਾਢਿਓਂ ਸਾਰੀ ਲੋਕਾਈ ਨੂੰ ਵੈਕਸੀਨੇਟ ਕਰਨ ਦੀਆਂ ਸਰਕਾਰੀ ਕੋਸ਼ਿਸ਼ਾਂ ਦੇ ਨਾਲ-ਨਾਲ ਮਾਸਕ ਨਾ ਪਹਿਨਣ 'ਤੇ ਪੁਲੀਸ ਚਲਾਣ ਅਤ ਜੁਰਮਾਨਾ, ਵੀਕਐਂਡ ਅਤੇ ਰਾਤ ਨੂੰ ਕਰਫ਼ਿਊ, ਦਿੱਲੀ 'ਚ ਹਫ਼ਤੇ ਭਰ ਦਾ ਮੁਕੰਮਲ ਲਾਕਡਾਊਨ ਵਰਗੇ ਕਦਮ ਉਠਾਉਏ ਜਾ ਰਹੇ ਹਨ। ਸੁਆਲ ਉਠਦਾ ਹੈ ਕਿ 'ਇਸ ਮਹਾਂਮਾਰੀ' ਦੇ ਮੁੱਢ ਤੋਂ ਲੈ ਕੇ ਸਾਰੇ ਇਹਤਿਆਦੀ ਕਦਮ ਉਠਾਉਣ ਵੇਲੇ ਇਹ ਧੂੰਆਂਧਾਰ ਪ੍ਰਚਾਰਿਆ ਗਿਆ ਕਿ ਔਖੇ-ਸੌਖੇ ਇਹ ਔਖ ਭਰੇ ਦਿਨ ਕੱਟ ਲਓ, ਵੈਕਸੀਨ ਤਿਆਰ ਕੀਤੀ ਜਾ ਰਹੀ ਹੈ, ਜਲਦੀ ਹੀ ਆ ਜਾਊਗੀ ਅਤੇ ਤੁਹਾਡੇ 'ਅੱਛੇ ਦਿਨ' ਮੁੜ ਵਾਪਸ ਆ ਜਾਣਗੇ।

ਆਲਮੀ ਸਿਹਤ ਸੰਸਥਾ (WHO) ਅਤੇ ਹੋਰਨਾਂ ਮੁਲਕਾਂ ਦੀਆਂ ਸਿਹਤ ਸੰਸਥਾਵਾਂ ਨੇ ਵੀ ਇਹੀ ਰਾਗ ਅਲਾਪਿਆ। ਵੈਕਸੀਨ ਬਾਰੇ ਪਾਈ ਇਸ ਰਾਮ ਕਹਾਣੀ ਦੇ ਮੱਦੇ ਨਜ਼ਰ ਪੀੜਤ ਲੋਕਾਈ ਵੀ ਇਸ ਪ੍ਰਚਾਰ ਦੀ ਵਾਅ ਦੇ ਰੁਖ 'ਚ ਵਗ ਤੁਰੀ ਅਤੇ ਕਰੋਨਾ ਬਹਾਨੇ ਸਰਕਾਰ ਵੱਲੋਂ ਉਹਨਾਂ ਜ਼ਿੰਦਗੀਆਂ ਨਾਲ ਕੀਤੇ ਜਾਣ ਵਾਲੇ ਖਿਲਵਾੜ ਨਾਲ ਸਬੰਧਤ ਬਣਾਏ ਜਾ ਰਹੇ ਕਨੂੰਨਾਂ ਅਤੇ ਫੈਸਲਿਆਂ ਤੋਂ ਬੇਧਿਆਨ ਰਹੀ। ਨਤੀਜਾ ਇਹ ਕਿ ਨਿਤ ਵਰਤੋਂ ਦੀਆਂ ਵਸਤਾਂ- ਖਾਣੇ ਵਾਲੇ ਤੇਲ (ਸਰੋਂ ਆਦਿ), ਚਾਹ ਪੱਤੀ, ਦਾਲਾਂ ਦੇ ਨਾਲ ਨਾਲ ਪੈਟਰੋਲ, ਡੀਜ਼ਲ ਅਤੇ ਲਗਭੱਗ ਹਰੇਕ ਵਸਤੂ ਦੇ ਹੀ ਭਾਅ ਅਸਮਾਨੀ ਜਾ ਚੜੇ ਹਨ - ਦੇ ਵਧੇ ਭਾਵਾਂ ਦੀ ਕੋਈ 'ਸੁਧ' ਨਹੀਂ ਰਹੀ। ਉਹ ਚੁਪ ਚਪੀਤੇ ਬਰਦਾਸ਼ਤ ਕਰੀ ਜਾ ਰਹੀ ਹੈ।

ਆਮ ਲੋਕਾਂ ਨੂੰ ਇਤਿਹਾਤ ਵਰਤਣ ਦਾ ਉਪਦੇਸ਼ ਝਾੜਨ ਵਾਲੀ ਸਰਕਾਰ ਅਤੇ ਸਰਕਾਰੀ ਮਸ਼ੀਨਰੀ ਕਰੋਨਾਂ ਦੇ ਇਸ "ਦੂਜੀ ਪਾਰੀ" ਅੰਦਰ ਕੁੰਭ ਮੇਲੇ ਵਰਗੇ ਮਹਾਂ ਇਕੱਠਾਂ ਅੰਦਰ ਲੱਖਾਂ ਦੀ ਤਾਦਾਦ 'ਚ ਬਿਨਾਂ ਕੋਈ ਸਾਵਧਾਨੀ ਵਰਤਿਆਂ ਇਕੱਠੇ ਹੁੰਦੇ ਹਨ, ਦੀ ਇਜ਼ਾਜਤ ਹੀ ਨਹੀਂ ਦਿੰਦੀ ਬਲਕਿ ਪ੍ਰਚਾਰਦੀ ਵੀ ਹੈ। ਪੰਜ ਸੂਬਿਆਂ 'ਚ ਚੋਣ ਸਰਗਰਮੀਆਂ ਨੂੰ ਆਮ ਹਾਲਤਾਂ ਵਾਂਗ ਵੱਡੇ-ਵੱਡੇ ਇਕੱਠ ਕਰ ਸ਼ਕਤੀ ਪ੍ਰਦਰਸ਼ਨ ਕਰਦੀ ਹੈ ਅਤੇ ਵੋਟਾਂ ਮੰਗਦੀ ਹੈ।

ਥੋੜੀ ਗੱਲ ਕਰੋਨਾ ਬਿਮਾਰੀ ਬਾਬਤ ਕਰਦੇ ਹਾਂ। ਸਰਕਾਰੀ ਤੇ ਗੈਰ ਸਰਕਾਰੀ (ਦਵਾਈਆਂ ਦੀਆਂ ਕੰਪਨੀਆਂ ਦੇ ਸਪਾਂਸਰਡ ਪ੍ਰੋਗਰਾਮ) ਪ੍ਰਚਾਰ ਅੰਦਰ ਅੰਦਰ ਕਰੋਨਾ ਪਾਜ਼ਟਿਵ ਮਰੀਜ਼ ਨੂੰ ਧੁਰ ਦੀ ਚਿੱਠੀ ਕਹਿ ਪ੍ਰਚਾਰਿਆ ਜਾਂਦਾ ਹੈ। ਜਿਹਦੇ ਨਾਲ ਹੀ ਹਰ ਇਨਸਾਨ ਅੰਦਰ ਇਸ ਬਿਮਾਰੀ ਤੋਂ ਭੈਅ ਪੈਦਾ ਹੁੰਦਾ ਹੈ। ਜਿਥੇ ਇਸ ਭੈਅ ਦੀ ਬਦੌਲਤ ਉਸ ਵਿਸ਼ੇਸ਼ ਵਿਅਕਤੀ ਦੇ ਅੰਦਰਲੇ ਇਮਿਊਨ ਸਿਸਟਮ ਅੰਦਰ ਬਦਲਾਅ ਆਉਣ ਨਾਲ ਉਹ ਸਿਸਟਮ ਬਰੋ-ਬਰਾਬਰ ਆਈ ਕਿਸੇ ਹੋਰ ਆਫਤ ਦਾ ਟਾਕਰਾ ਕਰਨ ਦੀ ਸਮਰੱਥਾ ਘਟਾ ਬਹਿੰਦਾ ਹੈ ਅਤੇ ਇਸ ਬਿਮਾਰੀ ਦੇ ਉਸ ਵਿਅਕਤੀ ਅੰਦਰ ਪੱਲਰਣ ਦੇ ਮੌਕੇ ਵੱਧ ਜਾਂਦੇ ਹਨ, ਉੱਥੇ ਇਸ ਭੈਅ ਦੀ ਵਜਾ ਕਰਕੇ ਹੀ ਹਰ ਸ਼ਖਸ਼ ਹਰ ਦੂਸਰੇ ਸ਼ਖਸ਼ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ ਅਤੇ ਕਈ ਵਾਰੀ ਤਾਂ ਅਜਿਹਾ ਹੋਇਆ ਹੈ ਕਿ ਇਨਸਾਨੀਅਤ ਨੂੰ ਸ਼ਰਮਸ਼ਾਰ ਕਰਨ ਵਾਲੀ ਹਾਲਤ ਤੱਕ ਦੀ ਨੌਬਤ ਆ ਗਈ ਜਿਵੇਂ ਕਿ ਹਜ਼ੂਰੀ ਰਾਗੀ ਨਿਰਮਲ ਸਿੰਘ ਦਾ ਪਿਛਲੇ ਸਾਲ ਕਰੋਨਾ ਨਾਲ ਹੋਈ ਮੌਤ ਉਪਰੰਤ ਉਹਦੀ ਮ੍ਰਿਤਕ ਦੇਹ ਨੂੰ ਅੰਤਮ ਵਿਦਾਇਗੀ ਦੇਣ ਨੂੰ ਉਠੇ ਮਸਲੇ ਨੂੰ ਲੈ ਕੇ ਹੋਈ ਸੀ। ਅੱਜ ਵੀ ਇਹੀ ਹਾਲਤ ਹਨ, ਕੋਈ ਦੇਸ਼ਾਂ-ਮਿਤਰ, ਗੁਆਂਢੀ-ਰਿਸ਼ਤੇਦਾਰ ਆਦਿ ਤਦ ਹੀ ਆਉਂਦਾ ਹੈ ਜਦੋਂ ਤੱਕ ਉਹਨੂੰ ਕਰੋਨਾ ਪੀੜਤ ਮਰੀਜ਼ ਨਾਲ ਕੋਈ ਖਾਸ ਸਰੋਕਾਰ ਨਹੀਂ ਹੁੰਦਾ। ਆਮ ਹਾਲਤਾਂ 'ਚ ਕੀਤੇ ਜਾਣ ਹਰ ਧਰਮ ਦਾ ਪ੍ਰਚਾਰ ਇਨਸਾਨ ਦੀ ਇਨਸਾਨ ਦੀ ਦਵਾਦਾਰੂ ਹੁੰਦਾ ਹੈ, ਦਾ ਹਜ਼ਾਰਾਂ ਸਾਲਾਂ ਤੋਂ ਲੈ ਕੇ ਕੀਤਾ ਜਾਂਦਾ ਪ੍ਰਚਾਰ ਕਰੋਨਾ ਦੇ ਪੈਰ ਜਮਾਉਂਦਿਆਂ ਹੀ ਛੂ ਮੰਤਰ ਹੋ ਕੇ ਕਿਤੇ ਉੱਡ ਗਿਆ।

ਇਸ ਕੋਵਿਡ-19 ਦੀ ਬਿਮਾਰੀ ਲਈ ਸੁਝਾਈਆਂ ਦਵਾਈਆਂ 'ਚੋ ਰੈਮਡਸਵੀਰ ਵਰਗੀਆਂ ਬਿਮਾਰੀ ਦੀ ਬਹੁਤ ਹੀ ਗੰਭੀਰ ਹਾਲਤ 'ਚ ਦੇਣ ਨਾਲ ਕੁੱਠ ਫਾਇਦਾ ਹੋਣ ਦੇ ਕੁੱਝ ਡਾਕਟਰਾਂ ਦੇ ਸੁਝਾਅ 'ਤੇ ਆਲਮੀ ਸਿਹਤ ਸੰਸਥਾ ਨੇ ਮਾਨਤਾ ਦਿੱਤੀ ਸੀ। ਪਰ ਜਲਦ ਹੀ ਇਹਦੇ ਮਾੜੇ ਪ੍ਰਭਾਵ ਸਾਹਮਣੇ ਆਉਣ ਕਰਕੇ ਇਹਨੂੰ ਇਸ ਬਿਮਾਰੀ ਦੇ ਇਲਾਜ ਦੇ ਨੁਖਸੇ (ਕਰੋਨਾ ਪ੍ਰੋਟੋਕੋਲ) ਤੋਂ ਬਾਹਰ ਕੱਢ ਦਿੱਤਾ ਗਿਆ ਹੈ। ਪਰ ਭਾਰਤ ਦੇ ਸਰਕਾਰੀ ਅਤੇ ਨਿਜੀ ਸਿਹਤ ਖੇਤਰ ਅੰਦਰ ਇਸ ਬਿਮਾਰੀ ਨਾਲ ਦਾਖਲ ਮਰੀਜ਼ਾਂ ਨੂੰ ਇਹ ਖੁੱਲੇਆਮ ਵਰਤਾਈ ਜਾਂਦੀ ਹੈ। ਨਤੀਜਾ - ਕਰੋਨਾ ਤੋਂ ਉਸ ਵਿਅਕਤੀ ਦਾ ਖਹਿੜਾ ਛੁਟਦਾ ਹੈ ਜਾਂ ਇਸਦੇ ਉਹ ਇਸ ਦੇ ਮਾੜੇ ਪ੍ਰਭਾਵਾਂ ਦੇ ਅਸਰ ਹੇਠ ਇਸ ਦੁਨੀਆਂ ਤੋਂ ਰੁਖਸੁਤ ਹੋ ਜਾਂਦਾ ਹੈ ਜਿਹੜੇ ਅੰਕੜੇ ਤਾਂ ਸਾਹਮਣੇ ਨਹੀਂ ਲਿਆਂਦੇ ਗਏ, ਪਰ ਇਸ ਦਵਾਈ ਦੇ ਇਓਂ ਕੀਤੀ ਜਾਂਦੀ ਨਜਾਇਜ਼ ਵਰਤੋਂ ਨੇ ਇਸ ਦੀ ਮਸਨੂਈ ਕਿਲਤ ਪੈਦਾ ਕਰ ਦਿੱਤੀ ਹੈ। ਕੈਮਿਸਟਾਂ ਨੇ ਅਤੇ ਹੋਰਨਾਂ ਨੇ ਇਸ ਦੀ ਕਾਲਾਬਾਜ਼ਾਰੀ ਕਰ ਦਿੱਤੀ ਹੈ।

ਅਜਿਹੀ ਹਾਲਤ ਹੀ ਮੈਡੀਕਲ ਆਕਸ਼ੀਜਨ ਦੇ ਮਾਮਲੇ 'ਚ ਵੀ ਦੇਖੀ ਜਾ ਸਕਦੀ ਹੈ। ਦੇਸ਼ ਦੇ ਬਹੁਤ ਸਾਰੇ ਸਰਕਾਰੀ ਅਤੇ ਕੁੱਝ ਕੁ ਨਿਜੀ ਹਸਪਤਾਲਾਂ ਅੰਦਰ ਆਕਸੀਜਨ ਦੀ ਥੁੜੋਂ ਦੀਆਂ ਖਬਰਾਂ ਨੂੰ ਵਧਾ ਚੜਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਗੱਲ ਦੀ ਬਹੁਤ ਸੰਭਾਵਨਾ ਪਈ ਹੈ ਕਿ ਇਸ ਬਿਮਾਰੀ ਦੀ ਦੂਜੀ ਪਾਰੀ ਵਧੇਰੇ ਖਤਰਨਾਕ ਹੋਣ ਦੇ ਪ੍ਰਚਾਰ ਦੇ ਅਸਰ ਹੇਠ ਮਰੀਜ਼ਾਂ ਦੀ ਵਧਾਈ ਜਾਣ ਵਾਲੀ ਗਿਣਤੀ ਨੂੰ ਦੇਖਦਿਆਂ ਸੁਆਰਥੀ ਅਨਸਰਾਂ ਨੇ 'ਆਪਦਾ ਨੂੰ ਅਵਸਰ' 'ਚ ਤਬਦੀਲ ਕਰਨ ਦੇ ਮਨਸੇ ਨਾਲ ਆਕਸੀਜਨ ਦੀ ਜਮਾਖੋਰੀ ਅਤੇ ਕਾਲਾਬਾਜ਼ਾਰੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਮਾਮਲੇ 'ਚ ਗੋਰਖਪੁਰ ਅੰਦਰ ਬੱਚਿਆਂ ਦੇ ਸਰਕਾਰੀ ਹਸਪਤਾਲ ਅੰਦਰ ਆਕਸੀਜਨ ਦੀ ਕਮੀ -ਕਾਰਨ ਹੋਈਆਂ ਬੱਚਿਆਂ ਦੀ ਮੌਤ ਲਈ ਕਫੀਲ ਖਾਨ ਨੂੰ ਜ਼ੇਲੀ ਡੱਕਣ ਦੇ ਮਸਲੇ 'ਤੇ ਵੀ ਗੌਰ ਕਰਨ ਦੀ ਲੋੜ ਹੈ ਕਿ ਅੱਜ ਜਦੋਂ ਆਕਸੀਜਨ ਕਮੀ ਦੇ ਜ਼ੁੰਮੇਵਾਰ ਵਿਅਕਤੀ ਅਤੇ ਅਦਾਰੇ ਸਾਹਮਣੇ ਹਨ ਤਾਂ ਗੋਰਖਪੁਰ ਵਰਗੀ ਕਾਰਵਾਈ ਕਿਓ ਨਹੀਂ ਕੀਤੀ ਜਾ ਰਹੀ।

ਕੋਵਿਡ-19 ਦੀ ਵੈਕਸੀਨ 'ਤੇ ਵੀ ਥੋੜਾ ਗੌਰ ਕਰਨ ਦੀ ਲੋੜ ਹੈ। ਇਹਨਾਂ ਵੈਕਸੀਨਾਂ ਨੂੰ ਬਣਾਉਣ ਵਾਲੀਆਂ ਕੰਪਨੀਆਂ ਅਨੁਸਾਰ ਜੋ ਅਲੱਗ-ਅਲੱਗ ਵੈਕਸੀਨਾਂ ਦੀ ਕਾਰਕਰਦਤਾ ਹੈ ਉਹਨਾਂ ਮੁਤਾਬਕ ਅਮਲੀ ਪੱਧਰ 'ਤ ਪ੍ਰਾਪਤ ਕੀਤੇ ਅੰਕੜੇ ਮੇਲ ਨਹੀਂ ਖਾਂਦੇ। ਇਸ ਤੋਂ ਅਗਲੀ ਗੱਲ ਇਹਾਂ ਵੈਕਸੀਨਾਂ ਦੇ ਮਾੜੇ ਅਸਰਾਂ ਸਨਮੁੱਖ ਅਮਰੀਕਾ, ਡੈਨਮਾਰਕ, ਆਸਟਰੇਲੀਆਂ ਅਤੇ ਕੁੱਝ ਹੋਰ ਮੁਲਕਾਂ ਨੇ ਆਪਣੇ ਦੇਸ਼ਾਂ ਅੰਦਰ ਇਹਨਾਂ 'ਚੋ ਅਲੱਗ-ਅਲੱਗ ਵੈਕਸੀਨਾਂ ਲਗਾਉਣ 'ਤੇ ਪਾਬੰਦੀ ਆਇਦ ਕਰ ਦਿੱਤੀ ਹੈ। ਪਰ ਭਾਰਤ ਅੰਦਰ ਵਰਤੀ ਜਾਣ ਵਾਲੀ ਵੈਕਸੀਨ ਦੇ ਸਬੰਧ 'ਚ ਮੁਲਕ ਦੀ ਆਹਲਾ ਪੱਧਰ ਦੀ ਵਾਇਰਸ ਦੀ ਮਾਹਰ ਵਿਕਿਆਨੀ ਡਾ ਗਗਨਦੀਪ ਕੰਗ ਦੀ ਆਬਜ਼ਰਵੇਸ਼ਨ ਕਿ ਇਹ ਕੁੱਝ ਵਿਅਕਤੀਆਂ ਅੰਦਰ ਖੂਨ ਦੇ ਸੱਤਲੇ ਪੈਦਾ ਕਰਕੇ ਮਾਰੂ ਸਾਬਤ ਹੋਈ ਹੈ- ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਕਈ ਵੈਕਸੀਨਾਂ ਦੇ ਅੰਦਰ 90 ਫੀਸਦੀ ਤੋਂ ਵਧੇਰੇ ਪ੍ਰਭਾਵੀ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਵੈਕਸੀਨ ਪ੍ਰਾਪਤ ਵਿਅਕਤੀ ਦੇ ਸਬੰਧ 'ਚ ਇੱਕ ਹੋਰ ਖਾਸ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਕੋਵਿਡ-19 ਦੇ ਹੋਰ ਭਾਈਬੰਧੂ (ਸਟਰੇਨਜ ਜਾਂ ਮਿਊਟੈਂਟ) ਦੀ ਖਾਸਕਰ ਅਫਰੀਕੀ ਭਾਈਬੰਧੂ ਦੀ ਵੈਕਸੀਨੇਟਡ ਵਿਅਕਤੀ ਅੰਦਰ ਬਿਨਾਂ ਵੈਕਸੀਨੇਟਡ ਵਿਅਕਤੀ ਦੇ ਮੁਕਾਬਲੇ 8 ਗੁਣਾ ਵਧੇਰੇ ਮਾਰ ਹੈ ਅਤੇ ਨਾਲ ਹੀ ਸਾਡੀ ਸਰਕਾਰ ਦਾ ਨਾਅਰਾ ਹੀ ਹੈ ਕਿ "ਵੈਕਸੀਨ ਭੀ ਔਰ ਕੜਾਈ (ਸਖਤੀ) ਵੀ"। ਇਹਦੇ ਤੋਂ ਸਰਕਾਰੀ ਮਨਸ਼ੇ ਅਤੇ ਵੈਕਸੀਨ ਦੀ ਪ੍ਰਭਾਸ਼ੀਲਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਜਬਰੀ ਵੈਕਸੀਨੇਸ਼ਨ ਕੀਤੇ ਜਾਣ ਲਈ ਸਰਕਾਰ ਦੀ ਕਾਹਲੀ 'ਚ ਦਵਾ ਕੰਪਨੀਆਂ ਵੱਲੋਂ ਵੈਕਸੀਨਾਂ ਦੀਆਂ ਕਰੋੜਾ ਡੋਜ਼ਾਂ ਬੇਕਾਰ ਨਾ ਚਲ ਜਾਣ ਦਾ ਫਿਕਰ ਨਜ਼ਰ ਆਉਂਦਾ ਹੈ। ਕਿਉਂਕਿ ਵੈਕਸ਼ੀਨ ਦੇ ਤੇਜ਼ੀ ਨਾਲ ਨਸ਼ਟ ਹੋ ਜਾਣ ਵਾਲੇ ਮਾੜੇ ਪ੍ਰਭਾਵ ਤਾਂ ਨਜ਼ਰ ਹੀ ਰਹੇ ਹਨ।- ਜਦ ਕਿ ਇਹਦੇ ਦੂਰ ਰਸ ਮਾੜੇ ਪ੍ਰਭਾਵ ਬਾਰੇ ਅਜੇ ਤੱਕ ਪੱਕ ਨਾਲ ਕੁੱਝ ਵੀ ਕਿਸੇ ਨੂੰ ਪਤਾ ਨਹੀਂ ਕਿਉਂਕਿ ਇਹ ਵੈਕਸੀਨਾਂ ਕਿਸੇ ਵਿਆਪਕ ਅਤੇ ਲੰਮੇ ਸਮੇਂ ਦੀ ਤਜਰਬਾਕਾਰੀ ਤੋਂ ਵਿਹੂਣੀਆਂ ਹੀ ਤਿਆਰ ਕਰ ਕੇ ਗਡੋਣ ਲਈ ਮੰਡੀ 'ਚ ਲਿਆਂਦੀਆਂ ਗਈਆਂ ਹਨ।

ਥੋੜਾ ਜਿਹਾ ਇਸ ਬਿਮਾਰੀ ਦੇ ਫੈਲਾਅ ਬਾਰੇ ਵੀ ਜਾਣਨਾ ਜਰੂਰੀ ਹੈ। ਪਹਿਲਾਂ ਹਰੇਕ ਵਸਤੂ ਜੋ ਕਰੋਨਾ ਦੀ ਲਾਗ ਵਾਲੇ ਵਿਅਕਤੀ ਦੇ ਸੰਪਰਕ ਵਿੱਚ ਆਉਂਦੀ ਸੀ, ਨੂੰ ਹੀ ਇਸ ਬਿਮਾਰੀ ਦੇ ਪਸਾਰੇ ਲਈ ਜ਼ੁੰਮੇਵਾਰ

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੇਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

ਗਰਦਾਨਿਆਂ ਗਿਆ ਸੀ ਪਰ ਬਾਅਦ ਦੇ ਅਧਿਐਨਾ ’ਚੋਂ ਇਹ ਸਪੱਸ਼ਟ ਹੋਈ ਹੈ ਕਿ ਇਸ ਬਿਮਾਰੀ ਦੇ ਫੈਨਣ ਦਾ ਮੁੱਖ ਰਾਹ ਹਵਾ ਹੀ ਹੈ। ਇਸ ਲਈ ਕੋਵਿਡ- 19 ਤੋਂ ਫਾਸਲਾ ਬਣਾਈ ਰੱਖਣਾ ਅਤੇ ਸਿੱਧੀ ਹਵਾ ਦੇ ਸੰਪਰਕ ’ਚ ਆਉਣ ਤੋਂ ਧਿਆਨ ਰੱਖਦਿਆਂ (ਮਾਸਕ ਵਗੈਰਾ ਅਤੇ ਦੂਰੀ ਬਣਾਕੇ) ਇਸ ਦੀ ਲਾਗ ਨੂੰ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।

ਨੱਕ ਰਾਹੀਂ ਸਾਦੇ ਪਾਣੀ ਦੀ ਗਰਮ ਭਾਫ਼ ਨੂੰ 10 ਵਾਰੀ ਤੱਕ ਅੰਦਰ ਲਿਜਾ ਮੂੰਹ ਰਾਹੀਂ ਬਾਹਰ ਕੱਢਣ ਅਤੇ ਫਿਰ 10 ਵਾਰੀ ਮੂੰਹ ਰਾਹੀਂ ਅੰਦਰ ਲਿਜਾ ਨੱਕ ਰਾਹੀਂ ਬਾਹਰ ਕੱਢਣ ਦੇ ਅਮਲ ਰਾਹੀਂ ਵੀ ਇਸ ਬਿਮਾਰੀ ਤੋਂ ਬਚਣ ਦਾ ਕਾਰਗਰ ਉਪਾਅ ਹੈ। ਇਹਦੇ ਨਾਲ ਹੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਾਡੇ ਸਰੀਰ ਦੀ ਪੂਰਨ ਰੂਪ ’ਚ ਸੰਤੁਲਤ ਹਾਲਤ ਹੀ ਹੈ ਜਿਹੜੀ ਬਿਮਾਰੀਆਂ ਨਾਲ ਸਿੱਝਣ ਦੀ ਗਰੰਟੀ ਹੈ। ਹਰੀਆਂ ਸਬਜ਼ੀਆਂ, ਫਲ, ਵਿਟਾਮਨ, ਮਿਨਰਲਜ਼ ਅਤੇ ਸਰੀਰ ਲਈ ਸਹਾਈ ਸੰਤੁਲਿਤ ਖਾਧ-ਖੁਰਾਕ ਹੀ ਇਹਦੇ ਤੋਂ ਬਚਾਅ ਕਰਨ ’ਚ ਸਹਾਈ ਹੋ ਸਕਦੀ ਹੈ। ਤੁਲਸੀ, ਹਲਦੀ, ਗਲੋਅ, ਕਾਲੀ ਮਿਰਚ, ਸੁੰਢ ਆਦਿ ਵੀ ਬਚਾਓ ’ਚ ਕਾਰਗਰ ਪਾਈਆਂ ਗਈਆਂ ਹਨ।

ਸਰਮਾਏ ਨੇ ਹਮੇਸ਼ਾਂ ਸਰਮਾਇਆਂ ਹੀ ਇਕੱਤਰ ਕਰਨਾ ਹੁੰਦਾ ਹੈ। ਸਰਮਾਏਦਾਰੀ ਨਿਜ਼ਾਮ ਦਾ ਬੁਨਿਆਦੀ ਖਾਸਾ ਹੀ ਇਹੋ ਹੈ ਕਿ ਪੂੰਜੀ ਲਾਕੇ ਪੂੰਜੀ ਇਕੱਤਰ ਕੀਤੀ ਜਾਵੇ। ਫਿਰ ਉਸ ਨੂੰ ਨਿਵੇਸ਼ ਕਰ ਹੋਰ ਪੂੰਜੀ ਇਕੱਤਰ ਕੀਤੀ ਜਾਵੇ। ਪਰ ਇਸ ਨਿਜ਼ਾਮ ਦਾ ਇੱਕ ਅਟੱਲ ਪਹਿਲੂ ਇਹ ਵੀ ਹੈ ਕਿ ਕੁੱਝ ਸਮੇਂ ਬਾਅਦ ਇਸ ਦੇ ਉਤਪਾਦਨ ਵਿੱਚ ਬਹੁਲਤਾ ਆ ਜਾਂਦੀ ਹੈ ਅਤੇ ਪੂੰਜੀ ਦਾ ਚੱਕਰ ਪੂਰਾ ਨਹੀਂ ਹੁੰਦਾ ਅਤੇ ਸੁਮੁੱਚਾ ਪ੍ਰਬੰਧ ਹੀ ਪਿਛਲੇ ਰੁਖ ਪ੍ਰਭਾਵਤ ਹੋ ਜਾਂਦਾ ਹੈ। ਜਿਸਨੂੰ ਸਰਮਾਏਦਾਰਾਨਾ ਮੰਦੀ (depression) ਜਾਂ ਸੰਕਟ ਕਿਹਾ ਜਾਂਦਾ ਹੈ। ਦੁਨੀਆਂ ਪੱਧਰ ’ਤੇ ਮੈਨੂਫੈਕਚਰਿੰਗ ਖੇਤਰ ਅੰਦਰ ਉਤਪਾਦਨ ਦੀ ਖੜੋਤ ਲਗਾਤਾਰ ਕਾਫੀ ਅਰਸੇ ਤੋਂ ਬਣੀ ਹੋਈ ਹੈ ਅਤੇ ਸਾਮਰਾਜਵਾਦੀਆਂ ਵੱਲੋਂ ਕੀਤੀਆਂ ਗਈਆਂ ਕਾਫ਼ੀ ਕੋਸ਼ਿਸ਼ਾਂ ਦੇ ਬਾਵਜੂਦ ਵੀ ਕੋਈ ਹੱਲ ਨਜ਼ਰ ਨਹੀਂ ਆਉਂਦਾ। ਅਜਿਹੇ ਹੀ ਸਮਿਆਂ ਅੰਦਰ ਵੱਡੀਆਂ ਸਿਆਸੀ , ਸਮਾਜਕ ਅਤੇ ਆਰਥਿਕ ਤਬਦੀਲੀਆਂ ਹੋਈਆਂ ਇਤਿਹਾਸ ਅੰਦਰ ਦਰਜ ਹਨ। ਅੱਜ ਸਰਮਾਏ ਨੂੰ ਮਨੂਫੈਕਚਰਿੰਗ ਦੀ ਥਾਂ ’ਤੇ ਅਜਿਹੇ ਪਾਸੇ ਨਿਵੇਸ਼ ਕਰਨ ਦੀ ਸੋਚੀ ਸਮਝੀ ਸਕੀਮ ਹੈ ਕਿ ਜਿਥੋਂ ਇਹਦਾ ਮੁਨਾਫ਼ਾ ਗਰੰਟੀ ਸੁਦਾ ਹੋਵੇ। ਮਨੁੱਖੀ ਸਿਹਤ ਅਤੇ ਬਿਮਾਰੀ ਸਾਮਰਾਜੀ ਸਰਮਾਏਦਾਰਾਨਾ ਪ੍ਰਬੰਧ ਨਾਲ ਇੱਕ ਲੁਭਾਵਣੇ ਖੇਤਰ ਦੇ ਰੂਪ ’ਚ ਸਾਹਮਣੇ ਆਇਆ ਜੀਹਦੇ ’ਚੋਂ ਉਹਨਾਂ ਸਵਾਰਥੀ ਤਾਕਤਾਂ ਨੇ ਆਮ ਫਲੂ ਵਾਲੇ ਲੱਛਣਾ ਵਾਲੀ ਮਾਮੂਲੀ ਬਿਮਾਰੀ ਨੂੰ ਆਲਮੀ ਪੱਧਰ ਦੀਆਂ ਆਪਣੀਆਂ ਹੱਥ ਠੋਕੀਆਂ ਸਿਹਤ ਸੰਸਥਾਵਾਂ ਰਾਹੀਂ ਬਿਮਾਰੀ ਨੂੰ ਕੋਵਿਡ-19 ਮਹਾਂਮਾਰੀ ਐਲਾਨਿਆਂ ਹਾਲਾਂਕਿ ਇਹ ਮਹਾਂਮਾਰੀ ਦੇ ਤਹਿਸੁਦਾ ਪ੍ਰੋਟੋਕੋਲ ਮੁਤਾਬਕ ਮਹਾਂਮਾਰੀ ਨਹੀਂ ਬਣਦੀ। ਫਿਰ ਇਹਦੀ ਆੜ ’ਚ ਸੁਮੁੱਚੇ ਆਰਥਚਾਰੇ ਨੂੰ ਕੁੱਝ ਹੱਥਾਂ ’ਚ ਜਕੜਨ ਲਈ ਲਾਕਡਾਊਨ, ਪਾਬੰਦੀਆਂ ਅਤੇ ਹਰ ਤਰਾਂ ਦੇ ਲੋਕ ਦੋਖੀ ਕਦਮ ਤੇ ਕਨੂੰਨ ਹੋਂਦ ’ਚ ਲਿਆਂਦੇ। ਦਵਾਈਆਂ ਤੇ ਨਾਂ ’ਤੇ ਕਬਰਾਂ ’ਚ ਪਈਆਂ ਦੁਆਈਆਂ ਨੂੰ ਲੋਕਾਂ ’ਤੇ ਤਜਰਬਿਆਂ ਲਈ ਵਰਤੋਂ ’ਚ ਲਿਆਂਦਾ ਅਤੇ ਇਸ ਬਿਮਾਰੀ ਤੋਂ ਬਚਾਅ ਲਈ ਬਹੁ ਕੌਮੀ ਕਾਰਪੋਰੇਸ਼ਨਾਂ ਲਈ ਵੈਕਸੀਨ ਦਾ ਇੱਕ ਵੱਡਾ ਨਿਸਾਨਾ ਦੇ ਇਸ ਖੇਤਰ ਅੰਦਰ ਨਿਵੇਸ਼ ਕੀਤਾ। ਹੁਣ ਕਰੋਨਾ ਦੀ ਦੂਜੀ ਪਾਰੀ ਅੰਦਰ ਇਸ ਬਿਮਾਰੀ ਦੇ ਇਲਾਜ ਅਤੇ ਬਚਾਅ ਨੂੰ ਵੱਡੀ ਪੱਧਰ ’ਤੇ ਕੂੜ ਪ੍ਰਚਾਰ ਰਾਹੀਂ ਇਸ ਕੱਚ ਘਰੜ ਤਿਆਰ ਕੀਤੀ ਵੈਕਸੀਨੇਸ਼ਨ ਲਈ ਬਾਜ਼ਾਰ ਤਿਆਰ ਕਰਕੇ ਉਹਨਾਂ ਕਾਰਪੋਰੇਸ਼ਨਾਂ ਦੇ ਮੁਨਾਫ਼ੇ ਸੁਰੱਖਿਅਤ ਕੀਤੇ ਜਾ ਰਹੇ ਹਨ।

ਇਸ ਬਿਮਾਰੀ ਦੇ ਸਬੰਧ ’ਚ ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਰਿਹਾ ਹੈ ਕਿ ਇਹਦੀ ਜਾਣਕਾਰੀ ਅਵਾਮ ਤੱਕ ਲੈ ਕੇ ਜਾਣ ਦੀ ਬਹੁਤ ਵੱਡੀ ਘਾਟ ਰਹੀ ਹੈ। ਜੋ ਜਾਣਕਾਰੀ ਗਈ ਵੀ ਹੈ, ਉਹ ਜਾਣਕਾਰੀ ਘੱਟ ਪਰ ਡਾਂਗ ਵਧੇਰੇ ਰਹੀ ਹੈ। ਇੱਕ ਖੌਫ਼ਲਾਕ ਮੰਜ਼ਰ ਤਿਆਰ ਕਰ ਡਾਂਗ ਦੇ ਜ਼ੋਰ ’ਤੇ ਜਾਬਰ ਹੱਥ ਕੰਡੇ ਵਰਤ ਇਹਨੂੰ ਕੰਟਰੋਲ ਕਰਨ ਦੇ ਯਤਨ ਵਰਤੋਂ ’ਚ ਲਿਆਂਦੇ ਜਾ ਰਹੇ ਹਨ। ਇਹਨਾਂ ’ਚ ਲੋਕ ਹਿਤਾਂ ਦੇ ਸਰਕੋਕਾਰ ਦਾ ਭੋਰਾ ਭਰ ਵੀ ਨਾਮੋ ਨਿਸ਼ਾਨ ਨਹੀਂ ਹੈ। ਇਸ ਬਾਬਤ ਲੋਕਾਂ ਨੂੰ ਜਾਗਰੂਕ ਕਰਨ ਹਿੱਤ ਕੋਈ ਵੀ ਵਿਗਿਆਨਕ ਸੇਧ ਅਣਾਉਣ ਦੀ ਥਾਂ ਤਾਲੀਆਂ, ਥਾਲੀਆਂ, ਤੇ ਦੀਵੇ ਜਗਾਉਣ ਅਤੇ ਹੁਣ ਰਾਜਨਾਥ ਸਿੰਘ ਰਾਮ ਚਰਿਤ ਮਾਨਸ ਦਾ ਪਾਠ ਕਰਨ ਦੀ ਸਲਾਹ ਦੇ ਰਿਹਾ ਹੈ। ਪਹਿਲਾਂ ਹੀ ਅੰਧਵਿਸ਼ਵਾਸ਼ੀ ਅਤੇ ਗੈਰ ਵਿਆਨਕ ਪਹੁੰਚ ’ਚ ਗਰੁੱਸੇ ਲੋਕਾਂ ਨੂੰ ਸਰਕਾਰੀ ਮੀਡੀਆ ਅਤੇ ਖੁਦ ਸਰਕਾਰ ਅਤੇ ਸਰਕਾਰੀ ਤੰਤਰ ਵੱਲੋਂ ਉਠਾਏ ਜਾ ਰਹੇ ਕਦਮ ਕਿਸੇ ਵੀ ਤਰਾਂ ਇਸ ‘ਮਹਾਂਮਾਰੀ’ ਚੋਂ ਕੱਢ ਕੇ ਤੰਦਰੁਸਤੀ ਵੱਲ ਲਿਜਾਣ ਵਾਲੇ ਨਹੀਂ ਹਨ।

---

# ਨਵੀਂਆਂ ਕਰੋਨਾ ਪਾਬੰਦੀਆਂ ਬਹਾਨਾ ਹੋਰ, ਨਿਸ਼ਾਨਾ ਹੋਰ

**ਰਣਬੀਰ**

ਭਾਰਤੀ ਹਾਕਮਾਂ ਨੂੰ ‘ਕਰੋਨਾ ਮਹਾਂਮਾਰੀ’ ਨਾਂ ਦਾ ਡਰਾਮਾ ਕਰਦਿਆਂ ਸਵਾ ਸਾਲ ਹੋ ਗਿਆ ਹੈ। ਕਰੋਨਾ ਬਹਾਨੇ ਲੋਕ ਦੋਖੀ ਜ਼ਾਬਰ ਹਕੂਮਤਾਂ ਦੇ ਲੋਕਾਂ ਨੂੰ ਦਿੱਤੇ ਫੱਟ ਅਜੇ ਭਰੇ ਵੀ ਨਹੀਂ ਸਨ ਕਿ “ਕਰੋਨਾ ਦੀ ਦੂਜੀ ਲਹਿਰ” ਦੇ ਉਭਾਰ ਦਾ ਹਊਆ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੇਂਦਰ ਅਤੇ ਸੂਬਾ ਸਰਕਾਰਾਂ, ਸਰਮਾਏਦਾਰਾ ਮੀਡੀਆ ਪੂਰੇ ਜ਼ੋਰ-ਸ਼ੋਰ ਨਾਲ਼ ਕਰੋਨਾ ਦਾ ਹਊਆ ਫੈਲਾ ਰਹੇ ਹਨ। ਸਰਕਾਰਾਂ ਵੱਲੋਂ ਕਰੋਨਾ ਬਹਾਨੇ ਲੋਕਾਂ ਉੱਪਰ ਨਵੇਂ ਸਿਰੇ ਤੋਂ ਅਨੇਕਾਂ ਜ਼ਾਬਰ ਪਬੰਦੀਆਂ ਥੋਪੀਆਂ ਜਾ ਰਹੀਆਂ ਹਨ। ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ “ਕਰੋਨਾ ਦੀ ਦੂਜੀ ਲਹਿਰ” ਦਾ ਹਊਆ ਖੜ੍ਹਾ ਕਰਨਾ ਅਤੇ ਇਸ ਬਹਾਨੇ ਪਾਬੰਦੀਆਂ ਥੋਪਣੀਆਂ ਹਾਕਮਾਂ ਦੀ ਨਿਰੀ ਸਾਜਿਸ਼ ਹੈ। ਲੋਟੂ-ਜ਼ਾਬਰ ਹਾਕਮਾਂ ਦਾ ਮਕਸਦ ਲੋਕਾਂ ਦੀ ਹੱਕੀ ਆਵਾਜ ਦੀ ਸੰਘੀ ਘੁੱਟਣਾ ਹੈ ਜੋ ਖਾਸਕਰ ਇਸ ਸਮੇਂ ਜਾਰੀ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਨੂੰ ਕੁਚਲਣਾ ਚਾਹੁੰਦੇ ਹਨ। ਕਰੋਨਾ ਟੈਸਟਾਂ ਤੇ ਵੈਕਸੀਨ ਦੇ ਗੋਰਖਧੰਦੇ ਨੂੰ ਸਫਲ ਬਣਾਉਣਾ ਵੀ ਹਾਕਮਾਂ ਦਾ ਇੱਕ ਅਹਿਮ ਮਕਸਦ ਹੈ।

ਪਿਛਲੇ ਸਾਲ ਸ਼ੁਰੂ ਵਿੱਚ ਲੋਕ ਕਰੋਨਾ ਦੇ ਹਊਏ ਤੋਂ ਸੱਚਮੁੱਚ ਹੀ ਡਰ ਗਏ ਸਨ। ਉਦੋਂ ਤਾਂ ਵੱਡੇ-ਵੱਡੇ ਲੋਕ ਪੱਖੀ “ਬੁੱਧੀਮਾਨ” ਤੱਕ ਹਾਕਮਾਂ ਦੇ ਚੱਕਰਾਂ ਵਿੱਚ ਆ ਗਏ ਸਨ ਤੇ ਖੁਦ ਲੋਕਾਂ ਨੂੰ ਡਰਾਉਣ ਵਿੱਚ ਮਸ਼ਰੂਫ ਰਹੇ, ਲੋਕਾਂ ਵਿਰੁੱਧ ਅਤੇ ਹਾਕਮਾਂ ਦੇ ਪੱਖ ਵਿੱਚ ਭੁਗਤਦੇ ਰਹੇ! (ਕੁੱਝ ਤਾਂ ਸ਼ਾਇਦ ਅਜੇ ਵੀ ਕਰੋਨਾ-ਫੋਬੀਆ ਦਾ ਸ਼ਿਕਾਰ ਹਨ ਜਾਂ ਗਲ਼ਤੀ ਮੰਨਣ ਦਾ ਜ਼ੇਰਾ ਨਹੀਂ ਕਰ ਪਾ ਰਹੇ, “ਮਹਾਂ-ਬੁੱਧੀਮਾਨ” ਜੋ ਹੋਏ!)। ਹੌਲ਼ੀ-ਹੌਲ਼ੀ ਇਸ ਡਰਾਮੇ ਦੀ ਪੋਲ ਖੁੱਲ੍ਹਦੀ ਗਈ ਅਤੇ ਲੋਕ ਕਰੋਨਾ ਦੇ ਭੈਅ ਵਿੱਚੋਂ ਬਾਹਰ ਆ ਗਏ। ਪਰ ਹੁਣ ਫਿਰ ਤੋਂ ਕਰੋਨਾ ਦਾ ਹਊਆ ਖੜ੍ਹਾ ਕਰਨ ਦੀਆਂ ਹਾਕਮਾਂ ਦੀਆਂ ਕੋਝੀਆਂ ਕੋਸ਼ਿਸ਼ਾਂ ਨੂੰ ਬੂਰ ਪੈਂਦਾ ਨਹੀਂ ਦਿਖ ਰਿਹਾ। ਲੋਕ ਹੁਣ ਜੇਕਰ ਕਰੋਨਾ ਬਹਾਨੇ ਥੋਪੀਆਂ ਜਾ ਰਹੀਆਂ ਪਾਬੰਦੀਆਂ ਜਿਸ ਹੱਦ ਤੱਕ ਮੰਨ ਵੀ ਰਹੇ ਹਨ ਉਸਦਾ ਕਾਰਨ ਕਰੋਨਾ ਦਾ ਡਰ ਨਹੀਂ ਸਗੋਂ ਸਰਕਾਰ ਵੱਲੋਂ ਕੀਤੇ ਜਾ ਰਹੇ ਜੁਰਮਾਨੇ, ਧੱਕੇ ਨਾਲ਼ ਟੈਸਟ ਤੇ ਹੋਰ ਧੱਕੜ ਕਾਰਵਾਈਆਂ ਹਨ। ਇਸ ਤੋਂ ਉਲਟ ਲੋਕਾਂ ਵਿੱਚ ਇਸ ਨੂੰ ਲੈ ਕੇ ਵਿਆਪਕ ਰੋਸ ਹੈ ਜਿਸਦਾ ਜਥੇਬੰਦ ਪ੍ਰਗਟਾਵਾ ਵੀ ਹੋ ਰਿਹਾ ਹੈ। ਪੰਜਾਬ, ਚੰਡੀਗੜ੍ਹ ਵਿੱਚ ਵਿਦਿਆਰਥੀ ਜਥੇਬੰਦੀਆਂ ਵਿੱਦਿਅਕ ਸੰਸਥਾਵਾਂ ਬੰਦ ਕਰਨ ਖਿਲਾਫ ਲਗਾਤਾਰ ਸੰਘਰਸ਼ ਕਰ ਰਹੀਆਂ ਹਨ। ਪੰਜਾਬ ਦੀਆਂ ਨੌਂ ਵਿਦਿਆਰਥੀ ਜਥੇਬੰਦੀਆਂ ਨੇ ਵਿੱਦਿਅਕ ਸੰਸਥਾਵਾਂ ਬੰਦ ਕਰਨ ਖਿਲਾਫ ਸੰਘਰਸ਼ ਵਿੱਢ ਦਿੱਤਾ ਹੈ। 26 ਮਾਰਚ ਨੂੰ ਖੇਤੀ ਕਾਨੂੰਨਾਂ ਖਿਲਾਫ ਭਾਰਤ ਬੰਦ ਦੌਰਾਨ ਪੰਜਾਬ ਵਿੱਚ ਨੌਜਵਾਨ ਭਾਰਤ ਸਭਾ ਨੇ ਕਰੋਨਾ ਡਰਾਮੇ ਅਤੇ ਪਾਬੰਦੀਆਂ ਖਿਲਾਫ ਰੋਸ ਮੁਜ਼ਾਹਰੇ ਕੀਤੇ ਹਨ। ਮਜ਼ਦੂਰਾਂ-ਕਿਸਾਨਾਂ ਦੀਆਂ ਜਥੇਬੰਦੀਆਂ ਵੀ ਇਸ ਮੁੱਦੇ ਉੱਤੇ ਆਵਾਜ ਚੁੱਕ ਰਹੀਆਂ ਹਨ। ਬਰਨਾਲੇ ਦੇ ਇੱਕ ਪਿੰਡ ਦਿਵਾਨਾ ਵਿੱਚ ਮਾਪਿਆਂ ਨੇ ਸਕੂਲ ਬੰਦ ਕਰਨ ਖਿਲਾਫ ਰੋਸ ਮੁਜ਼ਾਹਰਾ ਕੀਤਾ ਹੈ।

ਉਂਝ ਤਾਂ ਕਰੋਨਾ ਦਾ ਭੈਅ ਪੈਦਾ ਕਰਨ ਦੀਆਂ ਹੋਰ ਦੇਸ਼ਾਂ ਵਾਂਗ ਭਾਰਤੀ ਹਾਕਮਾਂ ਦੀਆਂ ਕੋਸ਼ਿਸ਼ਾਂ ਕਦੇ ਵੀ ਖਤਮ ਨਹੀਂ ਹੋਈਆਂ ਪਰ ਇਸ ਸਾਲ ਫਰਵਰੀ ਵਿੱਚ ਇਹ ਕੋਸ਼ਿਸ਼ਾਂ ਫਿਰ ਤੋਂ ਤੇਜ ਕਰ ਦਿੱਤੀਆਂ ਗਈਆਂ। ਕੇਂਦਰੀ ਸਿਹਤ ਮੰਤਰਾਲੇ ਨੇ 23 ਫਰਵਰੀ ਨੂੰ ਐਲਾਨ ਕੀਤਾ ਕਿ ਭਾਰਤ ਵਿੱਚ ਕੋਵਿਡ-19 ਦੀਆਂ ਕਿਸਮਾਂ (ਬਰਤਾਨਵੀ, ਦੱਖਣੀ ਅਫਰੀਕੀ ਅਤੇ ਬਰਾਜੀਲੀ) ਮਿਲ਼ੀਆਂ ਹਨ। ਕੇਂਦਰ ਸਰਕਾਰ ਵੱਲੋਂ ਇਹ ਐਲਾਨ ਹੋਣ ਸਾਰ ਹੀ ਪੰਜਾਬ ਦੇ “ਫੌਜੀ” ਮੁੱਖ ਮੰਤਰੀ ਨੇ ਹੁਕਮ ਜਾਰੀ ਕਰ ਦਿੱਤਾ ਕਿ 1 ਮਾਰਚ ਤੋਂ ਚਾਰ ਦਿਵਾਰੀ ਤੋਂ ਬਾਹਰ 200 ਅਤੇ ਚਾਰ-ਦਿਵਾਰੀ ਅੰਦਰ ਸਿਰਫ 100 ਵਿਅਕਤੀਆਂ ਨੂੰ ਹੀ ਇਕੱਠੇ ਹੋਣ ਦੀ ਆਗਿਆ ਹੈ। ਟੈਸਟਾਂ ਦੀ ਗਿਣਤੀ ਮੁੜ-ਵਧਾਉਣ ਦਾ ਹੁਕਮ ਹੋ ਗਿਆ। ਕਿਹਾ ਗਿਆ ਕਿ 15 ਸੰਪਰਕ ਪ੍ਰਤੀ ਕਰੋਨਾ-ਗ੍ਰਸਤ ਵਿਅਕਤੀਆਂ ਦੇ ਹਿਸਾਬ ਨਾਲ਼ ਟੈਸਟ ਕੀਤੇ ਜਾਣ। 6 ਮਾਰਚ ਨੂੰ ਜਲੰਧਰ, ਕਪੂਰਥਲਾ ਅਤੇ ਨਵਾਂਸ਼ਹਿਰ ਵਿੱਚ ਰਾਤ ਦਾ ਕਰਫਿਊ ਲਾ ਦਿੱਤਾ ਗਿਆ ਜੋ ਇਹ ਲੇਖ ਲਿਖੇ ਜਾਣ ਸਮੇਂ ਤੱਕ ਇੱਕ ਦਰਜਨ ਜ਼ਿਲ੍ਹਿਆਂ ਤੱਕ ਵਧਾ ਦਿੱਤਾ ਗਿਆ ਹੈ। ਕਰਫਿਊ ਦਾ ਸਮਾਂ ਜੋ 6 ਮਾਰਚ ਨੂੰ ਰਾਤ 11 ਵਜੇ ਤੋਂ ਸਵੇਰੇ 5 ਵਜੇ ਤੱਕ ਕੀਤਾ ਗਿਆ ਸੀ ਵਧਾ ਕੇ ਰਾਤ 9 ਤੋਂ ਸਵੇਰੇ 5 ਵਜੇ ਕਰ ਦਿੱਤਾ ਗਿਆ। ਅਨੇਕਾਂ ਕੰਟੇਨਮੈਂਟ ਇਲਾਕੇ ਬਣਾ ਦਿੱਤੇ ਗਏ ਹਨ। ਮਾਸਕ ਪਾਉਣਾ ਲਾਜਮੀ ਕਰ ਦਿੱਤਾ ਗਿਆ ਹੈ। ਮਾਸਕ ਨਾ ਪਾਉਣ ਵਾਲ਼ੇ ਲੋਕਾਂ ਉੱਪਰ ਭਾਰੀ ਜ਼ੁਰਮਾਨੇ ਕੀਤੇ ਜਾ ਰਹੇ ਹਨ। ਮਾਸਕ ਨਾ ਪਾਉਣ ਵਾਲ਼ਿਆਂ ਦੇ ਧੱਕੇ ਨਾਲ਼ ਕਰੋਨਾ ਦੇ ਟੈਸਟ ਕੀਤੇ ਜਾ ਰਹੇ ਹਨ। ਇੱਕ ਹੋਰ ਵੱਡਾ ਬੇਇਨਸਾਫੀ ਭਰਿਆ ਕਦਮ ਚੁੱਕਦੇ ਹੋਏ ਪੰਜਾਬ ਸਰਕਾਰ ਨੇ 31 ਮਾਰਚ ਤੱਕ ਸਾਰੀਆਂ ਵਿੱਦਿਅਕ ਸੰਸਥਾਵਾਂ ਬੰਦ ਰੱਖਣ ਦਾ ਹੁਕਮ ਜਾਰੀ ਕਰ ਦਿੱਤਾ। ਪੰਜਾਬ ਦੇ ਲੋਕਾਂ ਵਿੱਚ ਕਰੋਨਾ ਦਾ ਭੋਰਾ ਵੀ ਡਰ ਨਹੀਂ ਹੈ ਪਰ ਇਹਨਾਂ ਪਾਬੰਦੀਆਂ ਦਾ ਘੇਰਾ ਅਤੇ ਸਮਾਂ-ਸੀਮਾ ਹੋਰ ਵਧੇਰੇ ਵਧਣ ਦੇ ਖਦਸ਼ੇ ਨੇ ਲੋਕਾਂ ਨੂੰ ਚਿੰਤਾਵਾਂ ਨਾਲ਼ ਭਰ ਦਿੱਤਾ ਹੈ। ਪੰਜਾਬ ਦੇ ਲੋਕ ਸੂਬਾ ਸਰਕਾਰ ਨੂੰ ਰੱਜ ਕੇ ਕੋਸ ਰਹੇ ਹਨ।

ਹੋਰ ਸੂਬਿਆਂ ਦੀਆਂ ਸਰਕਾਰਾਂ ਨੇ ਵੀ ਕਰੋਨਾ ਬਹਾਨੇ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਲੋਕਾਂ ਉੱਪਰ ਥੋਪੀਆਂ ਹਨ। ਉਦਾਹਰਣ ਵਜੋਂ ਮੱਧ ਪ੍ਰਦੇਸ਼ ਦੀ ਸਰਕਾਰ ਨੇ ਕਈ ਸ਼ਹਿਰਾਂ ਵਿੱਚ ਐਤਵਾਰ ਨੂੰ ਪੂਰਨਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਹਨ। ਮਹਾਂਰਾਸ਼ਟਰ ਵਿੱਚ ਸਖਤ ਪਾਬੰਦੀਆਂ ਲਗਾਈਆਂ ਗਈਆਂ ਹਨ। ਇਸ ਸੂਬੇ ਵਿੱਚ ਵਿਆਹਾਂ ਵਿੱਚ 50 ਵਿਅਕਤੀਆਂ ਤੋਂ ਵੱਧ ਸ਼ਾਮਲ ਨਹੀਂ ਹੋ ਸਕਦੇ, ਮੌਲ, ਬਜ਼ਾਰ, ਸਿਨੇਮਾ ਹਾਲ 50 ਫੀਸਦੀ ਸਮਰੱਥਾ ਨਾਲ਼ ਕੰਮ ਕਰਨਗੇ।

ਨਿੱਤ ਦਿਨ ਕਰੋਨਾ ਦੇ ਫੈਲਾਅ ਦੇ ਨਵੇਂ-ਨਵੇਂ ਦਾਅਵੇ ਕੀਤੇ ਜਾ ਰਹੇ ਹਨ। ਨਵੀਂਆਂ-ਨਵੀਂਆਂ ਕਿਸਮਾਂ ਲੱਭ ਕੇ ਲਿਆਂਦੀਆਂ ਜਾ ਰਹੀਆਂ ਹਨ। ਕਰੋਨਾ ਡਰਾਮਾ ਕਰਨ ਲਈ ਸਮੱਗਰੀ ਇਕੱਠੀ ਕੀਤੀ ਜਾ ਰਹੀ ਹੈ। ਕਰੋਨਾ ਦਾ ਡਰ ਫੈਲਾਉਣ ਲਈ ਤਰ੍ਹਾਂ-ਤਰ੍ਹਾਂ ਦੀ ਕੋਝੇ ਢੰਗ ਅਪਣਾਏ ਜਾ ਰਹੇ ਹਨ।

ਨਵੀਂਆਂ ਪਾਬੰਦੀਆਂ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਵਧਦੇ ਕਰੋਨਾ ਮਾਮਲਿਆਂ ਅਤੇ ਮੌਤਾਂ ਦੇ ਅੰਕੜੇ ਪੇਸ਼ ਕਰ ਰਹੀਆਂ ਹਨ। ਪਰ ਕਰੋਨਾ ਕਾਲ ਦੇ ਸਵਾ ਸਾਲ ਦੌਰਾਨ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਚੁੱਕਾ ਹੈ ਕਿ ਇਹ ਮਹਾਂਮਾਰੀ ਨਹੀਂ ਹੈ ਸਗੋਂ ਇੱਕ ਆਮ ਬਿਮਾਰੀ ਹੈ। ਇਸ ਨਾਲ਼ ਨਜਿੱਠਣ ਲਈ ਸਰਕਾਰ ਵੱਲੋਂ ਕਿਸੇ ਵੀ ਤਰ੍ਹਾਂ ਦੀਆਂ ਪਾਬੰਦੀਆਂ ਦੀ ਲੋੜ ਨਹੀਂ ਹੈ। ਸਿਰਫ ਗੰਭੀਰ ਬਿਮਾਰੀਆਂ ਨਾਲ਼ ਜੂਝਦੇ ਲੋਕਾਂ, ਜਿਹਨਾਂ ਵਿੱਚ ਵੱਡੀ ਗਿਣਤੀ ਬਜ਼ੁਰਗ ਸ਼ਾਮਲ ਹਨ, ਨੂੰ ਇਸਦੀ ਲਾਗ ਤੋਂ ਬਚਾਉਣ ਦੀ ਲੋੜ ਸੀ/ਹੈ ਜਿਵੇਂ ਕਿ ਉਹਨਾਂ ਨੂੰ ਹੋਰ ਵਾਇਰਸ ਦੀ ਲਾਗ ਤੋਂ ਬਚਾਉਣ ਦੀ ਲੋੜ ਹੁੰਦੀ ਹੈ। ਕਰੋਨਾ ਵਾਸਤੇ ਵਿਸ਼ੇਸ਼ ਰੂਪ ਵਿੱਚ ਨਹੀਂ ਸਗੋਂ ਇਸ ਸਮੇਤ ਹੋਰ ਸਭਨਾਂ ਵੱਡੀਆਂ-ਛੋਟੀਆਂ ਬਿਮਾਰੀਆਂ ਲਈ ਜਰੂਰੀ ਹੈ ਸਰਕਾਰ ਜਨਤਕ ਸਿਹਤ ਪ੍ਰਬੰਧ ਨੂੰ ਮਜਬੂਤ ਕਰੇ। ਪਰ ਸਰਕਾਰ ਨੇ ਅਜਿਹਾ ਕੁੱਝ ਨਹੀਂ ਕੀਤਾ ਸਗੋਂ ਸਾਰਾ ਜ਼ੋਰ ਇਸਦਾ ਹਊਆ ਖੜ੍ਹਾ ਕਰਨ ਅਤੇ ਤਰ੍ਹਾਂ-ਤਰ੍ਹਾਂ ਦੀਆਂ ਜ਼ਾਬਰ ਪਾਬੰਦੀਆਂ ਉੱਤੇ ਲਗਾ ਦਿੱਤਾ ਗਿਆ। ਇਸ ਕਾਰਨ ਲੋਕਾਂ ਦਾ ਭਿਆਨਕ ਆਰਥਿਕ, ਸਿਆਸੀ, ਸਮਾਜਕ ਨੁਕਸਾਨ ਹੋਇਆ ਹੈ। ਸਰਕਾਰ ਦੇ ਨਾਜਾਇਜ, ਜ਼ਾਬਰ ਕਦਮਾਂ ਕਾਰਨ ਕਰੋਨਾ ਤੋਂ ਵੀ ਕਿਤੇ ਵਧੇਰੇ ਮੌਤਾਂ ਗੈਰ-ਕਰੋਨਾ ਬਿਮਾਰੀਆਂ ਨਾਲ਼ ਅਤੇ ਭੁੱਖਮਰੀ, ਹਾਦਸਿਆਂ ਆਦਿ ਕਰਕੇ ਹੋਈਆਂ ਹਨ। ਕਰੋਨਾ ਨਾਲ਼ ਹੋਈਆਂ ਮੌਤਾਂ ਨੂੰ ਕਿਤੇ ਵਧੇਰੇ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ।

ਪਰ ਤੋੜੇ-ਮਰੋੜੇ, ਝੂਠੇ ਅੰਕੜਿਆ ਨਾਲ਼ ਕਰੋਨਾ ਦਾ ਹਊਆ ਜ਼ਿਆਦਾ ਦੇਰ ਤੱਕ ਕਾਇਮ ਨਹੀਂ ਰੱਖਿਆ ਜਾ ਸਕਦਾ ਹੈ। ਲੋਕਾਂ ਨੇ ਜਮੀਨੀ ਪੱਧਰ ਉੱਤੇ ਦੇਖ ਲਿਆ ਹੈ ਕਿ ਜਿਸ ਮਹਾਂ-ਵਿਨਾਸ਼ਕਾਰੀ ਕਰੋਨਾ ਮਹਾਂਮਾਰੀ ਫੈਲ ਜਾਣ ਦੇ ਦਾਅਵੇ ਕੀਤੇ ਗਏ ਸਨ ਉਹ ਇੱਕ ਆਮ ਬਿਮਾਰੀ ਹੈ।

ਭਾਰਤ ਸਮੇਤ ਪੂਰੀ ਦੁਨੀਆਂ ’ਚ ਅੰਕੜਿਆਂ ਵਿੱਚ ਕਰੋਨਾ ਮਾਮਲਿਆਂ ਅਤੇ ਮੌਤਾਂ ਦਾ ਵਧਣਾ-ਘਟਣਾ ਹਾਕਮਾਂ ਦੀ ਮਰਜੀ ਉੱਤੇ ਨਿਰਭਰ ਕਰਦਾ ਰਿਹਾ ਹੈ। ਜਦ ਇਹ ਅੰਕੜਾ ਉੱਪਰ ਲਿਜਾਣਾ ਹੁੰਦਾ ਹੈ ਉਦੋਂ ਟੈਸਟਾਂ ਦੀ ਗਿਣਤੀ ਵਧਾ ਦਿੱਤੀ ਜਾਂਦੀ ਹੈ ਅਤੇ ਜਦ ਘਟਾਉਣਾ ਹੁੰਦਾ ਹੈ ਟੈਸਟਾਂ ਦੀ ਗਿਣਤੀ ਘਟਾ ਦਿੱਤੀ ਜਾਂਦੀ ਹੈ। ਜਦ ਪੰਜਾਬ ਵਿੱਚ ਨਗਰ ਨਿਗਮਾਂ/ਕੌਂਸਲਾਂ ਦੀਆਂ ਚੋਣਾਂ ਸਨ ਉਦੋਂ ਕਰੋਨਾ ਖਤਰਨਾਕ ਨਹੀਂ ਸੀ। ਕੈਪਟਨ ਅਮਰਿੰਦਰ ਸਿੰਘ ਦੀ ਪੋਤੀ ਦੇ ਵਿਆਹ ਵਿੱਚ ਕਰੋਨਾ ਕਿਸੇ ਨੂੰ ਕੁੱਝ ਨਹੀਂ ਸੀ ਕਹਿ ਰਿਹਾ। ਪੋਤੀ ਦੇ ਵਿਆਹ ਤੋਂ ਅਗਲੇ ਦਿਨ ਤੋਂ ਪੰਜਾਬ ਵਿੱਚ ਇਕੱਠਾਂ ਵਿੱਚ ਲੋਕਾਂ ਦੀ ਗਿਣਤੀ ਸੀਮਤ ਰੱਖਣ ਦੇ ਹੁਕਮ ਜਾਰੀ ਕਰ ਦਿੱਤੇ ਗਏ। ਪੱਛਮੀ ਬੰਗਾਲ ਵਿੱਚ ਚੋਣਾਂ ਹਨ। ਭਾਜਪਾ ਅਤੇ ਹੋਰ ਪਾਰਟੀਆਂ ਇੱਥੇ ਵੱਡੀਆਂ-ਵੱਡੀਆਂ ਰੈਲੀਆਂ ਕਰ ਰਹੀਆਂ ਹਨ ਪਰ ਇੱਥੇ ਕਰੋਨਾ ਦੇ ਮਾਮਲੇ “ਕਾਬੂ ਹੇਠ” ਹਨ। ਬਿਹਾਰ ਵਿੱਚ ਚੋਣਾਂ ਹੋਈਆਂ, ਹਜ਼ਾਰਾਂ-ਲੱਖਾਂ ਦੀ ਸ਼ਮੂਲੀਅਤ ਵਾਲ਼ੇ ਇਕੱਠ ਹੁੰਦੇ ਰਹੇ, ਨਾ ਕੋਈ ਮਾਸਕ, ਨਾ ਕੋਈ ਸਰੀਰਕ ਦੂਰੀ, ਫੇਰ ਵੀ ਕਰੋਨਾ ਨਹੀਂ ਫੈਲਿਆ। ਸੂਬਿਆਂ, ਸ਼ਹਿਰਾਂ, ਪਿੰਡਾਂ ਵਿੱਚ ਖੁੱਲ੍ਹਾ ਸੰਪਰਕ ਹੈ। ਪਰ ਕਿਤੇ ਕਰੋਨਾ ਵੱਧ ਹੈ ਕਿਤੇ ਘੱਟ। ਇਸ ਲਈ, ਕੇਂਦਰ ਅਤੇ ਸੂਬਾ ਸਰਕਾਰਾਂ ਦੇ ਕਰੋਨਾ ਡਰਾਮੇ ਦੀ ਪੋਲ ਖੁੱਲ੍ਹ ਚੁੱਕੀ ਹੈ। ਝੂਠੇ, ਲੋਟੂ, ਜ਼ਾਬਰ ਹਾਕਮ ਇੱਕਦਮ ਨੰਗੇ ਹੋ ਚੁੱਕੇ ਹਨ।

ਪਿਛਲੇ ਸਾਲ ਜਦ ਭਾਰਤ ਵਿੱਚ ਕਰੋਨਾ ਬਹਾਨੇ ਪੂਰਨਬੰਦੀ-ਕਰਫਿਊ ਜਿਹੇ ਕਦਮ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਚੁੱਕੇ ਸਨ ਉਸ ਸਮੇਂ ਦੇਸ਼ ਵਿੱਚ ਨਾਗਰਿਕਤਾ ਸੋਧ ਕਾਨੂੰਨ, ਕੌਮੀ ਨਾਗਰਿਕ ਰਜਿਸਟਰ ਅਤੇ ਕੌਮੀ ਜਨਸੰਖਿਆ ਰਜਿਸਟਰ ਖਿਲਾਫ ਪ੍ਰਚੰਡ ਰੋਹ ਸੀ। ਦੇਸ਼ ਭਰ ਵਿੱਚ ਹਜ਼ਾਰਾਂ ਲੱਖਾਂ ਦੀ ਸ਼ਮੂਲੀਅਤ ਵਾਲ਼ੀਆਂ ਰੈਲੀਆਂ, ਧਰਨੇ, ਰੋਸ ਮੁਜ਼ਾਹਰੇ ਜਾਰੀ ਸਨ। ਅਜ਼ਾਦ ਭਾਰਤ ਵਿੱਚ ਉਸ ਸਮੇਂ ਤੱਕ ਦੀ ਇਹ ਸਭ ਤੋਂ ਵੱਡੀ ਇਤਿਹਾਸਕ ਲੋਕ ਲਹਿਰ ਸੀ। ਗਰੀਬੀ, ਰੁਜ਼ਗਾਰ, ਸਿਹਤ, ਸਿੱਖਿਆ, ਔਰਤਾਂ, ਦਲਿਤਾਂ ਦੇ ਹੱਕਾਂ ਆਦਿ ਮੁੱਦਿਆਂ ਉੱਤੇ ਲੋਕ ਰੋਹ ਵਧਦਾ ਜਾ ਰਿਹਾ ਸੀ। ਅਜਿਹੇ ਸਮੇਂ ਭਾਰਤੀ ਸਰਮਾਏਦਾਰਾ ਹਾਕਮਾਂ ਲਈ ਕਰੋਨਾ ਸੰਕਟ ਮੋਚਕ ਬਣ ਕੇ ਸਾਹਮਣੇ ਆਇਆ ਅਤੇ ਨਾਜਾਇਜ ਪੂਰਨਬੰਦੀ ਕਰ ਦਿੱਤੀ ਗਈ।

ਕਰੋਨਾ ਬਹਾਨੇ ਸਰਕਾਰ ਦੇ ਇਹਨਾਂ ਜ਼ਾਬਰ ਕਦਮਾਂ ਕਾਰਨ ਕਰੋੜਾਂ ਮਜ਼ਦੂਰ ਖੱਜਲ-ਖੁਆਰ ਹੋਏ। ਕਰੋੜਾਂ ਮਜ਼ਦੂਰਾਂ ਨੂੰ ਬੇਰੁਜ਼ਗਾਰੀ ਝੱਲਣੀ ਪਈ। ਛੋਟੇ-ਮੋਟੇ ਕੰਮ-ਧੰਦਿਆਂ ਵਾਲ਼ੇ ਲੋਕਾਂ ਨੂੰ ਵੱਡੇ ਪੱਧਰ ਉੱਤੇ ਤਬਾਹੀ ਝੱਲਣੀ ਪਈ। ਲੋਕਾਂ ਨੂੰ ਮਿਲ਼ਣ ਵਾਲ਼ੀਆਂ ਮਾੜੀਆਂ-ਮੋਟੀਆਂ ਸਿਹਤ ਸਹੂਲਤਾਂ ਦੇ ਵੀ ਠੱਪ ਹੋ ਜਾਣ, ਆਰਥਿਕ ਹਾਲਤ ਨਿੱਘਰ ਜਾਣ, ਭੁੱਖਮਰੀ ਦੀ ਹਾਲਤ ਵਿੱਚ ਧੱਕੇ ਜਾਣ ਤੇ ਹੋਰ ਕਾਰਨਾਂ ਕਾਰਕੇ ਕਰੋਨਾ ਤੋਂ ਕਿਤੇ ਵਧੇਰੇ ਮੌਤਾਂ ਗੈਰ-ਕਰੋਨਾ ਬਿਮਾਰੀਆਂ ਨਾਲ਼ ਹੋ ਗਈਆਂ।

ਪਹਿਲੇ ਦੌਰ ਦੀਆਂ ਕਰੋਨਾ ਪਬੰਦੀਆਂ ਨੇ ਲੋਕ ਆਵਾਜ ਦੀ ਸੰਘੀ ਘੁੱਟਣ ਵਿੱਚ ਕੇਂਦਰ ਦੀ ਫਾਸੀਵਾਦੀ ਸਰਕਾਰ ਅਤੇ ਸੂਬਿਆਂ ਦੀਆਂ ਵੱਖ-ਵੱਖ ਸਰਕਾਰਾਂ ਦੀ ਵੱਡੇ ਪੱਧਰ ਉੱਤੇ ਮਦਦ ਕੀਤੀ ਹੈ। ਨਾਗਰਿਕਤਾ ਹੱਕਾਂ ਉੱਤੇ ਹਮਲੇ ਖਿਲਾਫ ਲਹਿਰ ਕੁਚਲ ਦਿੱਤੀ ਗਈ। ਮਜ਼ਦੂਰ ਜਮਾਤ ਦੇ ਕਾਨੂੰਨੀ ਕਿਰਤ ਹੱਕਾਂ ਉੱਤੇ ਡਾਕੇ ਲਈ ਦੇਸੀ-ਵਿਦੇਸ਼ੀ ਸਰਮਾਏਦਾਰੀ ਵੱਲੋਂ ਲੰਮੇ ਚਿਰ ਤੋਂ ਬੇਸਬਰੀ ਨਾਲ਼ ਉਡੀਕੀਆਂ ਜਾ ਰਹੀਆਂ ਕਿਰਤ ਕਾਨੂੰਨਾਂ ਵਿੱਚ ਸੋਧਾਂ ਨੂੰ ਅੰਜਾਮ ਦੇ ਦਿੱਤਾ ਗਿਆ। ਕਿਰਤ ਵਿਭਾਗ ਅਤੇ ਕਿਰਤ ਅਦਾਲਤਾਂ ਦੇ ਬਚੇ-ਖੁਚੇ ਢਾਂਚੇ ਦਾ ਹੋਰ ਵੀ ਭੱਠਾ ਬਿਠਾ ਦਿੱਤਾ ਗਿਆ। ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਦੀ ਨੀਤੀ ਤੇਜ਼ੀ ਨਾਲ਼ ਲਾਗੂ ਕੀਤੀ ਗਈ ਹੈ। ਮਜ਼ਦੂਰ ਜਮਾਤ ਦੀ ਜਥੇਬੰਦ ਤਾਕਤ ਨੂੰ ਖੋਰਾ ਲਾਇਆ ਗਿਆ। ਮਜ਼ਦੂਰ ਜਮਾਤ ਦੀ ਲੁੱਟ-ਖਸੁੱਟ ਲਈ ਸਰਮਾਏਦਾਰ ਜਮਾਤ ਨੂੰ ਪਹਿਲਾਂ ਤੋਂ ਵੀ ਸਾਜਗਾਰ ਹਾਲਤਾਂ ਪ੍ਰਾਪਤ ਹੋ ਗਈਆਂ। ਵਿੱਦਿਅਕ ਸੰਸਥਾਵਾਂ ਬੰਦ ਹੋਣ ਕਾਰਨ ਵਿਦਿਆਰਥੀਆਂ ਦਾ ਪੜ੍ਹਾਈ ਅਤੇ ਆਰਥਿਕ ਨੁਕਸਾਨ ਤਾਂ ਹੋਇਆ ਹੀ, ਉਹਨਾਂ ਦੀ ਜਥੇਬੰਦ ਤਾਕਤ ਨੂੰ ਖੋਰਨ ਵਿੱਚ ਵੀ ਹਾਕਮਾਂ ਨੂੰ ਮਦਦ ਮਿਲ਼ੀ ਹੈ ਅਤੇ ਇਸ ਤਰ੍ਹਾਂ ਉਹਨਾਂ ਦੇ ਹੱਕਾਂ ਉੱਪਰ ਹਮਲਾ ਤੇਜ ਕੀਤਾ ਗਿਆ ਹੈ। ਨਵੀਂ ਸਿੱਖਿਆ ਨੀਤੀ ਲਾਗੂ ਕਰ ਦਿੱਤੀ ਗਈ। ਇਸ ਦੌਰਾਨ ਕੌਮੀਅਤਾਂ ਦੇ ਹੱਕਾਂ ਨੂੰ ਕੁਚਲਿਆ ਗਿਆ ਹੈ। ਕਸ਼ਮੀਰ ਅਤੇ ਉੱਤਰ ਪੂਰਬ ਵਿੱਚ ਜਾਰੀ ਕੌਮੀ ਮੁਕਤੀ ਸੰਘਰਸ਼ਾਂ ’ਤੇ ਹਮਲਾ ਤਿੱਖਾ ਕਰਨ ਦਾ ਮੌਕਾ ਭਾਰਤੀ ਹਾਕਮਾਂ ਨੂੰ ਮਿਲ਼ਿਆ ਹੈ। ਮੋਦੀ ਹਕੂਮਤ ਨੇ ਸੂਬਿਆਂ ਦੇ ਹੱਕਾਂ ਨੂੰ ਕੁਚਲਦੇ ਹੋਏ ਕੇਂਦਰੀਕਰਨ ਦੀ ਨੀਤੀ ਨੂੰ ਤੇਜੀ ਨਾਲ਼ ਅੱਗੇ ਵਧਾਇਆ ਹੈ। ‘ਹਿੰਦੂ ਰਾਸ਼ਟਰ’ ਦੇ ਫਾਸੀਵਾਦੀ ਏਜੰਡੇ ਨੂੰ ਬਲ ਮਿਲ਼ਿਆ ਹੈ।

ਪੰਜਾਬ ਵਿੱਚ ਸ਼ਹਿਰਾਂ-ਕਸਬਿਆਂ ਦੀਆਂ ਸਥਾਨਕ ਚੋਣਾਂ ਫਰਵਰੀ 2020 ਵਿੱਚ ਹੋਣੀਆਂ ਸਨ। ਜੇਕਰ ਉਦੋਂ ਚੋਣਾਂ ਹੁੰਦੀਆਂ ਤਾਂ ਲੋਕ ਦੋਖੀ ਨੀਤੀਆਂ ਕਾਰਨ ਕਾਂਗਰਸ ਨੂੰ ਨੁਕਸਾਨ ਝੱਲਣਾ ਪੈਣਾ ਸੀ। ਕਰੋਨਾ ਬਹਾਨੇ ਕੈਪਟਨ ਸਰਕਾਰ ਨੇ ਇਹ ਚੋਣਾਂ ਇੱਕ ਸਾਲ ਤੱਕ ਲਟਕਾਈਆਂ। ਖੇਤੀ ਕਾਨੂੰਨਾਂ ਖਿਲਾਫ ਬਦਲੇ ਸਿਆਸੀ ਮਾਹੌਲ ਦਾ ਫਾਇਦਾ ਲੈਣ ਲਈ ਇਸ ਸਾਲ ਇਹ ਚੋਣਾ ਕਰਵਾ ਦਿੱਤੀਆਂ ਗਈਆਂ। ਮੱਧ ਪ੍ਰਦੇਸ਼ ਵਿੱਚ ਭਾਜਪਾ ਸਰਕਾਰ ਕਰੋਨਾ ਬਹਾਨੇ ਸਥਾਨਕ ਚੋਣਾਂ ਦਾ ਅਮਲ ਰੋਕੀ ਖੜ੍ਹੀ ਹੈ ਕਿਉਂਕਿ ਲੋਕ ਮਾਰੂ ਨੀਤੀਆਂ ਕਾਰਨ ਅਤੇ ਖਾਸ ਕਰ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਾਰਨ ਇਸਨੂੰ ਨੁਕਸਾਨ ਝੱਲਣਾ ਪਵੇਗਾ। ਇਸ ਤਰ੍ਹਾਂ ਵੀ ਹਾਕਮਾਂ ਨੇ ਕਰੋਨਾ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਸਥਾਨਕ ਚੋਣਾਂ ਦਾ ਅਮਲ ਰੁਕਿਆ ਰਹਿਣ ਕਰਕੇ ਸ਼ਹਿਰਾਂ, ਕਸਬਿਆਂ, ਪਿੰਡਾਂ ਵਿੱਚ ਪਾਣੀ, ਸਾਫ-ਸਫਾਈ, ਸੀਵਰੇਜ, ਗਲੀਆਂ, ਸੜ੍ਹਕਾਂ ਦੀ ਹਾਲਤ ਨਿੱਘਰਨ ਕਰਕੇ ਲੋਕਾਂ ਨੂੰ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ।

ਕਰੋਨਾ ਪਬੰਦੀਆਂ ਦੌਰਾਨ ਹੀ ਜੂਨ 2020 ਵਿੱਚ ਮੋਦੀ ਸਰਕਾਰ ਨੇ ਆਰਡੀਨੈਂਸਾਂ ਦੇ ਰੂਪ ਵਿੱਚ ਖੇਤੀ ਕਾਨੂੰਨ ਲਿਆਂਦੇ ਜਿਹਨਾਂ ਨੂੰ ਸਤੰਬਰ 2020 ਵਿੱਚ ਬਾਕਾਇਦਾ ਕਾਨੂੰਨਾਂ ਦੇ ਰੂਪ ਵਿੱਚ ਸੰਸਦ ਵਿੱਚ ਪਾਸ ਕਰ ਦਿੱਤਾ ਗਿਆ। ਇਹਨਾਂ ਕਾਨੂੰਨਾਂ ਖਿਲਾਫ ਉੱਠੀ ਇਤਿਹਾਸਕ ਲੋਕ ਲਹਿਰ ਦਾ ਭਾਰਤੀ ਹਾਕਮਾਂ ਨੇ ਕਦੇ ਅੰਦਾਜ਼ਾ ਵੀ ਨਹੀਂ ਲਾਇਆ ਸੀ। ਮੋਦੀ ਹਕੂਮਤ ਦੀਆਂ ਸਾਰੀਆਂ ਗਿਣਤੀਆਂ-ਮਿਣਤੀਆਂ ਪੁੱਠੀਆਂ ਪੈ ਗਈਆਂ। ਸਾਰੀਆਂ ਚਾਲਬਾਜ਼ੀਆਂ, ਜ਼ਬਰ-ਜੁਲਮ ਦੇ ਬਾਵਜੂਦ ਖੇਤੀ ਕਾਨੂੰਨਾਂ ਖਿਲਾਫ ਵਿਸ਼ਾਲ ਲੋਕ ਘੋਲ਼ ਜਾਰੀ ਹੈ (ਜਿਸ ਵਿੱਚ ਮੁੱਖ ਸ਼ਮੂਲੀਅਤ ਕਿਸਾਨਾਂ ਦੀ ਹੈ)। ਇਸ ਲਹਿਰ ਨੂੰ ਸਾਬੋਤਾਜ ਕਰਨ ਲਈ, ਇਸਨੂੰ ਕੁਚਲਣ ਲਈ ਸਰਕਾਰ ਨੇ ‘ਕਰੋਨਾ ਦੀ ਦੂਜੀ ਲਹਿਰ’ ਲਿਆਂਦੀ ਹੈ ਅਤੇ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਥੋਪਣੀਆਂ ਸ਼ੁਰੂ ਕਰ ਦਿੱਤੀਆਂ ਹਨ। ਕਰੋਨਾ ਪਾਬੰਦੀਆਂ ਦੇ ਪਹਿਲੇ ਦੌਰ ਵਿੱਚ ਮੋਦੀ ਹਕੂਮਤ ਤੋਂ ਵੀ ਦੋ ਕਦਮ ਅੱਗੇ ਹੋ ਪੰਜਾਬ ਦੀ ਕੈਪਟਨ ਸਰਕਾਰ ਨੇ ਲੋਕਾਂ ਉੱਪਰ ਜਬਰ ਢਾਹਿਆ ਸੀ ਅਤੇ ਹੁਣ ਵੀ ਇਹ ਇਹੋ ਰਾਹ ਤੁਰੀ ਹੋਈ ਹੈ। ਇਸਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕੈਪਟਨ ਸਰਕਾਰ ਦੀ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੀ ਹਮਾਇਤ ਝੂਠੀ ਹੈ।

ਕਰੋਨਾ ਮਹਾਂਮਾਰੀ ਦੇ ਖਾਤਮੇ ਦੇ ਨਾਂ ਉੱਤੇ ਟੈਸਟਾਂ ਅਤੇ ਟੀਕਾਕਰਨ ਮੁਹਿੰਮ ਰਾਹੀਂ ਅਥਾਹ ਮੁਨਾਫਾ ਕਮਾਉਣ ਦਾ ਗੋਰਖਧੰਦਾ ਸਰਮਾਏਦਾਰੀ ਦੇ ਹੱਥ ਲੱਗਾ ਹੈ। ਇਸ ਵਾਸਤੇ ਵੀ ਜਰੂਰੀ ਹੈ ਕਿ ਕਰੋਨਾ ਦਾ ਨਵਾਂ ਉਭਾਰ ਦਿਖਾਇਆ ਜਾਵੇ।

ਇਕੱਠਾਂ ਉੱਤੇ ਰੋਕ ਤੇ ਹੋਰ ਤਰ੍ਹਾਂ-ਤਰ੍ਹਾਂ ਦੀ ਪਾਬੰਦੀਆਂ, ਇਹਨਾਂ ਪਾਬੰਦੀਆਂ ਨੂੰ ਲਾਗੂ ਕਰਨ ਲਈ ਜਬਰ, ਟੀਕਾਕਰਨ ਮੁਹਿੰਮ, ਜਬਰੀ ਟੈਸਟਾਂ ਆਦਿ ਨੂੰ ਜਾਇਜ ਠਹਿਰਾਉਣ ਲਈ ਕੀਤੇ ਜਾ ਰਹੇ ਕਰੋਨਾ ਡਰਾਮੇ ਨੂੰ ਬਾਖੂਬੀ ਨਿਭਾਉਣ ਲਈ ਵਿੱਦਿਅਕ ਸੰਸਥਾਵਾਂ ਨੂੰ ਬੰਦ ਕਰਨ, ਮਾਸਕ ਲਾਜਮੀ ਕਰਨ ਜਿਹੇ ਕਦਮ ਹਾਕਮਾਂ ਲਈ ਜਰੂਰੀ ਸਨ।

ਆਉਣ ਵਾਲ਼ੇ ਦਿਨਾਂ ਵਿੱਚ ਹਾਕਮ ਆਪਣੇ ਲੋਕ-ਦੋਖੀ ਇਰਾਦਿਆਂ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਕਰੋਨਾ ਬਹਾਨੇ ਚੁੱਕੇ ਜਾ ਰਹੇ ਜ਼ਾਬਰ ਕਦਮਾਂ ਦਾ ਘੇਰਾ ਹੋਰ ਵਧਾ ਸਕਦੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਪਹਿਲਾਂ ਹੀ ਭਿਆਨਕ ਲੁੱਟ, ਜਬਰ, ਬਦਹਾਲੀ, ਦੁੱਖ-ਤਕਲੀਫਾਂ ਝੱਲ ਰਹੇ ਲੋਕ ਹੋਰ ਵਧੇਰੇ ਆਰਥਿਕ, ਸਮਾਜਕ, ਸਿਆਸੀ ਹਮਲੇ ਹੇਠ ਆਉਣਗੇ। ਲੋਕਾਂ ਨੂੰ ਬਿਨਾਂ ਦੇਰ ਕੀਤਿਆਂ ਕਰੋਨਾ ਦੇ ਨਾਂ ਉੱਤੇ ਕੀਤੇ ਜਾ ਰਹੇ ਡਰਾਮੇ, ਲੋਕ ਦੋਖੀ ਇਰਾਦਿਆਂ ਤਹਿਤ ਹਾਕਮਾਂ ਵੱਲੋਂ ਥੋਪੀਆਂ ਜਾ ਰਹੀਆਂ ਨਾਜਾਇਜ ਪਾਬੰਦੀਆਂ, ਢਾਹੇ ਜਾ ਰਹੇ ਜਬਰ ਖਿਲਾਫ ਸੰਘਰਸ਼ਾਂ ਦੇ ਪਿੜ੍ਹ ਮੱਲਣੇ ਪੈਣਗੇ।

ਲਲਕਾਰ ’ਚੋਂ ਧੰਨਵਾਦ ਸਹਿਤ


# ਹਰਤੋਸ਼ ਬੱਲ ਦਾ ਕਸੂਰ ਕੀ ਸੀ; ਆਖਿਰ ਉਹ ਕਹਿ ਕੀ ਰਿਹਾ ਹੈ ?

## (ਗਰਮ ਖਿਆਲੀ ਸਿੱਖਾਂ ਦੀ ਕਚਹਿਰੀ ਵਿੱਚ)



ਹਰਚਰਨ ਸਿੰਘ ਪਰਹਾਰ
403-681-8689
hp8689@gmail.com

7 ਅਪਰੈਲ, 2021 ਨੂੰ 'ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲਬੀਆ' (UBC) ਦੀ 'ਏਸ਼ੀਅਨ ਸਟੱਡੀ ਡਿਪਾਰਟਮੈਂਟ' ਦੇ 'ਪੰਜਾਬੀ ਸਟੱਡੀਜ਼ ਪ੍ਰੋਗਰਾਮ' ਵਲੋਂ 'ਹਰਜੀਤ ਕੌਰ ਸਿੱਧੂ ਮੈਮੋਰੀਅਲ' ਸਲਾਨਾ ਸਮਾਗਮ ਵਿੱਚ ਇੰਡੀਆ ਵਿੱਚ ਚੱਲ ਰਹੇ, ਕਿਸਾਨ ਸੰਘਰਸ਼ ਸਬੰਧੀ ਬੋਲਣ ਲਈ ਉਘੇ ਪੱਤਰਕਾਰ ਹਰਤੋਸ਼ ਸਿੰਘ ਬੱਲ ਨੂੰ ਸੱਦਾ ਦਿੱਤਾ ਗਿਆ ਸੀ। ਹਰਤੋਸ਼ ਸਿੰਘ ਬੱਲ ਵਲੋਂ ਪਿਛਲੇ ਸਮੇਂ ਵਿੱਚ ਬਹੁਤ ਵਿਸਥਾਰ ਤੇ ਬਰੀਕੀ ਨਾਲ਼ ਨਵੇਂ ਖੇਤੀ ਕਾਨੂੰਨਾਂ ਬਾਰੇ ਆਰਟੀਕਲ ਲਿਖੇ ਸਨ ਕਿ ਕਿਵੇਂ ਇਨ੍ਹਾਂ ਦੇ ਲਾਗੂ ਹੋਣ ਨਾਲ਼ ਖੇਤੀ ਸੈਕਟਰ ਤੇ ਪ੍ਰਭਾਵ ਪਵੇਗਾ ਅਤੇ ਵੱਡੇ ਕਾਰਪੋਰੇਟ ਘਰਾਣੇ ਖੇਤੀ ਦਾ ਉਦਯੋਗੀਕਰਨ ਕਰਕੇ ਕਾਬਿਜ਼ ਹੋਣਗੇ ? ਜਿਸ ਨਾਲ਼ ਖੇਤੀਬਾੜੀ ਦੇ ਪਿਤਾ ਪੁਰਖੀ ਧੰਦੇ ਨਾਲ਼ ਜੁੜੇ ਹੋਏ ਲੱਖਾਂ ਲੋਕ ਖੇਤੀ ਤੋਂ ਬਾਹਰ ਹੋ ਜਾਣਗੇ ? ਅਚਾਨਕ ਹੀ UBC ਵਲੋਂ ਇਹ ਸਮਾਗਮ ਰੱਦ ਕਰ ਦਿੱਤਾ ਗਿਆ, ਜਿਸ ਬਾਰੇ ਮਿ. ਬੱਲ ਨੂੰ ਸਹੀ ਢੰਗ ਨਾਲ਼ ਸੂਚਿਤ ਵੀ ਨਹੀਂ ਕੀਤਾ ਗਿਆ, ਜੋ ਕਿ ਇੱਕ ਨਾਮੀ ਪੱਤਰਕਾਰ ਦੇ ਵਕਾਰ ਨੂੰ ਸੱਟ ਮਾਰਨ ਵਾਲ਼ੀ ਗੱਲ ਸੀ। ਇਥੇ ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਈਏ ਕਿ ਹਰਤੋਸ਼ ਸਿੰਘ ਬੱਲ, ਭਾਰਤ ਵਿੱਚ ਇੱਕ ਉਘੇ ਪੱਤਰਕਾਰ ਹਨ, ਜੋ ਕਿ 'ਆਊਟਲੁੱਕ', 'ਦੀ ਓਪਨ' ਵਰਗੇ ਅਦਾਰਿਆਂ ਨਾਲ਼ ਕੰਮ ਕਰ ਚੁੱਕੇ ਹਨ ਅਤੇ ਹੁਣ ਮਸ਼ਹੂਰ ਮੈਗਜ਼ੀਨ 'ਕਾਰਵਾਂ' ਦੇ ਰਾਜਨੀਤਕ ਐਡੀਟਰ ਹਨ। ਉਹ 2 ਕਿਤਾਬਾਂ ਦੇ ਲੇਖਕ ਦੇ ਨਾਲ਼-ਨਾਲ਼ ਆਪਣੀਆਂ ਬੇਬਾਕ ਲਿਖਤਾਂ ਲਈ ਮਸ਼ਹੂਰ ਹਨ। ਮੌਜੂਦਾ ਮੋਦੀ ਦੌਰ ਵਿੱਚ ਜਦੋਂ ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਤੇ ਹਮਲੇ ਹੋ ਰਹੇ ਹਨ, ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ ਤਾਂ ਅਜਿਹੇ ਮਾਹੌਲ ਵਿੱਚ ਹਰਤੋਸ਼ ਸਿੰਘ ਬੱਲ, ਉਨ੍ਹਾਂ ਗਿਣਤੀ ਦੇ ਸਿਰੜੀ ਪੱਤਰਕਾਰਾਂ ਤੇ ਲੇਖਕਾਂ ਵਿੱਚੋਂ ਇੱਕ ਹਨ, ਜੋ ਨਿਰਪੱਖ ਪੱਤਰਕਾਰੀ ਤੇ ਬੁਲੰਦ ਆਵਾਜ਼ ਵਿੱਚ ਲਿਖਣ ਲਈ ਜਾਣੇ ਜਾਂਦੇ ਹਨ। ਜਿਨ੍ਹਾਂ ਵਿੱਚ ਰਵੀਸ਼ ਕੁਮਾਰ, ਪੁਨਿਆ ਪਰਾਸਨ ਬਾਜਪਾਈ, ਸਿਧਾਰਥ ਭਾਟੀਆ, ਅਰੁਨਧਿਤੀ ਰੌਏ ਆਦਿ ਦੇ ਨਾਮ ਵਰਨਣਯੋਗ ਹਨ। ਇਸ ਪ੍ਰੋਗਰਾਮ ਦੇ ਕੈਂਸਲ ਹੋਣ ਤੋਂ ਬਾਅਦ ਬੀ ਸੀ ਦੇ ਸਾਬਕਾ ਪ੍ਰੀਮੀਅਰ ਤੇ ਕਨੇਡਾ ਦੇ ਸਾਬਕਾ ਹੈਲਥ ਮਨਿਸਟਰ ਉਜਲ ਦੋਸਾਂਝ ਨੇ UBC ਨੂੰ ਇੱਕ ਰੋਸ ਚਿੱਠੀ ਲਿਖੀ ਤੇ ਨਾਲ਼ ਹੀ ਆਪਣੀ 'ਲਾਅ' ਦੀ ਡਿਗਰੀ 'ਕੂੜੇਦਾਨ' ਵਿੱਚ ਸੁੱਟ ਦਿੱਤੀ।ਇਸੇ ਤਰ੍ਹਾਂ ਉਘੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਇੱਕ ਆਰਟੀਕਲ ਲਿਖ ਕੇ UBC ਦੇ ਫੈਸਲੇ ਤੇ ਇਤਰਾਜ਼ ਜਿਤਾਇਆ ਹੈ ਅਤੇ ਕਨੇਡਾ ਤੋਂ ਸਾਊਥ ਏਸ਼ੀਆ ਦੇ ਮਸਲਿਆਂ ਤੇ ਲਿਖਣ ਵਾਲ਼ੇ ਉਘੇ ਕਾਲਮ ਨਵੀਸ ਆਦਿਲ ਬਰਾੜ ਵਲੋਂ ਵੀ UBC ਨੂੰ ਇੱਕ ਚਿੱਠੀ ਲਿਖੀ ਗਈ ਹੈ। ਮੀਡੀਆ ਦੇ ਵੱਖ-ਵੱਖ ਹਲਕਿਆਂ ਵਿੱਚ UBC ਦੇ ਇਸ ਫੈਸਲੇ ਦੀ ਸਖਤ ਅਲੋਚਨਾ ਹੋ ਰਹੀ ਹੈ ਕਿਉਂਕਿ ਅਜਿਹਾ ਕਦਮ ਕਨੇਡਾ ਵਰਗੇ ਬੋਲਣ ਦੀ ਅਜ਼ਾਦੀ ਦੇ ਚੈਂਪੀਅਨ ਮੰਨੇ ਜਾਂਦੇ ਦੇਸ਼ ਵਿੱਚ ਇੱਕ ਪਿਛਾਂਹਖਿਚੂ ਤੇ ਦਬਾਅ ਹੇਠ ਲਿਆ ਗਿਆ ਫੈਸਲਾ ਹੈ। ਯਾਦ ਰਹੇ ਕਿ ਇਹ ਸੈਮੀਨਾਰ 'ਸਾਈਮਨ ਫਰੇਜ਼ਰ ਯੂਨੀਵਰਸਿਟੀ ਬੀ ਸੀ' ਦੀ ਇੱਕ 'ਸਿੱਖ ਸਟੂਡੈਂਟਸ ਐਸੋਸੀਏਸ਼ਨ' ਵਲੋਂ UBC ਨੂੰ ਲਿਖੀ ਇੱਕ ਚਿੱਠੀ ਤੋਂ ਬਾਅਦ ਕੈਂਸਲ ਕੀਤਾ ਗਿਆ ਸੀ, ਜਿਸ ਵਿੱਚ ਉਨ੍ਹਾਂ ਸੈਮੀਨਾਰ ਦੇ ਮੁੱਖ ਬੁਲਾਰੇ ਹਰਤੋਸ਼ ਸਿੰਘ ਬੱਲ ਤੇ ਇਤਰਾਜ਼ ਜਿਤਾਇਆ ਸੀ ਕਿ ਹਰਤੋਸ਼ ਨੇ 2017 ਵਿੱਚ ਇੱਕ ਆਰਟੀਕਲ ਵਿੱਚ ਆਪਣੇ ਰਿਸ਼ਤੇ ਵਿੱਚ ਮਾਮੇ ਅਤੇ ਪੰਜਾਬ ਪੁਲਿਸ ਦੇ ਸਾਬਕਾ ਡੀ ਜੀ ਪੀ ਕੇ ਪੀ ਐਸ ਗਿੱਲ ਵਲੋਂ 1990 ਦੇ ਦਹਾਕੇ ਵਿੱਚ ਸਿੱਖ ਖਾੜਕੂ ਮੂਵਮੈਂਟ ਨੂੰ ਦਬਾਉਣ ਲਈ ਜੋ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਕੀਤੀਆਂ ਸਨ, ਉਸਦੀ ਹਮਾਇਤ ਕੀਤੀ ਸੀ। ਯਾਦ ਰਹੇ ਕਿ ਜੂਨ, 1984 ਵਿੱਚ ਭਾਰਤੀ ਫੌਜ ਵਲੋਂ ਦਰਬਾਰ ਸਾਹਿਬ ਵਿੱਚ ਕੀਤੇ ਫੌਜੀ ਬਲੂ ਸਟਾਰ ਉਪਰੇਸ਼ਨ ਤੋਂ ਬਾਅਦ ਖੜੀ ਹੋਈ ਖਾੜਕੂ ਮੂਵਮੈਂਟ ਨੂੰ ਦਬਾਉਣ ਲਈ ਭਾਰਤ ਸਰਕਾਰ ਵਲੋਂ ਕੀ ਪੀ ਐਸ ਗਿੱਲ ਨੂੰ ਪੰਜਾਬ ਪੁਲਿਸ ਦਾ ਮੁੱਖੀ ਬਣਾਇਆ ਗਿਆ ਸੀ, ਜਿਸਦੇ ਕਾਰਜਕਾਲ ਦੌਰਾਨ ਪੁਲਿਸ ਤੇ ਜ਼ਿਆਦਤੀਆਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਦੇ ਇਲਜਾਮ ਲਗਦੇ ਰਹੇ ਹਨ। ਪਰ ਹਰਤੋਸ਼ ਬੱਲ ਦਾ ਕਹਿਣਾ ਹੈ ਕਿ ਉਹ ਹਮੇਸ਼ਾਂ ਮਨੁੱਖੀ ਹੱਕਾਂ ਲਈ ਲਗਾਤਾਰ ਲਿਖਦਾ ਰਿਹਾ ਹੈ ਅਤੇ ਅੱਜ ਵੀ ਭਾਰਤ ਵਿੱਚ ਕੱਟੜਪੰਥੀ ਹਿੰਦੂਤਵਾ ਫੋਰਸਾਂ ਵਲੋਂ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਏਜੰਡੇ ਤਹਿਤ ਜੋ ਨਫਰਤ ਦਾ ਪਰਚਾਰ ਕੀਤਾ ਜਾ ਰਿਹਾ ਹੈ, ਉਸਦਾ ਵਿਰੋਧ ਕਰਦਾ ਹੈ। ਇਸੇ ਤਰ੍ਹਾਂ ਉਸਨੇ ਆਪਣੀਆਂ ਕਈ ਲਿਖਤਾਂ ਵਿੱਚ ਪੰਜਾਬ ਵਿੱਚ ਹੋਈਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਅਤੇ 1984 ਵਿੱਚ ਸਿੱਖਾਂ ਤੇ 2002 ਵਿੱਚ ਗੁਜਰਾਤ ਵਿੱਚ ਮੁਸਲਮਾਨਾਂ ਦੇ ਕਤਲੇਆਮ ਬਾਰੇ ਆਵਾਜ਼ ਉਠਾਈ ਹੈ। ਪਰ ਉਸਦਾ ਮੰਨਣਾ ਹੈ ਕਿ ਸਾਨੂੰ ਭਾਰਤ ਵਿੱਚ ਪੁਲਿਸ ਦੇ ਰੋਲ ਨੂੰ ਸਮੁੱਚਤਾ ਵਿੱਚ ਦੇਖਣਾ ਚਾਹੀਦਾ ਹੈ, ਪੁਲਿਸ ਵਲੋਂ ਝੂਠੇ ਮੁਕਾਬਲੇ ਸਿਰਫ ਪੰਜਾਬ ਵਿੱਚ ਹੀ ਨਹੀਂ ਬਣਾਏ ਗਏ, ਸਗੋਂ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਇਹ ਵਰਤਾਰਾ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਇਸੇ ਤਰ੍ਹਾਂ ਪੰਜਾਬ ਵਿੱਚ 1980-1995 ਤੱਕ ਅਨੇਕਾਂ ਪੁਲਿਸ ਅਫਸਰ ਦੇ ਕਾਰਜਕਾਲ ਦੌਰਾਨ ਅਜਿਹਾ ਕੁਝ ਵਾਪਰਦਾ ਰਿਹਾ ਹੈ ਤਾਂ ਫਿਰ ਸਿਰਫ ਕੇ ਪੀ ਐਸ ਗਿੱਲ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ ਜਾਂਦਾ ਹੈ ? ਉਸ ਅਨੁਸਾਰ ਜੇ ਫੈਸਲਾ ਸਿਰਫ ਝੂਠੇ ਮੁਕਾਬਲਿਆਂ ਅਧਾਰਿਤ ਹੀ ਕਰਨਾ ਹੈ ਤਾਂ ਡੀ. ਆਈ. ਜੀ. ਜੇ ਐਫ ਰਿਬੇਰੋ, ਡੀ. ਆਈ. ਜੀ. ਡੀ ਐਸ ਮਾਂਗਟ ਅਤੇ ਹੋਰ ਪੁਲਿਸ ਅਫਸਰਾਂ ਦੇ ਦੌਰ ਵਿੱਚ ਅਜਿਹੇ ਕੇਸ ਵੱਧ ਹੋ ਸਕਦੇ ਹਨ ? ਅਜਿਹੇ ਵਿਚਾਰ ਹਰਤੋਸ਼ ਸਿੰਘ ਬੱਲ ਦੇ ਨਿੱਜੀ ਹੋ ਸਕਦੇ ਹਨ ਤੇ ਕਿਸੇ ਵਲੋਂ ਇਨ੍ਹਾਂ ਨਾਲ਼ ਸਹਿਮਤ ਜਾਂ ਅਸਹਿਮਤ ਹੋਇਆ ਜਾ ਸਕਦਾ ਹੈ। ਇਸ ਸਬੰਧੀ ਉਘੇ ਪੱਤਰਕਾਰ ਤੇ ਰੇਡੀਉ ਹੋਸਟ ਗੁਰਪ੍ਰੀਤ ਸਿੰਘ ਨੇ ਆਪਣੇ 'ਦੀ ਸਟਰੇਟ' ਵਿੱਚ ਛਪੇ ਇੱਕ ਆਰਟੀਕਲ ਵਿੱਚ ਕਿਹਾ ਹੈ: 'ਮੇਰੇ ਹਰਤੋਸ਼ ਬੱਲ ਨਾਲ਼ ਕੇ ਪੀ ਐਸ ਗਿੱਲ ਦੇ ਮਸਲੇ ਤੇ ਮੱਤਭੇਦ ਹਨ, ਪਰ ਮੈਂ ਉਸਦੇ ਇਸ ਵਿਚਾਰ ਨਾਲ਼ ਸਹਿਮਤ ਹਾਂ ਕਿ ਸਾਨੂੰ ਭਾਰਤ ਵਿੱਚ ਬਹੁ-ਗਿਣਤੀ ਦੇ ਪ੍ਰਭਾਵ ਵਾਲ਼ੇ ਲੋਕਤੰਤਰੀ ਸਿਸਟਮ ਤੇ ਸਵਾਲ ਉਠਾਉਣੇ ਚਾਹੀਦੇ ਹਨ, ਜਿਥੇ ਘੱਟ ਗਿਣਤੀ ਭਾਈਚਾਰਿਆਂ ਦੇ ਪੀੜਤ ਲੋਕ ਸਰਕਾਰ ਅਤੇ ਉਸਦੇ ਅਧੀਨ ਕੰਮ ਕਰਦੀ ਪੁਲਿਸ ਦੇ ਰਹਿਮ ਤੇ ਹੁੰਦੇ ਹਨ। ਜਿਨ੍ਹਾਂ ਨੂੰ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ'। ਸਾਡਾ ਵੀ ਇਹ ਮੰਨਣਾ ਹੈ ਕਿ ਕੋਈ ਵੀ ਵਿਅਕਤੀ ਕਿਸੇ ਵੀ ਜ਼ੁਰਮ ਲਈ ਜ਼ਿੰਮੇਵਾਰ ਹੈ ਤਾਂ ਉਸਨੂੰ ਕਾਨੂੰਨੀ ਤਰੀਕੇ ਨਾਲ਼ ਸਜ਼ਾ ਮਿਲਣੀ ਚਾਹੀਦੀ ਹੈ।ਪਰ ਹਰਤੋਸ਼ ਬੱਲ ਵਰਗੇ ਸੂਝਵਾਨ ਤੇ ਉਚ ਕੋਟੀ ਦੇ ਨਿਰਪੱਖ ਪੱਤਰਕਾਰ ਨੂੰ ਕਿਸਾਨ ਮੁੱਦੇ ਤੇ ਬੋਲਣੋਂ ਇਸ ਕਰਕੇ ਰੋਕਣਾ ਕਿ ਉਹ ਕੇ ਪੀ ਐਸ ਗਿੱਲ ਦਾ ਭਾਣਜਾ ਹੈ ਤੇ ਉਸਦੇ ਵਿਚਾਰ ਕਿਸੇ ਸਿੱਖ ਸੰਸਥਾ ਦੀ ਸੋਚ ਅਨੁਸਾਰ ਨਹੀਂ ਹਨ ਤਾਂ ਇਹ ਬੇਹੱਦ ਅਫਸੋਸਨਾਕ ਹੈ। 'ਸਿੱਖ ਸਟੂਡੈਂਟਸ ਐਸੋਸੀਏਸ਼ਨ' ਜਾਂ ਕਿਸੇ ਹੋਰ ਸੰਸਥਾ ਜਾਂ ਵਿਅਕਤੀ ਨੂੰ ਆਪਣਾ ਪੱਖ ਰੱਖਣ ਜਾਂ ਇਤਰਾਜ਼ ਦਰਜ ਕਰਾਉਣ ਦਾ ਪੂਰਾ ਹੱਕ ਹੈ, ਪਰ ਨਾਮਵਰ ਯੂਨੀਵਰਸਿਟੀਆਂ ਵਲੋਂ ਕਿਸੇ ਇੱਕ ਛੋਟੇ ਜਿਹੇ ਗਰੁੱਪ ਦੇ ਇਤਰਾਜ ਕਰਨ ਤੇ ਕਿਸੇ ਪੱਤਰਕਾਰ ਨੂੰ ਲੈਕਚਰ ਕਰਨ ਤੋਂ ਰੋਕਣਾ ਤੇ ਆਪਣਾ ਪ੍ਰੋਗਰਾਮ ਹੀ ਰੱਦ ਕਰਨਾ ਅਤੀ ਮੰਦਭਾਗਾ ਵਰਤਾਰਾ ਹੈ। ਇਸ ਸਬੰਧੀ ਇੱਕ ਰੇਡੀਉ ਤੇ ਬੋਲਦੇ ਹੋਏ ਹਰਤੋਸ਼ ਬੱਲ ਨੇ ਇਲਜ਼ਾਮ ਲਗਾਇਆ ਸੀ ਕਿ ਵੱਡੀਆਂ ਯੂਨੀਵਰਸਿਟੀਆਂ ਅੱਜ ਕੱਲ ਸਰਕਾਰਾਂ ਵਲੋਂ ਮਿਲਣ ਵਾਲ਼ੇ ਫੰਡਾਂ ਦੀ ਘਾਟ ਕਾਰਨ ਚੇਅਰਾਂ ਸਥਾਪਿਤ ਕਰਨ ਦੇ ਨਾਮ ਹੇਠ ਵੱਖ-ਵੱਖ ਕਮਿਉਨਿਟੀਆਂ ਜਾਂ ਵੱਡੀਆਂ



ਕਾਰਪੋਰੇਸ਼ਨਾਂ ਤੋਂ ਦਾਨ ਲੈਂਦੀਆਂ ਹਨ, ਜਿਸਦਾ ਨਤੀਜਾ ਇਹ ਨਿਕਲਦਾ ਹੈ ਕਿ ਅਜਿਹੇ ਦਾਨੀ ਲੋਕ ਫਿਰ ਯੂਨੀਵਰਸਿਟੀਆਂ ਵਲੋਂ ਅਕਾਦਮਿਕ ਪੱਧਰ ਤੇ ਕੀਤੇ ਜਾਣ ਵਾਲ਼ੇ ਰਿਸਰਚ ਵਰਕ ਅਤੇ ਸੈਮੀਨਾਰਾਂ ਆਦਿ ਨੂੰ ਆਪਣੇ ਸਿਆਸੀ ਜਾਂ ਧਾਰਮਿਕ ਹਿੱਤਾਂ ਲਈ ਵਰਤਦੀਆਂ ਹਨ।ਇਸ ਮਸਲੇ ਵਿੱਚ ਵੀ ਅਜਿਹਾ ਵਾਪਰਨ ਦੇ ਖਦਸ਼ੇ ਪ੍ਰਗਟ ਕੀਤੇ ਜਾ ਰਹੇ ਹਨ ?

ਮਸਲਾ ਇਹ ਨਹੀਂ ਹੈ ਕਿ ਕਿਸੇ ਇੱਕ ਸੰਸਥਾ ਵਲੋਂ ਕੋਈ ਇਤਰਾਜ਼ ਉਠਾਇਆ ਗਿਆ ਹੈ ਤੇ ਦੂਸਰੀ ਸੰਸਥਾ ਨੇ ਉਨ੍ਹਾਂ ਦਾ ਇਤਰਾਜ਼ ਜਾਇਜ ਮੰਨ ਲਿਆ ? ਅਸਲ ਮਸਲਾ ਇਹ ਹੈ ਕਿ ਇਹ ਇਤਰਾਜ਼ ਕਿਸੇ ਦਬਾਅ ਜਾਂ ਪ੍ਰਭਾਵ ਅਧੀਨ ਮੰਨਿਆ ਗਿਆ ਹੈ ? ਜਦੋਂ ਲੋਕ ਜਾਂ ਸੰਸਥਾਵਾਂ, ਦਬਾਅ ਜਾਂ ਡਰ ਅਧੀਨ ਕੰਮ ਕਰਨ ਲਗਦੀਆਂ ਹਨ ਤਾਂ ਕੱਟੜਵਾਦ ਸਿਰ ਚੁੱਕਣ ਲਗਦਾ ਹੈ। ਵੈਸੇ ਤਾਂ ਕੱਟੜਵਾਦ ਕਿਸੇ ਵੀ ਖੇਤਰ ਵਿੱਚ ਹੋਵੇ ਮਾੜਾ ਹੈ। ਪਰ ਜਦੋਂ ਇਹ ਧਰਮ, ਨਸਲ, ਰਾਸ਼ਟਵਾਦ ਦੇ ਨਾਮ ਤੇ ਹੋਵੇ ਤਾਂ ਬਹੁਤ ਜਲਦ ਹਿੰਸਕ ਹੋ ਕੇ ਅੱਤਵਾਦ ਦਾ ਰੂਪ ਧਾਰ ਲੈਂਦਾ ਹੈ। ਪਿਛਲੀ ਸਦੀ ਵਿੱਚ ਰਾਸ਼ਟਰਵਾਦ ਦੇ ਨਾਮ ਤੇ ਨਾਜ਼ੀਆਂ ਵਲੋਂ ਪੈਦਾ ਕੀਤੇ ਕੱਟੜਵਾਦ ਨੇ 60 ਲੱਖ ਯਹੂਦੀਆਂ, ਕਮਿਉਨਿਸਟਾਂ, ਜਿਪਸੀਆਂ ਆਦਿ ਦੀ ਜਾਨ ਲਈ ਸੀ। ਇਸੇ ਤਰ੍ਹਾਂ ਪਿਛਲੇ ਕਈ ਦਹਾਕਿਆਂ ਤੋਂ ਦੁਨੀਆਂ ਭਰ ਵਿੱਚ ਇਸਲਾਮ ਦੇ ਨਾਮ ਤੇ ਚੱਲ ਰਹੇ ਕੱਟੜਵਾਦ ਨੇ ਅਫਗਾਨਿਸਤਾਨ, ਪਾਕਿਸਤਾਨ, ਸੀਰੀਆ, ਅਲਜੀਰੀਆ, ਕੌਂਗੋ, ਸੋਮਾਲੀਆ ਆਦਿ ਅਨੇਕਾਂ ਦੇਸ਼ਾਂ ਦੀ ਜੋ ਬਰਬਾਦੀ ਕੀਤੀ ਹੈ, ਉਹ ਕਿਸੇ ਤੋਂ ਲੁਕੀ ਹੋਈ ਨਹੀਂ। ਸ਼ਾਂਤੀ ਦਾ ਕਿਹਾ ਜਾਂਦਾ 'ਇਸਲਾਮ ਧਰਮ', ਅੱਜ ਦੁਨੀਆਂ ਭਰ ਵਿੱਚ ਕੱਟੜਤਾ ਤੇ ਅੱਤਵਾਦ ਦਾ ਚਿਹਰਾ ਬਣ ਚੁੱਕਾ ਹੈ। ਇਸਦਾ ਮੁੱਖ ਕਾਰਨ ਇਹੀ ਹੈ ਕਿ ਮੁਸਲਮਾਨਾਂ ਦੀ ਧਾਰਮਿਕ ਤੇ ਰਾਜਨੀਤਕ ਲੀਡਰਸ਼ਿਪ ਨੇ ਡਰ ਤੇ ਦਬਾਅ ਅਧੀਨ ਲੰਬਾ ਸਮਾਂ ਅਜਿਹਾ ਹੋਣ ਦਿੱਤਾ ਅਤੇ ਹੁਣ ਧਾਰਮਿਕ ਅੱਤਵਾਦ ਤੇ ਕੱਟੜਵਾਦ ਉਨ੍ਹਾਂ ਤੋਂ ਬੇਕਾਬੂ ਹੋ ਚੁੱਕਾ ਹੈ ? ਪਾਕਿਸਤਾਨ ਦੀ ਲੀਡਰਿਸ਼ਪ ਲਈ ਹੁਣ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲ਼ੇ ਹਾਲਾਤ ਬਣ ਚੁੱਕੇ ਹਨ ਅਤੇ ਭਾਰਤ ਵਿੱਚ ਵੀ ਅਜਿਹੇ ਹਾਲਾਤ ਬਣਦੇ ਜਾ ਰਹੇ ਹਨ ? ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿੱਚ ਪੰਜਾਬ ਅੰਦਰ ਕੁਝ ਧਾਰਮਿਕ ਤੇ ਰਾਜਨੀਤਕ ਮੰਗਾਂ ਨੂੰ ਲੈ ਕੇ ਸ਼ੁਰੂ ਹੋਏ ਸ਼ਾਂਤੀਪੂਰਵਕ ਧਰਮ ਯੁੱਧ ਮੋਰਚੇ ਵਿੱਚ ਦਾਖਿਲ ਹੋਈ ਹਿੰਸਾ ਨਾਲ਼ ਦਰਬਾਰ ਸਾਹਿਬ ਤੇ ਜੂਨ 84 ਵਿੱਚ ਮੰਦਭਾਗੀ ਫੌਜੀ ਕਾਰਵਾਈ, ਫਿਰ ਨਵੰਬਰ 84 ਦਾ ਕਤਲੇਆਮ ਅਤੇ 1984-1994 ਦੇ ਦਹਾਕੇ ਦੀ ਕਤਲੋ-ਗਾਰਤ ਨੇ ਸਿੱਖਾਂ ਦਾ ਚਿਹਰਾ ਵੀ ਦੁਨੀਆਂ ਭਰ ਵਿੱਚ ਅੱਤਵਾਦ ਦੇ ਰੂਪ ਵਿੱਚ ਪੇਸ਼ ਕੀਤਾ ? ਬੇਸ਼ੱਕ ਸਿੱਖ ਜਥੇਬੰਦੀਆਂ ਇਸ ਮਸਲੇ ਤੇ ਇਨਸਾਫ ਦੀ ਮੰਗ ਕਰ ਰਹੇ ਹਨ, ਪਰ ਉਨ੍ਹਾਂ ਸਮਿਆਂ ਵਿੱਚ ਜੋ ਕੁਝ ਪੰਜਾਬ ਤੇ ਵਿਦੇਸ਼ਾਂ ਵਿੱਚ ਹੋਇਆ ਸੀ, ਉਸ ਬਾਰੇ ਇਨਸਾਫ ਮੰਗਣ ਵਾਲਿਆਂ ਧਿਰਾਂ ਦੀ ਨਿਰਪੱਖ ਤੇ ਮਨੁੱਖਤਾਵਾਦੀ ਪਹੁੰਚ ਨਾ ਹੋਣ ਕਾਰਨ, ਬਾਹਰੋਂ ਤਾਂ ਦੂਰ ਸਿੱਖਾਂ ਅੰਦਰੋਂ ਵੀ ਕੋਈ ਹਮਾਇਤ ਨਹੀਂ ਮਿਲ਼ ਰਹੀ ? ਇਹ ਜਥੇਬੰਦੀਆਂ ਆਪਣੀਆਂ ਗਲਤੀਆਂ ਮੰਨਣ ਜਾਂ ਉਨ੍ਹਾਂ ਤੋਂ ਕੋਈ ਸਬਕ ਸਿੱਖਣ ਦੀ ਥਾਂ ਜਿਤਨਾ ਮਰਜ਼ੀ ਕਹੀ ਜਾਣ ਕਿ ਇਹ ਸਰਕਾਰੀ ਸਾਜ਼ਿਸ਼ ਸੀ, ਸਿੱਖਾਂ ਨੂੰ ਬਦਨਾਮ ਕਰਨ ਲਈ ਏਜੰਸੀਆਂ ਨੇ ਕਤਲ ਕਰਾਏ। ਪਰ ਉਨ੍ਹਾਂ ਸਮਿਆਂ ਦੀਆਂ ਅਖ਼ਬਾਰਾਂ ਵਿੱਚ ਖਾੜਕੂ ਜਥੇਬੰਦੀਆਂ ਵਲੋਂ ਲਈਆਂ ਗਈਆਂ ਜ਼ਿੰਮੇਵਾਰੀਆਂ ਤੋਂ ਉਸ ਮੂਵਮੈਂਟ ਦੇ ਵਾਰਿਸ ਆਪਣਾ ਪੱਲਾ ਇਹ ਕਹਿ ਨਹੀਂ ਝਾੜ ਸਕਦੇ ਕਿ ਸਭ ਕੁਝ ਏਜੰਸੀਆਂ ਨੇ ਹੀ ਕਰਾਇਆ ਸੀ ? ਜੇ ਉਨ੍ਹਾਂ ਦਾ ਇਹ ਤਰਕ ਮੰਨ ਵੀ ਲਿਆ ਜਾਵੇ ਤਾਂ ਕੀ ਕਦੇ ਉਹ ਕਦੇ ਨਿਰਪੱਖ ਜਾਂਚ ਕਰਵਾਕੇ, ਦੁਨੀਆਂ ਨੂੰ ਇਹ ਦੱਸਣਗੇ ਕਿ ਖਾੜਕੂਆਂ ਦੀਆਂ ਕਾਰਵਾਈਆਂ ਕਿਹੜੀਆਂ ਸਨ ਤੇ ਏਜੰਸੀਆਂ ਨੇ ਉਨ੍ਹਾਂ ਦੇ ਨਾਮ ਤੇ ਬੇਗੁਨਾਹਾਂ ਦੇ ਕਿਹੜੇ ਕਤਲ ਕੀਤੇ ਸਨ ?

ਆਪਣੇ ਵਿਚਾਰ ਪਰਗਟ ਕਰਨ ਜਾਂ ਵੱਖਰੇ ਵਿਚਾਰ ਰੱਖਣ ਦੇ ਕਾਰਨ 1980-1995 ਤੱਕ ਪੰਜਾਬ ਵਿੱਚ ਅਨੇਕਾਂ ਲੇਖਕਾਂ, ਪੱਤਰਕਾਰਾਂ ਅਤੇ ਖਾਸਕਰ ਕਮਿਉਨਿਸਟ ਪਾਰਟੀਆਂ ਨਾਲ਼ ਸਬੰਧਤ ਵਿਅਕਤੀਆਂ ਨੂੰ ਗੋਲੀਆਂ ਨਾਲ਼ ਉਡਾਇਆ ਗਿਆ, ਜਿਨ੍ਹਾਂ ਵਿੱਚ ਦਰਸ਼ਨ ਸਿੰਘ ਕਨੇਡੀਅਨ ਵਰਗਾ ਦਾਨਸ਼ਵਰ ਸਮਾਜ ਸੇਵੀ ਵੀ ਸੀ, ਜੋ 1947 ਵਿੱਚ 30 ਸਾਲ ਦੀ ਉਮਰ ਵਿੱਚ ਕਨੇਡਾ ਛੱਡ ਕੇ ਆਪਣੇ ਲੋਕਾਂ ਦੀ ਸੇਵਾ ਲਈ ਵਾਪਿਸ ਪੰਜਾਬ ਚਲਾ ਗਿਆ ਸੀ ਤੇ ਸਾਰੀ ਉਮਰ ਇੱਕ ਸਧਾਰਨ ਇਨਸਾਨ ਵਾਂਗ ਵਿਚਰਿਆ, ਪਰ ਜਦੋਂ ਉਸਨੇ ਪੰਜਾਬ ਵਿੱਚ ਬੇਗੁਨਾਹਾਂ ਦੇ ਕਤਲਾਂ ਵਿਰੁੱਧ ਆਵਾਜ ਉਠਾਈ ਤਾਂ 1986 ਵਿੱਚ 70 ਸਾਲ ਦੇ ਨਿਹੱਥੇ ਬਜ਼ੁਰਗ ਦਾ ਕਤਲ ਕਰ ਦਿੱਤਾ ਗਿਆ। ਇਸੇ ਤਰ੍ਹਾਂ ਬਜ਼ੁਰਗ ਕਾਮਰੇਡ ਨਿਧਾਨ ਸਿੰਘ ਘੁਡਾਨੀ ਕਲਾਂ, ਬਲਦੇਵ ਸਿੰਘ ਮਾਨ, ਦੀਪਕ ਧਵਨ, ਸੁਖਰਾਜ ਖੱਦਰ, ਪ੍ਰੋ ਰਵਿੰਦਰ ਰਵੀ, ਚੰਨਣ ਸਿੰਘ ਧੂਤ ਆਦਿ ਸੈਂਕੜੇ ਅਜਿਹੇ ਨਿਹੱਥੇ ਬੇਗੁਨਾਹ ਲੋਕ ਕਤਲ ਕੀਤੇ ਗਏ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਦਿਆਂ ਲਗਾਇਆ ਹੋਇਆ ਸੀ।ਉਨ੍ਹਾਂ ਦੇ ਕਤਲ ਸਿਰਫ ਇਸੇ ਕਰਕੇ ਕੀਤੇ ਗਏ ਕਿ ਉਹ ਵੱਖਰੀ ਰਾਜਸੀ ਵਿਚਾਰਧਾਰਾ ਰੱਖਦੇ ਸਨ। ਪਿਛਲੇ ਸਾਲ ਕਾਮਰੇਡ ਬਲਵਿੰਦਰ ਸਿੰਘ ਸੰਧੂ ਦਾ ਉਸਦੇ ਘਰ ਹੀ ਕਤਲ ਕਰ ਦਿੱਤਾ ਗਿਆ ਸੀ, ਜਿਸ ਉਪਰ ਪਹਿਲਾਂ ਵੀ 1990 ਤੇ 1991 ਵਿੱਚ ਦੋ ਵਾਰ ਜਾਨਲੇਵਾ ਹਮਲਾ ਕੀਤਾ ਗਿਆ ਸੀ। 'ਦੀ ਪਰਿੰਟ' ਮੈਗਜ਼ੀਨ ਵਿੱਚ ਛਪੀ ਸ਼ੇਖਰ ਗੁਪਤਾ ਦੀ ਰਿਪੋਰਟ ਅਨੁਸਾਰ 1991 ਵਿੱਚ ਉਸਦੇ ਪਰਿਵਾਰ ਕੀਤੇ ਗਏ ਹਮਲੇ ਵਿੱਚ 150 ਤੋਂ ਵੱਧ ਖਾੜਕੂਆਂ ਨੇ ਹਮਲਾ ਕੀਤਾ ਸੀ। ਉਸਦੀ ਮੌਤ ਤੋਂ ਬਾਅਦ ਸੋਸ਼ਲ ਮੀਡੀਆ ਤੇ ਖਾੜਕੂ ਧਿਰਾਂ ਦੇ ਵਾਰਿਸ ਅਜਿਹਾ ਪ੍ਰਚਾਰ ਕਰਦੇ ਸਨ ਕਿ ਉਹ ਪੁਲਿਸ ਦਾ ਟਾਊਟ ਸੀ, ਜਦਕਿ ਉਹ ਹਮੇਸ਼ਾਂ ਦਾਅਵਾ ਕਰਦਾ ਰਿਹਾ ਕਿ ਕੋਈ ਇੱਕ ਸਬੂਤ ਵੀ ਦੇਵੋ ਕਿ ਉਸਨੇ ਕਿਸੇ ਮੁੰਡੇ ਨੂੰ ਫੜਵਾਇਆ ਜਾਂ ਮਰਵਾਇਆ ਹੋਵੇ ? ਸਗੋਂ ਉਸਦਾ ਤਾਂ ਇਹ ਵੀ ਕਹਿਣਾ ਸੀ ਕਿ ਉਸਨੇ ਕਈ ਨੌਜਵਾਨ ਪੁਲਿਸ ਤੋਂ ਛੁਡਵਾਏ ਸਨ। ਇਨ੍ਹਾਂ ਸਾਰੇ ਲੋਕਾਂ ਦਾ ਪੰਜਾਬ ਲਈ ਵੱਖਰਾ ਰਾਜਨੀਤਕ ਨਜ਼ਰੀਆ ਹੈ, ਪਰ ਇਸਦਾ ਮਤਲਬ ਇਹ ਨਹੀ ਕਿ ਉਹ ਪੰਜਾਬ ਦੇ ਗਦਾਰ ਹਨ ਤੇ ਉਨ੍ਹਾਂ ਨੂੰ ਖਤਮ ਕਰ ਦਿਉ ? ਇਹ ਫੈਸਲੇ ਹੁਣ ਖਾੜਕੂ ਧਿਰਾਂ ਦੇ ਝੰਡੇ ਬਰਦਾਰਾਂ ਨੇ ਕਰਨਾ ਹੈ ਕਿ ਕੀ ਉਨ੍ਹਾਂ ਬੀਤੇ ਤੋਂ ਕੁਝ ਸਿੱਖ ਕੇ ਵੱਖਰੇ ਵਿਚਾਰ ਨੂੰ ਥਾਂ ਦੇਣੀ ਹੈ ?

ਜੇ ਪੰਜਾਬ ਦੀ ਗੱਲ ਛੱਡ ਵੀ ਦੇਈਏ ਤਾਂ ਕੀ ਇਹ ਜਥੇਬੰਦੀਆਂ ਕਦੇ ਦੱਸਣਗੀਆਂ ਕਿ ਵਿਦੇਸ਼ਾਂ ਵਿੱਚ ਜੋ ਹਿੰਸਕ ਕਾਰਵਾਈਆਂ ਹੋਈਆਂ, ਉਨ੍ਹਾਂ ਪਿਛੇ, ਕਿਸਦਾ ਹੱਥ ਸੀ ? ਕਿਹੜੀਆਂ ਏਜੰਸੀਆਂ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਸਨ ? ਜੇ ਕਨੇਡਾ, ਅਮਰੀਕਾ ਤੇ ਇੰਗਲੈਂਡ ਨੂੰ ਹੀ ਦੇਖੀਏ ਤਾਂ ਗੁਰਦੁਆਰਿਆਂ ਵਿੱਚ ਡਾਂਗਾਂ, ਕਿਰਪਾਨਾਂ, ਬੰਦੂਕਾਂ ਰਾਹੀਂ ਆਪਸ ਵਿੱਚ ਕੀਤੀਆਂ ਲੜਾਈਆਂ ਨੂੰ ਕਿਹੜੀਆਂ ਏਜੰਸੀਆਂ ਦੇ ਖਾਤੇ ਪਾਉਗੇ ? ਜੇ ਪਾਉਣਾ ਹੀ ਹੈ ਤਾਂ ਘੱਟੋ-ਘੱਟ ਇਹ ਹੀ ਦੱਸ ਦਿਉ ਕਿ ਤੁਹਾਡੇ ਵਿੱਚੋਂ ਕਿਹੜੇ ਸਰਕਾਰੀ ਏਜੰਸੀਆਂ ਲਈ ਕੰਮ ਕਰਦੇ ਹਨ ਤੇ ਕਿਹੜੇ ਪੰਥ ਦੀ ਸ਼ਾਨ ਲਈ ਲੜ ਰਹੇ ਹਨ ? ਬੇਸ਼ਕ ਵਿਦੇਸ਼ਾਂ ਵਿਚਲੀਆਂ ਕਈ ਘਟਨਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਥੇ ਵਿਚਾਰਾਂ ਦੇ ਵਿਰੋਧ ਕਰਕੇ ਵਿਅਕਤੀਆਂ ਤੇ ਜਾਨਲੇਵਾ ਹਮਲੇ ਕੀਤੇ ਗਏ, ਕੁੱਟ-ਮਾਰ ਕੀਤੀ ਗਈ, ਉਨ੍ਹਾਂ ਦੀ ਕਿਦਰਾਰਕੁਸ਼ੀ ਕੀਤੀ ਗਈ, ਗੁਰਦੁਆਰਿਆਂ ਦੀ ਦੁਰਵਰਤੋਂ ਕਰਕੇ ਵਿਚਾਰਧਾਰਕ ਵਿਰੋਧੀਆਂ ਦੇ ਬਾਈਕਾਟ ਕੀਤੇ ਗਏ। ਸਿਰਫ ਵਿਚਾਰਾਂ ਦੇ ਵਿਰੋਧ ਕਰਕੇ ਬੀ ਸੀ ਦੇ ਸਾਬਕਾ ਪ੍ਰੀਮੀਅਰ ਤੇ ਸਾਬਕਾ ਫੈਡਰਲ ਹੈਲਥ ਮਨਿਸਟਰ ਉਜਲ ਦੋਸਾਂਝ ਤੇ 1985 ਵਿੱਚ ਵੈਨਕੂਵਰ ਉਸਦੇ ਦਫਤਰ ਕੋਲ਼ ਜਾਨਲੇਵਾ ਹਮਲਾ ਕੀਤਾ ਗਿਆ, ਇੰਡੋ ਕਨੇਡੀਅਨ ਅਖ਼ਬਾਰ ਦੇ ਐਡੀਟਰ ਤਾਰਾ ਸਿੰਘ ਹੇਅਰ ਤੇ ਪਹਿਲਾਂ 1988 ਵਿੱਚ ਜਾਨਲੇਵਾ ਹਮਲਾ ਕੀਤਾ ਗਿਆ, ਜਿਸ ਨਾਲ਼ ਉਹ ਉਮਰ ਭਰ ਲਈ ਵੀਲ ਚੇਅਰ ਤੇ ਚਲਾ ਗਿਆ ਅਤੇ ਫਿਰ ਦੂਜਾ ਹਮਲਾ 1998 ਵਿੱਚ ਹੋਇਆ, ਜਿਸ ਨਾਲ਼ ਉਸਦੀ ਮੌਤ ਹੋ ਗਈ। ਇਸੇ ਤਰ੍ਹਾਂ ਟਰਾਂਟੋ ਵਿੱਚ 'ਖਬਰਨਾਮਾ ਅਖ਼ਬਾਰ' ਦੇ ਪੱਤਰਕਾਰ ਬਲਰਾਜ ਦਿਉਲ ਤੇ ਜਾਨਲੇਵਾ ਹਮਲਾ ਕੀਤਾ ਗਿਆ। ਇੰਗਲੈਂਡ ਵਿੱਚ 'ਦੇਸ ਪ੍ਰਦੇਸ ਅਖ਼ਬਾਰ' ਦੇ ਐਡੀਟਰ ਤਰਸੇਮ ਸਿੰਘ ਪੁਰੇਵਾਲ਼ ਦਾ 1995 ਵਿੱਚ ਕਤਲ ਕੀਤਾ ਗਿਆ। ਇਸ ਤਰ੍ਹਾਂ ਦੀਆਂ ਸੈਂਕੜੇ ਘਟਨਾਵਾਂ ਵਰਨਣ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿੱਚ ਖਾਲਿਸਤਾਨ ਦੇ ਵਿਰੋਧੀ ਵਿਚਾਰਾਂ ਵਾਲ਼ਿਆਂ ਤੇ ਹੀ ਹਮਲੇ ਨਹੀਂ ਹੋਏ, ਸਗੋਂ ਸਿੱਖ ਧਰਮ ਅੰਦਰ ਹੀ ਵੱਖਰੇ ਵਿਚਾਰ ਰੱਖਣ ਵਾਲ਼ੇ ਪ੍ਰਚਾਰਕਾਂ, ਲੇਖਕਾਂ, ਬੁੱਧੀਜੀਵੀਆਂ ਤੇ ਵੀ ਹਮਲੇ ਹੋਏ ਹਨ ਤੇ ਹੋ ਰਹੇ ਹਨ, ਜਿਨ੍ਹਾਂ ਵਿੱਚ ਅਕਾਲ ਤਕਤ ਦੇ ਸਾਬਕਾ ਜਥੇਦਾਰ ਪ੍ਰੋ ਦਰਸ਼ਨ ਸਿੰਘ, ਲੇਖਕ ਤੇ ਪ੍ਰਚਾਰਕ ਇੰਦਰ ਸਿੰਘ ਘੱਗਾ, ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਵਾਲ਼ਾ, ਪ੍ਰਚਾਰਕ ਪੰਥਪ੍ਰੀਤ ਸਿੰਘ ਆਦਿ ਦੇ ਨਾਮ ਵਰਨਣਯੋਗ ਹਨ। ਇਸ ਤੋਂ ਇਲਾਵਾ ਵੱਖਰੇ ਵਿਚਾਰ ਰੱਖਣ ਵਾਲ਼ੇ ਅਨੇਕਾਂ ਵਿਦਵਾਨਾਂ, ਪ੍ਰਚਾਰਕਾਂ, ਲੇਖਕਾਂ, ਬੁੱਧੀਜੀਵੀਆਂ ਨੂੰ ਗੁਰਦੁਆਰਿਆਂ ਤੋਂ ਇਲਾਵਾ ਹੋਰ ਵੱਖਰੇ ਪਲੈਟਫਾਰਮਾਂ ਅਤੇ ਸੋਸ਼ਲ ਮੀਡੀਆ ਤੇ ਵੀ ਬੋਲਣ ਤੋਂ ਰੋਕਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਪਨਾਏ ਜਾਂਦੇ ਹਨ ? ਉਨ੍ਹਾਂ ਦੀ ਟਰੌਲਿੰਗ ਕੀਤੀ ਜਾਦੀ ਹੈ, ਗਾਲ਼ੀ-ਗਲੋਚ ਕੀਤਾ ਜਾਂਦਾ ਹੈ। ਜਿਸਦੀ ਤਾਜ਼ਾ ਮਿਸਾਲ ਹਰਤੋਸ਼ ਸਿੰਘ ਬੱਲ ਨੂੰ ਯੂਨੀਨਵਰਸਿਟੀ ਦੇ ਸੈਮੀਨਾਰ ਵਿੱਚ ਬੋਲਣ ਤੋਂ ਰੋਕਣਾ ਹੈ ?

ਇੱਕ ਪਾਸੇ ਇਹ ਧਿਰਾਂ ਭਾਰਤ ਵਿੱਚ ਬਹੁ-ਗਿਣਤੀ ਸਮਾਜ ਦੀਆਂ ਵੋਟਾਂ ਦੀ ਰਾਜਨੀਤੀ ਤਹਿਤ ਮੌਜੂਦਾ ਜਾਂ ਪਹਿਲੀਆਂ ਸਰਕਾਰਾਂ ਵਲੋਂ ਸਿੱਖਾਂ ਸਮੇਤ ਹੋਰ ਘੱਟ ਗਿਣਤੀਆਂ, ਦਲਿਤਾਂ ਆਦਿ ਨਾਲ਼ ਹੋ ਰਹੇ ਵਿਤਕਰਿਆਂ ਦੀ ਗੱਲ ਕਰਦੀਆਂ ਹਨ ਅਤੇ ਸਭ ਨੂੰ ਕਰਨੀ ਵੀ ਚਾਹੀਦੀ ਹੈ। ਪਰ ਜਿਥੇ ਤੁਹਾਡੇ ਕੋਲ਼ ਕੋਈ ਤਾਕਤ ਹੈ, ਉਥੇ ਤੁਹਾਡੇ ਵਲੋਂ ਕੀਤੇ ਜਾਂਦੇ ਧੱਕਿਆਂ ਤੇ ਜਾਨਲੇਵਾ ਹਮਲਿਆਂ ਨੂੰ ਤੁਸੀਂ ਕਿਹੜੀ ਪ੍ਰੀਭਾਸ਼ਾ ਦਿਉਗੇ ਤੇ ਕਿਸ ਖਾਤੇ ਪਾਉਗੇ ? ਅੱਜ ਦੇ ਮਾਡਰਨ ਵਰਲਡ ਵਿੱਚ ਹਰ ਵਿਅਕਤੀ ਕੋਲ਼ ਕਨੂੰਨੀ ਤੌਰ ਤੇ ਅਧਿਕਾਰ ਹੈ ਕਿ ਕੋਈ ਵਿਅਕਤੀ ਜਾਂ ਸਮੂਹ ਆਪਣੀ ਮਰਜ਼ੀ ਅਨੁਸਾਰ ਜੀਅ ਸਕਦਾ ਹੈ, ਉਸਨੂੰ ਕਿਸੇ ਧਰਮ, ਰਾਜਸੀ ਵਿਚਾਰਧਾਰਾ, ਸਮਾਜਿਕ ਕਾਨੂੰਨਾਂ ਆਦਿ ਨੂੰ ਮੰਨਣ ਜਾਂ ਨਾ ਮੰਨਣ ਦਾ ਪੂਰਾ ਅਧਿਕਾਰ ਹੀ ਨਹੀਂ, ਸਗੋਂ ਉਨ੍ਹਾਂ ਦੀ ਨੁਕਤਾਚੀਨੀ, ਵਿਰੋਧ ਜਾਂ ਨਿਖੇਧੀ ਕਰਨ ਦਾ ਵੀ ਪੂਰਾ ਅਧਿਕਾਰ ਹੈ ? ਬੇਸ਼ਕ ਅਜਿਹੇ ਅਧਿਕਾਰ ਧਰਮ ਅਧਾਰਿਤ ਮੁਸਲਿਮ ਦੇਸ਼ਾਂ ਵਿੱਚ ਨਹੀਂ ਹਨ ? ਜਿਥੇ ਪਾਕਿਸਤਾਨ, ਅਫਗਾਨਿਸਤਾਨ ਜਾਂ ਹੋਰ ਅਨੇਕਾਂ ਇਸਲਾਮਿਕ ਦੇਸ਼ਾਂ ਵਿੱਚ ਇਸਲਾਮ ਜਾਂ ਪੈਗੰਬਰ ਦੀ ਨੁਕਤਾਚੀਨੀ ਜਾਂ ਨਿਖੇਧੀ ਕਰਨ ਕਰਕੇ ਮੌਤ ਵਰਗੀਆਂ ਸਖਤ ਸਜ਼ਾਵਾਂ ਹਨ, ਪਿਛਲੇ 4-5 ਦਹਾਕਿਆਂ ਵਿੱਚ ਇਨ੍ਹਾਂ ਦੇਸ਼ਾਂ ਵਿੱਚ ਵਿਚਾਰਾਂ ਦੀ ਅਜ਼ਾਦੀ ਦੇ ਮਸਲੇ ਤੇ

ਹਜ਼ਾਰਾਂ ਲੋਕ ਕਤਲ ਕਰ ਦਿੱਤੇ ਗਏ ਹਨ। ਅੱਜ ਜਦੋਂ ਸਿੱਖਾਂ ਵਿਚਲੇ ਕੁਝ ਗਰਮ ਖਿਆਲੀ ਧੜੇ ਧਰਮ ਅਧਾਰਿਤ ਵੱਖਰੇ ਦੇਸ਼ ਦੀ ਗੱਲ ਕਰਦੇ ਹਨ ਤਾਂ ਉਹ ਦੱਸਣ ਕਿ ਜੇ ਤੁਸੀਂ ਗੁਰਦੁਆਰਿਆਂ ਜਾਂ ਛੋਟੀਆਂ ਮੋਟੀਆਂ ਜਥੇਬੰਦੀਆਂ ਦੀ ਤਾਕਤ ਨਾਲ਼ ਹੀ ਕਿਸੇ ਨੂੰ ਬੋਲਣ ਦੀ ਅਜ਼ਾਦੀ ਨਹੀਂ ਦਿੰਦੇ, ਜਾਨਲੇਵਾ ਹਮਲੇ ਕਰਦੇ ਹੋ, ਸੋਸ਼ਲ ਮੀਡੀਆ ਤੇ ਗਾਲ਼ਾਂ ਕੱਢਦੇ ਹੋ? ਲੋਕਾਂ ਵਲੋਂ ਤੁਹਾਡੇ ਤੇ ਇਹ ਸ਼ੱਕ ਕਰਨਾ ਵਾਜ਼ਬ ਹੈ ਕਿ ਜੇ ਇਨ੍ਹਾਂ ਕੋਲ਼ ਧਰਮ ਅਧਾਰਿਤ ਸਟੇਟ ਬਣ ਗਈ ਤਾਂ ਇਹ ਇਸਲਾਮਿਕ ਦੇਸ਼ਾਂ ਵਰਗੀ ਹੋਵੇਗੀ? ਇਹ ਸ਼ੱਕ ਹੋਰ ਵੀ ਵਾਜਿਬ ਬਣ ਜਾਂਦੇ ਹਨ, ਜਦੋਂ ਸਾਬਕਾ ਪੀ ਸੀ ਐਸ ਤੇ ਬੁੱਧੀਜੀਵੀ ਪ੍ਰੀਤਮ ਸਿੰਘ ਕੁਮੇਦਾਨ ਵਰਗੇ ਵਿਅਕਤੀ, ਵੱਖਰੇ ਦੇਸ਼ ਲਈ ਸੰਘਰਸ਼ ਕਰ ਰਹੇ ਲੋਕਾਂ ਤੋਂ ਸਵਾਲ ਕਰਦੇ ਹਨ ਕਿ ਸਾਨੂੰ ਦੱਸੋ ਕਿ ਤੁਹਾਡਾ ਉਹ ਰਾਜ ਕਿਹੋ ਜਿਹਾ ਹੋਵੇਗਾ, ਉਥੇ ਸਿੱਖਾਂ ਤੋਂ ਇਲਾਵਾ ਹੋਰ ਘੱਟ ਗਿਣਤੀਆਂ ਦਾ ਕੀ ਸਟੈਟਸ ਹੋਵੇਗਾ, ਕੀ ਉਥੇ ਲੋਕਾਂ ਕੋਲ਼ ਪੱਛਮੀ ਦੇਸ਼ਾਂ ਵਾਂਗ ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ ਹੋਵੇਗੀ? ਕੀ ਉਥੇ ਪੱਛਮੀ ਦੇਸ਼ਾਂ ਵਾਂਗ ਫੈਡਰਲ ਢਾਂਚਾ ਤੇ ਮਲਟੀ ਕਲਚਰਿਜ਼ਮ ਹੋਵੇਗਾ ਜਾਂ ਸਿਰਫ ਇੱਕ ਹੀ ਧਰਮ ਨੂੰ ਮੰਨਣ ਦੀ ਇਜ਼ਾਜਤ ਹੋਵੇਗੀ? ਜਾਂ ਇਸਲਾਮਿਕ ਦੇਸ਼ਾਂ ਵਾਂਗ 'ਪੈਗੰਬਰ ਜਾਂ ਰੱਬ ਦੀ ਨਿੰਦਾ' ਦੇ ਨਾਂ ਤੇ ਹੇਠ ਲੋਕ ਕਤਲ ਕੀਤੇ ਜਾਣਗੇ ਜਾਂ ਫਾਂਸੀਆਂ ਤੇ ਚਾੜ੍ਹੇ ਜਾਣਗੇ? ਕੀ ਉਥੇ ਲੋਕਤੰਤਰ ਹੋਵੇਗਾ ਜਾਂ ਧਾਰਮਿਕ ਡਿਕਟੇਟਰਸ਼ਿਪ ਹੋਵੇਗੀ?

ਕੀ ਸਿੱਖਾਂ ਲਈ ਅਜ਼ਾਦੀ ਦੀ ਲੜਾਈ ਲੜ ਰਹੀਆਂ ਜਥੇਬੰਦੀਆਂ ਕਦੇ ਆਪਣੀ ਮੂਵਮੈਂਟ ਤੇ ਸੁਹਿਰਦਤਾ ਨਾਲ਼ ਵਿਚਾਰ ਕਰਨਗੀਆਂ? ਕੀ ਇਹ ਲੋਕ ਪਿਛਲੇ ਸਮੇਂ ਵਿੱਚ ਹੋਈਆਂ ਗਲਤੀਆਂ ਤੋਂ ਕੋਈ ਸਬਕ ਲੈਣਗੇ? ਕੀ ਉਨ੍ਹਾਂ ਦੀ ਮੂਵਮੈਂਟ ਨਾਲ਼ ਪੰਜਾਬ ਦਾ ਕੋਈ ਭਲਾ ਹੋਇਆ? ਜਦੋਂ ਇਹ ਧਿਰਾਂ ਕਹਿੰਦੀਆਂ ਹਨ ਕਿ ਸਰਕਾਰੀ ਏਜੰਸੀਆਂ ਨੇ ਖਾੜਕੂਆਂ ਦੇ ਨਾਮ ਤੇ ਬੇਗੁਨਾਹਾਂ ਦੇ ਕਤਲ ਕਰਕੇ ਮੂਵਮੈਂਟ ਨੂੰ ਬਦਨਾਮ ਕੀਤਾ ਤਾਂ ਕੀ ਇਨ੍ਹਾਂ ਧਿਰਾਂ ਦੀ ਜ਼ਿੰਮੇਵਾਰ ਨਹੀਂ ਬਣਦੀ ਕਿ ਉਹ ਇਹ ਸੱਚ ਦੁਨੀਆਂ ਸਾਹਮਣੇ ਲਿਆਉਣ? ਜਦੋਂ ਇਹ ਧਿਰਾਂ ਧਰਮ ਦੇ ਨਾਮ ਤੇ ਹਥਿਆਰਾਂ ਰਾਹੀਂ ਵੱਖਰਾ ਸਿੱਖ ਰਾਜ ਬਣਾਉਣਾ ਚਾਹੁੰਦੀਆਂ ਹਨ ਤਾਂ ਉਹ ਸੋਚਣ ਕਿ ਇਸਲਾਮ ਦੇ ਨਾਮ ਤੇ ਜਿਹਾਦੀਆਂ ਦੇ ਕਾਰਨਾਮਿਆਂ ਨਾਲ਼ ਪਾਕਿਸਤਾਨ, ਅਫਗਾਨਿਸਤਾਨ, ਇਰਾਕ, ਸੀਰੀਆ, ਸੋਮਾਲੀਆ, ਕੌਂਗੋ, ਨਾਈਜੀਰੀਆ, ਜਮਨ ਆਦਿ ਵਿੱਚ ਮੁਸਲਮਾਨਾਂ ਜਾਂ ਪੈਗੰਬਰ ਮੁਹੰਮਦ ਦਾ ਨਾਮ ਕਿਤਾਨ ਕੁ ਉਚਾ ਹੋਇਆ ਹੈ? ਇਸਦੇ ਨਾਲ਼ ਹੀ ਪਿਛਲੇ 60-70 ਸਾਲਾਂ ਵਿੱਚ ਅਰਜਨਟਾਈਨਾ, ਕੋਰੀਆ, ਇਰਾਨ, ਕੌਂਗੋ, ਸੂਡਾਨ, ਸੀਰੀਆ, ਯੋਗੋਸਲਾਵੀਆ, ਅਫਗਾਨਿਸਤਾਨ, ਰਵਾਂਡਾ ਆਦਿ ਅਨੇਕਾਂ ਦੇਸ਼ਾਂ ਹੋਏ ਹਿੰਸਕ ਘਰੇਲੂ ਯੁੱਧਾਂ (Civil Wars) ਵਿੱਚ ਮਰੇ ਲੱਖਾਂ ਲੋਕਾਂ ਦਾ ਇਤਹਿਾਸ ਵੀ ਪੜ੍ਹ ਲੈਣਾ ਚਾਹੀਦਾ ਹੈ ਕਿ ਕੀ ਅਸੀਂ ਅਜਿਹੀ ਤਬਾਹੀ ਲਈ ਤਿਆਰ ਹਾਂ? ਜਦੋਂ ਪੰਜਾਬ ਵਿੱਚ 1984-1994 ਤੱਕ ਹੋਏ ਪੁਲਿਸ ਮੁਕਾਬਲਿਆਂ ਦੀ ਗੱਲ ਹੁੰਦੀ ਹੈ ਤਾਂ ਪੁਲਿਸ ਮੁਕਾਬਲਿਆਂ ਬਾਰੇ ਕਸ਼ਮੀਰ, ਨਾਗਾਲੈਂਡ, ਮਨੀਪੁਰ, ਝਾਰਖੰਡ, ਯੂਪੀ, ਮਹਾਂਰਾਸ਼ਟਰ, ਗੁਜਰਾਤ, ਸ੍ਰੀ ਲੰਕਾ, ਪਾਕਿਸਤਾਨ, ਅਫਗਾਨਿਸਤਾਨ ਆਦਿ ਦਾ ਇਤਿਹਾਸ ਵੀ ਪੜ੍ਹ ਲੈਣਾ ਚਾਹੀਦਾ ਹੈ ਕਿ ਜਦੋਂ ਹਥਿਆਰਬੰਦ ਮੂਵਮੈਟਾਂ ਚੱਲਦੀਆਂ ਹਨ ਤਾਂ ਝੂਠੇ ਪੁਲਿਸ ਮੁਕਾਬਲਿਆਂ ਵਰਗੇ ਵਰਤਾਰੇ ਕਿਉਂ ਵਾਪਰਦੇ ਹਨ? ਇਹ ਸਵਾਲ ਵੀ ਬੜੇ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ ਕਿ ਕੀ ਮਾਡਰਨ ਵਰਲਡ ਵਿੱਚ ਕਿਸੇ ਨੇਸ਼ਨ ਸਟੇਟ ਨਾਲ਼ ਹਥਿਆਰਾਂ ਰਾਹੀਂ ਕੋਈ ਸੰਘਰਸ਼ ਜਿੱਤਿਆ ਜਾ ਸਕਦਾ ਹੈ? ਕੋਈ ਵੀ ਵਿਅਕਤੀ ਜਾਂ ਜਥੇਬੰਦੀ, ਆਪਣੀ ਧਾਰਮਿਕ ਜਾਂ ਰਾਜਨੀਤਕ ਵਿਚਾਰਧਾਰਾ ਲੋਕਾਂ ਸਾਹਮਣੇ ਰੱਖ ਸਕਦਾ ਹੈ, ਕਿਸੇ ਨੂੰ ਕੋਈ ਇਤਰਾਜ਼ ਨਹੀਂ, ਪਰ ਕਿਸੇ ਨੂੰ ਆਪਣੀ ਵਿਚਾਰਧਾਰਾ ਦੂਜਿਆਂ ਤੇ ਠੋਸਣ, ਜਾਨਲੇਵਾ ਹਮਲੇ ਕਰਨ ਦਾ ਕੋਈ ਹੱਕ ਨਹੀਂ? ਸਿੱਖੀ ਵਰਗੇ ਧਰਮਾਂ ਵਿੱਚ ਸੰਵਾਦ ਤੇ ਵਿਰੋਧੀ ਵਿਚਾਰ ਨੂੰ ਬੜੀ ਅਹਿਮ ਥਾਂ ਦਿੱਤੀ ਗਈ ਹੈ। ਅਜਿਹੇ ਮਾਹੌਲ ਲਈ ਸਮਾਜ ਵਿੱਚ ਜਗ੍ਹਾ ਬਣਾਉਣ ਲਈ ਮਾਹੌਲ ਤਿਆਰ ਕਰਨਾ ਚਾਹੀਦਾ ਹੈ?

# ਗੈਰ-ਕਰੋਨਾ ਗੰਭੀਰ ਬੀਮਾਰੀਆਂ ਦਾ ਐਮਰਜੈਂਸੀ ਇਲਾਜ ਕਿਥੋਂ ਕਰਵਾਈਏ?



ਜਸਦੇਵ ਸਿੰਘ ਲਲਤੋਂ
0161-2805677



ਗੈਰ ਕਰੋਨਾ ਗੰਭੀਰ ਤੇ ਜਾਨਲੇਵਾ ਬੀਮਾਰੀਆਂ - ਦਿਲ ਦਾ ਦੌਰਾ, ਦਿਮਾਗ ਦੀ ਨਾੜੀ ਫਟਣਾ, ਸ਼ੂਗਰ ਦਾ ਅਚਾਨਕ ਵਧਣਾ/ਘਟਣਾ, ਸਾਹ (ਦਮਾ) ਆਦਿ ਕਰਕੇ ਇਕ ਦਮ ਪੁੱਜਣ ਵਾਲੇ ਮਰੀਜ਼ਾਂ ਨੂੰ ਫੌਰੀ ਦਾਖਲ ਕਰਕੇ, ਐਮਰਜੈਂਸੀ ਇਲਾਜ ਸ਼ੁਰੂ ਕਰਨ ਦੀ ਬਜਾਏ, ਪ੍ਰਾਈਵੇਟ ਹਸਪਤਾਲ ਕਰੋਨਾ ਟੈਸਟ ਦੀ ਪੂਰਵ-ਸ਼ਰਤ ਲਗਾਉਂਦੇ ਹਨ (ਸਰਕਾਰੀ ਹਦਾਇਤਾਂ ਮੁਤਾਬਿਕ)। ਰਿਪੋਰਟ ਨੂੰ ਦੋ ਦਿਨ ਲੱਗਣ ਕਾਰਨ, ਅਕਸਰ ਅਜੇਹੇ ਮਰੀਜ਼ਾਂ ਦੀ ਮੌਤ ਹੋ ਜਾਂਦੀ ਹੈ। ਦੂਜੇ ਪਾਸੇ ਸਰਕਾਰੀ ਹੱਸਪਤਾਲਾਂ ਦੀ ਵੀ ਏਹੀ ਸ਼ਰਤ ਹੈ। ਮਾਰਚ 21 ਦੇ ਮੁਢ 'ਚ ਇਨ੍ਹਾਂ ਹੱਸਪਤਾਲਾਂ 'ਚ ਪੰਜਾਬ ਸਰਕਾਰ ਨੇ ਹਰ ਤਰ੍ਹਾਂ ਦੇ ਅਪਰੇਸ਼ਨਾਂ 'ਤੇ ਪਾਬੰਦੀ ਲਾ ਦਿੱਤੀ ਹੈ (ਪ੍ਰਾਈਵੇਟਾਂ ਦੀ ਮੁਨਾਫੇ ਖੋਰੀ 'ਚ ਹੋਰ ਵਾਧਾ ਕਰਨ ਲਈ)। ਸੋ ਹਾਲਾਤ ਹੋਰ ਵੀ ਨਿੱਘਰ ਗਏ ਹਨ। ਐਮਰਜੈਂਸੀ ਮਰੀਜ਼ ਜਾਵੇ ਤਾਂ ਕਿਥੇ ਜਾਵੇ? ਹੱਸਪਤਾਲੀ ਪ੍ਰਬੰਧ ਪੂਰੀ ਤਰ੍ਹਾਂ ਤਹਿਸ਼-ਨਹਿਸ਼ ਕਰ ਦਿੱਤਾ ਗਿਆ ਹੈ।

ਵਰਨਣਯੋਗ ਹੈ ਕਿ ਇਨ੍ਹਾਂ ਗੰਭੀਰ ਬੀਮਾਰੀਆਂ ਕਾਰਨ ਭਾਰਤ 'ਚ ਹਰ ਸਾਲ ਦਿਲ ਵਾਲੇ 15.4 ਲੱਖ, ਫੇਫੜਿਆਂ ਵਾਲੇ 9.6 ਲੱਖ, ਕੈਂਸਰ ਵਾਲੇ 7.8 ਲੱਖ, ਦਿਮਾਗ ਦੀ ਨਾੜੀ ਫਟਣ ਵਾਲੇ 7.3 ਲੱਖ, ਪੇਟ ਵਾਲੇ 7.2 ਲੱਖ, ਸਾਹ ਦੀ ਲਾਗ ਵਾਲੇ 5.1 ਲੱਖ, ਟੀ.ਬੀ. ਵਾਲੇ 4.5 ਲੱਖ, ਔਰਤ ਰੋਗਾਂ ਵਾਲੇ 4.3 ਲੱਖ, ਦਮੇ ਵਾਲੇ 2.5 ਲੱਖ, ਸ਼ੂਗਰ ਵਾਲੇ 2.5 ਲੱਖ ਤੋਂ ਉਪਰ ਮਰੀਜ਼ਾਂ ਦੀਆਂ ਮੌਤਾਂ ਹੁੰਦੀਆਂ ਹਨ। ਇਸ ਤਰ੍ਹਾਂ ਕੁੱਲ 66.2 ਲੱਖ ਤੋਂ ਵੱਧ। ਆਸਾਨੀ ਨਾਲ ਅੰਦਾਜਾ ਲੱਗ ਜਾਂਦਾ ਹੈ ਕਿ ਸਥਿਤੀ ਕਰੋਨਾ ਨਾਲੋਂ ਕਿੰਨੀ ਗੰਭੀਰ ਹੈ? ਦੂਜੇ ਪਾਸੇ ਸਰਕਾਰ ਮੁਤਾਬਿਕ ਕੋਰੋਨਾ ਮਰੀਜ਼ਾਂ ਦੀ ਮੌਤ ਦਰ ਤਕਰੀਬਨ 1.5% ਹੈ। (ਜਦਕਿ ਕਰੋਨਾ ਮੌਤਾਂ ਵਿੱਚ ਸਰਕਾਰੀ ਫਾਰਮੂਲੇ ਕਾਰਨ ਅਨੇਕਾਂ ਹੋਰ ਬੀਮਾਰੀਆਂ ਵਾਲੇ ਵੀ ਸ਼ਾਮਲ ਕੀਤੇ ਜਾ ਰਹੇ ਹਨ) ਇਸ ਵਰ੍ਹੇ ਹੱਸਪਤਾਲਾਂ 'ਚ ਦਾਖਲੇ ਲਈ ਭਟਕਦੇ ਤੇ ਘਰਾਂ 'ਚ ਫਸੇ, ਬੇਇਲਾਜੇ ਮਰੀਜ਼ਾਂ ਦੀਆਂ ਮੌਤਾਂ ਕਾਰਨ, ਉਪਰੋਕਤ ਗਿਣਤੀ ਲਾਜ਼ਮੀ ਹੋਰ ਜਿਆਦਾ ਵਧੇਗੀ।

ਦੇਸ਼ ਦੇ ਵੱਡੇ ਵੱਡੇ ਸ਼ਹਿਰਾਂ ਦਾ ਦ੍ਰਿਸ਼ ਇਹ ਹੈ ਕਿ ਅਨੇਕਾਂ ਐਮਰਜੈਂਸੀ ਮਰੀਜ਼ ਰਾਤ/ਦਿਨ ਭਰ ਘੰਟਿਆਂ ਬੱਧੀ ਸਰਕਾਰੀ/ਨਿੱਜੀ ਹਸਪਤਾਲਾ 'ਚ ਦਾਖਲੇ ਲਈ ਧੱਕੇ ਖਾਂਦੇ/ਹਾੜੇ ਕੱਢਦੇ ਦਮ ਤੋੜ ਰਹੇ ਹਨ। ਆਮ ਬੰਦੇ ਨੂੰ ਛੇਤੀ ਕੀਤੇ ਦਾਖਲਾ ਨਹੀਂ ਮਿਲਦਾ। ਸਵਾਲ ਹੈ ਕਿ ਦੇਸ਼ ਦੇ ਗੈਰ ਕਰੋਨਾ ਮਰੀਜ਼ ਕਿਹੜੇ ਵਿਦੇਸ਼ੀ ਮੁਲਕ 'ਚ ਤੇ ਕਾਹਦੇ ਨਾਲ ਇਲਾਜ ਕਰਵਾਉਣ? (ਵਰਨਣ ਯੋਗ ਹੈ ਹਰ ਵੰਨਗੀ ਦੇ ਸਿਆਸੀ ਨੇਤਾ ਵਿਦੇਸ਼ਾਂ 'ਚੋਂ ਇਲਾਜ ਕਰਵਾਉਂਦੇ ਹਨ)। ਉਨ੍ਹਾ ਨੂੰ ਇਲਾਜ ਦੇ ਹੱਕ ਤੋਂ ਵਾਂਝੇ ਰੱਖਣਾ (ਅਸਲ ਵਿਚ ਜ਼ਿੰਦਗੀ ਜਿਉਣ ਦੇ ਬੁਨਿਆਦੀ ਅਧਿਕਾਰ ਤੋਂ) ਕੀ ਦੇਸ਼ ਦੇ ਲੋਕਾਂ ਦੇ ਖਿਲਾਫ ਸਮੂਹਕ ਜੁਰਮ ਨਹੀਂ ਹੈ? ਕਿ ਇਹ ਗੈਰ ਵਿਧਾਨਕ ਨਹੀਂ ਹੈ? ਕੀ ਇਹ ਮੌਤਾਂ ਸਮੂਹਕ ਕਤਲ ਨਹੀਂ ਹਨ? ਰਾਜ ਪ੍ਰਬੰਧ 'ਚੋਂ ਇਸਦਾ ਦੋਸ਼ੀ ਕੌਣ ਹੈ? ਉਸਨੂੰ ਸਜ਼ਾ ਕਦੋਂ ਮਿਲੇਗੀ ਤੇ ਕੌਣ ਦੇਵੇਗਾ? ਮਰਨ ਵਾਲਿਆਂ ਦੇ ਵਾਰਸਾਂ ਨੂੰ ਕਿਥੋਂ ਤੇ ਕਦੋਂ ਮਿਲੇਗਾ ਇਨਸਾਫ? ਬਾਕੀ ਮਰੀਜ਼ਾਂ ਲਈ ਕਦੋਂ ਹੋਵੇਗਾ ਇਲਾਜ ਦਾ ਪ੍ਰਬੰਧ? ਕੇਂਦਰੀ ਹਕੂਮਤ ਫੌਰੀ ਐਲਾਨ ਕਰੇ ਕਿ ਹਰ ਤਰ੍ਹਾਂ ਗੈਰ ਕਰੋਨਾ ਐਮਰਜੈਂਸੀ ਮਰੀਜ਼ਾਂ ਦਾ ਇਲਾਜ ਪਹੁੰਚਦੇ ਸਾਰ ਆਰੰਭ ਕੀਤਾ ਜਾਵੇ ਤਾਂ ਜੁ ਦੇਸ਼ 'ਚ ਹਰ ਰੋਜ਼ ਹਜ਼ਾਰਾਂ ਜਾਨਾਂ ਬਚਾਈਆਂ ਜਾ ਸਕਣ। ਲੋੜ ਅਨੁਸਾਰ ਕਰੋਨਾ ਟੈਸਟ ਬਾਅਦ 'ਚ ਕਰਵਾਏ ਜਾ ਸਕਦੇ ਹਨ।

**ਕਰੋਨਾ ਟੈਸਟਾਂ ਦੀ ਭਰੋਸੇ ਯੋਗਤਾ ਬਾਰੇ** : ਲੋਕ ਪੱਖੀ ਸਿਹਤ-ਵਿਗਿਆਨੀਆਂ ਅਨੁਸਾਰ ਮੌਜੂਦਾ ਟੈਸਟ ਕਿੱਟਾਂ ਆਮ ਰੂਪ 'ਚ ਵਾਇਰਸ ਦੀ ਹੋਂਦ ਨੂੰ ਟੈਸਟ ਕਰਦੀਆਂ ਹਨ, ਨਾ ਕਿ ਵਿਸ਼ੇਸ਼ ਰੂਪ ਵਿੱਚ ਕਰੋਨਾ ਵਾਇਰਸ ਨੂੰ (ਭਾਵ ਇਹ ਕਰੋਨਾ ਜਾਂ ਗੈਰ ਕਰੋਨਾ ਵਾਇਰਸ ਹੋ ਸਕਦਾ ਹੈ)। ਉਹਨਾਂ ਅਨੁਸਾਰ ਇਸ ਟੈਸਟ ਦੀਆਂ 2% ਤੋਂ 40% ਤੱਕ ਗਲਤੀਆਂ ਸਾਹਮਣੇ ਆ ਰਹੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਵੱਖ-ਵੱਖ ਕੰਪਨੀਆਂ ਦੀਆਂ ਟੈਸਟ ਕਿਟਾਂ ਤੇ ਕਾਰਜ ਵਿਧੀ ਨੂੰ ਸੰਸਾਰ ਸਿਹਤ ਸੰਸਥਾ ਵਲੋਂ ਮਾਨਤਾ ਦੇਣ ਦੀ ਕੋਈ ਦਸਤਾਵੇਜ਼ ਮੌਜੂਦ ਨਹੀਂ ਹੈ।

ਇਕ ਪਾਸੇ ਕਰੋਨਾ ਲਾਗ ਦੀ ਮਿਆਦ 14 ਦਿਨ ਦੱਸੀ ਜਾ ਰਹੀ ਹੈ, ਦੂਜੇ ਪਾਸੇ ਇਕ/ਦੋ ਦਿਨ ਬਾਅਦ ਹੀ ਕਰਵਾਏ ਇਕੋ ਮਰੀਜ਼ ਦੇ ਟੈਸਟਾਂ ਦੇ ਨਤੀਜੇ ਅੱਡ-ਅੱਡ ਆ ਰਹੇ ਹਨ। ਅਜੇਹਾ ਕਿਉਂ? ਪ੍ਰੈਸ ਤੇ ਸੋਸ਼ਲ ਮੀਡੀਆ ਰਾਹੀਂ ਸਾਹਮਣੇ ਆਏ ਦਰਜਨਾਂ ਅਜੇਹੇ ਕੇਸਾਂ ਬਾਰੇ ਹੋਏ ਜਨਤਕ ਰੋਸ ਪ੍ਰਦਰਸ਼ਨ ਹੋਏ ਹਨ। ਪਿਛਲੇ ਮਹੀਨੇ ਅੰਮ੍ਰਿਤਸਰ ਦੀ ਤੁਲੀ ਲੈਬ ਦੇ ਸੈਂਕੜੇ ਨੈਗੇਟਿਵ/ਪਾਜ਼ਿਟਿਵ ਕੇਸਾਂ ਦੀਆਂ ਰਿਪੋਰਟਾਂ ਬਾਰੇ ਹੋਏ ਰੋਸ-ਮੁਜਾਹਰੇ ਤੇ ਕੋਰਟਾਂ ਤੱਕ ਪੁਜੇ ਸਕੈਂਡਲ ਨੂੰ ਕੌਣ ਭੁਲਿਆ ਹੈ? ਉਸ ਕੀ ਸਜ਼ਾ ਮਿਲੀ ਹੈ? ਦੂਜੇ ਪਾਸੇ ਵਿਦੇਸ਼ ਜਾਣ ਵਾਲੇ ਲੋਕਾਂ 'ਚ ਆਮ ਚਰਚਾ ਹੈ ਕਿ ਰਿਸ਼ਵਤਖੋਰੀ ਨਾਲ ਲੋੜੀਂਦੀ ਮਨਭਾਉਂਦੀ ਰਿਪੋਰਟ ਪ੍ਰਾਪਤ ਕੀਤੀ ਜਾ ਸਕਦੀ ਹੈ।

ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਦੇ ਪਿੰਡਾਂ/ਸ਼ਹਿਰਾਂ ਦੀ ਆਮ ਜਨਤਾ ਨਾਲ ਜੁੜਿਆ ਹਰ ਅਨੁਭਵੀ ਇਹ ਭਲੀਭਾਂਤ ਸਮਝਦਾ ਹੈ ਕਿ ਤਕਨੀਕੀ ਗੜਬੜਾਂ ਤੇ ਮਹਿਕਮਾਨਾ ਭਰਿਸ਼ਟਾਚਾਰ ਹੇਠ ਚੱਲ ਰਹੇ ਨੈਗੇਟਿਵ/ਪਾਜ਼ੇਟਿਵ ਟੈਸਟਾਂ ਦੀ ਰੋਜ਼ਮਰਾ ਖੇਡ ਤੇ ਇਲਾਜ ਸਬੰਧੀ ਹੋ ਰਹੀ ਦੁਰਦਸ਼ਾ ਹੁਣ ਪੰਜਾਬੀਆਂ ਦੀ ਲੋਕ ਚਰਚਾ ਦਾ ਭਖਦਾ ਵਿਸ਼ਾ ਹੈ। ਏਸੇ ਕਰਕੇ ਟੈਸਟ ਕਰਵਾਉਣ ਤੇ ਹੱਸਪਤਾਲ 'ਚ ਦਾਖਲ ਹੋਣ ਵੱਲ ਨੱਕ ਕਰਨ ਲਈ ਆਮ ਜਨਤਾ ਭੋਰਾ ਭਰ ਵੀ ਤਿਆਰ ਨਹੀਂ।

**ਇਲਾਜ ਲਈ ਪੈਥੀ (ਵਿਧੀ) ਦੀ ਚੋਣ-ਮਰੀਜ਼ ਦਾ ਹੱਕ** : ਜੋ ਮਰੀਜ਼ ਟੈਸਟ ਕਰਵਾਉਣ ਤੋਂ ਬਾਅਦ ਪਾਜ਼ਿਟਿਵ ਆਉਂਦੇ ਹਨ, ਇਲਾਜ ਕਰਵਾਉਣ ਲਈ ਪੈਥੀ ਦੀ ਚੋਣ ਉਨ੍ਹਾਂ ਦਾ ਆਪਣਾ 100% ਨਿਜੀ ਹੱਕ ਹੈ। ਸੋ ਫੈਸਲਾ ਮਰੀਜ਼ ਤੇ ਉਸਦੇ ਪ੍ਰਵਾਰਜਨਾਂ 'ਤੇ ਛੱਡਣਾ ਚਾਹੀਦਾ ਹੈ ਕਿ ਉਸਨੇ ਸਰਕਾਰੀ ਜਾਂ ਪ੍ਰਾਈਵੇਟ ਹੱਸਪਤਾਲ 'ਚ ਅੰਗਰੇਜੀ ਇਲਾਜ ਕਰਵਾਉਣਾ ਹੈ ਜਾਂ ਘਰੇ ਇਕਾਂਤਵਾਸ ਰਹਿ ਕੇ ਆਯੁਰਵੈਦਿਕ, ਹੋਮੀਓਪੈਥਿਕ ਜਾਂ ਡਾ. ਬਿਸਵਾਰੂਪ ਵਾਲੀ ਖੁਰਾਕੀ ਯੋਜਨਾ ਨਾਲ ਆਪਣੇ ਆਪ ਨੂੰ ਕਰੋਨਾ ਮੁਕਤ ਕਰਨਾ ਹੈ। ਸੋ ਜਬਰੀ ਹੱਸਪਤਾਲੀ ਇਲਾਜ ਵਿਧੀ ਠੋਸਣ (ਜਿਸਨੂੰ ਅੱਜ ਤੱਕ ਸੰਸਾਰ ਸਿਹਤ ਸੰਸਥਾ ਦੀ ਕੋਈ ਮਾਨਤਾ ਨਹੀਂ) ਦੀ ਪ੍ਰਥਾ ਬੰਦ ਹੋਵੇ ਤੇ ਮਰੀਜ਼ਾਂ ਦੇ ਇਲਾਜ ਵਿਧੀ ਦੀ ਚੋਣ ਦੇ ਜਮਹੂਰੀ ਹੱਕ ਤੇ ਸ਼ਹਿਰੀ ਆਜ਼ਾਦੀਆਂ ਬਹਾਲ ਹੋਣ।

**ਹਸਪਤਾਲਾਂ 'ਚ ਮਰੀਜ਼ਾਂ ਪ੍ਰਤੀ ਗਲਤ ਰਵਈਏ ਦੀ ਦਰੁਸਤੀ ਦੀ ਤਿੱਖੀ ਲੋੜ** : ਅਗਾਂਹ ਵਧੂ, ਆਦਰਸ਼ਕ ਤੇ ਮਨੁਖਤਾਵਾਦੀ ਡਾਕਟਰਾਂ/ਨਰਸਾਂ ਦੇ ਛੋਟੇ ਹਿੱਸੇ ਨੂੰ ਛੱਡ ਕੇ ਮੈਡੀਕਲ ਖੇਤਰ 'ਚ ਭਾਰੂ ਰੁਝਾਨ (ਜਿਸਦਾ ਤਿੱਖਾ ਅਨੁਭਵ ਲੋਕਾਂ ਨੇ ਕਰੋਨਾ ਦੌਰ 'ਚ ਕਰਿਆ ਹੈ) ਇਹ ਕੰਮ ਕਰ ਰਿਹਾ ਹੈ ਕਿ ਡਾਕਟਰ (ਮੈਡੀਕਲ ਸਾਵਧਾਨੀਆਂ ਵਾਲਾ ਸਾਜੋ ਸਮਾਨ ਹੋਣ ਦੇ ਬਾਵਜੂਦ) ਛੇਤੀ ਕੀਤੇ ਮਰੀਜ਼ਾਂ ਦੇ ਨੇੜੇ ਨਹੀਂ ਜਾਂਦੇ। ਜਦ ਕਿ ਮੈਡੀਕਲ ਐਥਿਕਸ (ਨੈਤਿਕਤਾ) 'ਚ ਉਨ੍ਹਾਂ ਨੂੰ ਬਾਕਾਇਦਾ ਪੜਾਇਆ ਜਾਂਦਾ ਹੈ ਕਿ ਉਹ ਮਰੀਜ਼ ਦੇ ਕਰੀਬੀ ਹਮਦਰਦ, ਸਲਾਹਕਾਰ ਬਣਕੇ ਉਨ੍ਹਾਂ ਨਾਲ ਗੱਲਬਾਤ ਕਰਨ/ਸੁਣਨ, ਖੁਸ਼ ਰੱਖਣ, ਹੌਸਲਾ ਵਧਾਉਣ ਤੇ ਆਸਵੰਦ ਬਣਾਉਣ। ਜਿਸਦਾ ਮਰੀਜ਼ ਦੇ ਰਾਜ਼ੀ ਹੋਣ 'ਚ ਤਕੜਾ ਰੋਲ ਹੁੰਦਾ ਹੈ। ਦੂਜੇ ਪਾਸੇ ਮਰੀਜ਼ ਦੇ ਪ੍ਰਵਾਰਕ ਮੈਬਰਾਂ, ਮਿਤਰਾਂ ਤੇ ਰਿਸ਼ਤੇਦਾਰਾਂ ਨੂੰ (ਵਾਜਬ ਦੂਰੀ ਰੱਖ ਕੇ) ਖਬਰਸਾਰ ਨਹੀਂ ਲੈਣ ਦਿੱਤੀ ਜਾਂਦੀ। ਉਪਰੋਕਤ ਦੋਨਾਂ ਕਾਰਨਾਂ ਕਰਕੇ ਬਹੁਤੇ ਮਰੀਜ਼ ਭਾਰੀ ਮਾਨਸਿਕ ਬੋਝ (ਡੀਪਰੈਸ਼ਨ) ਵੱਲ ਤੇ ਅੱਗੇ ਮੌਤ ਦੇ ਮੂੰਹ ਧੱਕੇ ਜਾਂਦੇ ਹਨ।

**ਗਲਤ ਦਵਾਈਆਂ ਰਾਹੀਂ ਇਲਾਜ ਫੌਰੀ ਹੋਵੇ ਬੰਦ** : ਕੋਵਿਡ-19 ਇਕ ਵਾਇਰਸ ਹੈ। ਨਾ ਕਿ ਬੈਕਟੀਰੀਆ। ਕੇਂਦਰ ਸਰਕਾਰ ਦੇ ਸਿਹਤ ਵਿਭਾਗ ਤੇ ਆਈ.ਸੀ.ਐਮ.ਆਰ. ਦੇ ਆਦੇਸ਼ਾਂ ਅਨੁਸਾਰ ਵੱਖ-ਵੱਖ ਐਂਟੀਬਾਇਓਟਿਕ (ਬੈਕਟੀਰੀਆ ਨੂੰ ਮਾਰਨ ਵਾਲੀਆਂ) ਦਵਾਈਆਂ ਦੀ ਸ਼ਰੇਆਮ ਵਰਤੋਂ ਕਰੋਨਾ ਦੇ ਇਲਾਜ ਲਈ ਹੋ ਰਹੀ ਹੈ। ਮਿਸਾਲ ਦੇ ਤੌਰ 'ਤੇ ਤੁੱਕਾ ਵਿਧੀ (ਹਿੱਟ ਐਂਡ ਟਰਾਇਲ) ਰਾਹੀਂ ਹਾਈਡਰੋਔਕਸੀਕਲੋਰੋਕੁਈਨ, ਰੈਮਡੇਸਿਵਿਰ, ਫੈਵੀਫਲੂ ਅਤੇ ਏਡਜ਼, ਈਬੋਲਾ ਤੇ ਟੀ.ਬੀ. ਦੀਆਂ ਦਵਾਈਆਂ ਮਰੀਜ਼ਾਂ 'ਤੇ ਭੈੜੇ ਅਸਰ ਪਾ ਰਹੀਆਂ ਹਨ, ਉਨ੍ਹਾਂ ਦੀ ਇਮਿਊਨਿਟੀ ਨੂੰ ਥੱਲੇ ਮਾਰ ਰਹੀਆਂ ਹਨ ਅਤੇ ਮੌਤਾਂ ਦਾ ਕਾਫੀ ਕਾਰਨ ਬਣ ਰਹੀਆਂ ਹਨ।

**ਮੌਤ ਦਾ ਕਾਰਨ ਕੇਵਲ ਕਰੋਨਾ ਲਿਖਣ ਦੇ ਵਰਤਾਰੇ ਬਾਰੇ** : ਲੋਕ ਪੱਖੀ ਮੈਡੀਕਲ ਮਾਹਰਾਂ ਅਨੁਸਾਰ ਸੰਸਾਰ ਸਿਹਤ ਸੰਸਥਾ ਤੇ ਆਈ.ਸੀ.ਐਮ.ਆਰ ਦੀਆਂ ਬਾਕਾਇਦਾ ਗੁਪਤ ਲਿਖਤੀ ਹਦਾਇਤਾਂ ਹਨ ਕਿ ਇਕ ਜਾਂ ਵੱਧ ਗੰਭੀਰ ਬੀਮਾਰੀਆਂ ਵਾਲੇ ਕਿਸੇ ਵੀ ਮਰੀਜ਼ ਦੀ ਮੌਤ ਦਾ ਕਾਰਨ ਕੇਵਲ ਕਰੋਨਾ ਹੀ ਲਿਖਣਾ ਹੈ (ਬੇਸ਼ਕ ਉਹ ਨੈਗੇਟਿਵ ਹੋਵੇ ਜਾਂ ਪਾਜਿਟਿਵ ਰਿਪੋਰਟ ਮੌਤ ਤੋਂ ਪਹਿਲਾਂ ਆਵੇ ਜਾਂ ਪਿਛੋਂ)। ਜਦ ਕਿ ਮੈਡੀਕਲ ਵਿਗਿਆਨ ਅਨੁਸਾਰ ਵੱਖ-ਵੱਖ ਕੇਸਾਂ 'ਚ ਮੌਤ ਦਾ ਕਾਰਨ ਵੱਖ-ਵੱਖ ਹੁੰਦਾ ਹੈ। ਇਸਦੇ ਪਿਛੇ ਦਵਾਈ ਖੇਤਰ ਦੀਆਂ ਦਿਓ ਕੱਦ ਸਾਮਰਾਜੀ ਕੰਪਨੀਆਂ ਦਾ ਹਿਤ ਕੰਮ ਕਰਦਾ ਹੈ। ਇਹ ਕੰਪਨੀਆਂ, ਕਰੋਨਾ ਬੀਮਾਰੀ ਨੂੰ ਮਹਾਂਮਾਰੀ ਦੇ ਹਊਏ ਵਜੋਂ ਸੰਸਾਰ 'ਚ ਸਥਾਪਤ ਕਰਕੇ, ਅੱਜ ਵੱਧ ਤੋਂ ਵੱਧ ਮੈਡੀਕਲ ਸਾਜੋਸਮਾਨ, ਐਂਟੀਬਾਇਓਟਿਕ ਦਵਾਈਆਂ, ਪ੍ਰਾਈਵੇਟ ਹਸਪਤਾਲਾਂ ਰਾਹੀਂ ਜਾਂ ਸਰਕਾਰਾਂ ਰਾਹੀਂ ਮਹਿੰਗੀ ਵੈਕਸੀਨ ਵੇਚ ਕੇ ਰੋਜਾਨਾ ਅਰਬਾ/ਖਰਬਾ ਰੁਪਏ ਦੇ ਮੁਨਾਫੇ ਕਮਾ ਰਹੀਆਂ ਹਨ।

**ਕਰੋਨਾ ਟੀਕਾਕਰਨ ਬਾਰੇ** : ਇੱਕ ਪਾਸੇ ਕੇਂਦਰ ਤੇ ਸੂਬਾ ਸਰਕਾਰਾਂ ਵਲੋਂ ਕਰੋਨਾ ਟੀਕਾਕਰਨ ਨੂੰ ਪੱਕੇ ਤੇ ਸੁੱਰਖਿਅਤ ਇਲਾਜ ਵਜੋਂ ਦਿਨ ਰਾਤ ਪ੍ਰਚਾਰਿਆ ਜਾ ਰਿਹਾ ਹੈ, ਦੂਜੇ ਪਾਸੇ ਪਹਿਲਾ ਤੇ ਦੂਜਾ ਟੀਕਾ ਲਗਵਾਉਣ ਤੋਂ 2-4 ਦਿਨ ਬਾਅਦ ਹੀ ਰੋਜਾਨਾ ਅਨੇਕਾਂ ਲੋਕਾਂ ਦੀਆਂ ਰਿਪੋਰਟਾਂ ਪਾਜ਼ੀਟਿਵ ਆ ਰਹੀਆਂ ਹਨ (ਲੁਧਿਆਣਾ ਦੇ ਪੁਲਿਸ ਕਮਿਸ਼ਨਰ ਸ਼੍ਰੀ ਰਾਕੇਸ਼ ਅਗਵਾਲ ਤੋਂ ਲੈ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਮਨਮੋਹਨ ਸਿੰਘ ਤੱਕ) ਹੁਣ ਦਵਾਈ ਕੰਪਨੀਆਂ ਵਲੋਂ ਤੀਜੀ ਡੋਜ਼ ਦਾ ਸ਼ੋਸ਼ਾ ਵੀ ਛੱਡਿਆ ਜਾ ਰਿਹਾ ਹੈ। ਆਉਂਦੇ ਸਮੇਂ 'ਚ ਚੌਥੀ ਡੋਜ਼ ਦੇ ਆਦੇਸ਼ ਵੀ ਆ ਸਕਦੇ ਹਨ।

**ਕਰੋਨਾ ਤੇ ਗੈਰ ਕਰੋਨਾ ਬੀਮਾਰੀਆਂ ਦੇ ਸਹੀ ਇਲਾਜ ਲਈ ਬੁਲੰਦ ਹੋਵੇ ਲੋਕ ਆਵਾਜ਼** : ਕਰੋਨਾ ਦੇ ਹਊਏ ਦੀ ਆੜ ਹੇਠ, ਕੇਂਦਰ ਸਰਕਾਰ ਵਲੋਂ ਜਬਰੀ ਠੋਸੇ ਖੇਤੀਬਾੜੀ ਬਾਰੇ ਤਿੰਨ ਕਾਲੇ ਕਾਨੂੰਨਾਂ ਦੇ ਖਾਤਮੇ ਲਈ ਜੂਝ ਰਹੀਆਂ ਕਿਸਾਨ, ਮਜ਼ਦੂਰ ਜੱਥੇਬੰਦੀਆਂ ਸਮੇਤ ਸਮੂਹ ਜਨਤਕ ਜੱਥੇਬੰਦੀਆਂ ਦਾ ਲਾਜਮੀ ਫਰਜ ਬਣਦਾ ਹੈ ਕਿ ਉਹ ਆਮ ਲੋਕਾਂ ਦੀਆਂ ਜਾਨਾਂ ਬਚਾਉਣ ਲਈ, ਕਰੋਨਾ ਤੇ ਗੈਰ ਕਰੋਨਾ ਬੀਮਾਰੀਆਂ ਦਾ ਸਹੀ ਤੇ ਸਸਤਾ ਇਲਾਜ ਯਕੀਨੀ ਬਣਾਉਣ, ਅੱਤ ਦੀ ਮਹਿੰਗਾਈ ਤੇ ਬੇਰੁਜ਼ਗਾਰੀ ਦੇ ਝੰਬੇ ਆਮ ਲੋਕਾਂ ਦੇ ਭਾਰੀ ਪੁਲਿਸੀ ਚਲਾਨ, ਜਬਰੀ ਟੈਸਟਿੰਗ ਤੇ ਜਬਰੀ ਟੀਕਾਕਰਨ (ਜੋ ਕਿ ਮੁਲਾਜ਼ਮ ਵਰਗ, ਮਨਰੇਗਾ ਮਜ਼ਦੂਰ ਵਰਗ ਤੇ ਸਰਕਾਰੀ ਆਟਾ/ਦਾਲ ਵਾਲੇ ਗਰੀਬਾਂ ਤੇ ਠੋਸਿਆ ਜਾ ਰਿਹਾ ਹੈ) ਨੂੰ ਬੰਦ ਕਰਵਾਉਣ ਦੇ ਅਜੰਡੇ ਨੂੰ ਬਣਦੀ ਅਹਿਮੀਅਤ ਦੇ ਕੇ ਜੋਰਦਾਰ ਹੱਕੀ ਆਵਾਜ਼ ਬੁਲੰਦ ਕਰਨ। (ਵਰਨਣ ਯੋਗ ਹੈ ਕਿ ਹਾਕਮ ਜਮਾਤੀ ਸਿਆਸੀ ਪਾਰਟੀਆਂ ਨੇ ਇਸ ਮੁੱਦੇ ਤੇ ਸਾਜਿਸ਼ੀ ਚੁੱਪ ਧਾਰੀ ਹੋਈ ਹੈ)

# "ਸਰਮਾਏਦਾਰੀ ਕਤਲੇਆਮ ਦਾ ਹਥਿਆਰ ਬਣ ਚੁੱਕੀ ਹੈ" - ਅਰੁੰਧਤੀ ਰਾਏ

ਅਰੁੰਧਤੀ ਰਾਏ ਦੀਆਂ ਕਈ ਪਛਾਣਾਂ ਹਨ। ਉਹ ਬੁੱਕਰ ਇਨਾਮ ਜੇਤੂ ਲੇਖਿਕਾ ਹਨ; ਉਹ ਗ਼ੈਰਗਲਪੀ ਵਾਰਤਕ ਲੇਖਿਕਾ ਹਨ, ਉਹਨਾਂ ਦੀ ਨਵੀਂ ਕਿਤਾਬ 'ਆਜ਼ਾਦੀ' ਪਿਛਲੇ ਸਾਲ ਹੀ ਛਪੀ ਹੈ; ਅਤੇ ਉਹ ਇਕ ਰਾਜਨੀਤਕ ਕਾਰਕੁੰਨ ਵੀ ਹਨ।

ਭਾਰਤ ਵਿਚ ਰਹਿਣ ਵਾਲੀ ਉਹ ਐਸੀ ਲੇਖਿਕਾ ਹੈ ਜਿਸ ਨੂੰ ਪੜ੍ਹ ਕੇ ਪਾਠਕ ਆਪਣਾ ਵਿਚਾਰ ਬਣਾਉਂਦੇ ਹਨ, ਚਾਹੇ ਉਹ ਭਾਰਤ ਦੀ ਰਾਜਨੀਤੀ ਹੋਵੇ, ਵਿਸ਼ਵੀਕਰਨ ਹੋਵੇ ਜਾਂ ਕਰੋਨਾ ਵਾਇਰਸ ਦੀ ਮਹਾਮਾਰੀ ਹੋਵੇ। ਅਰੁੰਧਤੀ ਰਾਏ ਨੇ ਇਹਨਾਂ ਤਮਾਮ ਵਿਸ਼ਿਆਂ ਉੱਪਰ ਨੈਤਿਕ ਸਪਸ਼ਟਤਾ ਅਤੇ ਮਨੋਰਥ ਤਹਿਤ ਲਿਖਿਆ ਹੈ। ਸ਼ਾਇਦ ਇਹ ਕਹਿਣਾ ਵਧੇਰੇ ਢੁੱਕਵਾਂ ਹੋਵੇਗਾ ਕਿ ਉਹ ਇਕ ਤਰ੍ਹਾਂ ਦੀ ਹੀ ਸੋਚ ਵਾਲੀ ਹੈ - ਇਕ ਐਸੀ ਸ਼ਖ਼ਸੀਅਤ ਜੋ ਬਹੁਤ ਬੇਬਾਕੀ ਨਾਲ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਵੰਨ-ਸੁਵੰਨੇ ਰੂਪਾਂ 'ਚ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ। ਹਾਲ ਹੀ ਵਿਚ ਨਿਊ ਸਟੇਟਸਮੈਨ ਰਸਾਲੇ ਦੀ ਸੰਪਾਦਕ ਐਮਿਲੀ ਟੈਮਕਿਨ ਵੱਲੋਂ ਅਰੁੰਧਤੀ ਰਾਏ ਨਾਲ ਈ-ਮੇਲ ਜ਼ਰੀਏ ਇਕ ਇੰਟਰਵਿਊ ਕੀਤੀ ਗਈ। ਐਮਿਲੀ ਟੈਮਕਿਨ ਨਿਊ ਸਟੇਟਸਮੈਨ ਯੂ.ਐੱਸ. ਦੀ ਸੰਪਾਦਕ ਹੈ। ਉਹ ਹਫ਼ਤਾਵਾਰ ਗਲੋਬਲ ਅਫੇਅਰਜ਼ ਪੌਡਕਾਸ ਵਰਲਡ ਵਿਊ ਦੀ ਸਹਿ-ਪੇਸ਼ਕਾਰ ਹੈ। ਨਿਊ ਸਟੇਟਸਮੈਨ ਨੇ ਅਰੁੰਧ ਰਾਏ ਤੋਂ ਭਾਰਤ, ਸਰਮਾਏਦਾਰੀ, ਰਾਸ਼ਟਰਵਾਦ, ਸਾਹਿਤ ਅਤੇ ਸਿਆਸਤ ਉੱਪਰ ਸੱਤ ਸਵਾਲ ਪੁੱਛੇ, ਉਨ੍ਹਾਂ ਨੇ ਸੱਤ ਸਵਾਲਾਂ ਦੇ ਜਵਾਬ ਇਸ ਤਰ੍ਹਾਂ ਲਿਖ ਕੇ ਭੇਜੇ:

**ਐਮਿਲੀ ਟੈਮਕਿਨ:** ਥੋੜ੍ਹੇ ਦਿਨ ਪਹਿਲਾਂ (ਸ਼ਾਇਦ 2019 'ਚ) ਮੈਂ "ਅਨੰਤ ਅਨਿਆਂ ਦਾ ਗਣਿਤ" ਕਿਤਾਬ ਪੜ੍ਹ ਰਹੀ ਸੀ। ਤੁਸੀਂ ਉਸ ਵਿਚ ਜੋ ਲਿਖਿਆ ਹੈ ਉਹ ਹਾਲਾਂ ਕਿ ਕੋਈ ਦੋ ਦਹਾਕੇ ਪਹਿਲਾਂ ਦੀ ਗੱਲ ਹੈ, ਲੇਕਿਨ ਮੈਨੂੰ ਇਵ ਲੱਗਾ ਕਿ ਤੁਸੀਂ ਉਦੋਂ ਜੋ ਕਿਹਾ ਅਤੇ ਜਿਸ ਦੇ ਬਾਰੇ ਚੇਤਾਵਨੀ ਦਿੱਤੀ ਸੀ, ਖ਼ਾਸ ਕਰਕੇ ਭਾਰਤ ਦੀ ਸਿਆਸਤ ਦੇ ਪ੍ਰਸੰਗ 'ਚ, ਉਹੀ ਅੱਜ ਵਾਪਰ ਰਿਹਾ ਹੈ। ਕੀ ਭਾਰਤੀ ਸਮਾਜ ਦੇ ਕੋਈ ਐਸੇ ਪਹਿਲੂ ਹਨ ਜਿਨ੍ਹਾਂ ਬਾਰੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਉਸ ਵਕਤ ਖ਼ਾਸ ਤੌਰ 'ਤੇ ਭਵਿੱਖਬਾਣੀ ਕਰ ਰਹੇ ਸੀ?

**ਅਰੁੰਧਤੀ ਰਾਏ:** ਮੈਂ ਮਾਫ਼ੀ ਚਾਹੁੰਦੀ ਹਾਂ, ਲੇਕਿਨ ਇਸ ਦਾ ਜਵਾਬ ਐਨਾ ਛੋਟਾ ਨਹੀਂ ਹੋ ਸਕਦਾ। ਆਪਣੇ ਆਪ ਨੂੰ ਨਜੂਮੀ ਕਹਿਣਾ ਨਾ ਸਿਰਫ਼ ਆਪਣੀ ਪਿੱਠ ਥਾਪੜਨਾ ਹੋਵੇਗਾ, ਸਗੋਂ ਬਹੁਤ ਸਾਰੇ ਹੋਰ ਲੋਕਾਂ ਨੂੰ ਸੌਖਿਆਂ ਹੀ ਬਖ਼ਸ਼ ਦੇਣਾ ਵੀ ਹੋਵੇਗਾ। ਖ਼ਾਸ ਕਰਕੇ ਜਿਨ੍ਹਾਂ ਚੀਜ਼ਾਂ ਬਾਰੇ ਮੈਂ ਲਿਖ ਰਹੀ ਸੀ ਉਨ੍ਹਾਂ ਵਿੱਚੋਂ ਜ਼ਿਆਦਾਤਰ ਸਾਡੀਆਂ ਅੱਖਾਂ ਸਾਹਮਣੇ ਵਾਪਰ ਰਹੀਆਂ ਸਨ ਅਤੇ ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਕਿ ਸਾਡੇ ਵਿੱਚੋਂ ਲੱਖਾਂ-ਕਰੋੜਾਂ ਲੋਕ ਨੇ ਇਸ ਨੂੰ ਹੱਡੀਂ ਹੰਢਾਇਆ ਹੈ, ਮਹਿਸੂਸ ਕੀਤਾ ਹੈ।

ਤੁਸੀਂ ਜਿਸ ਕਿਤਾਬ ਦਾ ਜ਼ਿਕਰ ਕੀਤਾ ਹੈ ਉਸ ਵਿਚ ਵੱਖ-ਵੱਖ ਵਿਸ਼ਿਆਂ ਉੱਪਰ ਲੇਖ ਹਨ, ਉਸ ਵਿਚ ਭਾਰਤ ਦੇ ਪ੍ਰਮਾਣੂ ਤਜਰਬੇ ਉੱਪਰ ਲੇਖ ਹੈ, ਬੜੇ ਡੈਮਾਂ ਅਤੇ ਉਨ੍ਹਾਂ ਖ਼ਿਲਾਫ਼ ਨਰਮਦਾ ਘਾਟੀ ਦੇ ਲੋਕ ਅੰਦੋਲਨ ਉੱਪਰ ਲੇਖ ਹੈ, ਪਾਣੀ-ਬਿਜਲੀ ਅਤੇ ਹੋਰ ਬੁਨਿਆਦੀ ਢਾਂਚੇ ਦੇ ਨਿੱਜੀਕਰਨ, ਨਿਆਂਇਕ ਸੁਤੰਤਰਤਾ, ਮੀਡੀਆ ਅਤੇ ਲੋਕਤੰਤਰ ਨੂੰ ਬਚਾਉਣ ਵਾਲੀਆਂ ਹੋਰ ਸੰਸਥਾਵਾਂ ਨੂੰ ਲਗਾਤਾਰ ਲੱਗ ਰਹੇ ਖ਼ੋਰੇ ਉੱਪਰ ਲੇਖ ਹਨ।

ਅਤੇ ਹਾਂ, ਉਸ ਵਿਚ "ਲੋਕਤੰਤਰ ਕਿਸ ਬਲਾ ਦਾ ਨਾਮ ਹੈ" - ਸਿਰਲੇਖ ਵਾਲਾ ਇਕ ਲੇਖ ਵੀ ਹੈ। ਇਹ ਲੇਖ ਗੁਜਰਾਤ 'ਚ 2002 'ਚ ਦੰਗਈ ਹਿੰਦੂ ਹਜੂਮ ਵੱਲੋਂ ਮੁਸਲਮਾਨਾਂ ਦੇ ਕਤਲੇਆਮ ਬਾਰੇ ਹੈ, ਜਦ ਨਰਿੰਦਰ ਮੋਦੀ ਉੱਥੋਂ ਦਾ ਮੁੱਖ ਮੰਤਰੀ ਸੀ। ਉਹ ਇਕ ਐਸੀ ਘਟਨਾ ਸੀ ਜਿਸ ਨੇ ਉਸ ਨੂੰ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.), ਜੋ ਲੱਗਭੱਗ ਸੌ ਸਾਲ ਦੇ ਆਪਣੇ ਕਾਲ 'ਚ ਮੁਲਕ ਦੀ ਇਕ ਸਭ ਤੋਂ ਤਾਕਤਵਰ ਜਥੇਬੰਦੀ ਬਣ ਚੁੱਕਾ ਹੈ - ਦੇ ਇਕ ਅਦਨੇ ਪ੍ਰਚਾਰਕ ਤੋਂ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਪਹੁੰਚਾ ਦਿੱਤਾ। ਉਹ ਇਸੇ ਕਾਂਡ ਕਾਰਨ ਪ੍ਰਧਾਨ ਮੰਤਰੀ ਬਣਿਆ ਹੈ, ਇਸ ਦੇ ਬਾਵਜੂਦ ਨਹੀਂ।

2002 ਦਾ ਗੁਜਰਾਤ ਕਤਲੇਆਮ ਭਵਿੱਖਬਾਣੀ ਕਰਨ ਵਾਲੇ ਸਵਾਲ ਨੂੰ ਘੋਖਣ-ਪਰਖਣ ਦਾ ਵਧੀਆ ਤਰੀਕਾ ਹੈ। ਉਸ ਸਾਲ ਫਰਵਰੀ ਅਤੇ ਮਾਰਚ ਦੇ ਵਿਚਕਾਰਲੇ ਹਫ਼ਤੇ 'ਚ ਟਰੇਨ ਦੇ ਇਕ ਡੱਬੇ 'ਚ ਹੋਈ ਅਗਜ਼ਨੀ 'ਚ 59 ਹਿੰਦੂ ਤੀਰਥ ਯਾਤਰੀ ਮਾਰੇ ਗਏ ਸਨ। ਇਸ ਦੇ ਬਦਲੇ ਗੁਜਰਾਤ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਹਜ਼ਾਰ ਤੋਂ ਵਧੇਰੇ ਮੁਸਲਮਾਨਾਂ ਨੂੰ ਜਥੇਬੰਦ ਹਜੂਮ ਵੱਲੋਂ ਮਾਰ ਦਿੱਤਾ ਗਿਆ ਸੀ। ਔਰਤਾਂ ਦਾ ਸਮੂਹਿਕ ਜਬਰ-ਜਨਾਹ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਜ਼ਿੰਦਾ ਜਲਾ ਦਿੱਤਾ ਗਿਆ, ਇਕ ਲੱਖ ਤੋਂ ਵਧੇਰੇ ਲੋਕਾਂ ਨੂੰ ਬੇਘਰ ਕਰ ਦਿੱਤਾ ਗਿਆ। ਕਤਲੇਆਮ ਨੂੰ ਰਾਸ਼ਟਰੀ ਚੈਨਲਾਂ ਉੱਪਰ ਲਾਈਵ ਕਵਰ ਕੀਤਾ ਗਿਆ ਸੀ। ਅਸੀਂ ਸਾਰਿਆਂ ਨੇ ਮੁੱਖ ਮੰਤਰੀ ਮੋਦੀ ਦੇ ਕਰੂਰ ਅਤੇ ਭੜਕਾਊ ਭਾਸ਼ਣ ਸੁਣੇ ਹਨ। ਇਸ ਤੋਂ ਬਾਦ ਤਹਿਲਕਾ ਰਸਾਲੇ ਲਈ ਕੰਮ ਕਰਨ ਵਾਲੇ ਪੱਤਰਕਾਰ ਆਸ਼ੀਸ਼ ਖੇਤਾਨ ਨੇ ਅੰਡਰ-ਕਵਰ ਰਹਿ ਕੇ ਇਕ ਸਟਿੰਗ ਅਪਰੇਸ਼ਨ ਕੀਤਾ ਸੀ ਜਿਸ ਵਿਚ ਕੁਝ ਕਾਤਲਾਂ ਅਤੇ ਬਲਾਤਕਾਰੀਆਂ ਨੇ ਆਪਣੇ ਜੁਰਮ ਨੂੰ ਗੱਜ-ਵੱਜ ਕੇ ਕਬੂਲ ਕੀਤਾ। ਉਸ ਭਿਆਨਕ ਟੇਪ ਨੂੰ ਟੀ.ਵੀ. ਚੈਨਲਾਂ ਉੱਪਰ ਦਿਖਾਇਆ ਗਿਆ, ਜਿਸ ਨੂੰ ਅਸੀਂ ਸਾਰਿਆਂ ਨੇ ਦੇਖਿਆ ਸੀ। ਉਨ੍ਹਾਂ ਵਿੱਚੋਂ ਬਹੁਤ ਸਾਰੇ ਕਾਤਲਾਂ ਨੇ ਸਰੇਆਮ ਆਪਣੇ ਨਵੇਂ ਦਲੇਰ ਮੁੱਖ ਮੰਤਰੀ ਦੀ ਤਾਰੀਫ਼ ਕਰਦੇ ਹੋਏ ਉਸ ਦਾ ਸ਼ੁਕਰਾਨਾ ਕੀਤਾ ਸੀ। ਆਪਣੀ ਹਾਲੀਆ ਕਿਤਾਬ "ਅੰਡਰ ਕਵਰ: ਮਾਈ ਜਰਨੀ ਇਨ ਦਾ ਡਾਰਕਨੈੱਸ ਆਫ਼ ਹਿੰਦੁਤਵ" ਵਿਚ ਆਸ਼ੀਸ਼ ਖੇਤਾਨ ਨੇ ਬਹੁਤ ਹੀ ਤਹੱਮਲ ਨਾਲ ਵਿਸਤਾਰ 'ਚ ਇਸ ਦਾ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਉੱਪਰ ਤੋਂ ਲੈ ਕੇ ਹੇਠਾਂ ਤੱਕ ਪੁਲਿਸ ਮਹਿਕਮੇ ਅਤੇ ਕਾਨੂੰਨੀ ਅਮਲ ਨੂੰ ਮੁਜਰਿਮਾਂ ਦੀ ਰੱਖਿਆ ਲਈ ਮਜਬੂਰ ਕਰ ਦਿੱਤਾ ਗਿਆ ਸੀ।

ਇਹੀ ਵਜ੍ਹਾ ਹੈ ਕਿ ਅੱਜ ਭਾਰਤ ਵਿਚ ਨਾ ਸਿਰਫ਼ ਕਾਤਿਲ ਅਤੇ ਬਲਾਤਕਾਰੀ ਬੜੇ ਪੈਮਾਨੇ 'ਤੇ ਸਰੇਆਮ ਘੁੰਮ ਰਹੇ ਹਨ ਸਗੋਂ ਉੱਚੇ ਅਹੁਦਿਆਂ ਉੱਪਰ ਵੀ ਬਿਰਾਜਮਾਨ ਹਨ ਜਦਕਿ ਬਿਹਤਰੀਨ ਕਾਰਕੁੰਨ, ਵਕੀਲ, ਵਿਦਿਆਰਥੀ, ਟਰੇਡ ਯੂਨੀਅਨ ਦੇ ਆਗੂ ਅਤੇ ਦਹਿ-ਹਜ਼ਾਰਾਂ ਆਮ ਲੋਕ, ਮੁਸਲਮਾਨ, ਦਲਿਤ ਅਤੇ ਬੜੀ ਤਾਦਾਦ 'ਚ ਆਦਿਵਾਸੀ ਕਈ ਸਾਲਾਂ ਤੋਂ ਜੇਲ੍ਹ ਦੀ ਸਜ਼ਾ ਕੱਟ ਰਹੇ ਹਨ। ਬਿਨਾਂ ਕਿਸੇ ਕਾਰਨ।

ਮੇਰੇ ਕਹਿਣ ਦਾ ਕੁਲ ਭਾਵ ਇਹੀ ਹੈ ਕਿ 2002 ਦੇ ਗੁਜਰਾਤ ਕਾਂਡ ਤੋਂ ਬਾਦ ਇਹ ਸਮਝਣ ਲਈ ਨਜੂਮੀ ਹੋਣ ਦੀ ਜ਼ਰੂਰਤ ਨਹੀਂ ਸੀ ਕਿ ਮੋਦੀ ਕਿਸ ਮਿੱਟੀ ਦਾ ਬਣਿਆ ਹੋਇਆ ਹੈ, ਆਰ.ਐੱਸ.ਐੱਸ. ਕਿਸ ਦੀ ਨੁਮਾਇੰਦਗੀ ਕਰਦਾ ਹੈ ਅਤੇ ਜੇ ਮੌਕਾ ਮਿਲਿਆ ਤਾਂ ਭਾਰਤੀ ਜਨਤਾ ਪਾਰਟੀ ਮੁਲਕ ਨਾਲ ਕੀ ਕੁਝ ਕਰ ਸਕਦੀ ਹੈ। ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਆਪਣੀ ਮਨਸ਼ਾ ਜ਼ਾਹਿਰ ਕਰਨ 'ਚ ਕੋਈ ਸ਼ਰਮ ਨਹੀਂ ਸੀ, ਮੋਦੀ ਨੂੰ ਤਾਂ ਬਿਲਕੁਲ ਵੀ ਨਹੀਂ। ਇਸ ਦੇ ਬਾਵਜੂਦ, ਕਤਲੇਆਮ ਤੋਂ ਬਾਦ ਭਾਰਤ ਦੇ ਸਭ ਤੋਂ ਬੜੇ ਕਾਰੋਬਾਰੀਆਂ ਨੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਦੇ ਰੂਪ 'ਚ ਉਸ ਦੀ ਹਮਾਇਤ ਕੀਤੀ। ਮੀਡੀਆ ਨੇ ਤੁਰੰਤ ਉਸ ਨੂੰ 'ਵਿਕਾਸ ਪੁਰਸ਼ ਪ੍ਰਧਾਨ ਮੰਤਰੀ' ਦੇ ਰੂਪ 'ਚ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਕਈ ਉਦਾਰਵਾਦੀ ਬੁੱਧੀਜੀਵੀ ਸਿਰਫ਼ ਇਸ ਕਰਕੇ ਮੇਰੇ ਵਰਗਿਆਂ ਦੇ ਖ਼ਿਲਾਫ਼ ਹੋ ਗਏ ਕਿ ਅਸੀਂ ਉਸ ਦੀ ਆਲੋਚਨਾ ਬੰਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਦ ਉਨ੍ਹਾਂ ਦੇ ਵਿਛਾਏ ਲਾਲ ਗਲੀਚੇ 'ਤੇ ਤੁਰਦਿਆਂ ਮੋਦੀ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਹੋਇਆ, ਤਾਂ ਬੜੇ-ਬੜੇ ਸੰਪਾਦਕ, ਪੱਤਰਕਾਰ ਅਤੇ ਬੁੱਧੀਜੀਵੀ ਝੂਮ ਉੱਠੇ। ਹੁਣ ਉਨ੍ਹਾਂ 'ਚੋਂ ਕਈਆਂ ਦਾ ਉਸ ਤੋਂ ਮੋਹ ਭੰਗ ਹੋ ਚੁੱਕਾ ਹੈ ਅਤੇ ਉਹ ਬੜੀ ਦਲੇਰੀ ਨਾਲ ਉਸ ਦੇ ਆਲੋਚਕ ਬਣ ਗਏ ਹਨ, ਲੇਕਿਨ ਇਸ ਨਾਲ ਇਹ ਗੱਲ ਲੁਕੀ-ਛਿਪੀ ਨਹੀਂ ਰਹਿੰਦੀ ਕਿ ਕਿਵੇਂ ਇਨ੍ਹਾਂ ਲੋਕਾਂ ਨੇ ਗੁਜਰਾਤ ਕਤਲੇਆਮ ਅਤੇ ਉਸ ਵਿਚ ਮੋਦੀ ਵੱਲੋਂ



ਨਿਭਾਈ ਭੂਮਿਕਾ ਨੂੰ ਉਦੋਂ ਸਹਿਜੇ ਹੀ ਹਜ਼ਮ ਕਰ ਲਿਆ ਸੀ।

ਇਸ ਲਈ ਮੈਂ ਇਸ ਨੂੰ ਆਪਣੀ ਭਵਿੱਖਬਾਣੀ ਨਹੀਂ ਕਹਾਂਗੀ। ਇਹ ਤਾਂ ਸਿਆਸਤ ਹੈ। ਬੁਨਿਆਦੀ ਗੱਲ ਇਹ ਹੈ ਕਿ ਅਸੀਂ ਕੀ ਦੇਖਣਾ ਚਾਹੁੰਦੇ ਹਾਂ ਅਤੇ ਕਿਸ ਨੂੰ ਅਸੀਂ ਨਜ਼ਰਅੰਦਾਜ਼ ਕਰ ਦੇਣਾ ਚਾਹੁੰਦੇ ਹਾਂ। ਸਾਨੂੰ ਆਪਣੇ ਆਪ ਤੋਂ ਕੁਝ ਗੰਭੀਰ ਸਵਾਲ ਪੁੱਛਣੇ ਚਾਹੀਦੇ ਹਨ - ਇਸ ਲਈ ਨਹੀਂ ਕਿ ਅਸੀਂ ਵਿਚਾਰਧਾਰਕ ਸ਼ੁੱਧਤਾ ਖੋਜ ਲੈਣੀ ਹੈ ਜਾਂ ਦੋਸ਼ਰਹਿਤ ਹੋ ਕੇ ਕੰਮ ਕਰਨਾ ਹੈ ਜਾਂ ਫਿਰ ਅਸੀਂ ਕੋਈ ਐਸੀ ਆਲਮੀ ਦ੍ਰਿਸ਼ਟੀ ਅਖ਼ਤਿਆਰ ਕਰ ਲੈਣੀ ਹੈ ਜਿੱਥੇ ਲੋਕ ਜਾਂ ਤਾਂ ਸ਼ੁੱਧ ਲੁੱਟ ਹਨ ਜਾਂ ਸ਼ੁੱਧ ਲੁੱਟੇ ਜਾਣ ਵਾਲੇ। ਗੱਲ ਇਸ ਤੋਂ ਐਨ ਉਲਟ ਹੈ, ਕਿਉਂਕਿ ਹਕੀਕੀ ਜ਼ਿੰਦਗੀ ਇਸ ਸਥਿਤੀ ਦੀ ਇਜਾਜ਼ਤ ਨਹੀਂ ਦਿੰਦੀ। ਲੇਕਿਨ ਘੱਟੋਘੱਟ ਅਸੀਂ ਉਨ੍ਹਾਂ ਪੇਚੀਦਗੀਆਂ, ਉਨ੍ਹਾਂ ਵਿਰੋਧਤਾਈਆਂ ਦੇ ਪ੍ਰਤੀ ਤਾਂ ਈਮਾਨਦਾਰ ਹੋ ਹੀ ਸਕਦੇ ਹਾਂ ਜਿਨ੍ਹਾਂ ਦੇ ਅੰਦਰ ਅਸੀਂ ਜਿਉਂਦੇ ਹਾਂ, ਕੰਮ ਕਰਦੇ ਹਾਂ ਅਤੇ ਸੋਚਦੇ ਹਾਂ। ਜਿਵੇਂ ਕਿ ਜਾਨ ਬਰਜਰ ਨੇ ਲਿਖਿਆ ਹੈ - ਕੋਈ ਵੀ ਕਹਾਣੀ ਦੁਬਾਰਾ ਇਸ ਤਰ੍ਹਾਂ ਨਹੀਂ ਸੁਣਾਈ ਜਾ ਸਕਦੀ ਜਿਵੇਂ ਕਿ ਉਹ ਇਕਲੌਤੀ ਹੋਵੇ। ਇਸ ਲਈ ਹੁਣ ਕੁਝ ਗੰਭੀਰ ਸਵਾਲ ਹਨ।

ਮਿਸਾਲ ਵਜੋਂ, ਕੀ ਮੈਂ ਤੁਕਬੰਦੀ ਕਰਨ ਵਾਲੀ ਉਹ ਨਾਵਲਕਾਰ ਹਾਂ ਜਿਸ ਨੇ ਕਦੇ ਇਸ ਗੱਲ ਉੱਪਰ ਧਿਆਨ ਹੀ ਨਹੀਂ ਦਿੱਤਾ ਕਿ ਜਿਸ ਮੁਲਕ 'ਚ ਉਹ ਰਹਿੰਦਾ ਹੈ ਉੱਥੇ ਸਮਾਜੀ ਭੇਦਭਾਵ ਦੀ ਸਭ ਤੋਂ ਕਰੂਰ ਵਿਵਸਥਾ ਕੰਮ ਕਰਦੀ ਹੈ, ਜਿਸ ਦਾ ਨਾਮ ਜਾਤੀ ਹੈ? ਕੀ ਮੈਂ ਭਾਰਤ ਦੀ ਉਹ ਮਨੁੱਖੀ ਹੱਕਾਂ ਦੀ ਕਾਰਕੁੰਨ ਹਾਂ ਜੋ ਕਸ਼ਮੀਰ ਦੇ ਫ਼ੌਜੀ ਕਬਜ਼ੇ, ਉੱਥੇ ਬੇਨਾਮ ਕਬਰਾਂ ਦੀ ਮੌਜੂਦਗੀ ਅਤੇ ਦਹਿ-ਹਜ਼ਾਰਾਂ ਜ਼ਿੰਦਗੀਆਂ ਨੂੰ ਖ਼ਤਮ ਕਰ ਦਿੱਤੇ ਜਾਣ ਉੱਪਰ ਖ਼ਾਮੋਸ਼ ਰਹਿੰਦੀ ਹਾਂ? ਜਾਂ ਫਿਰ ਇਵ ਹੈ ਕਿ ਮੈਂ ਕਸ਼ਮੀਰ ਲਈ ਤਾਂ ਬੋਲਦੀ ਹਾਂ ਲੇਕਿਨ ਦਿਹਿਸ਼ਤਵਾਦ ਦੀ ਸ਼ੁਰੂਆਤ 'ਚ ਉੱਥੇ ਮਾਰੇ ਗਏ ਹਜ਼ਾਰਾਂ ਕਸ਼ਮੀਰੀ ਪੰਡਤਾਂ ਤੋਂ ਮੂੰਹ ਮੋੜ ਲੈਂਦੀ ਹਾਂ ਜਾਂ ਫਿਰ ਬੰਗਲਾਦੇਸ਼ ਦੇ ਮੁਕਤੀ ਸੰਗਰਾਮ 'ਚ ਪਾਕਿਸਤਾਨੀ ਫ਼ੌਜ ਵੱਲੋਂ ਕੀਤੇ ਗਏ ਕਤਲੇਆਮ ਉੱਪਰ ਮੌਨ ਧਾਰ ਲੈਂਦੀ ਹਾਂ? ਕੀ ਮੈਂ ਉਹ ਮਾਰਕਸਵਾਦੀ ਹਾਂ ਜੋ ਗੁਲਾਗ ਨੂੰ ਖ਼ਾਰਿਜ ਕਰਦੀ ਹਾਂ? ਜਾਂ ਫਿਰ ਉਹ ਮੁਸਲਮਾਨ, ਜੋ ਮਹਾਂਨਾਸ਼ ਤੋਂ ਇਨਕਾਰ ਕਰਦੀ ਹਾਂ? ਕੀ ਮੈਂ ਉਹ ਗਾਂਧੀਵਾਦੀ ਹਾਂ ਜੋ ਨਸਲ ਅਤੇ ਜਾਤੀ ਬਾਰੇ ਗਾਂਧੀ ਦੇ ਵਿਚਾਰਾਂ ਉੱਪਰ ਪਰਦਾ ਪਾਉਂਦੀ ਹਾਂ? ਜਾਂ ਫਿਰ ਮੈਂ ਉਨ੍ਹਾਂ ਲੋਕਾਂ 'ਚ ਸ਼ਾਮਿਲ ਹਾਂ ਜੋ ਜਮਾਤ ਨੂੰ ਤਾਂ ਦੇਖਦੇ ਹਨ ਲੇਕਿਨ ਜਾਤ ਨੂੰ ਨਹੀਂ ਦੇਖਦੇ ਜਾਂ ਫਿਰ ਇਸ ਤੋਂ ਉਲਟ?

ਕੀ ਮੈਂ ਉਹ ਪੱਤਰਕਾਰ ਜਾਂ ਜੱਜ ਹਾਂ ਜੋ ਸੱਤਾ ਦੇ ਤਲੇ ਚੱਟਦਾ ਹੈ ਅਤੇ ਅਵਾਮ ਨੂੰ ਕੀੜੇ-ਮਕੌੜੇ ਸਮਝਦਾ ਹੈ? ਕੀ ਮੈਂ ਜੰਗਲਾਂ 'ਚ ਆਦਿਵਾਸੀਆਂ ਦੇ ਕਤਲਾਂ 'ਚ ਸ਼ਾਮਲ ਖਣਨ ਕੰਪਨੀਆਂ ਦੀ ਪੁਸ਼ਤ-ਪਨਾਹੀ ਵਾਲੇ ਸਾਹਿਤ ਮਹਾ-ਉਤਸਵਾਂ ਦੀ ਬਾਕਾਇਦਾ ਵਕਤਾ ਹਾਂ ਜੋ ਉਨ੍ਹਾਂ ਦੇ ਮੰਚ ਉੱਪਰ ਜਾ ਕੇ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਦਾ ਰਾਗ ਅਲਾਪਦੀ ਹਾਂ? ਜਾਂ ਫਿਰ ਮੈਂ ਸੰਤੁਲਨ ਬਣਾਉਣ ਵਾਲੇ ਉਨ੍ਹਾਂ ਉਦਾਰਵਾਦੀਆਂ ਦੀ ਤਰ੍ਹਾਂ ਹਾਂ ਜੋ ਬਹੁਗਿਣਤੀਵਾਦੀ ਫਾਸ਼ਿਸਟ ਰਾਜ ਸੱਤਾ ਵੱਲੋਂ ਕੀਤੇ ਗਏ ਕਤਲੇਆਮ ਅਤੇ ਟਾਕਰਾ ਅੰਦੋਲਨਾਂ 'ਚ ਗਾਹੇ-ਬਗਾਹੇ ਹੋਣ ਵਾਲੀ ਹਿੰਸਾ ਦਰਮਿਆਨ ਸਮਾਨਤਾ ਲੱਭਣ ਦੀ ਕੋਸ਼ਿਸ਼ ਕਰਦੇ ਹਨ? ਕੀ ਮੈਂ ਹਾਲੀਆ ਕਿਸਾਨ ਅੰਦੋਲਨ ਦੌਰਾਨ ਉਪਜੇ ਉਨ੍ਹਾਂ ਭੋਲੇਭਾਲੇ ਹਮਾਇਤੀਆਂ ਦੀ ਤਰ੍ਹਾਂ ਹਾਂ ਜੋ ਭੂ-ਜਲ ਸੰਕਟ, ਇਕ ਫ਼ਸਲੀ ਖੇਤੀ (ਮੋਨੋਕਲਚਰ) ਦੇ ਖ਼ਤਰਿਆਂ ਅਤੇ ਖੇਤੀ 'ਚ ਅਖਾਉਤੀ ਹਰੇ ਇਨਕਲਾਬ ਦੇ ਨਤੀਜਿਆਂ ਬਾਰੇ ਕੁਝ ਜਾਨਣਾ ਨਹੀਂ ਚਾਹੁੰਦੇ? ਕੀ ਮੈਂ ਉਨ੍ਹਾਂ ਨਾਰੀਵਾਦੀਆਂ ਦੀ ਤਰ੍ਹਾਂ ਹਾਂ ਜੋ ਮੰਨਦੇ ਹਨ ਕਿ ਅਫ਼ਗਾਨਿਸਤਾਨ 'ਚ ਬੰਬਾਰੀ ਕਰਕੇ ਨਾਰੀਵਾਦ ਨੂੰ ਖ਼ਤਮ ਕੀਤਾ ਜਾ ਸਕਦਾ ਸੀ?

ਇਕੱਲੇ ਸਾਡੇ ਰਾਜ ਨੇਤਾ ਅਤੇ ਸਿਆਸੀ ਪਾਰਟੀਆਂ ਗੁਨਾਹਗਾਰ ਨਹੀਂ ਹਨ। ਗੁਨਾਹ ਇਕੱਲੇ ਸਾਡੇ ਮਸੀਹਾ ਬਣੇ ਆਗੂਆਂ ਅਤੇ ਉਨ੍ਹਾਂ ਦੇ ਗੁੰਡਿਆਂ ਦਾ ਵੀ ਨਹੀਂ ਹੈ। ਇਹ ਤਾਂ ਸਰਲੀਕਰਨ ਹੋਵੇਗਾ। ਲਿਹਾਜ਼ਾ, ਤੁਹਾਡੇ ਸਵਾਲ ਉੱਪਰ ਮੇਰਾ ਲੰਮਾ ਜਵਾਬ ਹੈ ਕਿ ਨਹੀਂ, ਮੈਂ ਨਹੀਂ ਮੰਨਦੀ ਕਿ ਮੈਂ ਨਜੂਮੀ ਸੀ।

**ਐਮਿਲੀ ਟੈਮਕਿਨ:** ਕੀ ਕੁਝ ਐਸੀਆਂ ਚੀਜ਼ਾਂ ਵੀ ਸਨ ਜਿਨ੍ਹਾਂ ਨੇ ਤੁਹਾਨੂੰ ਅਚੰਭਿਤ ਕੀਤਾ? ਮਤਲਬ ਤੁਸੀਂ ਜਿਵੇਂ ਸੋਚਿਆ ਉਸ ਦੇ ਮੁਕਾਬਲੇ ਕਿਤੇ ਜ਼ਿਆਦਾ ਤੇਜ਼ੀ ਅਤੇ ਤੀਬਰਤਾ ਨਾਲ ਉਹ ਚੀਜ਼ਾਂ ਬਦਤਰ (ਜਾਂ ਬਿਹਤਰ) ਹੁੰਦੀਆਂ ਗਈਆਂ?

**ਅਰੁੰਧਤੀ ਰਾਏ:** ਹਾਂ, ਇਹ ਲੋਕ ਸਨ। ਲੋਕਾਂ ਨੇ ਦੋ ਬਿਲਕੁਲ ਅਲਹਿਦਾ ਤਰੀਕਿਆਂ ਨਾਲ ਮੈਨੂੰ ਅਚੰਭਿਤ ਕੀਤਾ ਹੈ। ਇਕ ਪਾਸੇ, ਮੈਨੂੰ ਇਸ ਗੱਲ ਨੂੰ ਲੈ ਕੇ ਹੈਰਾਨੀ ਹੁੰਦੀ ਹੈ ਜਦ ਨਫ਼ਰਤ ਦੇ ਬੀਜ ਬੀਜੇ ਜਾ ਰਹੇ ਸਨ ਤਾਂ ਸਾਡੀ ਜ਼ਮੀਨ ਕਿੰਨੀ ਜ਼ਰਖੇਜ਼ ਅਤੇ ਗ੍ਰਹਿਣਸ਼ੀਲ ਸੀ ਕਿ ਦੇਖਦੇ ਹੀ ਦੇਖਦੇ ਸਾਡੇ ਆਲੇ-ਦੁਆਲੇ ਏਨੀ ਤੇਜ਼ੀ ਨਾਲ ਸੰਘਣੇ ਜੰਗਲ ਉੱਗ ਆਏ। ਐਸੇ ਹਾਲਾਤ 'ਚ ਸਾਡਾ ਸਹਿਜ ਅਹਿਸਾਸ ਤਾਂ ਇਹੀ ਹੋਵੇਗਾ ਕਿ ਫਾਸ਼ੀਵਾਦ ਦਾ ਇਹ ਖ਼ਾਸ ਰੂਪ ਭਾਰਤੀ ਰਾਜ ਸੱਤਾ ਅਤੇ 'ਅਵਾਮ' ਦੀ ਦੁਵੱਲੀ ਭਾਈਵਾਲੀ ਦਾ ਨਤੀਜਾ ਹੈ। ਇਹ ਸਮਝਦਾਰੀ ਹਾਲਾਂਕਿ ਟੈਕਸਸ ਵਿਚ 'ਹਾਓਡੀ ਮੋਦੀ' ਸ਼ੋਅ ਵਿਚ ਜੈ-ਜੈਕਾਰ ਕਰਨ ਵਾਲੇ ਹਜੂਮ, ਮੋਦੀ/ਆਰ.ਐੱਸ.ਐੱਸ. ਦੇ ਤੰਤਰ ਵੱਲੋਂ ਤਕਰੀਬਨ ਆਪਣੀ ਇੱਛਾ ਅਨੁਸਾਰ ਢਾਲ ਲਏ ਮੁੱਖਧਾਰਾ ਭਾਰਤੀ ਮੀਡੀਆ, ਨੌਕਰਸ਼ਾਹੀ, ਨਿਆਂਪਾਲਿਕਾ, ਸੁਰੱਖਿਆ ਤਾਕਤਾਂ ਅਤੇ ਚੋਣ ਮਸ਼ੀਨਰੀ ਨੂੰ ਆਪਣੇ ਵੱਲੋਂ ਨੋਟਿਸ ਲੈਣ ਦੇ ਦਾਇਰੇ ਤੋਂ ਬਾਹਰ ਕਰ ਦਿੰਦੀ ਹੈ, ਜਦਕਿ ਇਹ ਸਾਰੇ ਮਿਲ ਕੇ ਸੱਤਾ ਦੀ ਸੇਵਾ 'ਚ ਉਸ ਦੇ ਪੈਰਾਂ 'ਚ ਵਿਛ ਚੁੱਕੇ ਹਨ। ਲਿਹਾਜ਼ਾ, ਹੁਣ ਅਸੀਂ ਇਸ ਸਥਿਤੀ 'ਚ ਨਹੀਂ ਰਹਿ ਗਏ ਜਿੱਥੇ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸਿਆਸੀ ਪਾਰਟੀ ਦੀ ਆਲੋਚਨਾ ਹਾਲਾਤ ਨੂੰ ਸਮਝਣ ਜਾਂ ਉਸ ਨੂੰ ਬਦਲਣ ਲਈ ਕਾਫ਼ੀ ਹੋਵੇ।

ਦੂਜੇ ਪਾਸੇ, ਜਦ ਵਿਰੋਧੀ-ਧਿਰ ਦੀਆਂ ਸਿਆਸੀ ਪਾਰਟੀਆਂ ਅਤੇ ਵੱਖ-ਵੱਖ ਜਥੇਬੰਦੀਆਂ ਨੇ ਲੋਕਤੰਤਰ 'ਚ ਨਿਗਰਾਨ ਅਤੇ ਸੰਤੁਲਨ ਦੀ ਭੂਮਿਕਾ ਨਿਭਾਉਣ ਦੀ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਲਿਆ ਹੋਵੇ, ਉਨ੍ਹਾਂ ਹਾਲਾਤ 'ਚ ਲੋਕਾਂ ਨੇ ਉਸ ਦੀ ਖਾਲੀ ਹੋਈ ਜਗ੍ਹਾ ਭਰਨ ਦਾ ਕੰਮ ਕੀਤਾ ਹੈ। ਐਨ ਉਸ ਵਕਤ ਜਦ ਲੱਗ ਰਿਹਾ ਸੀ ਕਿ ਹੁਣ ਕੋਈ ਉਮੀਦ ਨਹੀਂ ਰਹਿ ਗਈ, ਪ੍ਰਦਰਸ਼ਨਕਾਰੀਆਂ ਦੇ ਹੌਸਲੇ ਅਤੇ ਸੋਚ-ਉਡਾਰੀ ਨੇ ਮੈਨੂੰ ਹੈਰਾਨ ਕਰ ਦਿੱਤਾ। ਮੁਸਲਿਮ ਵਿਰੋਧੀ ਨਾਗਰਿਕਤਾ ਕਾਨੂੰਨ ਅਤੇ ਇਕੱਲੇ ਅਸਾਮ 'ਚ ਹੀ 20 ਲੱਖ ਲੋਕਾਂ ਨੂੰ ਨਾਗਰਿਕਤਾ ਤੋਂ ਵਿਰਵੇ ਕਰ ਦੇਣ ਵਾਲੇ ਕੌਮੀ ਨਾਗਰਿਕ ਰਜਿਸਟਰ (ਐੱਨ.ਆਰ.ਸੀ.) ਦੇ ਖ਼ਿਲਾਫ਼ ਜਿਵੇਂ ਵਿਆਪਕ ਵਿਰੋਧ ਪ੍ਰਦਰਸ਼ਨ ਹੋਏ ਅਤੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਜੋ ਵਿਰੋਧ ਪ੍ਰਦਰਸ਼ਨ ਹੁਣ ਚੱਲ ਰਹੇ ਹਨ, ਉਹ ਉੱਠ ਰਹੀ ਬਗ਼ਾਵਤ ਵੱਲ ਸੈਨਤ ਕਰਦੇ ਹਨ।

ਇਨ੍ਹਾਂ ਦੋਨਾਂ ਵਿਰੋਧ ਪ੍ਰਦਰਸ਼ਨਾਂ ਨੂੰ ਰੋਕਣ ਲਈ ਸਰਕਾਰ ਨੇ ਪੂਰੀ ਤਾਕਤ ਝੋਕ ਦਿੱਤੀ। ਨਾਗਰਿਕਤਾ ਕਾਨੂੰਨ ਵਿਰੋਧੀ ਪ੍ਰਦਰਸ਼ਨਾਂ ਦਾ ਨਤੀਜਾ ਉੱਤਰ-ਪੂਰਬੀ ਦਿੱਲੀ ਦੇ ਮਜ਼ਦੂਰਾਂ ਦੀ ਬਹੁਤਾਤ ਵਾਲੇ ਇਲਾਕਿਆਂ 'ਚ ਮੁਸਲਮਾਨਾਂ ਦੇ ਕਤਲੇਆਮ ਦੇ ਰੂਪ 'ਚ ਹੋਇਆ ਜਿਸ ਲਈ ਹੁਣ ਖ਼ੁਦ ਮੁਸਲਮਾਨਾਂ, ਵਿਦਿਆਰਥੀਆਂ ਅਤੇ ਸਮਾਜੀ ਕਾਰਕੁੰਨਾਂ ਨੂੰ ਹੀ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਸੈਂਕੜੇ ਲੋਕ ਜੇਲ੍ਹਾਂ 'ਚ ਬੰਦ ਹਨ। ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਸੈਂਕੜੇ ਵਿਦਿਆਰਥੀ-ਵਿਦਿਆਰਥਣਾਂ ਤੋਂ ਪੁਲਿਸ ਨੇ ਤਫ਼ਤੀਸ਼ ਕੀਤੀ ਹੈ, ਜਿਨ੍ਹਾਂ ਵਿਚ ਜ਼ਿਆਦਾਤਰ ਮੁਸਲਮਾਨ ਹਨ। ਬੀਜੇਪੀ ਦੇ ਜਿਨ੍ਹਾਂ ਆਗੂਆਂ ਨੇ ਸਰੇਆਮ ਹਿੰਸਾ ਦੇ ਸੱਦੇ ਦਿੱਤੇ ਉਨ੍ਹਾਂ ਨੂੰ ਇਨਾਮ-ਸਨਮਾਨ ਮਿਲ ਰਹੇ ਹਨ। ਇਹ ਲੋਕ ਆਪਣੀ ਪਾਟਕ ਪਾਊ ਮੁਹਿੰਮ ਨੂੰ ਅਸਾਮ, ਪੱਛਮੀ ਬੰਗਾਲ, ਤਾਮਿਲਨਾਡੂ ਅਤੇ ਕੇਰਲਾ ਵਰਗੇ ਰਾਜਾਂ ਵਿਚ ਲੈ ਗਏ ਹਨ ਜਿੱਥੇ ਰਵਾਇਤੀ ਤੌਰ 'ਤੇ ਇਨ੍ਹਾਂ ਦੀ ਪਕੜ ਨਹੀਂ ਸੀ। ਅੱਗੇ ਕੀ ਹੁੰਦਾ ਹੈ ਇਹ ਤਾਂ ਵਕਤ ਦੱਸੇਗਾ ਲੇਕਿਨ ਚਾਹੇ ਕੁਝ ਵੀ ਹੋਵੇ, ਭਾਰਤ ਹੁਣ ਜਿਸ ਖ਼ਤਰਨਾਕ ਹਾਲਤ 'ਚ ਪਹੁੰਚ ਚੁੱਕਾ ਹੈ, ਮੈਨੂੰ ਨਹੀਂ ਲੱਗਦਾ ਕਿ ਉਸ ਨੂੰ ਹੋਰ ਵਧਾ-ਚੜ੍ਹਾ ਕੇ ਪੇਸ਼ ਕਰਨਾ ਸੰਭਵ ਹੋਵੇਗਾ। ਕਿਸੇ ਨਦੀ ਨੂੰ ਤੁਸੀਂ ਜ਼ਹਿਰ ਮੁਕਤ ਕਿਵੇਂ ਕਰਦੇ ਹੋ? ਮੇਰੇ ਖ਼ਿਆਲ 'ਚ, ਉਸ ਵਿੱਚੋਂ ਜ਼ਹਿਰ ਆਪਣੇ ਆਪ ਨਿੱਕਲ ਜਾਂਦੀ ਹੈ। ਬਸ, ਵਗਦੀ ਹੋਈ ਧਾਰਾ ਆਪਣੇ ਆਪ ਐਸਾ ਕਰ ਦਿੰਦੀ ਹੈ। ਸਾਨੂੰ ਉਸ ਧਾਰਾ ਦਾ ਹਿੱਸਾ ਬਣੇ ਰਹਿਣਾ ਹੋਵੇਗਾ।

**ਐਮਿਲੀ ਟੈਮਕਿਨ:** ਜਿੱਥੇ ਮੈਂ ਰਹਿੰਦੀ ਹਾਂ - ਅਮਰੀਕਾ - ਅਤੇ ਜਿੱਥੋਂ ਨਿਊ ਸਟੇਟਸਮੈਨ ਕੱਢਿਆ ਜਾਂਦਾ ਹੈ - ਬਰਤਾਨੀਆ - ਉਨ੍ਹਾਂ ਦੋਨਾਂ ਥਾਵਾਂ ਦੇ ਕੁਛ ਲੋਕਾਂ ਦਾ ਕਹਿਣਾ ਹੈ ਕਿ ਦੋਨਾਂ ਮੁਲਕਾਂ ਨੂੰ ਭਾਜਪਾ ਅਤੇ ਭਾਰਤ ਵਿਚ ਹੱਕਾਂ ਦੇ ਘਾਣ ਖ਼ਿਲਾਫ਼ ਬੋਲਣਾ ਚਾਹੀਦਾ ਹੈ। ਕੁਛ ਐਸੇ ਲੋਕ ਵੀ ਹਨ ਜਿਨ੍ਹਾਂ ਦਾ ਮੰਨਣਾ ਹੈ ਕਿ ਅਮਰੀਕਾ ਅਤੇ ਬਰਤਾਨੀਆ ਸਿਰਫ਼ ਪਾਖੰਡ ਕਰ ਸਕਦੇ ਹਨ, ਲਿਹਾਜ਼ਾ ਕਿਸੇ ਵੀ ਹਾਲਤ 'ਚ ਜਵਾਬ ਤਾਂ ਭਾਰਤ ਦੇ ਅੰਦਰੋਂ ਹੀ ਆਵੇਗਾ। ਤੁਸੀਂ ਕਿਵੇਂ ਸੋਚਦੇ ਹੋ?

**ਅਰੁੰਧਤੀ ਰਾਏ:** ਮੈਨੂੰ ਨਹੀਂ ਲੱਗਦਾ ਕਿ ਮੈਂ ਤੁਹਾਡਾ ਸਵਾਲ ਸਹੀ ਸਹੀ ਸਮਝ ਸਕੀ ਹਾਂ। ਜਦ ਤੁਸੀਂ ਕਹਿੰਦੇ ਹੋ ਕਿ ਅਮਰੀਕਾ ਅਤੇ ਇੰਗਲੈਂਡ ਨੂੰ ਬੋਲਣਾ ਚਾਹੀਦਾ ਹੈ ਤਾਂ ਕੀ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਅਮਰੀਕਾ ਦੀ ਸਰਕਾਰ ਅਤੇ ਇੰਗਲੈਂਡ ਦੀ ਸਰਕਾਰ ਨੂੰ ਬੋਲਣਾ ਚਾਹੀਦਾ ਹੈ? ਯਕੀਨਨ ਹੀ, ਜੇ ਉਹ ਬੋਲਦੇ ਹਨ ਤਾਂ ਉਨ੍ਹਾਂ ਉੱਪਰ ਪਾਖੰਡੀ ਹੋਣ ਦਾ ਇਲਜ਼ਾਮ ਤਾਂ ਲੱਗੇਗਾ ਹੀ, ਲੇਕਿਨ ਉਸ ਨਾਲ ਕੀ? ਇਹ ਘੱਟੋਘੱਟ ਅੰਤਰਰਾਸ਼ਟਰੀ ਮਾਮਲਿਆਂ 'ਚ ਭਾਰਤ ਸਰਕਾਰ ਦੀ ਬਿਆਨਬਾਜ਼ੀ 'ਚ ਜ਼ਾਹਿਰ ਹੁੰਦੇ ਪਾਖੰਡ ਦੇ ਬਰਾਬਰ ਹੀ ਤਾਂ ਹੋਵੇਗਾ! ਹਰ ਸਰਕਾਰ ਦੀ ਕਹਿਣੀ ਅਤੇ ਕਰਨੀ ਦਰਮਿਆਨ ਪਾਖੰਡ ਹੁੰਦਾ ਹੈ। ਅਮਰੀਕਾ ਦੇ ਸਭ ਤੋਂ ਮਾਣਯੋਗ ਮੀਡੀਆ ਵੱਲੋਂ ਪ੍ਰਸਾਰਿਤ ਫਰਜ਼ੀ ਖ਼ਬਰਾਂ ਦੇ ਆਧਾਰ 'ਤੇ ਇਰਾਕ ਉੱਪਰ ਕੀਤਾ ਗਿਆ ਹਮਲਾ ਜਾਨਲੇਵਾ ਪਾਖੰਡ ਨਹੀਂ ਤਾਂ ਹੋਰ ਕੀ ਸੀ? ਇਹ ਤਾਂ ਬਹੁਤ ਹੀ ਚੰਗਾ ਹੋਵੇਗਾ ਜੇ ਯੂ.ਕੇ. ਅਤੇ ਯੂ.ਐੱਸ. ਦੀਆਂ ਸਰਕਾਰਾਂ ਇਸ ਉੱਪਰ ਬੋਲਣ, ਲੇਕਿਨ ਉਹ ਬੋਲਣਗੀਆਂ ਨਹੀਂ। ਘੱਟੋਘੱਟ ਸਪਸ਼ਟ ਤੌਰ 'ਤੇ ਬਿਲਕੁਲ ਨਹੀਂ ਬੋਲਣਗੀਆਂ ਕਿਉਂਕਿ ਚੀਜ਼ਾਂ ਇਸ ਤਰ੍ਹਾਂ ਚੱਲਦੀਆਂ ਨਹੀਂ ਹਨ। ਐਸੇ ਰਿਸ਼ਤੇ ਆਰਥਕ, ਭੂ-ਰਾਜਨੀਤਕ ਅਤੇ ਫ਼ਾਇਦਿਆਂ ਅਨੁਸਾਰ ਚੱਲਣ ਦਾ ਇਕ ਪੇਚੀਦਾ ਜਾਲ ਹੁੰਦੇ ਹਨ। ਮਾਲ ਅਤੇ ਹਥਿਆਰਾਂ ਦੀ ਖ਼ਰੀਦੋ-ਫ਼ਰੋਖ਼ਤ ਤੋਂ ਲੈ ਕੇ ਅੰਤਰਰਾਸ਼ਟਰੀ ਮੰਡੀ 'ਚ ਨੈਤਿਕ ਬੁਰਕੇ ਵਾਲਾ ਵਪਾਰ - ਇਹ ਸਭ ਕੁਛ ਆਪਸ 'ਚ ਗੁੰਦਿਆ ਹੋਇਆ ਹੈ। ਇਸ ਸਭ ਕਾਸੇ ਦਰਮਿਆਨ ਪਾਖੰਡ ਤਾਂ ਬਹੁਤ ਮਾਮੂਲੀ ਚੀਜ਼ ਹੈ। ਉਸ ਦੀ ਪ੍ਰਵਾਹ ਕਿਸ ਨੂੰ ਹੈ।

ਇਸ ਸਭ ਦੇ ਬਾਵਜੂਦ ਇਹ ਜ਼ਰੂਰੀ ਹੈ ਕਿ ਦੁਨੀਆ ਭਰ ਦੀਆਂ ਸਰਕਾਰਾਂ ਘੱਟੋਘੱਟ ਐਨਾ ਕੁ ਇਸ਼ਾਰਾ ਲਾਜ਼ਮੀ ਕਰਨ ਕਿ ਉਹ ਜਾਣਦੀਆਂ ਹਨ ਕਿ ਇੱਥੇ ਕੀ ਹੋ ਰਿਹਾ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਇਸ ਨਾਲ ਉਨ੍ਹਾਂ ਪੱਤਰਕਾਰਾਂ ਨੂੰ ਥੋੜ੍ਹੀ ਮਜ਼ਬੂਤੀ ਅਤੇ ਸੁਰੱਖਿਆ ਮਿਲੇਗੀ ਜੋ ਕੁਛ ਆਨਲਾਈਨ ਮੀਡੀਆ ਮੰਚਾਂ ਦੇ ਲਈ ਖ਼ਤਰਾ ਮੁੱਲ ਲੈ ਕੇ ਲਿਖ ਰਹੇ ਹਨ; ਉਨ੍ਹਾਂ

ਕਾਰਕੁੰਨਾਂ, ਫਿਲਮਸਾਜ਼ਾਂ, ਵਕੀਲਾਂ ਅਤੇ ਪ੍ਰਦਰਸ਼ਨਕਾਰੀਆਂ ਨੂੰ ਰਾਹਤ ਮਿਲੇਗੀ ਜਿਨ੍ਹਾਂ ਨੇ ਇਸ ਹਕੂਮਤ ਦੇ ਖ਼ਿਲਾਫ਼ ਡੱਟ ਕੇ ਸਭ ਕੁਛ ਦਾਅ 'ਤੇ ਲਾਇਆ ਹੋਇਆ ਹੈ। ਜਿਵੇਂ ਕਿ ਮੈਂ ਕਿਹਾ, ਅਸੀਂ ਨਦੀ ਦੇ ਜਿਸ ਕੰਢੇ 'ਤੇ ਖੜ੍ਹੇ ਹਾਂ, ਜਿਸ ਜ਼ਮੀਨ ਉੱਪਰ ਖੜ੍ਹੇ ਹਾਂ, ਉਹ ਬਹੁਤ ਤੇਜ਼ੀ ਨਾਲ ਧਸ ਰਹੀ ਹੈ। ਅਸੀਂ ਉਸ ਵਿਚ ਹੜ੍ਹ ਜਾਣ ਦੇ ਕੰਢੇ 'ਤੇ ਖੜ੍ਹੇ ਹਾਂ।

**ਐਮਿਲੀ ਟੈਮਕਿਨ**: ਤੁਸੀਂ ਲੰਮੇ ਸਮੇਂ ਤੋਂ ਵਿਸ਼ਵੀਕਰਨ, ਸਰਮਾਏਦਾਰੀ, ਵਾਤਾਵਰਣ ਦੀ ਮਨੁੱਖੀ ਦੁਰਵਰਤੋਂ ਅਤੇ ਰਾਸ਼ਟਰਵਾਦ ਦੇ ਆਲੋਚਕ ਰਹੇ ਹੋ। ਕੀ ਤੁਹਾਨੂੰ ਲੱਗਦਾ ਹੈ ਕਿ ਆਖ਼ਿਰਕਾਰ ਇਸ ਨੂੰ ਸਵੀਕਾਰਿਆ ਗਿਆ ਹੈ ਇਹ ਚੀਜ਼ਾਂ ਆਪਸ ਵਿਚ ਜੁੜੀਆਂ ਹੋਈਆਂ ਹਨ? ਜਾਂ ਹੁਣ ਵੀ ਅਸੀਂ ਚੀਜ਼ਾਂ ਨੂੰ ਇਕ ਦੂਜੇ ਨਾਲ ਜੋੜੇ ਬਿਨਾਂ ਮੁਖ਼ਾਤਿਬ ਹੋਣ ਦੀ ਕੋਸ਼ਿਸ਼ ਕਰ ਰਹੇ ਹਾਂ?

**ਅਰੁੰਧਤੀ ਰਾਏ**: ਹਾਂ, ਕੁਛ ਹਲਕਿਆਂ 'ਚ ਇਹ ਸਮਝਦਾਰੀ ਵਿਕਸਿਤ ਤਾਂ ਹੋਈ ਹੈ। ਅਤੇ ਇਹ ਕਈ ਵਿਅਕਤੀਆਂ ਦੀਆਂ ਕਈ ਵਰ੍ਹਿਆਂ ਦੀਆਂ ਅਣਥੱਕ ਕੋਸ਼ਿਸ਼ਾਂ ਦੀ ਬਦੌਲਤ ਸੰਭਵ ਹੋਈ ਹੈ। ਲੇਕਿਨ ਇਹ ਕਹਿਣਾ ਪਵੇਗਾ ਕਿ ਵਾਤਾਵਰਣ ਦੀ ਤਬਾਹੀ ਸੋਵੀਅਤ ਸੰਘ ਅਤੇ ਚੀਨ ਦੀ ਸਰਕਾਰ ਨੇ ਵੀ ਬੜੇ ਪੈਮਾਨੇ 'ਤੇ ਕੀਤੀ ਹੈ। ਜਦ ਵਾਤਾਵਰਣ ਦੀ ਤਬਾਹੀ ਦੀ ਗੱਲ ਆਉਂਦੀ ਹੈ ਤਾਂ ਰਾਜਕੀ ਸਰਮਾਏਦਾਰੀ ਅਤੇ ਮੰਡੀ 'ਤੇ ਆਧਾਰਿਤ ਸਰਮਾਏਦਾਰੀ ਦੋਨਾਂ ਦਾ ਸੰਚਾਲਨ ਇੱਕੋ ਕਲਪਨਾ ਕਰਦੀ ਹੈ - ਉਹ ਧਰਤੀ ਨੂੰ ਇਕ ਐਸੇ ਵਸੀਲੇ ਦੇ ਰੂਪ 'ਚ ਦੇਖਦੇ ਹਾਂ ਜਿਸ ਨੂੰ ਮਨੁੱਖੀ ਸਮਾਜ ਆਪਣੀਆਂ ਗ਼ਲਬੇ ਦੀਆਂ ਲੜਾਈਆਂ 'ਚ ਰੱਜ ਕੇ ਲੁੱਟਦਾ ਹੈ, ਆਪਣੇ ਆਪ ਨੂੰ ਅਤੇ ਜਿੱਥੇ ਇਹ ਰਹਿ ਰਿਹਾ ਹੈ ਉਸ ਨੂੰ ਤਬਾਹ ਕਰ ਦੇਣ ਦੀ ਕੀਮਤ 'ਤੇ ਵੀ - ਇਹ ਵਿਆਪਕ ਤਬਾਹੀ ਦੇ ਹਥਿਆਰਾਂ ਦੇ ਮੂਲ ਤਰਕ ਨਾਲ ਮਿਲਦੀ-ਜੁਲਦੀ ਗੱਲ ਹੈ।

ਹੁਣ ਸਰਮਾਏਦਾਰੀ ਖ਼ੁਦ ਕਤਲੇਆਮ/ਤਬਾਹੀ ਦਾ ਹਥਿਆਰ ਬਣ ਚੁੱਕੀ ਹੈ। ਅਸੀਂ ਇਹ ਗੱਲ ਜਾਣਦੇ ਹਾਂ, ਲੇਕਿਨ ਇਹ ਤਕਰੀਬਨ ਇਕ ਸਰਵਵਿਆਪਕ ਧਰਮ ਦਾ ਰੂਪ ਅਖ਼ਤਿਆਰ ਕਰ ਚੁੱਕਾ ਹੈ, ਦੇਵਤਿਆਂ ਦੇ ਮਹਾ ਦੇਵਤੇ ਦੀ ਤਰ੍ਹਾਂ। ਅਸੀਂ ਨਹੀਂ ਜਾਣਦੇ ਕਿ ਇਸ ਦੀ ਵੇਦੀ ਉੱਪਰ ਮੱਥਾ ਟੇਕਣ ਤੋਂ ਆਪਣੇ ਆਪ ਨੂੰ ਕਿਵੇਂ ਰੋਕਿਆ ਜਾਵੇ। ਮਿਸਾਲ ਵਜੋਂ, ਭਾਰਤ ਇਕ ਪ੍ਰਯੋਗਸ਼ਾਲਾ ਬਣ ਚੁੱਕਾ ਹੈ ਜਿੱਥੇ ਸਾਫ਼ ਨਜ਼ਰ ਆਉਂਦਾ ਹੈ ਕਿ ਇਕ ਪ੍ਰਯੋਗ ਦੇ ਤਹਿਤ ਧਰਮ, ਰਾਸ਼ਟਰਵਾਦ ਅਤੇ ਸਰਮਾਏਦਾਰੀ ਨੂੰ ਮਿਲਾ ਕੇ ਇਕ ਮਦਹੋਸ਼ ਕਰਨ ਵਾਲਾ ਅਰਕ ਬਣਾ ਲਿਆ ਗਿਆ ਹੈ। ਇਤਿਹਾਸ ਗਵਾਹ ਹੈ ਕਿ ਇਹ ਮੰਨਣਾ ਹਮੇਸ਼ਾ ਸਹੀ ਨਹੀਂ ਹੁੰਦਾ ਕਿ ਲੋਕ ਤਰਕ ਨਾਲ ਸੋਚਣ ਵਾਲੇ ਬਣ ਜਾਣਗੇ ਅਤੇ ਖ਼ੁਦ ਆਪਣੇ ਪਦਾਰਥਕ ਹਿਤਾਂ ਅਤੇ ਹੋਂਦ ਦੀ ਤਲਾਸ਼ ਕਰਨਗੇ। ਮੈਂ ਆਪਣੇ ਗੁਆਂਢ 'ਚ ਰਹਿਣ ਵਾਲੇ ਇਕ ਵਿਅਕਤੀ ਨੂੰ ਹੁਣ ਤੱਕ ਸਮਝਣ ਦੀ ਕੋਸ਼ਿਸ਼ ਕਰਦੀ ਰਹੀ ਹਾਂ, ਜੋ ਮੇਰੇ ਇਕ ਦੋਸਤ ਦੇ ਦੋਸਤ ਸਨ। ਮੋਦੀ ਵੱਲੋਂ ਲਿਆਂਦੀ ਨੋਟਬੰਦੀ ਦੌਰਾਨ ਆਪਣੀ ਨੌਕਰੀ ਗੁਆ ਲੈਣ ਤੋਂ ਬਾਦ ਅਤੇ ਫਿਰ ਕੋਵਿਡ ਦੌਰਾਨ ਥੋਪੇ ਅਣਮਨੁੱਖੀ ਲਾਕਡਾਊਨ ਦੇ ਬਾਵਜੂਦ ਉਹ ਮੋਦੀ ਦਾ ਵਫ਼ਾਦਾਰ ਪ੍ਰਸ਼ੰਸਕ ਬਣਿਆ ਰਿਹਾ। ਪਿਛਲੇ ਹਫ਼ਤੇ ਜਦ ਉਸ ਨੇ ਫਾਹਾ ਲਿਆ, ਉਸ ਤੋਂ ਇਕ ਦਿਨ ਪਹਿਲਾਂ ਤੱਕ ਉਹ ਆਪਣੇ ਨਾਇਕ ਮੋਦੀ ਦੀਆਂ ਤਾਰੀਫ਼ਾਂ ਕਰ ਰਿਹਾ ਸੀ। ਵਾਕਈ, ਮਰਦੇ ਦਮ ਤੱਕ ਉਹ ਭਗਤ ਬਣਿਆ ਰਿਹਾ।

**ਐਮਿਲੀ ਟੈਮਕਿਨ**: ਕੀ ਸਾਹਿਤ ਨੂੰ 'ਰਾਜਨੀਤਕ' ਹੋਣਾ ਚਾਹੀਦਾ ਹੈ, ਇਸ ਵਿਸ਼ੇ 'ਤੇ ਅਮਰੀਕਾ 'ਚ ਪਿਛਲੇ ਸਾਲ ਇਕ ਸੰਵਾਦ ਚੱਲਿਆ ਸੀ। ਤੁਸੀਂ ਇਸ ਬਾਰੇ ਕੀ ਸੋਚਦੇ ਹੋ? ਕਿਉਂਕਿ ਤੁਸੀਂ ਗਲਪ ਅਤੇ ਗ਼ੈਰਗਲਪੀ ਵਾਰਤਕ ਦੋਨੋਂ ਲਿਖਦੇ ਹੋ, ਤਾਂ ਕੀ ਤੁਹਾਨੂੰ ਲੱਗਦਾ ਹੈ ਕਿ ਦੋਨਾਂ ਨੂੰ ਇੱਕੋ ਰਾਜਨੀਤਕ ਸਥਾਨ ਉੱਪਰ ਰੱਖਿਆ ਜਾ ਸਕਦਾ ਹੈ ਜਾਂ ਫਿਰ ਗਲਪ ਅਤੇ ਗ਼ੈਰਗਲਪੀ ਵਾਰਤਕ ਦੇ ਲਈ ਵੱਖੋ-ਵੱਖਰੇ ਨਿਯਮ ਹਨ?

**ਅਰੁੰਧਤੀ ਰਾਏ**: ਇਸ ਬਹਿਸ 'ਚ ਕੁਛ ਵੀ ਨਵਾਂ ਨਹੀਂ ਹੈ। ਘੁੰਮ-ਫਿਰ ਕੇ ਉਹੀ ਬਹਿਸ ਮੁੜ-ਮੁੜ ਆਉਂਦੀ ਹੈ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਤੁਸੀਂ 'ਰਾਜਨੀਤਕ' ਨੂੰ ਕੋਟ ਮਾਰਕ 'ਚ ਹੋਣ ਵੱਲ ਸੈਨਤ ਕੀਤੀ ਹੈ, ਕਿਉਂਕਿ ਇਹ ਦੱਸਣ ਵਾਲਾ ਕੌਣ ਹੈ ਕਿ ਕੀ ਰਾਜਨੀਤਕ ਹੈ ਅਤੇ ਕੀ ਨਹੀਂ ਹੈ? ਆਖ਼ਿਰਕਾਰ, ਅਸੀਂ ਜੋ ਲਿਖਦੇ ਹਾਂ ਉਸ ਵਿਚ ਆਪਣੇ ਹਿਸਾਬ ਨਾਲ ਚੀਜ਼ਾਂ ਚੁਣਦੇ ਹਾਂ - ਮਿਸਾਲ ਵਜੋਂ, ਸਾਨੂੰ ਕੀ ਪ੍ਰੇਰਿਤ ਕਰਦਾ ਹੈ ਅਤੇ ਕੀ ਨਹੀਂ ਕਰਦਾ ਹੈ, ਕੀ ਮਹੱਤਵਪੂਰਨ ਹੈ ਅਤੇ ਕੀ ਨਹੀਂ ਹੈ, ਅਸੀਂ ਕਿਨ੍ਹਾਂ ਚੀਜ਼ਾਂ ਨੂੰ ਸ਼ਾਮਲ ਕਰਨਾ ਹੈ ਅਤੇ ਕਿਨ੍ਹਾਂ ਨੂੰ ਛੱਡ ਦੇਣਾ ਹੈ? .... ਇਹਨਾਂ ਚੀਜ਼ਾਂ ਦੇ ਮਿਸ਼ਰਣ 'ਚੋਂ ਹੀ ਸਾਡੀ ਰਾਜਨੀਤੀ ਨਿਕਲਦੀ ਹੈ। ਇਹੀ ਗੱਲ ਪ੍ਰਕਾਸ਼ਕਾਂ ਉੱਪਰ ਵੀ ਲਾਗੂ ਹੁੰਦੀ ਹੈ। ਇਸ ਸਵਾਲ ਉੱਪਰ ਵਿਚਾਰ ਕਰਨਾ ਤਾਂ ਬਾਦ ਦੀ ਗੱਲ ਹੈ, ਇਸ ਨੂੰ ਜਾਇਜ਼ ਮੰਨਣ ਦੀ ਸਹੂਲਤ ਦਾ ਬੋਝ ਵੀ ਅੱਯਾਸ਼ੀ ਦੀ ਸੋਚ ਵਾਲੇ ਤਬਕਿਆਂ, ਜਾਤੀਆਂ, ਨਸਲਾਂ ਅਤੇ ਲਿੰਗ ਵਾਲੇ ਲੋਕ ਹੀ ਚੁੱਕ ਸਕਦੇ ਹਨ, ਜਦਕਿ ਬਾਕੀਆਂ ਲਈ ਤਾਂ ਕੋਈ ਬਦਲ ਹੀ ਨਹੀਂ ਹੈ - ਕਿਉਂਕਿ ਰਾਜਨੀਤੀ ਸਾਡੀ ਜ਼ਿੰਦਗੀ 'ਚ, ਸਾਡੇ ਘਰਾਂ 'ਚ, ਇੱਥੋਂ ਤੱਕ ਸਾਡੇ ਬਿਸਤਰ 'ਚ ਅਤੇ ਸਾਡੀ ਦੇਹ ਵਿਚ ਵੀ ਘੁਸਪੈਠ ਕਰ ਚੁੱਕੀ ਹੈ।

ਇਸ ਉੱਪਰ ਡੂੰਘਾਈ 'ਚ ਸੋਚਣ ਵਾਲੇ ਕਿਸੇ ਵੀ ਵਿਅਕਤੀ ਨੂੰ ਇਮਾਨੀ ਪੇਰੀ ਦੀ ਜੀਵਨੀ 'ਲੁਕਿੰਗ ਫਾਰ ਲਾਰੇਨ: ਦੀ ਰੇਡੀਐਂਟ ਐਂਡ ਰੈਡੀਕਲ ਲਾਈਫ਼ ਆਫ਼ ਲੌਰੇਨ ਹੈਂਸਬੇਰੀ'' Looking for Lorraine: The Radiant and Radical Life of Lorraine Hansberry ਜ਼ਰੂਰ ਪੜ੍ਹਨੀ ਚਾਹੀਦੀ ਹੈ। ਲਾਰੇਨ ਹੈਂਸਬੇਰੀ ਇਕ ਲੇਖਿਕਾ ਸੀ, ਵਧੀਆ ਦੋਸਤ ਸੀ ਅਤੇ ਜੇਮਸ ਬਾਲਡਿਨ ਦੀ ਸਰਪ੍ਰਸਤ ਰਹੀ ਸੀ। ਜਿੱਥੋਂ ਤੱਕ ਤੁਹਾਡਾ ਇਹ ਸਵਾਲ ਹੈ ਕਿ ਗਲਪ ਅਤੇ ਗ਼ੈਰਗਲਪੀ ਵਾਰਤਕ ਦੇ ਲਈ ਵੱਖ-ਵੱਖ ਵਿਧਾਨ ਹੋਣੇ ਚਾਹੀਦੇ ਹਨ ਜਾਂ ਨਹੀਂ - ਇਸ ਬਾਰੇ ਮੈਂ ਆਪਣੀ ਹਾਲੀਆ ਕਿਤਾਬ 'ਆਜ਼ਾਦੀ' 'ਚ ਥੋੜ੍ਹਾ ਤਫ਼ਸੀਲ ਨਾਲ ਲਿਖਿਆ ਹੈ। ਕੁਲ ਮਿਲਾ ਕੇ ਮੈਂ ਸਿਰਫ਼ ਇਹੀ ਕਹਿ ਸਕਦੀ ਹਾਂ ਕਿ ਇਕ ਹੀ ਨਿਯਮ ਹੈ: ਦੋਨੋਂ ਜਿੰਨੇ ਬਿਹਤਰ ਹੋਣ ਉਨਾ ਹੀ ਵਧੀਆ ਹੈ। ਮਾੜੀ ਕਲਾ ਲਈ ਕੋਈ ਬਹਾਨਾ ਨਹੀਂ ਹੋ ਸਕਦਾ - ਸਹੀ ਰਾਜਨੀਤੀ ਵੀ ਨਹੀਂ।

**ਐਮਿਲੀ ਟੈਮਕਿਨ**: ਪਿਛਲੇ ਸਾਲ ਇਸੇ ਵਕਤ ਤੁਸੀਂ ਲਿਖਿਆ ਸੀ ਕਿ ਮਹਾਮਾਰੀ ਇਕ ਲਾਂਘਾ ਹੈ ਅਤੇ ਇਹ ਕਿ ''ਚੋਣ ਅਸੀਂ ਕਰਨੀ ਹੈ ਕਿ ਅਸੀਂ ਆਪਣੇ ਮੁਤਅੱਸਬਾਂ ਅਤੇ ਨਫ਼ਰਤਾਂ, ਆਪਣੇ ਲੋਭ, ਆਪਣੇ ਡੇਟਾ ਬੈਂਕਾਂ ਅਤੇ ਮੁਰਦਾ ਵਿਚਾਰਾਂ, ਆਪਣੀਆਂ ਮ੍ਰਿਤਕ ਨਦੀਆਂ ਅਤੇ ਧੂੰਏ ਭਰੇ ਅੰਬਰਾਂ ਦੀਆਂ ਲਾਸ਼ਾਂ ਨੂੰ ਢੋਂਦੇ ਹੋਏ ਇਸ ਵਿਚ ਪ੍ਰਵੇਸ਼ ਕਰਨਾ ਹੈ। ਜਾਂ ਫਿਰ ਅਸੀਂ ਅਤੀਤ ਦਾ ਬੋਝ ਢੋਏ ਬਗ਼ੈਰ ਹੌਲੇ ਫੁੱਲ ਹੋ ਕੇ ਇਕ ਨਵੀਂ ਦੁਨੀਆ ਤਸੱਵਰ ਕਰਨੀ ਹੈ, ਉਸ ਦੇ ਲਈ ਸੰਘਰਸ਼ ਲਈ ਤਿਆਰ ਹੋਣਾ ਹੈ।'' ਮੈਂ ਇਸ ਗੱਲ ਨੂੰ ਲੈ ਕੇ ਥੋੜ੍ਹੀ ਉਤਸੁਕ ਹਾਂ ਕਿ ਅਸੀਂ (ਚਾਹੇ ਤੁਸੀਂ 'ਆਪ' ਨੂੰ ਜਿਵੇਂ ਵੀ ਪ੍ਰਭਾਸ਼ਿਤ ਕਰੋ) ਆਪਣੇ ਲਈ ਇਸ ਵਿਚ ਕੀ ਚੁਣਿਆ ਹੈ? ਦੂਜੇ ਤਰੀਕੇ ਨਾਲ ਕਹੀਏ ਤਾਂ, ਕੀ ਤੁਹਾਨੂੰ ਲੱਗਦਾ ਹੈ ਕਿ ਅਸੀਂ ਮਹਾਮਾਰੀ ਤੋਂ ਕੁਛ ਸਿੱਖਿਆ ਹੈ?

**ਅਰੁੰਧਤੀ ਰਾਏ**: ਅਸੀਂ ਹੁਣ ਵੀ ਉਸੇ ਲਾਂਘੇ ਉੱਪਰ ਅੱਗੇ ਵਧ ਰਹੇ ਹਾਂ। ਅਸੀਂ ਉੱਥੋਂ ਬਾਹਰ ਨਹੀਂ ਨਿਕਲੇ ਹਾਂ। ਅਸੀਂ ਹੁਣ ਤੱਕ ਇਹ ਨਹੀਂ ਜਾਣਦੇ ਕਿ ਇਸ ਕਹਿਰ ਦਾ ਨਤੀਜਾ ਕੀ ਹੋਵੇਗਾ। ਇਸ ਲਈ ਮੈਂ ਆਪਣੇ ਲੇਖ 'ਚ 'ਅਸੀਂ' ਸ਼ਬਦ ਦਾ ਇਸਤੇਮਾਲ ਇਕ ਆਲੰਕਾਰ ਦੇ ਰੂਪ 'ਚ ਕੀਤਾ ਸੀ - 'ਅਸੀਂ' ਭਾਵ ਮਨੁੱਖੀ ਨਸਲ। ਇਹ ਮਹਾਮਾਰੀ ਇਕ ਐਕਸਰੇ ਦੀ ਤਰ੍ਹਾਂ ਹੈ ਜਿਸ ਨੇ ਸਾਡੀ ਘਣਘੋਰ ਅਨਿਆਂਪੂਰਨ ਦੁਨੀਆ ਦੀ ਭਿਆਨਕਤਾ, ਸਰਵਵਿਆਪਕਤਾ, ਸੰਸਥਾਗਤ ਦਰਾੜਾਂ ਨੂੰ ਉਘਾੜ ਕੇ ਸਾਹਮਣੇ ਲੈ ਆਂਦਾ। ਮੈਂ ਨਿਸ਼ਚੇ ਹੀ ਮੰਨਦੀ ਹਾਂ ਕਿ ਉਮੀਦ ਹੁਣ ਵੀ ਬਾਕੀ ਹੈ ਕਿਉਂਕਿ ਕੋਵਿਡ-19 ਦੇ ਚੱਲਦਿਆਂ ਮਨੁੱਖ ਨੂੰ ਜੋ ਸਰੀਰਿਕ ਅਤੇ ਮਨੋਵਿਗਿਆਨ ਪੀੜਾ ਝੱਲਣੀ ਪਈ ਹੈ ਉਹ ਉਸ ਨੂੰ ਆਪਣੀ ਜ਼ਿੰਦਗੀ, ਮੁੱਲਾਂ, ਖਵਾਇਸ਼ਾਂ ਅਤੇ ਇੱਛਾਵਾਂ ਦਾ ਪੁਨਰ-ਮੁਲਾਂਕਣ ਕਰਨ ਲਈ ਮਜਬੂਰ ਕਰੇਗੀ। ਸਰਕਾਰਾਂ, ਬਾਇਓਟੈੱਕ ਕੰਪਨੀਆਂ ਜਾਂ ਬੈਂਕਾਂ ਬਾਰੇ ਮੈਂ ਇਹ ਗੱਲ ਕਹਿ ਨਹੀਂ ਸਕਦੀ, ਲੇਕਿਨ ਖ਼ਪਤਵਾਦ ਨਾਲ ਹੁਣ ਤੱਕ ਸੰਚਾਲਿਤ ਹੁੰਦਾ ਆਇਆ ਮਨੁੱਖੀ ਸਮਾਜ ਜੇ ਅਚਾਨਕ ਰੁਕ ਕੇ ਪਲ ਭਰ ਲਈ ਵੀ ਕੁਛ ਸੋਚਦਾ ਹੈ, ਤਾਂ ਇਹ ਹਕੀਕੀ ਬਦਲਾਓ ਨੂੰ ਪ੍ਰੇਰਿਤ ਕਰ ਸਕਦਾ ਹੈ। ਦੂਜਾ ਰਸਤਾ ਇਹ ਹੋਵੇਗਾ ਕਿ ਅਸੀਂ ਐਮਾਜਾਨ-ਟਵਿੱਟਰ ਵਾਲੇ ਨਿਗਰਾਨ ਸਟੇਟ ਦੀ ਦੁਨੀਆ 'ਚ ਜ਼ਾਂਬੀ ਦੀ ਤਰ੍ਹਾਂ ਟਹਿਲਦੇ ਹੋਏ ਚੁੱਪਚਾਪ ਪ੍ਰਵੇਸ਼ ਕਰ ਜਾਈਏ।

**ਐਮਿਲੀ ਟੈਮਕਿਨ**: ਅਤੇ ਅੰਤ 'ਚ, ਭਾਰਤ 'ਚ ਰਹਿੰਦੇ ਹੋਏ (ਜਾਂ ਕਿਤੇ ਵੀ) ਇਕ ਹੋਰ ਦੁਨੀਆ ਦੀ ਕਲਪਨਾ ਕਿਵੇਂ ਨਜ਼ਰ ਆਉਂਦੀ ਹੈ?

**ਅਰੁੰਧਤੀ ਰਾਏ**: ਸਾਨੂੰ ਉਸ ਦੀ ਕਲਪਨਾ ਕਰਨ ਦੀ ਜ਼ਰੂਰਤ ਨਹੀਂ ਹੈ। ਸਾਨੂੰ ਉਸ ਦੀ ਤਲਾਸ਼ ਕਰਨੀ ਹੋਵੇਗੀ ਕਿਉਂਕਿ ਉਹ ਦੁਨੀਆ ਤਾਂ ਪਹਿਲਾਂ ਹੀ ਮੌਜੂਦ ਹੈ।

[ਦੀ ਨਿਊ ਸਟੇਟਸਮੈਨ ਦੇ ਧੰਨਵਾਦ]

# ਅਲੌਕਿਕਤਾ/ਕਲਾ ਵਰਤਣੀ ਬਨਾਮ ਵਿਗਿਆਨਕ ਸੋਚ

ਬਾਈ ਅਵਤਾਰ ਕੈਨੇਡਾ
604-728-7011

26 ਨਵੰਬਰ 2020 ਤੋਂ ਲੈਕੇ ਅੱਜ ਤੱਕ ਕਿਸਾਨ ਵਿਰੋਧੀ ਤਿੰਨ ਕਾਨੂੰਨ ਵਾਪਸ ਕਰਵਾਉਣੇ, ਐੱਮ ਐੱਸ ਪੀ (ਯਾਨੀ ਕਿਸਾਨੀ ਜਿਣਸਾਂ ਦਾ ਘੱਟੋ ਘੱਟ ਖਰੀਦ ਮੁੱਲ) ਦੀ ਗਰੰਟੀ ਭਾਵ ਕਨੂੰਨੀ ਰੂਪ ਦਵਾਉਣ ਲਈ ਵਿਸ਼ਾਲ ਕਿਸਾਨ ਅੰਦੋਲਨ ਦਿੱਲੀ ਦੀਆਂ ਸੜਕਾਂ ਤੇ ਲਗਾਤਾਰ ਚੱਲ ਰਿਹਾ ਹੈ। ਭਾਵੇਂ ਇਹ ਮੰਗਾਂ ਕੱਲੀ ਕਿਸਾਨੀ ਨਾਲ ਸਬੰਧਿਤ ਨਹੀਂ ਹਨ ਤੇ ਪੂਰੇ ਦੇਸ਼ਵਾਸੀਆਂ ਤੇ ਅਸਰਅੰਦਾਜ਼ ਹਨ ਪਰ ਇਸ ਘੋਲ ਦੀ ਅਗਵਾਈ ਕਿਸਾਨੀ ਕਰ ਰਹੀ ਹੈ ਕਿਓਂਕਿ ਸਭਤੋਂ ਪਹਿਲਾਂ ਇਨ੍ਹਾਂ ਕਾਨੂੰਨਾਂ ਦੀ ਮਾਰ ਕਿਸਾਨਾਂ ਤੇ ਹੀ ਪੈਣੀ ਹੈ ਤੇ ਖਾਸ ਗੱਲ ਇਹ ਵੀ ਹੈ ਕਿ ਪੰਜਾਬ ਦੇ ਕਿਸਾਨਾਂ ਨੇ ਇਸ ਦੀ ਪਹਿਲਕਦਮੀ ਹੀ ਨਹੀਂ ਕੀਤੀ ਸਗੋਂ ਅਗਵਾਈ ਕੀਤੀ ਤੇ ਅੱਜ ਪੂਰੇ ਭਾਰਤ ਦੇ ਕਿਸਾਨ ਤੇ ਹੋਰ ਤਬਕਿਆਂ ਸਮੇਤ ਇਸ ਅੰਦੋਲਨ ਨੂੰ ਵਿਦੇਸ਼ਾਂ ਤੋਂ ਵੀ ਪੂਰੀ ਹਮਾਇਤ ਮਿਲ ਰਹੀ ਹੈ। ਪੰਜਾਬ ਵਿੱਚ ਇਸ ਘੋਲ ਦੀ ਸ਼ੁਰੂਆਤ ਕਿਸਾਨ ਜਥੇਬੰਦੀਆਂ ਨੇ 5 ਜੂਨ 20 ਨੂੰ (ਜਦੋਂ ਮੋਦੀ ਸਰਕਾਰ ਨੇ ਇਹ ਕਾਨੂੰਨ ਚੋਰ ਮੋਰੀ ਰਾਹੀਂ ਆਰਡੀਨੈਂਸ ਦੇ ਰੂਪ ਵਿਚ ਲਿਆਂਦੇ ਸਨ) ਤੋਂ ਹੀ ਕਰ ਦਿੱਤੀ ਸੀ। ਪਹਿਲਾਂ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਕੋਠੀਆਂ ਦੇ ਬਾਹਰ ਧਰਨੇ ਲਗਾਕੇ ਰੋਸ ਪ੍ਰਦਰਸ਼ਨ ਦੇ ਰੂਪ ਵਿੱਚ ਸ਼ੁਰੂ ਕੀਤਾ, ਉਸਤੋਂ ਬਾਅਦ ਟੋਲ ਪਲਾਜ਼ੇ ਖੁੱਲਵਾਏ ਅਤੇ ਉਥੇ ਧਰਨੇ ਲਾਏ ਫੇਰ ਉਨ੍ਹਾਂ ਰੇਲਾਂ ਰੋਕੀਆਂ ਤੇ ਫੇਰ 26 ਨਵੰਬਰ ਨੂੰ ਦਿੱਲੀ ਵੱਲ ਕੂਚ ਕਰਨ ਦਾ ਸੱਦਾ ਦਿੱਤਾ। ਇਸ ਸਮੇਂ ਦੁਰਾਨ ਲਾਮਬੰਦੀ ਹੋ ਚੁੱਕੀ ਸੀ ਤੇ ਲੋਕਾਂ ਵਿੱਚ ਇਨ੍ਹਾਂ ਕਾਨੂੰਨਾਂ ਬਾਰੇ ਪੂਰੀ ਜਾਗਰੂਕਤਾ ਪੈਦਾ ਹੋ ਚੁੱਕੀ ਸੀ ਤੇ ਕਾਨੂੰਨਾਂ ਪ੍ਰਤੀ ਰੋਹ ਵੱਧ ਰਿਹਾ ਸੀ। ਲੋਕਾਂ ਨੇ ਪੂਰੇ ਜੋਸ਼ ਨਾਲ ਦਿੱਲੀ ਜਾਣ ਦਾ ਮਨ ਬਣਾ ਲਿਆ ਤੇ ਤਿਆਰੀ ਕਰ ਲਈ। ਲੱਖਾਂ ਲੋਕ ਸਾਰੀਆਂ ਰੁਕਾਵਟਾਂ ਤੋੜਦੇ ਹੋਏ ਦਿੱਲੀ ਪਹੁੰਚ ਗਏ ਜਿਨ੍ਹਾਂ ਵਿਚ ਹਜ਼ਾਰਾਂ ਔਰਤਾਂ ਵੀ ਸ਼ਾਮਲ ਹਨ। ਅੱਜ 26 ਮਾਰਚ ਤੱਕ ਲੋਕਾਂ ਨੂੰ ਉਥੇ ਬੈਠਿਆਂ ਪੂਰੇ ਚਾਰ ਮਹੀਨੇ ਹੋ ਗਏ ਹਨ, ਗਿਆਰਾਂ ਮੀਟਿੰਗਾਂ ਸਰਕਾਰ ਨਾਲ ਹੋ ਚੁੱਕੀਆਂ ਹਨ ਪਰ ਸਰਕਾਰ ਤਿੰਨੇ ਕਾਨੂੰਨ ਰੱਦ ਕਰਨੇ ਮੰਨ ਨਹੀਂ ਰਹੀ ਤੇ ਲੋਕ ਬਜ਼ਿਦ ਹਨ ਕਿ ਅਸੀਂ ਤਿੰਨੇ ਕਾਨੂੰਨ ਰੱਦ ਕਰਵਾਏ ਬਿਨਾ ਵਾਪਿਸ ਨਹੀਂ ਜਾਵਾਂਗੇ। ਕੀ ਹੋਵੇਗਾ ਕੀ ਨਹੀਂ ਇਹ ਭਵਿੱਖ ਦੇ ਗਰਭ ਵਿੱਚ ਹੈ ਪਰ ਪੂਰੀ ਉਮੀਦ ਹੈ ਜਿਸ ਤਰ੍ਹਾਂ ਸੰਘਰਸ਼ ਅਨੁਸ਼ਾਸ਼ਿਤ ਅਤੇ ਸ਼ਾਂਤਮਈ ਚੱਲ ਰਿਹਾ ਹੈ ਜਿੱਤ ਕਿਸਾਨਾਂ ਦੀ ਹੀ ਹੋਵੇਗੀ। ਇਸ ਅੰਦੋਲਨ ਵਿਚ ਸ਼ਮੂਲੀਅਤ ਕਰ ਰਹੇ ਸਮੁੱਚੇ ਅੰਦੋਲਨਕਾਰੀ ਇੱਕਜੁੱਟ ਹਨ ਪਰ ਸਾਰੇ ਲੋਕਾਂ ਦਾ ਅੰਦੋਲਨ ਪ੍ਰਤੀ ਸੋਚਣ ਢੰਗ ਇੱਕੋ ਜਿਹਾ ਨਾ ਹੋਣ ਕਾਰਨ ਹਰ ਇੱਕ ਇਸ ਅੰਦੋਲਨ ਨੂੰ ਆਪੋ ਆਪਣੇ ਨਜ਼ਰੀਏ ਨਾਲ ਦੇਖਦਾ ਹੈ। ਕੋਈ ਇਸਨੂੰ ਵਿਗਿਆਨਕ ਨਜ਼ਰੀਏ ਤੋਂ ਤਾਂ ਕੋਈ ਇਸਨੂੰ ਧਾਰਮਿਕ ਅਤੇ ਕੋਈ ਅਲੌਕਿਕ ਨਜ਼ਰੀਏ ਤੋਂ ਦੇਖਦਾ ਹੈ। ਜੇਕਰ ਅਸੀਂ ਇਸ ਅੰਦੋਲਨ ਦੇ ਸਮੁੱਚੇ ਵਰਤਾਰੇ ਨੂੰ ਦੇਖਦੇ ਹਾਂ ਤਾਂ ਕੁਝ ਸੁਆਲ ਉੱਭਰਕੇ ਸਾਹਮਣੇ ਆਉਂਦੇ ਹਨ ਜੋ ਜੁਆਬ ਮੰਗਦੇ ਹਨ।



ਇੱਕ ਗੱਲ ਸਾਨੂੰ ਸਭਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕੋਈ ਵੀ ਵਰਤਾਰਾ ਬਿਨਾ ਕਾਰਨ ਤੋਂ ਨਹੀਂ ਵਾਪਰਦਾ 'ਤੇ ਮੌਜੂਦਾ ਵਰਤਾਰੇ ਦੇ ਕਾਰਨ ਵੀ ਬੜੇ ਸਪਸ਼ਟ ਹਨ ਕਿ ਅੱਜ ਦੀ ਹਕੂਮਤ ਚਲਾ ਰਹੀ ਇਹ ਸਰਕਾਰ ਕਿਸਾਨ ਵਿਰੋਧੀ ਤਿੰਨ ਕਾਨੂੰਨ ਦੇਸੀ ਧਨਾਢਾਂ ਦੇ ਹੱਕ ਵਿੱਚ ਉਨ੍ਹਾਂ ਦਾ ਕਬਜ਼ਾ ਖੇਤੀ ਖੇਤਰ ਤੇ ਕਰਵਾਉਣ ਲਈ (Word trade orgenization) ਦੀਆਂ ਸ਼ਰਤਾਂ ਦੇ ਅਧੀਨ ਲੈਕੇ ਆਈ ਹੈ। ਅੰਦੋਲਨ ਦੇ ਕਾਰਨ ਜਾਨਣ ਦੇ ਬਾਵਜੂਦ ਵੀ ਜੇਕਰ ਅਸੀਂ ਇਸਨੂੰ ਅਲੌਕਿਕ ਵਰਤਾਰਾ ਜਾਂ ਕਲਾ ਵਰਤਗੀ ਕਹਿੰਦੇ / ਸਮਝਦੇ ਹਾਂ ਤਾਂ ਹੇਠ ਲਿਖੇ ਸੁਆਲ ਪੈਦਾ ਹੋਣੇ ਲਾਜ਼ਮੀ ਹਨ।

ਸੁਆਲ:

1. ਪੂਰੇ ਚਾਰ ਮਹੀਨਿਆਂ (ਯਾਨੀ 26 ਨਵੰਬਰ ਤੋਂ ਅੱਜ 26 ਮਾਰਚ) ਇੱਕੱਲੀ ਦਿੱਲੀ ਵਿੱਚ ਹੀ ਲਗਾਤਾਰ ਚੱਲ ਰਿਹਾ ਇਹ ਸੰਘਰਸ਼ ਕੀ ਕੋਈ ਅਲੌਕਿਕ ਵਰਤਾਰਾ ਹੈ? ਜਾਂ ਸਰਕਾਰ ਵੱਲੋਂ ਪੈਦਾ ਕੀਤਾ ਗਿਆ ਸੰਕਟ ਹੈ? ਜਿਸ ਵਿੱਚ ਕਿਸਾਨੀ ਨੂੰ ਆਪਣਾ ਭਵਿੱਖ ਡੁੱਬਦਾ ਨਜ਼ਰ ਆ ਰਿਹਾ ਹੈ।

2. ਜੇਕਰ ਇਹ ਅਲੌਕਿਕ ਵਰਤਾਰਾ ਹੈ ਤਾਂ ਇਹ ਅਲੌਕਿਕ ਵਰਤਾਰਾ ਸਰਕਾਰੀ ਖੇਮੇ ਵਿੱਚ ਕਿਓਂ ਨਹੀਂ ਵਰਤ ਰਿਹਾ? (ਜੋ ਉਨ੍ਹਾਂ ਨੂੰ ਸੁਮੱਤ ਬਖਸ਼ੇ ਕਿ ਕਿਸਾਨਾਂ ਦੀਆਂ ਮੰਗਾਂ ਤੁਰੰਤ ਮੰਨ ਲਈਆਂ ਜਾਣ)

3. ਇਹ ਅਲੌਕਿਕ ਵਰਤਾਰਾ ਜਿੰਨੀ ਸ਼ਿੱਦਤ ਨਾਲ ਪੰਜਾਬ ਤੋਂ ਸ਼ੁਰੂ ਹੋਕੇ ਹਰਿਆਣਾ, ਪੱਛਮੀ ਯੂਪੀ, ਰਾਜਿਸਥਾਨ, ਮੱਧ ਪ੍ਰਦੇਸ਼, ਗੁਜਰਾਤ, ਪੱਛਮੀ ਬੰਗਾਲ, ਕੇਰਲਾ ਇਤਿਆਦਿਕ ਹੋਰ ਸੂਬਿਆਂ ਵਿੱਚ ਜਿਸ ਮਿਕਦਾਰ ਨਾਲ ਫੈਲਿਆ ਜਾਂ ਫੈਲ ਰਿਹਾ ਹੈ ਤਾਂ ਇਹ ਹੀ ਵਰਤਾਰਾ ਦੂਸਰੇ ਸੂਬਿਆਂ ਵਿੱਚ ਵੀ ਓਨੀ ਹੀ ਸ਼ਿੱਦਤ ਨਾਲ, ਉਸੇ ਹੀ ਸਮੇਂ ਕਿਓਂ ਨਾਂ ਫੈਲਿਆ ?

4. ਅੱਜ ਵੀ ਇਹ ਅਲੌਕਿਕ ਅੰਦੋਲਨ ਸਿਰਫ ਕਿਸਾਨ ਹੀ ਕਿਓਂ ਚਲਾ ਰਹੇ ਹਨ? ਜਦੋਂ ਕਿ ਇਨ੍ਹਾਂ ਕਾਨੂੰਨਾਂ ਦਾ ਬੁਰਾ ਅਸਰ ਸਮੁੱਚੇ ਭਾਰਤ ਵਾਸੀਆਂ ਤੇ ਪਵੇਗਾ? ਦੂਸਰੇ ਵਰਗਾਂ ਦੇ ਲੋਕਾਂ ਨੂੰ ਇਹ ਅਲੌਕਿਕ ਵਰਤਾਰਾ ਪ੍ਰਭਾਵਿਤ ਕਿਓਂ ਨਹੀਂ ਕਰ ਰਿਹਾ?

5. ਜੇਕਰ ਇਹ ਅਲੌਕਿਕ ਵਰਤਾਰਾ ਹੈ ਤਾਂ ਇਸ ਘੋਲ ਨੂੰ ਬਰਬਾਦ ਕਰਨ ਲਈ ਤਤਪਰ ਤਾਕਤਾਂ ਵੀ ਇਸ ਅਲੌਕਿਕ ਵਰਤਾਰੇ ਦੀ ਹੀ ਦੇਣ ਹਨ?

6. ਜੇਕਰ ਇਹ ਵਰਤਾਰਾ ਅਲੌਕਿਕ ਹੈ ਤਾਂ ਅੱਜ ਤੱਕ ਇਸ ਅੰਦੋਲਨ ਦੁਰਾਨ ਜਾਨਾਂ ਗੁਆ ਚੁੱਕੇ ਲੋਕਾਂ ਦੀਆਂ ਜਾਨਾਂ ਚਲੇ ਜਾਣ ਦਾ ਜ਼ਿੰਮੇਵਾਰ ਵੀ ਇਹ ਅਲੌਕਿਕ ਵਰਤਾਰਾ ਹੀ ਹੈ?

7. ਜੇਕਰ ਇਹ ਵਰਤਾਰਾ ਅਲੌਕਿਕ ਹੈ? ਫੇਰ ਤਾਂ ਇਸ ਅਲੌਕਿਕ ਵਰਤਾਰੇ ਤੇ ਵਿਸ਼ਵਾਸ਼ ਕਰਨ ਵਾਲਿਆਂ ਨੂੰ ਪਤਾ ਹੀ ਹੋਵੇਗਾ ਕਿ ਇਸ ਅੰਦੋਲਨ ਦਾ ਅੰਤ ਕੀ ਅਤੇ ਕਦੋਂ ਹੋਵੇਗਾ?

8. 26 ਜਨਵਰੀ 2021 ਨੂੰ ਲੋਕਾਂ ਦੇ ਇਕੱਠ ਨੂੰ ਲਾਲ ਕਿਲੇ ਵੱਲ ਵੀ ਅਲੌਕਿਕ ਵਰਤਾਰਾ ਹੀ ਲੈ ਗਿਆ? ਉਸਤੋਂ ਬਾਅਦ ਜੋ ਲੋਕਾਂ ਤੇ ਪੁਲਿਸ ਦਾ ਕਹਿਰ ਵਰਤਿਆ, ਕੇਸ ਦਰਜ਼ ਹੋਏ ਜ਼ਮਾਨਤਾਂ ਕਰਵਾਉਣੀਆਂ ਪਈਆਂ ਤੇ ਕੇਸ ਵੀ ਵਾਪਿਸ ਕਰਵਾਉਣੇ ਪੈਣਗੇ ਕਿੰਨੇ ਸੁਆਲ ਹਾਲੇ ਮੂੰਹ ਅੱਡੀ ਖੜ੍ਹੇ ਹਨ।

ਸਾਡੇ ਲਈ ਇਹ ਸੋਚਣਾ ਬਹੁਤ ਜ਼ਰੂਰੀ ਹੈ ਕਿ ਇਸ ਅੰਦੋਲਨ ਦੇ ਪੈਦਾ ਹੋਣ ਦੇ ਕਾਰਨ ਕੀ ਹਨ ? ਕੌਣ ਇਸ ਸਭ ਕੁੱਝ ਲਈ ਜ਼ਿੰਮੇਵਾਰ ਹੈ? ਕੀ ਇਹ ਅੰਦੋਲਨ ਉਨ੍ਹਾਂ ਕਾਰਨਾਂ/ਤਾਕਤਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਸਫਲ ਰਿਹਾ ਹੈ? ਜੇਕਰ ਅੱਜ ਕਾਨੂੰਨ ਰੱਦ ਹੋ ਵੀ ਜਾਣ ਤਾਂ ਕੀ ਕਿਸਾਨਾਂ ਦੇ ਸਾਰੇ ਮਸਲੇ ਹੱਲ ਹੋ ਜਾਣਗੇ ? ਹਾਂ ਇੱਕ ਵਾਰ ਅੰਦੋਲਨ ਖਤਮ ਜ਼ਰੂਰ ਹੋ ਜਾਵੇਗਾ ਪਰ ਦੇਸ਼ ਭਰ ਦੇ ਕਿਸਾਨਾਂ ਲਈ ਇਹ ਸ਼ੁਭ ਸਮਾਂ ਨਹੀਂ ਹੋਵੇਗਾ ਕਿਓਂਕਿ ਓਹੀ ਕਾਰਪੋਰੇਟ ਘਰਾਣੇ ਕੋਈ ਨਾ ਕੋਈ ਹੋਰ ਢੰਗ ਤਰੀਕਾ ਜ਼ਰੂਰ ਅਪਨਾਉਣਗੇ ਤਾਕਿ ਉਹ ਆਪਣੇ ਮੁਨਾਫ਼ੇ ਹਰ ਹਾਲਤ ਵਿੱਚ ਕਾਇਮ ਰੱਖ ਸਕਣ। ਇਸ ਲਈ ਇਹ ਨਾ ਸੋਚਿਆ ਜਾਵੇ ਕਿ ਇਹ ਕੋਈ ਅਲੌਕਿਕ ਵਰਤਾਰਾ ਹੈ ਸਗੋਂ ਇੱਕ ਕਹਾਵਤ ਹੈ "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਅਨੁਸਾਰ ਲੜਾਈ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਰਹੇਗੀ। ਯਾਦ ਰਹੇ ਲੋਕ ਹੀ ਇਸ ਅੰਦੋਲਨ ਦੀ ਸ਼ਕਤੀ ਹਨ, ਸਰਕਾਰ ਦੀ ਹਰ ਕੋਸ਼ਿਸ਼ ਹੋਵੇਗੀ ਕਿ ਇਸ ਅੰਦੋਲਨ ਨੂੰ ਤੋੜਿਆ ਜਾਵੇ ਪਰ ਜਿੰਨੀ ਦੇਰ ਤੱਕ ਲੋਕ ਇਸ ਅੰਦੋਲਨ ਦਾ ਹਿੱਸਾ ਹਨ ਇਹ ਜਾਰੀ ਰਹੇਗਾ, ਕਿਸੇ ਵੀ ਕਾਰਨ ਕਰਕੇ ਜੇਕਰ ਲੋਕ ਅੰਦੋਲਨ ਤੋਂ ਪਿੱਛੇ ਹਟ ਜਾਂਦੇ ਹਨ ਤਾਂ ਇਹ ਅੰਦੋਲਨ ਠੁੱਸ ਹੋ ਸਕਦਾ ਹੈ ਇਹ ਗੱਲ ਉਹ ਵੀ ਭਲੀਭਾਂਤ ਜਾਣਦੇ ਹਨ ਜੋ ਇਸ ਅੰਦੋਲਨ ਨੂੰ ਅਲੌਕਿਕ ਸ਼ਕਤੀ ਵਜੋਂ ਦੇਖਦੇ ਹਨ ਸੋ ਲੋਕ ਸ਼ਕਤੀ ਤੇ ਭਰੋਸਾ ਰੱਖਦੇ ਹੋਏ ਇਸ ਅੰਦੋਲਨ ਨੂੰ ਜਿੱਤ ਤੱਕ ਲੈ ਕੇ ਜਾਣਾ ਸਾਡੀ ਸਭ ਦੀ ਮੁੱਖ ਜ਼ਿੰਮੇਵਾਰੀ ਹੈ।

ਸਾਰ ਤੱਤ; ਅਲੌਕਿਕਤਾ ਭਾਵ "ਗੈਬੀ ਸ਼ਕਤੀ" ਭਾਵ ਅਜਿਹੀ ਸ਼ਕਤੀ ਜਿਸਨੂੰ ਅਸੀਂ ਦੇਖ ਤਾਂ ਨਹੀਂ ਸਕਦੇ ਪਰ ਉਹ ਹੀ ਸਭ ਕੁੱਝ ਕਰ ਤੇ ਕਰਾ ਰਹੀ ਹੈ ਤੋਂ ਅਸਲ ਭਾਵ ਮਨੁਖਾਂ ਦੀ ਹਰ ਕੋਸ਼ਿਸ਼ ਨੂੰ ਦਰਕਿਨਾਰ ਕਰਨਾ ਹੈ। ਕੀ ਇਹ ਸਭ ਅਜਿਹਾ ਹੀ ਹੈ ? ਬਿਲਕੁਲ ਹੀ ਨਹੀਂ; ਜੇਕਰ ਇਨ੍ਹਾਂ ਤਿੰਨੇ ਕਿਸਾਨ ਵਿਰੋਧੀ ਕਾਨੂੰਨਾਂ ਬਾਰੇ ਗੌਰ ਨਾਲ ਦੇਖੀਏ ਤਾਂ ਸਹਿਜੇ ਹੀ ਸਮਝ ਆ ਜਾਵੇਗਾ ਕਿ ਸੂਝਵਾਨ/ਅਗਾਂਹਵਧੂ ਲੋਕਾਂ ਨੇ ਤਾਂ ਇਸ ਬਾਰੇ 1991 ਤੋਂ ਹੀ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਡੰਕਲ ਤਜਵੀਜ਼ਾਂ, ਗੈਟ ਸਮਝੌਤਾ ਲੋਕ ਵਿਰੋਧੀ ਹਨ ਤੇ ਇਸਦਾ ਸਭ ਤੋਂ ਵੱਡਾ ਹਮਲਾ ਕਿਸਾਨੀ ਤੇ ਹੋਵੇਗਾ ਆਦਿ ਆਦਿ, ਹੁਣ ਜਦੋਂ 2020 ਵਿੱਚ ਇਨ੍ਹਾਂ ਤਿੰਨੇ ਕਾਨੂੰਨਾਂ ਨੂੰ ਮੌਜੂਦਾ ਸਰਕਾਰ ਵੱਲੋਂ ਚੋਰ ਮੋਰੀ ਰਾਹੀਂ ਲੈ ਆਂਦਾ ਗਿਆ ਤਾਂ ਵੀ ਉਨ੍ਹਾਂ ਸੂਝਵਾਨ/ਅਗਾਂਹਵਧੂ ਹਲਕਿਆਂ ਨੇ ਹੀ ਨੋਟਿਸ ਲਿਆ ਤੇ ਉਨ੍ਹਾਂ ਨੇ ਹੀ ਆਵਾਜ਼ ਬੁਲੰਦ ਕਰਕੇ ਵਿਰੋਧ ਕੀਤਾ ਅਤੇ ਕਿਸਾਨੀ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ ਕੀ ਇਸ ਸਭ ਕੁੱਝ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ? ਕੀ ਲੋਕਾਂ ਦਾ ਇਕੱਠੇ ਹੋਣਾ, ਕਿਸਾਨੀ ਘੋਲ ਨਾਲ ਪ੍ਰਤਿਵੱਧਤਾ, ਇਸ ਘੋਲ ਵਿਚੋਂ ਨਿਕਲਣ ਵਾਲੇ ਸਿੱਟਿਆਂ ਜਿੱਤ ਜਾਂ ਹਾਰ ਤੋਂ ਵੀ ਬੇਖਬਰ, ਹੋਣ ਵਾਲੇ ਨੁਕਸਾਨ ਦੇ ਡਰ ਤੋਂ ਬੇਖਬਰ ਹੋਕੇ ਘੋਲ ਵਿਚ ਸ਼ਮੂਲੀਅਤ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ? ਜ਼ਾਹਰ ਹੈ ਇਨ੍ਹਾਂ ਸਭ ਜ਼ਰੂਰੀ ਸ਼ਰਤਾਂ ਤੋਂ ਬਿਨਾ ਘੋਲ ਦੇ ਕੋਈ ਅਰਥ ਨਹੀਂ ਹਨ। ਇਸ ਕਰਕੇ ਇਸ ਘੋਲ ਨੂੰ ਅਲੌਕਿਕ ਦਰਜਾ ਦੇਣ ਦਾ ਮਤਲਬ ਹੈ ਮਨੁੱਖਾ ਸੋਚ. ਮਨੁੱਖਾ ਸ਼ਕਤੀ (ਦੇਸ਼ ਅਤੇ ਵਿਦੇਸ਼ ਤੋਂ ਇਲਾਵਾ ਬਾਕੀ ਸਾਰੇ ਹਮਾਇਤੀ ਤਬਕੇ) ਨੂੰ ਨਜ਼ਰਅੰਦਾਜ਼ ਕਰਨਾ ਜੋ ਬਿਲਕੁਲ ਵੀ ਜਾਇਜ਼ ਨਹੀਂ ਹੈ। ਸੋ ਮੌਜੂਦਾ ਘੋਲ ਲੋਕਾਂ ਦੀ ਚੇਤਨਤਾ, ਉਨ੍ਹਾਂ ਦਾ ਇਕੱਠੇ ਹੋਣਾ ਤੇ ਘੋਲ ਵਿੱਚ ਸ਼ਾਮਲ ਹੋਣਾ ਹੀ ਵਿਗਿਆਨਕ ਸੋਚ ਦਾ ਪ੍ਰਗਟਾਵਾ ਹੈ ਅਲੌਕਿਕਤਾ ਬਿਲਕੁਲ ਹੀ ਨਹੀਂ।

ਲੋਕ ਸ਼ਕਤੀ ਜ਼ਿੰਦਾਬਾਦ...
ਲੋਕਾਂ ਦਾ ਏਕਾ ਜ਼ਿੰਦਾਬਾਦ



ਰਾਜਿੰਦਰ ਕੌਰ ਚੋਹਕਾ
ਹੁਸ਼ਿਆਰਪੁਰ
91-98725-44738
001-403-285-4208

# ਸਮਾਜਕ ਪਰਿਵਾਰ ਦਾ ਅਤੀਤ, ਵਰਤਮਾਨ ਅਤੇ ਭਵਿੱਖ !

ਪਰਿਵਾਰਕ ਵਿਆਹ ਕੀ ਹੈ, ਇਸ ਦੀ ਉਤਪਤੀ, ਵਿਕਾਸ ਅਤੇ ਅੰਤਿਮ ਸਟੇਜ ਬਾਦ ਖੁਦ ਸਥਾਪਤੀ ਦਾ ਕੀ ਅਮਲ ਹੋਵੇਗਾ? ਮਹਾਨ ਸਮਾਜਕ-ਵਿਗਿਆਨੀ ਫਰੈਡਰਿਕ ਏਂਗਲਜ਼ ਦੀ ਕਿਰਤ,"ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ" ਵਿੱਚੋਂ ਸੰਖੇਪ 'ਚ ਇਸਤਰੀ ਦੀ ਮੁਕਤੀ ਦੇ ਮਾਰਗ ਨੂੰ ਉਜਾਗਾਰ ਕਰਦਾ ਇਹ ਲੇਖ ਖਾਠਕਾਂ ਦੀ ਜਾਣਕਾਰੀ ਲਈ ਪੇਸ਼ ਕੀਤਾ ਜਾ ਰਿਹਾ ਹੈ।

ਸੋ, ਅਸੀਂ ਮੋਟੇ ਤੌਰ 'ਤੇ ਵਿਆਹ ਦੇ ਤਿੰਨ ਰੂਪ ਦੇਖਦੇ ਹਾਂ, ਜਿਹੜੇ ਮਨੁੱਖੀ ਵਿਕਾਸ ਦੇ ਤਿੰਨ ਮੁੱਖ ਪੜਾਵਾਂ ਦੇ ਅਨੁਸਾਰੀ ਹਨ। ਵਹਿਸ਼ਤ ਲਈ-ਟੋਲੀ ਵਿਆਹ; ਜਹਾਲ਼ਤ ਲਈ ਜੋੜਾ ਵਿਆਹ, ਸੱਭਿਅਤਾ ਲਈ ਇੱਕ ਪਤੀ ਇੱਕ ਪਤਨੀ, ਜਿਸ ਵਿੱਚ ਵਿਭਚਾਰ ਅਤੇ ਵੇਸਵਾਗਮਨੀ ਦਾ ਵਾਧਾ ਹੁੰਦਾ ਹੈ। ਜਹਾਲ਼ਤ ਦੇ ਉਪਰਲੇ ਪੜਾਅ ਵਿੱਚ, ਜੋੜੇ ਵਿਆਹ ਅਤੇ ਇੱਕ ਪਤੀ ਇੱਕ ਪਤਨੀ ਪ੍ਰਥਾ ਵਿਚਕਾਰ ਦਾਸੀਆਂ ਉੱਤੇ ਮਰਦਾਂ ਦੇ ਗਲ਼ਬੇ ਅਤੇ ਬਹੁ-ਪਤਨੀ ਪ੍ਰਥਾ ਦਾ ਅੜਿੱਕਾ ਲੱਗਾ ਹੋਇਆ ਹੈ।

ਜਿਹਾ ਕਿ ਸਾਡੀ ਸਾਰੀ ਵਿਆਖਿਆ ਨੇ ਵਿਖਾਇਆ ਹੈ, ਇਸ ਕਰਮ ਵਿੱਚ ਜਿਹੜੀ ਉੱਨਤੀ ਧਿਆਨ ਵਿੱਚ ਰੱਖਣ ਵਾਲੀ ਹੈ ਉਹ ਇਹ ਹੈ ਕਿ ਜਿੱਥੇ ਔਰਤਾਂ ਨੂੰ ਟੋਲੀ ਵਿਆਹ ਦੀ ਲਿੰਗ ਆਜ਼ਾਦੀ ਤੋਂ ਸਦਾ ਵਧੇਰੇ ਵੰਚਿਤ ਕਰ ਦਿੱਤਾ ਜਾਂਦਾ ਹੈ ਪਰ ਇਹ ਮਰਦਾਂ ਤੋਂ ਨਹੀਂ ਖੋਹੀ ਜਾਂਦੀ। ਅਸਲ ਵਿੱਚ, ਮਰਦਾਂ ਲਈ ਟੋਲੀ ਵਿਆਹ ਦੀ ਅੱਜ ਤੱਕ ਹੋਂਦ ਹੈ ; ਜਿਹੜੀ ਗੱਲ ਔਰਤ ਲਈ ਇੱਕ ਅਜਿਹਾ ਜ਼ੁਰਮ ਸਮਝੀ ਜਾਂਦੀ ਹੈ ਜਿਸ ਦੇ ਘੋਰ ਕਾਨੂੰਨੀ ਅਤੇ ਸਮਾਜੀ ਸਿੱਟੇ ਨਿਕਲਦੇ ਹਨ, ਉੱਥੇ ਮਰਦ ਦੀ ਹਾਲਤ ਵਿੱਚ ਇਹਨੂੰ ਮਾਣ ਵਾਲਾ ਜਾਂ ਵੱਧ ਤੋਂ ਵੱਧ ਮਾਮੂਲੀ ਜਿਹਾ ਸਦਾਚਾਰਕ ਦਾਗ਼ ਸਮਝਿਆ ਜਾਂਦਾ ਹੈ, ਜਿਹੜੀ ਮਨੁੱਖ ਮਾਣ ਨਾਲ ਸਹਾਰਦਾ ਹੈ। ਜਿੰਨਾ ਵਧੇਰੇ ਸਾਡੇ ਸਮੇਂ ਵਿੱਚ ਸਰਮਾਏਦਾਰ ਜਿਣਸ ਉਤਪਾਦਨ ਪੁਰਾਣੇ ਰਵਾਇਤੀ ਹਤੀਰੀਵਾਦ (ਹੈਟੇਰਿਜ਼ਮ) ਨੂੰ ਤਬਦੀਲ ਕਰਦਾ ਹੈ ਅਤੇ ਅਨੁਸਾਰੀ ਬਣਾਉਂਦਾ ਹੈ ਅਤੇ ਜਿੰਨਾ ਵਧੇਰੇ ਇਹ ਉਹਨੂੰ ਖੁੱਲ੍ਹੀ ਵੇਸਵਾਗਮਨੀ ਵਿੱਚ ਤਬਦੀਲ ਕਰਦਾ ਹੈ, ਉਨੇ ਹੀ ਵਧੇਰੇ ਗਿਰਾਵਟ ਨਾਲ ਇਸ ਦੇ ਸਿੱਟੇ ਹੁੰਦੇ ਹਨ ਅਤੇ ਇਹ ਮਰਦਾਂ ਵਿੱਚ ਔਰਤਾਂ ਤੋਂ ਵੱਧ ਗਿਰਾਵਟ ਲਿਆਉਂਦਾ ਹੈ। ਔਰਤਾਂ ਵਿੱਚ ਇਹ ਕੇਵਲ ਉਨ੍ਹਾਂ ਵਿੱਚ ਗਿਰਾਵਟ ਲਿਆਉਂਦਾ ਹੈ ਜਿਹੜੀਆਂ ਮੰਦੇ ਭਾਗੀ ਇਹਦੇ ਚੁੰਗਲ ਵਿੱਚ ਫਸ ਜਾਂਦੀਆਂ ਹਨ ਅਤੇ ਉਨ੍ਹਾਂ ਵਿੱਚ ਵੀ ਉਸ ਨਾਲੋਂ ਕਿਤੇ ਘੱਟ ਗਿਰਾਵਟ ਆਉਂਦੀ ਹੈ ਜਿੰਨੀ ਕਿ ਆਮ ਖ਼ਿਆਲ ਕੀਤੀ ਜਾਂਦੀ ਹੈ। ਇਹਦੇ ਉਲਟ ਇਹ ਸਾਰੇ ਨਰ ਜਗਤ ਵਿੱਚ ਗਿਰਾਵਟ ਲਿਆ ਦਿੰਦਾ ਹੈ। ਸੋ, ਦਸ ਵਿੱਚੋਂ ਨੌਂ ਹਾਲਤਾਂ ਵਿੱਚ ਇੱਕ ਲੰਮੀ ਮੰਗਣੀ ਅਮਲੀ ਤੌਰ 'ਤੇ ਵਿਆਹ ਵਿੱਚ ਬੇਵਫ਼ਾਈ ਦੀ ਸਿਖਲਾਈ ਹੁੰਦੀ ਹੈ।

ਅਸੀਂ ਹੁਣ ਇੱਕ ਅਜਿਹੀ ਸਮਾਜੀ ਤਬਦੀਲੀ ਦੇ ਨੇੜੇ ਪਹੁੰਚ ਰਹੇ ਹਾਂ ਜਿਸ ਵਿੱਚ ਇੱਕ ਪਤੀ ਇੱਕ ਪਤਨੀ ਦੇ ਵਰਤਮਾਨ ਆਰਥਿਕ ਆਧਾਰ ਉਸੇ ਤਰ੍ਹਾਂ ਅਲੋਪ ਹੋ ਜਾਣਗੇ ਜਿਸ ਤਰ੍ਹਾਂ ਇਹਦੇ ਪੂਰਕ-ਵੇਸਵਾਗਮਨੀ ਦੇ। ਇੱਕ ਪਤੀ ਇੱਕ ਪਤਨੀ ਪ੍ਰਥਾ ਦੇ ਚੋਖੀ ਦੌਲਤ ਇੱਕ ਮਨੁੱਖ ਦੇ ਹੱਥ-ਅਤੇ ਉਹ ਵੀ ਇੱਕ ਮਰਦਾਂ-ਦੇ ਹੱਥ ਵਿੱਚ ਇਕੱਠੀ ਹੋ ਜਾਣ ਕਾਰਨ ਅਤੇ ਇਸ ਇੱਛਾ ਵਿੱਚੋਂ ਉੱਭਰ ਕੇ ਇਹ ਦੌਲਤ ਵਿਰਸੇ ਵਿੱਚ ਉਸੇ ਮਰਦ ਦੇ ਬੱਚਿਆਂ ਨੂੰ ਮਿਲੇ ਅਤੇ ਕਿਸੇ ਹੋਰ ਨੂੰ ਨਹੀਂ। ਇਸ ਲਈ ਇੱਕ ਪਤੀ ਪ੍ਰਥਾ ਔਰਤ ਲਈ ਜ਼ਰੂਰੀ ਸੀ, ਪਰ ਇੱਕ -ਪਤਨੀ ਪ੍ਰਥਾ ਮਰਦ ਲਈ ਜ਼ਰੂਰੀ ਨਹੀਂ ਸੀ; ਸੋ ਔਰਤਾਂ ਦੀ ਇਸ ਇੱਕ -ਪਤੀ ਪ੍ਰਥਾ ਨੇ ਕਿਸੇ ਵੀ ਤਰ੍ਹਾਂ ਮਰਦਾਂ ਦੀ ਖੁੱਲ੍ਹੀ ਜਾਂ ਗੁੱਝੀ ਬਹੁ-ਪਤਨੀ ਪ੍ਰਥਾ ਵਿੱਚ ਰੋਕ ਨਹੀਂ ਪਾਈ। ਆਉਂਦੀ ਸਮਾਜੀ ਤਬਦੀਲੀ ਘੱਟੋ-ਘੱਟ ਵਿਰਸੇ ਵਿੱਚ ਮਿਲਣ ਯੋਗ ਦੌਲਤ ਦੇ ਕਿਤੇ ਵਡੇਰੇ ਹਿੱਸੇ-ਉਤਪਾਦਨ ਦੇ ਸਾਧਨਾਂ-ਨੂੰ ਸਮਾਜੀ ਮਾਲ਼ਕੀ ਬਣਾ ਕੇ ਵਿਰਸੇ ਸੰਬੰਧੀ ਫ਼ਿਕਰ ਨੂੰ ਘੱਟੋ-ਘੱਟ ਹੱਦ ਤੱਕ ਘਟਾ ਦੇਵੇਗੀ ਕਿਉਂਕਿ ਇੱਕ-ਪਤੀ, ਇੱਕ-ਪਤਨੀ ਪ੍ਰਥਾ ਆਰਥਿਕ ਕਾਰਨਾਂ ਕਰਕੇ ਹੋਂਦ ਵਿੱਚ ਲਿਆਂਦੀ ਗਈ। ਕੀ ਜਦੋਂ ਇਹ ਕਾਰਨ ਖ਼ਤਮ ਹੋ ਜਾਣਗੇ ਤਾਂ ਇਹ ਵੀ ਖ਼ਤਮ ਹੋ ਜਾਵੇਗੀ ?

ਖ਼ਤਮ ਹੋਣਾ ਤਾਂ ਦੂਰ ਰਿਹਾ, ਇਹ ਤਾਂ ਹੀ ਪੂਰੀ ਤਰ੍ਹਾਂ ਅਮਲ ਵਿੱਚ ਆਉਣੀ ਸ਼ੁਰੂ ਹੋਵੇਗੀ ਕਿਉਂਕਿ ਉਤਪਾਦਨ ਦੇ ਸਾਧਨਾਂ ਦੇ ਸਮਾਜੀ ਮਾਲ਼ਕੀ ਬਣਨ ਨਾਲ, ਉਜ਼ਰਤੀ ਕਿਰਤ, ਪ੍ਰੋਲੇਤਾਰੀ ਦਾ ਵੀ ਅੰਤ ਹੋ ਜਾਦਾ ਹੈ ਅਤੇ ਇਹਦੇ ਨਾਲ ਹੀ ਨਾਲ ਔਰਤਾਂ ਦੀ ਇੱਕ ਖ਼ਾਸ ਗਿਣਤੀ ਦੀ-ਜਿਸਦਾ ਅੰਕੜਿਆਂ ਅਨੁਸਾਰ ਹਿਸਾਬ ਲਗਾਇਆ ਜਾ ਸਕਦਾ ਹੈ-ਪੈਸੇ ਲਈ ਆਪਣਾ ਸਰੀਰ ਮਰਦਾਂ ਦੇ ਹੱਥੀ ਦੇਣ ਦੀ ਲੋੜ ਵੀ ਖ਼ਤਮ ਹੋ ਜਾਂਦੀ ਹੈ। ਵੇਸਵਾਗਮਨੀ ਖ਼ਤਮ ਹੋ ਜਾਂਦੀ ਹੈ; ਇੱਕ-ਪਤੀ ਇੱਕ ਪਤਨੀ ਪ੍ਰਥਾ ਕਮਜ਼ੋਰ ਪੈਣ ਦੀ ਥਾਂ ਮਰਦਾਂ ਲਈ ਵੀ ਯਥਾਰਥ ਬਣ ਜਾਂਦੀ ਹੈ।



ਕੁੱਝ ਵੀ ਹੋਵੇ, ਇਉਂ ਮਰਦਾਂ ਦੀ ਪ੍ਰਸਥਿਤੀ ਵਿੱਚ ਚੋਖੀ ਤਬਦੀਲੀ ਆ ਜਾਂਦੀ ਹੈ। ਪਰ ਔਰਤਾਂ, ਸਭਨਾਂ ਔਰਤਾਂ ਦੀ ਪ੍ਰਸਥਿਤੀ ਵਿੱਚ ਹੀ ਮਹੱਤਵਪੂਰਨ ਤਬਦੀਲੀ ਆਉਂਦੀ ਹੈ। ਉਤਪਾਦਨ ਦੇ ਸਾਧਨ ਸਾਂਝੀ ਮਾਲਕੀ ਬਣ ਜਾਣ ਨਾਲ ਵਿਕੋਲਤਰਾ ਟੱਬਰ ਸਮਾਜ ਦੀ ਆਰਥਿਕ ਇਕਾਈ ਨਹੀਂ ਰਹਿੰਦਾ। ਘਰ ਦਾ ਨਿੱਜੀ ਪ੍ਰਬੰਧ ਇਕ ਸਮਾਜੀ ਸਨਅਤ ਵਿੱਚ ਤਬਦੀਲ ਹੋ ਜਾਂਦਾ ਹੈ। ਬੱਚਿਆਂ ਦਾ ਧਿਆਨ ਅਤੇ ਵਿੱਦਿਆ ਇੱਕ ਸਰਵਜਨਕ ਮਾਮਲਾ ਬਣ ਜਾਂਦੇ ਹਨ। ਸਮਾਜ ਸਭਨਾਂ ਬੱਚਿਆਂ ਦਾ ਇੱਕੋ ਜਿਹਾ ਧਿਆਨ ਰੱਖਦਾ ਹੈ ਪਾਵੇਂ ਉਹ ਵਿਆਹੁਤਾ ਜੀਵਨ ਵਿੱਚ ਪੈਦਾ ਹੋਏ ਹਨ ਭਾਵੇਂ ਨਹੀਂ। ਸੋ "ਸਿੱਟਿਆਂ" ਸਬੰਧੀ ਫ਼ਿਕਰ, ਜਿਹੜਾ ਉਹ ਮਹੱਤਵਪੂਰਨ ਸਦਾਚਾਰਕ ਵੀ, ਆਰਥਿਕ ਵੀ-ਸਮਾਜੀ ਅੰਸ਼ ਹੈ, ਜਿਹੜਾ ਕਿਸੇ ਮੁਟਿਆਰ ਨੂੰ ਆਪਣੇ ਆਪ ਨੂੰ ਪੂਰਨ ਆਜ਼ਾਦੀ ਨਾਲ ਉਸ ਮਰਦ ਦੇ ਹਵਾਲੇ ਕਰਨੋਂ ਰੋਕਦਾ ਹੈ ਜਿਸ ਨੂੰ ਉਹ ਪਿਆਰ ਕਰਦੀ ਹੈ, ਖ਼ਤਮ ਹੋ ਜਾਂਦਾ ਹੈ। ਕੀ ਇਹ ਹੌਲੀ-ਹੌਲੀ ਵਧੇਰੇ ਬੇਰੋਕ-ਟੋਕ ਲਿੰਗ ਸੰਬੰਧਾਂ ਦੇ ਉਭਾਰ ਅਤੇ ਇਹਦੇ ਨਾਲ ਹੀ ਨਾਲ ਕੰਵਾਰ ਦੀ ਪੱਤ ਅਤੇ ਔਰਤਾਂ ਦੀ ਬੇਪੱਤੀ ਵੱਲ ਵਧੇਰੇ ਸਹਿਣਸ਼ੀਲ ਲੋਕ ਰਾਇ ਦੇ ਉੱਭਰਨ ਲਈ ਚੋਖਾ ਕਾਰਨ ਨਹੀਂ ਹੋਵੇਗਾ? ਅਤੇ ਅੰਤ, ਕੀ ਅਸੀਂ ਇਹ ਨਹੀਂ ਵੇਖਿਆ ਕਿ ਨਵੀਨ ਸੰਸਾਰ ਵਿੱਚ ਇੱਕ ਪਤੀ, ਇੱਕ ਪਤਨੀ ਪ੍ਰਥਾ ਅਤੇ ਵੇਸਵਾਗਮਨੀ, ਭਾਵੇਂ ਇੱਕ ਦੂਜੇ ਦੇ ਵਿਰੋਧੀ ਹਨ, ਪਰ ਅਜਿਹੇ ਵਿਰੋਧੀ ਹਨ ਜਿਹੜੇ ਇੱਕ ਦੂਜੇ ਤੋਂ ਵੱਖ ਨਹੀਂ ਹੋ ਸਕਦੇ, ਸਮਾਨ ਸਮਾਜੀ ਪ੍ਰਸਥਿਤੀਆਂ ਦੇ ਧਰੁਵ ਹਨ ? ਕੀ ਇਹ ਇੱਕ ਪਤਨੀ, ਇੱਕ ਪਤੀ ਪ੍ਰਥਾ ਨੂੰ ਆਪਣੇ ਨਾਲ ਖਿੱਚੇ ਬਿਨਾਂ ਅਲੋਪ ਹੋ ਸਕਦਾ ਹੈ ?

ਇੱਥੇ ਇੱਕ ਨਵਾਂ ਅੰਸ਼ ਅਮਲ ਵਿੱਚ ਆਉਂਦਾ ਹੈ, ਇੱਕ ਅਜਿਹਾ ਅੰਸ਼ ਜਿਸ ਦੀ ਉਸ ਸਮੇਂ ਭਰੂਣ ਰੂਪ ਵਿੱਚ ਹੋਂਦ ਸੀ ਜਦੋਂ ਇੱਕ ਪਤੀ ਇੱਕ ਪਤਨੀ ਪ੍ਰਥਾ ਵਿਕਸਤ ਹੋਈ, ਅਰਥਾਤ ਵਿਅਕਤੀਗਤ ਲਿੰਗ ਪਿਆਰ।

ਮੱਧ ਕਾਲ ਤੋਂ ਪਹਿਲਾਂ ਵਿਅਕਤੀਗਤ ਲਿੰਗ ਪਿਆਰ ਜਿਹੀ ਕੋਈ ਸ਼ੈਅ ਨਹੀ ਸੀ। ਇਹ ਗੱਲ ਸਪੱਸ਼ਟ ਹੈ ਕਿ ਨਿੱਜੀ ਸੁਹੱਪਣ, ਨੇੜਲੇ ਸਬੰਧ, ਇੱਕੋ ਜਿਹੇ ਝੁਕਾਅ ਆਦਿ, ਵਿਰੋਧੀ ਸੈਕਸ ਦੇ ਲੋਕਾਂ ਵਿਚਕਾਰ ਲਿੰਗ ਭੋਗ ਦੀ ਇੱਛਾ ਉਭਾਰਦੇ ਸਨ, ਕਿ ਮਰਦ ਵੀ ਅਤੇ ਔਰਤਾਂ ਵੀ ਇਹ ਪ੍ਰਸ਼ਨ ਵੱਲੋਂ ਉੱਕਾ ਲਾਪਰਵਾਹ ਨਹੀਂ ਸਨ ਕਿ ਉਹ ਇਹ ਅਤਿਅੰਤ ਨੇੜਲੇ ਸੰਬੰਧ ਕਿਸ ਨਾਲ ਸਥਾਪਤ ਕਰਨ। ਪਰ ਅਜੇ ਇਹ ਸਾਡੇ ਸਮੇਂ ਦੇ ਲਿੰਗ ਪਿਆਰ ਤੋਂ ਬਹੁਤ ਦੂਰ ਦੀ ਗੱਲ ਹੈ। ਸਾਰੇ ਅਤੀਤ ਵਿੱਚ ਮਾਤਾ-ਪਿਤਾ ਵਿਆਹ ਦਾ ਪ੍ਰਬੰਧ ਕਰਦੇ ਅਤੇ ਦੋਵੇਂ ਧਿਰਾਂ ਬਸ ਰਜ਼ਾਮੰਦੀ ਹੀ ਦਿੰਦੀਆਂ। ਅਤੀਤ ਵਿੱਚ ਜਿਸ ਥੋੜੇ ਬਹੁਤ ਵਿਆਹੁਤਾ ਪਰਿਵਾਰ ਦਾ ਪਤਾ ਲੱਗਦਾ ਹੈ ਉਹ ਕਿਸੇ ਵੀ ਤਰ੍ਹਾਂ ਅੰਤਰਮੁਖੀ ਝੁਕਾਅ ਨਹੀਂ ਸਗੋਂ ਇਕ ਬਾਹਰਮੁਖੀ ਕਰਤੱਵ ਸੀ; ਵਿਆਹ ਲਈ ਕਾਰਨ ਨਹੀਂ ਸਗੋਂ ਇਹਦਾ ਇੱਕ ਸਿੱਟਾ ਸੀ। ਅਤੀਤ ਵਿੱਚ ਨਵੀਨ ਅਰਥਾਂ ਅਨੁਸਾਰ ਪਿਆਰ ਪ੍ਰਮਾਣਿਕ ਸਮਾਜ ਤੋਂ ਬਾਹਰ ਹੀ ਹੁੰਦਾ ਹੈ।

ਮੱਧ ਕਾਲ ਦੀਆਂ ਕਿਰਤ ਬਰਾਦਰੀਆਂ ਦੇ ਮੈਂਬਰਾਂ ਸੰਬੰਧੀ ਵੀ ਪ੍ਰਸਥਿਤੀ ਇਹੋ ਸੀ। ਉਹ ਵਿਸ਼ੇਸ਼ ਅਧਿਕਾਰ ਹੀ ਜਿਹੜੇ ਉਹਦੀ ਰੱਖਿਆ ਕਰਦੇ ਸਨ-ਆਪਣੀਆਂ ਵਿਸ਼ੇਸ਼ ਸ਼ਰਤਾਂ ਸਮੇਤ ਕਿਰਤ-ਬਰਾਦਰੀਆਂ ਦੇ ਅਧਿਕਾਰ-ਪਾਤਰ, ਉਹ ਨਕਲੀ ਹੱਦਾਂ ਜਿਹੜੀਆਂ ਉਹਨੂੰ ਕਾਨੂੰਨੀ ਤੌਰ 'ਤੇ ਹੋਰਨਾਂ ਕਿਰਤ ਬਰਾਦਰੀਆਂ ਦੀ, ਆਪਸੀ ਕਿਰਤ ਬਰਾਦਰੀ ਦੇ ਹੋਰਨਾਂ ਮੈਂਬਰਾਂ ਤੋਂ ਅਤੇ ਆਪਣੇ ਦਿਹਾੜੀਦਾਰਾਂ ਅਤੇ ਸਿਖਾਂਦਰੂਆਂ ਤੋਂ ਨਿਖੇੜਦੀਆਂ ਸਨ-ਉਸ ਘੇਰੇ ਨੂੰ ਚੋਖਾ ਸੌੜਾ ਬਣਾ ਦਿੰਦੀਆਂ ਜਿਸਦੇ ਅੰਦਰੋਂ ਉਹ ਜੀਵਨ ਸਾਥੀ ਲੱਭਣ ਦੀ ਆਸ ਕਰ ਸਕਦਾ ਸੀ ਅਤੇ ਇਹ ਪੇਚਦਾਰ ਪ੍ਰਣਾਲੀ ਅਧੀਨ ਇਸ ਗੱਲ ਦਾ ਨਿਰਣਾ ਕਿ ਕੌਣ ਸਭ ਤੋਂ ਵੱਧ ਯੋਗ ਹੈ ਵਿਅਕਤੀਗਤ ਝੁਕਾਅ ਨਹੀਂ ਸਗੋਂ ਪਰਿਵਾਰਕ ਹਿੱਤ ਕਰਦੇ ਸਨ।

ਸੋ ਮੱਧ ਕਾਲ ਦੇ ਅੰਤ ਤੱਕ ਬਹੁਤ ਵੱਡੀ ਬਹੁ-ਗਿਣਤੀ ਦੀਆ ਹਾਲਤਾਂ ਵਿੱਚ ਵਿਆਹ ਉਹੋ ਕੁੱਝ ਰਿਹਾ ਜੋ ਕਿ ਆਦਿ ਤੋਂ ਸੀ, ਇੱਕ ਅਜਿਹਾ ਮਾਮਲਾ ਜਿਸਦਾ ਨਿਰਣਾ ਦੋ ਮੁੱਖ ਧਿਰਾਂ ਪਤੀ-ਪਤਨੀ ਅਨੁਸਾਰ ਨਹੀਂ ਸਨ।

ਜਦੋਂ ਭੂਗੋਲਿਕ ਲੱਭਤਾਂ ਦੇ ਯੁੱਗ ਤੋਂ ਪਿੱਛੋਂ ਸਰਮਾਏਦਾਰ ਉਤਪਾਦਨ ਸੰਸਾਰ ਵਪਾਰ ਅਤੇ ਕਾਰਖ਼ਾਨੇਦਾਰੀ ਰਾਹੀਂ ਸੰਸਾਰ ਨੂੰ ਜਿੱਤਣ ਲਈ ਨਿਕਲਿਆ ਤਾਂ ਉਹਨੂੰ ਇਹ ਪ੍ਰਸਥਿਤੀ ਮਿਲੀ। ਮਨੁੱਖ ਸੋਚ ਸਕਦਾ ਹੈ ਵਿਆਹ ਦਾ ਇਹ ਢੰਗ ਇਹਨੂੰ ਬਹੁਤ ਹੀ ਰਾਸ ਆਉਂਦਾ ਅਤੇ ਯਥਾਰਥ ਵਿੱਚ ਅਜਿਹਾ ਹੀ ਹੋਇਆ। ਪਰ ਇਸ ਦੇ ਬਾਵਜੂਦ ਸੰਸਾਰ ਇਤਿਹਾਸ ਦਾ ਵਿਅੰਗ ਗਹਿਰਾ ਹੈ- ਇਹ ਸਰਮਾਏਦਾਰ ਉਤਪਾਦਨ ਹੀ ਸੀ ਜਿਸ ਨੇ ਇਸਦੇ ਨਾਲ ਨਿਰਣਾਇਕ ਤੋੜ-ਵਿਛੋੜਾ ਕਰਨਾ ਸੀ। ਸਭਨਾਂ ਵਸਤਾਂ ਨੂੰ ਉਪਜਾਂ ਵਿੱਚ ਤਬਦੀਲ ਕਰਕੇ ਇਹਨੇ ਸਭੇ ਪ੍ਰਾਚੀਨ ਰਿਵਾਇਤੀ ਸੰਬੰਧ ਖੋਰ ਦਿੱਤੇ ਅਤੇ ਵਿਰਸੇ ਵਿੱਚ ਮਿਲੇ ਰਿਵਾਜਾਂ ਅਤੇ ਇਤਿਹਾਸਿਕ ਹੱਕਾਂ ਦੀ ਥਾਂ ਇਹਨੇ ਖ਼ਰੀਦ ਅਤੇ ਵਿਕਰੀ, "ਆਜ਼ਾਦ" ਕਰਾ ਦਿੱਤੀ।...

ਅਜਿਹੇ ਯੁੱਗ ਨੇ ਸਭਨਾਂ ਪੁਰਾਣੇ ਸੰਬੰਧਾਂ ਨੂੰ ਢਿੱਲਾ ਕਰ ਦਿੱਤਾ ਅਤੇ ਜਿਸ ਨੇ ਸਭਨਾਂ ਰਿਵਾਇਤੀ ਸੰਕਲਪਾਂ ਦੇ ਆਧਾਰ ਹਿਲਾ ਦਿੱਤੇ ਉਸ ਵਿੱਚ ਇਹ ਪ੍ਰਸ਼ਨ ਉੱਠਣੇ ਲਾਜ਼ਮੀ ਸਨ। ਇੱਕੋ ਵਾਰ ਨਾਲ ਦੁਨੀਆਂ ਦਾ ਆਕਾਰ ਲੱਗਭਗ ਦਸ ਗੁਣਾ ਹੋ ਗਿਆ ਸੀ। ਅੱਧ ਗੋਲੇ ਦੀ ਚੌਥ ਦੀ ਥਾਂ ਸਾਰਾ ਗੋਲਾ ਹੁਣ ਪੱਛਮੀ ਯੂਰਪੀਅਨਾਂ ਦੀਆ ਅੱਖਾਂ ਦੇ ਸਾਹਮਣੇ ਸੀ, ਜਿਨ੍ਹਾਂ ਬਾਕੀ ਸਭ ਚੌਥਾਂ ਉੱਤੇ ਕਬਜ਼ਾ ਕਰਨ ਦੀ ਕਾਹਲ਼ ਕੀਤੀ ਅਤੇ ਵਿਚਾਰਾਂ ਦੇ ਮੱਧ ਕਾਲੀਨ ਸੋਚਣ ਢੰਗ ਨੇ ਜਿਹੜੀਆ ਹਜ਼ਾਰ ਵਰ੍ਹੇ ਪੁਰਾਣੀਆਂ ਰੋਕਾਂ ਖੜ੍ਹੀਆਂ ਕੀਤੀਆਂ ਸਨ, ਉਹ ਵਤਨ ਦੀਆਂ ਪੁਰਾਣੀਆਂ ਤੰਗ ਹੱਦਾਂ ਨਾਲ ਹੀ ਅਲੋਪ ਹੋ ਗਈਆਂ। ਮਨੁੱਖ ਦੀ ਬਾਹਰਲੀ ਅਤੇ ਅੰਦਰਲੀ, ਦੋਹਾਂ ਅੱਖਾਂ ਲਈ ਇੱਕ ਅਨੰਤ ਵਧੇਰੇ ਵਿਸ਼ਾਲ ਖੇਤਰ ਪ੍ਰਗਟ ਹੋਇਆ। ਜਿਹੜੇ ਜਵਾਨ ਨੂੰ ਭਾਰਤ ਦੀਆ ਦੌਲਤਾਂ ਅਤੇ ਮੈਕਸੀਕੋ ਅਤੇ ਪੋਟੋਸੀ ਦੀਆਂ ਚਾਂਦੀ ਅਤੇ ਸੋਨੇ ਦੀਆਂ ਖਾਣਾਂ ਖਿੱਚ ਪਾ ਰਹੀਆਂ ਸਨ ਉਹਦੇ ਲਈ ਪੀੜ੍ਹੀਆਂ ਤੋਂ ਵਿਰਸੇ ਵਿੱਚ ਮਿਲੀਆਂ ਸਾਊਣੇ ਦੀਆਂ ਨੇਕ-ਨੀਅਤਾਂ ਜਾਂ ਕਿਰਤ ਬਰਾਦਰੀਆਂ ਦੇ ਵਿਸ਼ੇਸ਼ ਹੱਕਾਂ ਦੇ ਕੀ ਅਰਥ ਸਨ? ਇਹ ਪੂੰਜੀਪਤੀਆਂ ਦਾ ਸੂਰਮਾ ਯੁੱਗ ਸੀ ਅਤੇ ਇਹਦੇ ਪਿਆਰ ਦੇ ਸੁਪਨੇ ਵੀ, ਪਰ ਪੂੰਜੀਵਾਦੀ ਆਧਾਰ ਉੱਤੇ ਅਤੇ ਅੰਤਲੇ ਵਿਸ਼ਲੇਸ਼ਣ ਵਿੱਚ ਪੂੰਜੀਵਾਦੀ ਆਸ਼ੇ ਮੁੱਖ ਰੱਖਕੇ।

ਸੋ, ਹੋਇਆ ਇਹ ਕਿ ਉੱਭਰ ਰਹੇ ਪੂੰਜੀਪਤੀ ਵਰਗ ਨੇ ਵਿਸ਼ੇਸ਼ ਤੌਰ 'ਤੇ ਪ੍ਰੋਟੈਸਟੰਟ ਦੇਸ਼ਾਂ ਵਿੱਚ, ਜਿੱਥੇ ਪ੍ਰਚਲਿਤ ਪ੍ਰਬੰਧ ਸਭ ਤੋਂ ਵੱਧ ਹਿੱਲ ਗਿਆ ਸੀ, ਵਿਆਹ ਲਈ ਵੀ ਸਦਾ ਵਧੇਰੇ ਕਰਾਰ ਦੀ ਆਜ਼ਾਦੀ ਪ੍ਰਵਾਨ ਕਰ ਲਈ ਅਤੇ ਇਹਨੂੰ ਉੱਪਰ ਦੱਸੇ ਢੰਗ ਨਾਲ ਅਮਲ ਵਿੱਚ ਲਿਆਂਦਾ। ਵਿਆਹ, ਸ਼੍ਰੇਣੀ ਵਿਆਹ ਹੀ ਰਿਹਾ ਪਰ ਸ਼੍ਰੇਣੀ ਦੀਆਂ ਹੱਦਾਂ ਦੇ ਅੰਦਰ ਧਿਰਾਂ ਨੂੰ ਕੁੱਝ-ਕੁੱਝ ਆਜ਼ਾਦੀ ਦੇ ਦਿੱਤੀ ਗਈ ਅਤੇ ਕਾਗਜ਼ ਉੱਤੇ।, ਕਾਵਿਕ ਬਿਆਨ ਵਾਂਗ ਸਦਾਚਾਰ ਸਿਧਾਂਤ ਵਿੱਚ ਵੀ, ਹੋਰ ਕੁਝ ਵੀ ਇਸ ਤੋਂ ਵੱਧ ਪੱਕੀ ਤਰ੍ਹਾਂ ਸਥਾਪਿਤ ਨਹੀਂ ਸੀ ਕਿ ਹਰ ਉਹ ਵਿਆਹ ਜਿਹੜਾ ਪ੍ਰਸਪਰ ਲਿੰਗ ਪਿਆਰ ਅਤੇ ਪਤੀ ਅਤੇ ਪਤਨੀ ਦੇ ਸੱਚਮੁੱਚ ਆਜ਼ਾਦ ਕਰਾਰ ਉੱਤੇ ਅਧਾਰਿਤ ਨਹੀਂ, ਉਹ ਭ੍ਰਿਸ਼ਟਾਚਾਰੀ ਹੈ। ਮੁੱਕਦੀ ਗੱਲ ਪਿਆਰ ਉੱਤੇ ਆਧਾਰਿਤ ਵਿਆਹ ਦੇ ਮਨੁੱਖੀ ਹੱਕ ਹੋਣ ਦਾ ਐਲਾਨ ਕਰ ਦਿੱਤਾ ਗਿਆ, ਨਾ ਕੇਵਲ ਮਰਦ ਦਾ ਹੱਕ ਸਗੋਂ, ਛੋਟ ਦੇ ਤੌਰ ਤੇ ਔਰਤ ਦਾ ਹੱਕ ਵੀ।

ਪਰ ਇੱਕ ਪੱਖ ਤੋਂ ਇਹ ਮਨੁੱਖੀ ਹੱਕ ਹੋਰਨਾਂ ਸਭਨਾਂ ਅਖੌਤੀ ਮਨੁੱਖੀ ਹੱਕਾਂ ਤੋਂ ਵੱਖਰਾ ਸੀ। ਜਿੱਥੇ, ਅਮਲ ਵਿੱਚ, ਪਿਛਲੇਰੇ ਕੇਵਲ ਹਾਕਮ ਸ਼੍ਰੇਣੀ, ਪੂੰਜੀਪਤੀ ਜਮਾਤ ਤੱਕ ਹੀ ਸੀਮਤ ਰਹੇ-ਇਤਿਹਾਸ ਦਾ ਵਿਅੰਗ ਇੱਥੇ ਇਕ ਵਾਰ ਫਿਰ ਆਪਣਾ ਪ੍ਰਭਾਵ ਦਿਖਾਉਂਦਾ ਹੈ। ਹਾਕਮ ਸ਼੍ਰੇਣੀਆਂ ਉੱਤੇ ਜਾਣੇ-ਪਹਿਚਾਣੇ ਆਰਥਿਕ ਪ੍ਰਭਾਵਾਂ ਦਾ ਗਲ਼ਬਾ ਰਹਿੰਦਾ ਹੈ ਅਤੇ ਏਸੇ ਲਈ, ਕੇਵਲ ਛੋਟ ਦੇ ਤੌਰ 'ਤੇ ਹੀ ਇਹ ਸਚਮੁੱਚ ਸਵੈ-ਇੱਛਕ ਵਿਆਹਾਂ ਦੀ ਆਗਿਆ ਦੇ ਸਕਦੀ ਹੈ, ਪਰ ਜਿਹਾ ਕਿ ਅਸੀਂ ਦੇਖਿਆ ਹੈ ਦਬਾਈ ਗਈ ਸ਼੍ਰੇਣੀ ਵਿੱਚ ਇਹ ਨੇਮ ਹਨ। ਵਿਆਹ ਵਿੱਚ ਪੂਰਨ ਆਜ਼ਾਦੀ ਤਾਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਜਦੋਂ ਸਭਨਾਂ ਦੁਜੈਲੇ ਆਰਥਿਕ ਵਿਚਾਰਾਂ ਦਾ ਅੰਤ ਕਰ ਦੇਵੇਗਾ ਜਿਹੜੇ ਅਜੇ ਤੱਕ ਸਾਥੀ ਦੀ ਚੋਣ ਉੱਤੇ ਇੰਨਾ ਬਲਵਾਨ ਅਸਰ ਪਾਉਂਦੇ ਹਨ। ਫੇਰ ਪ੍ਰਸਪਰ ਪਿਆਰ ਤੋਂ ਬਿਨਾਂ ਕੋਈ ਮੰਤਵ ਨਹੀਂ ਰਹਿ ਜਾਂਦਾ। ਕਿਉਂਕਿ ਲਿੰਗ ਪਿਆਰ ਆਪਣੇ ਖ਼ਾਸੇ ਕਾਰਨ ਹੀ ਨਿਸ਼ੇਧਕ ਹੈ। ਭਾਵੇਂ ਅੱਜ ਇਹ ਨਿਸ਼ੇਧ ਕੇਵਲ ਇਸਤਰੀਆਂ ਵਿੱਚ ਹੀ ਪ੍ਰਾਪਤ ਕੀਤਾ ਗਿਆ ਹੈ-ਸੋ ਲਿੰਗ ਪਿਆਰ ਉੱਤੇ ਆਧਾਰਿਤ ਵਿਆਹ ਆਪਣੇ ਖ਼ਾਸੇ ਕਾਰਨ ਹੀ ਇੱਕ-ਪਤੀ ਇੱਕ ਪਤਨੀ ਵਿਆਹ ਹੈ। ਅਸੀਂ ਵੇਖਿਆ ਹੈ ਜਦੋਂ ਉਹਨੇ ਟੋਲੀ ਵਿਆਹ ਤੋਂ ਵਿਅਕਤੀਗਤ ਵਿਆਹ ਵੱਲ ਤਬਦੀਲੀ ਨੂੰ ਔਰਤਾਂ ਦਾ ਕੰਮ ਸਮਝਿਆ ਤਾਂ "ਬਾਖੋਫੇਨ" ਕਿੰਨਾ ਠੀਕ ਸੀ; ਕੇਵਲ ਜੋੜੇ ਵਿਆਹ ਤੋਂ ਇੱਕ-ਪਤੀ ਇੱਕ -ਪਤਨੀ ਵਿਆਹ ਪ੍ਰਥਾ ਵੱਲ ਤਬਦੀਲੀ ਮਰਦਾਂ ਦੇ ਖਾਤੇ ਵਿੱਚ ਪਾਈ ਜਾ ਸਕਦੀ ਹੈ ਅਤੇ ਇਤਿਹਾਸਕ ਤੌਰ ਨੇ, ਇਹਦਾ ਤੱਤ ਲਾਜ਼ਮੀ ਤੌਰ 'ਤੇ ਔਰਤਾਂ ਦੀ ਪ੍ਰਸਥਿਤੀ ਖ਼ਰਾਬ ਕਰਨਾ ਅਤੇ ਮਰਦਾਂ ਵੱਲੋਂ ਬੇਵਫ਼ਾਈ ਸੌਖੀ ਬਣਾਉਂਦਾ ਸੀ। ਉਹਨਾਂ ਆਰਥਿਕ ਵਿਚਾਰਾਂ ਦੇ ਖ਼ਤਮ ਹੋਣ ਨਾਲ ਜਿਹੜੇ ਔਰਤਾਂ ਨੂੰ ਮਰਦਾਂ ਵਲੋਂ ਰਿਵਾਇਤੀ ਬੇਵਫ਼ਾਈ ਸਹਾਰਨ 'ਤੇ ਮਜ਼ਬੂਰ ਕਰਦੇ ਸਨ-ਆਪਣੇ ਗੁਜ਼ਾਰੇ ਸੰਬੰਧੀ ਅਤੇ ਇਸ ਤੋਂ ਵੀ ਵੱਧ ਆਪਣੇ ਬੱਚਿਆਂ ਦੇ ਭਵਿੱਖ ਸੰਬੰਧੀ ਫ਼ਿਕਰ-ਜਿਹੜੀ ਬਰਾਬਰੀ ਪ੍ਰਾਪਤ ਹੋਵੇਗੀ, ਸਾਰੇ ਪਿਛਲੇ ਅਨੁਭਵ ਤੋਂ ਨਿਰਣਾ ਕਰਦੇ ਹੋਏ ਉਹਦਾ ਸਿੱਟਾ ਮਰਦਾਂ ਦੇ ਵਧੇਰੇ ਇੱਕ-ਪਤਨੀ ਪ੍ਰਥਾ 'ਤੇ ਚੱਲਣਾ ਹੋਵੇਗਾ ਅਤੇ ਔਰਤਾਂ ਦਾ ਬਹੁ-ਕੰਤੀ ਪ੍ਰਥਾ 'ਤੇ ਚੱਲਣਾ ਨਹੀਂ।

ਪਰ, ਇੱਕ-ਪਤੀ, ਇੱਕ-ਪਤਨੀ ਪ੍ਰਥਾ ਵਿੱਚੋਂ ਜੋ ਕੁਝ ਨਿਸ਼ਚੇ ਹੀ ਲੋਪ ਹੋ ਜਾਵੇਗਾ ਉਹ ਇਹਦੇ ਸਾਰੇ ਉਹ ਲੱਛਣ ਹਨ ਜਿਨ੍ਹਾਂ ਦੀ ਇਹਦੇ ਜਾਇਦਾਦ ਦੇ ਸੰਬੰਧਾਂ ਵਿੱਚੋਂ ਉਭਰਨ ਕਾਰਨ ਇਹਦੇ ਉੱਤੇ ਛਾਪ ਲੱਗੀ ਹੈ। ਇਹ ਹਨ, ਪਹਿਲੇ, ਮਰਦ ਦਾ ਗਲ਼ਬਾ ਅਤੇ ਦੂਜੇ, ਵਿਆਹ ਦਾ ਅਟੁੱਟ ਹੋਣਾ। ਵਿਆਹ ਵਿੱਚ ਮਰਦ ਦਾ ਗਲ਼ਬਾ ਕੇਵਲ ਉਹਦੇ ਆਰਥਿਕ ਗਲ਼ਬੇ ਦਾ ਸਿੱਟਾ ਹੈ ਅਤੇ ਇਹਦੇ ਨਾਲ ਹੀ ਇਹ ਆਪਣੇ ਆਪ ਲੋਪ ਹੋ ਜਾਵੇਗਾ। ਵਿਆਹ ਦਾ ਅਟੁੱਟ ਹੋਣਾ ਜੁਜਵੀ ਤੌਰ 'ਤੇ ਉਹਨਾਂ ਆਰਥਿਕ ਪ੍ਰਸਥਿਤੀਆਂ ਦਾ ਸਿੱਟਾ ਹੈ ਜਿਨ੍ਹਾਂ ਅਧੀਨ ਇੱਕ-ਪਤੀ, ਇੱਕ-ਪਤਨੀ ਪ੍ਰਥਾ ਹੋਂਦ ਵਿੱਚ ਆਈ ਅਤੇ ਜੁਜਵੀ ਤੌਰ 'ਤੇ ਉਸ ਸਮੇਂ ਤੋਂ ਚੱਲੀ ਆ ਰਹੀ ਰਵਾਇਤ ਹੈ ਜਦੋਂ ਆਰਥਿਕ ਪ੍ਰਸਥਿਤੀਆਂ ਇੱਕ-ਪਤੀ, ਇੱਕ-ਪਤਨੀ ਪ੍ਰਥਾ ਵਿਚਕਾਰ ਸੰਬੰਧ ਠੀਕ ਤਰ੍ਹਾਂ ਸਮਝਿਆ ਨਹੀ ਸੀ ਅਤੇ ਧਰਮ ਨੇ ਇਹਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਸੀ, ਅੱਜ ਹਜ਼ਾਰ ਵਾਰ ਤੋੜੀ ਜਾ ਚੁੱਕੀ ਹੈ। ਜੇ ਕੇਵਲ ਪਿਆਰ ਉੱਤੇ ਆਧਾਰਿਤ ਵਿਆਹ ਸਦਾਚਾਰਕ ਹੈ ਤਾਂ ਕੇਵਲ ਉਹ ਵਿਆਹ ਸਦਾਚਾਰਕ ਹਨ ਜਿਹਨਾਂ ਵਿੱਚ ਪਿਆਰ ਕਾਇਮ ਰਹਿੰਦਾ ਹੈ। ਵਿਅਕਤੀਗਤ ਲਿੰਗ ਪਿਆਰ ਦੇ ਸਥਿਰ ਰਹਿਣ ਦਾ ਸਮਾਂ ਵਿਅਕਤੀ-ਵਿਅਕਤੀ ਲਈ ਬਹੁਤ ਵੱਖ-ਵੱਖ ਹੁੰਦਾ ਹੈ, ਵਿਸ਼ੇਸ਼ ਤੌਰ 'ਤੇ ਮਰਦਾਂ ਵਿੱਚ ਅਤੇ ਸਪਸ਼ਟ ਤੌਰ 'ਤੇ ਪਿਆਰ ਦਾ ਅੰਤ ਜਾਂ ਇਹਦੀ ਥਾਂ ਇੱਕ ਨਵੇਂ ਵੇਗਮਈ ਪਿਆਰ ਵੱਲੋਂ ਲੈ ਲੈਣਾ, ਵਿਛੋੜੇ ਨੂੰ ਦੋਹਾਂ ਧਿਰਾਂ ਲਈ ਵੀ ਅਤੇ ਸਮਾਜ ਲਈ ਵੀ ਇੱਕ ਨਿਆਮਤ ਬਣਾ ਦਿੰਦਾ ਹੈ।ਲੋਕ ਕੇਵਲ ਤਲਾਕ ਦੀ ਅਦਾਲਤੀ ਕਾਰਵਾਈ ਦੀ ਜਿਲ੍ਹਣ ਵਿੱਚੋਂ ਲੰਘਣੋਂ ਬਚ ਜਾਣਗੇ।

ਸੋ, ਸਰਮਾਏਦਾਰ ਉਤਪਾਦਨ ਦੇ ਨੇੜੇ ਆਏ ਅੰਤ ਪਿੱਛੋਂ ਲਿੰਗ ਸੰਬੰਧਾਂ ਦੇ ਨੇਮਬੱਧ ਹੋਣ ਸੰਬੰਧੀ ਅਸੀਂ ਇਸ ਸਮੇਂ ਜੋ ਕੁੱਝ ਚਿਤਵ ਸਕਦੇ ਹਾਂ ਉਹ ਨਾਂ-ਪੱਖੀ ਖ਼ਾਸੇ ਵਾਲਾ ਹੈ, ਵਧੇਰੇ ਉਸ ਤੱਕ ਸੀਮਤ ਹੈ ਕਿ ਕੀ ਸ਼ੈਆਂ ਲੋਪ ਹੋ ਜਾਣਗੀਆਂ। ਪਰ ਇਸ ਵਿੱਚ ਕਿਸ ਸ਼ੈਅ ਦਾ ਵਾਧਾ ਹੋਵੇਗਾ? ਇਹਦਾ ਨਿਰਣਾ ਉਦੋਂ ਹੋਵੇਗਾ ਜਦੋਂ ਇੱਕ ਨਵੀਂ ਪੀੜ੍ਹੀ ਪ੍ਰਵਾਨ ਚੜ੍ਹ ਚੁੱਕੀ ਹੋਵੇਗੀ; ਮਰਦਾਂ ਦੀ ਇੱਕ ਅਜਿਹੀ ਪੀੜ੍ਹੀ ਜਿਨ੍ਹਾਂ ਨੂੰ ਆਪਣੇ ਸਾਰੇ ਜੀਵਨ ਵਿੱਚ ਕਦੇ ਕਿਸੇ ਔਰਤ ਦੇ ਹੇਠਾਂ ਪੈਣ ਨੂੰ ਪੈਸੇ ਜਾਂ ਸਮਾਜੀ ਸਮਤੀ ਦੇ ਕਿਸੇ ਹੋਰ ਸਾਧਨ ਰਾਹੀਂ ਖ਼ਰੀਦਣ ਦਾ ਅਵਸਰ ਨਹੀਂ ਮਿਲਿਆ ਹੋਵੇਗਾ ਅਤੇ ਔਰਤਾਂ ਦੀ ਜਿਹੜੀਆਂ ਸੱਚੇ ਪਿਆਰ ਤੋਂ ਬਿਨ੍ਹਾਂ ਕਿਸੇ ਹੋਰ ਕਾਰਨ ਕਦੀ ਕਿਸੇ ਮਰਦ ਹੇਠ ਨਹੀਂ ਪਈਆਂ ਹੋਣਗੀਆਂ ਜਾਂ ਜਿਨ੍ਹਾਂ ਨੂੰ ਆਰਥਿਕ ਸਿੱਟਿਆਂ ਦੇ ਡਰ ਕਾਰਨ ਆਪਣੇ ਆਪ ਨੂੰ ਪਿਆਰ ਦੇ ਹਵਾਲੇ ਕਰਨੋਂ ਸੰਕੋਚ ਕਰਨਾ ਪਿਆ ਹੋਵੇ। ਜਦੋਂ ਇੱਕ ਵਾਰ ਅਜਿਹੇ ਲੋਕ ਹੋਂਦ ਵਿੱਚ ਆ ਜਾਣਗੇ ਉਹ ਇਸ ਗੱਲ ਦੀ ਆਲੋਚਕ ਮਾਤਰ ਪ੍ਰਵਾਹ ਨਹੀ ਕਰਨਗੇ ਕਿ ਅੱਜ ਅਸੀਂ ਕੀ ਸੋਚਦੇ ਹਾਂ ਕਿ ਉਹ ਕੀ ਕਰਨਗੇ। ਉਹ ਆਪਣੇ ਅਮਲ ਸਥਾਪਤ ਕਰਨਗੇ ਅਤੇ ਉਹਦੇ ਨਾਲ ਮੇਲ ਖਾਂਦੀ, ਹਰ ਵਿਅਕਤੀ ਦੇ ਅਮਲ ਉੱਤੇ ਆਧਾਰਿਤ ਆਪਣੀ ਲੋਕ ਰਾਇ ਸਥਾਪਿਤ ਕਰਨਗੇ - ਅਤੇ ਬੱਸ।

ਕਰਨਵੀਰ ਬਹਿਣੀਵਾਲ ਦੀ ਕੰਧ ਤੋਂ ਧੰਨਵਾਦ ਸਹਿਤ

# 'ਜੀਨ ਤਕਨੋਲਜੀ ਅਤੇ ਸਾਡੀ ਖੇਤੀ' ਕਿਤਾਬਾਂ ਬਾਰੇ ਕੁਝ ਸ਼ਬਦ

## (ਦੁਨੀਆਂ ਦੇ ਅਨਾਜ ਭੰਡਾਰ ਉੱਤੇ ਕਬਜ਼ੇ ਦੀ ਸਾਜਿਸ਼)



ਧਰਤੀ ਤੇ ਜੀਵਨ ਸੰਭਵ ਹੈ, ਕਿਉਕਿ ਇੱਥੇ ਜੀਵਨ ਲਈ ਵਾਤਾਵਰਣ ਅਨੁਕੂਲ ਹੈ। ਜੀਵਾਂ ਦੇ ਜਿਉਂਦੇ ਰਹਿਣ ਲਈ ਭੋਜਨ ਦੀ ਲੋੜ ਹੁੰਦੀ ਹੈ ਤੇ ਧਰਤੀ 'ਤੇ ਭੋਜਨ ਮੌਜੂਦ ਹੈ। ਪਾਣੀ ਹੈ, ਹਵਾ ਹੈ, ਜੰਗਲ ਨੇ ਫਸਲਾਂ ਹਨ, ਜਿਹਨਾਂ ਤੋ ਧਰਤੀ 'ਤੇ ਵਸਣ ਵਾਲੇ ਹਰ ਜੀਵ ਦੀ ਲੋੜ ਪੂਰੀ ਹੁੰਦੀ ਹੈ। ਜਿੱਥੇ ਕਾਲ ਪੈਦਾ ਹੈ ਮੌਸਮ ਅਨੁਕੂਲ ਨਹੀ ਜਾਂ ਫਿਰ ਕੋਈ ਕੁਦਰਤੀ ਫੇਰਬਦਲ ਹੁੰਦਾ ਹੈ ਤਾਂ ਜੀਵਾਂ ਦੀ ਹੌਂਦ ਖ਼ਤਮ ਹੁੰਦੀ ਹੈ ਪਰ ਫਿਰ ਵਕਤ ਪਾ ਕਿ ਕੁਦਰਤ ਇਸ ਨੂੰ ਆਪਣੇ ਆਪ ਹੀ ਇਕ ਲਹਿ ਵਿਚ ਲੈ ਆਉਂਦੀ ਹੈ। ਕੁਦਰਤ ਦਾ ਚੱਕਰ ਚੱਲਦਾ ਰਹਿੰਦਾ ਹੈ ਸਹੀ ਸਲਾਮਤ ਜਦੋ ਤੱਕ ਇਸ ਵਿਚ ਕੋਈ ਰੁਕਾਵਰ ਪੈਦਾ ਨਹੀ ਕਰਦਾ।

ਕੁਦਰਤ ਦੇ ਇਸ ਜੀਵ ਚੱਕਰ ਵਿਚੋ ਮਨੁੱਖ ਵਲੋਂ ਆਪਣੇ ਆਪ ਨੂੰ ਵੱਖ ਕਰ ਲੈਣਾ ਤੇ ਇਹ ਸਮਝ ਬੈਠਣਾ ਕਿ ਕੁਦਰਤ 'ਤੇ ਸਿਰਫ ਉਸ ਦਾ ਹੀ ਅਧਿਕਾਰ ਹੈ, ਇਸ ਸਮਝ ਨੇ ਕਈ ਹਾਦਸਿਆਂ ਤੇ ਤ੍ਰਸਾਦੀਆਂ ਨੂੰ ਜਨਮ ਦਿੱਤਾ। ਕੁਦਰਤ ਨਾਲ ਛੇੜਛਾੜ ਮਨੁੱਖ ਦਾ ਇਕ ਬੜਾ ਪੁਰਾਣਾ ਵਿਸ਼ਾ ਬਣ ਗਿਆ ਹੈ। ਇਸ ਦੇ ਫਾਇਦੇ ਘੱਟ ਤੇ ਨੁਕਸਾਨ ਜ਼ਿਆਦਾ ਵੇਖਣ ਵਿਚ ਆਉਂਦੇ ਹਨ। ਤਰੱਕੀ ਦੇ ਨਾਮ ਤੇ ਵਿਨਾਸ਼ ਦੀ ਸਿਰਜਣਾ ਕਰਨ ਵਾਲਾ ਬਣਦਾ ਜਾ ਰਿਹਾ ਹੈ ਇਸ ਇਨਸਾਨ। ਕੁਦਰਤ ਨੂੰ ਆਪਣੀ ਸੋਚ ਵਾਂਗੂ ਢਾਲਣ ਦੀ ਪ੍ਰਵਿਰਤੀ ਹੀ ਮਨੁੱਖ ਵਲੋ ਕੁਦਰਤ ਦੀ ਤਬਾਹੀ ਦਾ ਮੁੱਢ ਬੰਨ੍ਹਦੀ ਹੈ। ਕੁਦਰਤ ਵਿਚ ਬਦਲਾਅ ਮਤਲਬ ਕਿਸੇ ਨਵੇ ਸੰਕਟ ਦੀ ਸ਼ੁਰੂਆਤ। ਇਤਿਹਾਸ ਇਸ ਦਾ ਗਵਾਹ ਰਿਹਾ ਹੈ।

ਖੈਰ ਗੱਲ ਕਰਦਾ ਹਾਂ ਇਸ ਕਿਤਾਬ ਦੀ ਜਿਸ ਦਾ ਨਾਮ ਹੈ 'ਜੀਨ ਤਕਨਾਲੋਜੀ ਅਤੇ ਸਾਡੀ ਖੇਤੀ' ਬਹੁਤ ਪਿਆਰੇ ਮਿੱਤਰ ਬਲਤੇਜ ਵਲੋ ਅਨੁਵਾਦ ਕੀਤੀ ਗਈ ਹੈ ਤੇ ਲੇਖਕ ਨੇ 'ਨਰ ਸਿੰਘ ਦਿਆਲ'। ਬਲਤੇਜ ਵਲੋ ਇਸ ਕਿਤਾਬ ਦਾ ਅਨੁਵਾਦ ਕਰਨਾ ਆਪਣੇ ਆਪ ਵਿਚ ਬਹੁਤ ਵੱਡੀ ਪ੍ਰਾਪਤੀ ਹੈ ਕਿਉ ਕਿ ਪੰਜਾਬੀ ਸਾਹਿਤ ਜਗਤ ਇਸ ਤਰਾਂ ਦੀਆਂ ਜਾਣਕਾਰੀਆਂ ਤੇ ਕਿਤਾਬਾਂ ਵਜੋ ਥੋੜਾ-ਬਹੁਤਾ ਸੱਖਣਾ ਹੈ ਤੇ ਅੱਜ ਦੀ ਲੋੜ ਹੈ ਕਿ ਇਸ ਤਰਾਂ ਦੀਆਂ ਜਾਣਕਾਰੀਆਂ ਜੋ ਸਾਡਾ ਆਉਂਣ ਵਾਲਾ ਭਵਿੱਖ ਤਹਿ ਕਰਦੀਆਂ ਹਨ ਊਹਨਾਂ ਬਾਰੇ ਜਾਨਣਾ ਵਕਤ ਦੀ ਲੋੜ ਹੈ। ਮੁਬਾਕਰਾਂ ਤੇ ਬਹੁਤ ਸਾਰਾ ਧੰਨਵਾਦ ਬਲਤੇਜ ਨੂੰ ਇਸ ਕਦਮ ਦੇ ਲਈ।

ਗੱਲ ਕਿਤਾਬ ਦੇ ਵਿਸ਼ੇ ਦੀ ਕਰਦਾ ਹਾਂ, ਅਸਲ ਕਹਾਣੀ ਤੇ ਕਿਤਾਬ ਪੜ ਕਿ ਹੀ ਆਪ ਸਭ ਨੂੰ ਪਤਾ ਲੱਗੇਗੀ, ਤੇ ਕਿਤਾਬਾਂ ਕਿਉਂ ਪੜ੍ਹੀ ਚਾਹੀਦੀ ਹੈ ਮੈ ਸਿਰਫ ਇਸ ਦੀ ਵਜਾਂ ਹੀ ਦੱਸਾਗਾ। ਜਿਵੇ ਸ਼ੁਰੂਆਤ ਕੀਤੀ ਹੈ ਤਾਂ ਸਮਝ ਪੈਦੀ ਹੈ ਕਿ ਗੱਲ ਕੁਦਰਤ ਦੀ ਹੈ ਤੇ ਮਨੁੱਖ ਦੇ ਜੀਣ ਦੀ ਲੋੜ ਦੇ ਸਾਧਨਾਂ ਦੀ, ਜਾਣੀ ਕਿ ਭੋਜਨ ਦੀ।

ਜਦੋਂ ਤੋਂ ਮਨੁੱਖ ਨੇ ਆਪਣੇ ਆਪ ਨੂੰ ਕੁਦਰਤ ਦੇ ਹੋਰਨਾਂ ਜੀਵਾਂ ਤੋ ਵੱਖ ਕਰ ਲਿਆ ਹੈ ਉਸ ਵੇਲੇ ਤੋ ਹਰ ਸਵੇਰ ਨਵੀ ਮੁਸ਼ਕਿਲ ਕੁਦਰਤ ਤੇ ਆਪਣੇ ਲਈ ਪੈਦਾ ਕੀਤੀ ਹੈ। ਵੱਧਦੀ ਆਬਾਦੀ ਦੀਆਂ ਲੋੜਾ ਨੂੰ ਪੂਰਾ ਕਰਨ ਦੇ ਲਈ ਵੱਧ ਪੈਦਾਵਾਰ ਦੀ ਲੋੜ ਸੀ ਜਿਸ ਲਈ ਵਿਗਿਆਨ ਨੇ ਮਨੁੱਖ ਨੂੰ ਤਰ੍ਹਾਂ ਤਰਾਂ ਦੀਆਂ ਖੋਜਾਂ ਕਰਨ ਤੇ ਅਵਿਸ਼ਕਾਰ ਕਰਨ ਲਈ ਪ੍ਰੇਰਿਆ ਤਾਂ ਜੋ ਵੱਧ ਤੋ ਵੱਧ ਲੋਕਾਂ ਨੂੰ ਭੁੱਖ ਨਾਲ ਮਰਨ ਦੀ ਨੋਬਤ ਨਾ ਆਵੇ। ਜ਼ਮੀਨਾਂ ਹੇਠ ਰਕਬਾ ਵਧਾਇਆ ਗਿਆ ਨਵੇ ਕੀਟਨਾਸ਼ਕ ਬਣਾਏ ਗਏ। ਕੁਦਰਤ ਨੇ ਜੋ ਜੀਵ ਬਣਾਏ ਸੀ ਉਹਨਾਂ ਨੂੰ ਖ਼ਤਮ ਕਰਨ ਤੇ ਆਪਣੇ ਫਾਇਦੇ ਨੂੰ ਵਧਾਉਂਣ ਦੀ ਦੋੜ ਲੱਗ ਗਈ। ਸਿੱਟਾਂ ਕੀ ਹੋਇਆ ਪੁਰਾਣੇ ਜੀਵ ਮਰੇ ਤੇ ਨਵੇ ਪੈਦਾ ਹੋ ਗਏ। ਪੁਰਾਣੀਆਂ ਬਿਮਾਰੀਆਂ ਗਈਆਂ ਨਵੀਆਂ ਆ ਗਈਆਂ। ਫਿਰ ਖੋਜਾਂ, ਨਵੀਆਂ ਦਵਾਈਆਂ ਬਣਾਈਆਂ ਨਵੇਂ ਜੀਵਾਂ ਨੂੰ ਮਾਰਨ ਲਈ, ਦਵਾਈਆਂ ਪੁਰਾਣੀਆਂ ਹੋ ਗਈ ਤੇ ਫਿਰ ਨਵੀਆਂ ਬਣ ਗਈਆਂ। ਬੱਸ ਇਹ ਖੇਡ ਚਲਦੀ ਆ ਰਹੀ ਹੈ। ਮਨੁੱਖ ਆਪਣੀ ਕੋਸ਼ਿਸ ਕਰਦਾ ਹੈ ਤੇ ਕੁਦਰਤ ਉਸ ਦੇ ਨਾਲ ਹੀ ਆਪਣੀ ਚਾਲ ਚਲਦੀ ਹੈ। ਇਸ ਤਰਾਂ ਇਹ ਸਿਲਸਿਲਾ ਚਲਦਾ ਰਿਹਾ। ਪਰ ਇਸ ਦੇ ਮਾਰੂ ਅਸਰ ਤੋਂ ਖੁਦ ਇਨਸਾਨ ਨਹੀਂ ਬੱਚਿਆ। ਜਹਿਰਾਂ ਨਾਲ ਜੀਵ ਤਾਂ ਮਰੇ ਹੀ ਮਰੇ ਪਰ ਨਾਲ ਹੀ ਮਨੁੱਖ ਵੀ ਮਰਨਾ ਸੂਰੂ ਹੋ ਗਿਆ। ਨਵੀਆਂ ਬਿਮਾਰੀ ਨਾਲ ਜਿਵੇ ਕੈਂਸਰ, ਏਡਜ, ਬੀਪੀ, ਦਿਲ ਦੇ ਰੋਗ, ਸੂਗਰ ਆਦਿ। ਇਹਨਾਂ ਦਾ ਇਲਾਜ ਅਜੇ ਵੀ ਵਿਗਿਆਨ ਤੋਂ ਦੂਰ ਹੈ।

ਭਾਰਤ ਵਿਚ ਹਰੀ ਕ੍ਰਾਂਤੀ ਅਸਲ ਵਿਚ ਕਾਲੀ ਕ੍ਰਾਂਤੀ ਨੇ ਆਪਣਾ ਅਸਰ 20 ਸਾਲਾਂ ਵਿਚ ਹੀ ਵਿਖਾਉਣਾ ਸੂਰੂ ਕੀਤਾ ਹੈ। ਐਨੇ ਲੋਕ ਇਸ ਵਕਤ ਭੁੱਖ ਨਾਲ ਸ਼ਾਇਦ ਹੀ ਮਰਦੇ ਹੋਣ ਜਿੰਨੇ ਮਨੁੱਖ ਦੁਆਰਾ ਪੈਦਾ ਕੀਤਾਂ ਬਿਮਾਰੀਆਂ ਨਾਲ ਮਰਦੇ ਹਨ। ਸੋ ਹਰੀ ਕ੍ਰਾਤੀ ਨੇ ਅਨਾਜ਼ ਘੱਟ ਤੇ ਬਿਮਾਰੀਆਂ ਦਾ ਉਤਪਾਦਨ ਜ਼ਿਆਦਾ ਕੀਤਾਂ ਹੈ।

ਇਹ ਦੌਰ ਤਾਂ ਹੁਣ ਗੁਜਰ ਗਿਆ ਹੈ ਤੇ ਸਮਾਜ ਵੀ ਇਸ ਤੋ ਜਾਣੂ ਹੈ ਪਰ ਖੁੱਲ੍ਹ ਕਿ ਮੰਨਣ ਨੂੰ ਤਿਆਰ ਨਹੀ ਕਿ ਖੇਤੀ ਵਿਚ ਹਰੀ ਕ੍ਰਾਂਤੀ ਇਕ ਕਾਲਾ ਦੌਰ ਸੀ। ਮਨੁੱਖ ਨੂੰ ਲਬੋਰਟਰੀ ਦੇ ਡੱਡੂ ਬਣਾਇਆ ਜਾ ਰਿਹਾ ਹੈ।

ਹੁਣ ਇਕ ਨਵਾਂ ਦੌਰ ਸੁਰੂ ਹੋਇਆ ਹੈ ਜਿਸ ਨੂੰ ਕਿਹਾ ਜਾ ਰਿਹਾ ਹੈ ਹਾਈਬ੍ਰਿਡ ਕ੍ਰਾਂਤੀ ਜੋ ਇਸ ਕਿਤਾਬ ਵਿਚ ਦੱਸਿਆ ਗਿਆ ਹੈ।

ਜੀਨ ਤਕਨੋਲਜੀ, ਦੋ ਗੁਣਾਂ ਨੂੰ ਇਕ ਕਰਨਾ, ਦੋ ਜੀਨਾਂ ਮਤਲਬ ਤੋ ਜਿੰਦਗੀਆਂ ਨੂੰ ਇਕ ਕਰਕੇ ਕੋਈ ਨਵੀ ਜਿੰਦਗੀ ਬਣਾਉਣੀ। ਇਸ ਦੀ ਸੁਰੂਆਤ ਨੂੰ ਤੇ 100 ਸਾਲ ਹੋ ਚੁੱਕੇ ਨੇ ਪਰ ਕ੍ਰਾਂਤੀ ਸਾਇਦ ਹੁਣ ਆਉਣ ਵਾਲੀ ਹੈ। ਇਹ ਕ੍ਰਾਂਤੀ ਲੋਕਾਂ ਦੀ ਨਹੀ ਸਗੋ ਕਿਸਾਨਾਂ, ਕਿਸਾਨੀ, ਕੁਦਰਤ ਦੇ ਬੀਜਾਂ ਤੇ ਦੁਨੀਆਂ ਦੇ ਅੰਨਾਜ ਭੰਡਾਰ 'ਤੇ ਕਬਜ਼ਾ ਕਰਨ ਦੀ ਹੈ। ਕੁਦਰਤ ਦੇ ਅਨਮੋਲ ਤੋਹਫੇ 'ਅਨਾਜ਼' ਭੋਜਨ 'ਤੇ ਕਬਜਾਂ ਕਰਨ ਦੀ। ਤੁਸੀ ਕੀ ਬੀਜੋਗੇ, ਕੀ ਉਗੇਗਾ, ਕਿਵੇ ਉਗੇਗਾ, ਕੋਣ ਖਵੇਗਾ, ਕਿੰਨਾ ਖਾਵੇਗਾ ਇਹ ਸਭ ਹੁਣ ਕੋਈ ਇਨਸਾਨ ਖੁਦ ਨਹੀ ਤਹਿ ਕਰੇਗਾ ਤੇ ਨਾ ਹੀ ਕੁਦਰਤ ਤਹਿ ਕਰੇਗੀ, ਤਹਿ ਕਰੇਗਾ ਤਾਂ ਉਹ ਸੈਤਾਨੀ ਦਿਮਾਗ ਜੋ ਇਸ ਫਿਰਾਕ ਵਿਚ ਹੈ ਕਿ ਕੁਦਰਤ 'ਤੇ ਕਿਸ ਤਰਾਂ ਮੈ ਕਬਜ਼ਾ ਕਰਨਾ ਹੈ ਕਿ ਕੁਦਰਤ ਵਿਚੋ ਪੈਦਾ ਹੋਈ ਹਰ ਇਕ ਸੈਹ ਵੀ ਉਸ ਦੇ ਕਬਜੇ ਵਿਚ ਆ ਸਕੇ।

ਕੁਦਰਤ ਨੂੰ ਪਾਸੇ ਕਰਕੇ ਨਵੀਆਂ ਨਸਲਾਂ ਪੈਦਾ ਕੀਤਾਂ ਜਾ ਰਹੀਆਂ ਹਨ ਜਿਸ ਨਾਲ ਮਨੁੱਖ ਦੀ ਨਸਲ ਵੀ ਬਦਲ ਜਾਵੇਗੀ ਕਿਉ ਕਿ ਉਹ ਵੀ ਤਾਂ ਕੁਦਰਤ ਦਾ ਹੀ ਇਕ ਭੇਦ ਹੈ। ਸੁਰੂਆਤ ਫਿਲਹਾਲ ਖੇਤੀ ਤੋ ਹੈ।

ਸੁਪਨੇ ਵਿਖਾਏ ਜਾ ਰਹੇ ਨੇ ਕਿਸਾਨ ਨੂੰ ਅਮੀਰ ਕਰਨ ਦੇ ਤੇ ਸੁਪਨੇ ਵਿਖਾਕੇ ਲੁਟਣ ਦੀ ਤਿਆਰੀ ਵੀ ਪੂਰੀ ਕੀਤੀ ਗਈ ਹੈ।

ਕਿਵੇ ਹਾਈਬਰੈਡ ਬੀਜਾ ਨੂੰ ਪ੍ਰਚਾਰ ਕਿ ਉਹਨਾਂ ਦੇ ਪੈਟੇਂਟ ਲਏ ਜਾਂਦੇ ਹਨ ਤੇ ਕੁਦਰਤੀ ਬੀਜਾਂ ਨੂੰ ਖਤਮ ਕੀਤਾ ਜਾ ਰਿਹਾ।

ਵੱਧ ਉਤਪਾਦਨ ਦੇ ਨਾਲ ਤੇ ਅਨਾਜ਼ ਵਿਚੋ ਉਸ ਦੇ ਕੁਦਰਤੀ ਗੁਣ ਖ਼ਤਮ ਕੀਤੇ ਜਾ ਰਹੇ ਨੇ। ਕਿਵੇ ਕੁਦਰਤੀ ਜੀਵਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ ਤੇ ਤੁਹਾਡੇ ਖੇਤਾ ਨੂੰ ਜ਼ਹਿਰ ਦੀ ਖਾਣ ਬਣਾ ਕਿ ਰੱਖਿਆ ਜਾ ਰਿਹਾ ਹੈ। ਇਸ ਅਨਾਜ਼ ਢਿੱਡ ਤਾਂ ਭਰਦਾ ਹੈ ਪਰ ਕੁਪੋਸ਼ਣ ਪੈਦਾ ਕਰਦਾ ਹੈ। ਇਸ ਬਾਰੇ ਵਿਸਥਾਰ ਵਿਚ ਜਾਨਣ ਲਈ ਕਿਤਾਬ ਇਕ ਸਹੀ ਰਾਹ ਹੈ।

ਦੁਨੀਆਂ ਵਿਚ 3 ਲੱਖ ਤੋ ਜ਼ਿਆਦਾ ਲੋਕ ਖੇਤੀ ਲਈ ਵਰਤੀਆਂ ਜਾਦੀਆਂ ਕੀਟਨਾਸ਼ਕਾ ਕਰਕੇ ਹਰ ਸਾਲ ਮਰ ਜਾਂਦੇ ਨੇ ਤੇ ਕਰੋੜਾ ਦੀ ਗਿਣਤੀ ਵਿਚ ਜੀਵ ਜਨੌਰ ਜੋ ਇਸ ਫਸਲਾਂ ਖਾਂਦੇ ਨੇ। ਫਿਰ ਮਨੁੱਖ ਇਸ ਤੋ ਬਚਿਆ ਕਿਵੇ ਰਿਹ ਸਕਦਾ ਹੈ? ਮਨੁੱਖ ਇਸ ਤੋ ਪੈਦਾ ਹੋਈਆ ਬਿਮਾਰੀਆ ਨਾਲ ਮਰਦਾ ਹੈ।

ਇਨਸਾਨ ਨੂੰ ਜੋ ਵਿਰਾਸਤ ਕੁਦਰਤ ਨੇ ਦਿੱਤੀ ਹੈ ਉਸ ਨੂੰ ਖ਼ਤਮ ਕਰਨ ਦੀਆਂ ਤਿਆਰੀਆਂ ਕੀਤੀਆ ਜਾ ਰਹੀਆਂ ਹਨ।

ਹਾਈਬ੍ਰਿਡ ਜੀ ਐਮ ਫਸਲਾਂ ਖਾ ਕਿ ਮਨੁੱਖ ਆਪਣੀ ਅਸਲ ਕੁਦਰਤੀ ਹੋਂਦ ਨੂੰ ਖ਼ਤਮ ਕਰਨ ਲਈ ਖੂਹ ਪੁਟਦਾ ਜਾ ਰਿਹਾ ਹੈ ਜਿਸ ਨੂੰ ਇਸ ਖੂਹ ਵਿਚ ਦੱਬ ਕਿ ਇਸ ਦੀ ਕਬਰ ਬਣਾਉਂਣ ਦੀ ਤਿਆਰੀ ਇਹ ਵੱਡੀਆਂ ਕੰਪਨੀਆਂ ਕਰ ਰਹੀਆਂ ਨੇ।

ਹੋਰ ਕਿੰਨਾਂ ਕੁਝ ਲਿੱਖਾਂ ਸਾਇਦ ਉਹ ਵੀ ਘੱਟ ਹੋਵੇਗਾ। ਹਰ ਕਿਸਾਨ ਤੇ ਇਨਸਾਨ ਨੂੰ ਸਮਝਣਾ ਪਵੇਗਾ ਕਿ ਕੁਦਰਤ ਦੇ ਚੱਕਰ ਵਿਚ ਰਹਿ ਕਿ ਹੀ ਉਸ ਨੂੰ ਆਪਣਾ ਵਿਕਾਸ ਕਰਨਾ ਚਾਹੀਦਾ ਹੈ ਜੇਕਰ ਉਹ ਆਪਣੇ ਆਪ ਨੂੰ ਇਸ ਤੋ ਵੱਖ ਕਰੇਗਾ ਤਾਂ ਇਸ ਦਾ ਵਿਨਾਸ਼ ਪੱਕਾ ਹੈ।

ਧੰਨਵਾਦ ਇਕ ਵਾਰ ਫਿਰ ਤੋ ਮ੍ਰਿਤਰ ਬਲਤੇਜ ਦਾ ਤੇ ਨਰ ਸਿੰਘ ਦਿਆਲ ਜੀ ਦਾ...ਪੀਪਲਜ ਫੋਰਮ ਬਰਗਾੜੀ ਦਾ ਵਧੀਆ ਪੁਸਤਕਾਂ ਛਾਪਣ ਲਈ...

-ਕਰਨਵੀਰ ਸਿੰਘ ਬੈਣੀਵਾਲ


Westwinds PHARMACY

ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ

Open 7 Days A Week

New Hours Mon To Fri 9am to 9 pm and 10 am to 6 pm Weekends

10% Discount on OTC Products with this coupon
EXP : Dec 31, 2021 | LIMIT : 1 Coupon per Visit

Free Delivery In NE

• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!



Apinder Aujla
BSc.Pharm



Satvachan Lal
B.Sc.Pharm

#1150, 4818 Westwindus Drive NE. Calgary

403-293-9360





'The name people trust and recommend' Over 30 years of experience in Immigration Matters

HAYER LAW OFFICE

Immigration Law

- Parents and spousal sponsorships
- Skilled Workers/Express Entry
- Business/Entrepreneur/Investor
- Appeals against refused cases
- Student, Visitor Visa & Super Visa
- Refugee Claims and Federal Court Appeals
- PNP applications
- Successfully handled thousands of immigration cases

DALWINDER HAYER
M.A. (Eco.) LL.B., LL.M
Barrister, Solicitor and Notary Public

SITAL (TINA)
B.A., LL.B. (Hons.) L.L.M.
Tel : 78377-00046 | Chandigarh (India)

AMANDEEP HAYER
B.A., J.D. (Canada) J.D. (U.S.)
Barrister, Solicitor, Notary Public

BALJINDER HAYER
Immigration Consultant & Public Notary

TO SERVE OUR CLIENTS BETTER, WE FREQUENTLY VISIT INDIA.

Tel : 403-235-4197
Fax : 403-235-6038
West Winds Business Centre
#111, 5120 47 St. NE Calgary, AB., T3J 4K3
Email : hayerlaw@shaw.ca


ESTATEVIEW
REAL ESTATE & PROPERTY MANAGEMENT
Harcharan (HP) Parhar
REALTOR®
For all your Real Estate need
Please Call
Harcharan Parhar
Cell 403.681.8689
hp8689@gmail.com


Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762
or
29 DREAM
(37326)
Special Packages Available For All Occasions



SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com


PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best
Friendly
Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ,
ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ,
ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ
ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9


BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Jaswinder S Bains, Ph.D., OD.


Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ
ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com


Calgary Best Buy
Furniture & Mattress
Sales Rep.
Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com
Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com


Call Romi Sidhu For Insurance & Financial Needs
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * AUTO * LIFE
* DISABILTY * RRSV * RESP
* VEHICLE FINANCE * CRITICAL ILLNESS * MUTUAL FUNDS
Romi Sidhu, Agent
P02720CN


Best Mobile Signs
All kinds of mobile sign board
best mobile sign
call for yours
Kamal Sidhu
403-966-7167
bestmobilesigns@gmail.com


A CHOICE DRIVING SCHOOL
- Class 5
- basic Driving Courses
- Certification Courses
- Advance Training Course
- Brush Up
- DDC Course
PICK UP & DROP OFF AVAILABLE
Off. 587-352-0610 Cell 403-473-1682

*ਕਿਸਾਨ ਸੰਘਰਸ਼ ਦੇ ਪ੍ਰਭਾਵ*

# ਪਾਰਲੀਮਾਨੀ ਪਾਰਟੀਆਂ ਨਿਖੇੜੇ ਦੀ ਹਾਲਤ 'ਚ, ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦਾ ਪ੍ਰਭਾਵ ਵਧਿਆ

**ਨਰਾਇਣ ਦੱਤ**

ਭਾਜਪਾ ਸਰਕਾਰ 2019 ਦੀਆਂ ਲੋਕ ਸਭਾ ਚੋਣਾਂ 'ਚ ਵੱਡੀ ਜਿੱਤ ਹਾਸਲ ਕਰਨ ਤੋਂ ਬਾਅਦ ਇੱਕ ਤੋਂ ਬਾਅਦ ਇੱਕ ਲੋਕ ਵਿਰੋਧੀ ਫੈਸਲੇ ਲੈਂਦੀ ਆ ਰਹੀ ਹੈ। ਲੋਕਾਂ ਦੇ ਟੈਕਸਾਂ ਨਾਲ ਅਤੇ ਲੱਖਾਂ-ਕਰੋੜਾਂ ਕਿਰਤੀਆਂ ਦੀ ਸਖਤ ਮਿਹਨਤ ਨਾਲ ਉਸਰੇ ਜਨਤਕ ਖੇਤਰ ਦੇ ਸਾਰੇ ਅਦਾਰੇ ਇੱਕ-ਇੱਕ ਕਰਕੇ ਸੁਪਰ ਅਮੀਰਾਂ (ਅਡਾਨੀ-ਅੰਬਾਨੀ ਅਤੇ ਹੋਰ) ਨੂੰ ਕੌਡੀਆਂ ਦੇ ਭਾਅ ਥਾਲੀ 'ਚ ਪਰੋਸਕੇ ਦਿੱਤੇ ਜਾ ਰਹੇ ਹਨ।44 ਕਿਰਤ ਕਾਨੂੰਨਾਂ ਨੂੰ 4 ਕੋਡਾਂ ਵਿੱਚ ਤਬਦੀਲ ਕਰਕੇ ਕਿਰਤੀ ਵਰਗ ਨੂੰ ਨਿੱਜੀ ਮਾਲਕਾਂ ਦੇ ਰਹਿਮੋ-ਕਰਮ ਤੇ ਛੱਡ ਦਿੱਤਾ ਗਿਆ ਹੈ। ਮੋਦੀ ਹਕੂਮਤ ਦੀਆਂ ਲੋਕ ਵਿਰੋਧੀ ਨੀਤੀਆਂ ਖਿਲ਼ਾਫ ਲੰਬੇ ਸਮੇਂ ਤੋਂ ਲੋਕਾਈ ਅੰਦਰ ਗੁੱਸਾ ਅੰਗੜਾਈ ਲੈ ਰਿਹਾ ਸੀ। ਅਸਲ ਮਾਅਨਿਆਂ ਵਿੱਚ ਇਹ "ਤੂਫਾਨ ਤੋਂ ਪਹਿਲਾਂ ਵਾਲੀ ਸ਼ਾਂਤੀ" ਸੀ। ਮੋਦੀ ਹਕੂਮਤ ਲਈ ਕਰੋਨਾ ਵਾਇਰਸ ਨਿਆਮਤ ਬਣਕੇ ਬਹੁੜਿਆ। ਇੱਕ ਤੋਂ ਬਾਅਦ ਇੱਕ ਲੋਕ ਵਿਰੋਧੀ ਫੈਸਲਾ ਲੈਂਦਿਆਂ ਜਦ ਲੋਕਾਂ'ਚ ਕਰੋਨਾ ਵਾਇਰਸ ਦੀ ਦਹਿਸ਼ਤ ਪੈਦਾ ਕਰਕੇ ਘਰਾਂ ਵਿੱਚ ਕੈਦ ਕੀਤਾ ਹੋਇਆ ਸੀ ਤਾਂ 5 ਜੂਨ ਨੂੰ ਤਿੰਨ ਖੇਤੀ ਵਿਰੋਧੀ ਆਰਡੀਨੈਂਸ ਜਾਰੀ ਕਰ ਦਿੱਤੇ। ਮੋਦੀ ਹਕੂਮਤ ਨੂੰ ਭਰਮ ਸੀ ਕਿ ਪਿਛਲੇ ਛੇ ਸਾਲਾਂ ਤੋਂ ਵੱਡੇ ਫੈਸਲੇ (ਨੋਟ ਬੰਦੀ, ਜੀਐੱਸਟੀ, ਧਾਰਾ 370 ਦਾ ਖਾਤਮਾ, ਨਾਗਰਿਕਤਾ ਸੋਧ ਰਜਿਸਟਰ, ਰਾਮ ਜਨਮ ਭੂਮੀ/ਬਾਬਰੀ ਮਸਜਿਦ, ਬੁੱਧੀਜੀਵੀਆਂ ਉੱਪਰ ਫਾਸ਼ੀ ਹੱਲਾ, ਦਲਿਤਾਂ/ਘੱਟ ਗਿਣਤੀਆਂ ਉੱਪਰ ਜਬਰ) ਲੈਣ ਸਮੇਂ ਛਿੱਟ-ਪੁੱਟ ਵਿਰੋਧ ਤੋਂ ਸਿਵਾਏ ਵੱਡੇ ਜਨ ਅੰਦੋਲਨ ਦਾ ਸਾਹਮਣਾ ਨਹੀਂ ਕਰਨਾ ਪਿਆ, ਉਸੇ ਤਰ੍ਹਾਂ ਇਹ ਫੈਸਲਾ ਲੈਣ ਸਮੇਂ ਵੀ ਕਿਸੇ ਵੱਡੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਚੁੱਪ-ਚਪੀਤੇ ਕਰੋਨਾ ਦੀ ਆੜ ਹੇਠ ਸਮੁੱਚਾ ਖੇਤੀ ਖੇਤਰ ਸੁਪਰ ਅਮੀਰਾਂ ਨੂੰ ਸੌਂਪਣ ਦੀਆਂ ਗੋਂਦਾਂ ਗੁੰਦੀਆਂ ਗਈਆਂ। ਪਰੰਤੂ ਪੰਜਾਬ ਦੀ ਧਰਤੀ ਦੀ ਤਹਿਰੀਕ "ਜਬਰ ਖਿਲਾਫ ਟੱਕਰ" ਲੈਣ ਦੀ ਹੈ। ਗੁਰੂ ਨਾਨਕ, ਦੁੱਲਾ ਭੱਟੀ, ਗੁਰੂ ਤੇਗ ਬਹਾਦਰ, ਬੰਦਾ ਸਿੰਘ ਬਹਾਦਰ, ਪੱਗੜੀ ਸੰਭਾਲ ਜੱਟਾ ਲਹਿਰ, ਗਦਰ ਲਹਿਰ, ਬੱਬਰ ਅਕਾਲੀ ਲਹਿਰ, ਪਰਜਾ ਮੰਡਲ ਲਹਿਰ, ਪੈਪਸੂ ਮੁਜਾਰਾ ਲਹਿਰ, ਖੁਸ਼ ਹੈਸੀਅਤ ਟੈਕਸ ਵਿਰੋਧੀ ਮੋਰਚਾ ਆਦਿ ਕਿਸਾਨ ਘੋਲਾਂ ਦਾ ਸ਼ਾਨਾਮੱਤਾ ਵਿਰਸਾ ਅੱਜ ਵੀ ਰਾਹ ਦਰਸਾਵਾ ਹੈ। ਜ਼ਮੀਨਾਂ ਤੇ ਡਾਕਾ ਮਾਰਨ ਦੀ ਹਕੂਮਤੀ ਸਾਜਿਸ਼ ਦੀ ਗੰਭੀਰਤਾ ਨੂੰ ਸਮਝਦਿਆਂ ਜ਼ਮੀਨੀ ਪੱਧਰ ਤੋਂ ਸੰਘਰਸ਼ ਦੀ ਕੀਤੀ ਸ਼ੁਰੂਆਤ ਪੜਾਅ ਦਰ ਪੜਾਅ ਅੱਗੇ ਵਧ ਰਹੀ ਹੈ। ਉਸੇ ਸਮੇਂ ਤੋਂ ਹੀ ਸੰਘਰਸ਼ ਸਹੀ ਬੁਨਿਆਦ ਰੱਖਦਿਆਂ ਕਿ ਪਾਰਲੀਮਾਨੀ ਸਿਆਸੀ ਪਾਰਟੀਆਂ ਤੋਂ ਭਲੇ ਦੀ ਝਾਕ ਛੱਡਦਿਆਂ ਜਨਤਕ ਜੱਥੇਬੰਦੀਆਂ ਤੇ ਟੇਕ ਰੱਖਕੇ ਸ਼ੁਰੂ ਹੋਇਆ ਕਿਸਾਨ ਸੰਘਰਸ਼ ਲੋਕ ਸੰਘਰਸ਼ ਵਿੱਚ ਤਬਦੀਲ ਹੋ ਗਿਆ ਹੈ। ਇਸ ਲੋਕ ਸੰਘਰਸ਼ ਨੇ ਹਰ ਤਬਕੇ ਦੀ ਹਮਾਇਤ ਹਾਸਲ ਕਰਨ ਵਿੱਚ ਸਿਰੜੀ ਤੇ ਚੇਤੰਨ ਯਤਨ ਜੁਟਾਏ ਹਨ। ਇਨ੍ਹਾਂ ਕਾਨੂੰਨਾਂ ਰਾਹੀਂ ਹੋਣ ਵਾਲੀ ਵਿਆਪਕ ਤਬਾਹੀ ਦੇ ਅਸਰਾਂ ਤੋਂ ਜਾਣੂ ਕਰਵਾਉਂਦਿਆਂ ਇਸ ਨੂੰ ਲੋਕ ਮਨਾਂ ਦਾ ਹਿੱਸਾ ਬਣਾਉਣ ਲਈ ਲੱਖਾਂ ਦੀ ਗਿਣਤੀ ਹੱਥ ਪਰਚੇ ਵੰਡੇ। ਭਾਵੇਂ ਮੋਦੀ ਹਕੂਮਤ ਨੇ ਆਪਣੇ ਸਾਰੇ ਅੰਗਾਂ ਸਮੇਤ ਗੋਦੀ ਮੀਡੀਆਂ ਰਾਹੀਂ ਇਸ ਲੋਕ ਘੋਲ ਨੂੰ ਕੁਰਾਹੇ ਪਾਉਣ ਦੇ ਪੁਰਜ਼ੋਰ ਯਤਨ ਕੀਤੇ ਹਨ ਜੋ ਹਾਲੇ ਵੀ ਜਾਰੀ ਹਨ।

ਕਿਸਾਨ ਜਥੇਬੰਦੀਆਂ ਦੀ ਤਾਕਤ ਇਨ੍ਹਾਂ ਆਰਡੀਨੈਂਸਾਂ (ਹੁਣ ਕਾਨੂੰਨਾਂ) ਦੇ ਸਮੇਂ ਤੋਂ ਪਹਿਲਾਂ ਇਸ ਕਦਰ ਤਾਕਤਵਰ ਨਹੀਂ ਸੀ, ਜਿਸ ਕਦਰ ਹੁਣ ਪਸਾਰਾ ਹੋਇਆ ਹੈ। ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਇਸ ਕਿਸਾਨ ਸੰਘਰਸ਼ ਦੇ ਵਿਆਪਕ ਅਧਾਰ ਵਾਲੇ ਘੇਰੇ ਨੇ ਪਾਰਲੀਮਾਨੀ ਪਾਰਟੀਆਂ ਨੂੰ ਨਿਖੇੜੇ ਦੀ ਹਾਲਤ ਵਿੱਚ ਸੁੱਟ ਦਿੱਤਾ ਹੈ। ਸਭ ਤੋਂ ਪਹਿਲੀ ਨਿਖੇੜੇ ਵਾਲੀ ਹਾਲਤ ਕਿਸਾਨਾਂ ਦੀ ਪਾਰਟੀ ਕਹਾਉਂਦੀ ਅਕਾਲੀ ਦਲ (ਬਾਦਲ) ਦੀ ਹੋਈ ਹੈ। ਜੂਨ ਮਹੀਨੇ ਇਹ ਪਾਰਟੀ ਮੋਦੀ ਹਕੂਮਤ ਵੱਲੋਂ ਪਾਸ ਕੀਤੇ ਇਨ੍ਹਾਂ ਆਰਡੀਨੈਂਸਾਂ ਦੇ ਕਿਸਾਨਾਂ ਨੂੰ ਹੋਣ ਵਾਲੇ ਫਾਇਦਿਆਂ ਦੇ ਗੁਣਗਾਨ ਕਰਦੀ ਨਹੀਂ ਸੀ ਥੱਕਦੀ। ਕਿਉਂਕਿ ਅਕਾਲੀ ਦਲ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਕੇਂਦਰ ਵਿੱਚ ਹਕੂਮਤੀ ਕੁਰਸੀ (ਕੈਬਨਿਟ ਮੰਤਰੀ) ਦਾ ਨਿੱਘ ਮਾਣ ਰਹੀ ਸੀ। ਜਿਉਂ ਜਿਉਂ ਕਿਸਾਨ ਸੰਘਰਸ਼ ਵੇਗ ਫੜਦਾ ਗਿਆ, ਅਕਾਲੀ ਦਲ ਬਾਦਲ ਉੱਪਰ ਇਨ੍ਹਾਂ ਆਰਡੀਨੈਂਸਾਂ ਨਾਲੋਂ ਦੋ ਟੁੱਕ ਨਿਖੇੜਾ ਕਰਕੇ ਕੈਬਨਿਟ ਮੰਤਰੀ ਹਰਸਿਮਰਤ ਬਾਦਲ ਨੂੰ ਅਸਤੀਫਾ ਦੇਣ ਤੋਂ ਅੱਗੇ ਲੰਬੇ ਸਮੇਂ ਤੋਂ ਬੀਜੇਪੀ ਨਾਲ ਚੱਲਿਆ ਆ ਰਿਹਾ ਗੱਠਜੋੜ ਤੋੜਨ ਦਾ ਕੌੜਾ ਘੁੱਟ ਭਰਨ ਲਈ ਮਜਬੂਰ ਹੋਣਾ ਪਿਆ। ਕਾਂਗਰਸ ਪਾਰਟੀ ਕੇਂਦਰੀ ਸੱਤਾ ਵਿੱਚੋਂ ਬਾਹਰ ਹੋਣ ਕਰਕੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਦਾ ਨਾਟਕ ਕਰ ਰਹੀ ਸੀ/ਹੈ। ਇਸ ਕਿਸਾਨ ਸੰਘਰਸ਼ ਦੇ ਦਬਾਅ ਨੇ ਪੰਜਾਬ ਅੰਦਰਲੀ ਕਾਂਗਰਸ ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਖਿਲਾਫ ਸਟੈਂਡ ਲੈਣ ਲਈ ਮਜਬੂਰ ਕਰ ਦਿੱਤਾ। ਸਰਬਪਾਰਟੀ ਮੀਟਿੰਗ ਸੱਦਣ, ਵਿਧਾਨ ਸਭਾ ਵਿੱਚ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਦਾ (ਅਧੂਰਾ) ਮਤਾ ਪਾਸ ਕਰਨਾ ਪਿਆ। ਬੀਜੇਪੀ ਦੀ ਹਾਲਤ ਜੋ ਅਕਾਲੀ ਦਲ ਦੇ ਮੋਢਿਆਂ ਤੇ ਸਵਾਰ ਹੋਕੇ ਅਗਲੀਆਂ ਚੋਣਾਂ ਸਮੇਂ ਅਕਾਲੀ ਦਲ ਦੇ ਮੁਕਾਬਲੇ ਵੱਧ ਸੀਟਾਂ ਦੀ ਉਮੀਦ ਰੱਖਕੇ ਚੱਲਦੀ ਸੀ, ਦੀ ਸਭ ਤੋਂ ਵੱਧ ਨਿਖੇੜੇ ਵਾਲੀ ਹਾਲਤ ਹੈ। ਛੇ ਮਹੀਨੇ ਦੇ ਕਰੀਬ ਸਮੇਂ ਤੋਂ ਬੀਜੇਪੀ ਦਾ ਕੋਈ ਵੀ ਲੀਡਰ ਕੇਂਦਰ ਵਿੱਚ ਸੱਤਾ 'ਚ ਹੋਣ ਦੇ ਬਾਵਜੂਦ ਵੀ ਆਪਣੀ ਅਜਾਦ ਸਿਆਸੀ ਸਰਗਰਮੀ ਕਰਨ ਦੀ ਹਾਲਤ ਵਿੱਚ ਨਹੀਂ ਰਿਹਾ। ਥਾਂ-ਥਾਂ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੱਡੀ ਪੱਧਰ ਤੇ ਉਸੇ ਸਮੇਂ ਤੋਂ ਬੀਜੇਪੀ ਲੀਡਰਾਂ ਦੇ ਘਰਾਂ ਅੱਗੇ ਧਰਨੇ ਚੱਲ ਰਹੇ ਹਨ।

ਕਿਸਾਨ ਸੰਘਰਸ਼ ਸਬੰਧੀ ਆਮ ਆਦਮੀ ਪਾਰਟੀ ਦੀ ਸ਼ਪੱਸ਼ਟ/ਲੋਕ ਪੱਖੀ ਪਹੁੰਚ ਨਾ ਹੋਣ ਕਾਰਨ ਇਹ ਵੀ ਹਾਲਤਾਂ ਦਾ ਸਿਆਸੀ ਲਾਹਾ ਲੈਣ ਵਿੱਚ ਕਾਮਯਾਬ ਨਹੀਂ ਹੋ ਰਹੀ। ਪੰਜਾਬ ਵਿੱਚ ਇਨ੍ਹਾਂ ਕਾਨੂੰਨਾਂ ਦਾ ਵਿਰੋਧ, ਦਿੱਲੀ ਵਿੱਚ ਇਸੇ ਪਾਰਟੀ ਦੀ ਸਰਕਾਰ ਭਾਵੇਂ ਵਿਧਾਨ ਸਭਾ ਵਿੱਚ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਦਾ ਮਤਾ ਪਾਸ ਕਰਦੀ ਹੈ। ਪਰ ਇਹੀ ਕਾਨੂੰਨਾਂ ਲਾਗੂ ਕਰਨ ਲਈ ਗਜ਼ਟ ਨੋਟੀਫੀਕੇਸ਼ਨ ਵੀ ਜਾਰੀ ਕਰਦੀ ਹੈ। ਇਨ੍ਹਾਂ ਹੀ ਬਿਲਾਂ ਸਬੰਧੀ ਬਣੀ ਸੰਸਦੀ ਕਮੇਟੀ ਵਿੱਚ ਇਸੇ ਪਾਰਟੀ ਦਾ ਪੰਜਾਬ ਤੋਂ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਬਿਲਾਂ ਦੇ ਹੱਕ ਵਿੱਚ ਭੁਗਤਕੇ ਆਪਣੀ ਖਾਸਾਗਿਰੀ ਨੰਗੀ ਕਰਦਾ ਹੈ। ਬੀਐਸਪੀ ਅਤੇ ਪਾਰਲੀਮਾਨੀ ਕਮਿਊਨਿਸਟ ਪਾਰਟੀਆਂ ਸ਼ਪੱਸ਼ਟ ਵਿਚਾਰ ਦੀ ਅਣਹੋਂਦ ਅਤੇ ਕੋਈ ਖਾਸ ਜਨਤਕ ਅਧਾਰ ਨਾ ਹੋਣ ਕਰਕੇ ਫੈਸਲਾਕੁੰਨ ਭੂਮਿਕਾ ਨਿਭਾਉਣ ਤੋਂ ਅਸਮਰੱਥ ਹਨ। ਇਸ ਕਰਕੇ ਸੱਭੇ ਪਾਰਲੀਮਾਨੀ ਪਾਰਟੀਆਂ ਇੱਕ ਵਾਰ ਤਾਂ ਲੋਕਾਂ ਤੋਂ ਨਿਖੇੜੇ ਦੀ ਹਾਲਤ ਵਿੱਚ ਹਨ। ਭਾਵੇਂ ਸਿਧੇ ਤੌਰ 'ਤੇ ਭਾਰਤੀ ਜਨਤਾ ਪਾਰਟੀ ਨੂੰ ਲੋਕ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਇਹ ਸਮਝਣਾ ਪਵੇਗਾ ਕਿ ਇਸ ਹਮਾਮ ਵਿੱਚ ਮਾਮੂਲੀ ਫਰਕ ਨਾਲ ਸਭ ਨੰਗੇ ਹਨ। ਹੋਰ ਵਧੇਰੇ ਕਹਿਣਾ ਹੋਵੇ ਤਾਂ ਇਨ੍ਹਾਂ ਕਾਲੇ ਕਾਨੂੰਨਾਂ ਸਮੇਂ ਅਦਾਲਤੀ ਪ੍ਰਬੰਧ ਦਾ ਹੀਜ ਪਿਆਜ ਵੀ ਨੰਗਾ ਹੋ ਗਿਆ ਹੈ। ਜਿਸ ਨੇ ਦਹਿ ਕਰੋੜ ਭਾਰਤੀ ਲੋਕਾਂ ਦੀ ਜਿੰਦਗੀ ਨੂੰ ਪ੍ਰਭਾਵਿਤ ਕਰਨ ਵਾਲੇ ਇਨ੍ਹਾਂ ਕਾਨੂੰਨਾਂ ਸਮੇਂ ਮਾਮੂਲੀ ਹੀਜ ਹੁੱਜਤ ਕਰਨ ਤੋਂ ਅੱਗੇ ਦੋ ਕਦਮ ਵੀ ਨਹੀਂ ਪੁੱਟੇ। ਜਿਸ ਨੇ ਪਾ ਪਾਕੇ ਮੋਦੀ ਹਕੂਮਤ ਦੇ ਪੈਰ'ਚ ਪੈਰ ਧਰਿਆ ਹੈ।



ਇਸ ਲੋਕ ਸੰਘਰਸ਼ ਨੇ ਇਨ੍ਹਾਂ ਕਾਨੂੰਨਾਂ ਨਾਲ ਸਿੱਧੇ ਅਤੇ ਅਸਿੱਧੇ ਤੌਰ'ਤੇ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਜਥੇਬੰਦਕ ਚੇਤਨਾ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਇਸ ਨੇ ਤਿੰਨ ਪੀੜੀਆਂ ਨੂੰ (ਦਾਦੀਆਂ-ਪੋਤੀਆਂ) ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਕੁੱਝ ਸਮਾਂ ਪਹਿਲਾਂ ਬੁੱਢੇ ਬਾਪੂਆਂ ਵੱਲੋਂ ਲੜ੍ਹਿਆ ਜਾਣ ਵਾਲਾ ਖੱਪਾ ਮਿਟਣ ਵੱਲ ਬਹੁਤ ਤੇਜੀ ਨਾਲ ਅੱਗੇ ਵਧ ਰਿਹਾ ਹੈ।

ਆਪਣੀਆਂ ਜਮੀਨਾਂ ਦੀ ਰਾਖੀ, ਕਰਜੇ ਤੋਂ ਮੁਕਤੀ ਲਈ ਚੱਲਣ ਵਾਲੇ ਸੰਘਰਸ਼ਾਂ ਵਿੱਚੋਂ ਜਵਾਨੀ ਗਾਇਬ ਸੀ। ਇਹ ਬਹੁਤ ਵੱਡਾ ਖਲਾਅ ਸੀ। ਸਭ ਕਿਸਾਨ ਹਿੱਤਾਂ ਲਈ ਖਰੇ ਪੈਂਤੜੇ ਤੋਂ ਲੜ੍ਹਨ ਵਾਲੀਆਂ ਜਥੇਬੰਦੀਆਂ ਇਸ ਖੱਪੇ ਨੂੰ ਪੂਰਿਆਂ ਬਿਨਾਂ ਸੰਘਰਸ਼ਾਂ ਨੂੰ ਅੱਗੇ ਵਧਾਉਣਾ ਮੁਸ਼ਕਲ ਸਮਝਦੀਆਂ ਸਨ। ਜਵਾਨੀ ਦੀ ਕਿਸਾਨ ਸੰਘਰਸ਼ ਵਿੱਚ ਸਰਗਰਮ ਸ਼ਮੂਲੀਅਤ ਕਰਵਾਉਣ ਲਈ ਸਿਰ ਤੋੜ ਯਤਨ ਵੀ ਜੁਟਾ ਰਹੀਆਂ ਸਨ।ਮਾਨਸਿਕ ਤੌਰ'ਤੇ ਨੌਜਵਾਨੀ ਨੂੰ ਹੀਣੇ ਬਨਾਉਣ ਲਈ ਹਾਕਮ ਜਮਾਤਾਂ ਵੱਲੋਂ ਲੋਕ ਵਿਰੋਧੀ ਅਸ਼ਲੀਲ ਸੱਭਿਆਚਾਰ ਪਰੋਸਿਆ ਰਿਹਾ ਹੈ। ਮੋਦੀ ਹਕੂਮਤ ਨੇ ਜਿਉਂ ਹੀ ਖੇਤੀ ਵਿਰੋਧੀ ਆਰਡੀਨੈਂਸ ਲਾਗੂ ਕਰਨ ਦਾ ਹੱਲਾ ਬੋਲਿਆ ਤਾਂ ਨੌਜਵਾਨ ਵੱਡੀ ਪੱਧਰ ਤੇ ਇਸ ਸੰਘਰਸ਼ ਦਾ ਅੰਗ ਬਣ ਗਏ।

ਕਿਸਾਨ ਔਰਤ ਵਰਗ ਵੀ ਕਿਸਾਨੀ ਸੰਘਰਸ਼ਾਂ ਵਿੱਚੋਂ ਤਕਰੀਬਨ ਗਾਇਬ ਹੀ ਸੀ। ਸਮਾਜਿਕ ਜਬਰ ਵਿਰੋਧੀ ਮਹਿਲਕਲਾਂ ਲੋਕ ਸੰਘਰਸ਼ ਖਾਸ ਕਰ ਮਹਿਲਕਲਾਂ ਐਕਸ਼ਨ ਕਮੇਟੀ ਦੇ ਇੱਕ ਅਹਿਮ ਆਗੂ ਮਨਜੀਤ ਧਨੇਰ ਦੀ ਸਜਾ ਰੱਦ ਕਰਾਉਣ ਲਈ ਚੱਲੇ ਲੰਬੇ ਲੋਕ ਘੋਲ ਵਿੱਚ ਕਿਸਾਨ ਔਰਤਾਂ ਦੀ ਸ਼ਮੂਲੀਅਤ ਗਿਣਨਯੋਗ ਰਹੀ ਹੈ। ਕਿਸਾਨ ਵਰਗ ਦੀਆਂ ਔਰਤਾਂ ਨੇ ਆਪਣੇ ਇਤਿਹਾਸਕ ਵਿਰਸੇ (ਮਾਈ ਭਾਗੋ, ਗਦਰੀ ਗੁਲਾਬ ਕੌਰ,ਦੁਰਗਾ ਭਾਬੀ ਆਦਿ) ਨੂੰ ਸੰਭਾਲਦਿਆਂ ਇਸ ਲੋਕ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਈ। ਆਮ ਤੌਰ 'ਤੇ ਕਿਸਾਨੀ ਸੰਘਰਸ਼ ਦਾ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਅਤੇ ਪਿੰਡਾਂ ਦੇ ਬੇਜਮੀਨੇ ਮਜਦੂਰਾਂ ਨਾਲ ਹਿੱਤਾਂ ਦਾ ਟਕਰਾਅ ਮੌਜੂਦ ਰਹਿੰਦਾ ਹੈ। ਪਰ ਮੋਦੀ ਹਕੂਮਤ ਦੇ ਇਸ ਲੋਕ ਮਾਰੂ ਹੱਲੇ ਖਿਲਾਫ ਕਿਸਾਨਾਂ-ਮਜਦੂਰਾਂ ਨੇ ਆਪਸੀ ਟਕਰਾਅ ਨੂੰ ਪਿੱਛੇ ਛੱਡਦਿਆਂ ਨਵੀਆਂ ਕਦਰਾਂ-ਕੀਮਤਾਂ ਸਿਰਜੀਆਂ ਹਨ। ਆਪਸੀ ਸਾਂਝ ਦੀਆਂ ਤੰਦਾਂ ਵਧੇਰੇ ਮਜਬੂਤ ਹੋਣ ਲੱਗੀਆਂ ਹਨ।ਇਸੇ ਹੀ ਤਰ੍ਹਾਂ ਹੋਰ ਵੀ ਬਹੁਤ ਸਾਰੇ ਤਬਕਿਆਂ ਦੇ ਆਪਸੀ ਜਮਾਤੀ ਟਕਰਾਵੇਂ ਹਿੱਤਾਂ ਕਾਰਨ ਸਾਂਝ ਦੀਆਂ ਤੰਦਾਂ ਵਧੇਰੇ ਇੱਕਜੁੱਟ ਅਤੇ ਮਜਬੂਤ ਨਹੀਂ ਸਨ। ਵਪਾਰੀ, ਦੁਕਾਨਦਾਰ, ਮੁਲਾਜਮ ਵਰਗ ਵੀ ਕਿਸਾਨੀ ਹਿੱਤਾਂ ਪ੍ਰਤੀ ਬਹੁਤ ਜਿਆਦਾ ਸੰਜੀਦਾ ਨਹੀਂ ਸੀ। ਇੱਥੋਂ ਤੱਕ ਕਿ ਪੰਜਾਬ-ਹਰਿਆਣਾ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ ਨੇ ਇੱਕ ਦੂਜੇ ਪ੍ਰਤੀ ਵੱਡੇ ਵਿਰੋਧ ਖੜੇ ਕੀਤੇ ਹੋਏ ਸਨ। ਤਕਰੀਬਨ ਚਾਰ ਦਹਾਕਿਆਂ ਤੋਂ ਪੰਜਾਬ ਹਰਿਆਣਾ ਦੇ ਹਾਕਮ ਚੋਣਾਂ ਮੌਕੇ ਇਸ ਮੁੱਦੇ ਤੇ ਸਿਆਸੀ ਰੋਟੀਆਂ ਸੇਕਦੇ ਆ ਰਹੇ ਹਨ। ਇਸ ਕਿਸਾਨ/ਲੋਕ ਸੰਘਰਸ਼ ਵਿੱਚ ਪੰਜਾਬ-ਹਰਿਆਣਾ ਛੋਟੇ ਵੱਡੇ ਭਾਈ ਦੀ ਉੱਸਰੀ ਸਾਂਝ ਕਾਬਿਲੇਤਾਰੀਫ ਹੈ। ਮੋਦੀ ਹਕੂਮਤ ਦੇ ਉੱਪਰੋਥਲੀ ਇੱਕ ਤੋਂ ਬਾਅਦ ਦੂਜੇ ਸੱਭੇ ਤਬਕਿਆਂ ਉੱਪਰ ਬੋਲੇ ਆਰਥਿਕ ਹੱਲੇ ਨੇ ਆਪਸੀ ਛੋਟੀਆਂ ਵਿਰੋਧਤਾਈਆਂ ਨੂੰ ਪਿੱਛੇ ਛੱਡਦਿਆਂ ਸਾਂਝ ਦੇ ਨਵੇਂ ਰਸਤੇ ਖੋਲ੍ਹ ਦਿੱਤੇ ਹਨ। ਹੁਣ ਇਹ ਸਾਂਝ ਦਾ ਅਜਿਹਾ ਗੁਲਦਸਤਾ ਬਣ ਗਿਆ ਹੈ ਜੋ ਮੋਦੀ ਹਕੂਮਤ ਅਤੇ ਕਾਰਪੋਰੇਟ ਘਰਾਣਿਆਂ ਦੀ ਲਗਤਾਰ ਨੀਂਦ ਖਰਾਬ ਕਰ ਰਿਹਾ ਹੈ। ਇਸ ਸੰਘਰਸ਼ ਨੇ ਲੋਕ ਪੱਖੀ ਸੋਝੀ ਦਾ ਸੰਚਾਰ ਜਿਸ ਤੇਜੀ ਨਾਲ ਕੀਤਾ ਹੈ ਕਿ ਹਰ ਵਿਅਕਤੀ ਨੂੰ ਮੋਦੀ ਹਕੂਮਤ ਦੇ ਕਾਰਪੋਰੇਟੀ ਘਰਾਣਿਆਂ ਨਾਲ ਸਾਂਝੇ ਹਿੱਤਾਂ ਅਤੇ ਕੌਮਾਂਤਰੀ ਸਾਮਰਾਜੀ ਸੰਸਥਾਵਾਂ ਦੇ ਦਬਾਅ ਤਹਿਤ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦਾ ਪਰਦਾਚਾਕ ਕਰ ਦਿੱਤਾ ਹੈ।

ਮੋਦੀ ਹਕੂਮਤ ਕਿਵੇਂ ਇਹ ਫੈਸਲੇ ਸਮਾਰਜੀ ਸੰਸਥਾਵਾਂ (ਵਿਸ਼ਵ ਵਪਾਰ ਸੰਸਥਾ, ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਫੰਡ) ਦੇ ਦਬਾਅ ਹੇਠ ਆਕੇ ਲੈ ਰਹੀ ਹੈ, ਇਸ ਕਿਸਮ ਦੀ ਸੋਝੀ ਦਾ ਸੰਚਾਰ ਵੀ ਲੰਬੇ ਸਮੇਂ ਤੋਂ ਚੱਲ ਰਹੇ ਇਸ ਸੰਘਰਸ਼ ਨੇ ਬਾਖੂਬੀ ਕੀਤਾ ਹੈ।ਮੋਦੀ ਹਕੂਮਤ ਦੇ ਵਡੇਰੇ ਹੱਲੇ ਨੇ ਇਸ ਸੋਝੀ ਦਾ ਵੀ ਸੰਚਾਰ ਕੀਤਾ ਹੈ ਕਿ ਦੁਸ਼ਮਣ ਦੇ ਹੱਲੇ ਨੂੰ ਪਿਛਲ ਮੋੜਾ ਦੇਣ ਲਈ ਜਮਾਤੀ ਸਾਂਝ ਦੀਆਂ ਤੰਦਾਂ ਹੋਰ ਮਜਬੂਤ ਕਰਕੇ ਵੱਡੀਆਂ ਵਦਾਣੀ ਸੱਟਾਂ ਮਾਰਦਿਆਂ ਸੰਘਰਸ਼ ਦੀ ਧਾਰ ਇਸ ਬੁਰਾਈ ਦੀ ਜੜ੍ਹ ਲੋਕ ਵਿਰੋਧੀ ਪ੍ਰਬੰਧ ਖਿਲ਼ਾਫ ਸੇਧਤ ਕੀਤਾ ਹੈ।

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ
ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ
ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ
ਕਰਵਾਉਣ ਲਈ ਸੰਪਰਕ ਕਰੋ
Harmanjot Dhudike
403-975-0006
Sharmanjot22@gmail.com

SHAHEED BHAGAT SINGH BOOK CENTRE
Calgary Canada
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote
New Readership & Encourage New Writers!
Book Exhibition & Sale!
Contact: Master Bhajan Singh at 403-455-4220

BLACK ICE
Auto Detailing
Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com
GET YOUR CAR DETAILING DONE IN PROFESSIONAL WAY
- Exterior Hand Wash & Dry
- Complete Interior Vaccum
- Clean All Windows Including Trunk
- Engine Wash, Tires & Wheels
- Wax & Polish
- Remove Scratches & Shampoo

# ਐੱਫ.ਸੀ.ਆਈ. ਦਾ ਦੀਵਾਲੀਆਪਨ ਅਤੇ ਕਾਲ਼ੇ ਖੇਤੀ ਕਾਨੂੰਨ

**- ਮੱਖਣ ਕਾਲਸਾਂ**

ਬੀਤੇ ਸਮੇਂ ਤੋਂ ਰੰਗ ਬਰੰਗੀਆਂ ਵਿਸ਼ੇਸ਼ ਕਰਕੇ ਕਾਂਗਰਸ ਤੇ ਭਾਜਪਾ ਦੀ ਅਗਵਾਈ ਹੇਠਲ਼ੀਆਂ ਕੇਂਦਰੀ ਹਕੂਮਤਾਂ ਵਲੋਂ ਮੇਹਨਤੀ ਲੋਕਾਂ ਦੀ ਲੁੱਟ ਖੋਹ ਨੂੰ ਵੱਧ ਤੋਂ ਵੱਧ ਤਿੱਖਾ ਕਰਨ ਲਈ ਸੁਧਾਰਾਂ ਦੇ ਨਾਂ ਹੇਠ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਵਾਲੀਆਂ ਨੀਤੀਆਂ ਲਾਗੂ ਕਰਨ ਰਾਹੀਂ ਮੇਹਨਤੀ ਲੋਕਾਂ ਦਾ ਉਜਾੜਾ ਕੀਤਾ ਜਾ ਰਿਹਾ ਹੈ। ਹੋਰਨਾਂ ਖੇਤਰਾਂ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਖੇਤੀ ਖੇਤਰ ਅੰਦਰ ਇੱਕ ਗਿਣੀ ਮਿਥੀ ਯੋਜਨਾ ਤਹਿਤ ਹਰੇ ਇਨਕਲਾਬ ਦੇ ਸਮੇਂ ਤੋਂ ਕਣਕ ਤੇ ਝੋਨੇ ਦੀਆਂ ਫ਼ਸਲਾਂ ਦੀ ਐੱਮ.ਐੱਸ.ਪੀ ਦੇ ਅਧਾਰ 'ਤੇ ਕੀਤੀ ਜਾ ਰਹੀ ਖਰੀਦ ਤੋਂ ਮੁਨਕਰ ਹੋਣ ਅਤੇ ਇਸ ਖਰੀਦ ਲਈ ਉਸਾਰੇ ਪ੍ਰਬੰਧ (ਐਫ.ਸੀ.ਆਈ ਤੇ ਮੰਡੀਆਂ ਆਦਿ) ਨੂੰ ਅੰਦਰੋਂ ਅੰਦਰੀ ਢਹਿ ਢੇਰੀ ਕਰਨ ਦੀ ਦਿਸ਼ਾ ਅਖਤਿਆਰ ਕੀਤੀ ਹੋਈ ਹੈ। ਹੁਣ ਜਦੋਂ ਕੇਂਦਰੀ ਮੋਦੀ ਹਕੂਮਤ ਵੱਲੋਂ ਖੇਤੀ ਸੈਕਟਰ ਤੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਮੁਕੰਮਲ ਰੂਪ ਵਿੱਚ ਹਥਿਆਉਣ ਦੇ ਚਿਰਾਂ ਤੋਂ ਲਟਕਦੇ ਆ ਰਹੇ ਸਾਮਰਾਜੀ ਏਜੰਡੇ ਨੂੰ, ਨੰਗੇ ਚਿਟੇ ਤੌਰ 'ਤੇ ਤਿੰਨ ਖੇਤੀ ਵਿਰੋਧੀ ਕਾਲ਼ੇ ਕਾਨੂੰਨ ਬਣਾ ਕੇ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ ਤਾਂ ਉਸਨੇ ਇਹ ਹਕੀਕਤ ਹੋਰ ਵਧੇਰੇ ਉਘਾੜ ਦਿਤੀ ਹੈ ਕਿ ਅਸਲ'ਚ ਹਕੂਮਤ ਪਿਛਲੇ ਪੰਜ-ਛੇ ਸਾਲਾਂ ਤੋਂ ਐਫ.ਸੀ.ਆਈ ਨੂੰ ਕਦਮ-ਬ-ਕਦਮ ਖੋਖਲਾ ਕਰਕੇ ਤੇ ਇਸਨੂੰ ਦੀਵਾਲੀਆ ਬਣਾ ਕੇ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਪਿਛਲੇ ਦਰਵਾਜੇ ਰਾਹੀਂ ਲਾਗੂ ਕਰਦੀ ਆ ਰਹੀ ਹੈ।




ਪਿਛਲੇ ਸਮੇਂ ਤੋਂ ਖਾਸ ਤੌਰ 'ਤੇ ਕੇਂਦਰੀ ਮੋਦੀ ਹਕੂਮਤ ਨੇ ਐਫ.ਸੀ.ਆਈ ਨੂੰ ਕਰਜਈ ਬਣਾਕੇ ਦੀਵਾਲੀਆ ਬਣਾ ਦਿੱਤਾ ਹੈ। ਤੱਥ ਦੇ ਤੌਰ 'ਤੇ ਅੰਕੜੇ ਇਸ ਹਕੀਕਤ ਨੂੰ ਦਰਸਾਉਂਦੇ ਹਨ ਕਿ 2013 'ਚ ਮਨਮੋਹਨ ਸਿੰਘ ਦੀ ਅਗਵਾਈ ਹੇਠਲੀ ਕੇਂਦਰੀ ਯੂ.ਪੀ.ਏ ਸਰਕਾਰ ਸਮੇਂ ਐਫ.ਸੀ.ਆਈ ਦਾ ਕਰਜਾ ਪਿਛਲੇ ਦਸ ਸਾਲਾਂ 'ਚ 91401 ਕਰੋੜ ਰੁਪਏ ਹੋ ਗਿਆ ਸੀ। ਉਸਤੋਂ ਬਾਦ ਕੇਂਦਰੀ ਮੋਦੀ ਹਕੂਮਤ ਸਮੇਂ 2014 ਤੋਂ ਮਾਰਚ 2020 ਤੱਕ ਇਹ ਕਰਜਾ ਵੱਧ ਕੇ ਤਿੰਨ ਲੱਖ 15 ਹਜਾਰ ਕਰੋੜ ਰੁਪਏ ਤੇ ਦਸੰਬਰ 2020 ਦੇ ਤੱਕ ਦੇ 9 ਮਹੀਨਿਆਂ ਤੱਕ ਦੌਰਾਨ ਵੱਧ ਕੇ 3 ਲੱਖ 50 ਹਜਾਰ ਕਰੋੜ ਰੁਪਏ ਦੇ ਕਰੀਬ ਹੋ ਗਿਆ ਹੈ। ਇਨ੍ਹਾਂ ਸੱਤ ਸਾਲਾਂ ਦੌਰਾਨ ਇਸ'ਚ ਹੇਠਾਂ ਦਿਤੇ ਮੁਤਾਬਿਕ ਵਾਧਾ ਹੋਇਆ ਹੈ:-

2014-15 'ਚ 91000 ਕਰੋੜ ਰੁਪਏ ਤੋਂ ਵਧਕੇ 1 ਲੱਖ ਕਰੋੜ ਰੁਪਏ।

2015-16 'ਚ 1 ਲੱਖ 32 ਹਜ਼ਾਰ ਕਰੋੜ ਰੁਪਏ।

2017-18 'ਚ 1 ਲੱਖ 92 ਹਜ਼ਾਰ ਕਰੋੜ ਰੁਪਏ।

2018-19 'ਚ 2 ਲੱਖ 65 ਹਜ਼ਾਰ ਕਰੋੜ ਰੁਪਏ

2019-20 'ਚ 3 ਲੱਖ 15 ਹਜ਼ਾਰ ਕਰੋੜ ਰੁਪਏ।

ਮਾਰਚ 2020 ਤੋਂ ਦਸੰਬਰ 2020 ਤੱਕ 3 ਲੱਖ 50 ਹਜ਼ਾਰ ਕਰੋੜ ਰੁਪਏ ਦੇ ਕਰੀਬ।

ਇਸ ਤਰ੍ਹਾਂ ਮੌਜੂਦਾ ਹਾਲਤ 'ਚ ਐਫ.ਸੀ.ਆਈ 3.5 ਲੱਖ ਕਰੋੜ ਰੁਪਏ ਦੇ ਕਰਜੇ ਜਾਂ ਘਾਟੇ ਦੇ ਬਜਟ'ਚ ਹੈ।

ਇਸ 'ਚੋਂ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਦੋਂ ਕੇਂਦਰੀ ਹਕੂਮਤ ਨੇ ਇਸ ਸੰਸਥਾ ਨੂੰ ਐਡੇ ਵੱਡੇ ਕਰਜ਼ੇ ਦੇ ਬੋਝ ਹੇਠ ਕਰ ਦਿੱਤਾ ਹੈ ਤਾਂ ਆਉਣ ਵਾਲੇ ਸਮੇਂ 'ਚ ਇਹ ਸੰਸਥਾ ਐਮ.ਐਸ.ਪੀ ਦੇ ਅਧਾਰ 'ਤੇ ਝੋਨੇ ਤੇ ਕਣਕ ਦੀ ਖਰੀਦ ਕਿਵੇਂ ਕਰਦੀ ਰਹਿ ਸਕਦੀ ਹੈ? ਖੇਤੀ ਵਿਰੋਧੀ ਪਾਸ ਕੀਤੇ ਤਿੰਨਾਂ ਕਾਨੂੰਨਾਂ ਦਾ ਇੱਕ ਤੱਤ ਇਹੀ ਹੈ ਕਿ ਐਫ.ਸੀ.ਆਈ ਵੱਲੋਂ ਐਮ.ਐਸ.ਪੀ ਦੇ ਅਧਾਰ 'ਤੇ ਮੰਡੀ ਪ੍ਰਬੰਧ ਰਾਹੀਂ ਕੀਤੀ ਜਾ ਰਹੀ ਖਰੀਦ ਨੂੰ ਖਤਮ ਕਰਨ ਦੀਆਂ ਹਾਲਤਾਂ ਪੈਦਾ ਕਰਨਾ ਤੇ ਨਾਲੋਂ ਨਾਲ ਇਹ ਰੱਟ ਦੁਹਰਾਈ ਕਰੀ ਜਾਣਾ ਕਿ ਐਮ.ਐਸ.ਪੀ ਰਾਹੀਂ ਖਰੀਦ 'ਤੇ ਮੰਡੀ ਪ੍ਰਬੰਧ ਜਾਰੀ ਰਹੇਗਾ।

ਕੇਂਦਰੀ ਮੋਦੀ ਹਕੂਮਤ ਦੀ ਐਫ.ਸੀ.ਆਈ ਨੂੰ ਦੀਵਾਲੀਆ ਬਣਾਉਣ ਦੀ ਇਸ ਚਾਲ ਨੂੰ ਸਮਝਣ ਲਈ ਸੰਖੇਪ 'ਚ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਹਰੇ ਇਨਕਲਾਬ ਦੇ ਸਾਮਰਾਜੀ ਏਜੰਡੇ ਨੂੰ ਅੱਗੇ ਵਧਾਉਣ ਲਈ ਉਸ ਸਮੇਂ ਦੀ ਭਾਰਤ ਕੇਂਦਰੀ ਲੋਟੂ ਸਰਕਾਰ ਨੇ ਆਪਣੇ ਤੌਰ 'ਤੇ 1965 'ਚ ਐਫ. ਸੀ. ਆਈ. ਸਮੇਤ ਹੋਰ ਸੰਸਥਾਵਾਂ ਸਥਾਪਤ ਕੀਤੀਆਂ ਸਨ। ਇਸ ਸਮੇਂ ਤੋਂ ਹੀ ਕਣਕ ਤੇ ਝੋਨੇ ਦੀ ਐਮ.ਐਸ.ਪੀ ਦੇ ਅਧਾਰ 'ਤੇ ਖਰੀਦ ਕਰਨ ਤੇ ਇਸ ਤੋਂ ਅੱਗੇ ਕਣਕ ਤੇ ਚਾਵਲ ਨੂੰ ਐਫ.ਸੀ.ਆਈ ਦੇ ਗੁਦਾਮਾਂ 'ਚ ਭੰਡਾਰ ਕਰਨ ਦਾ ਪ੍ਰਬੰਧ ਉਸਾਰਿਆ। ਉਸ ਸਮੇਂ ਤੋਂ ਹੀ ਇਸ ਖਰੀਦ ਦਾ ਇੱਕ ਹਿੱਸਾ ਰਾਸ਼ਨ ਤੇ ਜਨਤਕ ਵੰਡ ਪ੍ਰਣਾਲੀ ਲਈ, ਇੱਕ ਹੋਰ ਵੱਡਾ ਹਿੱਸਾ ਸੋਕੇ ਤੇ ਡੋਬੇ ਦੀ ਕੁਦਰਤੀ ਆਫਤ ਨੂੰ ਨਜਿੱਠਣ
















ਲਈ, ਇੱਕ ਹੋਰ ਹਿੱਸਾ ਮੰਡੀ 'ਚ ਇਨ੍ਹਾਂ ਜਿਣਸਾਂ ਦੇ ਭਾਵਾਂ ਨੂੰ ਸਥਿਰ ਰੱਖਣ ਲਈ ਸਟੋਰ ਕੀਤਾ ਜਾਂਦਾ ਹੈ। ਇਹ ਸੰਸਥਾ ਆਪਣੀ ਸਮੁੱਚੀ ਖਰੀਦ ਦਾ 15 ਫੀਸਦੀ ਸੂਬਾ ਸਰਕਾਰਾਂ ਨੂੰ ਭੇਜਦੀ ਹੈ ਤਾਂ ਕਿ ਉਹ ਆਪਣੇ ਆਪਣੇ ਤੌਰ ਤੇ ਜਨਤਕ ਵੰਡ ਪ੍ਰਣਾਲੀ ਦੀਆਂ ਲੋੜਾਂ ਨੂੰ ਪੂਰੀਆਂ ਕਰ ਸਕਣ।

ਇਹ ਸੰਸਥਾ ਐਮ.ਐਸ.ਪੀ. ਅਧਾਰ 'ਤੇ ਜੋ ਖਰੀਦ ਕਰਦੀ ਹੈ ਉਸ ਲਈ ਪੈਸੇ ਦਾ ਇੰਤਜਾਮ ਕੇਂਦਰੀ ਸਰਕਾਰ ਆਪਣੇ ਸਲਾਨਾ ਬਜਟ ਚੋਂ ਖੁਰਾਕ ਸਬਸਿਡੀ ਵਜੋਂ ਰੱਖੇ ਪੈਸੇ ਰਾਹੀਂ ਕਰਦੀ ਹੈ। ਇਸ ਸੰਸਥਾ ਦੇ ਜਿਣਸ ਦੀ ਸਾਂਭ ਸੰਭਾਲ ਤੋਂ ਲੈਕੇ ਹਰ ਕਿਸਮ ਦੇ ਜੋ ਖਰਚੇ ਹੁੰਦੇ ਹਨ ਤੇ ਜੋ ਘਾਟਾ ਜਨਤਕ ਵੰਡ ਪ੍ਰਣਾਲੀ ਰਾਹੀਂ ਘੱਟ ਕੀਮਤ 'ਤੇ ਦਿੱਤੀ ਜਿਣਸ ਰਾਹੀਂ ਹੁੰਦਾ ਹੈ ਤੇ ਇੱਕ ਸੰਸਥਾ ਵੱਜੋਂ ਇਸਦੇ ਜੋ ਵੀ ਸਾਰੇ ਖਰਚੇ ਹੁੰਦੇ ਹਨ, ਉਹਨਾਂ ਦੀ ਪੂਰਤੀ ਖੁਰਾਕ ਦੀ ਸਬਸਿਡੀ ਵਜੋਂ ਕੇਂਦਰੀ ਬਜਟ 'ਚੋਂ ਹਰ ਸਾਲ ਰੱਖੇ ਪੈਸਿਆਂ ਰਾਹੀਂ ਕੀਤਾ ਜਾਂਦਾ ਹੈ।


ਕੇਂਦਰੀ ਮੋਦੀ ਹਕੂਮਤ ਨੇ ਹਰ ਸਾਲ ਕੇਂਦਰੀ ਬਜਟ'ਚੋਂ ਖੁਰਾਕ ਸਬਸਿਡੀ ਵੱਜੋਂ ਐਫ.ਸੀ.ਆਈ ਨੂੰ ਬਣਦੇ ਪੈਸੇ ਦੇਣ ਦੀ ਬਜਾਏ ਇਸਨੂੰ ਹਰ ਸਾਲ ਵੱਧ ਤੋਂ ਵੱਧ ਕਰਜ਼ਈ ਕੀਤਾ। ਇਨ੍ਹਾਂ ਪੈਸਿਆਂ ਦਾ ਇੰਤਜਾਮ ਉਧਾਰ ਕਰਜ਼ੇ ਵਜੋਂ ਜਿਨ੍ਹਾਂ 'ਚੋਂ ਕਾਫੀ 'ਤੇ ਵਿਆਜ ਵੀ ਪੈਂਦਾ ਹੈ, ਹੋਰ ਸੋਮਿਆਂ ਤੋਂ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਹੋਰ ਸੋਮਿਆਂ'ਚ ਭਾਰਤੀ ਰਿਜਰਵ ਬੈਂਕ, ਕੌਮੀ ਛੋਟੀਆਂ ਬੱਚਤਾਂ ਦੇ ਫੰਡ (ਐਨ.ਐਸ.ਐਸ.ਐਫ) ਬੌਂਡ, ਕੈਸ਼ ਕਰੈਡਿਟ, ਥੋੜੀ ਅਵਧੀ ਦੀ ਲਿਮਟ ਆਦਿ ਸ਼ਾਮਲ ਹਨ।

ਇਸ ਤਰ੍ਹਾਂ ਮੋਦੀ ਸਰਕਾਰ ਨੇ ਜੋ ਐਫ.ਸੀ.ਆਈ ਨੂੰ ਕਰਜੇ ਹੇਠ ਕਰਨ ਦੀ ਨੀਤੀ ਅਪਣਾਈ ਹੈ, ਉਹ ਅੱਗੇ ਕਾਲੇ ਕਾਨੂੰਨਾਂ ਦੇ ਏਜੰਡੇ ਨੂੰ ਲਾਗੂ ਕਰਨ ਵਜੋਂ ਸਥਾਨਕ ਸਰਕਾਰੀ ਮੰਡੀ ਨੂੰ ਖੋਰਨ ਤੇ ਐਫ.ਸੀ.ਆਈ ਦੇ ਗੁਦਾਮਾਂ ਨੂੰ ਨਕਾਰਾ ਕਰਨ ਨਾਲ ਵੀ ਸਬੰਧਤ ਹੈ। ਜਿਵੇਂ ਕੇਂਦਰੀ ਹਕੂਮਤ ਨਾਲ ਮਿਲੀ ਭੁਗਤ ਰਾਹੀਂ ਅਡਾਨੀ ਕਾਰਪੋਰੇਟ ਨੇ 2015 'ਚ ਅਡਾਨੀ ਐਗਰੋ ਲੋਜਿਸਟਿਕ ਲਿਮਟਿਡ (ਏ.ਏ.ਐਲ.ਐਲ) ਦੀ ਕੰਪਨੀ ਬਣਾਈ। ਜਿਸ ਨਾਲ ਇਸ ਸਾਲ ਐਫ.ਸੀ.ਆਈ ਨੇ ਆਪਣੇ ਅਨਾਜ ਨੂੰ ਆਪਣੇ ਗੁਦਾਮਾਂ 'ਚ ਸਟੋਰ ਕਰਨ ਦੀ ਬਜਾਏ ਅਡਾਨੀ ਦੀ ਕੰਪਨੀ ਦੁਆਰਾ ਬਣਾਏ ਗੁਦਾਮਾਂ 'ਚ ਸਟੋਰ ਕਰਨ ਦਾ 700 ਕਰੋੜ ਦਾ ਕਿਰਾਇਆ ਦੇਣ ਦਾ ਸਮਝੌਤਾ ਕੀਤਾ। ਅਡਾਨੀ ਨੇ ਇਸ ਕੰਪਨੀ ਰਾਹੀਂ ਪੰਜਾਬ, ਹਰਿਆਣਾ, ਪੱਛਮੀ ਬੰਗਾਲ, ਤਾਮਿਲਨਾਡੂ, ਕਰਨਾਟਕਾ, ਬਿਹਾਰ, ਉੱਤਰ ਪ੍ਰਦੇਸ਼, ਗੁਜਰਾਤ ਅਤੇ ਮੱਧ ਪ੍ਰਦੇਸ਼ 'ਚ ਗੁਦਾਮ ਬਣਾਏ ਹੋਏ ਹਨ।ਇਨ੍ਹਾਂ ਗੁਦਾਮਾਂ 'ਚ ਐਫ.ਸੀ.ਆਈ ਦਾ 5 ਲ਼ੱਖ 75 ਹਜਾਰ ਮੀਟਰਿਕ ਟਨ ਅਨਾਜ ਅਤੇ ਮੱਧ ਪ੍ਰਦੇਸ਼ ਸਰਕਾਰ ਸਮੇਤ ਐਫ.ਸੀ.ਆਈ ਰਾਹੀਂ ਕੀਤੀ ਸਾਰੀ ਖ੍ਰੀਦ (ਤਿੰਨ ਲੱਖ ਮੀਟਰਿਕ ਟਨ) ਦਾ ਭੰਡਾਰਨ ਕੀਤਾ ਹੋਇਆ ਹੈ। ਇਸ ਤਰ੍ਹਾਂ ਇਨ੍ਹਾਂ ਕਾਲ਼ੇ ਕਾਨੂੰਨਾਂ ਨੂੰ ਲਾਗੂ ਕਰਨ ਦਾ ਅਮਲ ਕੇਂਦਰੀ ਹਕੂਮਤ ਵਲੋਂ ਪਿਛਲੇ 4-5 ਸਾਲਾਂ ਤੋਂ ਸ਼ੁਰੂ ਕੀਤਾ ਹੋਇਆ ਹੈ ਕਿ ਐਫ.ਸੀ.ਆਈ ਨੂੰ ਕਰਜੇ ਹੇਠ ਹੋਰ ਵੱਧ ਦਬਦੇ ਹੋਏ ਇਸ ਦੇ ਅਨਾਜ ਭੰਡਾਰ ਲਈ ਬਣਾਏ ਗੁਦਾਮਾਂ ਨੂੰ ਨਕਾਰਾ ਕਰਦੇ ਜਾਵੋ ਤੇ ਅੱਗੇ ਇਸ ਸੰਸਥਾ ਦੇ ਅਨਾਜ ਨੂੰ ਕਾਰਪੋਰੇਟਾਂ ਦੇ ਗੁਦਾਮਾਂ 'ਚ ਰੱਖਣ ਰਾਹੀਂ ਇਸ 'ਤੇ ਹਜਾਰਾਂ ਕਰੋੜ ਰੁਪਏ ਦੇ ਕਿਰਾਏ ਦੇ ਬੋਝ ਪਾਈ ਜਾਵੋ। ਇਸ ਤੋਂ ਅੱਗੇ ਇਨ੍ਹਾਂ ਕਾਲੇ ਕਾਨੂੰਨਾਂ ਦੇ ਲਾਗੂ ਕਰਨ ਦੇ ਕੁੱਝ ਹੋਰ ਤੱਥਾਂ ਚੋਂ ਇੱਕ ਇਹ ਵੀ ਹੈ ਕਿ ਅਡਾਨੀ ਦੇ ਗੁਦਾਮਾਂ 'ਚ ਭੰਡਾਰ ਕੀਤੀ ਐਫ.ਸੀ.ਆਈ ਦੀ ਖਰੀਦ ਸਿੱਧੀ ਗੁਦਾਮਾਂ 'ਚ ਵੀ ਆ ਰਹੀ ਹੈ। ਇਸਦੇ ਨਾਲ ਨਾਲ ਐਫ.ਸੀ.ਆਈ ਦੀ ਕਾਮਾ ਸ਼ਕਤੀ ਨੂੰ ਵੀ ਅਡਾਨੀ ਦੀ ਕਾਰਪੋਰੇਸ਼ਨ 'ਚ ਤਬਦੀਲ ਕੀਤਾ ਜਾ ਰਿਹਾ ਹੈ। ਜਿਵੇਂ ਇਸ ਸੰਸਥਾ ਦੇ 22000 ਕਰਮਚਾਰੀ ਤੇ 60 ਹਜਾਰ ਠੇਕਾ ਕਾਮੇ ਤੇ ਹੋਰ ਬਹੁਤ ਸਾਰੇ ਆਲ ਜੰਜਾਲ ਨੂੰ ਅਡਾਨੀ ਦੀ ਕੰਪਨੀ 'ਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਨਾਲ ਤਿੰਨ ਕਾਲੇ ਕਾਨੂੰਨਾਂ 'ਚੋਂ ਐਫ.ਸੀ.ਆਈ ਨੂੰ ਨਕਾਰਾ ਕਰਨ ਤੇ ਐਮ.ਐਸ.ਪੀ ਨੂੰ ਖਤਮ ਕਰਨ ਆਦਿ ਦੇ ਪੱਖ ਇਸ ਰੂਪ 'ਚ ਲਾਗੂ ਹੋ ਗਏ ਹਨ ਕਿ ਐਫ.ਸੀ.ਆਈ ਰਸਮੀ ਤੌਰ 'ਤੇ ਫਸਲ ਦੀ ਖਰੀਦ ਕਰਦੀ ਹੈ- ਜੋ ਸਿੱਧੇ ਤੇ ਅਸਿੱਧੇ ਢੰਗ ਰਾਹੀਂ ਅਡਾਨੀ ਦੇ ਗੁਦਾਮਾਂ 'ਚ ਜਾ ਰਹੀ ਹੈ, ਇਸਦੇ ਆਪਣੇ ਗੁਦਾਮ ਖਾਲੀ ਹਨ, ਇਸ ਸੰਸਥਾ ਦੇ ਬਹੁਤ ਸਾਰੇ ਕਰਮਚਾਰੀ ਅਡਾਨੀ ਕੰਪਨੀ 'ਚ ਤਬਦੀਲ ਹੋ ਗਏ ਹਨ, ਅਡਾਨੀ ਕਾਰਪੋਰੇਸ਼ਨ ਨੂੰ ਜੋ ਇਸ ਸੰਸਥਾ ਦੇ ਭੰਡਾਰ ਕੀਤੇ ਅਨਾਜ ਦਾ ਮੋਟਾ ਕਿਰਾਇਆ ਆ ਰਿਹਾ ਹੈ, ਉਹ ਬਜਟ 'ਚ ਖਾਧ ਸਬਸਿਡੀ ਵਜੋਂ ਰੱਖੇ ਪੈਸਿਆਂ 'ਚ ਅਡਾਨੀ ਕੰਪਨੀ ਨੂੰ ਜਾਈ ਜਾ ਰਿਹਾ ਹੈ ਤੇ ਉਹ ਇਸ ਪੈਸੇ ਰਾਹੀਂ ਹੋਰ ਗੁਦਾਮਾਂ ਦੀ ਉਸਾਰੀ ਕਰੀ ਜਾ ਰਿਹਾ ਹੈ ਤੇ ਐਫ.ਸੀ.ਆਈ ਤੱਤ ਰੂਪ 'ਚ ਨਕਾਰਾ ਹੋਈ ਜਾਂਦੀ ਹੈ। ਕੇਂਦਰੀ ਹਕੂਮਤ ਇਸ ਸੰਸਥਾ ਨੂੰ ਉਨਾਂ ਕੁ ਹੀ ਪੈਸਾ ਦਿੰਦੀ ਹੈ ਜਿੰਨਾ ਅਡਾਨੀ ਕਾਰਪੋਰੇਸ਼ਨ ਨੂੰ ਕਿਰਾਏ ਆਦਿ ਦਾ ਦੇਣਾ ਹੁੰਦਾ ਹੈ।

ਇਸ 'ਚੋਂ ਸਵਾਲ ਪੈਦਾ ਹੁੰਦਾ ਹੈ ਕਿ ਐਫ.ਸੀ.ਆਈ ਦੇ ਵੱਡੇ ਕਰਜੇ ਦੀ ਕਿਵੇਂ ਅਦਾਇਗੀ ਹੋਵੇਗੀ ਤੇ ਮੁੜ ਇਹ ਕੇਂਦਰੀ ਬਜਟ 'ਚ ਖੇਤੀ ਸਬਸਿਡੀ ਵਜੋਂ ਰੱਖੀ ਰਾਸ਼ੀ ਰਾਹੀਂ ਐਮ.ਐਸ.ਪੀ ਦੇ ਅਧਾਰ 'ਤੇ ਕਣਕ ਤੇ ਝੋਨੇ ਦੀ ਸਮੁੱਚੀ ਖਰੀਦ ਨੂੰ ਆਪਣੇ ਗੁਦਾਮਾਂ'ਚ ਭੰਡਾਰ ਕਰਨ ਦੀ ਹਾਲਤ 'ਚ ਕਿਵੇਂ ਹੋਵੇਗੀ ?

ਹਾਸਲ ਹਾਲਤ 'ਚ ਇਹ ਸਰਕਾਰ ਨਹੀਂ ਕਰੇਗੀ। ਅਸਲ 'ਚ ਜਿਸ ਤਰ੍ਹਾਂ ਕੇਂਦਰੀ ਮੋਦੀ ਹਕੂਮਤ ਕਾਰਪੋਰੇਟਾਂ ਨਾਲ ਮਿਲੀ ਭੁਗਤ ਕਰਕੇ ਇਸ ਸੰਸਥਾ ਨੂੰ ਤਬਾਹ ਕਰ ਰਹੀ ਹੈ ਤੇ ਇਨ੍ਹਾਂ ਰਾਹੀਂ ਪਿਛਲੇ ਚਾਰ-ਪੰਜ ਸਾਲਾਂ ਤੋ ਖੇਤੀ ਸੰਬੰਧੀ ਕਾਲੇ ਕਾਨੂੰਨਾਂ ਨੂੰ ਕਿਸੇ ਨਾ ਕਿਸੇ ਰੂਪ 'ਚ ਲਾਗੂ ਕਰਦੀ ਆ ਰਹੀ ਹੈ ਜਿਸ ਕਰਕੇ ਇਹ ਸੰਸਥਾ ਤੇ ਇਸ ਰਾਹੀਂ ਐਮ.ਐਸ.ਪੀ ਦੇ ਅਧਾਰ 'ਤੇ ਖਰੀਦ ਕਰਨ ਦੀ ਗੱਲ ਇੱਕ ਵਾਰੀ ਬੀਤੇ ਸਮੇਂ ਦੀ ਗੱਲ ਬਣਨ ਜਾ ਰਹੀ ਹੈ। ਚੱਲ ਰਿਹਾ ਇਤਿਹਾਸਕ ਕਿਸਾਨ-ਮਜਦੂਰ ਤੇ ਹੋਰ ਮੇਹਨਤੀ ਤਬਕਿਆਂ ਦਾ ਲੋਕ ਘੋਲ ਹੀ ਇਸਨੂੰ ਪੁੱਠਾ ਗੇੜਾ ਦੇ ਸਕਦਾ ਹੈ।

## ਪਿੰਡ ਗੋਰਾਹੂਰ 'ਚ ਵੀ ਲਾਇਬ੍ਰੇਰੀ ਖੁੱਲੀ





ਪਿੰਡ ਗੋਰਾਹੂਰ ਅਤੇ ਅਲੀਵਾਲ ਪਿੰਡ ਦੀ ਜੂਹ ਸਾਂਝੀ ਹੈ, ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਹੋਈ ਲੜਾਈ ਅਲੀਵਾਲ ਪਿੰਡ ਕਰਕੇ ਪ੍ਰਸਿੱਧ ਹੈ, ਇਸ ਲੜਾਈ ਦੋਰਾਨ ਅੰਗਰੇਜਾਂ ਦਾ ਜਨਰਲ ਗੋਰਾਹੂਰ ਪਿੰਡ ਦੇ ਵਿੱਚ ਮਾਰਿਆ ਗਿਆ, ਜਿਸ ਦੀ ਯਾਦ ਵਿੱਚ ਅੰਗਰੇਜ਼ਾਂ ਨੇ "ਗੋਰੇ ਦੀ ਸੀਖ" ਨਾਮੀ ਯਾਦਗਾਰ ਬਣਵਾਈ, ਜੋ ਅੱਜ ਵੀ ਪਿੰਡ ਵਿੱਚ ਮੌਜੂਦ ਹੈ, ਇਨ੍ਹਾਂ ਇਤਿਹਾਸਕ ਘਟਨਾਵਾਂ ਅਤੇ ਮੌਜੂਦਾ ਕਿਸਾਨੀ ਘੋਲ ਤੋਂ ਸੇਧ ਲੈਂਦਿਆਂ ਪਿੰਡ ਦੇ ਅਗਾਂਹਵਧੂ ਨੌਜਵਾਨਾਂ ਨੇ ਪਿੰਡ ਵਿੱਚ ਚੰਗੀਆਂ ਅਤੇ ਤਰਕਸੀਲ ਕਿਤਾਬਾਂ ਨੂੰ ਲੈ ਕੇ ਲਾਇਬ੍ਰੇਰੀ ਸਥਾਪਤ ਕਰਨ ਦਾ ਫੈਸਲਾ ਕੀਤਾ। ਇਸ ਲਈ ਅੱਜ 25 ਅਪਰੈਲ ਨੂੰ ਇਸ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਗਿਆ।

ਇਸ ਮੌਕੇ ਇਲਾਕੇ ਭਰ ਵਿੱਚੋਂ ਕਿਤਾਬਾਂ ਬਾਰੇ ਜਾਣਕਾਰੀ ਦੇਣ ਲਈ ਇਕ ਵਿਚਾਰ ਗੋਸ਼ਟੀ ਕਰਵਾਈ ਗਈ। ਜਿਸ ਨੂੰ ਸੰਬੋਧਨ ਕਰਦਿਆਂ ਗੁਰਮੇਲ ਸਿੰਘ ਭਰੋਵਾਲ ਨੇ ਸੁਝਾਅ ਦਿੰਦਿਆਂ ਕਿਹਾ ਕਿ ਜਿੱਥੇ ਇਤਿਹਾਸਕ ਪੁਸਤਕਾਂ ਦੀ ਲੋੜ ਹੈ ਉੱਥੇ ਉਹ ਕਿਤਾਬਾਂ ਜਿਵੇਂ ਗਦਰ ਪਾਰਟੀ ਦਾ ਇਤਿਹਾਸ, ਲਾਲਾ ਹਰਦਿਆਲ ਦੀ 'ਹਿੰਟਸ ਆਫ ਸੈਲਫ ਕਲਚਰ', ਭਗਤ ਸਿੰਘ ਦੀਆਂ ਲਿਖਤਾਂ, ਰੂਸੀ ਲੇਖਕ ਮੈਕਸਿਮ ਗੋਰਕੀ ਆਦਿ ਨੌਜਵਾਨ ਪੀੜ੍ਹੀ ਲਈ ਸਾਰਥਕ ਸਿੱਧ ਹੋ ਸਕਦੀਆਂ ਹਨ। ਪੇਂਡੂ ਮਜਦੂਰ ਯੂਨੀਅਨ ਆਗੂ ਸੁਖਦੇਵ ਸਿੰਘ ਭੂੰਦੜੀ ਨੇ ਮੌਜੂਦਾ ਕਿਸਾਨੀ ਸੰਘਰਸ਼ ਦੁਆਰਾ ਸਾਹਿਤ ਦੇ ਖੇਤਰ ਵਿਚ ਨਵੇਂ ਰੁਝਾਨਾਂ ਜਿਵੇਂ 'ਫਸਲਾਂ ਦੇ ਫੈਸਲੇ ਕਿਸਾਨ ਕਰੂੰਗਾ, ਸੁੱਤਿਆ ਉੱਠ ਜਾਗ ਕਿਸਾਨਾ ਦੇ ਸਿਸਟਮ ਦੇ ਗਲ ਵਿਚ ਫਾਨਾ' ਨਵੇਂ ਯੁੱਗ ਦਾ ਸੰਚਾਰ ਕਰੂੰਗਾ। ਪ੍ਰੇਮ ਸਿੰਘ ਲੀਲਾਂ ਨੇ ਡਾ.ਬੀ ਆਰ ਅੰਬੇਡਕਰ ਦੇ ਦੱਬੇ-ਕੁਚਲੇ ਲੋਕਾਂ ਨੂੰ ਦੇਣ ਬਾਰੇ ਜਾਗਰੂਕ ਹੋਣ ਦਾ ਹੋਕਾ ਦਿੱਤਾ। ਇਸ ਮੌਕੇ ਭੁਪਿੰਦਰ ਸਿੰਘ ਮੁਰਲੀ, ਚਿਪਨ ਸਿੰਘ, ਵਿਕਰਮਜੀਤ ਸਿੰਘ, ਜਸਪਾਲ ਸਿੰਘ ਮੌਜੂਦ ਸਨ।




## ਕੈਲਗਰੀ ਨਿਵਾਸੀ ਮਾਸਟਰ ਭਜਨ ਸਿੰਘ ਗਿੱਲ ਦੇ ਦੋਹਤਰੇ 'ਵਿਸਵਜੀਤ ਸਿੰਘ ਸਿੱਧੂ' (ਪ੍ਰਿੰਸ) ਦਾ ਅੱਜ ਮਈ 1, 2021

## ਸੋਕ ਸਮਾਚਾਰ !



ਬਹੁਤ ਹੀ ਦੁੱਖੀ ਹਿਰਦੇ ਨਾਲ ਗਿੱਲ ਤੇ ਸਿੱਧੂ ਪਰਿਵਾਰ ਵੱਲੋਂ ਇਹ ਖਬਰ ਸਾਂਝੀ ਕਰ ਰਹੇ ਹਾਂ ਕਿ ਕੈਲਗਰੀ ਨਿਵਾਸੀ ਮਾਸਟਰ ਭਜਨ ਸਿੰਘ ਗਿੱਲ ਦੇ ਦੋਹਤਰੇ 'ਵਿਸਵਜੀਤ ਸਿੰਘ ਸਿੱਧੂ' (ਪ੍ਰਿੰਸ) ਦਾ ਅੱਜ ਮਈ 1, 2021 ਨੂੰ ਕੈਲਗਰੀ ਫੁੱਟਹਿੱਲ ਹਸਪਤਾਲ ਵਿੱਚ ਦਿਹਾਂਤ ਹੋ ਗਿਆ। ਉਹ ਪਿਛਲੇ ਕੁਝ ਦਿਨਾਂ ਤੋਂ ਹਸਪਤਾਲ ਵਿੱਚ ਹਰਟ ਦੀ ਬੀਮਾਰੀ ਕਾਰਨ ਦਾਖਿਲ ਸੀ। ਪ੍ਰਿੰਸ ਦਾ ਜਨਮ 1 ਜਨਵਰੀ, 2000 ਦਾ ਸੀ, ਜੋ ਕਿ 21 ਸਾਲ ਦੀ ਭਰ ਜਵਾਨੀ ਵਿੱਚ ਸਾਰੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਿਆ। ਵਿਸਵਜੀਤ ਦਸੰਬਰ, 2017 ਵਿੱਚ ਇੰਟਰਨੈਸਨਲ ਸਟੂਡੈਂਟ ਦੇ ਤੌਰ ਤੇ ਕਨੇਡਾ ਆਇਆ ਸੀ। ਉਸਦੇ ਮਾਪੇ ਸੰਦੀਪ ਕੌਰ ਸਿੱਧੂ ਤੇ ਮਨਜਿੰਦਰ ਸਿੰਘ ਸਿੱਧੂ ਲੁਧਿਆਣਾ (ਪੰਜਾਬ) ਵਿੱਚ ਰਹਿੰਦੇ ਹਨ। ਇਨ੍ਹਾਂ ਦਾ ਪੰਜਾਬ ਵਿੱਚ ਪਿਛਲਾ ਪਿੰਡ 'ਚੀਮਾ' ਜ਼ਿਲ੍ਹਾ ਲੁਧਿਆਣਾ ਹੈ। ਕਨੇਡਾ ਨੂੰ ਫਲਾਈਟਾਂ ਬੰਦ ਹੋਣ ਕਾਰਨ, ਇਸ ਦੁੱਖ ਦੀ ਘੜੀ ਵਿੱਚ ਮਾਪੇ ਆਪਣੇ ਇਕਲੌਤੇ ਬੱਚੇ ਦੀਆਂ ਅੰਤਿਮ ਰਸਮਾਂ ਵਿਚ ਵੀ ਸਾਮਿਲ ਨਹੀਂ ਹੋ ਸਕਦੇ। ਵਿਸਵਜੀਤ ਦੇ ਫਿਊਨਰਲ ਸੰਬੰਧੀ ਜਾਣਕਾਰੀ ਆਉਣ ਵਾਲੇ ਦਿਨਾਂ ਵਿੱਚ ਸਾਂਝੀ ਕੀਤੀ ਜਾਵੇਗੀ, ਬੇਸਕ ਕੋਵਿਡ ਦੀਆਂ ਪਾਬੰਦੀਆਂ ਕਾਰਨ ਫਿਊਨਰਲ ਮੌਕੇ ਬਹੁਤ ਥੋੜੇ ਵਿਅਕਤੀ ਹੀ ਸਾਮਿਲ ਹੋ ਸਕਣਗੇ।

ਵਿਸਵ ਜੀਤ ਭਾਵੇਂ ਵਿਸਵ ਤੇ ਨਹੀਂ ਰਿਹਾ
ਪਰ ਯਾਦ ਸਾਡੇ ਦਿਲਾਂ ਚੋਂ ਜਾਣੀ ਨਹੀਂ
ਮਾਸਟਰ ਭਜਨ ਸਿੰਘ ਦਾ ਦੋਹਤਾ
ਵਿਸਵ ਜੀਤ ਸਿੰਘ
ਪਰਿਵਾਰ ਦਾ ਲਾਡਲਾ ਪ੍ਰਿੰਸ
21 ਸਾਲ 4 ਮਹੀਨੇ ਦੀ ਭਰ ਜੋਬਨ ਰੁੱਤੇ ਵਿਛੜ ਗਿਆ।
ਪਹਿਲੀ ਜਨਵਰੀ 2000 ਨੂੰ ਜਨਮਿਆਂ ਵਿਸਵ ਜੀਤ
ਪਹਿਲੀ ਮਈ 2021 ਨੂੰ ਸਦੀਵੀ ਅਲਵਿਦਾ ਕਹਿ ਗਿਆ।
ਲੁਧਿਆਣਾ ਦੇ ਪਿੰਡ ਕਮਾਲਪੁਰਾ ਲਾਗੇ ਪਿੰਡ ਚੀਮਾ ਦਾ ਵਿਸਵ ਜੀਤ
ਅੱਜ ਕੱਲ੍ਹ ਕੈਲਗਰੀ (ਕਨੇਡਾ) ਮਾਸਟਰ ਭਜਨ ਸਿੰਘ
ਹੋਰਾਂ ਦੇ ਸਹਿਰ ਰਹਿੰਦਾ ਸੀ।
ਹਰ ਰੋਜ ਜਿੰਮ ਜਾਣ ਵਾਲੇ, ਸਿਖਰ ਦੁਪਹਿਰ ਦੇ ਸੂਰਜ ਵਰਗੇ
6 ਫੁੱਟ ਲੰਮੇ ਰਿਸਟ ਪੁਸਟ ਵਿਸਵ ਜੀਤ ਨੂੰ ਕੁਲੈਹਣੀ ਮੌਤ ਨੇ ਅਜੇਹਾ ਝਪਟਾ ਮਾਰਿਆ ਕਿ ਉਹ, ਮੌਤ ਬਿਸਤਰੇ ਤੇ ਕਿਸੇ ਨਾਲ ਗੱਲ ਵੀ ਨਹੀਂ ਕਰ ਸਕਿਆ।
ਸੁੰਨ ਹੋਏ ਸੀਨੀਅਰ ਡਾਕਟਰ ਨੇ ਅੱਜ ਭਰੇ ਮਨ ਨਾਲ ਪਰਿਵਾਰ ਨੂੰ ਕਿਹਾ, "ਸੌਰੀ ਅਸੀਂ ਵਿਸਵ ਜੀਤ ਨੂੰ ਬਚਾ ਨਹੀਂ ਸਕੇ।"
ਵਿਸਵ ਜੀਤ ਨੂੰ ਕਈ ਦਿਨ ਕੈਲਗਰੀ ਹਸਪਤਾਲ ਰੱਖਿਆ।
ਪਰ ਅੱਜ ਉਹ ਸਦੀਵੀ ਵਿਛੋੜਾ ਦੇ ਗਿਆ।
ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ)
ਸਾਥੀ ਭਜਨ ਕੈਲਗਰੀ, (ਮਨਜਿੰਦਰ ਸੰਦੀਪ ਕੌਰ : ਪ੍ਰਿੰਸ ਦੇ ਮੰਮੀ ਡੈਡੀ) ਸਮੂਹ ਸਾਕ ਸਬੰਧੀਆਂ ਅਤੇ ਸੰਗੀਤ ਸਾਥੀਆਂ ਨਾਲ ਗਹਿਰੇ ਦੁੱਖ 'ਚ ਸਰੀਕ ਹੈ।
ਕੁੰਡਾ ਮੌਤ ਨੇ ਕੁਵੇਲੇ ਖੜਕਾਇਆ
ਉਮਰਾਂ ਦੀ ਨੀਂਦ ਉੱਡ ਗਈ।

(ਵਿਸਵ ਜੀਤ ਦੇ ਫਿਨਰਲ ਸਬੰਧੀ ਕੈਲਗਰੀ ਅਪਲਾਈ ਕਰ ਦਿੱਤਾ। ਤਾਰੀਖ ਅਤੇ ਸਮਾਂ ਪਤਾ ਲੱਗਣ ਤੇ ਸੂਚਿਤ ਕਰ ਦਿੱਤਾ ਜਾਏਗਾ। ਕੈਲਗਰੀ ਅਤੇ ਇੰਡੀਆ ਦੇ ਦੋਵੇਂ ਸਮੇਂ ਸੂਚਿਤ ਕਰ ਦਿਆਂਗੇ। ਦੁਖਦਾਇਕ ਹੈ ਕਿ ਪ੍ਰਿੰਸ ਦੇ ਮੰਮੀ ਡੈਡੀ ਪਿੰਡ ਚੀਮਾ, ਜਗਰਾਓਂ-ਰਾਏਕੋਟ ਰੋਡ ਵਾਲਾ ਹੈ।)

ਡੀਟੀਐਫ ਜ਼ਿਲ੍ਹਾ ਲੁਧਿਆਣਾ ਦੇ ਵਿੱਤ ਸਕੱਤਰ ਮਨਜਿੰਦਰ ਸਿੰਘ ਤੇ ਉਸ ਦੀ ਜੀਵਨ ਸਾਥਣ ਸੰਦੀਪ ਕੌਰ ਦਾ ਬੇਟਾ (ਬੇਟੀ ਮਾਂ : ਭਜਨ ਸਿੰਘ ਸਾਬਕਾ ਜ਼ਿਲ੍ਹਾ ਪ੍ਰਧਾਨ, ਅਤੇ ਸਰੋਕਾਰਾਂ ਦੀ ਆਵਾਜ਼ ਟੋਰਾਂਟੋਂ ਦੇ ਸਬ: ਐਡੀਟਰ, ਕੈਲਗਰੀ, ਕੈਨੇਡਾ ਦਾ ਦੋਹਤਾ ਨੌਜੁਆਨ ਪ੍ਰਿੰਸ ਦੀ ਬੇਮੌਕਾ-ਅਚਨਚੇਤ ਮੌਤ 'ਤੇ ਅਦਾਰਾ "ਸਰੋਕਾਰਾਂ ਦੀ ਆਵਾਜ" ਦੀ ਸਾਰੀ ਟੀਮ ਡੂੰਘੇ ਦੁੱਖ ਦਾ ਇਜਹਾਰ ਕਰਦਿਆਂ ਸਮੁੱਚੇ ਪਰਿਵਾਰ ਨਾਲ ਅਤੇ ਡੀਟੀਐਫ ਲੁਧਿਆਣਾ ਨਾਲ ਹਾਰਦਿਕ ਸੰਵੇਦਨਾ ਪ੍ਰਗਟ ਕਰਦੀ ਹੈ ।

"ਪ੍ਰੋ: ਪੀਪਲ ਆਰਟ ਪ੍ਰੋਜੈਕਟ ਮੀਡੀਆ ਗਰੁੱਪ"
ਅਦਾਰਾ "ਸਰੋਕਾਰਾਂ ਦੀ ਆਵਾਜ਼" ਕਨੇਡਾ
ਦੇਵਿੰਦਰ ਤੂਰ

# ਕਿਸਾਨਾਂ ਨੂੰ ਗੁੰਮਰਾਹ ਕੌਣ ਕਰਦੈ !

**ਜਗਮੇਲ ਸਿੰਘ**



ਕਿਸਾਨਾਂ ਦਾ ਸੰਘਰਸ ਸੁਰੂ ਹੁੰਦਿਆਂ ਹੀ, ਸੰਘਰਸ ਖਿਲਾਫ ਕੂੜ ਪ੍ਰਚਾਰ ਵੀ ਆ ਗਿਆ। ਹਾਕਮਾਂ ਦਾ ਕਹਿਣੈ, ਕਿਸਾਨਾਂ ਨੂੰ ਕੋਈ ਗੁੰਮਰਾਹ ਕਰ ਰਿਹੈ। ਪੁੱਠੀ ਪੱਟੀ ਪੜ੍ਹਾ ਰਿਹੈ।ਕਨੂੰਨ ਤਾਂ ਕਿਸਾਨਾਂ ਦੇ ਭਲੇ ਦੇ ਨੇ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਵਾਲੇ ਨੇ, ਦੇਸ ਦਾ ਵਿਕਾਸ ਕਰਨਗੇ। ਹਾਕਮ ਨਾ ਕੂੜ ਦੀ ਰਟ ਛੱਡਦੈ, ਨਾ ਹੱਠ। ਕਦੇ ਸਿਆਸੀ ਸਰੀਕਾਂ ਵੱਲ ਇਸਾਰੇ ਕਰਦੈ। ਕਦੇ ਬੁੱਧੀਜੀਵੀਆਂ 'ਤੇ ਉਂਗਲ ਠਾਉਂਦੈ। ਕਦੇ ਨਕਸਲੀਆਂ ਸਿਰ ਦੋਸ ਲਾਉਂਦੈ।

ਛਲਾਵਿਆਂ ਦੇ ਤੰਤਰ ਵਿੱਚ ਕੂੜ ਦਾ ਮੰਤਰ ਖੂਬ ਫਲਦਾ ਫੁਲਦਾ। ਏਸ ਹਾਕਮ ਦੀ ਹਾਕਮੀ ਤਾਂ ਟਿਕੀ ਈ ਕੂੜ-ਕੁਫਰ 'ਤੇ ਐ। ਬਕਾਇਦਾ ਆਈ ਟੀ ਸੈੱਲ ਬਣਾਇਆ। ਪੂਰੀ ਰਾਜ ਮਸੀਨਰੀ ਝੋਕਦੈ। ਫਿਰਕੂ ਟੋਲੇ ਵਰਤਦੈ। ਹਰ ਹਾਕਮ ਦਾ ਇਹੀ ਹਾਕਮੀ-ਰਵੀਰਾ। ਲੋਕਾਂ ਦਾ ਸੰਘਰਸ ਜਮ੍ਹਾਂ ਨੀਂ ਪੋਂਹਦਾ। ਡੱਕਿਆ ਜਾਂਦੈ। ਕਦੇ ਵਹਿਮਾਂ ਭਰਮਾਂ ਨਾਲ, "ਰਾਜਾ ਰੱਬ ਦਾ ਦੂਤ ਐ", "ਰਾਜਾ ਸਰਾਪ ਦੇ ਦੇਵੇਗਾ", "ਘਾਂਹੀਆਂ ਦੇ ਪੁੱਤਾਂ ਨੇ ਘਾਹ ਈ ਖੋਤਣਾ"। ਕਦੇ "ਡਾਕੂ/ਲੁਟੇਰਾ" ਕਹਿਕੇ ਮਾਰ ਮੁਕਾਉਣਾ। ਲੋਥਾਂ ਦਰਵਾਜ਼ਿਆਂ ਉੱਤੇ ਲਟਕਾ ਦੇਣੀਆਂ। ਸਮੇਂ ਨਾਲ ਰਵੀਰੇ ਵਿੱਚ ਤੇਜੀ-ਠੰਡਕ ਆਉਂਦੀ ਰਹਿੰਦੀ ਐ। ਨਿਹੱਥੇ ਕੱਠਾਂ 'ਤੇ ਗੋਲੀਆਂ ਦੀ ਵਾਛੜ। ਅਦਾਲਤੀ ਢਕਵੰਜ ਰਾਹੀਂ ਫਾਂਸੀਆਂ। ਹੁਣ ਪੁਲਸ ਫੌਜ ਨੂੰ ਖੁੱਲਾਂ।ਬੰਦਾ ਮਾਰਨ ਦੇ ਅਧਿਕਾਰ। "ਰਾਸਟਰ-ਵਿਰੋਧੀ" ਬਿੱਲਾ, ਵੱਡਾ ਹਥਿਆਰ ਐ।

ਕਿਸਾਨਾਂ ਦੀ ਪੁਜੀਸਨ ਸਪਸਟ ਐ। ਕੱਲਾ ਕੱਲਾ ਕਿਸਾਨ ਬੋਲਦੈ, "ਇਹ ਸਾਡੀਆਂ ਜਮੀਨਾਂ ਹਥਿਆਉਣਗੇ।" ਆਗੂਆਂ ਦੇ ਬਿਆਨ ਨੇ, "ਸਰਕਾਰ ਨਾਲ ਮੀਟਿੰਗਾਂ ਵਿੱਚ ਕਨੂੰਨਾਂ ਦੀ ਕੱਲੀ ਕੱਲੀ ਧਾਰਾ ਰੱਦ ਕਰ ਚੁੱਕੇ ਹਾਂ। ਕਨੂੰਨ ਮੰਡੀ ਨਾਲ ਜੁੜਵਾਂ ਹਰ ਤਰ੍ਹਾਂ ਦਾ ਰੁਜਗਾਰ ਖੋਹਣਗੇ। ਸਰਕਾਰੀ ਖਰੀਦ ਏਜੰਸੀਆਂ ਦਾ ਬਿਸਤਰਾ ਗੋਲ ਕਰਨਗੇ। ਨਵੇਂ ਰੁਜਗਾਰ ਨੂੰ ਮੋਂਦਾ ਲਾਉਣਗੇ। ਅਨਾਜ ਦੀ ਪੈਦਾਵਾਰ, ਸਾਂਭ ਸੰਭਾਲ ਤੇ ਸਪਲਾਈ ਦੇਸੀ ਬਦੇਸੀ ਕਾਰਪੋਰੇਟ ਕੰਪਨੀਆਂ ਦੀ ਮੁੱਠੀ ਵਿੱਚ ਦੇਣਗੇ। ਖੇਤੀ ਲਾਗਤਾਂ ਰਾਹੀਂ ਲੁੱਟ ਮਚਾਉਣ ਵਾਲਿਆਂ ਮੂਹਰੇ ਜਿਣਸਾਂ ਤੇ ਜਮੀਨਾਂ ਪਰੋਸਣਗੇ। ਇਉਂ ਜ਼ਮੀਨ ਦੀ ਹੱਥ ਬਦਲੀ ਕਰਨਗੇ।" ਹਾਕਮ ਖੁਦ ਵੀ ਮੰਨ ਚੁੱਕਿਆ, ਨੁਕਸ ਹੈਗਾ, ਸੋਧ ਦਿੰਨੇ ਆ। ਕੁਝ ਸਾਲਾਂ ਲਈ ਕਨੂੰਨ ਰੋਕ ਲੈਨੇ ਆ।

ਤਕਨੀਕ ਦਾ ਜੋਰ ਐ। ਗਲੀ ਗਲੀ ਸੋਰ ਐ।ਹਾਕਮਾਂ ਦੇ ਗੁਪਤ ਅਜੰਡੇ, ਲੋਕਾਂ ਲਈ ਗਲ ਦੇ ਫੰਦੇ, ਸਭ ਲੀਕ ਨੇ। ਜੱਗ ਜਾਹਿਰ ਨੇ।ਬੋਧ-ਸੂਝ ਵੰਡਦੇ ਬੁੱਧੀਜੀਵੀਆਂ ਦੀ ਬਹੁਤਾਤ ਐ। ਹਾਕਮਾਂ 'ਤੇ ਬੇਵਿਸਵਾਸੀ। ਆਵਦੇ ਏਕੇ 'ਤੇ ਭਰੋਸਾ। ਸੰਘਰਸ 'ਤੇ ਟੇਕ ਐ।

ਸੰਘਰਸੀ ਘੁਲਾਟੀਆਂ ਨੂੰ ਕੌਣ ਗੁੰਮਰਾਹ ਕਰ ਸਕਦੈ? ਜਿਹਨਾਂ ਨੂੰ ਪਤੈ, ਕਿ ਉਸ ਤੋਂ ਸਭ ਕੁਝ ਖੋਹਿਆ ਜਾ ਰਿਹੈ; ਕੌਣ ਖੋਹ ਰਿਹੈ?; ਕਾਹਦੇ ਲਈ ਖੋਹ ਰਿਹੈ? ਤੇ ਕੀਹਦੇ ਲਈ ਖੋਹ ਰਿਹੈ? ਜੀਹਨੂੰ ਪਤਾ ਹੋਵੇ :

ਖੇਤੀ, ਆਰਥਿਕਤਾ ਦਾ ਬੇਸ-ਸਹਾਰਾ। ਵੱਡੀ ਵਸੋਂ ਦਾ ਜਿਉਣ-ਗੁਜਾਰਾ। ਪਰ ਹਾਕਮਾਂ ਵੱਲੋਂ ਤਵੱਜੋਂ ਕਦੇ ਵੀ ਨਹੀਂ। ਤਰਜੀਹ ਨਹੀਂ। ਸਰਕਾਰੀ ਖਜ਼ਾਨੇ ਦੀ ਛੱਲ, ਕਿਸਾਨਾਂ ਦੀ ਥਾਂ ਕਾਰਪੋਰੇਟਾਂ ਵੱਲ।

ਦਿਨ ਰਾਤ ਮਿੱਟੀ ਨਾਲ ਮਿੱਟੀ ਹੁੰਨਾ। ਪੈਦਾਵਾਰ ਵਧਾਈ ਜਾਨਾਂ। ਕਮਾਈ ਫਲਦੀ ਨੀਂ। ਕਰਜ਼ਾ ਅਮਰਵੇਲ ਬਣ ਵਲੀ ਜਾਂਦੈ।

ਜ਼ਮੀਨ ਦੀ ਕਾਣੀ ਵੰਡ ਐ। ਵੱਡੀ ਢੇਰੀ ਮੁੱਠੀ ਭਰ ਕੋਲ। ਬਾਕੀ ਬਹੁਤਿਆਂ ਕੋਲ ਮਸਾਂ ਚਾਰ ਸਿਆੜ। ਅੱਧਿਆਂ ਕੋਲ ਤਾਂ ਓਰਾ ਵੀ ਨੀਂ।

ਖੇਤੀ ਲਾਗਤਾਂ ਦੇਸ-ਵਿਦੇਸ ਦੇ ਕਾਰਪੋਰੇਟਾਂ ਦੀ ਮੁੱਠੀ 'ਚ ਐ।ਅੱਤ ਦੀ ਮਹਿੰਗ।ਖੇਤੀ ਆਮਦਨ ਨੂੰ ਸੜਾਕੇ ਮਾਰ ਜਾਂਦੇ ਐ।

ਭਾਅ ਲਾਗਤ ਦੇ ਪਾਸਕੂ ਵੀ ਨੀਂ। ਕਿਸਾਨੀ ਪੱਲੇ ਕਰਜਾ ਤੇ ਕੰਗਾਲੀ। ਇਹ ਹਾਲਤ ਬਦਲਣ ਦੇ ਨਾਹਰੇ ਤਾਂ ਬਥੇਰੇ, ਪਰ ਅਮਲ ਭੋਰਾ ਵੀ ਨੀਂ।

ਰੁਜਗਾਰ ਦਾ ਕੋਈ ਬਦਲਵਾਂ ਭਰੋਸੇਯੋਗ ਪ੍ਰਬੰਧ (ਸਨਅਤੀਕਰਨ) ਨਹੀਂ ਐ। ਖੇਤੀ 'ਚੋਂ ਵਾਧੂ ਜਾਂ ਵੇਹਲੇ ਹੋਇਆਂ ਦਾ ਪ੍ਰਬੰਧ ਨਹੀਂ।

ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ ਤੇ ਸਾਮਰਾਜੀ ਮੁਲਕਾਂ ਦੀਆਂ ਸਰਤਾਂ-ਸੰਧੀਆਂ। ਖੇਤੀ ਖੇਤਰ ਦੀ ਢਲਾਈ ਕਰੋ। ਮਰੀਕਨ ਬੀਅ, ਮਰੀਕਨ ਸੁੰਡੀ, ਮਰੀਕਨ ਸਪਰੇਅ, ਮਰੀਕਨ ਮਸੀਨਰੀ।

ਫੇਰ ਸੰਸਾਰ ਵਪਾਰ ਸੰਗਠਨ ਆ ਗਿਐ। ਹਦਾਇਤਾਂ ਦਾ ਪਲਥੋਰਾ ਲੈ ਕੇ। ਢਾਂਚਾ ਢਲਾਈ ਦਾ ਡੰਡਾ ਲੈ ਕੇ। ਸਬਸਿਡੀਆਂ ਬੰਦ ਕਰੋ। ਸਰਕਾਰੀ ਖਰੀਦ ਤੋਂ ਖਹਿੜਾ ਛੁਡਾਓ। ਐਫ. ਸੀ. ਆਈ. ਦਾ ਭੋਗ ਪਾਓ। ਅਨਾਜੀ-ਜਿਣਸਾਂ ਦੀ ਉਪਜ ਘਟਾਓ। ਦਰਾਮਦਾਂ ਬਰਾਮਦਾਂ ਤੋਂ ਰੋਕਾਂ ਹਟਾਓ। ਹਾਕਮ ਜੀ ਹਜੂਰੀਏ। ਝੱਟ ਰਾਗ ਦਰਬਾਰੀ ਬਣ ਗਏ।

ਨੀਤੀ ਆਯੋਗ ਦਾ ਮੁਖੀ ਬੋਲੀ ਹੋਰ ਬੋਲਦੈ, "ਕਰੋਨਾ ਵਾਇਰਸ ਨੇ ਮੌਕਾ ਦਿੱਤੈ। ਕਿਰਤ ਮੰਡੀਆਂ ਵਿੱਚ ਸੁਧਾਰ ਕਰਨ ਦਾ ਮੌਕਾ। ਇਹ ਸਾਂਤ ਸਮਿਆਂ ਵਿੱਚ ਮੁਸਕਲ ਹੁੰਦੈ।"

ਪੀ.ਐਮ. ਨੇ ਕਰੋਨਾ ਪੈਕੇਜ ਐਲਾਨਿਆ। ਜ਼ਮੀਨ ਤੇ ਕਿਰਤ ਦਾ ਵਿਸੇਸ ਜ਼ਿਕਰ ਕੀਤੈ। ਮੁੱਖ ਵਿੱਤ ਸਲਾਹਕਾਰ ਨੇ ਵਿਆਖਿਆ ਕੀਤੀ, "ਜ਼ਮੀਨ ਤੇ ਕਿਰਤ ਯਕੀਨਨ ਹੀ ਮੰਡੀ ਸੁਧਾਰਾਂ ਦੇ ਕਾਰਕ ਹਨ।" ਕਰਨਾਟਕ ਦੀ ਹਕੂਮਤ ਨੇ ਜ਼ਮੀਨ ਅਧਿਗ੍ਰਹਿਣ ਕਾਨੂੰਨ ਸੋਧ ਦਿੱਤੈ। ਹੁਣ ਜ਼ਮੀਨ ਕਿਸਾਨਾਂ ਤੋਂ ਸਿੱਧੀ ਖਰੀਦੀ ਜਾ ਸਕੇਗੀ। ਕਾਰਪੋਰੇਟਾਂ ਨੇ ਸੁਆਗਤ ਕੀਤੈ।

ਕੌਮਾਂਤਰੀ ਏਜੰਸੀਆਂ ਤੇ ਹਾਕਮਾਂ ਦਾ ਕਹਿਣੈ, ਜਮੀਨ ਦਾ ਛੋਟਾ ਟੋਟਾ, ਨਿਰਬਾਹ ਯੋਗ ਨਹੀਂ। ਜਮੀਨ ਹੱਥ ਬਦਲੀ ਲਈ ਕਿਰਿਆਸੀਲ ਭੌਂ-ਵੇਚ ਮੰਡੀਆਂ ਦੇ ਨਿਰਮਾਣ ਦੀ ਕੀਤੀ ਜਾ ਰਹੀ ਤਿਆਰੀ।

ਜ਼ਮੀਨ ਦੀ ਨਿਰਣਾਇਕ ਮਾਲਕੀ ਨਿਰਧਾਰਨ ਦਾ ਬਣਾਇਆ ਜਾ ਰਿਹਾ ਢਾਂਚਾ। ਨੀਤੀ ਆਯੋਗ ਨੇ ਰਾਜਾਂ 'ਤੇ ਸਖਤ ਦਬਾਅ ਬਣਾਇਆ।

ਕੌਮਾਂਤਰੀ ਪੱਧਰ 'ਤੇ ਖੇਤੀ ਕਾਰੋਬਾਰੀਆਂ 'ਤੇ ਖੇਤੀ ਨਿਵੇਸਕਾਂ ਦੀ ਜਮੀਨਾਂ ਉਪਰ ਕਬਜ਼ਿਆਂ ਦੀ ਧੁੱਸ। ਪ੍ਰਚੂਨ ਖੇਤਰ ਤੇ ਭੋਜਨ ਢਾਂਚਿਆਂ ਨੂੰ ਕਾਰਪੋਰੇਟਾਂ ਵੱਲੋਂ ਕਬਜੇ ਹੇਠ ਲੈਣਾ। ਪ੍ਰਮੁੱਖ ਫਸਲਾਂ ਦੀ ਥਾਂ ਫਲਾਂ ਸਬਜ਼ੀਆਂ ਵੱਲ ਢਾਲਣਾ। ਆਪਣੇ ਵਰਗੇ ਮੁਲਕਾਂ ਦੀ ਅਨਾਜ ਦਰਾਮਦਾਂ 'ਤੇ ਨਿਰਭਰਤਾ ਦਾ ਵਧਣਾ। ਜ਼ਮੀਨ ਦੇ ਇਕੱਤਰੀਕਰਨ ਤੇ ਵਿਦੇਸੀਕਰਨ ਵਿੱਚ ਤੇਜੀ ਦਾ ਆਉਣਾ।

ਸਰਕਾਰੀ ਖਰੀਦ ਦਾ ਬੰਦ ਹੋਣਾ, ਜਨਤਕ ਵੰਡ ਪ੍ਰਣਾਲੀ ਦਾ ਬੰਦ ਹੋਣਾ ਨਿਸਚਿਤ ਹੋਣਾ।

ਨਿੱਜੀਕਰਨ ਵਿੱਚ ਤੇਜੀ। ਸਿਖਿਆ, ਸਿਹਤ, ਪਾਣੀ, ਬਿਜਲੀ, ਸੜਕਾਂ, ਬੱਸਾਂ, ਅੱਡੇ, ਰੇਲਾਂ, ਟੇਸਣ, ਜਹਾਜ, ਅੱਡੇ, ਬੰਦਰਗਾਹਾਂ, ਖਾਣਾਂ, ਪਾਰਕ ਸਭ ਸੇਲ 'ਤੇ। ਨੌਕਰੀਆਂ ਦੀ ਬੰਦੀ। ਕਿਰਤ ਕਾਨੂੰਨ ਸੋਧੇ।ਕੋਡ ਬਣਾ ਦਿੱਤੈ। ਕੰਮ ਦੇ ਘੰਟੇ ਵਧਾਏ, ਉਜਰਤ ਘਟਾਈ, ਕਨੂੰਨੀ ਚਾਰਾਜੋਈ ਤੇ ਰੋਕ ਲਾਈ।

ਆਹ ਖੇਤੀ ਕਨੂੰਨ ਬਣਾਉਣ ਦਾ ਡਰਾਮਾ। ਲੋਕਾਂ ਤੋਂ ਓਹਲੇ। ਕਿਸਾਨਾਂ ਤੋਂ ਚੋਰੀਓਂ। ਦੱਸਿਆ ਸਕਿਆਂ-ਸਰੀਕਾਂ ਨੂੰ ਵੀ ਨੀਂ। ਅੰਨ੍ਹੀ ਕਾਹਲੀ। ਕਨੂੰਨ ਗਲਤ ਮੰਨ ਕੇ ਵੀ ਰੱਦ ਨਾ ਕਰਨਾ। ਦਲੀਲ ਕੋਈ ਨੀਂ। ਹਾਕਮੀ ਹੱਠ ਐ। ਹੰਕਾਰ ਐ। ਇਸ ਤੋਂ ਵਧ ਕੇ ਦੁਸਮਣੀ ਵਿਹਾਰ ਝਲਕਦੈ। ਖੁਦ ਲੋਕਾਂ ਦੇ ਪੈਸੇ 'ਤੇ ਪਲਦੇ ਨੇ। ਕਿਸਾਨ ਨੂੰ ਪਰਜੀਵੀ ਦੱਸਦੇ ਨੇ। ਮਸਲੇ ਗੱਲਬਾਤ ਨਾਲ ਹੱਲ ਹੁੰਦੇ ਨੇ ਕਹਿਣ ਵਾਲੇ ਗੱਲਬਾਤ ਤੋਂ ਭੱਜਦੇ ਨੇ। ਕੰਕਰੀਟ, ਕੰਡਿਆਲੀਆਂ ਤਾਰਾਂ, ਨੋਕੀਲੇ ਕਿੱਲਾਂ ਤੇ ਪੁਲਸੀ ਧਾੜਾਂ ਨਾਲ ਘੇਰਾਬੰਦੀ ਕਰਦੇ ਨੇ। ਰੋਸ ਪ੍ਰਗਟਾਉਂਦਿਆਂ ਉਪਰ ਕੇਸ ਪਾਉਂਦੇ ਨੇ। ਸਿਰ ਪਾੜ੍ਹਦੇ ਨੇ।


ਗੁੰਮਰਾਹ ਕਰਨਾ, ਹਾਕਮਾਂ ਦੀ ਲੋੜ ਹੁੰਦੀ ਐ। ਰਾਜ ਚਲਾਉਣਾ ਹੁੰਦੈ। ਸੰਘਰਸਾਂ ਨੂੰ ਕੁਚਲਣਾ ਹੁੰਦੈ। ਸੰਘਰਸਸੀਲ ਤਾਂ ਆਪਣਾ ਸਿਰੜ ਤੇ ਸਿਦਕ ਨਿਭਾਉਂਦੇ ਆ। ਕਿਸਾਨੀ ਸੰਘਰਸ ਇਹੀ ਦਿਖਾ ਰਿਹੈ। ਸੰਘਰਸ ਦੀ ਨਿਰੰਤਰਤਾ ਤੇ ਤਹੱਮਲਭਰੀ ਦਲੀਲਬਾਜੀ ਪੈਰ ਗੱਡੀ ਖੜ੍ਹੀ ਐ।ਹਾਕਮਾਂ ਦੇ ਕੂੜ ਪ੍ਰਚਾਰ ਨੂੰ ਛੰਡਦਾ ਹੋਇਆ, ਸੰਘਰਸ ਸੱਤ ਮਹੀਨੇ ਪਾਰ ਕਰ ਰਿਹੈ। ਇਤਿਹਾਸ ਸਿਰਜ ਰਿਹੈ।ਕੰਕਰੀਟ ਭਰੇ ਬੈਰੀਕੇਟ, ਕੰਡਿਆਲੀਆਂ ਤਾਰਾਂ ਤੇ ਨੁਕੀਲੀਆਂ ਕਿੱਲਾਂ ਟੱਪ ਮੁਲਕ ਦੀਆਂ ਚਾਰੋਂ ਦਿਸਾਵਾਂ ਵਿਚ ਪਹੁੰਚ ਗਿਐ। ਹਰ ਪਾਸੇ ਸੰਘਰਸ ਦੇ ਝੰਡੇ ਝੂਲ ਰਹੇ ਨੇ। ਨਾਹਰੇ ਗੂੰਜ ਰਹੇ ਨੇ। ਮਹਾਂ ਰੈਲੀਆਂ/ ਮਹਾਂ ਪੰਚਾਇਤਾਂ ਦਾ ਵੱਡਾ ਪਸਾਰ ਹੈ। ਔਰਤ ਸਮੂਲੀਅਤ ਨੇ ਹਾਕਮਾਂ ਨੂੰ ਝੋਰਾ ਲਾਇਆ ਹੈ। ਸਹੀਦ ਭਗਤ ਸਿੰਘ ਦੇ ਸਾਮਰਾਜਵਾਦ - ਮੁਰਦਾਬਾਦ ਦੇ ਨਾਅਰੇ 'ਤੇ ਆਈ ਜਵਾਨੀ ਨੇ ਸੰਘਰਸ ਦੀ ਤਾਕਤ ਨੂੰ ਜਰਬਾਂ ਦਿੱਤੀਆਂ ਨੇ।

(ਸੰਪਰਕ :9417224822)

ਮ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com



ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ





ਡੰਗ ਅਤੇ ਚੋਭਾਂ

ਗੁਰਮੀਤ ਸਿੰਘ ਪਲਾਹੀ
98158-02070

# ਦਲਿਤ ਪੱਤਾ ਪੰਜਾਬ ਚੋਣਾਂ 'ਚ ਕਿੰਨਾ ਕੁ ਕਾਰਗਰ ?




ਭਾਜਪਾ ਨੇ ਕੁਝ ਸਮਾਂ ਪਹਿਲਾਂ, ਪੰਜਾਬ ਸੂਬੇ ਦਾ ਮੁੱਖ ਮੰਤਰੀ ਦਲਿਤ ਚਿਹਰਾ ਲਿਆਉਣ ਦੀ ਗੱਲ ਕੀਤੀ ਤਾਂ ਬਾਅਦ 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਪ ਮੁੱਖ ਮੰਤਰੀ ਕਿਸੇ ਦਲਿਤ ਨੂੰ ਬਨਾਉਣ ਦਾ ਐਲਾਨ ਦਾਗ ਮਾਰਿਆ। ਉਧਰ ਇਸ ਦੇ ਜਵਾਬ ਵਿੱਚ ਕਾਂਗਰਸੀ ਐਮ.ਪੀ. ਮੁਨੀਸ਼ ਤਿਵਾੜੀ ਨੇ ਸੁਖਬੀਰ ਸਿੰਘ ਨੂੰ ਇਹ ਤਨਜ਼ ਭਰਿਆ ਸਵਾਲ ਪੁੱਛ ਲਿਆ ਕਿ ਉਪ ਮੁੱਖ ਮੰਤਰੀ ਕਿਉਂ, ਸ਼੍ਰੋਮਣੀ ਅਕਾਲੀ ਦਲ ਵਲੋਂ ਮੁੱਖ ਮੰਤਰੀ ਚਿਹਰਾ ਕਿਉਂ ਨਹੀਂ।

ਇਹ ਖਬਰਾਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਲਗਭਗ ਇੱਕ ਸਾਲ ਪਹਿਲਾਂ ਹੀ ਸਿਆਸੀ ਧਿਰਾਂ ਵਲੋਂ ਆਰੰਭੀ ਜਾ ਚੁੱਕੀ ਮੁਹਿੰਮ ਦਾ ਹਿੱਸਾ ਹਨ। ਪੰਜਾਬ 'ਚ ਆਉਣ ਵਾਲੇ ਸਮੇਂ 'ਚ ਚੋਣਾਂ ਸਬੰਧੀ ਕੀ ਸਥਿਤੀ ਬਣਦੀ ਹੈ, ਕਿਹੜੇ ਮੁੱਦੇ ਮੁੱਖ ਚਰਚਾ 'ਚ ਰਹਿਣਗੇ ਅਤੇ ਕੀ ਦਲਿਤ ਪੱਤਾ ਪੰਜਾਬ ਵਿੱਚ ਖੇਡੇ ਜਾਣ ਦੀ ਤਿਆਰੀ ਹੋ ਚੁੱਕੀ ਹੈ, ਇਹ ਵੱਡੀ ਚਰਚਾ ਦਾ ਵਿਸ਼ਾ ਹੈ, ਕਿਉਂਕਿ ਪੰਜਾਬ ਵਿੱਚ ਦਲਿਤ ਭਾਈਚਾਰੇ ਦੀ ਵੋਟ ਲਗਭਗ 32 ਫੀਸਦੀ ਹੈ ਜੋ 2021 ਦੀ ਜਨਗਣਨਾ ਵਿੱਚ ਲਗਭਗ 35 ਫੀਸਦੀ ਹੋਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ। ਪੰਜਾਬ ਦੀਆਂ ਬਹੁ-ਗਿਣਤੀ ਸੀਟਾਂ ਉਤੇ ਦਲਿਤ ਭਾਈਚਾਰੇ ਦੀਆਂ ਵੋਟਾਂ ਦਾ ਵੱਡਾ ਪ੍ਰਭਾਵ ਪੈਂਦਾ ਰਿਹਾ ਹੈ।

ਲੰਮਾ ਸਮਾਂ ਦਲਿਤ ਭਾਈਚਾਰਾ ਕਾਂਗਰਸ ਨਾਲ ਜੁੜਿਆ ਰਿਹਾ ਅਤੇ ਉਹਨਾਂ ਦੀ ਪੰਜਾਬ ਵਿੱਚ ਹੀ ਨਹੀਂ: ਸਗੋਂ ਪੂਰੇ ਦੇਸ਼ 'ਚ ਵੱਡੀ ਵੋਟ ਬੈਂਕ ਰਿਹਾ ਪਰ ਕਾਂਗਰਸ ਤੋਂ ਮਾਯੂਸ ਹੋ ਕੇ ਦਲਿਤ ਵੋਟਰ ਦੇਸ਼ ਦੀਆਂ ਹੋਰ ਸਿਆਸੀ ਧਿਰਾਂ ਨਾਂਲ ਤਾਂ ਜੁੜਿਆ ਹੀ, ਪਰ ਆਪਣੀ ਸਿਆਸੀ ਧਿਰ ਬਹੁਜਨ ਸਮਾਜ ਪਾਰਟੀ ਬਣਾ ਕੇ ਆਪਣੀ ਤਾਕਤ ਦਿਖਾਉਣ ਦੇ ਰਾਹ ਵੀ ਤੁਰਿਆ। ਜਿਸ 'ਚ ਉਹ ਬਹੁਤਾ ਕਾਮਯਾਬ ਨਹੀਂ ਹੋ ਸਕਿਆ।

ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਲੰਮੇ ਸਮੇਂ ਤੋਂ ਪੰਜਾਬ ਵਿੱਚ ਇਕੱਲਿਆਂ ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਲੜਨ ਲਈ ਤਰਲੋ-ਮੱਛੀ ਹੁੰਦੀ ਰਹੀ ਹੈ। ਕੇਂਦਰ ਵਲੋਂ ਖੇਤੀ ਕਾਨੂੰਨ ਪਾਸ ਕਰਨ ਦੇ ਵਿਰੋਧ 'ਚ ਕਿਸਾਨ ਸੰਘਰਸ਼ ਕਾਰਨ ਜਦੋਂ ਅਕਾਲੀ-ਭਾਜਪਾ ਦੀ ਆੜੀ ਟੁੱਟੀ ਹੈ, ਉਸ ਦੇ ਇਕੱਲਿਆਂ ਚੋਣਾਂ ਲੜਨ ਦੇ ਪੱਖੀ ਭਾਜਪਾ ਆਗੂਆਂ ਵਲੋਂ ਇਸ ਸੰਬੰਧੀ ਅੱਗੋਂ ਕੋਸ਼ਿਸ਼ਾਂ ਆਰੰਭ ਦਿੱਤੀਆਂ ਗਈਆਂ ਹਨ ਭਾਵੇਂ ਕਿ ਭਾਜਪਾ ਦੇ ਨੇਤਾਵਾਂ ਵਲੋਂ ਕੋਈ ਵੀ ਸਿਆਸੀ ਸਰਗਰਮੀ ਜਦੋਂ ਵੀ ਪੰਜਾਬ 'ਚ ਆਰੰਭੀ ਜਾਂਦੀ ਹੈ, ਕਿਸਾਨ ਨੇਤਾ ਅਤੇ ਕਿਸਾਨ ਇਸ ਦਾ ਤਿੱਖਾ ਵਿਰੋਧ ਕਰ ਰਹੇ ਹਨ।

ਪਰ ਇਸੇ ਦਰਮਿਆਨ ਭਾਜਪਾ ਵਲੋਂ, ਸੂਬੇ ਪੰਜਾਬ ਵਿੱਚ ਮੁੱਖ ਮੰਤਰੀ ਦਾ ਚਿਹਰਾ ਕਿਸੇ ਦਲਿਤ ਨੂੰ ਬਨਾਉਣ ਦੇ ਬਿਆਨ ਉਤੇ ਭਾਜਪਾ ਦੀ ਪ੍ਰਦੇਸ਼ ਵਿੱਚ, ਪੰਜ ਸੂਬਿਆਂ ਸਮੇਤ ਪੱਛਮੀ ਬੰਗਾਲ ਚੋਣਾਂ ਤੋਂ ਬਾਅਦ, ਅਪਣਾਈ ਜਾਣ ਵਾਲੀ ਨੀਤੀ ਦੀ ਇੱਕ ਝਲਕ ਪੈ ਰਹੀ ਹੈ। ਇਹ ਜਾਣਦਿਆਂ ਅਤੇ ਸਮਝਦਿਆਂ ਕਿ ਪੰਜਾਬ ਵਿੱਚ ਦੋ ਮੁੱਖ ਵਰਗ ਦਲਿਤ ਸਮਾਜ ਨਾਲ ਸੰਬੰਧਤ ਹਨ, ਮਜ਼ਹਬੀ ਸਿੱਖੀ/ ਮਜ਼ਹਬੀ ਅਤੇ ਰਾਮਦਾਸੀਆਂ ਸਿੱਖੀ/ ਆਦਿ ਧਰਮੀ। ਇਹਨਾਂ ਦੋਹਾਂ ਦਲਿਤ ਵਰਗਾਂ ਵਿੱਚ ਵੀ ਸਮਾਜਕ ਤੌਰ ਤੇ ਜ਼ਮੀਨ-ਅਸਮਾਨ ਵਰਗਾ ਵਖਰੇਵਾਂ ਹੈ। ਪਿਛਲੇ ਲੰਮੇ ਤੋਂ ਪੰਜਾਬ ਦੀਆਂ ਸਿਆਸੀ ਪਾਰਟੀਆਂ ਦਲਿਤਾਂ ਦੇ ਇਸ ਸਮਾਜਿਕ ਵਖਰੇਵੇਂ ਦਾ ਫਾਇਦਾ ਲੈਂਦੀਆਂ ਰਹੀਆਂ ਹਨ। ਪੰਜਾਬ ਵਿੱਚ ਕੁੱਲ 117 ਵਿਧਾਨ ਸਭਾ ਸੀਟਾਂ ਵਿੱਚੋਂ 34 ਸੀਟਾਂ ਦਲਿਤ ਵਰਗ ਲਈ ਰਾਖਵੀਆਂ ਹਨ।

ਪੰਜਾਬ ਦੇ ਵਿਧਾਨ ਸਭਾ ਚੋਣ ਇਤਿਹਾਸ ਵਿੱਚ ਕਾਂਗਰਸ ਪਾਰਟੀ ਨਾਲ ਸੰਬੰਧਤ ਬਹੁਤੇ ਦਲਿਤ ਰਾਖਵੀਆਂ ਸੀਟਾਂ ਦੇ ਉਮੀਦਵਾਰ ਚੋਣ ਜਿੱਤਦੇ ਰਹੇ ਹਨ। ਬਹੁਜਨ ਸਮਾਜ ਪਾਰਟੀ ਦੇ ਪੰਜਾਬ ਦੇ ਸਿਆਸੀ ਪਿੜ ਵਿੱਚ ਦਸਤਕ ਦੇਣ ਨਾਲ ਕਾਂਗਰਸ ਦੀ ਇਸ ਬੱਝਵੀਂ ਵੋਟ ਬੈਂਕ ਨੂੰ ਘਾਟਾ ਪਿਆ ਅਤੇ ਫ਼ਾਇਦਾ ਸ਼੍ਰੋਮਣੀ ਅਕਾਲੀ ਦਲ ਭਾਜਪਾ ਗੱਠਜੋੜ ਨੂੰ ਹੋਇਆ ਪਰ ਬਸਪਾ ਸਿੱਧੇ ਤੌਰ ਤੇ ਕਦੇ ਵੀ ਵੱਡਾ ਮਾਅਰਕਾ ਨਾ ਮਾਰ ਸਕੀ। ਭਾਵੇਂ ਕਿ ਕਾਂਗਰਸ ਨੂੰ ਸਦਾ ਨੁਕਸਾਨ ਪਹੁੰਚਾਉਂਦੀ ਰਹੀ। ਬਸਪਾ ਨੂੰ ਕਿਉਂਕਿ ਦਲਿਤਾਂ ਦੀ ਪਾਰਟੀ ਹੀ ਸਮਝਿਆ ਜਾਂਦਾ ਰਿਹਾ ਹੈ ਇਸ ਕਰਕੇ ਉੱਚ ਸ਼੍ਰੇਣੀਆਂ ਦੇ ਲੋਕ ਇਸ ਪਾਰਟੀ ਨੂੰ ਵੋਟ ਪਾਉਣ ਤੋਂ ਕੰਨੀ ਕਤਰਾਉਂਦੇ ਰਹੇ। ਸਾਲ 1996 ਵਿੱਚ ਬਸਪਾ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਰਲਕੇ ਚੋਣਾਂ ਲੜੀਆਂ ਸਨ। ਕੁਝ ਵਿਧਾਇਕ ਵੀ ਇਸ ਸਮੇਂ ਬਸਪਾ ਦੇ ਚੁਣੇ ਗਏ ਪਰ ਇਕੱਲੇ ਤੌਰ ਤੇ ਚੋਣਾਂ ਲੜਿਆਂ ਬਸਪਾ 1997 'ਚ ਗੜ੍ਹਸ਼ੰਕਰ ਤੋਂ ਇਕੋ ਵਿਧਾਇਕ ਜਿਤਾ ਸਕੀ।

ਭਾਜਪਾ ਸਮੇਤ ਕਾਂਗਰਸੀ ਅਤੇ ਹੋਰ ਪਾਰਟੀਆਂ ਵੀ, ਜਾਤ, ਫਿਰਕੇ ਅਧਾਰਿਤ ਰਾਜਨੀਤੀ ਕਰਦੀਆਂ ਰਹੀਆਂ ਹਨ। ਪਰ ਮੌਜੂਦਾ ਸਮੇਂ 'ਚ ਭਾਜਪਾ ਵਲੋਂ ਧਰਮ ਦਾ ਪੱਤਾ ਖੇਡਕੇ ਜੋ ਵੋਟਾਂ ਦਾ ਧਰੁਵੀਕਰਨ ਦਾ ਰਾਹ ਫੜਿਆ ਗਿਆ ਹੈ, ਉਸ ਨਾਲ ਦੇਸ਼ ਵਿੱਚ ਘੱਟ ਗਿਣਤੀਆਂ ਅਤੇ ਦਲਿਤ ਵਰਗ ਦੇ ਲੋਕ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਹਨ। ਲੋੜ ਤਾਂ ਇਸ ਗੱਲ ਦੀ ਸੀ ਕਿ ਦੇਸ਼ ਦੀਆਂ ਸਿਆਸੀ ਧਿਰਾਂ ਦੇਸ਼ ਵਿੱਚ ਬਰਾਬਰੀ ਅਤੇ ਭਾਈਚਾਰਕ ਸਾਂਝ ਸਥਾਪਿਤ ਕਰਦੀਆਂ, ਜਿਸ ਨਾਲ ਊਚ-ਨੀਚ ਦੀ ਸਥਿਤੀ ਖਤਮ ਹੋ ਜਾਂਦੀ ਅਤੇ ਦਲਿਤ, ਅਛੂਤ, ਹਰੀਜਨ ਸ਼ਬਦ ਆਪਣੇ ਅਰਥ ਗੁਆ ਦਿੰਦੇ ਪਰ ਦੇਸ਼ ਦੇ ਡਿਪਰੈਸਡ (ਦਲਿਤ) ਵਰਗ ਨੂੰ ਸਿਆਸੀ ਧਿਰਾਂ ਨੇ ਆਪਣੇ ਹਿੱਤਾਂ ਲਈ ਤਾਂ ਵਰਤਿਆ, ਪਰ ਉਹਨਾਂ ਦੇ ਪਿੜ ਪੱਲੇ ਸਿਰਫ਼ ਰਾਖਵੇਂਕਰਨ ਤੋਂ ਬਿਨ੍ਹਾਂ ਕੁਝ ਨਹੀਂ ਪਾਇਆ। ਸਿੱਟਾ ਦਲਿਤ ਸ਼ੋਸ਼ਤ-ਪੀੜਤ ਜਾਤਾਂ, ਉਪਜਾਤਾਂ ਦੇ ਮਨਾਂ 'ਚ ਸਨਮਾਨ, ਸੁਰੱਖਿਆ ਗਿਆਨ ਅਤੇ ਆਤਮ ਵਿਸ਼ਵਾਸ ਪੈਦਾ ਨਹੀਂ ਹੋ ਸਕਿਆ ਇਸੇ ਕਰਕੇ ਸਿਆਸੀ ਧਿਰਾਂ ਇਸ ਵਰਗ ਨੂੰ ਕਿਸੇ ਨਾ ਕਿਸੇ ਢੰਗ ਨਾਲ, ਲਾਲਚ ਦੇਕੇ, ਕੁਝ ਰਿਆਇਤਾਂ ਦੇਕੇ, ਕੁਝ ਔਹਦੇ ਦੇਕੇ ਆਪਣੇ ਨਾਲ ਗੰਢਦੀਆਂ ਹਨ। ਇਹੋ ਵਿਰਤੀ ਅੱਜ ਪੰਜਾਬ ਵਿੱਚ ਵੇਖਣ ਨੂੰ ਮਿਲ ਰਹੀ ਹੈ।

ਅੱਜ ਜਦੋਂ ਪੰਜਾਬ ਵਿੱਚ ਕਿਸਾਨ ਆਪਦੀ ਹੋਂਦ ਦੀ ਲੜਾਈ ਲੜ ਰਿਹਾ ਹੈ। ਤਿੰਨ ਖੇਤੀ ਕਾਨੂੰਨਾਂ ਵਿਰੁੱਧ ਉਸਦਾ ਭਰਵਾਂ ਰੋਸ ਵੇਖਣ ਨੂੰ ਮਿਲ ਰਿਹਾ ਹੈ। ਪੰਜਾਬ ਦੇ ਕਿਸਾਨ ਇਸ ਸਭ ਕੁਝ ਲਈ ਭਾਜਪਾ ਨੂੰ ਦੋਸ਼ੀ ਮੰਨਦੇ ਹਨ। ਕਿਸਾਨਾਂ ਵਲੋਂ ਭਾਜਪਾ ਨੇਤਾਵਾਂ ਦਾ ਘਿਰਾਓ ਹੋ ਰਿਹਾ ਹੈ। ਭਾਜਪਾ, ਜਿਹੜੀ ਦੇਸ਼ ਦੇ ਹਰ ਕੋਨੇ 'ਚ ਆਪਣਾ ਰਾਜ ਸਥਾਪਤ ਕਰਨ ਦੀ ਲਾਲਸਾ ਰੱਖਦੀ ਹੈ, ਉਹ ਕਿਸੇ ਵਿਸ਼ੇਸ਼ ਵਰਗ ਨੂੰ ਆਪਣੀ ਧਰਮ, ਜਾਤ, ਫਿਰਕੇ 'ਚ ਵੰਡ ਦੀ ਕੁਟਲ ਨੀਤੀ ਨੂੰ ਅਪਨਾਉਂਦਿਆਂ, ਸੂਬੇ ਦੀ ਦਲਿਤ ਭਾਈਚਾਰੇ ਉਤੇ ਅੱਖ ਟਿਕਾਈ ਬੈਠੀ ਹੈ। ਦਲਿਤ ਭਾਈਚਾਰੇ ਨਾਲ ਗਾਹੇ-ਵਗਾਹੇ ਕਿਸਾਨ-ਜ਼ਿਮੀਂਦਾਰਾਂ ਦਾ ਮਜ਼ਦੂਰੀ ਦੇ ਲੈਣ-ਦੇਣ ਜਾਂ ਆਪਸੀ ਵਖਰੇਵੇਂ ਦਾ ਇੱਟ-ਖੜਿੱਕਾ ਚਲਦਾ ਹੀ ਰਹਿੰਦਾ ਹੈ ਅਤੇ ਉਂਜ ਵੀ ਇਸ ਵਰਗ ਕੋਲ ਸੋਮਿਆਂ ਤੇ ਸਾਧਨਾਂ ਦੀ ਜਬਰਦਸਤ ਕਮੀ ਹੈ। ਇਕ ਤਿਹਾਈ ਇਸ ਵਸੋਂ ਕੋਲ 3.2 ਫੀਸਦੀ ਵਾਹੀ ਯੋਗ ਜ਼ਮੀਨ ਹੈ। ਰਿਹਾਇਸ਼ੀ ਘਰਾਂ ਤੱਕ ਦੀ ਕਮੀ ਹੈ। ਇਸ ਟਕਰਾਅ, ਇਸ ਖਿਲਾਅ, ਇਸ ਨਾ-ਬਰਾਬਰੀ ਨੂੰ ਅੱਗੇ ਲਿਆ ਕੇ ਭਾਜਪਾ ਸੂਬੇ 'ਚ ਰਾਜ ਕਰਨ ਦੇ ਆਪਣੇ ਸੁਪਨੇ ਨੂੰ ਪੂਰਿਆਂ ਕਰਨ ਲਈ ਨੀਤੀ ਘੜੀ ਬੈਠੀ ਹੈ, ਕਿਉਂਕਿ ਭਾਜਪਾ ਦਾ ਆਪਣਾ ਅਧਾਰ ਮੁੱਖ ਤੌਰ 'ਤੇ ਸ਼ਹਿਰੀ ਅਬਾਦੀ ਖ਼ਾਸ ਕਰਕੇ ਛੋਟਾ ਕਾਰੋਬਾਰੀ ਹੈ, ਤੇ ਦਲਿਤ ਅਬਾਦੀ ਬਹੁਤਾ ਕਰਕੇ ਪੇਂਡੂ ਅਬਾਦੀ ਹਿੱਸਾ ਹੈ। ਭਾਜਪਾ ਦਾ ਦਲਿਤਾਂ ਨਾਲ ਜੋੜ ਮੇਲ ਕਰਨ ਦਾ ਅਸਲ ਮਕਸਦ ਕਿਸਾਨਾਂ ਨੂੰ ਸਬਕ ਸਿਖਾਉਣਾ ਵੀ ਹੈ, ਜਿਹਨਾਂ ਨੇ ਅੰਦੋਲਨ ਕਰਕੇ ਸਿਰਫ ਦੇਸ਼ ਵਿੱਚ ਹੀ ਨਹੀਂ, ਵਿਦੇਸ਼ਾਂ ਵਿੱਚ ਵੀ ਕੇਂਦਰ ਸਰਕਾਰ ਦੀ ਸਾਖ਼ ਨੂੰ ਵੱਟਾ ਲਾਇਆ ਹੈ।

ਸਿਰਫ ਭਾਜਪਾ ਹੀ ਨਹੀਂ ਸ਼੍ਰੋਮਣੀ ਅਕਾਲੀ ਦਲ ਵੀ ਦਲਿਤ ਵੋਟ ਬੈਂਕ ਨੂੰ ਪੱਕਿਆਂ ਕਰਨ ਲਈ ਉਪ ਮੁੱਖ ਮੰਤਰੀ ਦੇ ਅਹੁਦੇ ਦਾ ਲਾਲਚ ਤਾਂ ਦੇ ਰਿਹਾ ਹੈ, ਤਾਂ ਕਿ ਬਹੁਜਨ ਸਮਾਜ ਪਾਰਟੀ ਨਾਲ ਗੱਠਜੋੜ ਕਰਕੇ, ਉਹ ਭਾਜਪਾ ਨਾਲ ਤੋੜ-ਵਿਛੋੜੇ ਕਾਰਨ ਜੋ ਘਾਟਾ ਪਿਆ ਹੈ, ਉਸਦੀ ਪੂਰਤੀ ਹੋ ਸਕੇ।

ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਸੁਖਦੇਵ ਸਿੰਘ ਢੀਂਡਸਾ ਦਾ ਵੀ ਯਤਨ ਹੈ ਕਿ ਕਿਸੇ ਤਰ੍ਹਾਂ ਆਮ ਆਦਮੀ ਪਾਰਟੀ ਨਾਲ ਗੱਠਜੋੜ ਹੋ ਜਾਵੇ। ਉਹ ਚੌਥਾ ਫਰੰਟ ਬਣਾ ਸਕਣ ਅਤੇ ਉਸ ਗੱਠਜੋੜ ਵਿੱਚ ਬਸਪਾ ਨੂੰ ਵੀ ਸ਼ਾਮਲ ਕਰ ਲਿਆ ਜਾਵੇ।

ਪਰ ਇਥੇ ਸਵਾਲ ਉਠਦਾ ਹੈ ਕਿ ਬਸਪਾ ਸੁਪਰੀਮੋ, ਮਾਇਆ ਦੇਵੀ ਕੇਂਦਰ 'ਚ ਹਾਕਮ ਬੈਠੀ ਧਿਰ ਨੂੰ ਰੁਸਾ ਕੇ ਬਸਪਾ ਨੂੰ ਕਿਸੇ ਹੋਰ ਧਿਰ ਨਾਲ ਜਾਣ ਦੇਵੇਗੀ ? ਕੀ ਉਸਨੂੰ ਸ਼੍ਰੋਮਣੀ ਅਕਾਲੀ ਦਲ (ਬ) ਜਾਂ ਚੌਥੇ ਫਰੰਟ 'ਚ ਬਸਪਾ ਨੂੰ ਸ਼ਾਮਲ ਹੋਣ ਦੇਵੇਗੀ ? ਬਸਪਾ ਪੰਜਾਬ ਨੇ ਪਿਛਲੀਆਂ ਬਹੁਤੀਆਂ ਚੋਣਾਂ 'ਚ ਆਪਣਾ ਕਾਡਰ ਕਾਇਮ ਰੱਖਣ ਲਈ ਇਕੱਲਿਆਂ ਹੀ ਚੋਣ ਲੜੀ ਹੈ। ਸ਼ਾਇਦ ਹੀ ਬਸਪਾ ਭਾਜਪਾ ਨਾਲ ਭਾਈਵਾਲੀ ਕਰੇ ਕਿਉਂਕਿ ਇਹ ਕੌੜਾ ਤਜ਼ਰਬਾ ਉਹ ਯੂ.ਪੀ. 'ਚ ਪਹਿਲਾਂ ਹੀ ਕਰ ਚੁੱਕੀ ਹੈ।

ਬਸਪਾ ਤੋਂ ਬਿਨਾਂ ਸੂਬੇ ਵਿੱਚ ਕੋਈ ਵੀ ਇਹੋ ਜਿਹਾ ਦਲਿਤ ਚਿਹਰਾ ਨਹੀਂ ਹੈ, ਜਿਸ ਨੂੰ ਅੱਗੇ ਲਾਕੇ ਭਾਜਪਾ ਜਾਂ ਸ਼੍ਰੋਮਣੀ ਅਕਾਲੀ ਦਲ ਜਾਂ ਸੁਖਦੇਵ ਸਿੰਘ ਢੀਂਡਸਾ ਦਲਿਤ ਵੋਟਰਾਂ ਨੂੰ ਆਪਣੇ ਨਾਲ ਜੋੜ ਸਕੇ। ਕਦੇ ਕਾਂਸ਼ੀ ਰਾਮ ਪੰਜਾਬ 'ਚ ਵੱਡੇ ਚਿਹਰੇ ਵਜੋਂ ਉਭਰੇ ਸਨ। ਉਹਨਾਂ ਦੇ ਯਤਨਾ ਸਦਕਾ ਯੂ.ਪੀ. 'ਚ ਰਾਜ ਭਾਗ ਮਿਲਿਆ, ਪਰ ਨਾ ਤਾਂ ਕਾਸ਼ੀਂ ਰਾਮ ਦੇ ਵੇਲਿਆਂ ਵਿੱਚ ਅਤੇ ਨਾ ਹੀ ਬਾਅਦ ਵਿੱਚ ਕਿਸੇ ਹੋਰ ਰਾਜ ਵਿੱਚ ਦਲਿਤ ਵਰਗ ਦੇ ਲੋਕ ਰਾਜ ਸੱਤਾ ਉਤੇ ਕਾਬਜ਼ ਹੋ ਸਕੇ।

ਪੰਜਾਬ ਦਾ ਸਿਆਸੀ ਦ੍ਰਿਸ਼ ਇਸ ਵੇਲੇ ਧੁੰਦਲਾ ਹੈ। ਪੰਜਾਬ ਵਿੱਚ ਵੱਡਾ ਸਿਆਸੀ ਖਿਲਾਅ ਦਿਖਾਈ ਦੇ ਰਿਹਾ ਹੈ। ਕਿਸਾਨ ਅੰਦੋਲਨ ਅਤੇ ਕਈ ਹੋਰ ਘਟਨਾਵਾਂ ਦੇ ਸਿੱਟੇ ਵਜੋਂ ਸਿਆਸੀ ਉਠਕ-ਬੈਠਕ ਨਿੱਤ ਬਦਲ ਰਹੀ ਹੈ। ਇਸੇ ਵੇਲੇ ਸੂਬੇ ਦੇ ਜੇਕਰ ਇੱਕ ਪਾਸੇ ਕਾਂਗਰਸ ਹੈ, ਦੂਜੇ ਪਾਸੇ ਆਮ ਆਦਮੀ ਪਾਰਟੀ ਹੈ, ਤੀਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਬ) ਹੈ। ਭਾਜਪਾ, ਬਸਪਾ, ਖੱਬੀਆਂ ਧਿਰਾਂ ਅਤੇ ਸ਼੍ਰੋਮਣੀ ਅਕਾਲੀ ਦਲ (ਡੈਮੋਕਰੇਟਿਕ) ਸ਼੍ਰੋਮਣੀ ਅਕਾਲੀ ਦਲ (ਮਾਨ), ਬੈਂਸ ਭਰਾਵਾਂ ਦੀ ਪਾਰਟੀ (ਲੋਕ ਇੰਨਸਾਫ ਪਾਰਟੀ) ਅਤੇ ਹੋਰ ਛੋਟੀਆਂ-ਮੋਟੀਆਂ ਪਾਰਟੀਆਂ ਚੋਣ ਮੈਦਾਨ 'ਚ ਨਿੱਤਰਨਗੀਆਂ। ਇਹਨਾਂ ਚੋਣਾਂ 'ਚ ਮੁੱਖ ਪ੍ਰਭਾਵ ਕਿਸਾਨ ਅੰਦੋਲਨ ਦੀ ਜਿੱਤ ਜਾਂ ਇਸਤੋਂ ਪੈਦਾ ਹੋਏ ਹਲਾਤਾਂ ਦਾ ਵੀ ਪਵੇਗਾ।

ਉਹ ਮੁੱਦੇ ਜਿਹੜੇ ਉਭਾਰਕੇ ਸ਼੍ਰੋਮਣੀ ਅਕਾਲੀ ਦਲ (ਬ)-ਭਾਜਪਾ ਗੱਠਜੋੜ ਨੂੰ ਬਦਨਾਮ ਕਰਕੇ ਕਾਂਗਰਸ ਜਿੱਤੀ ਸੀ, ਉਹਨਾਂ ਸਬੰਧੀ ਵੀ ਵੱਡੀ ਚਰਚਾ ਛਿੜੇਗੀ। ਪੰਜਾਬ ਦੀ ਆਰਥਿਕ ਸਥਿਤੀ, ਪੰਜਾਬ ਦੇ ਪਾਣੀਆਂ ਦਾ ਮਸਲਾ, ਬੇਰੁਜ਼ਗਾਰੀ, ਨਸ਼ਿਆਂ ਦੀ ਤਸਕਰੀ, ਰੇਤ-ਬਜਰੀ ਮਾਫੀਆ ਦੇ ਮੁੱਦੇ ਤਾਂ ਹਵਾ 'ਚ ਉਡਣਗੇ ਹੀ, ਪਰ ਹੈਰਾਨੀ ਉਦੋਂ ਹੋਏਗੀ ਜਦੋਂ ਸਿਆਸੀ ਧਿਰਾਂ ਆਪਣੇ ਮੁੱਢਲੇ ਮੁੱਦਿਆਂ ਨੂੰ ਛੱਡਕੇ ਕੁਰਸੀ ਪ੍ਰਾਪਤੀ ਲਈ ਬੇਜੋੜ ਗੱਠਜੋੜ ਕਰਨਗੀਆਂ। ਇਸ ਗੱਲ ਦੀ ਵੀ ਵੱਡੀ ਸੰਭਾਵਨਾ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਕੁਝ "ਸਿੱਖ ਚਿਹਰੇ", "ਦਲਿਤ ਚਿਹਰੇ" ਸਾਹਮਣੇ ਲਿਆ ਕੇ ਪੰਜਾਬ ਉਹ ਹੀ ਖੇਲ ਹਾਕਮ ਧਿਰ ਭਾਜਪਾ ਵਲੋਂ ਖੇਡਿਆ ਜਾਏ, ਜਿਹੜਾ ਧਰਮ ਦੇ ਧਰੁਵੀਕਰਨ ਦੇ ਨਾਮ ਉਤੇ ਪੱਛਮੀ ਬੰਗਾਲ 'ਚ ਵੀ ਖੇਡਿਆ ਗਿਆ ਹੈ ਅਤੇ ਪਿਛਲੀਆਂ ਚੋਣਾਂ ਵੇਲੇ ਯੂ.ਪੀ. 'ਚ ਵੀ ਖੇਡਿਆ ਗਿਆ ਸੀ। ਭਾਵੇਂ ਕਿ ਪਿਛਲੀਆਂ ਬਹੁਤੀਆਂ ਚੋਣਾਂ ਵਿੱਚ ਪੰਜਾਬ ਵਿੱਚ ਨਾ ਵੱਡੀ ਪੱਧਰ ਉਤੇ ਧਰਮ ਅਧਾਰਤ ਵੋਟਿੰਗ ਹੋਈ, ਨਾ ਜਾਤ ਪਾਤ ਅਧਾਰਤ ਵੋਟਿੰਗ ਕਦੇ ਵੇਖਣ ਨੂੰ ਮਿਲੀ ਹੈ। ਕਿਉਂਕਿ ਪੰਜਾਬ ਵਿਚਲੀਆਂ ਵੱਖੋ-ਵੱਖਰੀਆਂ ਸਿਆਸੀ ਧਿਰਾਂ ਦਾ ਅਧਾਰ ਸਾਰੇ ਧਰਮਾਂ, ਜਾਤਾਂ ਵਿੱਚ ਰਲਵਾਂ-ਮਿਲਵਾਂ ਰਿਹਾ ਹੈ।

# ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਦੁਸ਼ਮਣ ਨੂੰ ਹਰਾਉਣਾ ਅਤੇ ਉਸਦੇ ਇਲਾਕੇ ਜਿੱਤਣਾ ਨਹੀਂ ਸੀ ਸਗੋਂ ਇਕ ਨਵਾਂ ਮਨੁੱਖ ਸਿਰਜਣਾ ਸੀ

13-4-1557 ਗੁਰੂ ਅਮਰ ਦਾਸ ਨੇ ਜਾਤ ਪਾਤ ਖਤਮ ਕਰਨ ਵਾਸਤੇ ਗੋਇੰਦਵਾਲ ਤੋਂ ਲੰਗਰ ਪ੍ਰਥਾ ਸ਼ੁਰੂ ਕੀਤੀ। 1699 ਗੁਰੂ ਗੌਬਿੰਦ ਸਿੰਘ ਨੇ ਵਿਸਾਖੀ ਵਾਲੇ ਦਿਨ ਅਨੰਦਪੁਰ ਵਿੱਚ ਖਾਲਸਾ ਪੰਥ ਦੀ ਸਾਜਨਾ ਕੀਤੀ। 1919 ਬਰਤਾਨਵੀ ਫੌਜੀ ਜਨਰਲ ਡਾਇਰ ਨੇ ਜਲਿਆਂਵਾਲੇ ਬਾਗ ਅੰਮ੍ਰਿਤਸਰ ਵਿਖੇ ਨਿਹੱਥੇ ਲੋਕਾਂ ਤੇ ਗੋਲੀਆਂ ਚਲਾਈਆਂ। 1949 ਭੀਮ ਸੈਨ ਸਚਰ ਪੰਜਾਬ ਦੇ ਦੂਸਰੇ ਮੁੱਖ ਮੰਤਰੀ ਬਣੇ। 1955 ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਸਥਾਪਨਾ। 1961 ਗਦਰ ਲਹਿਰ ਦੇ ਭਾਈ ਰਣਧੀਰ ਸਿੰਘ ਨਾਰੰਗਵਾਲ ਦਾ ਦਿਹਾਂਤ। 1960 ਸੰਸਾਰ ਦਾ ਪਹਿਲਾ ਸੈਟੇਲਾਈਟ ਨੇਵੀ ਨੈਵੀਗੇਸ਼ਨ ਸਿਸਟਮ ਅਮਰੀਕਾ ਵੱਲੋਂ ਲਾਂਚ। 1961 ਨੂੰ ਜਲਿਆਂ ਵਾਲੇ ਬਾਗ 'ਚ ਸ਼ਹੀਦਾਂ ਦੀ ਯਾਦ ਵਿਚ ਬਣਿਆ ਸਮਾਰਕ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸ਼ਾਦ ਨੇ ਕੌਮ ਨੂੰ ਸਮਰਪਿਤ ਕੀਤਾ। 1973 ਮਸ਼ਹੂਰ ਲੇਖਕ ਤੇ ਅਭਿਨੇਤਾ ਬਲਰਾਜ ਸਾਹਨੀ ਦਾ ਦਿਹਾਂਤ।

'ਵਿਸਾਖੀ' ਆਰਥਿਕ ਤੇ ਸੱਭਿਆਚਾਰ ਨਾਲ ਜੁੜਿਆ ਤਿਉਹਾਰ ਵਿਸਾਖੀ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ ਵੈ ਦਾ ਅਰਥ ਹੈ ਵਿਸ਼ੇਸ ਅਤੇ ਸਾਖ ਦਾ ਅਰਥ ਹੈ ਫਸਲ, ਟਾਹਣੀ, ਹੋਂਦ, ਜਿਨਸ, ਗਵਾਹੀ, ਸੰਤਾਨ। ਕਈ ਰਾਜਾਂ ਵਿੱਚ ਇਹ ਬੈਸਾਖੀ ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਵਿਸਾਖੀ ਦਾ ਮੁੱਖ ਸਬੰਧ ਕਣਕ ਦੀ ਫਸਲ ਨਾਲ ਹੈ ਇਸ ਦੇ ਪੱਕਣ ਤੇ ਘਰ ਵਿੱਚ ਆ ਜਾਣ ਦੀ ਖੁਸ਼ੀ ਵਿੱਚ ਇਹ ਤਿਉਹਾਰ ਮਨਾਇਆ ਜਾਂਦਾ ਹੈ। ਅਸਾਮ ਵਿੱਚ ਰੋਂਗਾਲੀ, ਪੱਛਮੀ ਬੰਗਾਲ ਵਿੱਚ ਨਾਥਾ ਬਰਸ਼ਾ, ਤਾਮਿਲਨਾਡੂ ਵਿੱਚ ਪੁੰਥਾਂਡੂ, ਕੇਰਲਾ ਵਿੱਚ ਪੂਰਮ ਵਿਸ਼ੂ ਦੇ ਨਾਮ ਨਾਲ ਇਹ ਤਿਉਹਾਰ ਮਨਾਇਆ ਜਾਂਦਾ। ਹਿਮਾਚਲ ਪ੍ਰਦੇਸ਼ ਵਿੱਚ ਵਿਸਾਖ ਅਤੇ ਕੱਤਕ ਮਹੀਨੇ ਵਿੱਚ ਦੋ ਵਾਰ ਵਿਸਾਖੀ ਮਨਾਈ ਜਾਂਦੀ ਹੈ। ਸਿੱਖ ਪੰਥ ਵਿੱਚ ਵਿਸਾਖੀ ਦਾ ਮੇਲਾ ਭਾਈ ਕਾਹਨ ਸਿੰਘ ਨਾਭਾ ਮੁਤਾਬਿਕ ਸਭ ਤੋਂ ਪਹਿਲਾਂ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦਾਸ ਜੀ ਆਗਿਆ ਨਾਲ ਸ਼ੁਰੂ ਕੀਤਾ ਸੀ ਅਸਲ ਵਿੱਚ ਖਾਲਸਾ ਪੰਥ ਦੀ ਨੀਂਹ 30 ਮਾਰਚ 1699 ਨੂੰ ਵਿਸਾਖੀ ਵਾਲੇ ਦਿਨ ਸ਼੍ਰੀ ਗੁਰੂ ਗੌਬਿੰਦ ਸਿੰਘ ਨੇ ਰੱਖੀ ਸੀ, ਬਰਤਾਨੀਆ ਹਕੂਮਤ ਵੱਲੋਂ 1752 ਵਿੱਚ ਗੈਰੋਅਨ ਕੈਲੰਡਰ ਲਾਗੂ ਹੋਣ ਕਰਕੇ ਹੁਣ 13 ਜਾਂ 14 ਅਪ੍ਰੈਲ ਨੂੰ ਮਨਾਈ ਜਾਂਦੀ ਹੈ। ਵਿਸਾਖੀ ਵਾਲੇ ਦਿਨ ਗੁਰੂ ਗੌਬਿੰਦ ਸਿੰਘ ਨੇ ਸਹਿਮੇ ਤੇ ਡਰਿਆਂ ਹੋਇਆਂ ਨੂੰ ਸ਼ੇਰ ਵਾਲਾ ਦਿਲ ਦਿਤਾ,ਬੇ-ਪਛਾਣ ਲੋਕਾਂ ਨੂੰ ਉਹ ਪਹਿਰਾਵਾ ਦਿੱਤਾ, ਜਿਸ ਨਾਲ ਉਹ ਦੂਰੋਂ ਪਛਾਣੇ ਜਾਣ। ਉਹ ਲੜੇ ਹੀ ਨਹੀਂ ਸਗੋਂ ਉਨ੍ਹਾਂ ਨੇ ਕਦੇ ਨਾ ਹਾਰਨ ਵਾਲੀ ਫੌਜ ਵੀ ਬਣਾਈ। ਉਨ੍ਹਾਂ ਇਕ ਆਦਰਸ਼ ਮਨੁੱਖ ਦਾ ਸੰਕਲਪ ਪੈਦਾ ਕੀਤਾ ਕਿਉਂਕਿ ਉਹ ਆਪ ਆਦਰਸ਼ ਮਨੁੱਖ ਸਨ ਉਨਾਂ ਦਾ ਸ਼ੰਦੇਸ ਸੀ 'ਜਦ ਜੁਲਮ ਦੀ ਅੱਤ ਹੋ ਜਾਵੇ ਹਥਿਆਰ ਚੁਕਣੇ ਜਾਇਜ ਹਨ' ਉਨ੍ਹਾਂ ਨੇ ਜਾਤ-ਪਾਤ ਤੇ ਇਲਾਕਾਵਾਦ ਤੋਂ ਉਠ ਕੇ ਗਰੀਬ ਮਜਲੂਮਾਂ ਦੀ ਏਕਤਾ ਨੂੰ ਮਜਬੂਤ ਕਰਨ ਵਾਸਤੇ ਖਾਲਸਾ ਪੰਥ ਸਾਜਿਆ। 'ਜਲਿਆਂ ਵਾਲਾ ਬਾਗ ਦਾ ਕਾਂਡ' 9 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਚ ਡਾ ਹਾਫਿਜ਼ ਮੁਹੰਮਦ ਬਸ਼ੀਰ ਨੇ ਰਾਮ ਨੌਮੀ ਦਾ ਤਿਉਹਾਰ ਰਾਸ਼ਟਰੀ ਏਕਤਾ ਦਿਵਸ ਦੇ ਰੂਪ ਵਿਚ ਮਨਾਇਆ, ਜਦ ਲੈਫਟੀਨੈਂਟ ਗਵਰਨਰ ਸਰ ਮਾਇਕਲ ਨੂੰ ਖਬਰ ਮਿਲੀ ਤੇ ਉਸਨੇ ਤੁਰੰਤ ਡੀ ਸੀ ਆਈਲ ਇਰਵਨ ਨੂੰ ਹੁਕਮ ਦਿੱਤਾ ਕਿ ਡਾਕਟਰ ਸਤਿਆ ਪਾਲ ਤੇ ਸੈਫੂਦੀਨ ਕਿਚਲੂ ਨੂੰ ਗ੍ਰਿਫਤਾਰ ਕੀਤਾ ਜਾਵੇ। ਉਨ੍ਹਾਂ ਦੀ ਗ੍ਰਿਫਤਾਰੀ ਵਿਰੁੱਧ 10 ਅਪ੍ਰੈਲ ਨੂੰ ਇਕੱਠੀ ਭੀੜ ਤੇ ਗੋਲੀ ਚਲਾਈ ਗਈ ਜਿਸ ਨਾਲ 10-12 ਭਾਰਤੀਆਂ ਦੀ ਮੌਤ ਹੋ ਗਈ। ਇਸ ਦੇ ਵਿਰੋਧ ਵਿਚ 13 ਅਪ੍ਰੈਲ ਸ਼ਾਮ 4:30 ਵਜੇ ਜਲਿਆਂਵਾਲੇ ਬਾਗ ਵਿੱਚ ਸਖਤ ਪਾਬੰਦੀ ਦੇ ਬਾਵਜੂਦ ਵੱਡਾ ਇਕੱਠ ਹੋਇਆ। ਸਭਾ ਦੀ ਪ੍ਰਧਾਨਗੀ ਕਰ ਰਹੇ ਡਾਕਟਰ ਗੁਰਬਖਸ਼ ਸਿੰਘ ਰਾਏ ਨੇ ਚਾਰ ਮਤੇ ਪੜ੍ਹਨੇ ਸਨ ਪਹਿਲਾ ਡਾਇਰ ਦੇ ਗੁੱਸੇ ਨੂੰ ਸ਼ਾਂਤ ਕਰਨ ਵਾਸਤੇ ਸਰਕਾਰ ਪ੍ਰਤੀ ਵਫਾਦਾਰੀ, ਦੂਜਾ ਸਰਕਾਰ ਦੀ ਦਮਨਕਾਰੀ ਨੀਤੀ ਵਿਰੁੱਧ, ਤੀਜਾ ਸ਼ਹਿਰ ਵਾਸੀਆਂ ਨੂੰ ਹੜਤਾਲ ਖਤਮ ਕਰਨ ਤੇ ਚੌਥਾ ਸਰਕਾਰ ਨੂੰ ਰੋਲਟ ਐਕਟ ਵਾਪਸ ਲੈਣ ਬਾਰੇ ਸੀ। ਪਹਿਲਾ ਮਤਾ ਪੜਨਾ ਸ਼ੁਰੂ ਕੀਤਾ ਸੀ ਕਿ ਡਾਇਰ ਨੇ ਫੌਜ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਇਹ ਗੋਲੀਆਂ ਉਸ ਵੇਲੇ ਬੰਦ ਹੋਈਆਂ ਜਦੋਂ ਉਨ੍ਹਾਂ ਕੋਲੋਂ 1650 ਗੋਲੀਆਂ ਮੁਕ ਗਈਆਂ। ਸਰਕਾਰੀ ਸੂਤਰਾਂ ਅਨੁਸਾਰ 379 ਮੌਤਾਂ ਤੇ 1208 ਜਖਮੀ ਹੋਏ। ਕੁਝ ਲੋਕਾਂ ਮੁਤਾਬਿਕ ਮਿਰਤਕਾਂ ਦੀ ਗਿਣਤੀ ਅੱਠ ਸੌ ਤੋਂ ਵਧ ਤੇ ਹਜ਼ਾਰਾਂ ਜਖਮੀ ਹੋਏ ਸਨ। ਕਲਕੱਤਾ ਦੇ ਪ੍ਰਸਿੱਧ ਅਖਬਾਰ 'ਅੰਮਿਰਤ ਬਜਾਰ ਪਤਰਕਾ' ਅਨੁਸਾਰ 1500 ਹੈ, ਜਲਿਆਂਵਾਲਾ ਬਾਗ ਯਾਦਗਾਰੀ ਟਰੱਸਟ ਕੋਲ 388 ਜਦਕਿ ਜਲਿਆਂਵਾਲਾ ਬਾਗ ਪਰਿਵਾਰ ਸੰਮਤੀ ਕੋਲ 436 ਨਾਵਾਂ ਦੀ ਸੂਚੀ ਹੈ। ਪੰਜਾਬ ਗੋਰਮਿੰਟ ਹੋਮ ਮਨਿਸਟਰੀ ਦੀ ਫਾਇਲ ਨੰ 139 ਵਿੱਚ 381 ਨਾਵਾਂ ਦਾ ਵੇਰਵਾ ਹੈ। ਫਰਵਰੀ 2013 ਵਿਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਇਸ ਕਾਂਡ ਨੂੰ ਬਰਤਾਨੀਆ ਸਰਕਾਰ ਲਈ ਸ਼ਰਮਨਾਕ ਕਾਰਾ ਦੱਸਿਆ। ਛੇ ਦਸੰਬਰ 2017 ਨੂੰ ਅੰਗਰੇਜ ਸਰਕਾਰ ਨੇ ਮੁਆਫੀ ਮੰਗੀ ਜੋ ਜਰੂਰੀ ਸੀ।

-ਮੁਖਵਿੰਦਰ ਸਿੰਘ ਚੋਹਲਾ



ਪਰਮਿੰਦਰ ਕੌਰ ਸਵੈਚ
604 760 4794

# ਸ਼ਹੀਦ ਭਗਵਤੀ ਚਰਣ ਵੋਹਰਾ ਸਾਡੇ ਸਮਿਆਂ ਦੇ ਨਾਲ ਨਾਲ

**(ਸ਼ਹੀਦ ਭਗਵਤੀ ਚਰਣ ਵੋਹਰਾ ਦੀ ਬੰਬ ਫਟਣ ਨਾਲ ਸ਼ਹਾਦਤ ਨੂੰ ਸਮਰਪਿਤ)**

ਇਤਿਹਾਸ ਦੇ ਵਰਕੇ ਫਰੋਲਦਿਆਂ ਕਈ ਵਾਰ ਗਜ਼ਬ ਦੀ ਪ੍ਰੇਰਣਾ ਸਾਡੇ ਸਾਹਮਣੇ ਇਉਂ ਟਪਕ ਪੈਂਦੀ ਹੈ ਜੋ ਵਰਤਮਾਨ ਸਥਿਤੀਆਂ ਦੇ ਅਨੁਸਾਰ ਢੁੱਕਵੀਂ ਤੇ ਸਾਰਥਕ ਹੋ ਨਿਬੜਦੀ ਹੈ ਜਿਸਦਾ ਮੁਤਾਲਿਆ ਕਰਨਾ ਤੇ ਆਮ ਲੋਕਾਂ ਤੱਕ ਉਸਦੀ ਪਹੁੰਚ ਕਰਨਾ ਤੇ ਇਤਿਹਾਸ ਤੋਂ ਬਹੁਤ ਕੁੱਝ ਸਿੱਖਣਾ ਜ਼ਰੂਰੀ ਹੋ ਜਾਂਦਾ ਹੈ। ਇਹੋ ਜਿਹੀਆਂ ਸ਼ਖ਼ਸ਼ੀਅਤਾਂ ਸਾਡੇ ਜੀਵਨ ਵਿੱਚ ਆਸ ਦੀ ਚਿਣਗ ਲੈ ਕੇ ਸਮਾਜ ਨੂੰ ਜਗਮਗ ਕਰਨ ਵਿੱਚ ਸਹਾਈ ਹੁੰਦੀਆਂ ਹਨ। ਇਹ ਸੀ ਸ਼ਹੀਦ ਭਗਤ ਸਿੰਘ ਦਾ ਸਾਥੀ ਤੇ ਭਾਬੀ ਦੁਰਗਾ ਦੇਵੀ ਦਾ ਜੀਵਨ ਸਾਥੀ ਸ਼ਹੀਦ ਭਗਵਤੀ ਚਰਣ ਵੋਹਰਾ। ਜਿਨ੍ਹਾਂ ਨੇ 6 ਅਪਰੈਲ 1928 ਨੂੰ ਨੌਜਵਾਨ ਭਾਰਤ ਸਭਾ ਵਲੋਂ 'ਨੌਜਵਾਨ ਭਾਰਤ ਸਭਾ ਦਾ ਮੈਨੀਫੈਸਟੋ' ਨੌਜਵਾਨਾਂ ਨੂੰ ਸੰਬੋਧਨ ਕਰਕੇ ਅਰੋਕਵੰਸ ਪਰੈਸ ਲਾਹੌਰ ਤੋਂ ਛਪਵਾਇਆ ਸੀ। ਇਸਦੀ ਅੱਜ ਵੀ ਉਨੀ ਹੀ ਮਹੱਤਤਾ ਹੈ ਜਿੰਨੀ 93 ਸਾਲ ਪਹਿਲਾਂ ਸੀ। ਅੱਜ ਦੀਆਂ ਤਾਜ਼ਾ ਹਾਲਤਾਂ ਵਿੱਚ ਬੇਸ਼ੱਕ ਅੰਗਰੇਜ਼ਾਂ ਦੀ ਬਸਤੀਵਾਦੀ ਹਕੂਮਤ ਤੋਂ ਭਾਰਤੀ ਲੋਕਾਂ ਨੇ ਮੁਕਤੀ ਪਾ ਲਈ ਹੈ ਪਰ ਕਾਲੇ ਅੰਗਰੇਜ਼ ਜੋ ਪੂੰਜੀਪਤੀਆਂ ਦੇ ਹੱਥ ਠੋਕਾ ਬਣੇ ਹੋਏ ਹਨ ਉਹਨਾਂ ਨੇ ਲੋਕਾਂ ਦੀਆਂ ਜੀਵਨ ਹਾਲਤਾਂ ਨੂੰ ਬਦ ਤੋਂ ਬਦਤਰ ਕਰ ਦਿੱਤਾ ਹੈ ਅੱਜ ਜਦੋਂ ਕਿਸਾਨ ਮਜ਼ਦੂਰ ਸੰਘਰਸ਼ ਲੋਕਾਂ ਨੇ ਕਾਰਪੋਰੇਟਾਂ ਦੇ ਵਿਰੁੱਧ ਵਿੱਢ ਲਿਆ ਹੈ ਤਾਂ ਉਹੀ ਮੈਨੀਫੈਸਟੋ ਸਾਡੇ ਸਾਹਮਣੇ ਚਣੌਤੀ ਵਜੋਂ ਹਾਲਤਾਂ ਅਤੇ ਸਾਡੀ ਪਰਖ ਵਜੋਂ ਸਾਡੇ ਸਿਦਕ ਦਾ ਹਾਮੀ ਬਣੇਗਾ ਅਤੇ ਨਿਰਾਸ਼ਤਾ ਵਿੱਚੋਂ ਬਾਹਰ ਕੱਢਣ ਲਈ ਮਲ੍ਹਮ ਪੱਟੀ ਦਾ ਕੰਮ ਵੀ ਕਰੇਗਾ।ਉਹਨਾਂ ਦਾ ਕਿਹਾ ਅੱਜ ਵੀ ਕਿੰਨਾ ਸੱਚ ਹੈ:-

"ਨੌਜਵਾਨ ਸਾਥੀਓ, ਸਾਡਾ ਦੇਸ਼ ਇੱਕ ਨਾਜ਼ੁਕ ਅਵਸਥਾ ਵਿੱਚੋਂ ਲੰਘ ਰਿਹਾ ਹੈ।ਹਰ ਪਾਸੇ ਆਪਸੀ ਬੇ-ਇਤਬਾਰੀ ਅਤੇ ਨਿਰਾਸ਼ਾ ਦਾ ਬੋਲਬਾਲਾ ਹੈ। ਉੱਘੇ ਲੀਡਰਾਂ ਦਾ ਆਪਣੇ ਉੱਚ ਅਦਰਸ਼ਾਂ ਵਿੱਚ ਕੋਈ ਵਿਸ਼ਵਾਸ ਨਹੀਂ ਰਿਹਾ ਅਤੇ ਉਹਨਾਂ ਵਿੱਚੋਂ ਬਹੁਤਿਆਂ 'ਚ ਲੋਕਾਂ ਦਾ ਕੋਈ ਵਿਸ਼ਵਾਸ ਨਹੀਂ ਰਿਹਾ। ਅਜ਼ਾਦੀ ਦੇ ਨਾਮ-ਧਰੀਕ ਹਾਮੀਆਂ ਪਾਸ ਨਾ ਕੋਈ ਪ੍ਰੋਗਰਾਮ ਹੈ ਅਤੇ ਨਾ ਹੀ ਜੋਸ਼ ਤੇ ਉਤਸ਼ਾਹ ਹੈ। ਹਰ ਪਾਸੇ ਹਫੜਾ ਦਫੜੀ ਮੱਚੀ ਹੋਈ ਹੈ। ਪਰ ਅਜਿਹੀ ਹਫੜਾ-ਦਫੜੀ ਕਿਸੇ ਨਿਰਮਾਣ ਦਾ ਇੱਕ ਅਟੱਲ ਅਤੇ ਲਾਜ਼ਮੀ ਦੌਰ ਹੁੰਦਾ ਹੈ। ਅਜਿਹੇ ਸੰਕਟ ਵਿੱਚ ਹੀ ਤਾਂ ਕੰਮ ਕਰਨ ਵਾਲਿਆਂ ਦੀ ਲਗਨ ਦੀ ਪਰਖ ਹੁੰਦੀ ਹੈ, ਉਹਨਾਂ ਦਾ ਇਖ਼ਲਾਕ ਬਣਦਾ ਹੈ, ਨਿੱਗਰ ਪ੍ਰੋਗਰਾਮ ਉਲੀਕੇ ਜਾਂਦੇ ਹਨ ਅਤੇ ਨਵੇਂ ਹੌਸਲੇ, ਨਵੀਆਂ ਉਮੰਗਾਂ, ਪੂਰੇ ਉਤਸ਼ਾਹ ਅਤੇ ਪੂਰੇ ਸਿਦਕ ਨਾਲ ਕੰਮ ਅਰੰਭਿਆ ਜਾਂਦਾ ਹੈ। ਇਸ ਲਈ ਨਿਰਾਸ਼ ਹੋਣ ਵਾਲੀ ਗੱਲ ਨਹੀਂ। ਫਿਰ ਵੀ ਇਹ ਅਸਾਡੀ ਖੁਸ਼-ਕਿਸਮਤੀ ਹੈ ਕਿ ਅਸੀਂ ਇੱਕ ਨਵੇਂ ਯੁੱਗ ਦੀ ਦਹਿਲੀਜ਼ 'ਤੇ ਖੜ੍ਹੇ ਹਾਂ।"

ਅੱਜ ਸ਼ਹੀਦ ਭਗਵਤੀ ਚਰਣ ਵੋਹਰਾ ਦੀ 91ਵੀਂ ਬਰਸੀ ਦੇ ਮੌਕੇ ਤੇ ਉਹਨਾਂ ਦੇ ਜੀਵਨ, ਸ਼ਖ਼ਸ਼ੀਅਤ ਤੇ ਲਿਖਤਾਂ ਬਾਰੇ ਅੱਜ ਦੇ ਸੰਦਰਭ ਵਿੱਚ ਕੁੱਝ ਕੁ ਗੱਲਾਂ ਜੋ ਉਹਨਾਂ ਦੇ ਸਾਥੀਆਂ, ਪਰਿਵਾਰ ਤੇ ਲਿਖਤਾਂ ਰਾਹੀਂ ਪਹੁੰਚੀਆਂ ਹਨ, ਉਹਨਾਂ ਨੂੰ ਸਾਂਝਾ ਕਰਕੇ, ਉਹਨਾਂ ਦੀ ਵੱਡ ਅਕਾਰੀ ਸ਼ਖ਼ਸ਼ੀਅਤ ਨੂੰ ਸ਼ਰਧਾਂਜਲੀ ਦੇਣ ਦੀ ਮੈਂ ਤੁੱਛ ਜਿਹੀ ਕੋਸ਼ਿਸ਼ ਕੀਤੀ ਹੈ ਅਤੇ ਉਹਨਾਂ ਦੇ ਅਧੂਰੇ ਸੁਪਨਿਆਂ ਨੂੰ ਮੁੜ ਹੰਘਾਲ ਕੇ ਉਹੀ ਬੀਜ ਲੋਕ ਮਨਾਂ ਵਿੱਚ ਬੀਜਣ ਦਾ ਨਿੱਕਾ ਜਿਹਾ ਉਪਰਾਲਾ ਕਰ ਰਹੀ ਹਾਂ। ਅੱਜ ਅਸੀਂ ਕੁੱਝ ਨੁਕਤੇ ਜਿਹੜੇ ਪਿਛਲੀ ਸਦੀ ਵਿੱਚ ਭਗਤਵੀ ਚਰਣ ਤੇ ਸਾਥੀਆਂ ਦੇ ਸਾਹਮਣੇ ਆਏ, ਉਹਨਾਂ ਬਾਰੇ ਉਹਨਾਂ ਦੇ ਕੀ ਵਿਚਾਰ ਸਨ, ਜਿਨ੍ਹਾਂ ਦਾ ਅਸੀਂ ਫਿਰ ਤੋਂ ਸਾਹਮਣਾ ਕਰ ਰਹੇ ਹਾਂ, ਉਹਨਾਂ ਦੇ ਸੰਦਰਭ ਵਿੱਚ ਇਸ ਲੇਖ ਵਿੱਚ ਵਿਚਾਰਾਂ ਕਰਾਂਗੇ। ਜਿਵੇਂ ਪਿਛਲੇ ਕੁੱਝ ਸਾਲਾਂ ਤੋਂ ਮੋਦੀ ਸਰਕਾਰ ਫਿਰਕਾਪ੍ਰਸਤੀ ਦੇ ਕੰਧੇ ਤੇ ਚੜ੍ਹ ਕੇ ਸਾਰੇ ਭਾਰਤ ਨੂੰ ਭਗਵੇਂ ਰੰਗ ਵਿੱਚ ਰੰਗ ਕੇ ਘੱਟ ਗਿਣਤੀਆਂ ਤੇ ਤਸ਼ੱਦਦ ਕਰ ਰਹੀ ਹੈ। ਦੇਸ਼ ਵਿੱਚ ਸੀ. ਏ. ਏ. ਵਰਗੇ ਕਾਲੇ ਕਾਨੂੰਨ ਤੇ 370 ਧਾਰਾ ਏ ਨੂੰ ਹਟਾ ਕੇ ਮੁਸਲਿਮ ਕਮਿਊਨਿਟੀ ਤੇ ਜ਼ੁਲਮ ਕਰਨਾ ਆਦਿ। ਇਹੀ ਹਾਲਤਾਂ ਉਸ ਵੇਲੇ ਅੰਗਰੇਜ਼ ਹਕੂਮਤ ਨੇ ਪੈਦਾ ਕੀਤੀਆਂ ਸਨ, ਤਾਂ ਇਸ ਬਾਰੇ ਉਹਨਾਂ ਲਿਖਿਆ:-


"ਅਸੀਂ ਭਾਰਤੀ! ਅਸੀਂ ਕੀ ਕਰ ਰਹੇ ਹਾਂ? ਜੇ ਪਿੱਪਲ ਦੇ ਦਰੱਖ਼ਤ ਦੀ ਕੋਈ ਟਾਹਣੀ ਵੱਢੀ ਜਾਵੇ ਤਾਂ ਹਿੰਦੂਆਂ ਦੇ ਧਾਰਮਿਕ ਜਜ਼ਬਾਤਾਂ ਤੇ ਸੱਟ ਵੱਜਦੀ ਹੈ। ਬੁੱਤ ਸ਼ਿਕਨ ਹਜ਼ਰਤ ਮੁਹੰਮਦ ਦੇ ਕਾਗਜ਼ ਦੇ ਪੁਤਲੇ 'ਤਾਜ਼ੀਏ' ਦੀ ਨੁੱਕਰ ਟੁੱਟਣ ਨਾਲ ਮੁਸਲਮਾਨਾਂ ਦਾ ਅੱਲਾ ਗੁੱਸੇ ਨਾਲ ਲਾਲ ਹੋ ਜਾਂਦਾ ਹੈ ਅਤੇ ਫਿਰ 'ਕਾਫਰ' ਹਿੰਦੂਆਂ ਦੇ ਖੂਨ ਤੋਂ ਬਗੈਰ ਹੋਰ ਕਿਸੇ ਤਰ੍ਹਾਂ ਵੀ ਪਿਆਸ ਨਹੀਂ ਬੁੱਝਦੀ ਨਿਸ਼ਚੇ ਹੀ ਇਨਸਾਨ ਦੀ ਪਸ਼ੂਆਂ ਨਾਲੋਂ ਜ਼ਿਆਦਾ ਕਦਰ ਹੋਣੀ ਚਾਹੀਦੀ ਹੈ ਪਰ ਭਾਰਤ ਵਿੱਚ ਪਵਿੱਤਰ ਪਸ਼ੂਆਂ ਦੇ ਨਾਂ ਉੱਤੇ ਇੱਕ ਦੂਜੇ ਦੇ ਸਿਰ ਪਾੜ ਦਿੱਤੇ ਜਾਂਦੇ ਹਨ। ਫਿਰਕਾਪ੍ਰਸਤੀ ਨੇ ਸਾਡੀ ਸੋਚ ਨੂੰ ਇੱਕ ਤੰਗ ਘੇਰੇ ਵਿੱਚ ਬੰਦ ਕਰ ਛੱਡਿਆ ਹੈ ਜਦਕਿ ਬਾਕੀ ਦੁਨੀਆਂ ਦੇ ਨੌਜਵਾਨ ਕੌਮਾਂਤਰੀ ਪੱਧਰ 'ਤੇ ਸੋਚਦੇ ਹਨ।"

ਜਦੋਂ ਤੋਂ ਕਿਸਾਨ ਸੰਯੁਕਤ ਮੋਰਚਾ ਖੇਤੀਬਾੜੀ ਤੇ ਲਾਏ ਤਿੰਨ ਲੋਕ ਵਿਰੋਧੀ ਕਾਨੂੰਨਾਂ ਕਰਕੇ ਦਿੱਲੀ ਦੀਆਂ ਬਰੂਹਾਂ ਤੇ ਬੈਠਾ ਹੈ ਉਦੋਂ ਤੋਂ ਹੀ ਕਿਸਾਨਾਂ ਨੂੰ ਕਦੇ ਖਾਲਿਸਤਾਨੀ, ਮਾਓਵਾਦੀ, ਪਾਕਿਸਤਾਨੀ ਆਦਿ ਨਾਂ ਦੇ ਕੇ ਲੋਕਾਂ ਦੀ ਜਥੇਬੰਦਕ ਸੋਚ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਬੇਸ਼ੱਕ ਲੋਕ ਹੁਣ ਬਹੁਤ ਸੁਚੇਤ ਹਨ ਪਰ ਫਿਰ ਵੀ ਸਰਕਾਰ ਹਰ ਹੀਲੇ ਲੋਕਾਂ ਦੇ ਏਕੇ ਨੂੰ ਤੋੜਨ ਦੇ ਯਤਨ ਕਰ ਰਹੀ ਹੈ ਪਰ ਸਾਨੂੰ ਸਾਡੇ ਸ਼ਹੀਦਾਂ ਦੇ ਇਸ ਕਥਨ ਬਾਰੇ ਫਿਰ ਤੋਂ ਵਿਚਾਰ ਕਰਨੀ ਹੋਵੇਗੀ, ਉਹ ਇਸ ਸੰਘਰਸ਼ ਵਿੱਚ ਕਿਹੋ ਜਿਹੇ ਲੋਕਾਂ ਦੀ ਮੰਗ ਕਰਦੇ ਹਨ।

"ਮਜ਼ਬੀ ਵਹਿਮ ਅਤੇ ਤੁਅੱਸਬ ਸਾਡੀ ਤਰੱਕੀ ਦੇ ਰਾਹ ਵਿੱਚ ਵੱਡੀ ਰੁਕਾਵਟ ਹਨ। ਇਹ ਹਮੇਸ਼ਾਂ ਸਾਡੇ ਰਾਹ ਵਿੱਚ ਰੋੜਾ ਸਾਬਤ ਹੋਏ ਹਨ ਅਤੇ ਸਾਨੂੰ ਇਹਨਾਂ ਨੂੰ ਪਰ੍ਹੇ ਵਗਾਹ ਮਾਰਨਾ ਚਾਹੀਦਾ ਹੈ। ਜਿਹੜੀ ਚੀਜ਼ ਅਜ਼ਾਦ ਵਿਚਾਰਾਂ ਦੀ ਕਸਵੱਟੀ ਉੱਤੇ ਪੂਰੀ ਨਹੀਂ ਉੱਤਰਦੀ ਅਵੱਸ਼ ਖ਼ਤਮ ਹੋ ਜਾਂਦੀ ਹੈ। ਹੋਰ ਕਈ ਅਜਿਹੀਆਂ ਕਮਜ਼ੋਰੀਆਂ ਹਨ ਜਿਨ੍ਹਾਂ ਉੱਤੇ ਹਾਲੇ ਅਸੀਂ ਕਾਬੂ ਪਾਉਣਾ ਹੈ। ਵਿਦੇਸ਼ੀ ਹਾਕਮ ਹਿੰਦੂਆਂ ਦੀ ਕੱਟੜਤਾ ਤੇ ਪਿਛਾਂਹ-ਖਿੱਚੂ ਨੀਤੀ, ਮੁਸਲਮਾਨਾਂ ਦੇ ਤੁਅਸਬ ਅਤੇ ਆਮ ਕਰਕੇ ਸਾਰੇ ਫਿਰਕਿਆਂ ਦੀ ਤੰਗਦਿਲੀ ਦਾ ਫਾਇਦਾ ਉਠਾਉਂਦੇ ਹਨ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਇਨਕਲਾਬੀ ਲੱਗਣ ਵਾਲੇ ਸਭ ਫਿਰਕਿਆਂ ਦੇ ਨੌਜਵਾਨਾਂ ਦੀ ਲੋੜ ਹੈ।"

ਅੱਜ ਲੋਕ ਸ਼ਾਂਤਮਈ ਅੰਦੋਲਨ ਵਿੱਚ ਬੈਠੇ ਹਨ ਜਿਸ ਕਰਕੇ ਅੰਦੋਲਨ ਦਿਨੋ ਦਿਨ ਲੰਬਾ ਹੋ ਰਿਹਾ ਹੈ ਤੇ ਲੋਕਾਂ ਦੇ ਇਰਾਦੇ ਦ੍ਰਿੜ ਹੋ ਰਹੇ ਹਨ। ਨਵੇਂ ਤੋਂ ਨਵੇਂ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਬੁੱਧੀਜੀਵੀ ਆਦਿ ਸਭ ਜੁੜਦੇ ਜਾ ਰਹੇ ਹਨ ਇੱਥੋਂ ਤੱਕ ਕੇ ਬਾਹਰ ਵਸਦੇ ਭਾਰਤੀ ਹੀ ਨਹੀਂ ਸਗੋਂ ਬਾਹਰ ਵਸਦੀਆਂ ਹੋਰ ਕਮਿਊਨਿਟੀਆਂ ਦੇ ਬਿਆਨ ਵੀ ਦਿਨੋ ਦਿਨ ਕਿਸਾਨਾਂ ਦੇ ਹੱਕ ਵਿੱਚ ਜਾ ਰਹੇ ਹਨ । ਪਰ ਕਾਰਪੋਰੇਟਾਂ ਦੇ ਹੱਥਠੋਕਾ ਉੱਥੇ ਹਿੰਸਕ ਕਾਰਵਾਈਆਂ ਕਰਵਾ ਕੇ ਸਭ ਹੱਥਕੰਡੇ ਵਰਤ ਰਹੇ ਹਨ। ਜਥੇਬੰਦੀਆਂ ਦੇ ਲੀਡਰ ਭਗਵਤੀ ਚਰਣ ਤੇ ਸ਼ਹੀਦ ਭਗਤ ਸਿੰਘ ਦੇ ਹਿੰਸਾ ਜਾਂ ਅਹਿੰਸਾ ਬਾਰੇ ਦਿੱਤੇ ਵਿਚਾਰ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਦੀ ਅੱਤ ਤੋਂ ਬਾਅਦ ਸਰੀਰਕ ਸ਼ਕਤੀ ਵਰਤਣ ਲਈ ਵੀ ਕਹੇ ਤੇ ਢੁੱਕ ਚੜ੍ਹਾ ਰਹੇ ਹਨ।

"ਹਿੰਸਾ ਉਸ ਜਬਰ ਦਾ ਨਾਂ ਹੈ, ਜੋ ਅਨਿਆਂ ਲਈ ਵਰਤੋਂ ਵਿੱਚ ਆਉਂਦਾ ਹੈ, ਪਰ ਇਨਕਲਾਬੀਆਂ ਦਾ ਇਸ ਨਾਲ ਕੋਈ ਵਾਸਤਾ ਨਹੀਂ। ਦੂਜੇ ਬੰਨੇ ਜਿਸਨੂੰ ਆਮ ਕਰਕੇ ਅਹਿੰਸਾ ਕਿਹਾ ਜਾਂਦਾ ਹੈ, ਅਸਲ ਵਿੱਚ ਆਤਮਕ ਸ਼ਕਤੀ ਦਾ ਸਿਧਾਂਤ ਹੈ, ਜਿਸਨੂੰ ਕਿ ਨਿੱਜੀ ਤੇ ਕੌਮੀ ਹੱਕਾਂ ਦੀ ਪੂਰਤੀ ਲਈ ਇਸ ਤਰ੍ਹਾਂ ਵਰਤਿਆ ਜਾਂਦਾ



ਹੈ ਕਿ ਦੁੱਖ, ਤਸੀਹੇ ਝੱਲਦਿਆਂ ਹੋਇਆਂ ਵਿਰੋਧੀ ਨੂੰ ਆਪਣੇ ਵੱਲ ਢਾਲ਼ ਲਿਆ ਜਾਵੇ। ਜਦੋਂ ਇੱਕ ਇਨਕਲਾਬੀ ਆਪਣੇ ਕੁੱਝ ਹੱਕ ਸਮਝਦਾ ਹੈ, ਉਹ ਇਨ੍ਹਾਂ ਦੀ ਮੰਗ ਕਰਦਾ ਹੈ, ਦਲੀਲ ਦਿੰਦਾ ਹੈ, ਆਪਣੀ ਪੂਰੀ ਆਤਮਕ ਸ਼ਕਤੀ ਰਾਹੀਂ ਉਸਨੂੰ ਹਾਸਲ ਕਰਨ ਦਾ ਯਤਨ ਕਰਦਾ ਹੈ, ਵੱਡੇ ਤੋਂ ਵੱਡੇ ਦੁੱਖ ਤਸੀਹੇ ਝੱਲਦਾ ਹੈ ਅਤੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿੰਦਾ ਹੈ ਅਤੇ ਨਾਲ ਹੀ ਆਪਣੇ ਸਰੀਰਕ ਬਲ ਨੂੰ ਵੀ ਵਰਤਣਾ ਜੁਰਮ ਨਹੀਂ ਸਮਝਦਾ। ਸੋ ਸਵਾਲ ਹਿੰਸਾ ਜਾਂ ਅਹਿੰਸਾ ਦਾ ਨਹੀਂ ਬਲਕਿ ਇਹ ਹੈ ਕਿ ਕੀ ਅਸੀਂ ਨਿਰੋਲ ਆਤਮਕ ਗੱਲ ਦੇ ਸਿਰ 'ਤੇ ਹੀ ਚੱਲਣਾ ਹੈ ਜਾਂ ਇਸ ਦੇ ਨਾਲ ਸਰੀਰਕ ਸ਼ਕਤੀ ਦੀ ਵਰਤੋਂ ਵੀ ਕਰਨੀ ਹੈ।"

ਉਹ ਆਪਣੇ ਐਲਾਨਨਾਮੇ ਵਿੱਚ ਇਟਲੀ ਨੂੰ ਨਵਾਂ ਜਨਮ ਦੇਣ ਵਾਲੇ ਮਹਾਂ ਮਾਨਵ, ਮੈਜਿਨੀ ਦੇ ਸ਼ਬਦਾਂ ਨੂੰ ਇਸ ਤਰ੍ਹਾਂ ਦਰਜ ਕਰਦੇ ਹਨ ਜਿਵੇਂ, ਉਸਾਰੀਆਂ ਕੌਮੀ ਲਹਿਰਾਂ ਉਨ੍ਹਾਂ ਗੁੰਮਨਾਮ ਲੋਕਾਂ ਦੀ ਦੇਣ ਹੁੰਦੀਆਂ ਹਨ, ਜਿਨ੍ਹਾਂ ਪਾਸ ਕੋਈ ਪ੍ਰਸਿੱਧੀ ਜਾਂ ਅਸਰ ਰਸੂਖ਼ ਨਹੀਂ ਹੁੰਦਾ। ਪਰ ਉਹ ਅਜਿਹਾ ਦ੍ਰਿੜ ਨਿਸ਼ਚਾ ਤੇ ਸਿਦਕ ਰੱਖਦੇ ਹਨ ਜਿਸਦੇ ਸਾਹਮਣੇ ਸਮੇਂ ਦੀ ਲੰਬਾਈ ਤੇ ਸਭ ਔਕੜਾਂ ਮਾਤ ਪੈ ਜਾਂਦੀਆਂ ਹਨ। ਜ਼ਿੰਦਗੀ ਦਾ ਲੰਗਰ ਚੁੱਕ ਦਿਓ ਤੇ ਇਸ ਨੂੰ ਮੁਸ਼ਕਿਲਾਂ ਦੇ ਮਹਾਨ ਸਾਗਰ ਵਿੱਚ ਠਿੱਲ੍ਹ ਲੈਣ ਦਿਓ ਤੇ ਫਿਰ! ਉਸ ਵਿਸ਼ਾਲ ਤੇ ਅਦਭੁੱਤ ਸਮੁੰਦਰ 'ਤੇ ਹੀ ਭਰੋਸਾ ਰੱਖੋ, ਜਿੱਥੇ ਨਿੱਤ ਨਵੇਂ ਜਵਾਰ (ਉਤਾਰ ਚੜ੍ਹਾਅ) ਆਉਂਦੇ ਹਨ, ਜਿੱਥੇ ਮਹਾਨ ਲਹਿਰਾਂ ਆਜ਼ਾਦ ਹਨ: ਓ ਨੌਜਵਾਨ ਕੋਲੰਬਸ, ਹੋ ਸਕਦਾ ਹੈ ਤੇਰੀ ਸੱਧ ਦੀ ਦੁਨੀਆਂ ਸ਼ਾਇਦ ਇੱਥੇ ਹੀ ਹੋਵੇ।" ਸਾਡੇ ਸਾਹਮਣੇ ਅੰਦੋਲਨ ਵਿੱਚ ਸ਼ਹੀਦ ਹੋਣ ਵਾਲੇ ਅੱਜ ਤੱਕ 500 ਦੇ ਕਰੀਬ ਗੁੰਮਨਾਮ ਕਿਸਾਨ ਜੋ ਆਪਣੇ ਇਰਾਦੇ ਤੇ ਸਿਰੜ ਨੂੰ ਕਾਇਮ ਰੱਖਦੇ ਹੋਏ ਲੋਕਾਂ ਲਈ ਜ਼ਿੰਦਗੀਆਂ ਵਾਰ ਗਏ ਹਨ ਉਹ ਮੈਜਿਨੀ ਦੇ ਕਥਨ ਦੀ ਜ਼ਿੰਦਾ ਮਿਸਾਲ ਹੋ ਨਿਬੜੇ ਹਨ ਤੇ ਹਮੇਸ਼ਾਂ ਇਤਿਹਾਸ ਦੇ ਪੰਨਿਆਂ ਤੇ ਯਾਦ ਕੀਤੇ ਜਾਣਗੇ।

'ਲੋਕ ਸੇਵਾ' ਦਾ ਮੁੱਦਾ ਵੀ ਅੰਦੋਲਨ ਵਿੱਚ ਕਾਫ਼ੀ ਉੱਚ ਪੱਧਰ ਤੇ ਸੁਰਖੀਆਂ ਵਿੱਚ ਰਹਿੰਦਾ ਹੈ, ਇਸ ਬਾਰੇ ਵੀ ਮੈਂ ਸ਼ਹੀਦਾਂ ਦੇ ਵਿਚਾਰ ਇਸ ਕਰਕੇ ਸਾਂਝੇ ਕਰ ਰਹੀ ਹਾਂ ਤਾਂ ਕਿ ਲੋਕ ਸਮਝ ਸਕਣ ਕਿ ਲੋਕ ਸੇਵਾ ਉਹਨਾਂ ਦੀਆਂ ਸਮੱਸਿਆਵਾਂ ਦਾ ਪੂਰਨ ਹੱਲ ਨਹੀਂ ਹੈ। ਉਹਨਾਂ ਨੇ ਲਿਖਿਆ, "ਬਹੁਤ ਸਾਰੇ ਨੇਕ ਆਦਮੀਆਂ ਦਾ ਖ਼ਿਆਲ ਹੈ ਕਿ ਲੋਕ ਸੇਵਾ ਸਭ ਰੋਗਾਂ ਦੀ ਦਵਾ ਹੈ ਅਤੇ ਦੇਸ਼ ਸੇਵਾ ਦਾ ਸਭ ਤੋਂ ਵਧੀਆ ਤਰੀਕਾ ਹੈ। ਇਸੇ ਲਈ ਸਾਡੇ ਬਹੁਤ ਸਾਰੇ ਜੋਸ਼ੀਲੇ ਨੌਜਵਾਨ ਗਰੀਬਾਂ ਵਿੱਚ ਅੰਨ ਵੰਡਣ ਅਤੇ ਸਾਰੀ ਉਮਰ ਬੀਮਾਰਾਂ ਦੀ ਸੇਵਾ ਕਰਨ ਨਾਲ ਸੰਤੁਸ਼ਟ ਹੋ ਜਾਂਦੇ ਹਨ। ਅਜਿਹੇ ਪੁਰਸ਼ ਸੱਚੇ ਅਤੇ ਕੁਰਬਾਨੀ ਦੇ ਪੁਤਲੇ ਜ਼ਰੂਰ ਹੁੰਦੇ ਹਨ ਪਰ ਇਹ ਨਹੀਂ ਸਮਝ ਸਕਦੇ ਕਿ ਸਿਰਫ਼ ਦਾਨ ਦੇਣ ਨਾਲ ਨਾ ਭਾਰਤ ਵਿੱਚ ਤੇ ਨਾ ਹੀ ਕਿਸੇ ਹੋਰ ਦੇਸ਼ ਵਿੱਚ ਗਰੀਬੀ ਅਤੇ ਬਿਮਾਰੀ ਦੀ ਸਮੱਸਿਆ ਉੱਤੇ ਕਾਬੂ ਪਾਇਆ ਜਾ ਸਕਦਾ ਹੈ।" ਮਤਲਬ ਕਿ ਉਹਨਾਂ ਨੂੰ ਆਪਣੇ ਹੱਕਾਂ ਦੀ ਲੜਾਈ ਆਪਣੀ ਹੀ ਹਿੱਕ ਦੇ ਜੋਰ ਤੇ ਲੜਨੀ ਪਵੇਗੀ।

ਜਦੋਂ ਉਹ ਲੋਕਾਂ ਨੂੰ ਆਪਣੀ ਅਜ਼ਾਦੀ ਦੀ ਲੜਾਈ ਵਿੱਚ ਕੁੱਦਣ ਦੀ ਗੱਲ ਕਰਦੇ ਹਨ ਤਾਂ ਸਪੱਸ਼ਟ ਸ਼ਬਦਾਂ ਵਿੱਚ ਕਹਿੰਦੇ ਹਨ ਕਿ ਸਾਨੂੰ ਸਾਡੇ ਅੰਦਰਲੇ ਤੇ ਬਾਹਰਲੇ ਦੁਸ਼ਮਣਾਂ ਨਾਲ ਸਿੱਝਣਾ ਪਵੇਗਾ ਤੇ ਇਹੋ ਜਿਹੇ ਲੋਕਾਂ ਦੀ ਇਸ ਸਮੇਂ ਲੋੜ ਹੈ ਜੋ ਸੱਚੇ ਦਿਲੋਂ ਸੰਘਰਸ਼ ਦੀ ਕਾਮਯਾਬੀ ਲਈ ਕੰਮ ਕਰਨ, ਉਹਨਾਂ ਦੇ ਸ਼ਬਦਾਂ ਵਿੱਚ, "ਆਜ਼ਾਦੀ ਦੀ ਜੰਗ ਵਿੱਚ ਨਿਤਰਨ ਵਾਲੇ ਕਿਆੜੇ ਨਹੀਂ ਲਾਉਂਦੇ ਕਿ ਕਿੰਨੀ ਕੁਰਬਾਨੀ ਨਾਲ ਕਿੰਨੀ ਕਾਮਯਾਬੀ ਹੋਵੇਗੀ ਅਤੇ ਇਸ ਵਿੱਚ ਸਾਡੇ ਹਿੱਸੇ ਕੀ ਆਵੇਗਾ? ਅਜਿਹੇ ਲੋਕ ਕਦੇ ਵੀ ਕੁਰਬਾਨੀ ਨਹੀਂ ਕਰ ਸਕਦੇ। ਸਾਨੂੰ ਉਹਨਾਂ ਮਰਦਾਂ ਦੀ ਲੋੜ ਹੈ ਜਿਹੜੇ ਹਰ ਕਿਸਮ ਦੀ ਆਸ ਉਮੀਦ, ਡਰ ਜਾਂ ਦੁਚਿੱਤੀ ਨੂੰ ਤਿਆਗ ਕੇ ਸੰਘਰਸ਼ ਕਰਨ ਤੇ ਜਿਹੜੇ ਬਿਨਾਂ ਸ਼ੁਹਰਤ ਗੁੰਮਨਾਮ ਰਹਿ ਕੇ ਸ਼ਹੀਦੀਆਂ ਪਾ ਸਕਣ। ਅਜਿਹੇ ਜਜ਼ਬੇ ਤੋਂ ਬਗੈਰ ਅਸੀਂ ਦੁਪਾਸੀਂ ਜੰਗ ਨਹੀਂ ਲੜ ਸਕਾਂਗੇ ਜੋ ਸਾਨੂੰ ਵੰਗਾਰ ਰਹੀ ਹੈ-ਦੋਪਾਸੀਂ ਇਸ ਲਈ, ਇੱਕ ਤਾਂ ਆਪਣੇ ਅੰਦਰਲੇ ਦੁਸ਼ਮਣ ਦੇ ਖਿਲਾਫ਼ ਤੇ ਦੂਜੀ ਵਿਦੇਸ਼ੀ ਦੁਸ਼ਮਣ ਦੇ ਖਿਲਾਫ਼। ਸਾਡਾ ਅਸਲੀ ਸੰਘਰਸ਼ ਸਾਡੀਆਂ ਆਪਣੀਆਂ ਕਮਜ਼ੋਰੀਆਂ ਵਿਰੁੱਧ ਹੈ ਜਿਨ੍ਹਾਂ ਦਾ ਫ਼ਾਇਦਾ ਸਾਡਾ ਦੁਸ਼ਮਣ ਵੀ ਉਠਾਉਂਦਾ ਹੈ ਤੇ ਸਾਡੇ ਆਪਣੇ ਵਿੱਚੋਂ ਕਈ ਖੁਦਗਰਜ਼ ਲੋਕ ਵੀ।"

ਸ਼ਹੀਦ ਭਗਵਤੀ ਚਰਣ ਵੋਹਰਾ ਜੀ ਨੂੰ ਯਾਦ ਕਰਦੇ ਹੋਏ ਉਹਨਾਂ ਦੀਆਂ ਲਿਖਤਾਂ 'ਨੌਜਵਾਨ ਭਾਰਤ ਸਭਾ ਦਾ ਮੈਨੀਫੈਸਟੋ' ਅਤੇ 'ਬੰਬ ਦੇ ਫਲਸਫੇ' ਵਿੱਚੋਂ ਕੁੱਝ ਅੰਸ਼ ਲੈ ਕੇ ਸਾਂਝ ਪਾਈ ਹੈ ਉੱਥੇ ਥੋੜ੍ਹੀਆਂ ਗੱਲਾਂ ਜੀਵਨ ਬਾਰੇ ਵੀ ਕਰਨੀਆਂ ਜ਼ਰੂਰੀ ਹਨ। ਉਹਨਾਂ ਦਾ ਜਨਮ ਜੁਲਾਈ, 1903 ਨੂੰ ਰਾਏ ਬਹਾਦਰ ਸ਼ਿਵਚਰਨ ਵੋਹਰਾ ਦੇ ਘਰ ਆਗਰਾ ਵਿੱਚ ਹੋਇਆ। ਇਹ ਪਹਿਲਾਂ ਤੋਂ ਹੀ ਕਾਫ਼ੀ ਖਾਂਦੇ ਪੀਂਦੇ ਘਰ ਨਾਲ ਸਬੰਧਤ ਸਨ। ਉਹਨਾਂ ਦੇ ਪਿਤਾ ਆਗਰੇ ਤੋਂ ਲਾਹੌਰ ਚਲੇ ਗਏ ਸਨ। ਉਹ ਰੇਲਵੇ ਵਿੱਚ ਉੱਚ ਅਹੁਦੇ ਤੇ ਕੰਮ ਕਰਦੇ ਸਨ। ਭਗਵਤੀ ਵੋਹਰਾ ਦਾ ਵਿਆਹ ਵੀ ਛੋਟੀ ਉਮਰ ਵਿੱਚ ਹੀ ਦੁਰਗਾ ਦੇਵੀ ਨਾਲ ਕਰ ਦਿੱਤਾ ਗਿਆ ਸੀ। 1921 ਵਿੱਚ ਨਾ-ਮਿਲਵਰਤਣ ਲਹਿਰ ਸਮੇਂ ਪੜ੍ਹਾਈ ਵਿੱਚੇ ਛੱਡ ਕੇ ਅੰਦੋਲਨ ਵਿੱਚ ਕੁੱਦ ਪਏ ਸਨ। ਅੰਦੋਲਨ ਵਾਪਸ ਲਏ ਜਾਣ ਤੋਂ ਬਾਅਦ ਉਹ ਸਾਰੇ ਸਾਥੀਆਂ ਸਮੇਤ ਹੀ ਨੈਸ਼ਨਲ ਕਾਲਜ ਲਾਹੌਰ ਵਿੱਚ ਦਾਖਲ ਹੋ ਗਏ ਤੇ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਉਹ ਆਪ ਪਿੱਛੇ ਰਹਿ ਕੇ ਕੰਮ ਕਰਨਾ ਪਸੰਦ ਕਰਦੇ ਸਨ।ਲਾਹੌਰ ਵਿੱਚ ਉਹਨਾਂ ਦੇ ਪਤੇ ਤੇ ਹੀ ਬਾਹਰੋਂ ਕਮਿਊਨਿਸਟ ਸਾਹਿਤ ਆਉਂਦਾ ਸੀ ਤੇ ਉਹਨਾਂ ਦੇ ਬਾਹਰਲੀਆਂ ਕਮਿਊਨਿਸਟ ਜਥੇਬੰਦੀਆਂ ਨਾਲ ਗੁਪਤ ਸੰਪਰਕ ਸਨ। ਉਹਨਾਂ ਦੇ ਸਾਥੀ ਸ਼ਿਵ ਵਰਮਾ ਦੇ ਕਹਿਣ ਮੁਤਾਬਕ, ਉਜਦੋਂ ਨੌਜਵਾਨ ਭਾਰਤ ਸਭਾ ਆਪਣੀ ਚੜ੍ਹਤ ਵਿੱਚ ਸੀ ਅਤੇ ਉਸਦੇ ਨਾਲ ਹੀ ਭਗਵਤੀ ਚਰਣ ਦਾ ਨਾਂ ਸਭ ਦੀ ਜ਼ੁਬਾਨ ਉੱਤੇ ਸੀ। ਉਹ ਇਨਕਲਾਬੀ ਵਿਚਾਰਕ, ਜਥੇਬੰਦਕ ਬੁਲਾਰਾ, ਪ੍ਰਚਾਰਕ ਆਦਿ ਦੇ ਰੂਪ ਵਿੱਚ ਤਾਂ ਲੋਕ ਉਹਨਾਂ ਦੀ ਪ੍ਰਸ਼ੰਸਾ ਕਰਦੇ ਹੀ ਸਨ ਪਰ ਨਾਲ ਹੀ ਆਦਰਸ਼ ਪ੍ਰਤੀ ਉਹਨਾਂ ਦੇ ਠੋਸ ਇਰਾਦੇ, ਦੁੱਖ ਸੁੱਖ ਦੀ ਪ੍ਰਵਾਹ ਕੀਤੇ ਬਿਨਾਂ ਲਾਗਾਤਾਰ ਆਪਣੇ ਤਹਿ ਮਾਰਗ ਤੇ ਚਲਦੇ ਰਹਿਣ ਦਾ ਉਹਨਾਂ ਦਾ ਅਜਿੱਤ ਹੌਂਸਲਾ ਆਦਿ ਉਨ੍ਹਾਂ ਦੇ ਵਿਅਕਤੀਗਤ ਗੁਣਾਂ ਦੀ ਵੀ ਖੁੱਲ੍ਹ ਕੇ ਚਰਚਾ ਕਰਦੇ ਅਤੇ ਆਸਾਨੀ ਨਾਲ ਆਪਣੇ ਵੱਲ ਖਿੱਚ ਲੈਣ ਵਾਲੇ ਉਨ੍ਹਾਂ ਦੇ ਸਾਫ਼-ਸੁਥਰੇ ਵਿਹਾਰ ਤੇ ਵੀ ਲੋਕ ਬੁਰੀ ਤਰ੍ਹਾਂ ਲੱਟੂ ਸਨ।" ਉਹ ਜ਼ਰੂਰਤਮੰਦਾਂ ਦੀਆਂ ਲੋੜਾਂ ਪੂਰੀਆਂ ਕਰਨ, ਖਾਣ-ਪੀਣ, ਕੱਪੜੇ-ਲੀੜੇ, ਰਹਿਣ-ਸਹਿਣ ਦਾ ਪ੍ਰਬੰਧ ਤੇ ਘਰ ਦੇ ਦਰਵਾਜ਼ੇ ਹਰਵਕਤ ਸਾਥੀਆਂ ਲਈ ਖੁੱਲ੍ਹੇ ਰੱਖਦੇ ਸਨ। ਉਹ ਦੋਸਤਾਂ ਦੇ ਕੰਮ ਆਉਣ ਲਈ ਹਰਵਕਤ ਤਿਆਰ ਰਹਿੰਦੇ ਸਨ। ਕਈ ਵਾਰ ਉਹਨਾਂ ਦੀ ਉਦਾਰਤਾ ਦਾ ਲੋਕ ਨਜਾਇਜ਼ ਫਾਇਦਾ ਵੀ ਉਠਾਉਂਦੇ ਪਰ ਉਹ ਫਿਰ ਵੀ ਖੁਸ਼ ਰਹਿੰਦੇ। ਪੰਜਾਬ ਵਿੱਚ ਪਾਰਟੀ ਲਈ ਪੈਸੇ ਤੇ ਮਕਾਨਾਂ ਦਾ ਬੰਦੋਬਸਤ ਭਗਵਤੀ ਚਰਣ ਰਾਹੀਂ ਹੀ ਹੁੰਦਾ ਸੀ। 15 ਅਪਰੈਲ 1929 ਨੂੰ ਜੋ ਬੰਬ ਬਣਾਉਣ ਵਾਲੀ ਫੈਕਟਰੀ ਫੜੀ ਗਈ ਸੀ ਉਹ ਮਕਾਨ ਭਗਵਤੀ ਦੇ ਨਾਂ ਤੇ ਹੀ ਕਿਰਾਏ ਤੇ ਲਿਆ ਹੋਇਆ ਸੀ। ਭਗਵਤੀ ਚਰਣ ਚਾਹੇ ਲਾਹੌਰ ਵਿੱਚ ਕਾਕੋਰੀ ਸਟੇਸ਼ਨ ਤੇ ਕ੍ਰਾਂਤੀਕਾਰੀਆਂ ਵਲੋਂ ਖਜ਼ਾਨਾ ਲੁੱਟਣ ਤੇ ਗ੍ਰਿਫਤਾਰ ਸਾਥੀਆਂ ਨੂੰ ਛੁਡਾਉਣ ਦੀ ਗੱਲ ਹੋਵੇ, ਸਾਂਡਰਸ ਦਾ ਕਤਲ, ਅਸੰਬਲੀ ਬੰਬ ਕੇਸ ਜਾਂ ਬੰਬ ਆਪ ਤਿਆਰ ਕਰਨ ਦੀ ਗੱਲ ਹੋਵੇ, ਉਹ ਸਾਥੀਆਂ ਤੋਂ ਅੱਗੇ ਹੋ ਕੇ ਕਿਸੇ ਨਾ ਕਿਸੇ ਤਰੀਕੇ ਹਰ ਜ਼ਿੰਮੇਵਾਰੀ ਨਿਭਾਉਂਦੇ ਸਨ। ਇਹਨਾਂ ਸਾਰੇ ਕ੍ਰਾਂਤੀਕਾਰੀਆਂ ਭਗਤ ਸਿੰਘ, ਸੁਖਦੇਵ, ਚੰਦਰ ਸ਼ੇਖਰ ਅਜ਼ਾਦ, ਸ਼ਿਵ ਵਰਮਾ, ਯਸ਼ਪਾਲ, ਰਾਜਗੁਰੂ ਆਦਿ ਵਿੱਚੋਂ ਭਗਵਤੀ ਚਰਣ ਦਾ ਨਾਂ ਹੋਰ ਵੀ ਨਿਵੇਕਲਾ ਇਉਂ ਬਣ ਜਾਂਦਾ ਹੈ ਕਿ ਇਹਨਾਂ ਦੀ ਪਤਨੀ ਦੁਰਗਾ ਦੇਵੀ ਤੇ 3 ਸਾਲ ਦੇ ਬੱਚੇ ਸਚੀ ਨੇ ਵੀ ਅਸੰਬਲੀ ਬੰਬ ਕੇਸ ਤੋਂ ਬਾਅਦ ਭਗਤ ਸਿੰਘ ਤੇ ਰਾਜਗੁਰੂ ਨੂੰ ਲਾਹੌਰ ਤੋਂ ਭੇਸ ਬਦਲ ਕੇ ਬਚਾਉਣ ਸਮੇਂ ਆਪਣੀ ਭੂਮਿਕਾ ਪੂਰਣ ਰੂਪ ਵਿੱਚ ਨਿਭਾਉਣ ਵਿੱਚ ਸਫਲ ਹੋਏ ਸਨ।

ਜਦੋਂ ਉਹਨਾਂ ਨੇ ਕਾਕੋਰੀ ਕੇਸ ਵਾਲੇ ਸਾਥੀਆਂ ਨੂੰ ਜੇਲ੍ਹ ਤੋਂ ਛੁਡਵਾਉਣ ਬਾਰੇ ਕਿਹਾ ਤਾਂ ਪੰਜਾਬ ਦੇ ਨੇਤਾਗਿਰੀ ਕਰਨ ਵਾਲੇ ਜੈਚੰਦ ਵਿਦਿਆਲੰਕਾਰ ਵਰਗੇ ਕਾਰਕੂੰਨਾਂ ਨੇ ਭਗਵਤੀ ਚਰਣ ਨੂੰ ਅੰਗਰੇਜ਼ਾਂ ਦੇ ਗੁਪਤ ਵਿਭਾਗ ਦਾ ਜਾਸੂਸ ਕਹਿ ਕੇ ਪੰਜਾਬ ਤੋਂ ਬਾਹਰ ਭੇਜ ਦਿੱਤਾ ਤੇ ਅਜ਼ਾਦ ਵਰਗੇ ਸਾਥੀਆਂ ਨੂੰ ਵੀ ਦੂਰੀ ਬਣਾ ਕੇ ਰੱਖਣ ਲਈ ਕਿਹਾ। ਪਰ ਭਗਵਤੀ ਚਰਣ ਇਹੋ ਜਿਹੀ ਸ਼ਖ਼ਸ਼ੀਅਤ ਦੇ ਮਾਲਕ ਸਨ ਕਿ ਉਹਨਾਂ ਨੇ ਇਸ ਗੱਲ ਦੀ ਭੋਰਾ ਵੀ ਪ੍ਰਵਾਹ ਨਹੀਂ ਕੀਤੀ ਸਗੋਂ ਪਾਰਟੀ ਦਾ ਕੰਮ ਬਾਖੂਬੀ ਸਿਰਤੋੜ ਯਤਨਾਂ ਨਾਲ ਕਰਦੇ ਰਹੇ। ਇਸ ਸਬੰਧ ਵਿੱਚ ਜੈਚੰਦ ਬਾਰੇ ਭਾਬੀ ਦੁਰਗਾ ਦੇਵੀ ਨੇ ਕਿਹਾ, "ਕੁੱਝ ਲੋਕਾਂ ਉੱਪਰ ਨੇਤਾਗਿਰੀ ਅਤੇ ਨਾਂਅ ਦਾ ਨਸ਼ਾ ਭੂਤ ਦੀ ਤਰ੍ਹਾਂ ਸਵਾਰ ਰਹਿੰਦਾ ਹੈ। ਐਦਾਂ ਦੇ ਲੋਕ ਸੰਘਰਸ਼ ਵਿੱਚ ਉਤਰਨ ਤੋਂ ਕਤਰਾਉਂਦੇ ਹਨ ਅਤੇ ਜ਼ੋਖ਼ਮ ਦੇ ਕੰਮਾਂ ਤੋਂ ਆਪਣੇ ਆਪ ਨੂੰ ਕੋਹਾਂ ਦੂਰ ਰੱਖਦੇ ਹਨ। ਉਹ ਬਲੀਦਾਨ ਤੇ ਤਿਆਗ ਤੋਂ ਬਿਨਾਂ ਹੀ ਨਾਮ ਚਾਹੁੰਦੇ ਹਨ, ਕਰੇ ਕੋਈ ਹੋਰ, ਨਾਮ ਹੋਵੇ ਉਸਦਾ। ਇਹੋ ਜਿਹੇ ਲੋਕ ਦੁਨੀਆਂ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਆਪਣਾ ਉੱਲੂ ਸਿੱਧਾ ਨਾ ਕਰਨ ਅਤੇ ਕਿਸੇ ਦੀ ਵਧਦੀ ਹੋਈ ਰਫ਼ਤਾਰ ਨੂੰ ਅਗਰ ਆਪਣੀ ਚਾਣਕਿਆ ਬੁੱਧੀ ਨਾਲ ਬਰੇਕਾਂ ਨਾ ਲਗਾਉਣ ਤਾਂ ਕਿੱਥੇ ਜਾਣ?" ਸਮਾਂ ਪਾ ਕੇ ਸਪੱਸ਼ਟ ਵੀ ਹੋ ਗਿਆ ਸੀ ਕਿ ਜੈ ਚੰਦ ਜੀ ਉਹਨਾਂ ਦਿਨਾਂ ਵਿੱਚ ਪੰਜਾਬ ਦੇ ਕ੍ਰਾਂਤੀਕਾਰੀ ਦਲ ਦੇ ਨੇਤਾ ਸਨ, ਲਾਹੌਰ ਦੇ ਨੈਸ਼ਨਲ ਕਾਲਜ ਵਿੱਚ ਅਧਿਆਪਕ

ਹੋਣ ਕਰਕੇ ਗਿਆਨ ਤੇ ਬੁੱਧੀ ਦਾ ਨੌਜਵਾਨਾਂ ਤੇ ਬਹੁਤ ਪ੍ਰਭਾਵ ਸੀ। ਪਰ ਅਸਲ ਵਿੱਚ ਉਹ ਅਜ਼ਾਦੀ ਲਈ ਕੁੱਝ ਕਰਨਾ ਨਹੀਂ ਸੀ ਚਾਹੁੰਦੇ ਸਵਾਇ ਪੜ੍ਹਾਈ, ਬਹਿਸ-ਮੁਹਾਬਸਾ, ਪ੍ਰਚਾਰ, ਜਥੇਬੰਦੀ ਤੇ ਪੈਸਾ ਜਮ੍ਹਾਂ ਆਦਿ ਕੰਮਾਂ ਤੱਕ ਹੀ ਨੌਜਵਾਨਾਂ ਨੂੰ ਸੀਮਤ ਰੱਖਣਾ ਚਾਹੁੰਦੇ ਸਨ। ਅੱਜ ਦੇ ਹਾਲਾਤਾਂ ਵਿੱਚ ਵੀ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਪਤਾ ਨਹੀਂ ਜੋ ਚਾਰ ਵਰਗੀਆਂ ਸ਼ਖਸ਼ੀਅਤਾਂ ਭੋਲ਼ੇ ਲੋਕਾਂ ਦੇ ਮਨਾਂ 'ਤੇ ਅਸਰ ਪਾ ਕੇ, ਨਿੱਜਵਾਦ ਨੂੰ ਉਭਾਰ ਕੇ ਜਥੇਬੰਦਕ ਤਾਣੇ ਬਾਣੇ ਨੂੰ ਤਹਿਸ ਨਹਿਸ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਹੋਣ।

ਸ਼ਹੀਦ ਭਗਵਤੀ ਚਰਣ ਵੋਹਰਾ ਨੇ ਇਹਨਾਂ ਜਥੇਬੰਦੀਆਂ ਵਲੋਂ ਜੋ ਵੀ ਕੰਮ ਅਰੰਭੇ ਗਏ, ਕੀਤੇ ਗਏ ਉਹਨਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਅੰਤ ਵਿੱਚ ਵੀ ਉਹ ਸ਼ਹੀਦ ਭਗਤ ਸਿੰਘ ਤੇ ਬਟਕੇਸ਼ਵਰ ਦੱਤ ਹੋਰਾਂ ਨੂੰ ਬੋਸਟਲ ਜੇਲ੍ਹ ਤੋਂ ਛੁਡਵਾਉਣ ਲਈ ਜੋ ਬੰਬ ਤਿਆਰ ਕੀਤੇ ਗਏ ਸਨ ਉਹਨਾਂ ਦੀ ਸਹੀ ਪਰਖ਼ ਸਮੇਂ 28 ਮਈ 1930 ਨੂੰ ਆਪਣੀ ਜਾਨ ਗੁਆ ਬੈਠੇ ਸਨ। ਉਹਨਾਂ ਦੀ ਪਤਨੀ ਉਹਨਾਂ ਦਾ ਮੂੰਹ ਵੀ ਨਹੀਂ ਸੀ ਦੇਖ ਸਕੀ। ਜ਼ਖ਼ਮੀ ਹਾਲਤ ਵਿੱਚ ਜਦੋਂ ਉਹਨਾਂ ਦੇ ਸਾਥੀ ਨੇ ਉਹਨਾਂ ਨੂੰ ਕਿਹਾ, "ਭਾਈ ਤੁਸੀਂ ਇਹ ਕੀ ਕੀਤਾ" ਜਵਾਬ ਵਿੱਚ ਉਹਨਾਂ ਬਹੁਤ ਹੀ ਦ੍ਰਿੜ ਮੁਸਕਰਾਹਟ ਤੇ ਠਰੰਮੇ ਨਾਲ ਕਿਹਾ, "ਇਹ ਚੰਗਾ ਈ ਹੋਇਆ। ਜੇ ਤੁਹਾਡੇ ਦੋਵਾਂ ਵਿੱਚੋਂ ਕੋਈ ਜ਼ਖ਼ਮੀ ਹੋ ਜਾਂਦਾ ਤਾਂ ਮੈਂ ਭਈਆ (ਅਜ਼ਾਦ) ਨੂੰ ਮੂੰਹ ਵਿਖਾਉਣ ਯੋਗਾ ਨਾ ਰਹਿੰਦਾ।" ਇਹ ਮਿਸਾਲ ਸੀ ਉਹਨਾਂ ਦੇ ਆਤਮ ਬਲੀਦਾਨ ਦੀ।

ਥੋੜ੍ਹੇ ਹੀ ਸਾਲਾਂ ਦੇ ਸਮੇਂ ਵਿੱਚ ਭਗਵਤੀ ਚਰਣ ਵੋਹਰਾ ਤੇ ਉਹਨਾਂ ਦੇ ਸਾਥੀਆਂ ਨੇ ਭਾਰਤੀਆਂ ਵਿੱਚ ਜਾਗ੍ਰਤੀ ਫੈਲਾਉਣ ਲਈ ਬਹੁਤ ਵੱਡੇ ਕੰਮ ਆਪਣੇ ਲੋਕਾਂ ਦੇ ਲਈ ਕੀਤੇ ਅਤੇ ਪ੍ਰੋਗਰਾਮ ਵੀ ਉਲੀਕ ਦਿੱਤੇ। ਪਰ ਸਾਡੀਆਂ ਸਰਕਾਰਾਂ ਨੇ ਉਹਨਾਂ ਨੂੰ ਅੱਖੋਂ ਪਰੋਖੇ ਕਰਕੇ ਆਜ਼ਾਦੀ ਦਾ ਸਿਹਰਾ ਨਹਿਰੂ ਗਾਂਧੀ ਜੋੜੀ ਨੂੰ ਦੇ ਦਿੱਤਾ ਤੇ ਸਾਡੇ ਸ਼ਹੀਦਾਂ ਦੀਆਂ ਲਿਖਤਾਂ ਵੀ ਬਹੁਤ ਹੌਲੀ ਹੌਲੀ ਸਾਡੇ ਸਾਹਮਣੇ ਆਈਆਂ ਹਨ। ਐਲਾਨਨਾਮੇ ਦੇ ਅੰਤ ਵਿੱਚ ਉਹਨਾਂ ਦਾ ਸੁਨੇਹਾ ਸੀ:-

"ਨੌਜਵਾਨਾਂ ਨੂੰ ਆਜ਼ਾਦ ਤੌਰ 'ਤੇ ਸੰਜੀਦਗੀ ਤੇ ਠਰ੍ਹੰਮੇ ਨਾਲ ਸੋਚਣਾ ਚਾਹੀਦਾ ਹੈ। ਉਹ ਵਤਨ ਦੀ ਬੰਦ ਖਲਾਸੀ ਨੂੰ ਆਪਣੇ ਜੀਵਨ ਦਾ ਇੱਕੋ ਇੱਕ ਨਿਸ਼ਾਨਾ ਬਣਾ ਲੈਣ। ਉਹਨਾਂ ਨੂੰ ਆਪਣੇ ਹੀ ਪੈਰਾਂ ਤੇ ਖੜ੍ਹੇ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਪਖੰਡੀ ਤੇ ਚਾਲਬਾਜ਼ ਲੋਕਾਂ ਤੋਂ ਖ਼ਬਰਦਾਰ ਰਹਿ ਕੇ ਜਥੇਬੰਦ ਹੋਣਾ ਚਾਹੀਦਾ ਹੈ। ਅਜਿਹੇ ਲੋਕਾਂ ਦੀ ਸਾਡੇ ਆਦਰਸ਼ ਨਾਲ ਕੋਈ ਸਾਂਝ ਨਹੀਂ ਅਤੇ ਇਹ ਹਮੇਸ਼ਾਂ ਸੰਕਟ ਸਮੇਂ ਸਾਥ ਛੱਡ ਜਾਂਦੇ ਹਨ। ਨੌਜਵਾਨਾਂ ਨੂੰ ਸੱਚੇ ਦਿਲੋਂ ਤੇ ਸੰਜੀਦਗੀ ਨਾਲ ਸੇਵਾ, ਬਿਪਤਾ ਸਹਾਰਨ ਤੇ ਕੁਰਬਾਨੀ ਦਾ ਤ੍ਰਿਪਾਸਾ ਆਦਰਸ਼ ਅਪਣਾਉਣਾ ਚਾਹੀਦਾ ਹੈ। ਉਹਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਿਸੇ ਕੌਮ ਦੀ ਸਿਰਜਣਾ ਅਜਿਹੇ ਹਜ਼ਾਰਾਂ ਹੀ ਗੁੰਮਨਾਮ ਮਰਦਾਂ ਤੇ ਔਰਤਾਂ ਦੀ ਮੰਗ ਕਰਦੀ ਹੈ, ਜਿਨ੍ਹਾਂ ਨੂੰ ਆਪਣੇ ਨਿੱਜੀ ਲਾਭ ਤੇ ਅਰਾਮ, ਆਪਣੇ ਨਜ਼ਦੀਕੀਆਂ ਨਾਲੋਂ, ਆਪਣਾ ਦੇਸ਼ ਕਿਤੇ ਵੱਧ ਪਿਆਰਾ ਹੋਵੇ।"

ਅੰਤ ਵਿੱਚ ਮੈਂ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀ ਹੋਈ ਉਹਨਾਂ ਦੀਆਂ ਹੀ ਲਿਖਤਾਂ ਰਾਹੀਂ ਦਿੱਤੇ ਸੁਨੇਹੇ ਨਾਲ ਅੱਜ ਦੇ ਅੰਦੋਲਨ ਵਿੱਚ ਜੁੜੇ ਮਰਦ, ਔਰਤਾਂ, ਨੌਜਵਾਨਾਂ, ਵਿਦਿਆਰਥੀਆਂ, ਬੁੱਧੀਜੀਵੀਆਂ ਆਦਿ ਨੂੰ ਅਪੀਲ ਕਰਦੀ ਹਾਂ ਕਿ ਸਿਰਫ਼ ਸਮੇਂ ਤੇ ਹਾਲਤਾਂ ਦਾ ਹੀ ਫ਼ਰਕ ਹੈ ਪਰ ਮਨੁੱਖਤਾ ਦੇ ਹੱਕਾਂ ਦੀ ਲੜਾਈ ਇੰਨ ਬਿੰਨ ਉਹੀ ਹੈ ਜੋ ਉਹ ਲੜ ਰਹੇ ਸਨ। ਅਸੀਂ ਆਪਣੇ ਸ਼ਹੀਦਾਂ ਦੇ ਦਰਸਾਏ ਰਾਹਾਂ ਤੇ ਚੱਲਦੇ ਹੋਏ ਲੋਕਾਂ ਨੂੰ ਜਥੇਬੰਦ ਕਰੀਏ ਤੇ ਉਹਨਾਂ ਦੇ ਅਧੂਰੇ ਸੁਪਨਿਆਂ ਦਾ ਅਗ਼ਾਜ਼ ਕਰੀਏ ਤੇ ਉਹਨਾਂ ਦੇ ਲੋਕ ਪੱਖੀ ਸੁਨੇਹੇ ਘਰ ਘਰ ਲੈ ਕੇ ਜਾਈਏ ਇਹੀ ਸਾਡੀ ਸੱਚੀ ਸ਼ਰਧਾਂਜਲੀ ਹੈ।

---

*ਸੰਤ ਰਾਮ ਉਦਾਸੀ ਦੇ ਜਨਮ ਦਿਵਸ 'ਤੇ*

# ਮੇਰੀ ਮੌਤ 'ਤੇ ਨਾ ਰੋਇਓ

**ਪ੍ਰਿੰ. ਸਰਵਣ ਸਿੰਘ**



ਸੰਤ ਰਾਮ ਉਦਾਸੀ 20 ਅਪ੍ਰੈਲ 1939 ਨੂੰ ਜ਼ਿਲ੍ਹਾ ਬਰਨਾਲਾ ਦੇ ਪਿੰਡ ਰਾਇਸਰ, ਕੰਮੀਆਂ ਦੇ ਵਿਹੜੇ ਜੰਮਿਆ ਸੀ। ਉਹਦੇ ਪਿਤਾ ਮੇਹਰ ਸਿੰਘ ਨੇ ਸੀਰ ਕੀਤੇ, ਭੇਡਾਂ ਚਾਰੀਆਂ ਤੇ ਵਟਾਈ 'ਤੇ ਖੇਤੀ ਕੀਤੀ। ਉਹਦੀ ਮਾਤਾ ਧੰਨ ਕੌਰ ਨੇ ਚੱਕੀਆਂ ਪੀਹਣ ਤੋਂ ਲੈ ਕੇ ਜ਼ਿਮੀਦਾਰਾਂ ਦਾ ਗੋਹਾ ਕੂੜਾ ਕੀਤਾ। ਉਦਾਸੀ ਦਾ ਪੜਦਾਦਾ ਭਾਈ ਕਾਹਲਾ ਸਿੰਘ ਆਪਣੇ ਸਮੇਂ ਦਾ ਚੰਗਾ ਗਵੰਤਰੀ ਸੀ। ਉਦਾਸੀ ਨੂੰ ਸੁਰੀਲੀ ਆਵਾਜ਼ ਆਪਣੇ ਪੜਦਾਦੇ ਤੋਂ ਵਿਰਸੇ ਵਿਚ ਮਿਲੀ। ਪੜਦਾਦਾ ਮਹਿਫਲਾਂ ਦਾ ਸ਼ਿੰਗਾਰ ਸੀ। ਮਹਿਫਲੀਏ ਉਸ ਨੂੰ ਭਾਈਕੇ ਦਿਆਲਪੁਰੇ ਤੋਂ ਰਾਇਸਰ ਲੈ ਆਏ। ਉਦਾਸੀ ਹੋਰੀਂ ਪੰਜ ਭਰਾ ਸਨ, ਗੁਰਦਾਸ ਸਿੰਘ, ਹਰਦਾਸ ਸਿੰਘ ਭੂਰਾ, ਪ੍ਰਕਾਸ਼ ਸਿੰਘ, ਸੰਤ ਰਾਮ ਉਦਾਸੀ ਤੇ ਗੁਰਦੇਵ ਸਿੰਘ ਕੋਇਲ। ਤਿੰਨ ਭੈਣਾਂ ਸਨ, ਸੱਤਿਆ, ਹਰਬੰਸ ਕੌਰ ਤੇ ਸੁਖਦੇਵ ਕੌਰ। ਭੈਣਾਂ ਦੇ ਨਿੱਕੇ ਨਾਂ ਸਨ ਕਾਕੀ, ਘੁੱਕ ਤੇ ਨਿੱਕੀ।

ਉਦਾਸੀ ਜਿਊਂਦਾ ਹੁੰਦਾ ਤਾਂ ਅਜੋਕੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਦਾ ਮੁੱਖ ਬੁਲਾਰਾ ਹੋਣਾ ਸੀ। ਉਸ ਨੇ ਹਜ਼ਾਰਾਂ ਦੇ 'ਕੱਠਾਂ ਵਿਚ ਉੱਚੀ ਹੇਕ ਨਾਲ ਗਾਉਣਾ ਸੀ:

**ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ,**
**ਬੜੇ ਹੀ ਅਸੀਂ ਦੁਖੜੇ ਜਰੇ**
**ਆਖਣਾ ਸਮੇਂ ਦੀ ਸਰਕਾਰ ਨੂੰ,**
**ਉਹ ਗਹਿਣੇ ਸਾਡਾ ਦੇਸ ਨਾ ਧਰੇ...**
**ਦੇਸ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ**
**ਦੇਸ ਤੋਂ ਪਿਆਰੇ ਇਹਦੇ ਲੋਕ ਹਾਣੀਆਂ**
**ਅਸੀਂ ਤੋੜ ਦੇਣੀ,**
**ਅਸੀਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ...**
**ਗੱਜਣਗੇ ਸ਼ੇਰ ਜਦੋਂ, ਭੱਜਣਗੇ ਕਾਇਰ ਸੱਭੇ**
**ਰੱਜਣਗੇ ਕਿਰਤੀ ਕਿਸਾਨ ਮੁੜ ਕੇ**
**ਜਰਾ ਹੱਲਾ ਮਾਰੋ, ਜਰਾ ਹੱਲਾ ਮਾਰੋ,**
**ਕਿਰਤੀ ਕਿਸਾਨ ਜੁੜ ਕੇ...**
**ਸੁਣ ਲਵੋ ਕਾਗੋ, ਅਸੀਂ ਕਰ ਦੇਣਾ ਪੁੱਠੇ ਥੋਨੂੰ**
**ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ**
**ਰੋਟੀ ਬੱਚਿਆਂ ਦੇ,**
**ਰੋਟੀ ਬੱਚਿਆਂ ਦੇ ਹੱਥਾਂ ਵਿਚੋਂ ਖੋਹਣ ਵਾਲਿਓ...**

ਉਹ ਲੋਕ-ਕਾਵਿ ਦਾ ਮਘਦਾ ਸੂਰਜ ਸੀ ਜੋ ਸਿਖਰ ਦੁਪਹਿਰੇ ਛਿਪ ਗਿਆ। ਕਵਿਤਾਵਾਂ ਲਿਖਦਾ ਤੇ ਗਾਉਂਦਾ ਕੇਵਲ 47 ਸਾਲ ਦੀ ਉਮਰੇ ਚਲਾਣਾ ਕਰ ਗਿਆ। ਉਹਦੀ ਕਾਵਿ-ਬੁਲੰਦੀ ਦਾ ਅੰਦਾਜ਼ਾ 'ਕੰਮੀਆਂ ਦੇ ਵਿਹੜੇ' ਵਾਲੇ ਇਸ ਗੀਤ ਤੋਂ ਲਾਇਆ ਜਾ ਸਕਦੈ:

**ਮਾਂ ਧਰਤੀਏ ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ**
**ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ**
**ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ**
**ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ**
**ਜਿਥੇ ਵਾਲ ਤਰਸਦੇ ਕੰਘੀਆਂ ਨੂੰ**
**ਨੱਕ ਵਗਦੇ ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ**
**ਤੂੰ ਮਘਦਾ ਰਹੀਂ ਵੇ ਸੂਰਜਾ...**

ਜਦੋਂ ਉਹ ਰੋਹ ਨਾਲ ਗਾਉਂਦਾ ਤਾਂ ਉਹਦੀ ਰੋਹੀਲੀ ਲਲਕਾਰ ਹੋਰ ਵੀ ਪ੍ਰਚੰਡ ਹੋ ਜਾਂਦੀ। ਆਪਣਾ ਖੱਬਾ ਹੱਥ ਕੰਨ 'ਤੇ ਧਰ, ਸੱਜੀ ਬਾਂਹ ਆਕਾਸ਼ ਵੱਲ ਉਗਾਸਦਾ ਤਾਂ ਉਹਦੇ ਹਾਕ ਮਾਰਵੇਂ ਬੋਲ ਦੂਰ-ਦੂਰ ਤਕ ਗੂੰਜਦੇ। ਮਲਵਈ ਪੁੱਠ ਵਾਲੀ ਲਰਜ਼ਦੀ ਲਲਕਾਰ ਨਾਲ ਚਾਰਚੁਫੇਰਾ ਲਰਜ਼ ਉੱਠਦਾ। ਉਹਦੀ ਬਾਗੀ ਸੁਰ ਹਜ਼ਾਰਾਂ ਸਰੋਤਿਆਂ ਨੂੰ ਝੰਜੋੜ ਦਿੰਦੀ। ਉਨ੍ਹਾਂ ਦੇ ਦਿਲਾਂ ਦਿਮਾਗਾਂ 'ਤੇ ਜੰਮਿਆ ਜੰਗਾਲ ਉੱਤਰ ਜਾਂਦਾ। ਉਹ ਹਿੱਕ ਦੇ ਤਾਣ ਨਾਲ ਗਾਉਂਦਾ:

**ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,**
**ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ**
**ਝੋਰਾ ਕਰੀਂ ਨਾ ਕਿਲ੍ਹੇ ਆਨੰਦਪੁਰ ਦਾ,**
**ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ**
**ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ,**
**ਅਸੀਂ ਉੱਠਾਂਗੇ ਚੰਡੀ ਦੀ ਵਾਰ ਬਣ ਕੇ**
**ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,**
**ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ...**

ਉਹ ਵਿਦੇਸ਼ ਗਿਆ ਤਾਂ 'ਵਿਦੇਸ਼ੀ ਹਵਾਵਾਂ ਦੇ ਨਾਂ' ਗੀਤ ਗਾਇਆ ਜੀਹਨੂੰ ਸੁਣ ਕੇ ਪਰਵਾਸੀਆਂ ਦੇ ਹੰਝੂ ਵਹਿ ਤੁਰੇ:

**ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ**
**ਕਰੇ ਜੋਦੜੀ ਨੀ ਇਕ ਦਰਵੇਸ**
**ਮੈਨੂੰ ਮੇਰੀ ਮਾਂ ਦੇ ਵਰਗਾ ਪਿਆਰ ਨੀ**
**ਮਿਲੂ ਕਿਹੜੀਆਂ ਵਲੈਤਾਂ 'ਚੋਂ ਉਧਾਰ ਨੀ**
**ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ...**
**ਮੈਨੂੰ ਖਿੜਿਆ ਕਪਾਹ ਦੇ ਵਾਂਗ ਰਹਿਣ ਦੇ**
**ਘੱਟ ਮੰਡੀ ਵਿਚ ਮੁੱਲ ਪੈਂਦਾ ਪੈਣ ਦੇ**
**ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ**
**ਕਰੇ ਜੋਦੜੀ ਨੀ ਇਕ ਦਰਵੇਸ...**

ਉਦਾਸੀ ਦੇ ਪਿੰਡ ਰਾਇਸਰ ਤੋਂ ਮੇਰਾ ਪਿੰਡ ਚਕਰ ਥੋੜ੍ਹੀ ਹੀ ਦੂਰ ਹੈ। ਉਮਰ ਪੱਖੋਂ ਅਸੀਂ ਹਾਣੀ ਸਾਂ। ਜਦੋਂ ਉਹ ਚਕਰ ਆਉਂਦਾ ਤਾਂ ਉਹਦੇ ਗੀਤ ਸੁਣਨ ਦਾ ਮੌਕਾ ਮਿਲ ਜਾਂਦਾ। ਕਦੇ ਕਦੇ ਉਹ ਢੁੱਡੀਕੇ ਵੀ ਫੇਰੀ ਪਾਉਂਦਾ ਜਿਥੇ ਮੈਂ ਪੜ੍ਹਾਉਂਦਾ ਸਾਂ। ਉਨ੍ਹੀਂ ਦਿਨੀਂ ਕਾਲਜਾਂ ਵਿਚ ਉਦਾਸੀ-ਉਦਾਸੀ ਹੁੰਦੀ। ਉਹ ਜਮਾਤੀ ਦੁਸ਼ਮਣਾਂ ਦੇ ਸਫ਼ਾਏ ਦੀਆਂ ਗੱਲਾਂ ਕਰਦਾ ਇਨਕਲਾਬੀ ਗੀਤ ਗਾਉਂਦਾ। ਕਵੀ ਦਰਬਾਰਾਂ ਵਿਚ ਸਿਵ ਕੁਮਾਰ ਦੀ ਆਪਣੀ ਥਾਂ ਸੀ। ਉਦਾਸੀ ਨੇ ਵਿਦਿਆਰਥੀ ਰੈਲੀਆਂ ਵਿਚ ਆਪਣੀ ਥਾਂ ਬਣਾ ਲਈ। ਸਿਵ ਕੁਮਾਰ ਪਿਆਰ ਮੁਹੱਬਤ, ਬਿਰਹਾ ਵਿਜੋਗ ਤੇ ਮੌਤ ਦੇ ਨਗਮੇ ਗਾਉਂਦਾ। ਉਦਾਸੀ ਇਨਕਲਾਬ ਦੀਆਂ ਹੇਕਾਂ ਲਾਉਂਦਾ। ਦੋਵੇਂ ਆਵਾਜ਼ ਦੇ ਧਨੀ ਸਨ ਜੋ ਬਿਨਾਂ ਸਾਜ਼ਾਂ ਤੋਂ ਤਰੰਨਮ ਵਿਚ ਗਾਉਂਦੇ। ਸਿਵ ਦਰਦੀਲਾ ਸੀ, ਉਦਾਸੀ ਰੋਹੀਲਾ। ਉਦਾਸੀ ਦੇ ਤੱਤੇ ਸਰੋਤੇ ਸਿਵ ਕੁਮਾਰ ਦੀਆਂ ਪੈਰੋਡੀਆਂ ਬਣਾ ਕੇ ਉਹਦਾ ਮਜ਼ਾਕ ਉਡਾਉਂਦੇ, ਭਗੌੜਾ ਦੱਸਦੇ।

ਉਦਾਸੀ ਨਾਲ ਜੱਗੋਂ ਤੇਰ੍ਹਵੀਆਂ ਹੋਈਆਂ। ਲੋਕ ਹਿਤਾਂ ਨੂੰ ਪ੍ਰਣਾਈਆਂ ਨਜ਼ਮਾਂ ਲਿਖਣ ਤੇ ਗਾਉਣ ਬਦਲੇ ਸਮੇਂ ਦੇ ਹਾਕਮਾਂ ਦੀ ਵਹਿਸ਼ੀ ਪੁਲਿਸ ਨੇ 11 ਜਨਵਰੀ 1971 ਨੂੰ ਪੋਹ ਦੀ ਠਰੀ ਰਾਤੇ ਉਸ ਨੂੰ ਚੁੱਕ ਲਿਆ ਤੇ ਲੱਡਾ ਕੋਠੀ ਦੇ ਕਸਾਈਖਾਨੇ ਵਿਚ ਲਿਆ ਸੁੱਟਿਆ। ਬੁੱਢੀ ਮਾਂ ਜਿਵੇਂ ਕਿਵੇਂ ਲੱਡਾ ਕੋਠੀ ਪਹੁੰਚੀ। ਡਰ ਸੀ ਕਿ ਉਦਾਸੀ ਨੂੰ ਕਿਤੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਨਾ ਦਿੱਤਾ ਹੋਵੇ। ਹੰਝੂ ਕੇਰਦੀ ਮਾਤਾ ਨੇ ਡੀ. ਐੱਸ. ਪੀ. ਅੱਗੇ ਅਰਜ ਗੁਜ਼ਾਰੀ, "ਵੇ ਵੀਰਾ ਮੈਂ ਸੰਤ ਰਾਮ ਦੀ ਮਾਂ ਹਾਂ। ਆਪਣੇ ਪੁੱਤ ਨੂੰ ਮਿਲਣ ਆਈ ਆਂ। ਮਿਲਾ ਦਿਓ, ਰੱਬ ਥੋਡਾ ਭਲਾ ਕਰੇ।"

ਉਸ ਵੇਲੇ ਉਦਾਸੀ ਮੂਧੇ ਮੂੰਹ ਬੇਸੁਰਤ ਪਿਆ ਸੀ। ਉਸ ਨੂੰ ਏਨਾ ਕੁੱਟਿਆ ਮਾਰਿਆ ਗਿਆ ਸੀ ਕਿ ਉੱਠ ਨਹੀਂ ਸੀ ਸਕਦਾ। ਰੱਸਿਆਂ ਨਾਲ ਪੁੱਠਾ ਟੰਗ ਕੇ ਸਿਰ ਡੰਡਿਆਂ ਨਾਲ ਭੰਨਿਆਂ ਗਿਆ ਸੀ। ਸਿਰ ਹੇਠਾਂ ਵੱਡੀ ਮੋਮਬੱਤੀ ਬਾਲ ਕੇ ਸੇਕ ਦਿੱਤਾ ਗਿਆ ਸੀ ਤਾਂ ਕਿ ਦਿਮਾਗ ਦੀ ਮਿੱਝ ਢਾਲ ਕੇ ਉਦਾਸੀ ਨੂੰ ਕਮਲਾ ਕਰ ਦਿੱਤਾ ਜਾਵੇ। ਮੁੜ ਕੇ ਨਾ ਉਹ ਲਿਖ ਸਕੇ ਤੇ ਨਾ ਗਾ ਸਕੇ। ਹੱਥਾਂ ਦੇ ਪੋਟਿਆਂ ਨੂੰ ਸੂਈਆਂ ਮਾਰ ਕੇ ਛਾਨਣੀ ਕੀਤਾ ਹੋਇਆ ਸੀ। ਸਿਰ ਦੇ ਵਾਲ ਪੁੱਟ ਕੇ ਖੋਪੜੀ ਰੋੜੀ ਕੀਤੀ ਪਈ ਸੀ। ਉੱਤੋਂ ਪੋਹ ਦੀ ਕੱਕਰਮਾਰੀ ਠਾਰੀ। ਉਦਾਸੀ ਦੇ ਪੈਰਾਂ ਦੀਆਂ ਤਲੀਆਂ ਵਿਚ ਖ਼ੂਨ ਜੰਮਿਆ ਹੋਇਆ ਸੀ। ਸਰੀਰ ਦੇ ਸਾਰੇ ਜੋੜ ਡੰਡੇ ਮਾਰ-ਮਾਰ ਸੁਜਾਏ ਪਏ ਸਨ।

ਡੀ. ਐੱਸ. ਪੀ. ਨੇ ਮਾਈ ਨੂੰ ਪੁੱਛਿਆ, "ਜੇ ਉਦਾਸੀ ਨੂੰ ਦੂਰੋਂ ਦਿਖਾ ਦੇਈਏ ਤਾਂ ਕੋਈ ਇਤਰਾਜ਼ ਤਾਂ ਨਹੀਂ?" ਮਮਤਾ ਦੀ ਮਾਰੀ ਮਾਂ ਨੇ ਕਿਹਾ, "ਵੇ ਵੀਰਾ, ਮੈਂ ਗਰੀਬਣੀ ਨੇ ਕਾਹਦਾ ਇਤਰਾਜ਼ ਕਰਨੈਂ? ਥੋਡੇ ਰਹਿਮ ਨਾਲ ਮੇਰਾ ਪੁੱਤ ਮੈਨੂੰ ਦਿਸ ਜੇ। ਮੈਂ ਸਮਝ ਲੂੰ ਮੇਰਾ ਪੁੱਤ ਜਿਊਂਦੈ! ਪੁਲਿਸ ਨੇ ਮਾਰਿਆ ਨੀ। ਮੈਂ ਤਾਂ ਉਹਨੂੰ ਦੇਖਣਾ ਈ ਚਾਹੁੰਨੀ ਆਂ। ਜੇ ਮੇਰੇ ਨੇੜੇ ਨੀ ਲੈ ਕੇ ਆਉਣਾ ਬੇਸ਼ਕ ਨਾ ਲਿਆਓ। ਮੈਨੂੰ ਦੂਰੋਂ ਈ ਖੜ੍ਹਾ ਦਿਖਾ ਦਿਓ। ਸੰਤ ਰਾਮ ਦੂਰੋਂ ਖੜ੍ਹਾ ਈ ਆਖ ਦੇਵੇ, ਬੇਬੇ ਮੈਂ ਜਿਔਨਾਂ। ਤੂੰ ਜਾਹ ਘਰ ਨੂੰ।"

ਹਵਾਲਦਾਰ ਬੈਰਕ ਵਿਚ ਜਾ ਕੇ ਉਦਾਸੀ ਨੂੰ ਹਲੂਣਨ ਲੱਗਾ, "ਓਏ ਉਦਾਸੀ, ਓਏ ਉਦਾਸੀ। ਉੱਠ ਓਏ, ਤੇਰੀ ਮਾਂ ਤੈਨੂੰ ਮਿਲਣ ਆਈ ਐ। ਬਾਹਰ ਖੜ੍ਹੀ ਐ ਤੇਰੀ ਮਾਂ। ਉੱਠ ਨਹੀਂ ਤਾਂ ਮਰਜੂ ਓਹ ਵੀ।"

'ਮਾਂ' ਸ਼ਬਦ ਨੇ ਉਦਾਸੀ ਦੀ ਸੁਰਤ ਮੋੜੀ। ਕਿਤੇ ਉਹ ਸੱਚੀਂ ਨਾ ਸਾਹ ਖਿੱਚਜੇ। ਉਹ ਔਖਾ ਸੌਖਾ ਮਾਂ ਤਕ ਪੁੱਜਾ ਤੇ ਦੂਰ ਸੀ ਸੋਚ ਕੇ ਬੋਲਿਆ, "ਮਾਂ, ਮੈਂ ਠੀਕ ਠਾਕ ਆਂ। ਤੂੰ ਕਿਤੇ ਮਮਤਾ ਦੇ ਪਿਆਰ 'ਚ ਸਾਹ ਨਾ ਚੜ੍ਹਾ ਲਈਂ। ਏਥੇ ਫੇਰ ਕੌਣ ਸਾਂਭੂਗਾ ਤੈਨੂੰ?"

ਮਾਂ ਨੇ ਪੀੜਾਂ ਪਰੁੰਨੇ ਘਾਇਲ ਪੁੱਤਰ ਨੂੰ ਬੁਕਲ 'ਚ ਲੈ ਕੇ ਪਿਆਰ ਦਿੱਤਾ ਤੇ ਕਿਹਾ, "ਪੁੱਤ ਤੇਰਾ ਰੱਬ ਰਾਖਾ। ਪੁੱਤ ਹੁਣ ਮੇਰਾ ਸਾਹ ਨੀ ਚੜ੍ਹਦਾ। ਤੂੰ ਮੇਰਾ ਫਿਕਰ ਨਾ ਕਰੀਂ।"

ਬੱਸ ਏਨੀ ਹੀ ਹੋ ਸਕੀ ਸੀ ਮੁਲਾਕਾਤ।

ਨਕਸਲਬਾੜੀ ਲਹਿਰ ਨਾਲ ਪਰਨਾਇਆ ਹੋਣ ਕਰਕੇ ਉਹ ਗੁਰਦਵਾਰਿਆਂ ਦੀਆਂ ਸਟੇਜਾਂ ਉਤੇ ਵੀ ਇਨਕਲਾਬੀ ਸਿੱਖ ਵਿਰਸੇ ਦੀਆਂ ਬਾਤਾਂ ਹੀ ਪਾਉਂਦਾ। ਸਰਕਾਰੀ ਕਵੀ ਦਰਬਾਰਾਂ 'ਚ ਵੀ ਸਥਾਪਤੀ ਵਿਰੋਧੀ ਕਵਿਤਾਵਾਂ ਪੜ੍ਹਦਾ। ਅਫ਼ਸਰਾਂ ਦੀ ਉਹਨੇ ਕਦੇ ਖ਼ੁਸ਼ਾਮਦ ਨਹੀਂ ਕੀਤੀ ਤੇ ਨਾ ਹੀ ਸਰਕਾਰਾਂ ਦੇ ਸੋਹਲੇ ਗਾਏ। ਉਹ ਸਥਾਪਤੀ ਦੇ ਮੰਚ ਉਤੇ ਸਥਾਪਤੀ ਵਿਰੁੱਧ ਬੋਲਦਾ। 'ਦਿੱਲੀਏ ਦਿਆਲਾ ਦੇਖ' ਕਵਿਤਾ ਉਸ ਨੇ ਲਾਲ ਕਿਲੇ ਦੇ ਸਰਕਾਰੀ ਕਵੀ ਦਰਬਾਰ ਵਿਚ ਪੜ੍ਹੀ ਸੀ।

**ਉਦਾਸੀ ਦੀ ਅਣਿਆਈ ਮੌਤ**

ਡਰੋਲੀ ਭਾਈ ਦਾ ਗੁਰਚਰਨ ਸਿੰਘ ਸੰਘਾ ਢੁੱਡੀਕੇ ਪੜ੍ਹਦਿਆਂ ਉਦਾਸੀ ਦਾ ਦੋਸਤ ਬਣ ਗਿਆ ਸੀ। ਸਮਾਂ ਪਾ ਕੇ ਉਹ ਸ੍ਰੀ ਹਜ਼ੂਰ ਸਾਹਿਬ ਤੋਂ ਨਿਕਲਦੇ 'ਸੱਚਖੰਡ ਪੱਤਰ' ਦਾ ਸੰਪਾਦਕ ਬਣਿਆ। ਉਹ ਉਦਾਸੀ ਦੇ ਅੰਤਲੇ ਸਮੇਂ ਦਾ ਚਸ਼ਮਦੀਦ ਗਵਾਹ ਹੈ। ਉਸ ਦਾ ਲਿਖਤੀ ਬਿਆਨ ਹੈ: ਗੱਲ 1972-73 ਦੀ ਹੈ ਜਦ ਸੰਤ ਰਾਮ ਉਦਾਸੀ ਲੋਕਾਂ ਦੇ ਦਿਲ ਦੀ ਆਵਾਜ਼ ਬਣ ਗਿਆ ਸੀ। ਉਸ ਨੇ ਨਾਹਰਾ ਦਿੱਤਾ ਸੀ 'ਗੁਰੂ ਗੋਬਿੰਦ ਸਿੰਘ ਦਾ ਰਾਹ, ਸਾਡਾ ਰਾਹ'। ਮੈਂ ਉਸ ਸਮੇਂ ਢੁੱਡੀਕੇ ਦੇ ਲਾਲਾ ਲਾਜਪਤ ਰਾਏ ਕਾਲਜ ਦਾ ਵਿਦਿਆਰਥੀ ਸਾਂ। ਉਥੇ ਮੈਂ ਵੀ ਉਹਦੇ ਰਾਹ ਪੈ ਗਿਆ। ਮੇਰੀਆਂ ਕਵਿਤਾਵਾਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਪੋਸਟਰਾਂ ਦੇ ਹੈਡਿੰਗ ਬਣਨ ਲੱਗੀਆਂ...।

24 ਨਵੰਬਰ 2019 ਨੂੰ ਸਾਡਾ ਉਹੀ ਪੁਰਾਣਾ ਵਿਦਿਆਰਥੀ ਸੰਘਾ ਮੈਨੂੰ ਮੋਗੇ ਮਿਲਿਆ। ਉਸ ਨੇ ਆਖਰੀ ਗੱਲ ਦੱਸੀ: ਅਕਤੂਬਰ 1986 'ਚ ਉਦਾਸੀ ਮੈਨੂੰ ਬਾਘੇ ਪੁਰਾਣੇ ਸਾਹਿਤ ਸਭਾ ਦੀ ਮੀਟਿੰਗ ਵਿਚ ਮਿਲਿਆ ਸੀ। ਉਥੇ ਤੈਅ ਹੋਇਆ ਕਿ ਗੁਰਤਾ ਗੱਦੀ ਦਿਹਾੜੇ ਨੰਦੇੜ ਦੇ ਕਵੀ ਦਰਬਾਰ ਵਿਚ ਉਹ ਵੀ ਸ਼ਾਮਲ ਹੋਵੇਗਾ। 1 ਨਵੰਬਰ 1986 ਤੋਂ ਪ੍ਰੋਗਰਾਮ ਸ਼ੁਰੂ ਹੋਏ। ਅਖ਼ੀਰਲੀ ਰਾਤ 5 ਨਵੰਬਰ ਨੂੰ ਉੱਚ ਪਾਏ ਦਾ ਕਵੀ ਦਰਬਾਰ ਹੋਇਆ ਜਿਸ ਵਿਚ ਉਦਾਸੀ ਨੇ ਬਹੁਤ ਉੱਚੀ ਕਿੱਲ੍ਹ-ਕਿੱਲ੍ਹ ਕੇ ਗਾਇਆ ਤੇ ਬਾਜ਼ੀ ਲੈ ਗਿਆ। ਕਵੀ ਦਰਬਾਰ ਤੋਂ ਬਾਅਦ ਮੈਂ ਤੇ ਉਦਾਸੀ ਰਾਤ ਦੇ 2:45 ਵਜੇ ਤੱਕ 'ਕੱਠੇ ਬੈਠੇ। ਉਦਾਸੀ ਮੇਰੇ ਗਲ ਲੱਗ ਕੇ ਰੋਣ ਲੱਗਾ...ਸੰਘੇ ਬਾਈ, ਮੈਂ ਜ਼ਿੰਦਗੀ ਤੋਂ ਤੰਗ ਆ ਗਿਆਂ। ਘਰ ਤੋਂ ਸੰਨਿਆਸ ਲੈਣਾ ਚਾਹੁੰਨਾਂ। ਤੂੰ ਥੋੜ੍ਹਾ ਬਹੁਤਾ ਸਾਥ ਦੇਹ। ਮੈਂ ਆਖਿਆ, ਉਦਾਸੀ ਤੂੰ ਘਬਰਾ ਨਾ। ਤੈਨੂੰ ਮੈਂ ਅੱਖਾਂ ਦੀਆਂ ਪੁਤਲੀਆਂ 'ਚ ਲੁਕੋ ਸਕਦਾਂ। ਤੂੰ ਕੁੜੀਆਂ ਮੁੰਡੇ ਵਿਆਹ ਲੈ, ਫੇਰ ਜੋ ਕਹੇਂਗਾ ਕਰਾਂਗਾ। ਉੱਦਣ ਅਸੀਂ ਬਹੁਤ ਗੱਲਾਂ ਕੀਤੀਆਂ...।

'ਬਹੁਤ' ਗੱਲਾਂ ਦਾ ਬਹੁਤਾ ਵੇਰਵਾ ਦੇਣਾ ਸੰਘਾ ਮੁਨਾਸਬ ਨਹੀਂ ਸਮਝਦਾ।

ਪ੍ਰੋ. ਬਲਕਾਰ ਸਿੰਘ ਤੇ ਉਦਾਸੀ ਦੀਆਂ ਟਿਕਟਾਂ ਬੁੱਕ ਸਨ। ਉਸ ਦੀ ਵਿਗੜੀ ਹਾਲਤ ਦੇਖ ਕੇ ਮੈਂ ਉਹਨੂੰ ਆਪਣੇ ਕੋਲ ਰੱਖਣ ਦਾ ਬੜਾ ਯਤਨ ਕੀਤਾ। ਪਰ ਉਸ ਨੇ ਉੱਕਾ ਨਾਂਹ ਕਰ ਦਿੱਤੀ। ਸਵੇਰੇ ਸਾਜਰੇ ਹੀ ਉਹ ਬਲਕਾਰ ਸਿੰਘ ਨਾਲ ਗੱਡੀ ਚੜ੍ਹ ਗਿਆ। ਗੱਡੀ ਵਿਚ ਸੁੱਤੇ ਪਏ ਦੀ ਉਹਦੀ ਮੌਤ ਹੋ ਗਈ। ਉਹਦਾ ਸਸਕਾਰ ਮਨਵਾੜ ਦੇ ਸਿਵਿਆਂ ਵਿਚ ਕੀਤਾ ਗਿਆ ਤੇ ਹਜ਼ੂਰ ਸਾਹਿਬ ਭੋਗ ਪਾਉਣ ਪਿੱਛੋਂ ਫੁੱਲ ਗੋਦਾਵਰੀ ਨਦੀ ਵਿਚ ਤਾਰੇ ਗਏ।

ਅਜਿਹੀ ਹੋਣੀ ਸੀ ਪੰਜਾਬ ਦੇ ਜਾਏ, ਲੋਕ-ਕਾਵਿ ਦੇ ਮਘਦੇ ਸੂਰਜ, ਕੰਮੀਆਂ ਕਿਰਤੀਆਂ ਦੇ ਲੋਕ ਕਵੀ ਦੀ!

ਉਦਾਸੀ ਦੇ ਇਕ ਨਿੱਜੀ ਦੋਸਤ ਦੀ ਟਿੱਪਣੀ ਕਾਬਲੇ ਗੌਰ ਹੈ: ਜਦੋਂ ਕੋਈ ਉਦਾਸੀ ਵਰਗਾ ਕਵੀ ਤੁਰ ਜਾਂਦਾ ਹੈ ਤਾਂ ਲੋਕ ਇਸ ਨੂੰ 'ਬੇਵਕਤੀ ਮੌਤ' ਆਖ ਕੇ ਸੋਕ ਜ਼ਾਹਰ ਕਰਦੇ ਹਨ ਪਰ ਮੌਤ ਦੇ ਕਾਰਨਾਂ ਵੱਲ ਧਿਆਨ ਨਹੀਂ ਦਿੰਦੇ। ਉਦਾਸੀ ਦੀ ਮੌਤ ਦੇ ਕਾਰਨਾਂ ਵਿਚ ਨਕਸਲੀਆਂ ਦਾ ਖਿੰਡ ਕੇ ਖੱਖੜੀਆਂ ਕਰੇਲੇ ਹੋ ਜਾਣਾ, ਉਦਾਸੀ ਦਾ ਉਦਾਸ ਹੋ ਜਾਣਾ, ਵੱਖ ਵੱਖ ਗੁਰਪਾਂ ਵੱਲੋਂ ਉਦਾਸੀ ਨੂੰ ਮਾਨਸਿਕ ਢਾਰਸ ਦੇਣ ਦੀ ਬਜਾਏ, ਕਵੀ ਦੀ ਆਪਣੇ ਧੜੇ ਵੱਲ ਖਿੱਚ ਧੂਹ ਕਰਨੀ ਤੇ ਫਿਰ ਉਹਦਾ ਬਾਈਕਾਟ ਕਰ ਦੇਣਾ, ਸ਼ਾਮਲ ਹਨ। ਉਦਾਸੀ ਵੱਲੋਂ ਜਮਾਤੀ ਦੁਸ਼ਮਣਾਂ ਅਤੇ ਜਮਾਤੀ ਦੁਸ਼ਮਣਾਂ ਵੱਲੋਂ ਉਦਾਸੀ ਦਾ ਵਿਰੋਧ ਕਰਨਾ ਤਾਂ ਬਣਦਾ ਹੀ ਸੀ। ਅਫਸੋਸ ਕਿ ਉਹਦੀ 'ਆਪਣੀ ਜਮਾਤ' ਦੇ ਹੀ ਸਾਥੀਆਂ ਨੇ ਉਹਦਾ ਅੰਨ੍ਹਾਂ ਵਿਰੋਧ ਕੀਤਾ ਜਿਨ੍ਹਾਂ ਨੇ ਉਸ ਨੂੰ ਮੌਤ ਦੇ ਅੰਨ੍ਹੇ ਖੂਹ ਵੱਲ ਧੱਕ ਦਿੱਤਾ।


ਕਾਸ਼! ਇਨਕਲਾਬ ਨੂੰ ਪਰਨਾਏ ਇਸ ਲੋਕ ਕਵੀ ਨੂੰ ਉਹਦੇ ਹੀ ਸਾਥੀ ਜੇ ਝੇਡਾਂ ਨਾ ਕਰਦੇ, ਤੋਹਮਤਾਂ ਨਾ ਲਾਉਂਦੇ, ਬਦਖੋਈ ਨਾ ਕਰਦੇ ਅਤੇ 'ਲੋਕ ਕਵੀ' ਦੀ ਥਾਂ 'ਨੋਟ ਕਵੀ' ਤੇ 'ਲਹੂ ਭਿੱਜੇ ਬੋਲਾਂ' ਵਾਲਾ ਕਵੀ ਕਹਿਣ ਦੀ ਥਾਂ 'ਸ਼ਰਾਬ ਭਿੱਜੇ ਬੋਲਾਂ' ਵਾਲਾ 'ਵਿਕਿਆ ਕਵੀ' ਨਾ ਕਹਿੰਦੇ ਤਾਂ ਸੰਭਵ ਸੀ ਉਹ ਵੱਧ ਵਰ੍ਹੇ ਜਿਉਂਦਾ ਅਤੇ ਹੋਰ ਲਿਖਦਾ ਤੇ ਗਾਉਂਦਾ।


ਪੰਜਾਬੀ ਦੇ ਇਸ ਬਦਕਿਸਮਤ ਕਵੀ ਕੋਲ ਕੋਈ ਦੁਨਿਆਵੀ ਜਾਇਦਾਦ ਨਹੀਂ ਸੀ ਜਿਸ ਦੀ ਉਹ ਵਸੀਅਤ ਕਰਦਾ। ਫਿਰ ਵੀ ਉਸ ਨੇ 'ਵਸੀਅਤ' ਲਿਖੀ:

**ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ**
**ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ**
**ਮੇਰੀ ਜ਼ਿੰਦਗੀ ਵੀ ਕੀ ? ਬਸ ਬੂਰ ਸਰਕੜੇ ਦਾ**
**ਆਹਾਂ ਦਾ ਸੇਕ ਕਾਫ਼ੀ ਤੀਲੀ ਬੇਸ਼ੱਕ ਨਾ ਲਾਇਓ**
**ਹੋਣਾ ਨਹੀਂ ਮੈਂ ਚਾਹੁੰਦਾ, ਸੜ ਕੇ ਸੁਆਹ ਇਕੇਰਾਂ**
**ਜਦ ਜਦ ਢਲੇਗਾ ਸੂਰਜ, ਕਣ ਕਣ ਮੇਰਾ ਜਲਾਇਓ**
**ਵਲਗਣ 'ਚ ਕੈਦ ਹੋਣਾ, ਮੇਰੇ ਨਹੀਂ ਮੁਆਫ਼ਕ**
**ਯਾਰਾਂ ਦੇ ਵਾਂਗ ਅਰਥੀ ਸੜਕਾਂ 'ਤੇ ਹੀ ਜਲਾਇਓ**
**ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ**
**ਜਿਸ ਦਾ ਹੈ ਪੰਧ ਬਿਖੜਾ ਓਸੇ ਹੀ ਰਾਹ ਲਿਜਾਇਓ**
**ਮੇਰੀ ਮੌਤ 'ਤੇ ਨਾ ਰੋਇਓ...**

# "ਨਵਉਦਾਰਵਾਦ ਦੇ ਖ਼ਿਲਾਫ਼ ਡੱਟੇ ਬਿਨਾਂ ਬਦਲਾਓ ਸੰਭਵ ਨਹੀਂ ਹੈ" - ਕੋਬਾਡ ਗ਼ਾਂਧੀ

[ਕੋਬਾਡ ਗਾਂਧੀ ਇਕ ਕਮਿਊਨਿਸਟ ਅਤੇ ਜਾਤੀ ਵਿਰੋਧੀ ਕਾਰਕੁੰਨ ਹਨ ਜਿਨ੍ਹਾਂ ਨੂੰ ਦਿੱਲੀ, ਆਂਧਰਾ ਪ੍ਰਦੇਸ਼, ਪੰਜਾਬ ਅਤੇ ਮੁਲਕ ਦੀਆਂ ਕਈ ਹੋਰ ਜੇਲ੍ਹਾਂ ਵਿਚ ਭਾਰਤ ਦੇ ਸਭ ਤੋਂ ਮਸ਼ਹੂਰ ਰਾਜਨੀਤਕ ਕੈਦੀਆਂ ਵਿੱਚੋਂ ਇਕ ਦੇ ਤੌਰ 'ਤੇ ਇਕ ਦਹਾਕਾ ਨਰੱਕੀ ਜੇਲ੍ਹ ਕੱਟਣੀ ਪਈ। ਜਦ ਉਨ੍ਹਾਂ ਨੂੰ ਪਹਿਲੀ ਵਾਰ ਸਤੰਬਰ 2009 'ਚ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਤਾਂ ਉਨ੍ਹਾਂ ਉੱਪਰ "ਚੋਟੀ ਦਾ ਮਾਓਵਾਦੀ ਆਗੂ" ਹੋਣ ਦਾ ਇਲਜ਼ਾਮ ਲਗਾਇਆ ਗਿਆ ਸੀ। ਹੁਣ ਅਦਾਲਤ ਨੇ ਉਸ ਨੂੰ ਉਨ੍ਹਾਂ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ ਹੈ। ਹਾਲਾਂਕਿ ਉਨ੍ਹਾਂ ਦੇ ਖ਼ਿਲਾਫ਼ ਇਹ ਬਹੁਤ ਸਾਰੇ ਕੇਸ ਅਜੇ ਵੀ ਚੱਲ ਰਹੇ ਹਨ। ਓੜਕ 2019 ਦੇ ਅੰਤ 'ਚ ਜੇਲ੍ਹ ਤੋਂ ਬਾਹਰ ਆ ਕੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਅਨੁਭਵਾਂ ਨੂੰ ਸਿਲਸਿਲੇਵਾਰ ਲਿਖਣ ਦਾ ਕੰਮ ਸ਼ੁਰੂ ਕੀਤਾ। ਕਮਿਊਨਿਜ਼ਮ ਪ੍ਰਤੀ ਆਪਣੇ ਝੁਕਾਅ, ਮਹਾਰਾਸ਼ਟਰ ਵਿਚ ਦਲਿਤ ਪੈਂਥਰਜ਼ ਦੀ ਸਥਾਪਨਾ, ਆਪਣੀ ਦਲੇਰ ਜੀਵਨ-ਸਾਥਣ ਅਨੁਰਾਧਾ ਅਤੇ ਮੁਲਕ ਦੀਆਂ ਵੱਖ-ਵੱਖ ਜੇਲ੍ਹਾਂ ਦੇ ਹਾਲਾਤਾਂ ਬਾਰੇ ਉਨ੍ਹਾਂ ਨੇ ਆਪਣੀ ਕਿਤਾਬ ਵਿਚ ਬੇਬਾਕੀ ਨਾਲ ਲਿਖਿਆ ਹੈ। ਮੁਲਕ ਦੀ ਬੇਹੱਦ ਜ਼ਹੀਨ ਬੁੱਧੀਜੀਵੀ ਅਨੁਰਾਧਾ ਗ਼ਾਂਧੀ ਆਦਿਵਾਸੀਆਂ 'ਚ ਕੰਮ ਕਰਦਿਆਂ ਦਿਮਾਗੀ ਮਲੇਰੀਆ ਦੀ ਲਪੇਟ 'ਚ ਆਉਣ ਕਾਰਨ 12 ਅਪ੍ਰੈਲ 2008 ਨੂੰ ਇਸ ਦੁਨੀਆ ਤੋਂ ਬੇਵਕਤ ਰੁਖ਼ਸਤ ਹੋ ਗਈ ਸੀ। ਪਿਛਲੇ ਮਹੀਨੇ ਫਰੈਕਚਰਡ ਫ਼ਰੀਡਮ: ਏ ਪ੍ਰਿਜ਼ਨ ਮੈਮੋਅਰ ਨਾਮ ਨਾਲ ਕੋਬਾਡ ਗ਼ਾਂਧੀ ਦੀ ਕਿਤਾਬ ਛਪੀ। ਜਿਸ ਦਾ ਪਹਿਲਾ ਐਡੀਸ਼ਨ ਹੱਥੋਂਹੱਥੀ ਵਿਕ ਗਿਆ। ਇਸ ਵਾਰਤਾਲਾਪ 'ਚ ਕਾਨੂੰਨ ਦੀ ਵਿਦਿਆਰਥਣ ਅਤੇ ਸੁਤੰਤਰ ਪੱਤਰਕਾਰ ਸਬਾ ਗੁਰਮਤ ਨੇ ਕਿਤਾਬ ਅਤੇ ਵੱਖ-ਵੱਖ ਮੁੱਦਿਆਂ ਉੱਪਰ ਕੋਬਾਡ ਨਾਲ ਗੱਲਬਾਤ ਕੀਤੀ। ਕਾਰਵਾਂ ਮੈਗਜ਼ੀਨ ਦੇ ਧੰਨਵਾਦ ਇਸ ਗੱਲਬਾਤ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ] ਅਨੁਵਾਦ : ਬੂਟਾ ਸਿੰਘ






ਸਬਾ ਗੁਰਮਤ: ਆਪਣੀ ਕਿਤਾਬ 'ਚ ਜਨਸ਼ਕਤੀ ਦੇ ਗਠਨ (1990ਵਿਆਂ 'ਚ ਕਈ ਕਮਿਊਨਿਸਟ ਜਥੇਬੰਦੀਆਂ ਦੇ ਰਲੇਵੇਂ ਨਾਲ ਹੋਂਦ 'ਚ ਆਏ ਮਾਰਕਸਵਾਦੀ-ਲੈਨਿਨਵਾਦੀ ਜਨਸ਼ਕਤੀ ਧੜੇ) ਬਾਰੇ ਚਰਚਾ ਕਰਦੇ ਹੋਏ ਤੁਸੀਂ ਦੱਸਦੇ ਹੋ ਕਿ ਉਨ੍ਹਾਂ ਦਿਨਾਂ 'ਚ ਜ਼ਿਆਦਾਤਰ ਕਮਿਊਨਿਸਟਾਂ ਲਈ ਜਾਤੀ ਕਿੰਨੀ "ਤ੍ਰਿਸਕਾਰ ਵਾਲੀ" ਚੀਜ਼ ਸੀ। ਤੁਸੀਂ ਦੱਸਦੇ ਹੋ ਕਿ ਦਲਿਤ ਪੈਂਥਰਜ਼ ਦੀ ਹਮਾਇਤ ਕਰਨ ਨੂੰ ਲੈ ਕੇ ਕਮਿਊਨਿਸਟ ਹਲਕਿਆਂ ਅਤੇ ਜਨਸ਼ਕਤੀ ਦੇ ਆਗੂਆਂ ਵਿਚ ਟਕਰਾਓ ਸੀ। ਤੁਸੀਂ ਇਸ ਉੱਪਰ ਇਕ ਲੇਖ ਵੀ ਲਿਖਿਆ ਸੀ ਲੇਕਿਨ ਉਹ ਗੁੰਮ ਕਰ ਦਿੱਤਾ ਗਿਆ। ਕੀ ਤੁਸੀਂ ਉਹਨਾਂ ਹਾਲਾਤ ਬਾਰੇ ਥੋੜ੍ਹਾ ਹੋਰ ਦੱਸ ਦਸਕਦੇ ਹੋ? ਅੱਜ ਵੀ ਕਮਿਊਨਿਸਟ ਪਾਰਟੀਆਂ ਦੀ ਅਗਵਾਈ ਜ਼ਿਆਦਾਤਰ ਬ੍ਰਾਹਮਣਾਂ ਦੇ ਹੱਥਾਂ 'ਚ ਹੈ ਅਤੇ ਜਾਤੀ ਸੰਬੰਧੀ ਮੁੱਦਿਆਂ ਨੂੰ ਚੁੱਕਣ 'ਚ ਇਹ ਪਾਰਟੀਆਂ ਝਿਜਕਦੀਆਂ ਹਨ। ਕੀ ਤੁਸੀਂ ਉਨ੍ਹਾਂ ਦੇ ਨਜ਼ਰੀਏ 'ਚ ਕੋਈ ਬਦਲਾਓ ਦੇਖਦੇ ਹੋ?

ਕੋਬਾਡ ਗ਼ਾਂਧੀ: ਚਾਹੇ ਉਹ ਜਨਸ਼ਕਤੀ ਧੜਾ ਰਿਹਾ ਹੋਵੇ ਜਾਂ ਕੁਛ ਮਾਰਕਸਵਾਦੀ-ਲੈਨਿਨਵਾਦੀ ਮੁਹਾਜ਼, ਮੈਨੂੰ ਲੱਗਦਾ ਹੈ ਕਿ ਜਾਤੀ ਦੇ ਸਵਾਲ ਨੂੰ ਨਜ਼ਰਅੰਦਾਜ਼ ਕਰਨਾ ਸਿਧਾਂਤਕ ਪੱਧਰ ਦੇ ਮੁਕਾਬਲੇ ਵਿਹਾਰਕ ਪੱਧਰ ਉੱਪਰ ਵਧੇਰੇ ਸੀ। ਮੈਂ ਪੈਂਥਰਜ਼ ਦੇ ਆਗੂਆਂ ਨੂੰ ਜਾਣਦਾ ਸੀ ਅਤੇ ਮੈਂ ਵੀ ਜ਼ਮੀਨੀਂ ਪੱਧਰ 'ਤੇ ਕੰਮ ਕਰ ਰਿਹਾ ਸੀ। ਕਿਉਂਕਿ ਅਸੀਂ ਵੌਰਲੀ (ਮੁੰਬਈ) 'ਚ ਮਾਇਆਨਗਰ 'ਚ ਸੀ ਜਿੱਥੇ ਸ਼ਿਵਸੈਨਾ ਨਾਲ ਸੰਘਰਸ਼ ਲੜਿਆ ਗਿਆ ਸੀ। ਇਸ ਲਈ ਮੈਂ ਸਿਧਾਰਥ ਵਿਹਾਰ ਕਾਲਜ ਦੇ ਹੌਸਟਲ 'ਚ (ਦਲਿਤ ਪੈਂਥਰਜ਼ ਦੇ) ਆਗੂਆਂ ਨੂੰ ਮਿਲਿਆ। ਮੈਂ ਇਸ ਮੁੱਦੇ ਦਾ ਅਧਿਐਨ ਕੀਤਾ ਅਤੇ ਕਈ ਕਮਿਊਨਿਸਟਾਂ ਨਾਲ ਇਸ ਉੱਪਰ ਗੱਲਬਾਤ ਵੀ ਕੀਤੀ। ਉਸ ਵਕਤ ਅਸਲ 'ਚ ਕੁਛ ਨੇ ਇਹ ਵੀ ਕਿਹਾ, "ਸ਼ਿਵ ਸੈਨਾ ਵਾਲੇ ਲੁੰਪਨ ਹਨ, ਮਰਾਠਾ-ਮਰਾਠਾ ਕਰਨ ਵਾਲੇ ਲੁੰਪਨ ਹਨ ਅਤੇ ਇਸੇ ਤਰ੍ਹਾਂ ਇਹ ਦਲਿਤ-ਦਲਿਤ ਕਰਨ ਵਾਲੇ ਲੁੰਪਨ ਹਨ।" ਲੇਕਿਨ ਮੈਂ ਉਂਞ ਵੀ ਜ਼ਮੀਨੀਂ ਪੱਧਰ 'ਤੇ ਕੰਮ ਕਰ ਰਿਹਾ ਸੀ ਅਤੇ ਮੈਨੂੰ ਯਕੀਨ ਸੀ ਕਿ ਜਾਤੀ ਦਾਬਾ ਬਹੁਤ ਜ਼ਿਆਦਾ ਸੀ। ਇਸ ਲਈ ਜਦ ਮੈਂ ਦੇਖਿਆ ਕਿ ਅਸੀਂ ਜਿਨ੍ਹਾਂ ਐੱਮ.ਐੱਲ. ਹਲਕਿਆਂ ਜਾਂ ਸਮੂਹਾਂ ਦੇ ਸੰਪਰਕ 'ਚ ਸੀ ਉੱਥੇ ਕੋਈ ਪ੍ਰਤੀਕਰਮ ਨਹੀਂ ਆ ਰਿਹਾ ਸੀ ਤਾਂ ਮੈਂ ਲਿਖਣਾ ਸ਼ੁਰੂ ਕੀਤਾ ਅਤੇ ਅਨੁਰਾਧਾ ਨੇ ਵੀ ਇਹੀ ਕੀਤਾ। ਅਸੀਂ ਦੋਨਾਂ ਨੇ ਮਿਲ ਕੇ ਫਰੰਟੀਅਰ ਪ੍ਰਕਾਸ਼ਨ 'ਚ ਲਿਖਿਆ: "ਜਾਤੀ ਦੇ ਸਵਾਲ ਉੱਪਰ ਮਾਰਕਸਵਾਦੀ ਨਜ਼ਰੀਏ ਵੱਲ ਧਿਆਨ ਦਿੱਤਾ ਜਾਣਾ ਕਿਉਂ ਜ਼ਰੂਰੀ ਹੈ।" ਮੈਨੂੰ ਲੱਗਦਾ ਹੈ ਕਿ ਇਹ ਲੇਖ 1978 'ਚ ਆਇਆ ਸੀ। ਇਸੇ ਤਰ੍ਹਾਂ, ਮਰਾਠੀ ਪ੍ਰਕਾਸ਼ਨ ਸੱਤਿਆਸ਼ੋਧਕ ਮਾਰਕਸਵਾਦ 'ਚ ਇਕ ਲੰਮਾ ਲੇਖ ਛਪਿਆ।

ਉਸ ਵਕਤ ਮਹਾਰਾਸ਼ਟਰ 'ਚ ਕਾਫ਼ੀ ਮੰਥਨ ਚੱਲ ਰਿਹਾ ਸੀ। ਅੰਬੇਡਕਰ ਦੀ ਕਿਤਾਬ ਹਿੰਦੂਵਾਦ ਦੀਆਂ ਪਹੇਲੀਆਂ ਨੂੰ ਲੈ ਕੇ ਵਾਦ-ਵਿਵਾਦ ਚੱਲ ਰਿਹਾ ਸੀ ਅਤੇ ਨਾਮ ਬਦਲਣ ਲਈ ਅੰਦੋਲਨ ਵੀ ਹੋ ਰਿਹਾ ਸੀ। ਇਹ ਮਰਾਠਵਾੜਾ ਯੂਨੀਵਰਸਿਟੀ ਦਾ ਨਾਮ ਬਦਲ ਕੇ ਬੀਆਰ ਅੰਬੇਡਕਰ ਦੇ ਨਾਮ 'ਤੇ ਰੱਖੇ ਜਾਣ ਦੇ ਨਾਮ 'ਤੇ ਕੀਤਾ ਜਾਣ ਵਾਲਾ ਅੰਦੋਲਨ ਸੀ। ਇਸ ਲਈ ਉਨ੍ਹਾਂ ਮਾਰਕਸਵਾਦੀਆਂ ਨੇ ਵੀ ਜਾਤੀ ਵੱਲ ਮੁਹਾਣ ਨਹੀਂ ਮੋੜਿਆ ਕਿਉਂਕਿ ਹਕੀਕਤ 'ਚ ਉੱਥੇ ਦਲਿਤ ਅਗਵਾਈ ਵਾਲੇ ਅੰਦੋਲਨ ਵਿਆਪਕ ਸਨ। ਲੇਕਿਨ ਮੁਲਕ ਦੇ ਬਾਕੀ ਹਿੱਸਿਆਂ 'ਚ ਕੀ ਸਥਿਤੀ ਸੀ ਮੈਂ ਨਹੀਂ ਜਾਣਦਾ ਸੀ। ਐੱਮ.ਐੱਲ. ਦੀ ਅਗਵਾਈ ਦਾ ਜ਼ਿਆਦਾਤਰ ਹਿੱਸਾ ਆਂਧਰਾ ਦੇ ਲੋਕਾਂ ਦਾ ਸੀ ਅਤੇ ਮੈਨੂੰ ਨਹੀਂ ਲੱਗਦਾ ਕਿ ਉਦੋਂ ਆਂਧਰਾ ਦੇ ਲੋਕਾਂ ਦਰਮਿਆਨ ਇਸ ਤਰ੍ਹਾਂ ਦਾ ਮੰਥਨ ਹੋਇਆ ਸੀ। ਮਸ਼ਹੂਰ ਇਨਕਲਾਬੀ ਕਵੀ ਗ਼ਦਰ ਦਲਿਤ ਸਨ ਅਤੇ ਜ਼ਿਆਦਾਤਰ ਮਸ਼ਹੂਰ ਗਾਇਕ ਅਤੇ ਸੱਭਿਆਚਾਰਕ ਮੰਡਲੀਆਂ ਵੀ ਐਸੀਆਂ ਹੀ ਸਨ: ਆਹਵਾਨ ਨਾਟਿਆ ਮੰਚ, ਵਿਲਾਸ ਘੋਗੜੇ, ਸੰਭਾਜੀ ਭਗਤ, ਕਬੀਰ ਕਲਾ ਮੰਚ, ਇਹ ਸਾਰੇ ਇਨਕਲਾਬੀ ਗਾਇਕ ਅਤੇ ਪ੍ਰਤਿਭਾਵਾਨ ਕਲਾਕਾਰ ਸਨ (ਜਿਨ੍ਹਾਂ ਨੇ) ਜਿਸ ਵੀ ਭਾਸ਼ਾ 'ਚ ਪੇਸ਼ਕਾਰੀਆਂ ਕੀਤੀਆਂ, ਦਰਸ਼ਕਾਂ ਦਾ ਮਨ ਮੋਹ ਲਿਆ। ਮੈਨੂੰ ਲੱਗਦਾ ਹੈ ਕਿ ਤੁਸੀਂ ਇਕ ਵਿਹਾਰਕ ਪੱਧਰ 'ਤੇ ਦੇਖੋ ਤਾਂ ਮੈਂ ਹੁਣ ਇਨ੍ਹਾਂ ਦਲੀਲਾਂ ਨੂੰ ਵੀ ਸੁਣਦਾ ਹਾਂ ਕਿ ਇਨ੍ਹਾਂ ਵਿੱਚੋਂ ਕੁਛ ਅਤਿਅੰਤ ਪ੍ਰਤਿਭਾਵਾਨ ਲੋਕ ਬਹੁਤ ਗ਼ਰੀਬ ਸਨ ਅਤੇ ਭਿਆਨਕ ਹਾਲਾਤ 'ਚ ਰਹਿੰਦੇ ਸਨ। ਇਸ ਲਈ ਸੁਭਾਵਿਕ ਤੌਰ 'ਤੇ ਮੈਨੂੰ ਲੱਗਦਾ ਹੈ ਕਿ ਉਹ ਆਪਣੀ ਹਾਲਤ 'ਚ ਬਦਲਾਓ ਦੇਖਣਾ ਚਾਹੁੰਦੇ ਸਨ ਜਿਸ ਨੂੰ ਉਹ ਕਮਿਊਨਿਸਟ ਅੰਦੋਲਨਾਂ ਦੇ ਅੰਦਰ ਨਹੀਂ ਦੇਖ ਸਕੇ। ਇਸ ਲਈ ਉਹ ਇਸ 'ਚੋਂ ਬਾਹਰ ਹੋ ਗਏ, ਇੰਞ ਵੀ ਹੋਇਆ ਹੈ।

ਇਕ ਪਾਸੇ ਖੱਬੇਪੱਖੀ ਲੋਕ ਆਪਣੇ ਏਜੰਡਿਆਂ 'ਚ ਜਾਤੀਵਾਦ ਨੂੰ ਨਹੀਂ ਲੈ ਰਹੇ ਸਨ, ਦੂਜੇ ਪਾਸੇ ਜੋ ਲੋਕ ਦਲਿਤਾਂ ਦਰਮਿਆਨ ਪਛਾਣ ਦੀ ਰਾਜਨੀਤੀ ਸਥਾਪਤ ਕਰ ਰਹੇ ਸਨ, ਉਹ ਕਹਿੰਦੇ ਰਹੇ ਕਿ ਸਾਰੇ ਖੱਬੇਪੱਖੀ ਬ੍ਰਾਹਮਣਵਾਦੀ ਹਨ। ਇਸ ਗੱਲ ਨੇ ਦਲਿਤ ਅਤੇ ਕਮਿਊਨਿਸਟ ਅੰਦੋਲਨਾਂ ਦਰਮਿਆਨ ਦੂਰੀ ਹੀ ਵਧਾਈ ਹੈ। ਲੇਕਿਨ ਮੈਨੂੰ ਲੱਗਦਾ ਹੈ ਕਿ ਤਿੰਨ ਕਾਰਨ ਹੈ ਕਿ ਖੱਬੇਪੱਖੀ ਇਸ ਨੂੰ ਏਜੰਡੇ ਉੱਪਰ ਨਹੀਂ ਲੈ ਰਹੇ ਹਨ। ਪਹਿਲਾ ਤਾਂ ਇਹ ਕਿ ਭਾਰਤ ਦਾ ਖੱਬਾ ਪੱਖ ਬਹੁਤ ਜ਼ਿਆਦਾ ਲਕੀਰ ਦਾ ਫ਼ਕੀਰ ਹੈ। ਉਨ੍ਹਾਂ ਨੇ ਮਾਰਕਸਵਾਦ, ਮਾਓਵਾਦ ਜਾਂ ਇਸ ਨੂੰ ਜੋ ਵੀ ਮਰਜ਼ੀ ਨਾਮ ਦਿਓ, ਦੀ ਇੱਥੋਂ ਦੇ ਹਾਲਾਤ ਅਨੁਸਾਰ ਵਿਆਖਿਆ ਨਹੀਂ ਕੀਤੀ। ਉਨ੍ਹਾਂ ਨੇ ਅੱਖਾਂ ਮੀਟ ਕੇ ਚੀਨ-ਰੂਸ ਤੋਂ ਉਧਾਰ ਲਿਆ ਹੈ ਲੇਕਿਨ ਉਹ ਜਾਤੀ ਬਾਰੇ ਕੁਛ ਨਹੀਂ ਬੋਲੇ ਜੋ ਭਾਰਤ ਦਾ ਵਰਤਾਰਾ ਹੈ। ਇਸ ਲਈ ਉਹ ਇਸ ਨੂੰ ਲੈ ਕੇ ਆਪਣੀ ਸੋਚ ਨਹੀਂ ਬਣਾ ਸਕੇ।

ਦੂਜਾ ਪਹਿਲੂ ਇਹ ਹੈ ਕਿ ਦੁਨੀਆ ਭਰ 'ਚ ਜ਼ਿਆਦਾਤਰ ਖੱਬੇਪੱਖੀ ਅੰਦੋਲਨ ਵਿਦਿਆਰਥੀਆਂ ਵੱਲੋਂ ਸ਼ੁਰੂ ਕੀਤੇ ਗਏ ਅਤੇ




ਇੱਥੇ ਵੀ ਸਿੱਖਿਆ ਪ੍ਰਬੰਧ ਦੇ ਸੁਭਾਅ ਕਾਰਨ ਇਸ 'ਚ ਜ਼ਿਆਦਾ ਗਿਣਤੀ ਉੱਚ ਜਾਤੀਆਂ ਦੀ ਹੈ। ਇਹ ਮਹਿਜ਼ ਇਕ ਸਵਾਲ ਨਹੀਂ ਹੈ ਕਿ ਆਗੂ ਬ੍ਰਾਹਮਣ ਹੀ ਹੁੰਦੇ ਹਨ ਕਿਉਂਕਿ ਗੱਲ ਇਹ ਹੈ ਕਿ ਜਦ ਸਾਡਾ ਸਿੱਖਿਆ ਪ੍ਰਬੰਧ ਉੱਚ ਜਾਤੀਆਂ ਨੂੰ ਬੇਸ਼ੁਮਾਰ ਲਾਭ ਪਹੁੰਚਾਉਂਦਾ ਹੈ ਤਾਂ ਮਜਬੂਰੀ ਹੈ ਕਿ ਲੀਡਰਸ਼ਿਪ ਵੀ ਉਨ੍ਹਾਂ ਚੋਂ ਆਵੇਗੀ। ਜੇ ਤੁਸੀਂ ਸਿੱਖਿਆ ਪ੍ਰਬੰਧ ਨੂੰ ਬਦਲ ਦਿੰਦੇ ਹੋ ਤਾਂ ਇਸ ਨਾਲ ਸਭ ਕੁਛ ਬਦਲ ਜਾਵੇਗਾ। ਅਸਲੀ ਸਮੱਸਿਆ ਇਹ ਹੈ ਕਿ ਆਗੂ ਆਪਣੀ ਸੋਚ ਨੂੰ ਪੂਰੀ ਤਰ੍ਹਾਂ ਨਾਲ ਸੁਧਾਰਨ ਅਤੇ ਆਪਣੀ ਸੋਚ 'ਚ ਪੈਰ ਜਮਾਈ ਬੈਠੇ ਮੁਤੱਸਬਾਂ ਨੂੰ ਜੜ੍ਹੋਂ ਉਖਾੜ ਦੇਣ ਦੇ ਸਮਰੱਥ ਨਹੀਂ ਸਨ।

ਮੈਂ ਬਹੁਤ ਬਾਦ 'ਚ ਮਨੋਵਿਗਿਆਨ ਦੇ ਦਾਇਰੇ 'ਚ ਇਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਸਾਡੇ ਵਿਚਾਰਾਂ 'ਚੋਂ ਕਈ ਵਿਚਾਰ ਸਾਡੇ ਬਚਪਨ ਤੋਂ ਸਾਡੇ ਦਿਮਾਗ 'ਚ ਵਸੇ ਹੋਏ ਹਨ, ਜਿਨ੍ਹਾਂ ਨੂੰ ਫਰਾਇਡ ਨੇ "ਅਵਚੇਤਨ ਮਨ" ਕਿਹਾ ਅਤੇ ਇਹ ਸਾਡੀ ਜ਼ਿੰਦਗੀ ਦੇ ਪਹਿਲੇ ਪੰਜ ਜਾਂ ਦਸ ਸਾਲਾਂ 'ਚ ਬਹੁਤ ਡੂੰਘਾਈ ਨਾਲ ਸਾਡੇ ਮਨ 'ਚ ਪ੍ਰੋਗਰਾਮਡ ਹੋ ਜਾਂਦੇ ਹਨ। ਤਾਂ, ਉਸ ਵਕਤ ਜੋ ਵੀ ਪ੍ਰੋਗਰਾਮਿੰਗ ਕੀਤੀ ਜਾਂਦੀ ਹੈ ਉਹ ਸਾਡੇ ਪਰਿਵਾਰ ਦੇ ਮਾਹੌਲ ਅਤੇ ਜਿਨ੍ਹਾਂ ਹੋਰ ਲੋਕਾਂ ਨਾਲ ਸਾਡਾ ਵਾਹ ਪੈਂਦਾ ਹੈ, ਉਸ ਆਲੇ-ਦੁਆਲੇ ਦੇ ਮਾਹੌਲ 'ਚੋਂ ਮਿਲੇ ਵਿਚਾਰ ਸਾਡੇ ਅਵਚੇਤਨ ਮਨ 'ਚ ਡੂੰਘੇ ਘਰ ਜਾਂਦੇ ਹਨ। ਮਾਰਕਸਵਾਦੀਆਂ ਨਾਲ ਮੁਸ਼ਕਿਲ ਇਹ ਹੈ ਕਿ ਉਨ੍ਹਾਂ ਨੇ ਪੜ੍ਹਿਆ ਹੋਇਆ ਹੈ ਕਿ ਸਮਾਜੀ ਹੋਂਦ ਚੇਤਨਾ ਨੂੰ ਨਿਰਧਾਰਤ ਕਰਦੀ ਹੈ। ਸਾਡੇ ਅਵਚੇਤਨ ਉੱਪਰ ਬਚਪਨ ਦਾ ਕੀ ਪ੍ਰਭਾਵ ਹੈ, ਉਹ ਇਸ ਬਾਰੇ ਨਹੀਂ ਸੋਚਦੇ। ਇਸੇ ਕਰਕੇ ਸਾਡੇ ਆਪਣੇ ਹਲਕਿਆਂ 'ਚ ਵੀ ਜਾਤੀ ਅਤੇ ਮਰਦਾਵੀਂ ਸੱਤਾ ਸਾਫ਼ ਤੌਰ 'ਤੇ ਨਜ਼ਰ ਆਉਂਦੀ ਹੈ। ਹਾਲਾਂ ਕਿ ਸੂਖ਼ਮ ਤਰੀਕਿਆਂ ਨਾਲ, ਨਾਂ ਕਿ ਪੂਰੀ ਤਰ੍ਹਾਂ। ਇਕ ਪਾਸੇ ਇਹ ਮਨੋਵਿਗਿਆਨਕ ਅਵਚੇਤਨ ਗਹਿਰਾਈ 'ਚ ਜੜ੍ਹਾਂ ਜਮਾਈ ਬੈਠਾ ਹੈ ਅਤੇ ਦੂਜੇ ਪਾਸੇ ਸਮਾਜੀ ਮਾਹੌਲ ਵੀ ਬਹੁਤ ਜਗੀਰੂ ਹੈ। ਇਸ ਲਈ ਮਹਿਜ਼ ਵਿਚਾਰਧਾਰਾ 'ਚ ਬਦਲਾਓ ਖ਼ੁਦ-ਬ-ਖ਼ੁਦ ਸਾਡੀ ਸੋਚ ਅਤੇ ਭਾਵਨਾਵਾਂ ਨੂੰ ਨਹੀਂ ਬਦਲਦਾ। ਮੈਨੂੰ ਸੁਜਾਤਾ ਗਿੜਲਾ ਦੀ ਕਿਤਾਬ (ਐਂਟਸ ਅਮੰਗ ਐਲੀਫੈਂਟਸ) ਚੇਤੇ ਆਉਂਦੀ ਹੈ। ਕਾਮਰੇਡ ਸੱਤਿਆਮੂਰਤੀ (ਪੀਪਲਜ਼ ਵਾਰ ਗਰੁੱਪ ਦੇ ਦੂਜੇ ਨੰਬਰ ਦੇ ਆਗੂ) ਦੀ ਕਹਾਣੀ ਬਹੁਤ ਰੌਚਕ ਹੈ ਜਿਸ ਨੇ ਦੱਸਿਆ ਹੈ ਕਿ ਰੈਡੀ ਜਾਤੀ ਕਿਵੇਂ ਵਿਹਾਰ ਕਰਦੀ ਹੈ। ਉਹ ਉਂਞ ਤਾਂ ਅਨੁਸੂਚਿਤ ਜਾਤੀਆਂ ਪ੍ਰਤੀ ਉਦਾਰ ਸਨ ਲੇਕਿਨ ਉਨ੍ਹਾਂ ਨੂੰ ਆਪਣੇ ਘਰ ਆਉਣ ਦਾ ਸੱਦਾ ਨਹੀਂ ਦਿੰਦੇ ਸਨ। ਸੋ ਉਹ ਇਸ ਤਰ੍ਹਾਂ ਦੇ "ਉਦਾਰ" ਸਨ ਇਸ ਤੋਂ ਅੱਗੇ ਨਹੀਂ। ਇਹੀ ਗੱਲ ਮਰਦਾਵੀਂ ਸੱਤਾ ਨੂੰ ਲੈ ਕੇ ਵੀ ਹੈ - ਇਸ ਹੱਦ ਤੱਕ ਉਦਾਰ ਲੇਕਿਨ ਇਸ ਤੋਂ ਜ਼ਿਆਦਾ ਨਹੀਂ। ਹੁਣ ਜੇ ਤੁਸੀਂ ਹਿੰਦੀ ਪੱਟੀ 'ਚ ਜਾਂਦੇ ਹੋ ਤਾਂ ਉੱਤਰ ਪ੍ਰਦੇਸ਼ ਵਰਗੇ ਰਾਜਾਂ 'ਚ ਵੀ ਐਸੇ ਸਮਾਜੀ ਸੁਧਾਰ ਦੇ ਅੰਦੋਲਨ ਨਹੀਂ ਹੋਏ ਹਨ ਜੋ ਮਹਾਰਾਸ਼ਟਰ 'ਚ ਹੋਏ ਸਨ। ਤੁਹਾਨੂੰ ਜਾਤੀਪਾਤੀ ਅਤੇ ਮਰਦਾਵੀਂ ਸੱਤਾ ਵਰਗੇ ਮੁੱਦਿਆਂ ਉੱਪਰ "ਉਦਾਰ" ਸੋਚ ਨਹੀਂ ਮਿਲੇਗੀ। ਇਹ ਬੇਸ਼ਰਮ ਬ੍ਰਾਹਮਣਵਾਦ ਹੈ।

ਤੀਸਰਾ ਕਾਰਨ ਹੈ ਲੀਡਰਸ਼ਿਪ ਦੀ "ਵਿਹਾਰਕਤਾ"। ਤੱਥ ਦੇ ਤੌਰ 'ਤੇ ਜ਼ਿਆਦਾਤਰ ਕਮਿਊਨਿਸਟ ਕਾਡਰ ਓ.ਬੀ.ਸੀ. ਹਨ, ਦਲਿਤ ਸਿਰਫ਼ ਘੱਟਗਿਣਤੀ ਹੀ ਹੋਣਗੇ। ਇਸ ਲਈ ਉਨ੍ਹਾਂ ਦੀਆਂ ਜਾਤੀਗਤ ਭਾਵਨਾਵਾਂ ਮਜ਼ਬੂਤ ਹੋਈਆਂ। ਮਜ਼ਦੂਰ ਜਮਾਤ ਦੇ ਪੱਧਰ 'ਤੇ, ਅੰਦੋਲਨ 'ਚ ਬਹੁਤ ਸਾਰੇ ਲੋਕ ਸਿਰਫ਼ ਆਰਥਕ ਮੰਗਾਂ ਨੂੰ ਲੈ ਕੇ ਹਨ। ਕਿਸਾਨ ਯੂਨੀਅਨਾਂ ਨੂੰ ਦੇਖ ਲਓ, ਉਨ੍ਹਾਂ 'ਚ ਜਾਟ ਅਤੇ ਗੁੱਜਰ ਜਾਤਾਂ ਦਾ ਗ਼ਲਬਾ ਹੈ। ਮਜ਼ਦੂਰ ਜਮਾਤ ਦੀਆਂ ਟਰੇਡ ਯੂਨੀਅਨਾਂ ਨੂੰ ਦੇਖ ਲਓ, ਇਨ੍ਹਾਂ ਸਾਰੀਆਂ 'ਚ ਓ.ਬੀ.ਸੀ. ਜ਼ਿਆਦਾ ਹਨ। ਅਤੇ ਜੇ ਤੁਸੀਂ ਅੰਦੋਲਨਾਂ ਨੂੰ ਦੱਸਣਾ ਸ਼ੁਰੂ ਕਰਦੇ ਹੋ ਕਿ "ਤੁਹਾਨੂੰ ਆਪਣੀਆਂ ਜਾਤੀ ਭਾਵਨਾਵਾਂ ਛੱਡਣੀਆਂ ਹੋਣਗੀਆਂ, ਤੁਹਾਨੂੰ ਇਹ ਕਰਨਾ ਹੋਵੇਗਾ, ਤੁਹਾਨੂੰ ਉਹ ਕਰਨਾ ਹੋਵੇਗਾ," ਤਾਂ ਉਹ ਕਿਸਾਨਾਂ ਦੇ ਅੰਦੋਲਨ ਜਾਂ ਟਰੇਡ ਯੂਨੀਅਨਾਂ ਦੀਆਂ ਆਰਥਕ ਮੰਗਾਂ ਤੋਂ ਵੀ ਪਾਸਾ ਵੱਟ ਸਕਦੇ ਹਨ। ਇਸ ਲਈ, ਜ਼ਿਆਦਾਤਰ ਲੀਡਰਸ਼ਿਪ ਸੋਚਦੀ ਹੈ ਕਿ "ਅਰੇ ਛੱਡੋ ਯਾਰ, ਆਰਥਕ ਚੀਜ਼ ਹੁਣ ਉਠਾ ਲੈਂਦੇ ਹਾਂ, ਬਾਦ 'ਚ ਜਾਤ ਬਾਰੇ ਸੋਚ ਲਵਾਂਗੇ।" ਇਹ ਇਕ ਹਕੀਕੀ ਵਿਹਾਰਕ ਸਮੱਸਿਆ ਹੈ ਜਿਸ ਨੂੰ ਹੱਲ ਕਰਨਾ ਹਕੀਕਤ 'ਚ ਮੁਸ਼ਕਿਲ ਹੈ। ਫਿਰ ਉਹ ਆਰਥਕ ਮੰਗਾਂ ਨੂੰ ਚਿੰਬੜੇ ਰਹਿੰਦੇ ਹਨ ਕਿਉਂਕਿ ਕਿਸੇ ਦੀ ਮਾਨਸਿਕਤਾ ਨੂੰ ਬਦਲਣਾ, ਜਾਤੀਗਤ ਭਾਵਨਾਵਾਂ ਅਤੇ ਮਰਦਾਵੀਂ ਸੱਤਾ ਨੂੰ ਬਦਲਣ ਦੀ ਕੋਸ਼ਿਸ਼ ਕਰਨਾ ਸਿਰਦਰਦੀ ਵਾਲਾ ਕੰਮ ਹੈ, ਕੀ ਨਹੀਂ ਹੈ? ਜੇ ਕੋਈ ਆਪਣੀ ਪਤਨੀ ਦੀ ਕੁੱਟਮਾਰ ਕਰਦਾ ਹੈ, ਤੁਸੀਂ ਚੁੱਪ ਰਹਿੰਦੇ ਹੋ ਅਤੇ ਕਹਿੰਦੇ ਹੋ, "ਉਹ ਤਾਂ ਯੂਨੀਅਨ ਆਗੂ ਹੈ, ਉਸ ਦੇ ਤਾਂ ਬੱਚੇ ਹਨ, ਉਸ ਨੂੰ ਰਹਿਣ ਦਿਓ। ਸਮਾਜ 'ਚ ਇਹ ਕੁਛ ਹੁੰਦਾ ਹੀ ਰਹਿੰਦਾ ਹੈ।" ਇਹ ਮੁੱਦੇ ਹੇਠਾਂ ਦੱਬੇ ਰਹਿੰਦੇ ਹਨ।

ਆਪਣੇ ਵੱਲੋਂ ਸਾਨੂੰ ਮਹਿਸੂਸ ਕਰਨਾ ਹੋਵੇਗਾ ਕਿ ਸਾਡੀ ਕਮਜ਼ੋਰੀ ਇਹ ਹੈ ਕਿ ਅਸੀਂ ਕਦੇ ਵੀ ਜਾਤੀ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲਿਆ। ਸਾਨੂੰ ਆਪਣੇ ਆਪ ਨੂੰ ਦਰੁਸਤ ਕਰਨਾ ਪਵੇਗਾ ਅਤੇ ਇਹ ਸਮਝਣਾ ਹੋਵੇਗਾ ਕਿ ਭਾਰਤ ਵਿਚ ਜਾਤੀ ਦੇ ਬੀਜ-ਨਾਸ਼ ਤੋਂ ਬਿਨਾਂ ਜਮਹੂਰੀਕਰਨ ਸੰਭਵ ਨਹੀਂ ਹੈ। ਅਤੇ ਇਹ ਗੱਲ ਜਮਹੂਰੀ ਇਨਕਲਾਬ ਚਾਹੁਣ ਵਾਲੇ ਹਰ ਮਾਰਕਸਵਾਦੀ ਦੇ ਲਈ ਹੈ, ਉਹ ਚਾਹੇ ਸੱਜੇਪੱਖੀ ਸੰਸਦੀ ਮਾਰਕਸਵਾਦੀ ਹੋਵੇ ਜਾਂ ਅਤਿ ਮਾਓਵਾਦੀ! ਇਹ ਜਨਮ ਤੋਂ ਹੀ ਨਾਬਰਾਬਰੀ ਵਾਲੀ, ਜਨਮ ਤੋਂ ਜਾਬਰ, ਜਨਮ ਤੋਂ ਪਾਟਕ ਪਾਊ ਹੁੰਦੀ ਹੈ। ਹਿੰਦੂ-ਮੁਸਲਿਮ ਤਾਂ ਇਕ ਤਰ੍ਹਾਂ ਦੀ ਵੰਡ ਹੈ ਲੇਕਿਨ ਜਾਤੀ ਭਾਰਤ ਨੂੰ ਤੋੜਨ ਵਾਲੀ ਹਜ਼ਾਰ ਤਰ੍ਹਾਂ ਦੀ ਵੰਡ ਹੈ। ਇਸ ਲਈ ਦੇਸ਼ ਵਿਚ ਕਿਸੇ ਵੀ ਲੋਕਤੰਤਰੀ ਬਦਲਾਓ ਲਈ ਜ਼ਰੂਰੀ ਹੈ ਕਿ ਜਾਤੀ ਵਿਵਸਥਾ ਨੂੰ ਪੂਰੀ ਤਰ੍ਹਾਂ ਖ਼ਤਮ ਕੀਤਾ ਜਾਵੇ। ਖ਼ਾਤਮੇ ਦਾ ਭਾਵ ਸਿਰਫ਼ ਕਾਨੂੰਨੀ ਤੌਰ 'ਤੇ ਅੰਤ ਕਰਨਾ ਨਹੀਂ ਹੈ। ਜਾਤੀ ਸਾਡੇ ਦਿਮਾਗ 'ਚ ਹੈ। ਇਹ ਸਾਡੇ ਵਿਹਾਰ 'ਚ ਹੈ। ਇਹ ਸਾਡੀ ਚੇਤਨਾ 'ਚ ਹੈ।

ਸਬਾ ਗੁਰਮਤ: ਅੱਜ ਵੀ ਮੀਡੀਆ




ਰਿਪੋਰਟਾਂ ਤੁਹਾਨੂੰ ਇਕ ਨਕਸਲੀ/ਮਾਓਵਾਦੀ ਦੱਸਦੀਆਂ ਹਨ ਅਤੇ ਤੁਸੀਂ ਆਪਣੀ ਕਿਤਾਬ 'ਚ ਇਸ ਤ੍ਰਿਸਕਾਰ ਬਾਰੇ ਬੋਲਦੇ ਵੀ ਹੋ। ਮਿਸਾਲ ਵਜੋਂ, ਕਈ ਲੋਕਾਂ ਨੇ ਤੁਹਾਡੇ ਉੱਪਰ ਸੀ.ਪੀ.ਆਈ. (ਮਾਓਵਾਦੀ) ਦੇ ਪੋਲਿਟ ਬਿਊਰੋ ਮੈਂਬਰ ਹੋਣ ਦਾ ਇਲਜ਼ਾਮ ਲਗਾਇਆ ਸੀ ਜਦਕਿ ਇਹ ਅਪੁਸ਼ਟ ਸੀ। ਹਕੀਕਤ 'ਚ ਤੁਸੀਂ ਆਪਣੇ ਆਪ ਨੂੰ ਰਾਜਨੀਤਕ ਤੌਰ 'ਤੇ ਕਿੱਥੇ ਖੜ੍ਹੇ ਮਹਿਸੂਸ ਕਰਦੇ ਹੋ? ਮਿਸਾਲ ਵਜੋਂ, ਕੀ ਤੁਸੀਂ ਗ਼ੈਰਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ ਦੇ ਤਹਿਤ ਬੰਦ ਰਾਜਸੀ ਕੈਦੀਆਂ ਦੀ ਮੀਡੀਆ ਕਵਰੇਜ 'ਚ ਆਪਣੀ ਤਰ੍ਹਾਂ ਦੀਆਂ ਸਮਾਨਤਾਵਾਂ ਦੇਖਦੇ ਹੋ?

ਕੋਬਾਡ ਗ਼ਾਂਧੀ: ਮੈਨੂੰ ਇਹ ਬਿਲਕੁਲ ਇੱਕੋ ਜਿਹਾ ਦਿਖਾਈ ਦਿੰਦਾ ਹੈ। ਮੈਨੂੰ ਲੱਗਦਾ ਹੈ ਕਿ ਇਹ ਸਿਰਫ਼ ਇਕ ਮੀਡੀਆ ਟਰਾਇਲ ਹੈ। ਜਿੱਥੋਂ ਤੱਕ ਆਪਣੀ ਗੱਲ ਹੈ, ਮੈਂ ਸਮਾਜਵਾਦ ਨੂੰ ਮੰਨਦਾ ਹਾਂ। ਸਰਮਾਏਦਾਰੀ ਕੋਲ ਕੋਈ ਜਵਾਬ ਨਹੀਂ ਹੈ। ਹਕੀਕਤ 'ਚ, ਇਸ ਨੇ ਨਾ ਸਿਰਫ਼ ਲੋਕਾਂ ਦੀ ਜ਼ਿੰਦਗੀ ਨੂੰ ਸਗੋਂ ਵਾਤਾਵਰਣ ਨੂੰ ਵੀ ਨਸ਼ਟ ਕਰ ਦਿੱਤਾ ਹੈ। ਜੇ ਤੁਸੀਂ ਇਤਿਹਾਸਕ ਤੌਰ 'ਤੇ ਦੇਖੋ, ਤਾਂ ਕਿਸੇ ਵੀ ਪ੍ਰਬੰਧ ਦੇ ਹੱਥ ਖ਼ੂਨ 'ਚ ਐਨੇ ਵਧੇਰੇ ਨਹੀਂ ਰੰਗੇ ਹੋਏ ਜਿੰਨੇ ਸਰਮਾਏਦਾਰੀ ਦੇ, ਚਾਹੇ ਉਦੋਂ ਅਮਰੀਕਾ ਅਤੇ ਓਸ਼ਿਨੀਆ [ਆਸਟ੍ਰੇਲੀਆ, ਮਿਲਾਨੇਸ਼ੀਆ, ਮਾਈਕ੍ਰੋਨੇਸ਼ੀਆ, ਨਿਊਜ਼ੀਲੈਂਡ, ਫਿਜ਼ੀ, ਸੋਲੋਮਨ ਟਾਪੂ ਸਮੇਤ 14 ਮੁਲਕਾਂ ਨੂੰ ਮਿਲਾ ਕੇ ਬਣਦਾ ਖੇਤਰ ਜੋ ਧਰਤੀ ਦੇ ਪੂਰਬੀ ਅਤੇ ਪੱਛਮੀ ਅਰਧ-ਗੋਲਿਆਂ 'ਚ ਫੈਲਿਆ ਹੋਇਆ ਹੈ - ਅਨੁਵਾਦਕ ] ਦੀ ਸਾਰੀ ਵਸੋਂ ਦਾ ਸਫ਼ਾਇਆ ਕੀਤਾ ਗਿਆ ਸੀ। ਇੱਥੋਂ ਤੱਕ ਕਿ ਨਵੀਆਂ ਕਿਤਾਬਾਂ ਅਤੇ ਕੁਲ ਅੰਕੜੇ ਇਹੀ ਦੱਸਦੇ ਹਨ ਕਿ ਭਾਰਤ ਵਿਚ ਅੰਗਰੇਜ਼ਾਂ ਨੇ ਅਕਾਲ, ਯੁੱਧ ਅਤੇ ਇਸੇ ਤਰ੍ਹਾਂ ਦੇ ਹੋਰ ਤਰੀਕਿਆਂ ਨਾਲ ਲੱਖਾਂ ਲੋਕਾਂ ਦੀਆਂ ਜਾਨਾਂ ਲਈਆਂ। ਇਸ ਲਈ ਐਸੇ ਸਰਮਾਏਦਾਰ, ਜਿਨ੍ਹਾਂ ਦੀ ਵਿਚਾਰਧਾਰਾ ਬਸਤੀਵਾਦ ਦਾ ਗੁਣ ਗਾਇਣ ਕਰਦੀ ਹੈ, ਉਨ੍ਹਾਂ ਕੋਲ ਹਿੰਸਾ ਤੋਂ ਬਿਨਾਂ ਹੋਰ ਕੁਛ ਹੈ ਹੀ ਨਹੀ। ਅਤੇ ਉਹ ਉਸੇ ਦੇ ਉੱਪਰ ਅੱਗੇ ਵਧੇ ਹਨ। ਅੱਜ ਪੱਛਮ 'ਚ ਜੋ ਵਿਕਾਸ ਹੈ ਉਹ ਸਿਰਫ਼ ਬਸਤੀਵਾਦ ਦੇ ਕਾਰਨ ਹੈ।

ਖ਼ਾਸ ਕਰਕੇ 1990 ਤੋਂ ਲੈ ਕੇ ਹੁਣ ਤੱਕ ਨਵਉਦਾਰਵਾਦੀ ਦੌਰ 'ਚ ਲੋਕਾਂ ਦੀ ਜ਼ਿੰਦਗੀ ਤਬਾਹ ਹੋ ਗਈ ਹੈ। ਵਾਤਾਵਰਣ ਨਸ਼ਟ ਹੋ ਰਿਹਾ ਹੈ, ਸਮਾਜ ਦਾ ਹਰ ਪਹਿਲੂ ਨਸ਼ਟ ਹੋ ਰਿਹਾ ਹੈ, ਇੱਥੋਂ ਤੱਕ ਕਿ ਲੋਕਾਂ ਦੀ ਇਨਸਾਨੀਅਤ ਵੀ ਨਸ਼ਟ ਹੋ ਗਈ ਹੈ। ਉਨ੍ਹਾਂ ਦੇ ਘੋਰ ਖ਼ਪਤਵਾਦ ਨੇ ਐਸੇ ਲੋਕ ਪੈਦਾ ਕਰ ਦਿੱਤੇ ਹਨ ਜੋ ਅਲੱਗ-ਥਲੱਗ ਪੈ ਚੁੱਕੇ ਹਨ।

ਸਿਰਫ਼ ਅਰਬਪਤੀ ਅਤੇ ਉਨ੍ਹਾਂ ਦੇ ਜਲਾਦ ਹੀ ਵਧੇ-ਫੁੱਲੇ ਹਨ ਅਤੇ ਉਹ ਕੋਵਿਡ ਮਹਾਮਾਰੀ ਦੇ ਦੌਰਾਨ ਵੀ ਪਨਪ ਰਹੇ ਹਨ।

ਹੁਣ ਸਵਾਲ ਇਹ ਹੈ ਕਿ ਜਦ ਅਸੀਂ 1960 ਅਤੇ 1970 ਦੇ ਦਹਾਕੇ 'ਚ ਕਮਿਊਨਿਜ਼ਮ 'ਚ ਆਏ ਸੀ, ਤਾਂ ਲੱਗਭੱਗ ਅੱਧੀ ਦੁਨੀਆ ਸਮਾਜਵਾਦੀ ਸੀ। ਫਿਰ ਵੀ ਅੱਜ, ਮੇਰੇ ਆਪਣੇ ਜੀਵਨ-ਕਾਲ 'ਚ ਸਭ ਖ਼ਤਮ ਹੋ ਗਿਆ ਹੈ। ਜਿਸ ਚੀਨ ਨੂੰ ਕਮਿਊਨਿਸਟ ਕਿਹਾ ਜਾਂਦਾ ਸੀ ਉੱਥੇ ਹਕੀਕਤ 'ਚ ਹੁਣ ਅਰਬਪਤੀਆਂ ਦੀ ਗਿਣਤੀ ਦੁਨੀਆ 'ਚ ਸਭ ਤੋਂ ਜ਼ਿਆਦਾ ਹੈ। ਮੁਕਾਬਲਤਨ ਤੌਰ 'ਤੇ ਅਤੇ ਭੂ-ਰਾਜਨੀਤਕ ਤੌਰ 'ਤੇ ਮੈਂ ਸੰਯੁਕਤ ਰਾਜ ਅਮਰੀਕਾ ਦੇ ਖ਼ਿਲਾਫ਼ ਚੀਨ ਦੀ ਹਮਾਇਤ ਕਰਾਂਗਾ ਲੇਕਿਨ ਇਹ ਵਿਹਾਰਕ ਗੱਲ ਹੈ। ਇਹ ਵਿਚਾਰਧਾਰਕ ਨਜ਼ਰੀਆ ਨਹੀਂ ਹੈ ਕਿਉਂਕਿ ਸਾਡੇ ਹਾਕਮ ਬਹੁਤ ਹੀ ਭਿਆਨਕਤਾ ਨਾਲ ਗ਼ੁਲਾਮਾਂ ਵਾਂਗ ਪੱਛਮ ਦੀ ਡੰਡੌਤ ਕਰ ਰਹੇ ਹਨ। ਇਸ ਲਈ ਹਾਂ, ਰਾਜਨੀਤਕ ਤੌਰ 'ਤੇ ਮੈਂ ਸਮਾਜਵਾਦ ਅਤੇ ਬੁਨਿਆਦੀ ਤਬਦੀਲੀ ਦੇ ਹੱਕ 'ਚ ਹਾਂ ਕਿਉਂਕਿ ਹੁਣ ਦੁਨੀਆ ਦੀ ਜ਼ਿਆਦਾਤਰ ਧਨ-ਦੌਲਤ ਕੁਛ ਮੁੱਠੀ ਭਰ ਅਰਬਪਤੀਆਂ ਦੇ ਹੱਥਾਂ 'ਚ ਹੈ, ਪ੍ਰਬੰਧ ਪਹਿਲਾਂ ਨਾਲੋਂ ਵੀ ਵਧੇਰੇ ਅਸਥਿਰ ਹੈ। ਲੇਕਿਨ ਸਮਾਜਵਾਦ ਦੇ ਰਸਤਿਆਂ ਨੂੰ ਲੈ ਕੇ ਸਵਾਲ ਉਠਾਏ ਜਾ ਸਕਦੇ ਹਨ ਅਤੇ ਬਹਿਸ ਕੀਤੀ ਜਾ ਸਕਦੀ ਹੈ।

ਸਬਾ ਗੁਰਮਤ: "ਮੀਡੀਆ ਟਰਾਇਲ" ਦੇ ਵਿਸ਼ੇ 'ਤੇ ਤੁਸੀਂ ਤਿਹਾੜ ਜੇਲ੍ਹ 'ਚ ਤੁਹਾਡੇ ਨਾਲ ਬੰਦ ਅਫ਼ਜ਼ਲ ਗੁਰੂ ਦੇ ਨਾਲ ਦੋਸਤੀ ਦੇ ਬਾਰੇ ਵੀ ਲਿਖਿਆ ਹੈ। ਉਹਨਾਂ ਦੀ ਫਾਂਸੀ ਬਾਰੇ ਅਨਿਆਂ ਨੂੰ ਲੈ ਕੇ ਬਹੁਤ ਕੁਛ ਕਿਹਾ ਗਿਆ ਹੈ। ਤੁਸੀਂ ਲਿਖਦੇ ਹੋ, "ਜਦ ਕਿ ਮਕਬੂਲ ਬੱਟ ਦਾ ਲਿਖਿਆ ਛਪਿਆ ਹੈ, ਹਾਲਾਂਕਿ ਪਾਬੰਦੀਸ਼ੁਦਾ ਹੈ, ਅਫ਼ਜ਼ਲ ਦੀ ਡਾਇਰੀ ਕਦੇ ਸਾਹਮਣੇ ਨਹੀਂ ਆ ਸਕੀ, ਸ਼ਾਇਦ ਹੁਣ ਤੱਕ ਜਲਾ ਦਿੱਤੀ ਗਈ ਹੋਵੇ।" ਅਤੇ ਗੁਰੂ ਨੂੰ ਫਾਂਸੀ ਦਿੱਤੇ ਜਾਣ ਤੋਂ ਤੁਰੰਤ ਬਾਦ ਇਕ ਮਿੱਤਰ ਨੂੰ ਲਿਖੀ ਚਿੱਠੀ 'ਚ ਤੁਸੀਂ ਜ਼ਿਕਰ ਕੀਤਾ ਹੈ ਕਿ ਉਸ ਦੀ ਫਾਂਸੀ ਤੋਂ ਬਾਦ ਸਭ ਕੁਛ ਅਸਥਿਰ ਹੋ ਗਿਆ ਹੈ। ਕੀ ਤੁਸੀਂ ਇਸ ਬਾਰੇ ਥੋੜ੍ਹਾ ਤਫ਼ਸੀਲ ਨਾਲ ਦੱਸ ਸਕਦੇ ਹੋ?

ਕੋਬਾਡ ਗਾਂਧੀ: ਦੇਖੋ, ਸਾਨੂੰ ਦੋ ਦਿਨ ਪਹਿਲਾਂ ਹੀ ਕੁਛ ਮਹਿਸੂਸ ਤਾਂ ਹੋ ਰਿਹਾ ਸੀ ਕਿਉਂਕਿ ਅਸੀਂ ਅਗਲੀ ਕਤਾਰ 'ਚ ਸੀ, ਉੱਥੇ ਦੋ ਬਲਾਕ ਸਨ। ਪਿੱਛੇ ਬੀ-ਬਲਾਕ ਸੀ ਅਤੇ ਸਾਹਮਣੇ ਏ-ਬਲਾਕ ਹੈ। ਸ਼ੁਰੂ 'ਚ ਅਸੀਂ ਏ-ਬਲਾਕ 'ਚ ਸੀ। ਫਿਰ ਬਗ਼ੀਚਾ ਹੈ ਅਤੇ ਜ਼ਮੀਨ ਦੇ ਇਕ ਖੂੰਜੇ 'ਚ "ਫਾਂਸੀ ਕੋਠੀ" ਸੀ, ਜੋ ਹਮੇਸ਼ਾ ਬੰਦ ਰਹਿੰਦੀ ਸੀ। 1989 ਤੋਂ ਬਾਦ ਕਿਸੇ ਨੂੰ ਉੱਥੇ ਫਾਂਸੀ ਨਹੀਂ ਦਿੱਤੀ ਗਈ ਸੀ। ਅਚਾਨਕ 7 ਫਰਵਰੀ 2013 ਨੂੰ ਸਾਨੂੰ ਦੱਸਿਆ ਗਿਆ ਕਿ ਪੂਰੀ ਜਗ੍ਹਾ ਨੂੰ ਸਫ਼ੇਦੀ ਕੀਤੀ ਜਾਣੀ ਹੈ, ਸਾਨੂੰ ਰਾਤੋ-ਰਾਤ ਬੀ-ਬਲਾਕ 'ਚ ਚਲੇ ਜਾਣ ਲਈ ਕਹਿ ਦਿੱਤਾ ਗਿਆ। ਸੋ ਅਸੀਂ ਚਲੇ ਗਏ।

ਤੇ ਫਿਰ ਅਗਲੇ ਦਿਨ ਸ਼ੁੱਕਰਵਾਰ ਨੂੰ ਮੁਲਾਕਾਤ (ਪਰਿਵਾਰ ਦੇ ਮੈਂਬਰਾਂ ਨਾਲ ਮੁਲਾਕਾਤ) ਹੋਈ ਅਤੇ ਜੋ ਲੋਕ ਬਾਹਰ ਗਏ ਉਨ੍ਹਾਂ ਨੇ ਦੇਖਿਆ ਕਿ ਫਾਂਸੀ ਕੋਠੀ ਵਿਚ ਬਹੁਤ ਸਾਰਾ ਕੰਮ ਹੋ ਰਿਹਾ ਸੀ। ਸਾਨੂੰ ਜੇਲ੍ਹ ਮੁਲਾਜ਼ਮਾਂ ਵੱਲੋਂ ਦੱਸਿਆ ਗਿਆ ਕਿ ਇਹ ਸਭ ਇਸ ਲਈ ਹੈ ਕਿਉਂਕਿ ਕੋਈ ਅੰਤਰਰਾਸ਼ਟਰੀ ਟੀਮ ਆ ਰਹੀ ਸੀ। ਸਾਨੂੰ ਸ਼ੱਕ ਹੋਇਆ ਕਿ ਕਿਸੇ ਨੂੰ ਫਾਂਸੀ ਹੋਣ ਵਾਲੀ ਹੈ। ਇਸ ਲਈ ਅਫ਼ਵਾਹ ਫੈਲਾਈ ਜਾਣ ਲੱਗੀ ਕਿ (ਦਵਿੰਦਰਪਾਲ ਸਿੰਘ) ਭੁੱਲਰ ਨੂੰ ਫਾਂਸੀ ਦਿੱਤੀ ਜਾਣ ਵਾਲੀ ਹੈ। ਉਸ ਵਕਤ ਭੁੱਲਰ ਪਹਿਲਾਂ ਹੀ ਮਨੋਰੋਗ ਹਸਪਤਾਲ 'ਚ ਸਨ। ਲੇਕਿਨ ਅਫ਼ਜ਼ਲ ਨੇ ਉਸ ਵਕਤ ਕਿਹਾ, "ਨਹੀਂ, ਜੇ ਕਿਸੇ ਨੂੰ ਫਾਂਸੀ ਲਾਈ ਜਾਣੀ ਹੈ, ਤਾਂ ਉਹ ਮੈਂ ਹੋਵਾਂਗਾ।" ਅਤੇ ਉਸ ਰਾਤ ਮੈਨੂੰ ਸੱਚਮੁੱਚ ਐਸਾ ਲੱਗਾ ਕਿ ਮੈਂ ਉਸ ਤੋਂ ਉਸ ਦੇ ਲਿਖੇ ਨੋਟਸ ਮੰਗ ਲਵਾਂ। ਲੇਕਿਨ ਤੁਸੀਂ ਆਪ ਐਸਾ ਕਿਵੇਂ ਪੁੱਛ ਸਕਦੇ ਹੋ? ਸਾਨੂੰ ਯਕੀਨ ਨਹੀਂ ਸੀ ਕਿ ਉਸ ਨੂੰ ਫਾਂਸੀ ਦਿੱਤੀ ਜਾਣੀ ਸੀ ਅਤੇ ਐਸੇ ਹਾਲਾਤ 'ਚ ਮੈਂ ਕਿਸੇ ਵਿਅਕਤੀ ਨੂੰ ਹੋਰ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦਾ ਸੀ। ਲੇਕਿਨ ਅਗਲੀ ਸਵੇਰ ਤਕਰੀਬਨ ਛੇ ਵਜੇ ਉਹ ਉਸ ਨੂੰ ਲੈ ਗਏ। ਅਤੇ ਮੈਂ ਪਹਿਲਾਂ ਹੀ ਵਾਰਤਾਲਾਪਾਂ 'ਚ ਇਸ ਬਾਰੇ ਦੱਸ ਚੁੱਕਾ ਹਾਂ, ਜ਼ਿਆਦਾਤਰ ਮੁਲਾਜ਼ਮਾਂ ਅਤੇ ਲੋਕਾਂ ਦੀਆਂ ਅੱਖਾਂ 'ਚ ਅੱਥਰੂ ਸਨ। ਲੇਕਿਨ ਹਾਂ, ਅਫ਼ਜ਼ਲ ਗੁਰੂ ਬਹੁਤ ਸਿਲਸਿਲੇਵਾਰ ਡਾਇਰੀ ਲਿਖਦੇ ਸਨ ਅਤੇ ਜੇ ਉਹ ਮੇਰੇ ਕੋਲ ਉਹ ਹੁੰਦੀ, ਤਾਂ ਨਿਸ਼ਚਿਤ ਤੌਰ 'ਤੇ ਉਸ ਵਿਚ ਬਹੁਤ ਸਾਰੀਆਂ ਐਸੀਆਂ ਗੱਲਾਂ ਹੁੰਦੀਆਂ ਜਿਨ੍ਹਾਂ ਉੱਪਰ ਲੋਕ ਚਰਚਾ ਕਰਦੇ।

ਮਕਬੂਲ ਬਟ ਦਾ ਲਿਖਿਆ ਮੈਂ ਨਹੀਂ ਪੜ੍ਹਿਆ। ਮੈਂ ਬਸ ਅਫ਼ਜ਼ਲ ਦੇ ਮੂੰਹੋਂ ਸੁਣਿਆ ਕਿ '84 'ਚ ਮਕਬੂਲ ਨੂੰ ਫਾਂਸੀ ਦੇ ਦਿੱਤੀ ਗਈ ਅਤੇ ਇੱਥੇ ਹੀ ਦਫ਼ਨਾ ਦਿੱਤਾ ਗਿਆ ਅਤੇ ਜ਼ਾਹਿਰ ਹੈ ਪਾਕਿਸਤਾਨ ਵੀ ਉਸ ਦੇ ਲਿਖੇ ਉੱਪਰ ਪਾਬੰਦੀ ਲਾਉਂਦਾ ਹੈ। ਅਫ਼ਜ਼ਲ ਨੇ ਮੈਨੂੰ ਦੱਸਿਆ ਕਿ ਕਸ਼ਮੀਰ ਦੇ ਅੰਦੋਲਨ ਦੇ ਮੁੱਢਲੇ ਪੜਾਅ ਤੋਂ 1980 ਦੇ ਦਹਾਕੇ ਦੇ ਅੰਤ ਤੱਕ, ਜਦ ਮਕਬੂਲ ਬਟ ਨੂੰ ਫਾਂਸੀ ਦਿੱਤੀ ਗਈ, ਯਾਸਿਨ ਮਲਿਕ ਦੀ ਅਗਵਾਈ ਵਾਲਾ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਮਜ਼ਬੂਤ ਸੀ ਅਤੇ ਉਹ ਲੋਕ ਆਜ਼ਾਦੀ ਲਈ ਲੜ ਰਹੇ ਸਨ। ਉਹ ਧਰਮਨਿਰਪੱਖ ਸਨ, ਪਾਕਿਸਤਾਨ ਦੇ ਨਾਲ ਨਹੀਂ ਸਨ। ਅਫ਼ਜ਼ਲ ਨੇ ਮੈਨੂੰ ਦੱਸਿਆ ਕਿ 1980ਵਿਆਂ 'ਚ ਕਸ਼ਮੀਰ 'ਚ ਜੇ.ਕੇ.ਐੱਲ.ਐੱਫ. ਨਾਲ ਜੁੜੇ ਬੁੱਧੀਜੀਵੀਆਂ ਦੀ ਪਾਕਿਸਤਾਨੀਆਂ ਵੱਲੋਂ ਬੜੀ ਤਾਦਾਦ 'ਚ ਹੱਤਿਆ ਕਰ ਦਿੱਤੀ ਗਈ ਸੀ। ਉਸ ਤੋਂ ਬਾਦ ਜਾ ਕੇ ਹੀ, ਮੈਨੂੰ ਠੀਕ ਤਰ੍ਹਾਂ ਨਹੀਂ ਪਤਾ ਕਿ ਕਦੋਂ, ਇਹ ਪਾਕਿਸਤਾਨ ਨਾਲ ਜੁੜੇ ਦਹਿਸ਼ਤਗਰਦ ਇਸਲਾਮਿਕ ਸਮੂਹ 'ਚ ਬਦਲ ਗਏ। ਅਫ਼ਜ਼ਲ ਉੱਪਰ ਉਸ 'ਚ ਸ਼ਾਮਿਲ ਹੋਣ ਦਾ ਇਲਜ਼ਾਮ ਲਗਾਇਆ ਗਿਆ ਸੀ। ਮੈਨੂੰ ਪਤਾ ਸੀ ਕਿ ਉਹ ਇਕ ਰੋਜ਼ਾਨਾ ਡਾਇਰੀ ਲਿਖ ਰਹੇ ਸਨ ਲੇਕਿਨ ਅਸੀਂ ਉਹ ਡਾਇਰੀ ਕਦੇ ਨਹੀਂ ਦੇਖੀ।

ਸਾਨੂੰ ਕੁਛ ਨਹੀਂ ਦਿੱਤਾ ਗਿਆ, ਕੋਈ ਡਾਇਰੀ ਨਹੀਂ, ਕੁਛ ਵੀ ਨਹੀਂ। ਮੈਂ ਆਖ਼ਿਰਕਾਰ ਯਾਦਗਾਰ ਦੇ ਤੌਰ 'ਤੇ ਇਕ ਸਫ਼ੇਦ ਥਰਮਸ ਬਾਰੇ ਪੁੱਛਿਆ ਸੀ, ਜਿਸ 'ਚ ਉਹ ਚਾਹ ਬਣਾਉਂਦੇ ਸਨ। ਲੇਕਿਨ ਉਨ੍ਹਾਂ ਨੇ ਉਹ ਵੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮੈਨੂੰ ਨਹੀਂ ਪਤਾ ਕਿ ਇਸ ਵਿਚ ਐਨਾ ਖ਼ਤਰਨਾਕ ਕੀ ਸੀ?

ਸਬਾ ਗੁਰਮਤ: 1970 ਦਾ ਦਹਾਕਾ ਬਦਲਾਓ ਦਾ ਦੌਰ ਸੀ ਜਿਸ ਦੀ ਖ਼ਾਸੀਅਤ ਸੀ ਜੱਥੇਬੰਦੀਆਂ ਦੀ ਅਗਵਾਈ 'ਚ ਪੈਦਾ ਹੋਏ ਅੰਦੋਲਨ, ਜਿਵੇਂ ਨਕਸਲਬਾੜੀ ਅਤੇ ਦਲਿਤ ਪੈਂਥਰਜ਼ ਤੋਂ ਲੈ ਕੇ ਟਰੇਡ ਯੂਨੀਅਨ ਅੰਦੋਲਨ ਤੱਕ। ਸਮੇਂ ਨਾਲ ਅਸੀਂ ਇਸ ਤਰ੍ਹਾਂ ਦੇ ਅੰਦੋਲਨਾਂ 'ਚ ਗੰਭੀਰ ਦਰਾੜਾਂ ਦੇਖੀਆਂ ਹਨ ਅਤੇ ਅੱਜ ਟਰੇਡ ਯੂਨੀਅਨਾਂ ਅਤੇ ਕਿਰਤ ਕਾਨੂੰਨਾਂ ਦੇ ਕਮਜ਼ੋਰ ਹੁੰਦੇ ਜਾਣ ਨੂੰ ਵੀ ਦੇਖ ਚੁੱਕੇ ਹਾਂ। ਤੁਹਾਡਾ ਕੀ ਮੰਨਣਾ ਹੈ ਕਿ ਇਸ ਬੇਮਿਸਾਲ ਨਿੱਜੀਕਰਨ ਅਤੇ ਲੰਗੋਟੀਆ ਸਰਮਾਏਦਾਰੀ ਵਾਲੀ ਰਾਜਨੀਤਕ ਆਰਥਿਕਤਾ 'ਚ ਅਗਲਾ ਰਸਤਾ ਕੀ ਹੋਵੇਗਾ?

ਕੋਬਾਡ ਗਾਂਧੀ: ਸਮੱਸਿਆ ਇਹੀ ਹੈ ਕਿ ਅੱਜ ਕੋਈ ਵੀ ਰਾਜਨੀਤਕ ਪਾਰਟੀ ਇਸ ਦਾ ਪੂਰੀ ਤਰ੍ਹਾਂ ਵਿਰੋਧ ਨਹੀਂ ਕਰ ਰਹੀ ਹੈ। ਸੀ.ਪੀ.ਆਈ. ਅਤੇ ਸੀ.ਪੀ.ਆਈ.(ਐੱਮ.) ਨਵਉਦਾਰਵਾਦ ਦਾ ਵਿਰੋਧ ਕਰਦੀਆਂ ਹਨ ਲੇਕਿਨ ਅਸਪਸ਼ਟ ਸ਼ਬਦਾਂ 'ਚ। ਅਤੇ ਹੁਣ ਸਥਿਤੀ ਉਸ ਤਰ੍ਹਾਂ ਦੀ ਨਹੀਂ ਹੈ ਜਿਵੇਂ ਸਾਡੇ ਜ਼ਮਾਨੇ 'ਚ ਸੀ, ਜਦ ਤੁਸੀਂ 'ਅਮੀਰ ਬਨਾਮ ਗ਼ਰੀਬ' ਕਹਿੰਦੇ ਸੀ। ਹੁਣ ਇਹ ਓਨਾ ਸੌਖਾ ਨਹੀਂ ਹੈ। ਹੁਣ ਮੁੱਠੀ ਭਰ ਕਾਰਪੋਰੇਟ ਮਾਲਕ ਬਾਕੀ ਸਾਰੇ ਲੋਕਾਂ ਦੇ ਖ਼ਿਲਾਫ਼ ਖੜ੍ਹੇ ਹਨ। ਹਕੀਕਤ 'ਚ, ਇਹੀ ਕਾਰਨ ਹੈ ਕਿ ਮੈਂ ਹੁਣ ਵੀ ਕਹਿੰਦਾ ਹਾਂ ਕਿ (ਸਰਮਾਏਦਾਰੀ ਦਾ) ਬਜਾਜ ਮਾਡਲ ਕਰੋਨੀ ਕੈਪੀਟਲਿਜ਼ਮ ਦੇ ਅਡਾਨੀ-ਅੰਬਾਨੀ ਮਾਡਲ ਨਾਲੋਂ ਬਿਹਤਰ ਹੈ!

ਆਰਥਕ ਬਦਲਾਓ ਲਿਆਉਣ ਲਈ ਤੁਹਾਨੂੰ ਇਕ ਰਾਜਨੀਤਕ ਪਾਰਟੀ ਦੀ ਲੋੜ ਪੈਂਦੀ ਹੈ, ਇਹ ਆਪਣੇ ਆਪ ਨਹੀਂ ਹੁੰਦੀ। ਇਸੇ ਲਈ ਮੈਂ ਕਹਿੰਦਾ ਹਾਂ ਕਿ ਸਾਨੂੰ ਇਕ ਵਿਰੋਧ ਦੀ ਲਾਜ਼ਮੀ ਲੋੜ ਹੈ ਜਿਸ ਦਾ ਨਵਉਦਾਰਵਾਦ ਦੇ ਖ਼ਿਲਾਫ਼ ਇਕ ਸਪਸ਼ਟ ਸਟੈਂਡ ਹੋਵੇ। ਇੱਥੋਂ ਤੱਕ ਕਿ ਇਸ ਵਕਤ ਜੋ ਕਿਸਾਨ ਅੰਦੋਲਨ ਚੱਲ ਰਿਹਾ ਹੈ, ਪਹਿਲਾਂ ਇਹ ਕਾਂਗਰਸ ਹੀ ਸੀ ਜੋ ਇਸ ਤਰ੍ਹਾਂ ਦੇ ਕਾਨੂੰਨਾਂ ਨੂੰ ਅੱਗੇ ਵਧਾ ਰਹੀ ਸੀ। ਸ਼ਰਦ ਪਵਾਰ [ਸਾਬਕਾ ਖੇਤੀ ਮੰਤਰੀ] ਐਸੇ ਕਾਨੂੰਨਾਂ ਨੂੰ ਅੱਗੇ ਵਧਾਉਣ ਵਾਲੇ ਮੁੱਖ ਯੋਜਨਾ-ਘਾੜਿਆਂ 'ਚੋਂ ਇਕ ਰਹੇ ਹਨ। ਹੁਣ ਉਹ ਕਿਸਾਨਾਂ ਦੀ ਹਮਾਇਤ ਕਰ ਰਹੇ ਹਨ। ਬੇਸ਼ੱਕ ਇਹ ਚੰਗੀ ਗੱਲ ਹੀ ਹੈ। ਲੇਕਿਨ ਤੁਸੀਂ ਐਸੀਆਂ ਗੱਲਾਂ ਉੱਪਰ ਭਰੋਸਾ ਨਹੀਂ ਕਰ ਸਕਦੇ।) ਨਵਉਦਾਰਵਾਦੀ ਨੀਤੀਆਂ ਹੁਣ ਪਹਿਲਾਂ ਨਾਲੋਂ ਵੀ ਵਧੇਰੇ ਹਮਲਾਵਰ ਹੋ ਗਈਆਂ ਹਨ ਅਤੇ ਉਹ ਹਮਲਾਵਰ ਰੂਪ 'ਚ ਐਸਾ ਕਰ ਸਕਦੇ ਹਨ ਕਿਉਂਕਿ ਉਹ ਇਸ ਨੂੰ ਰਾਸ਼ਟਰਵਾਦ ਦੇ ਬੈਨਰ ਹੇਠ ਕਰਦੇ ਹਨ। ਜਦ ਮੈਂ ਜੇਲ੍ਹ ਵਿਚ ਸੀ ਮੈਂ ਇਸ ਉੱਪਰ ਇਕ ਲੇਖ ਵੀ ਲਿਖਿਆ ਸੀ, ਜਿਸ ਦਾ ਸਿਰਲੇਖ ਸੀ "ਕੀ ਸੱਚੇ ਰਾਸ਼ਟਰਵਾਦੀ ਕਿਰਪਾ ਕਰਕੇ ਉੱਠਣਗੇ?" ਉਨ੍ਹਾਂ ਨੇ ਆਪਣਾ ਸਰਮਾਇਆ ਬਦੇਸ਼ 'ਚ ਸੁਰੱਖਿਅਤ ਕਰ ਲਿਆ, ਉਹ ਸਾਡੇ ਮੁਲਕ ਨੂੰ ਲੁੱਟ ਰਹੇ ਹਨ। ਬਰਤਾਨਵੀ ਬਸਤੀਵਾਦੀਆਂ ਨੇ ਕੱਲ੍ਹ ਜੋ ਕੀਤਾ ਸੀ, ਉਹੀ ਇਹ ਕਰੋਨੀ ਸਰਮਾਏਦਾਰ ਅੱਜ ਕਰ ਰਹੇ ਹਨ। ਇਹ ਨਵਉਦਾਰਵਾਦ ਦੇ ਸੰਦ ਹਨ। ਤਾਂ ਫਿਰ ਕੁਲ-ਮਿਲਾ ਕੇ ਸਵਾਲ ਇਹ ਹੈ, ਅੱਜ ਕੋਈ ਰਾਜਨੀਤਕ ਮੰਚ ਉੱਭਰੇ, ਜਿਸ ਦਾ ਨਵਉਦਾਰਵਾਦ ਉੱਪਰ ਇਕ ਸਟੈਂਡ ਹੋਵੇ, ਇਸ ਤੋਂ ਬਿਨਾਂ ਬਦਲਾਓ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਸਬਾ ਗੁਰਮਤ: ਜਦ ਮੈਂ ਤੁਹਾਡੀ ਕਿਤਾਬ ਪੜ੍ਹ ਰਹੀ ਸੀ ਤਾਂ ਕੁਛ ਗੱਲਾਂ ਉੱਪਰ ਮੇਰਾ ਖ਼ਾਸ ਧਿਆਨ ਗਿਆ, ਇਹੀ ਅਨੁਰਾਧਾ ਗਾਂਧੀ ਦੀ ਕਿਤਾਬ 'ਸਕ੍ਰਿਪਟਿੰਗ ਦ ਚੇਂਜ' ਨੂੰ ਪੜ੍ਹਨ 'ਤੇ ਵੀ ਹੋਇਆ ਸੀ ਕਿ 'ਖ਼ੁਦ ਨੂੰ ਡੀਕਲਾਸ' ਕਰਨ, ਜਮਾਤ ਦੀਆਂ ਨਿਸ਼ਾਨੀਆਂ ਨੂੰ ਮਿਟਾ ਦੇਣ ਅਤੇ ਲੋਕਾਂ ਦਰਮਿਆਨ ਕੰਮ ਕਰਨ ਨੂੰ ਲੈ ਕੇ ਸੁਚੇਤ ਯਤਨ ਕੀਤੇ ਗਏ। ਅੱਜ ਦੇ ਆਨਲਾਈਨ ਯੁਗ 'ਚ, ਜਦਕਿ ਵਿਸ਼ੇਸ਼-ਅਧਿਕਾਰ ਅਤੇ ਸਮਾਜੀ ਨਿਆਂ ਨਾਲ ਸੰਬੰਧਿਤ ਮੁੱਦਿਆਂ ਬਾਰੇ ਲੱਫ਼ਾਜ਼ੀ ਤਾਂ ਆਮ ਸੁਣਨ ਨੂੰ ਮਿਲ ਰਹੀ ਹੈ, ਲੇਕਿਨ ਅਸਲ ਵਿਚ ਕੰਮ ਕਰਨ ਵਾਲੇ ਬਹੁਤ ਥੋੜ੍ਹੇ ਹਨ। ਇਸ ਦੀ ਬਜਾਏ ਆਨਲਾਈਨ ਸਰਗਰਮੀ ਸਾਹਮਣੇ ਆ ਰਹੀ ਹੈ। ਤੁਹਾਨੂੰ ਕੀ ਲੱਗਦਾ ਹੈ ਕਿ ਐਸਾ ਕਿਉਂ ਹੋਇਆ?

ਕੋਬਾਡ ਗਾਂਧੀ: ਦੇਖੋ ਗੱਲ ਇਹ ਹੈ ਕਿ ਪਹਿਲਾਂ ਜਦ ਅਸੀਂ ਕੰਮ ਕਰਦੇ ਸੀ ਤਾਂ ਸਾਡੇ ਸਾਰਿਆਂ 'ਚ ਬਹੁਤ ਜ਼ਿਆਦਾ ਆਦਰਸ਼ਵਾਦ ਸੀ। ਅਸੀਂ ਸਾਰੇ ਗ਼ਰੀਬਾਂ 'ਚ ਗਏ ਅਤੇ ਉੱਥੇ ਸਾਦਾ ਤਰੀਕੇ ਨਾਲ ਰਹੇ। ਲੇਕਿਨ ਮੈਂ ਜਾਣਦਾ ਹਾਂ ਕਿ ਹੁਣ ਬਹੁਤਾ ਕੁਛ ਐਸਾ ਨਹੀਂ ਹੈ। ਸਾਡੇ ਵਿੱਚੋਂ ਥੋੜ੍ਹੇ ਹੀ ਸਨ ਜਿਨ੍ਹਾਂ ਨੇ ਉਹ ਕੀਤਾ। ਅਨੂ ਅਤੇ ਮੈਂ ਇਸ ਤਰ੍ਹਾਂ ਇੰਦੋਰਾ [ਮਹਾਰਾਸ਼ਟਰ ਦੇ ਨਾਗਪੁਰ ਸ਼ਹਿਰ ਦੀ ਬਸਤੀ] ਜਾ ਕੇ ਇਕ ਦਹਾਕੇ ਤੱਕ ਉੱਥੇ ਰਹਿ ਕੇ ਕੀਤਾ। ਮਿਸਾਲ ਵਜੋਂ, ਨਾਲ ਹੀ ਉਦੋਂ ਕਾਰਕੁੰਨ ਵਾਲੀ ਜ਼ਿੰਦਗੀ ਲਈ ਇਕ ਅਸੂਲ ਇਹ ਸੀ ਕਿ ਜੇ ਪਤੀ ਅਤੇ ਪਤਨੀ ਦੋਨੋਂ ਸਰਗਰਮ ਹਨ, ਤਾਂ ਉਹ ਬੱਚੇ ਪੈਦਾ ਨਹੀਂ ਕਰਨਗੇ। ਅਸੀਂ ਆਖ਼ਿਰ ਤੱਕ ਇਸ ਦਾ ਪਾਲਣ ਕੀਤਾ ਕਿਉਂਕਿ ਜੇ ਤੁਹਾਡਾ ਬੱਚਾ ਹੈ ਤਾਂ ਉਸ ਉੱਪਰ ਵੀ ਧਿਆਨ ਦੇਣਾ ਪੈਂਦਾ ਹੈ। ਜਾਂ ਤੁਸੀਂ ਬੱਚੇ ਨੂੰ ਆਪਣੇ ਮਾਂ-ਪਿਓ ਜਾਂ ਦਾਦਾ-ਦਾਦੀ ਕੋਲ ਛੱਡ ਦਿੰਦੇ ਹੋ। ਇਹ ਕੁਰਬਾਨੀ ਦਾ ਸਿਰਫ਼ ਇਕ ਪਹਿਲੂ ਸੀ ਜੋ ਅਸੀਂ ਦੇਣੀ ਪਈ ਸੀ।

ਆਨਲਾਈਨ ਸਰਗਰਮੀ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਸੌਖੀਆਂ ਹਨ ਲੇਕਿਨ ਤੁਸੀਂ ਇਸ ਨਾਲ ਹਕੀਕਤ 'ਚ ਗ਼ਰੀਬ ਤੋਂ ਗ਼ਰੀਬ ਵਿਅਕਤੀ ਤੱਕ ਨਹੀਂ ਪਹੁੰਚ ਸਕਦੇ। ਆਨਲਾਈਨ ਮੀਡੀਆ ਉੱਪਰ ਕੌਣ ਸਰਗਰਮ ਹੈ? ਤੁਸੀਂ ਮੱਧ ਵਰਗ ਦੇ ਇਕ ਹਿੱਸੇ ਨੂੰ ਅਪੀਲ ਕਰ ਰਹੇ ਹੋ, ਸ਼ਾਇਦ ਗ਼ਰੀਬਾਂ ਦੇ ਇਕ ਛੋਟੇ ਸਮੂਹ ਨੂੰ ਵੀ। ਲੇਕਿਨ ਤੁਸੀਂ ਕਦੇ ਵੀ ਖ਼ੁਦ ਨੂੰ ਉਨ੍ਹਾਂ ਦਰਮਿਆਨ ਸਰਗਰਮ ਰੂਪ 'ਚ ਸ਼ਾਮਲ ਨਹੀਂ ਕਰ ਸਕਦੇ। ਡੀਕਲਾਸ ਹੋਣਾ ਜਾਂ ਆਪਣੇ ਜਮਾਤੀ ਮਿਆਰ ਨੂੰ ਛੱਡਣਾ ਸਿਰਫ਼ ਸਰੀਰਕ ਬਦਲਾਓ ਨਹੀਂ ਹੈ, ਇਸ ਦਾ ਮਤਲਬ ਹੈ ਹਕੀਕਤ 'ਚ ਲੋਕਾਂ ਦਰਮਿਆਨ ਜਾਣਾ ਅਤੇ ਉੱਥੇ ਕੰਮ ਕਰਨਾ। ਦੇਖੋ, ਮੈਂ ਐਨੇ ਸਵੈਵਿਸ਼ਵਾਸ ਨਾਲ ਸਭ ਕੁਛ ਕਿਉਂ ਲਿਖ ਅਤੇ ਕਹਿ ਸਕਦਾ ਹਾਂ, ਜਿਵੇਂ ਕਿ ਮੈਂ ਪਛਾਣ ਦੀ ਰਾਜਨੀਤੀ ਦੇ ਬਾਰੇ [ਇਸ ਵਾਰਤਾਲਾਪ 'ਚ] ਕਹਿ ਰਿਹਾ ਹਾਂ, ਜੋ ਖੱਬੇਪੱਖੀਆਂ ਦੇ ਇਕ ਤਬਕੇ ਦੇ ਹਲਕ 'ਚੋਂ ਬਿਲਕੁਲ ਨਹੀਂ ਲੰਘੇਗਾ? ਐਸਾ ਇਸ ਲਈ ਹੈ ਕਿਉਂਕਿ ਅਸੀਂ ਕਈ ਦਹਾਕੇ ਗੁਜ਼ਾਰੇ ਹਨ ਅਤੇ ਲੋਕਾਂ ਦੇ ਵਿਚ ਰਹੇ ਹਾਂ! ਜੋ ਦੂਜਿਆਂ ਨੇ ਬਸ ਕੀਤਾ ਨਹੀਂ ਹੈ। ਜ਼ਿਆਦਾਤਰ ਜੋ ਵੀ ਇਸ ਤਰ੍ਹਾਂ ਦੀ ਗੱਲ ਕਰੇਗਾ, ਉਹ ਨਾ ਤਾਂ ਸਾਡੇ ਵਰਗੀਆਂ ਜ਼ਿੰਦਗੀਆਂ ਜੀਅ ਸਕਦਾ ਸੀ ਅਤੇ ਨਾ ਹੀ ਜੇਲ੍ਹਾਂ 'ਚ ਜਾ ਸਕਦਾ ਸੀ। ਲੇਕਿਨ ਹੁਣ, ਜਿਵੇਂ ਕਿ ਕਿਸੇ ਨੇ ਵੀ ਮਹਿਸੂਸ ਕੀਤਾ ਹੋਵੇਗਾ ਕਿ ਮੈਂ ਬਹੁਤ ਜ਼ਿਆਦਾ ਵਿਸ਼ਵਾਸ ਨਾਲ ਬੋਲ ਸਕਦਾ ਹਾਂ, ਚਾਹੇ ਮੈਂ ਜੋ ਕਹਿ ਰਿਹਾ ਹਾਂ ਮੇਰੇ ਸਹਿਯੋਗੀ ਉਸ ਨੂੰ ਮੰਨਣ ਲਈ ਤਿਆਰ ਨਾ ਹੋਣ।

ਮੈਨੂੰ ਲੱਗਦਾ ਹੈ ਕਿ ਖ਼ਾਸ ਕਰਕੇ 1990ਵਿਆਂ ਦੇ ਦਹਾਕੇ 'ਚ ਨਵਉਦਾਰਵਾਦ ਦੇ ਆਉਣ ਤੋਂ ਬਾਦ ਅਸੀਂ ਇਕ ਦੂਜੇ ਤੋਂ ਅਲੱਗ-ਥਲੱਗ ਹੋ ਗਏ ਹਾਂ। ਉਸ ਤਰ੍ਹਾਂ ਦਾ ਆਦਰਸ਼ਵਾਦ ਮੈਨੂੰ ਨਜ਼ਰ ਨਹੀਂ ਆਉਂਦਾ, ਹਾਲਾਂਕਿ ਮੈਨੂੰ ਸਮਾਜ 'ਚ ਬੇਚੈਨੀ ਦਿਖਾਈ ਦਿੰਦੀ ਹੈ। ਅਨੂ ਅਤੇ ਮੈਂ ਆਪਣੀ ਸਾਰੀ ਜਾਇਦਾਦ ਅਤੇ ਸਭ ਕੁਛ ਤਿਆਗ ਕੇ ਇਸ ਪਾਸੇ ਚੱਲੇ ਸੀ। ਸਾਡੇ ਕੋਲ ਚੰਗਾ ਪੱਖ ਇਹ ਸੀ ਕਿ ਅਸੀਂ ਜਿਸ ਪਰਿਵਾਰ ਵਿੱਚੋਂ ਸੀ, ਉਹ ਰਾਜਨੀਤਕ ਤੌਰ 'ਤੇ ਸਾਡੇ ਖ਼ਿਆਲਾਂ ਦੇ ਖ਼ਿਲਾਫ਼ ਨਹੀਂ ਸੀ ਅਤੇ ਹਰ ਸੰਭਵ ਤਰੀਕੇ ਨਾਲ ਉਹ ਸਾਡੀ ਹਮਾਇਤ ਕਰਦਾ ਸੀ। ਇਹ ਬਹੁਤ ਮਹੱਤਵਪੂਰਨ ਹੈ।

ਸਬਾ ਗੁਰਮਤ: ਤੁਸੀਂ ਦੌਲਤ ਦੀ ਆਲਮੀ ਨਾਬਰਾਬਰੀ ਅਤੇ ਕੋਵਿਡ ਤੋਂ ਬਾਦ ਉਪਜੇ ਸੰਕਟ, ਖ਼ਾਸ ਕਰਕੇ ਭਾਰਤੀ ਪ੍ਰਵਾਸੀ ਮਜ਼ਦੂਰਾਂ ਦੇ ਬਾਰੇ ਜ਼ੋਰਦਾਰ ਤਰੀਕੇ ਨਾਲ ਲਿਖਿਆ। ਕੀ ਤੁਸੀਂ ਇਹਨਾਂ ਤਮਾਮ ਵਰਤਾਰਿਆਂ ਦੌਰਾਨ ਮੁੜ ਰਾਜਨੀਤਕ ਕੰਮ ਕਰਨ ਬਾਰੇ ਸੋਚਿਆ ਹੈ? ਆਪਣੀ ਅਗਲੀ ਜ਼ਿੰਦਗੀ ਨੂੰ ਤੁਸੀਂ ਕਿਸ ਤਰ੍ਹਾਂ ਨਾਲ ਦੇਖਦੇ ਹੋ?

ਕੋਬਾਡ ਗਾਂਧੀ: ਦਰਅਸਲ ਮੈਨੂੰ ਲੱਗਦਾ ਹੈ ਕਿ ਕਮਿਊਨਿਸਟਾਂ ਨੂੰ ਵੀ ਇਕ ਖ਼ਾਸ ਉਮਰ 'ਚ ਰਿਟਾਇਰ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਅੱਸੀ ਸਾਲ ਜਾਂ ਉਸ ਤੋਂ ਜ਼ਿਆਦਾ ਉਮਰ ਹੋ ਜਾਣ ਤੱਕ ਸਰਗਰਮ ਨਹੀਂ ਰਹਿਣਾ ਚਾਹੀਦਾ। ਮੈਂ 74 ਸਾਲ ਦਾ ਹਾਂ, ਛੇਤੀ ਹੀ 75 ਸਾਲ ਦਾ ਹੋ ਜਾਵਾਂਗਾ ਅਤੇ ਗੱਲ ਇਹ ਹੈ ਕਿ ਮੈਂ ਹੁਣ ਲਿਖਣ ਦੇ ਜ਼ਰੀਏ ਵਧੇਰੇ ਯੋਗਦਾਨ ਪਾਉਣਾ ਹੈ। ਇਸ ਉਮਰ 'ਚ ਜ਼ਮੀਨੀ ਪੱਧਰ 'ਤੇ ਵਾਪਸ ਜਾ ਕੇ ਕੰਮ ਕਰਨ ਦਾ ਕੋਈ ਸਵਾਲ ਨਹੀਂ ਹੈ, ਮੇਰੇ ਵਿਚ ਹੁਣ ਉਨੀ ਸਮਰੱਥਾ ਵੀ ਨਹੀਂ ਹੈ। ਮੇਰੀ ਸਿਹਤ ਹੁਣ ਉਸ ਤਰ੍ਹਾਂ ਦੀ ਨਹੀਂ ਹੈ। ਇਸ ਦੇ ਲਈ ਬਹੁਤ ਕੋਸ਼ਿਸ਼ ਕਰਨੀ ਪਵੇਗੀ। ਅਤੇ ਫਿਰ ਮੇਰੇ ਕੰਮ ਦੇ ਲਈ ਕੋਈ ਮਾਹੌਲ ਵੀ ਨਹੀਂ ਹੈ। ਜੇ ਕੋਈ ਬੜਾ (ਰਾਜਨੀਤਕ) ਮਾਹੌਲ ਸੀ, ਕੋਈ ਘੇਰਾ ਸੀ ਜਾਂ ਇਸ ਤਰ੍ਹਾਂ ਦਾ ਕੁਛ ਹੈ ਤਾਂ ਮੈਨੂੰ ਨਹੀਂ ਪਤਾ। ਮੈਨੂੰ ਇਹ ਵੀ ਲੱਗਦਾ ਹੈ ਕਿ ਆਪਣੇ ਅਨੁਭਵਾਂ ਨੂੰ ਲਿਖ ਕੇ ਹੀ ਮੈਂ ਜ਼ਿਆਦਾ ਯੋਗਦਾਨ ਦਿਆਂਗਾ।

ਇਸ ਤੋਂ ਇਲਾਵਾ, ਮੈਨੂੰ ਲੱਗਦਾ ਹੈ ਕਿ ਵਰਤਮਾਨ 'ਚ ਦੋ ਤਰ੍ਹਾਂ ਦੇ ਬੁੱਧੀਜੀਵੀ ਹਨ। ਇਕ ਕਿਸੇ ਵੀ ਚੀਜ਼ ਉੱਪਰ ਸਵਾਲ ਨਹੀਂ ਕਰਨਾ ਚਾਹੁੰਦੇ ਅੰਤ ਦੂਜੇ ਜੋ ਕਿਸੇ ਵੀ ਬੁਨਿਆਦੀ ਤਬਦੀਲੀ ਨੂੰ ਨਕਾਰਦੇ ਹਨ ਅਤੇ ਮੋਹ-ਭੰਗ ਦੀ ਹਾਲਤ 'ਚ ਹਨ। ਇਹ ਸੱਚ ਹੈ ਕਿ ਕਮਿਊਨਿਜ਼ਮ ਨੂੰ ਭਿਅੰਕਰ ਪਛਾੜਾਂ ਲੱਗੀਆਂ ਹਨ, ਲੇਕਿਨ ਸਰਮਾਏਦਾਰੀ ਪਹਿਲਾਂ ਨਾਲੋਂ ਵੀ ਜ਼ਿਆਦਾ ਸੜਿਆਂਦ ਦੀ ਹਾਲਤ ਹੈ ਅਤੇ ਹੋਰ ਵੀ ਘਿਣਾਉਣੀ ਬਣ ਚੁੱਕੀ ਹੈ। ਮੌਜੂਦਾ ਸੰਕਟ ਦਾ ਜਵਾਬ ਸਮਾਜਵਾਦ ਦੇ ਰਸਤੇ ਨਾਲ ਹੀ ਮਿਲੇਗਾ। ਸਰਮਾਏਦਾਰੀ 'ਚ ਖੋਟ ਹੈ, ਇਸ ਨੂੰ ਸੁਧਾਰਨ ਅਤੇ ਇਸ ਨੂੰ ਮਾਨਵੀ ਬਣਾਉਣ ਦੀ ਕੋਈ ਗੁੰਜਾਇਸ਼ ਨਹੀਂ ਹੈ।

ਪ੍ਰੇਸ਼ਾਨੀ ਇਹ ਹੈ ਕਿ ਜ਼ਿਆਦਾਤਰ ਖੱਬਾ ਪੱਖ ਬੁਰੀ ਤਰ੍ਹਾਂ ਪਾਟੋਧਾੜ ਦਾ ਸ਼ਿਕਾਰ ਹੈ ਅਤੇ ਉਸ ਵਿਚ ਫੁੱਟ ਦਾ ਸਿਲਸਿਲਾ ਜਾਰੀ ਹੈ। ਸਵਾਲ ਹੈ, ਕਿਉਂ? ਜਦ ਅਸੀਂ ਬਹੁਤ ਬੜੇ ਕਾਜ ਲਈ ਆ ਰਹੇ ਹਾਂ, ਤਾਂ ਸਾਨੂੰ ਇਕਜੁੱਟ ਹੋਣ ਦੇ ਸਮਰੱਥ ਹੋਣਾ ਚਾਹੀਦਾ ਹੈ! ਜੇ ਆਮ ਉਦਾਰਵਾਦੀ ਵੀ ਕਿਸੇ ਚੀਜ਼ ਖ਼ਾਤਰ ਇਕਜੁੱਟ ਹੋ ਸਕਦੇ ਹਨ ਤਾਂ ਅਸੀਂ ਜੋ ਇਨਕਲਾਬੀ ਬਦਲਾਓ ਲਿਆਉਣ ਦੀ ਗੱਲ ਕਰ ਰਹੇ ਹਾਂ ਅਸੀਂ ਇਕੱਠੇ ਹੋਣ 'ਚ ਅਸਮਰੱਥ ਕਿਉਂ ਹਾਂ? ਮੇਰਾ ਮੰਨਣਾ ਹੈ ਕਿ ਇਸ ਦਾ ਕਾਰਨ ਜ਼ਿੰਦਗੀ ਅਤੇ ਲੋਕਾਂ ਪ੍ਰਤੀ ਸਾਡੇ ਨਜ਼ਰੀਏ 'ਚ ਹੈ ਅਤੇ ਇਹੀ ਕਾਰਨ ਹੈ ਕਿ ਮੈਂ ਆਪਣੀ ਕਿਤਾਬ ਵਿਚ ਬਦਲਾਓ ਦੇ ਕਿਸੇ ਵੀ ਪ੍ਰੋਜੈਕਟ ਲਈ ਖ਼ੁਸ਼ੀ, ਸੁਤੰਤਰਤਾ ਅਤੇ ਮੁੱਲ ਪ੍ਰਣਾਲੀਆਂ ਨੂੰ ਕੇਂਦਰ 'ਚ ਰੱਖ ਕੇ ਚਰਚਾ ਕੀਤੀ ਹੈ। ਮੈਨੂੰ ਯਕੀਨ ਹੈ ਕਿ ਲੋਕ ਕਹਿਣਗੇ ਕਿ ਇਹ ਬਹਿਸ ਦਾ ਮੁੱਦਾ ਹੈ। ਤਾਂ ਮੈਂ ਕਹਿ ਸਕਦਾ ਹਾਂ, ਆਓ ਇਸ ਉੱਪਰ ਬਹਿਸ ਕਰੀਏ।

ਦੂਜੀ ਤਰ੍ਹਾਂ ਦਾ ਵਿਅਕਤੀ ਉਹ ਹੈ ਜੋ ਪੂਰੀ ਤਰ੍ਹਾਂ ਨਿਰਾਸ਼ਾਵਾਦੀ ਹੋ ਜਾਂਦਾ ਹੈ। ਉਹ ਦੋ ਸਿਰਿਆਂ 'ਤੇ ਜਿਊਂਦਾ ਹੈ। ਜਾਂ ਤਾਂ ਐਨਾ ਵਫ਼ਾਦਾਰ ਬਣ ਕੇ ਜਾਂ ਫਿਰ ਨਿਰਾਸ਼ਾਵਾਦੀ ਹੋ ਕੇ। ਜਦਕਿ ਮੈਂ ਹਮੇਸ਼ਾ ਇਹਨਾਂ ਦੋ ਸਿਰਿਆਂ ਦੇ ਵਿਚਕਾਰ ਰਿਹਾ ਹਾਂ। ਨਾਲ ਹੀ, ਜ਼ਿਆਦਾਤਰ ਲੋਕ ਚਾਰ ਜਾਂ ਪੰਜ ਸਾਲ ਤੋਂ ਬਾਦ ਜੇਲ੍ਹ ਤੋਂ ਬਾਹਰ ਆਉਂਦੇ ਹਨ, ਫਿਰ ਉਹ ਜਾਂ ਪੂਰੀ ਤਰ੍ਹਾਂ ਚੁੱਪ ਹੋ ਜਾਂਦੇ ਹਨ ਜਾਂ ਨਾਂਹਪੱਖੀ ਹੋ ਜਾਂਦੇ ਹਨ ਜਾਂ ਉਨ੍ਹਾਂ ਦਾ ਮੋਹ ਭੰਗ ਹੋ ਜਾਂਦਾ ਹੈ। ਮੈਨੂੰ ਲੱਗਦਾ ਹੈ ਕਿ ਸਮਾਜਵਾਦ ਹੀ ਸਹੀ ਜਵਾਬ ਹੈ। ਇਸ ਦੇ ਰਸਤਿਆਂ ਨੂੰ ਲੈ ਕੇ ਬਹਿਸ ਕੀਤੀ ਜਾ ਸਕਦੀ ਹੈ ਕਿਉਂਕਿ ਅਸੀਂ ਦੇਖਿਆ ਹੈ ਕਿ ਕਿੰਨੇ ਹੀ ਤਰੀਕੇ ਸਫ਼ਲ ਨਹੀਂ ਹੋਏ ਹਨ। ਇਸ ਲਈ ਮੈਂ ਆਪਣੀ ਜ਼ਿੰਦਗੀ ਦੇ ਇਸ ਮੋੜ 'ਤੇ ਆਪਣੇ ਪੰਜਾਹ ਸਾਲ ਦੇ ਅਨੁਭਵ ਅਤੇ ਸਰਗਰਮੀ ਨੂੰ ਸਮੇਟ ਕੇ ਇਹਨਾਂ ਸਵਾਲਾਂ ਉੱਪਰ ਲਿਖਣਾ ਅਤੇ ਗ਼ੌਰ ਕਰਨਾ ਚਾਹੁੰਦਾ ਹਾਂ।

## ਕਿਸਾਨੀ ਅੰਦੋਲਨ ਨੂੰ ਸਮਰਪਿਤ ਗ਼ਜ਼ਲਾਂ

ਮੈਂ ਬੰਜਰ ਆਬਾਦ ਕੀਤੇ, ਹੱਥਾਂ ਨਾ ਹਲ਼ ਵਾਹ ਕੇ
ਕਬਜ਼ਾ ਹੈ ਕਰਨਾ ਚਾਹੁੰਦਾ, ਹੁਣ ਹੋਰ ਕੋਈ ਆ ਕੇ

ਗਰਮੀ ਦੀ ਰੁੱਤ ਦੇ ਅੰਦਰ ਕਿੰਜ ਚੋਇਆ ਮੇਰਾ ਪਸੀਨਾ
ਇਹ ਉਹ ਭਲਾ ਕੀ ਜਾਣਨ, ਬੈਠੇ ਜੋ ਪੱਖੇ ਲਾ ਕੇ

ਮਿੱਟੀ ਨਾ ਮਿੱਟੀ ਹੋ ਕੇ, ਕਿੰਜ ਫ਼ਸਲ ਮੈਂ ਉਗਾਵਾਂ
ਕੁੱਝ ਲੋਕ ਨੇ ਹੁਣ ਬੈਠੇ, ਮੇਰੀ ਦਾਸਤਾਂ ਭੁਲਾ ਕੇ

ਹੈ ਮੇਰੇ ਲਹੂ ਵਿਚ ਵਗਦਾ, ਕੁਰਬਾਨੀਆਂ ਦਾ ਜਜ਼ਬਾ
ਜਿੱਤੀ ਆਜ਼ਾਦੀ ਮੈਂ ਸੀ, ਗਲ਼ ਫਾਂਸੀ ਦੇ ਫੰਦੇ ਪਾ ਕੇ

ਖੋਟੇ ਤੇਰੇ ਮਨਸੂਬੇ, ਨਾਕਾਮ ਹੋਣੇ ਹਾਕਮ
ਭਾਵੇਂ ਵੇਖ ਲਈਂ ਮੈਨੂੰ, ਸੌ ਵਾਰ ਤੂੰ ਅਜ਼ਮਾ ਕੇ

• • •

2

ਸਰਕਾਰ ਜੋ ਆਪਣੀ ਪਰਜਾ ਦੀ ਲੈਂਦੀ ਸਾਰ ਨਹੀਂ
ਸੋਚ ਮੇਰੀ ਦੇ ਅੰਦਰ ਉਹ ਕੋਈ ਸਰਕਾਰ ਨਹੀਂ

ਰਾਖਾ ਜਿਹੜਾ ਆਪ ਹੀ ਹੈ ਘਰ ਨੂੰ ਲੁੱਟੀ ਜਾ ਰਿਹਾ
ਚੋਰ ਹੀ ਹੋਣਾ ਕੋਈ, ਉਹ ਕੋਈ ਪਹਿਰੇਦਾਰ ਨਹੀਂ

ਆਪਣੇ ਵਾਅਦੇ ਦੇ ਉੱਤੇ ਜੋ ਕਦੀ ਖੜਦਾ ਨਹੀਂ
ਐਸੇ ਨੇਤਾ ਦੇ ਉੱਤੇ, ਮੈਨੂੰ ਕੋਈ ਇਤਬਾਰ ਨਹੀਂ

ਹੈ ਮੁਬਾਰਕ ਪੈਸਾ ਤੈਨੂੰ, ਪੈਸੇ ਵਾਲੇ ਦੋਸਤਾ
ਪਰ ਮੇਰੀ ਰੋਟੀ ਦੇ ਉੱਤੇ, ਤੇਰਾ ਕੋਈ ਅਧਿਕਾਰ ਨਹੀਂ

ਲੋਕਤੰਤਰ ਤਾਂ ਬਣਾਇਆ ਹੀ ਸੀ ਲੋਕਾਂ ਦੇ ਲਈ
ਏਸ ਦਾ ਮਾਲਕ ਕੋਈ, ਨੇਤਾ ਜਾਂ ਸ਼ਾਹੂਕਾਰ ਨਹੀਂ

ਜੰਗ ਜੇ ਯਾਰੋ ਇਹ ਆਪਣੇ, ਹੱਕਾਂ ਦੀ ਹੈ ਜਿੱਤਣੀ
ਏਕੇ ਤੋਂ ਵੱਡਾ ਕੋਈ, ਹੋਰ ਤਾਂ ਹਥਿਆਰ ਨਹੀਂ

- ਮਹਿੰਦਰਪਾਲ ਸਿੰਘ ਪਾਲ

# ਮਹਾਮਾਰੀ ਅਤੇ 'ਸਵੈਨਿਰਭਰਤਾ' ਦਾ ਦੰਭ

(ਸਫ਼ਾ 1 ਦੀ ਬਾਕੀ)

ਘੋਰ ਇਨਸਾਨ ਵਿਰੋਧੀ ਬਣ ਚੁੱਕਾ ਹੈ। ਕੋਵਿਡ-19 ਨਾਲੋਂ ਮੁਲਕ ਦਾ ਲੋਕ ਵਿਰੋਧੀ ਪ੍ਰਬੰਧ ਵਧੇਰੇ ਜਾਨਲੇਵਾ ਸਾਬਤ ਹੋ ਰਿਹਾ ਹੈ। ਖੁੱਲੀ ਮੰਡੀ ਦੇ ਵਿਕਾਸ ਮਾਡਲ ਵਿਚ ਗ਼ਰੀਬ ਘਰਾਂ 'ਚ ਅਤੇ ਸੜਕਾਂ ਉੱਪਰ ਮਰਨ ਲਈ ਛੱਡ ਦਿੱਤੇ ਗਏ ਹਨ। ਅਮੀਰ ਤਾਂ ਪੈਸੇ ਦੇ ਜ਼ੋਰ ਮਹਿੰਗੇ ਹਸਪਤਾਲਾਂ 'ਚ ਇਲਾਜ ਕਰਾ ਲੈਣਗੇ ਅਤੇ ਆਪਣੇ ਲਈ ਬਲੈਕ 'ਚ ਆਕਸੀਜਨ ਖ਼ਰੀਦ ਕੇ ਅਗੇਤੀ ਸਟੋਰ ਕਰ ਰਹੇ ਹਨ, ਗ਼ਰੀਬ ਕੀ ਕਰਨ? ਗ਼ਰੀਬਾਂ ਨੂੰ ਆਕਸੀਜਨ ਦੀ ਤੋਟ ਬਾਰੇ ਗੱਲ ਕਰਨ ਦੀ ਵੀ ਮਨਾਹੀ ਹੈ। ਯੂ.ਪੀ. ਦੇ ਭਗਵੇਂ ਮੁੱਖ ਮੰਤਰੀ ਨੇ ਫ਼ਰਮਾਨ ਜਾਰੀ ਕਰ ਦਿੱਤਾ ਹੈ ਕਿ ਜੋ ਆਕਸੀਜਨ ਦੀ ਤੋਟ ਦੀਆਂ ਅਫ਼ਵਾਹਾਂ ਫੈਲਾਏਗਾ ਉਸ ਨੂੰ ਨੈਸ਼ਨਲ ਸਕਿਊਰਿਟੀ ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਉਸ ਦੀ ਜ਼ਮਾਨਤ ਨਹੀਂ ਹੋਵੇਗੀ ਅਤੇ ਉਸ ਦੀ ਜਾਇਦਾਦ ਜ਼ਬਤ ਕਰ ਲਈ ਜਾਵੇਗੀ। ਆਰ.ਐੱਸ.ਐੱਸ. ਦੇ ਬੁਲਾਰੇ ਨੇ ਮੀਡੀਆ ਨੂੰ "ਸਕਾਰਾਤਮਕ ਮਾਹੌਲ" ਬਣਾਉਣ 'ਚ ਮੱਦਦ ਕਰਨ ਲਈ ਕਿਹਾ ਹੈ ਕਿਉਂਕਿ "ਭਾਰਤ ਵਿਰੋਧੀ ਤਾਕਤਾਂ" "ਨਕਾਰਾਤਮਕਤਾ" ਅਤੇ "ਬੇਵਿਸ਼ਵਾਸੀ" ਫੈਲਾ ਕੇ ਸੰਕਟ ਦਾ ਲਾਹਾ ਲੈਣਗੀਆਂ!

ਪਿਛਲੇ ਸਾਲ ਮਨਮਾਨੇ ਤਰੀਕੇ ਨਾਲ ਜੋ ਲੌਕਡਾਊਨ ਥੋਪਿਆ ਗਿਆ ਸੀ ਉਸ ਦੀ ਕੋਰੋਨਾ ਮਹਾਮਾਰੀ ਉੱਪਰ ਕਾਬੂ ਪਾਉਣ 'ਚ ਤਾਂ ਕੋਈ ਭੂਮਿਕਾ ਨਹੀਂ ਸੀ, ਉਸ ਨੇ ਆਰਥਿਕਤਾ ਦਾ ਬੇੜਾ ਗ਼ਰਕ ਜ਼ਰੂਰ ਕਰ ਦਿੱਤਾ। ਵਾਰ-ਵਾਰ ਇਹ ਦਾਅਵੇ ਕੀਤੇ ਗਏ ਕਿ ਅਸੀਂ ਹੋਰ ਮੁਲਕਾਂ ਦੇ ਮੁਕਾਬਲੇ ਕੋਰੋਨਾ ਨਾਲ ਬਿਹਤਰ ਰੂਪ 'ਚ ਨਜਿੱਠ ਰਹੇ ਹਾਂ ਅਤੇ ਵੈਕਸੀਨ ਤਿਆਰ ਕਰਕੇ ਸਵੈਨਿਰਭਰ ਬਣ ਰਹੇ ਹਾਂ। ਸਰਕਾਰੀ ਦਾਅਵਿਆਂ ਮੁਤਾਬਿਕ 2020 ਦੇ ਅਖ਼ੀਰ 'ਚ ਕੋਰੋਨਾ ਲਾਗ ਉੱਪਰ ਕਾਬੂ ਪਾ ਲਿਆ ਗਿਆ ਸੀ, ਅਤੇ ਹੁਣ ਸਿਰਫ਼ ਲਾਗ ਦੇ ਅਗਲੇ ਫੈਲਾਅ ਨੂੰ ਰੋਕਣ ਦੀ ਚੁਣੌਤੀ ਸੀ। ਮੋਦੀ ਨੇ ਹਿੱਕ ਠੋਕ ਕੇ ਐਲਾਨ ਕੀਤਾ, "ਮਿੱਤਰੋ, ਕਿਸੇ ਹੋਰ ਮੁਲਕ ਦੇ ਬਰਾਬਰ ਰੱਖ ਕੇ ਭਾਰਤ ਦੀ ਕਾਮਯਾਬੀ ਦਾ ਨਿਰਣਾ ਕਰਨਾ ਉਚਿਤ ਨਹੀਂ ਹੋਵੇਗਾ। ਇਕ ਮੁਲਕ ਜਿੱਥੇ ਵਿਸ਼ਵ ਦੀ 18ਫ਼ੀ ਸਦੀ ਆਬਾਦੀ ਵਸਦੀ ਹੈ, ਉਸ ਮੁਲਕ ਨੇ ਪ੍ਰਭਾਵਸ਼ਾਲੀ ਤਰੀਕੇ ਨਾਲ ਕੋਰੋਨਾ ਨੂੰ ਹਰਾ ਕੇ ਮਨੁੱਖਤਾ ਨੂੰ ਇਕ ਬੜੀ ਤਬਾਹੀ ਤੋਂ ਬਚਾ ਲਿਆ ਹੈ।" ਫਰਵਰੀ ਤੱਕ ਮੋਦੀ ਅਤੇ ਬੀਜੇਪੀ ਕੋਰੋਨਾ 'ਸੁਨਾਮੀ' ਨੂੰ ਪਛਾੜ ਦੇਣ ਦੀ ਕਾਮਯਾਬੀ ਲਈ ਆਪਣੀ ਪਿੱਠ ਬੇਸ਼ਰਮੀ ਨਾਲ ਥਾਪੜ ਰਹੇ ਸਨ ਅਤੇ 'ਵੈਕਸੀਨ ਮੈਤਰੀ' ਦੇ ਨਾਂ ਹੇਠ ਹੋਰ ਮੁਲਕਾਂ ਦੀ ਮੱਦਦ ਕਰਨ ਦੇ ਦਮਗੱਜੇ ਮਾਰੇ ਜਾ ਰਹੇ ਸਨ। ਮਾਰਚ ਮਹੀਨੇ ਮੋਦੀ ਦੀ ਆਲਮੀ ਮਸ਼ਹੂਰੀ ਲਈ ਕੈਨੇਡਾ ਵਿਚ ਇਕ ਇੰਡੋ-ਕੈਨੇਡੀਅਨ ਗਰੁੱਪ ਦੀ ਸਰਪ੍ਰਸਤੀ ਵਾਲੇ ਬਿਲਬੋਰਡ ਲਗਾ ਕੇ ਭਾਰਤ ਦਾ ਬਣਾਇਆ ਵੈਕਸੀਨ ਬਦੇਸ਼ਾਂ ਨੂੰ ਭੇਜਣ ਦਾ ਪ੍ਰਚਾਰ ਕੀਤਾ ਗਿਆ। ਜਦੋਂਕਿ ਖ਼ੁਦ ਭਾਰਤ ਅੰਦਰ ਇਸ ਦੀ ਭਰੋਸੇਯੋਗਤਾ ਅਤੇ ਵੈਕਸੀਨ ਦੀ ਅਸਰਕਾਰੀ ਦੇ ਸਰਕਾਰੀ ਦਾਅਵੇ ਸਵਾਲਾਂ ਦੇ ਘੇਰੇ 'ਚ ਹਨ। ਵੈਕਸੀਨ ਲਗਾ ਲੈਣ ਤੋਂ ਬਾਦ ਕੋਰੋਨਾ ਦੀ ਲਪੇਟ ਵਿਚ ਆਉਣ ਵਾਲੇ ਵਿਅਕਤੀਆਂ ਬਾਰੇ ਡੇਟਾ ਅਲੱਗ ਵਿਵਾਦਾਂ 'ਚ ਘਿਰਿਆ ਹੋਇਆ ਹੈ।

ਕੋਰੋਨਾ ਨਾਲ ਮੱਚੀ ਹਾਹਾਕਾਰ ਦੇ ਹਾਲਾਤ 'ਚ ਵੀ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੋਵੇਂ ਬੰਗਾਲ ਦੀ ਚੋਣ ਮੁਹਿੰਮ 'ਚ ਆਖ਼ਿਰ ਤੱਕ ਨਿਹਾਇਤ ਬੇਸ਼ਰਮੀ ਨਾਲ ਰੁੱਝੇ ਰਹੇ। ਕੋਰੋਨਾ ਦੇ ਮੁੜ ਫੈਲ ਦੀਆਂ ਮੀਡੀਆ ਰਿਪੋਰਟਾਂ ਦੇ ਬਾਵਜੂਦ ਮੋਦੀ ਨੇ 20 ਅਪ੍ਰੈਲ ਤੋਂ ਪਹਿਲਾਂ ਕੋਰੋਨਾ ਦੇ ਸਵਾਲ ਨੂੰ ਮੁਖ਼ਾਤਿਬ ਹੋਣ ਦੀ ਕੋਈ ਲੋੜ ਨਹੀਂ ਸਮਝੀ। ਬਹੁਤ ਲੋਕਾਂ ਨੂੰ 2020 ਦੇ ਤੱਥ ਚੇਤੇ ਹੋਣਗੇ ਕਿ ਦੁਨੀਆ ਭਰ 'ਚ ਕੋਰੋਨਾ ਮਹਾਮਾਰੀ ਦੇ ਬਾਵਜੂਦ ਆਰ.ਐੱਸ.ਐੱਸ.-ਭਾਜਪਾ ਸਰਕਾਰ 'ਨਮਸਤੇ ਟਰੰਪ' ਵਰਗੇ ਆਡੰਬਰਾਂ 'ਚ ਮਦਹੋਸ਼ ਸੀ ਅਤੇ ਇਸ ਨੇ ਆਪਣੀ ਮੁਜਰਮਾਨਾ ਕੋਤਾਹੀ ਨੂੰ ਮੰਨ ਕੇ ਢੁੱਕਵੀਂ ਵਿਉਂਤਬੰਦੀ ਕਰਨ ਦੀ ਬਜਾਏ ਮੁਲਕ ਨੂੰ ਅਣਮਿੱਥੇ ਲਾਕਡਾਊਨ ਦੇ ਹਵਾਲੇ ਕਰ ਦਿੱਤਾ ਸੀ। ਅਖੌਤੀ 'ਮਜ਼ਬੂਤ' ਤਾਨਾਸ਼ਾਹਾਂ ਦੀ ਇਹ ਵਿਲੱਖਣ ਖ਼ਾਸੀਅਤ ਹੁੰਦੀ ਹੈ ਕਿ ਉਹ ਆਪਣੀ ਗ਼ਲਤੀ ਕਦੇ ਨਹੀਂ ਮੰਨਦੇ। ਉਹ ਹਮੇਸ਼ਾ ਆਪਣੇ ਮਜ਼ਬੂਤ ਅਕਸ ਨੂੰ ਖ਼ੋਰਾ ਲੱਗਣ ਦੇ ਖ਼ੌਫ਼ ਹੇਠ ਜਿਉਂਦੇ ਹਨ। ਮੋਦੀ ਜੁੰਡਲੀ ਵੀ ਆਪਣੀ ਮੁਜਰਮਾਨਾ ਲਾਪ੍ਰਵਾਹੀ ਕਦੇ ਨਹੀਂ ਮੰਨੇਗੀ ਅਤੇ ਆਪਣਾ 'ਅਜਿੱਤ' ਅਕਸ ਬਣਾਈ ਰੱਖਣ ਲਈ ਗੁੰਮਰਾਹਕੁੰਨ ਬਿਆਨਬਾਜ਼ੀ ਅਤੇ ਝੂਠੇ ਦਾਅਵਿਆਂ ਦਾ ਸਿਲਸਿਲਾ ਜਾਰੀ ਰੱਖੇਗੀ।

ਇਸ ਵਾਰ ਤਾਂ ਪਿਛਲੇ ਸਾਲ ਦੀ ਤਰ੍ਹਾਂ ਅੱਗ ਲੱਗੀ 'ਤੇ ਖੂਹ ਪੁੱਟਣ ਦੀ ਸਥਿਤੀ ਵੀ ਨਹੀਂ ਸੀ। ਹੁਕਮਰਾਨਾਂ ਕੋਲ ਅਗਲੇ ਸੰਕਟ ਦੇ ਟਾਕਰੇ ਲਈ ਤਿਆਰੀ ਅਤੇ ਲੋੜੀਂਦੇ ਇੰਤਜ਼ਾਮ ਕਰਨ ਦਾ ਖੁੱਲ੍ਹਾ ਸਮਾਂ ਸੀ। ਲੇਕਿਨ ਕੋਰੋਨਾ ਵਾਇਰਸ ਦੇ ਮੁੜ ਤੇਜ਼ੀ ਨਾਲ ਫੈਲਣ ਦੇ ਅੰਕੜਿਆਂ ਦੌਰਾਨ ਦਿੱਲੀ ਅਤੇ ਹੋਰ ਸ਼ਹਿਰਾਂ ਦੇ ਹਸਪਤਾਲਾਂ ਦੀ ਜੋ ਖ਼ੌਫ਼ਨਾਕ ਤਸਵੀਰ ਸਾਹਮਣੇ ਆ ਰਹੀ ਹੈ ਉਹ ਮੁਜਰਮਾਨਾ ਬਦਇੰਤਜ਼ਾਮੀ ਦਾ ਮੂੰਹ ਬੋਲਦਾ ਸਬੂਤ ਹੈ। ਦਰਅਸਲ, ਇਹ ਅਣਗਹਿਲੀ ਨਹੀਂ ਜੁਰਮ ਹੈ। ਮੁਲਕ ਦੀ ਰਾਜਧਾਨੀ ਸਮੇਤ ਬਹੁਤ ਸਾਰੇ ਸ਼ਹਿਰਾਂ ਦੇ ਹਸਪਤਾਲ ਆਕਸੀਜਨ ਦੇ ਗੰਭੀਰ ਸੰਕਟ ਨਾਲ ਜੂਝ ਰਹੇ ਹਨ। ਹਸਪਤਾਲਾਂ ਦੇ ਪ੍ਰਬੰਧਕ ਮਰੀਜ਼ਾਂ ਦੇ ਵਾਰਿਸਾਂ ਨੂੰ ਆਕਸੀਜਨ ਦੇ ਇੰਤਜ਼ਾਮ ਖ਼ੁਦ ਕਰਨ ਲਈ ਕਹਿ ਰਹੇ ਹਨ। ਆਕਸੀਜਨ ਦੇ ਸਿਲੰਡਰ ਲੁੱਟੇ ਜਾਣ ਦੀਆਂ ਰਿਪੋਰਟਾਂ ਆ ਰਹੀਆਂ ਹਨ। ਵਿਸ਼ੇਸ਼ ਕੋਵਿਡ ਹਸਪਤਾਲਾਂ ਅਤੇ ਵਿਸ਼ੇਸ਼ ਕੋਵਿਡ ਵਾਰਡਾਂ 'ਚ ਮਰੀਜ਼ਾਂ ਨੂੰ ਸਾਂਭਣ ਦੇ ਇੰਤਜ਼ਾਮ ਨਹੀਂ ਹਨ। ਆਕਸੀਜਨ ਲੱਗੇ ਮਰੀਜ਼ ਹਸਪਤਾਲਾਂ ਦੇ ਵਾਰਡਾਂ ਤੋਂ ਬਾਹਰ ਰੁਲ ਅਤੇ ਮਰ ਰਹੇ ਹਨ। ਸੁੱਖਿਆ ਅਮਲਾ ਹੋਰ ਗੰਭੀਰ ਅਤੇ ਜਾਨਲੇਵਾ ਬੀਮਾਰੀਆਂ ਦੇ ਮਰੀਜ਼ਾਂ ਨੂੰ ਹਸਪਤਾਲਾਂ ਵਿਚ ਵੜਨ ਨਹੀਂ ਦੇ ਰਿਹਾ। ਪ੍ਰਾਈਵੇਟ ਹਸਪਤਾਲਾਂ ਵੱਲੋਂ ਮਰੀਜ਼ਾਂ ਦੀ ਇਸ ਬੇਵਸੀ ਅਤੇ ਖ਼ੌਫ਼ਜ਼ਦਾ ਹਾਲਤ ਦਾ ਬੇਸ਼ਰਮੀ ਨਾਲ ਲਾਹਾ ਲਿਆ ਜਾ ਰਿਹਾ ਹੈ। ਆਕਸੀਜਨ, ਕੋਵਿਡ ਨਾਲ ਸੰਬੰਧਤ ਦਵਾਈਆਂ ਅਤੇ ਹੋਰ ਲੋੜੀਂਦੇ ਸਮਾਨ ਦੀ ਸ਼ਰੇਆਮ ਕਾਲਾਬਾਜ਼ਾਰੀ ਹੋ ਰਹੀ ਹੈ। ਜਦੋਂ ਨਾਸਾ ਮੰਗਲ ਗ੍ਰਹਿ ਉੱਪਰ ਆਕਸੀਜਨ ਪੈਦਾ ਕਰ ਲੈਣ ਦੇ ਖ਼ੁਸ਼ਗਵਾਰ ਐਲਾਨ ਕਰ ਰਿਹਾ ਹੈ ਤਾਂ 'ਵਿਕਾਸ ਪੁਰਸ਼' ਦੀ ਅਗਵਾਈ ਹੇਠ 'ਵਿਸ਼ਵ ਗੁਰੂ' ਹੋਣ ਦਾ ਦਾਅਵੇਦਾਰ 136 ਕਰੋੜ ਲੋਕਾਂ ਦਾ ਮੁਲਕ ਆਕਸੀਜਨ ਦੀ ਥੁੜ ਦਾ ਸਾਹਮਣਾ ਕਰ ਰਿਹਾ ਹੈ।

ਜਿਸ ਮੁਲਕ ਦੇ ਪ੍ਰਸ਼ਾਸਨ ਨੂੰ ਮਹਾਮਾਰੀ ਦੇ ਦੁਬਾਰਾ ਫੈਲਣ ਦੀ ਸੰਭਾਵਨਾ ਦੇ ਮੱਦੇਨਜ਼ਰ ਤਿਆਰੀ ਲਈ ਇਕ ਸਾਲ ਦਾ ਸਮਾਂ ਮਿਲਿਆ ਹੋਵੇ, ਉਸ ਦੇ ਪੱਧਰ 'ਤੇ ਮਨੁੱਖਤਾ ਵਿਰੁੱਧ ਇਸ ਤੋਂ ਬੜਾ ਜੁਰਮ ਕੀ ਹੋ ਸਕਦਾ ਹੈ। ਅਨੈਤਿਕਤਾ ਦੀ ਹੱਦ ਇਹ ਹੈ ਕਿ ਇਕ ਵਾਰ ਫਿਰ ਦੇਸ਼ ਤੇ ਦੁਨੀਆ ਨੂੰ ਮੂਰਖ ਬਣਾਉਣ ਲਈ 'ਐਮਰਜੈਂਸੀ' ਕਦਮ ਚੁੱਕਣ ਦੇ ਐਲਾਨ ਕੀਤੇ ਜਾ ਰਹੇ ਹਨ। 'ਸਵੈਨਿਰਭਰਤਾ' ਦੀ ਸਥਿਤੀ ਇਹ ਹੈ ਕਿ ਹਸਪਤਾਲਾਂ ਲਈ ਪੂਰੀ ਆਕਸੀਜਨ ਵੀ ਨਹੀਂ ਹੈ। ਕੌਮਾਂਤਰੀ ਪੱਧਰ 'ਤੇ ਬੀਜੇਪੀ ਸਰਕਾਰ ਦਾ ਵਿਕਾਸ ਦਾ ਦੰਭ ਪੂਰੀ ਤਰ੍ਹਾਂ ਬੇਪਰਦ ਹੋ ਗਿਆ ਹੈ, ਕੌਮਾਂਤਰੀ ਮੀਡੀਆ 'ਚ ਤਿੱਖੀ ਆਲੋਚਨਾ ਹੋ ਰਹੀ ਹੈ। ਖ਼ੁਦ ਆਰ.ਐੱਸ.ਐੱਸ. ਦੇ ਅੰਦਰ ਮੋਦੀ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਨੂੰ ਲੈ ਕੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ ਜਿਸ ਨੇ ਸੰਘ ਦੇ ਆਗੂਆਂ ਦੀ ਚਿੰਤਾ ਵਧਾ ਦਿੱਤੀ ਹੈ।

ਪਿਛਲੇ ਦਿਨੀਂ ਦੰਭੀ ਪ੍ਰਧਾਨ ਮੰਤਰੀ ਨੇ ਪੀ.ਐੱਮ. ਕੇਅਰਜ਼ ਫੰਡ ਵਿੱਚੋਂ ਪੂਰੇ ਮੁਲਕ 'ਚ ਆਕਸੀਜਨ ਦੇ 551 ਐਮਰਜੈਂਸੀ ਪਲਾਂਟ ਲਗਾਉਣ ਨੂੰ ਮਨਜ਼ੂਰੀ ਦੇਣ ਦਾ ਐਲਾਨ ਕੀਤਾ ਹੈ। ਪੀ.ਐੱਮ. ਕੇਅਰ ਫੰਡ ਦੇ ਨਾਂ ਹੇਠ ਬਟੋਰਿਆ ਪੈਸਾ ਕਿੱਥੇ ਖ਼ਰਚ ਕੀਤਾ ਗਿਆ, ਉਸ ਦਾ ਕੋਈ ਹਿਸਾਬ ਨਹੀਂ ਹੈ। ਸਵਾਲ ਇਹ ਹੈ ਕਿ ਇਕ ਸਾਲ ਦੀ ਮੋਹਲਤ ਦੌਰਾਨ ਆਕਸੀਜਨ ਦੀ ਪੈਦਾਵਾਰ ਵਧਾਉਣ ਅਤੇ ਲੋੜੀਂਦੇ ਵੈਂਟੀਲੇਟਰ ਮੁਹੱਈਆ ਕਰਾਉਣ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਗਏ? ਤੱਥ ਦੱਸਦੇ ਹਨ ਕਿ ਪਿਛਲੇ ਸਾਲ ਅਕਤੂਬਰ 'ਚ ਕੇਂਦਰ ਸਰਕਾਰ ਵੱਲੋਂ 150 ਪੀ.ਐੱਸ.ਏ. (ਪ੍ਰੈਸ਼ਰ ਸਵਿੰਗ ਐਡਜ਼ਾਰਪਸ਼ਨ) ਪਲਾਂਟ ਲਗਾਉਣ ਲਈ ਟੈਂਡਰ ਮੰਗੇ ਗਏ ਸਨ। ਇਹ ਪਲਾਂਟ ਹਸਪਤਾਲਾਂ ਦੇ ਅੰਦਰ ਬਣਾਏ ਜਾਂਦੇ ਹਨ ਅਤੇ ਇਹ ਸਿਲੰਡਰਾਂ ਉੱਪਰ ਨਿਰਭਰਤਾ ਨੂੰ ਘਟਾਉਂਦੇ ਹਨ। ਇਸ ਸਾਲ ਜਨਵਰੀ 'ਚ ਸਰਕਾਰ ਵੱਲੋਂ ਇਹ ਗਿਣਤੀ 162 ਕਰਕੇ ਪੀ.ਐੱਸ.ਏ. ਪਲਾਂਟਾਂ ਲਈ 201.58 ਕਰੋੜ ਰੁਪਏ ਜਾਰੀ ਕਰਨ ਦੀ ਗੱਲ ਕਹੀ ਗਈ। 18 ਅਪ੍ਰੈਲ ਨੂੰ ਕੇਂਦਰ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਸਿਰਫ਼ 33 ਪਲਾਂਟ ਹੀ ਲਗਾਏ ਜਾ ਸਕੇ ਹਨ ਅਤੇ ਬਾਕੀ ਮਈ ਦੇ ਅਖ਼ੀਰ ਤੱਕ ਲਗਾਏ ਜਾਣ ਦੀ ਉਮੀਦ ਹੈ।

ਇਕ ਪਾਸੇ, ਹਸਪਤਾਲਾਂ ਦੀ ਐਮਰਜੈਂਸੀ ਜ਼ਰੂਰਤ ਦੇ ਮਾਮਲੇ 'ਚ ਇਹ ਸਥਿਤੀ ਸੀ, ਦੂਜੇ ਪਾਸੇ ਆਪਣੇ ਬਹੁਗਿਣਤੀਵਾਦੀ ਰਾਸ਼ਟਰਵਾਦੀ/ਫ਼ਿਰਕੂ ਏਜੰਡਿਆਂ ਨੂੰ ਅੰਜਾਮ ਦੇਣ ਲਈ ਪੂਰੇ ਮੁਲਕ ਨੂੰ ਦਾਅ 'ਤੇ ਲਗਾ ਦੇਣ ਦੀ ਕਰੂਰਤਾ ਹੈ। 'ਸਵੈਨਿਰਭਰਤਾ' ਦੀ ਦਾਅਵੇਦਾਰ ਹੁਕਮਰਾਨ ਧਿਰ ਦੁਨੀਆ ਦਾ ਸਭ ਤੋਂ ਉੱਚਾ, 182 ਮੀਟਰ ਉੱਚਾ, 'ਏਕਤਾ ਦਾ ਬੁੱਤ' ਲਗਾਉਣ, ਸਭ ਤੋਂ ਵੱਡਾ ਸਟੇਡੀਅਮ ਬਣਾਉਣ, 20000 ਕਰੋੜ ਰੁਪਏ ਦੀ ਲਾਗਤ ਵਾਲੀ ਨਵੀਂ ਪਾਰਲੀਮੈਂਟ ਇਮਾਰਤ ਬਣਾਉਣ, ਕੁੰਭ ਮੇਲਿਆਂ, ਹਿੰਦੂ ਤਿਓਹਾਰਾਂ ਅਤੇ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਦੀ ਸਰਕਾਰੀ ਪੁਸ਼ਤਪਨਾਹੀ ਕਰਨ ਤੋਂ ਲੈ ਕੇ, ਅਤੇ ਪਾਰਲੀਮੈਂਟਰੀ ਵਿਰੋਧੀ-ਧਿਰ ਨੂੰ ਖ਼ਤਮ ਕਰਕੇ ਵਾਹਦ ਫਾਸ਼ੀਵਾਦੀ ਤਾਕਤ ਵਜੋਂ ਸਥਾਪਤ ਹੋਣ ਦੀ ਮਨਸ਼ਾ ਨਾਲ ਸੂਬਾਈ ਵਿਧਾਨ-ਸਭਾ ਚੋਣਾਂ 'ਚ ਪੈਸਾ ਪਾਣੀ ਵਾਂਗ ਰੋੜਨ ਅਤੇ ਇਕ ਖੇਤਰੀ ਆਗੂ ਨੂੰ ਹਰਾਉਣ 'ਚ ਮਸਰੂਫ਼ ਹੈ।

ਜਿਸ ਸਰਕਾਰ ਨੇ ਆਪਣਾ ਸਾਰਾ ਧਿਆਨ ਅਤੇ ਵਸੀਲੇ ਅਵਾਮ ਦੀ ਜ਼ਿੰਦਗੀ ਨਾਲ ਜੁੜੇ ਬੇਹੱਦ ਮਹੱਤਵਪੂਰਨ ਸਰੋਕਾਰਾਂ ਤੋਂ ਅੱਖਾਂ ਮੀਟ ਕੇ ਆਪਣੀ ਸੱਤਾ ਪੱਕੀ ਕਰਨ ਉੱਪਰ ਝੋਕੇ ਹੋਏ ਹਨ, ਉਸ ਦੇ ਰਾਜ ਵਿਚ ਐਸੇ ਸੰਕਟਾਂ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ। ਇਸੇ ਬੀਜੇਪੀ ਨੇ 2017 'ਚ ਗੋਰਖ਼ਪੁਰ (ਉੱਤਰ ਪ੍ਰਦੇਸ਼) ਦੇ ਸਰਕਾਰੀ ਮੈਡੀਕਲ ਕਾਲਜ ਵਿਚ ਆਕਸੀਜਨ ਦੀ ਕਮੀ ਕਾਰਨ 30 ਨਵ-ਜੰਮੇ ਬਾਲਾਂ ਦੀ ਮੌਤਾਂ ਲਈ ਜ਼ਿੰਮੇਵਾਰ (ਇਕ ਮਹੀਨੇ 296 ਬੱਚਿਆਂ ਦੀਆਂ ਮੌਤਾਂ) ਯੋਗੀ ਸਰਕਾਰ ਦੀ ਪੋਲ ਖੋਲ੍ਹਣ ਵਾਲੇ ਡਾ. ਕਫ਼ੀਲ ਖ਼ਾਨ ਉੱਪਰ ਨੈਸ਼ਨਲ ਸਕਿਊਰਿਟੀ ਐਕਟ ਲਗਾ ਕੇ ਉਸ ਨੂੰ ਸਾਲਾਂ ਬੱਧੀ ਜੇਲਬੰਦ ਰੱਖਿਆ ਗਿਆ। ਬੀਜੇਪੀ ਵੱਲੋਂ ਮਰੀਜ਼ਾਂ ਦੀ ਜ਼ਿੰਦਗੀ ਬਚਾਉਣ ਨਾਲੋਂ ਐਮਰਜੈਂਸੀ ਹਸਪਤਾਲਾਂ ਦਾ ਉਦਘਾਟਨ ਖ਼ਾਸ ਆਗੂਆਂ ਤੋਂ ਕਰਵਾਉਣ ਨੂੰ ਪਹਿਲ ਦਿੱਤੀ ਜਾਂਦੀ ਹੈ। ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਈਜ਼ੇਸ਼ਨ ਵੱਲੋਂ ਅਹਿਮਦਾਬਾਦ ਵਿਚ ਇਕ ਕਨਵੈਨਸ਼ਨ ਸੈਂਟਰ ਨੂੰ 900 ਬਿਸਤਰਿਆਂ ਦੇ ਵਿਸ਼ੇਸ਼ ਹਸਪਤਾਲ ਵਿਚ ਬਦਲ ਕੇ ਅੱਠ ਦਿਨਾਂ 'ਚ ਤਿਆਰ ਕਰ ਦਿੱਤਾ ਗਿਆ। 22 ਅਪ੍ਰੈਲ ਨੂੰ ਹਸਪਤਾਲ ਨੂੰ ਟੈਸਟ ਵੀ ਕਰ ਲਿਆ ਗਿਆ। ਪਰ ਮਰੀਜ਼ ਇਸ ਕਰਕੇ ਦਾਖ਼ਲ ਨਹੀਂ ਕੀਤੇ ਗਏ ਕਿ ਅਮਿਤ ਸ਼ਾਹ ਨੇ ਖ਼ੁਦ ਆ ਕੇ ਤਿਆਰੀਆਂ ਦਾ ਜਾਇਜ਼ਾ ਲੈਣਾ ਸੀ। 24 ਅਪ੍ਰੈਲ ਤੱਕ ਵੀ ਹਸਪਤਾਲ ਚਾਲੂ ਨਹੀਂ ਕੀਤਾ ਗਿਆ। ਇਸੇ ਦੌਰਾਨ 23 ਅਪ੍ਰੈਲ ਨੂੰ ਸ਼ਹਿਰ ਵਿਚ ਕੋਵਿਡ-19 ਦੇ 22 ਮਰੀਜ਼ ਮੌਤ ਦੇ ਮੂੰਹ 'ਚ ਜਾ ਪਏ। ਇਹ ਉਹ ਗੁਜਰਾਤ ਹੈ ਜਿਸ ਨੂੰ ਮੋਦੀ ਮਾਰਕਾ ਵਿਕਾਸ ਮਾਡਲ ਦੇ ਨਮੂਨੇ ਵਜੋਂ ਵਡਿਆਇਆ ਜਾਂਦਾ ਹੈ। ਜ਼ਮੀਨੀ ਹਕੀਕਤ ਇਹ ਹੈ ਕਿ ਉੱਥੇ ਹਾਲਤ ਦੂਜੇ ਰਾਜਾਂ ਨਾਲੋਂ ਵੀ ਬਦਤਰ ਹੈ।

ਇਸ ਬਰਬਾਦੀ ਦੇ ਕੇਂਦਰ 'ਚ ਨਵਉਦਾਰਵਾਦੀ ਨੀਤੀਆਂ ਅਤੇ ਖੁੱਲ੍ਹੀ ਮੰਡੀ ਦਾ 'ਵਿਕਾਸ' ਮਾਡਲ ਹੈ, ਜਿਸ ਦਾ ਮੁੱਢ ਮਨਮੋਹਨ ਸਿੰਘ ਦੀ ਰਾਹਨੁਮਾਈ ਹੇਠ ਨਰਸਿਮ੍ਹਾ ਰਾਓ ਸਰਕਾਰ ਨੇ ਬੰਨ੍ਹਿਆ ਸੀ ਅਤੇ ਪਿੱਛੋਂ ਬਣੀਆਂ ਸਾਰੀਆਂ ਸਰਕਾਰਾਂ ਨੇ ਇਸੇ ਮਾਡਲ ਨੂੰ ਅੱਗੇ ਵਧਾਇਆ। ਹੋਰ ਸਰਕਾਰੀ ਅਦਾਰਿਆਂ ਦੇ ਨਾਲ-ਨਾਲ ਸਰਕਾਰੀ ਸਿਹਤ ਸੇਵਾਵਾਂ ਦੇ ਢਾਂਚੇ ਨੂੰ ਇਸ ਹੱਦ ਤੱਕ ਤਹਿਸ-ਨਹਿਸ ਕਰ ਦਿੱਤਾ ਗਿਆ ਹੈ ਕਿ ਇਹ ਆਪਣੇ ਨਾਗਰਿਕਾਂ ਨੂੰ ਉਹ ਮੁੱਢਲੀਆਂ ਇਲਾਜ ਸਹੂਲਤਾਂ ਵੀ ਮੁਹੱਈਆ ਨਹੀਂ ਕਰਵਾ ਸਕਦਾ ਜੋ ਸੰਕਟ ਦੀ ਹਾਲਤ 'ਚ ਲਾਜ਼ਮੀ ਸਮਝੀਆਂ ਜਾਂਦੀਆਂ ਹਨ, ਮਹਾਮਾਰੀ ਉੱਪਰ ਕਾਬੂ ਪਾਉਣ ਦੀ ਤਾਂ ਗੱਲ ਛੱਡੋ। ਫਿਰ ਵੀ ਸੰਯੁਕਤ ਰਾਸ਼ਟਰ ਦੀ ਸਹਾਇਤਾ ਦੀ ਪੇਸ਼ਕਸ਼ ਇਹ ਕਹਿ ਕੇ ਠੁਕਰਾ ਦਿੱਤੀ ਗਈ ਕਿ ਸਾਡੇ ਕੋਲ "ਮਜ਼ਬੂਤ ਇੰਤਜ਼ਾਮ" ਹੈ।

ਕਿਸੇ ਨੂੰ ਵੀ ਇਸ ਭਰਮ 'ਚ ਨਹੀਂ ਰਹਿਣਾ ਚਾਹੀਦਾ ਕਿ ਬੰਗਾਲ ਚੋਣਾਂ ਦਾ 2 ਮਈ ਨੂੰ ਆਉਣ ਵਾਲਾ ਨਤੀਜਾ ਅਵਾਮ ਲਈ ਕੁਛ ਚੰਗਾ ਲੈ ਕੇ ਆਵੇਗਾ। ਸੰਘ ਬ੍ਰਗੇਡ ਜਿੱਤਦਾ ਹੈ ਜਾਂ ਹਾਰਦਾ ਹੈ, ਦੋਨੋਂ ਹਾਲਤ 'ਚ ਇਸ ਦੇ ਫਾਸ਼ੀਵਾਦੀ ਹਮਲਾਵਰ ਰੁਖ਼ 'ਚ ਇਜ਼ਾਫ਼ਾ ਹੋਵੇਗਾ। ਸਥਿਤੀ ਹੋਰ ਵਿਗੜੇਗੀ। ਬੀਜੇਪੀ ਨੇ ਵਾਅਦਾ ਕੀਤਾ ਹੈ, ਯਕੀਨ ਮੰਨਿਓ ਇਹ ਜੁਮਲਾ ਨਹੀਂ ਹੈ, ਕਿ ਜੇ ਇਹ ਬੰਗਾਲ ਵਿਚ ਜਿੱਤਦੀ ਹੈ ਤਾਂ ਸਾਰਿਆਂ ਨੂੰ ਫ਼ਰੀ ਵੈਕਸੀਨ ਦਿੱਤਾ ਜਾਵੇਗਾ। ਭਾਵ ਜੇ ਨਹੀਂ ਜਿੱਤਦੀ ਤਾਂ ਬੰਗਾਲ ਦੇ ਲੋਕਾਂ ਨੂੰ ਭਾਜਪਾ ਵਿਰੁੱਧ ਭੁਗਤਣ ਦੀ ਸਜ਼ਾ ਦੇਣ ਲਈ ਮਰਨ ਲਈ ਛੱਡ ਦਿੱਤਾ ਜਾਵੇਗਾ। ਕਿਉਂਕਿ ਭਾਰਤ ਵਿਚ ਸ਼ਹਿਰਾਂ 'ਚ 78ਫ਼ੀ ਸਦੀ ਅਤੇ ਪਿੰਡਾਂ 'ਚ 71ਫ਼ੀ ਸਦੀ ਸਿਹਤ ਸੇਵਾਵਾਂ ਪ੍ਰਾਈਵੇਟ ਗਿਰਝਾਂ ਦੇ ਕੰਟਰੋਲ 'ਚ ਹਨ। ਆਰ.ਐੱਸ.ਐੱਸ.-ਬੀਜੇਪੀ ਲਈ ਕੋਰੋਨਾ ਨਾਲ ਨਜਿੱਠਣ ਨਾਲੋਂ ਦਿੱਲੀ 'ਚ ਚੱਲ ਰਹੇ ਮਹਾ-ਅੰਦੋਲਨ ਅਤੇ ਮੁਲਕ 'ਚ ਸੱਤਾ ਵਿਰੁੱਧ ਫੈਲ ਰਹੀ ਬੇਚੈਨੀ ਨਾਲ ਨਜਿੱਠਣਾ ਤਰਜੀਹੀ ਕਾਰਜ ਹੈ। ਇਸ ਵਿਚ ਕੋਰੋਨਾ ਨੂੰ ਇਕ ਰਾਜਨੀਤਕ ਹਥਿਆਰ ਦੇ ਰੂਪ 'ਚ ਵਰਤਿਆ ਜਾ ਰਿਹਾ ਹੈ। ਪਿਛਲੇ ਸਾਲ ਸ਼ਾਹੀਨ ਬਾਗ਼ ਮੋਰਚੇ ਨੂੰ ਸੱਤਾ ਦਾ ਡੰਡਾ ਵਰਤਕੇ ਖ਼ਤਮ ਕਰਵਾ ਦਿੱਤਾ ਗਿਆ ਸੀ, ਉਸੇ ਤਰਜ਼ 'ਤੇ ਆਉਣ ਵਾਲੇ ਦਿਨਾਂ 'ਚ ਮਹਾ-ਅੰਦੋਲਨ ਵਿਰੁੱਧ ਕੋਰੋਨਾ ਦਾ ਰਾਜਕੀ ਦਹਿਸ਼ਤਵਾਦੀ ਹਥਿਆਰ ਵਰਤੋਂ 'ਚ ਲਿਆਉਣ ਦੇ ਹਾਲਾਤ ਬਣਾਏ ਜਾ ਰਹੇ ਹਨ।

ਹੁਣ ਵੇਲਾ ਆ ਗਿਆ ਹੈ ਕਿ ਮੁਲਕ ਦੇ ਅਵਾਮ ਜਾਅਲੀ ਲੋਕਤੰਤਰ ਦੇ ਭਰਮ 'ਚ ਜਿਉਣ ਦੇ ਨਸ਼ੇ 'ਚੋਂ ਬਾਹਰ ਨਿਕਲਣ। ਸੱਤਾ ਖ਼ਿਲਾਫ਼ ਵਿਰੋਧੀ-ਧਿਰ ਦੀ ਪਾਰਲੀਮੈਂਟਰੀ ਚਾਂਦਮਾਰੀ ਸੱਤਾ ਬਦਲੀ ਦਾ ਭਰਮ ਤਾਂ ਬਣਾਈ ਰੱਖ ਸਕਦੀ ਹੈ, ਇਸ ਦੀ ਮੁਲਕ ਨੂੰ ਸੰਕਟ 'ਚੋਂ ਕੱਢਣ 'ਚ ਕੋਈ ਭੂਮਿਕਾ ਨਹੀਂ ਹੈ। ਆਰ.ਐੱਸ.ਐੱਸ.-ਬੀਜੇਪੀ ਦੇ ਵਿਕਾਸ ਦੇ ਦੰਭ ਤੋਂ ਨਿਜ਼ਾਤ ਹਾਸਲ ਕਰਨ ਦਾ ਇੱਕੋਇਕ ਤਰੀਕਾ ਲੋਕਾਂ 'ਚ ਜ਼ਮੀਨੀ ਪੱਧਰ 'ਤੇ ਕੰਮ ਕਰਕੇ ਕਿਸਾਨ ਮਹਾਂਅੰਦੋਲਨ ਦੀ ਤਰਜ਼ 'ਤੇ ਖ਼ਰੀ ਲੋਕ ਨੁਮਾਇੰਦਗੀ ਕਰਦੀਆਂ ਸੰਘਰਸ਼ਸ਼ੀਲ ਤਾਕਤਾਂ ਦੀ ਅਗਵਾਈ ਹੇਠ ਲੰਮੇ ਸੰਘਰਸ਼ ਦਾ ਪਿੜ ਬੰਨ੍ਹਣਾ ਅਤੇ ਨਿਹਾਇਤ ਬੇਈਮਾਨ ਅਤੇ ਬੇਕਿਰਕ ਸੱਤਾ ਨੂੰ ਪਛਾੜਨਾ ਹੈ। ਐਸੇ ਸੰਘਰਸ਼ ਦੀ ਅਣਹੋਂਦ 'ਚ ਅਵਾਮ ਨੂੰ ਰੁਜ਼ਗਾਰ, ਪੜ੍ਹਾਈ, ਇਲਾਜ, ਮਹਾਮਾਰੀਆਂ ਨਾਲ ਨਜਿੱਠਣ, ਗੱਲ ਕੀ ਹਰ ਖੇਤਰ 'ਚ ਐਸੇ ਸੰਕਟਾਂ ਦਾ ਵਾਰ-ਵਾਰ ਸਾਹਮਣਾ ਕਰਨਾ ਪਵੇਗਾ।

---

# ਅਕਲਾਂ ਬਾਝੋਂ ਖੂਹ ਖਾਲੀ !

**ਬੁੱਧ ਸਿੰਘ ਨੀਲੋਂ**

ਜਦੋਂ ਸਾਡੇ ਪੁਰਖਿਆਂ ਨੇ ਇਹ ਕਹਾਵਤ ਘੜੀ ਸੀ ਉਦੋਂ ਮਿੱਟੀ ਦੇ ਬਰਤਨਾਂ ਦਾ ਸਮਾਂ ਸੀ...ਘਰ ਤੇ ਭਾਂਡੇ ਕੱਚੇ ਹੁੰਦੇ ਤੇ ਬੰਦੇ ਪੱਕੇ ਹੁੰਦੇ ਸੀ। ਜੋ ਜੁਬਾਨ ਕਰ ਲਈ ਬਸ ਕਰ ਲਈ..ਫ਼ੇਰ ਨਫ਼ਾ ਹੋਵੇ ਜਾਂ ਨੁਕਸਾਨ ਕੋਈ ਪ੍ਰਵਾਹ ਨਹੀਂ ਸੀ ਹੁੰਦੀ।

ਲੋਕਾਂ ਦਾ ਇਕ ਦੂਜੇ 'ਤੇ ਰੱਬ ਜਿੰਨਾਂ ਭਰੋਸਾ ਹੁੰਦਾ ਸੀ। ਇਹ ਵੀ ਨਹੀਂ ਕਿ ਉਸ ਵੇਲੇ ਸਾਰੇ ਹੀ ਪੜ੍ਹਾਈ ਕਰਕੇ ਵਧੀਆ ਇਨਸਾਨ ਬਣੇ ਸੀ? ਸਗੋਂ ਆਪਣੇ ਪੁਰਖਿਆਂ ਦੀ ਸੰਗਤ ਕਰਨ ਨਾਲ ਹੀ ਸਿਆਣੇ ਹੋਏ ਸੀ। ਉਦੋਂ ਵੀ ਅਕਲ ਦੇ ਅੰਨ੍ਹੇ ਬਹੁਤ ਸਨ। ਉਂਝ ਅਕਲ ਤੇ ਸ਼ਕਲ ਦਾ ਕੋਈ ਰਿਸ਼ਤਾ ਨਹੀਂ। ਪਰ ਰਿਸ਼ਤੇ ਵਗੈਰ ਗੱਡੀ ਚੱਲਦੀ ਵੀ ਨਹੀਂ।

ਉਦੋਂ ਗੱਡੀਆਂ ਨਹੀਂ, ਗੱਡੇ ਹੁੰਦੇ ਸਨ। ਉਸ ਤੋਂ ਪਹਿਲਾਂ ਖੱਚਰਾਂ ਤੇ ਘੋੜੇ ਹੁੰਦੇ ਸੀ ਜੋ ਸਫ਼ਰ ਦੇ ਵਿੱਚ ਕੰਮ ਆਉਂਦੇ ਸੀ।

ਕੰਮ ਤਾਂ ਹੁਣ ਘੋੜੀਆਂ, ਖੱਚਰਾਂ ਤੇ ਖਚਰੇ..ਆਉਂਦੇ ਹਨ...ਪਰ ਇਹ ਕੰਮ ਘੱਟ ਕਰਦੇ ਤੇ ਦਲੱਤੀਆਂ ਵੱਧ ਮਾਰਦੇ ਹਨ।

ਹੁਣ ਨਾ ਖੂਹ ਰਹੇ ਤੇ ਨਾ ਹੀ ਖੂਹਾਂ ਤੋਂ ਪਾਣੀ ਭਰਨ ਰਹੀਆਂ ਹਨ। ਹੁਣ ਤੇ ਮਿੱਟੀ ਦੇ ਮਾਧੋ ਬਹੁਤੇ ਹਨ ਤੇ ਪੱਥਰ ਦੀਆਂ ਮੂਰਤੀਆਂ ਘੱਟ ਹਨ। ਇਸੇ ਹੀ ਕਰਕੇ ਅਸੀਂ ਪਲ ਦੇ ਵਿੱਚ ਕੱਚ ਵਾਂਗੂੰ ਟੁੱਟ ਕੇ ਕੀਚਰ ਹੋ ਜਾਂਦੇ ਹਾਂ। ਫ਼ੇਰ ਅਸੀਂ ਟੁੱਟੀਆਂ ਕਿਚਰਾਂ ਨੂੰ ਕੱਠੀਆਂ ਕਰਕੇ ਸੰਭਾਲ ਲੈਂਦੇ ਹਾਂ ਫ਼ੇਰ ਜਦੋਂ ਸਾਡੇ ਇਹ ਛਿਲਤਰਾਂ ਚੁੱਭਦੀਆਂ ਹਨ ਫ਼ੇਰ ਅਸੀਂ ਤੜਪ ਦੇ ਹਾਂ। ਸਾਡੀ ਤੜਪ ਤਪਸ਼ ਵਿੱਚ ਬਦਲ ਜਾਂਦੀ ਹੈ ਤੇ ਸੜ ਕੇ ਰਾਖ ਹੋ ਜਾਂਦੇ ਹਨ। ਰਾਖ ਨੂੰ ਸਾਡੇ ਪੁਰਖਿਆਂ ਨੇ ਫੁੱਲਾਂ ਵਿੱਚ ਬਦਲ ਦਿੱਤਾ ਸੀ। ਭਲਾ ਉਦੋਂ ਸਾਰੇ ਹੀ ਸਕੂਲ, ਕਾਲਜ ਜਾਂ ਯੂਨੀਵਰਸਿਟੀਆਂ ਦੇ ਵਿੱਚ ਪੜ੍ਹਨ ਗਏ ਸੀ?

ਯੂਨੀਵਰਸਿਟੀਆਂ ਤਾਂ ਸੱਥਾਂ ਤੇ ਘਰ ਹੁੰਦੇ ਸਨ। ਜਿਥੇ ਦਾ ਪੜ੍ਹਿਆ ਕੋਈ ਫਾਲੇ ਵਾਂਗੂ ਚੰਡਿਆ ਜਾਂਦਾ ਸੀ। ਜ਼ਿੰਦਗੀ ਦੇ ਵਿੱਚ ਸਿਆਣੇ ਦਾ ਚੰਡਿਆ ਕਦੇ ਮਾਰ ਨੀ ਖਾਦਾ। ਉਹਨਾਂ ਪੁਰਖਿਆਂ ਨੇ ਕਿਹੜੀ ਜੰਗ ਆਪਣੇ ਲਈ ਲੜੀ ਸੀ?

ਸਭ ਲੋਕਾਂ ਦੇ ਲੜੀਆਂ ਸਨ? ਪਰ ਅਸੀਂ ਆਪਣੇ ਲਈ ਨਿੱਤ ਲੜਦੇ ਹਾਂ।

ਉਹ ਅਨਪੜ੍ਹ ਸਨ ਪਰ ਹਰ ਜੰਗ ਜਿੱਤਦੇ ਸੀ...ਹੁਣ ਅਸੀਂ ਪੜ੍ਹੇ ਲਿਖੇ ਹਾਂ ਤੇ ਹਰ ਜੰਗ ਹਾਰਦੇ ਹਾਂ। ਹਾਰਦੇ ਕਿਉਂ ਹਾਂ ਇਸ ਦਾ ਮੰਥਨ ਨਹੀਂ ਕਰਦੇ ਸਗੋਂ ਇਕ ਦੂਜੇ ਦੇ ਸਿਰ ਦੋਸ਼ ਲਗਾਉਂਦੇ ਹਾਂ ਤੇ ਆਪਣੀ ਚਮੜੀ ਬਚਾਉਂਦੇ ਹਾਂ। ਹੁਣ ਸਾਡੀ ਚਮੜੀ ਵੀ ਅਗਲਿਆਂ ਨੇ ਗਿਰਵੀ ਰੱਖ ਦਿੱਤੀ।

ਇਹ ਸਭ ਕੁੱਝ ਅਚਾਨਕ ਨਹੀਂ ਹੋਇਆ, ਇਹ ਉਨ੍ਹਾਂ ਸਾਡੀ ਚੁੱਪ ਦਾ ਮੁੱਲ ਵੱਟਿਆ ਹੈ। ਦਲਾਲੀ ਉਨ੍ਹਾਂ ਆਪਣੀ ਖਰੀ ਕਰ ਲਈ ਤੇ ਗਹਿਣੇ ਸਾਨੂੰ ਧਰ ਦਿੱਤਾ। ਇਹ ਕੁੱਝ ਉਨ੍ਹਾਂ ਸਾਨੂੰ ਦੇਖ ਕੇ ਹੀ ਕੀਤਾ ਹੈ। ਅਸੀਂ ਹੁਣ ਤੱਕ ਕਦੇ ਜ਼ਮੀਨਾਂ ਤੇ ਕਦੇ ਜ਼ਮੀਰਾਂ ਗਹਿਣੇ ਧਰਦੇ ਆ ਰਹੇ ਹਾਂ। ਪਰ ਸਾਡੀ ਕਦੇ ਰੂਹ ਨਹੀਂ ਕੰਬੀ। ਸਾਡੇ ਪੁਰਖਿਆਂ ਨੇ ਤਾਂ ਕਾਬੁਲ ਕੰਧਾਰ ਤੱਕ ਧਰਤੀ ਕੰਬਣ ਲਾ ਦਿੱਤੀ ਸੀ। ਹੁਣ ਸਾਡੇ ਦੁਸ਼ਮਣ ਦੀ ਨਹੀਂ ਸਗੋਂ ਸਾਡੀ ਦੇਹ ਵੀ ਕੰਬਦੀ ਹੈ।

ਅਸੀਂ ਬੜਕ ਤੇ ਦਹਾੜ ਤਾਂ ਸ਼ੇਰ ਵਾਲੀ ਮਾਰਦੇ ਹਾਂ ਤੇ ਮੋਕ ਬਾਹਮਣਾਂ ਦੇ ਸਾਨੂੰ ਵਾਂਗ ਮਾਰਦੇ ਹਾਂ। ਪਰ ਕਦੇ ਸੋਚਿਆ ਨਹੀਂ ਕਿ ਇਹ ਸਭ ਕੁੱਝ ਕਿਉਂ ਹੋਇਆ ਹੈ?

ਉਂਝ ਅਸੀਂ ਟੋਕਰਾ ਡਿਗਰੀਆਂ ਦਾ ਚੁੱਕੀ ਫਿਰਦੇ ਹਾਂ। ਤਾਂ ਹੀ ਤੇ ਬੀਬਾ ਰਣਜੀਤ ਕੌਰ ਮਿੱਠਾ ਜਿਹਾ ਮੇਹਣਾ ਮਾਰਦੀ ਹੈ।

'ਕਮਲਾਂ ਹੋਇਆ ਫਿਰਦਾ ਪੰਡ ਜਮਾਤਾਂ ਦੀ ਪੜ੍ਹਕੇ।' ਹੁਣ ਤੁਸੀਂ ਸੋਚੋ ਪੰਡ ਦੇ ਵਿੱਚ ਤੇ ਟੋਕਰੇ ਦੇ ਵਿੱਚ ਕੀ ਬੰਨ੍ਹਿਆ ਜਾਂਦਾ ਹੈ? ਤਾਂ ਹੀ ਤੇ ਸਿਆਣਿਆਂ ਕਿਹਾ ਹੈ ਕਿ.. "ਅਕਲਾਂ ਬਾਝੋਂ ਖੂਹ ਖਾਲੀ।" ਹੁਣ ਤੇ ਕੋਈ ਖੂਹ ਬਚਿਆ ਹੀ ਨਹੀਂ, ਜਿਥੇ ਕਦੇ ਰੌਣਕਾਂ ਲੱਗਦੀਆਂ ਸੀ।

ਰਹੀ ਗੱਲ ਅਕਲ ਦੀ...ਉਹ ਤੇ ਪਾਸਪੋਰਟ ਬਣਾ ਕੇ ਵਿਦੇਸ਼ਾਂ ਵੱਲ ਉਡ ਗਈ। ਬਾਕੀ ਜੋ ਬਚਿਆ ਹੈ, ਇਹਨਾਂ ਦੇ ਨਾਲ ਸਾਡੀ ਸੋਚ ਹੀ ਨਹੀਂ ਹੁਣ ਤੇ ਕੁਝ ਵੀ ਰਲਦਾ। ਕਦੇ ਸੰਤ ਰਾਮ ਉਦਾਸੀ ਨੇ ਕਿਹਾ ਸੀ ਕਿ..."ਗਲ ਲੱਗ ਕੇ ਸੀਰੀ ਦੇ ਜੱਟ ਰੋਵੇ..ਬੋਹਲਾਂ ਦੇ ਵਿਚੋਂ ਨੀਰ ਵਗਿਆ..!" ਹੁਣ ਕੋਈ ਉਦਾਸੀ ਨਾ ਰਿਹਾ ਤੇ ਨਾ ਹੀ ਕੋਈ ਲਾਲ ਸਿੰਘ ਦਿਲ..ਹੁਣ ਤੇ ਨੱਥਾ ਸਿੰਘ ਤੇ ਪੱਥਾ ਸਿੰਘ ਸਰਦਾਰ ਤੇ ਸਰਦਾਰਨੀਆਂ ਰਹਿ ਗਈਆਂ ਹਨ।

ਪਹਿਲਾਂ ਹੱਥ ਚੱਕ ਲਫਟੈਨ ਹੁੰਦੇ ਸੀ ਤੇ... ਸ਼੍ਰੋਮਣੀ ਤੇ ਰਾਸ਼ਟਰੀ ਵਿਜੇਤਾ ਹੁੰਦੇ ਤੇ ਹੁੰਦੀਆਂ ਹਨ। ਹੁਣ ਕੌਣ ਲਿਖੇਗਾ ਸੀਰੀ ਦੇ ਦੁੱਖਾਂ ਦੀ ਵਾਰਤਾ..ਹੁਣ ਤੇ ਜੱਟਵਾਦ ਕਰਦਾ ਕੁਰਸੀ ਦਾ ਆਰਤਾ। ਜਿਵੇਂ ਉਸ ਤੋਂ ਬਿਨਾਂ ਧਰਤੀ ਤੇ ਹੋਰ ਕੋਈ ਹੈ ਹੀ ਨਹੀਂ। ਪਰ ਅਜੇ ਸਾਰੇ ਪਾਸੇ ਘੋੜੇ ਵਾਲਾ ਨੀ ਫਿਰਿਆ ਨਹੀਂ ਤਾਂ ਇਹਨਾਂ ਨੇ ਵੀ ਨਵੇਂ ਬ੍ਰਾਹਮਣ ਬਣ ਜਾਣਾ ਸੀ। ਕਦੇ ਕਿਸੇ ਦਾਰਸਨਿਕ ਨੇ ਆਖਿਆ ਸੀ ਕਿ "ਤੁਸੀਂ ਬ੍ਰਾਹਮਣ ਦੀ ਗੁਲਾਮੀ ਹੀ ਦੇਖੀ ਹੈ ਤੇ ਆਜ਼ਾਦੀ ਨਹੀਂ ਦੇਖੀ।" ਹੁਣ ਦੇਖੋ ਆਜ਼ਾਦੀ ਦੇ ਰੰਗ ਢੰਗ!

ਜੇ ਗੱਲ ਅਕਲ ਵਧੀਆ ਹੋਣ ਦੀ ਹੋਵੇ ਫੇਰ ਕੋਈ ਰੋਗੀ ਨਾ ਰੋਵੇ....ਅਕਲ ਤੇ ਪੜ੍ਹਿਆ ਤੇ ਗੁੜਿਆਂ ਹੀ ਆਉਣੀ ਹੈ।

ਗੁਲਾਮ ਦੀਆਂ ਨੀਤੀਆਂ ਤੇ ਫੀਤੀਆਂ ਨੂੰ ਗਲੇ ਨਾ ਲਾਓ.. ਸਗੋਂ ਜੁੜੋ... ਤੁਰੋ...ਸੰਘਰਸ ਕਰੋ! ਅੰਬੇਦਕਰ ਜੀ ਕਿਹਾ ਕਿ ਮੈਨੂੰ ਪੰਜਾਹ ਪੜ੍ਹੇ ਲਿਖੇ ਦਿਓ ਦੇਸ਼ ਦਾ ਨਕਸ਼ਾ ਬਦਲ ਦਵਾਂਗਾ। ਪਰ ਉਨ੍ਹਾਂ ਨੂੰ ਧੋਖਾ ਹੀ ਪੜ੍ਹਿਆ ਲਿਖਿਆ ਨੇ ਦਿੱਤਾ ਹੈ। ਹੁਣ ਹਰ ਦਿਨ ਜੰਗ ਦਾ ਰੂਪ ਬਦਲ ਰਿਹਾ ਹੈ। ਵੱਡਿਆਂ ਦਾ ਛੋਟਾ ਗੁਲਾਮ ਸਾਨੂੰ ਗੁਲਾਮ ਬਣਾਉਣ ਦੇ ਲਈ ਹਰ ਤਰ੍ਹਾਂ ਦਾ ਹਰਬਾ ਵਰਤਦਾ ਹੈ। ਅਸੀਂ ਜਾਨ ਬਚਾਉਣ ਦੇ ਨਾਲ...ਜੰਗ ਵੀ ਜਿੱਤਣੀ ਹੈ!

ਅਕਲਾਂ ਬਾਝੋਂ ਖਾਲੀ ਖੂਹ ਹੁਣ ਅਕਲ ਨਾਲ ਤਾਂ ਭਰੇ ਜਾ ਸਕਦੇ ਕਿ ਹੁਣ ਹਰ ਗੱਲ ਨੂੰ "ਭਾਣਾ ਮਿੱਠਾ ਕਰ ਨਾ ਮੰਨੀ ਚੱਲੋ..ਤੇ ਚੜ੍ਹਾਈ ਕਰ ਰਹੇ...ਹਾਕਮ ਨੂੰ ਰਫਲ ਦੇ ਨਾਲ ਨਹੀਂ ਅਕਲ ਦੇ ਨਾਲ ਰੋਕੋ। ਹੁਣ ਜੰਗ ਹਥਿਆਰਾਂ ਦੀ ਨਹੀਂ ਵਿਚਾਰਾਂ ਦੇ ਜਿੱਤੀ ਜਾਵੇਗੀ। ਲੋੜ ਹੈ ਵਿਚਾਰ ਤਾਂ ਪੈਦਾ ਹੋਣਗੇ ਕਿਤਾਬ ਰਹੇਗੀ।

ਕਿਤਾਬਾਂ ਦੇ ਨਾਲ ਹੀ ਗਿਆਨ ਹਾਸਲ ਹੁੰਦਾ ਹੈ...ਪਰ ਹਕੂਮਤ ਤੁਹਾਡੇ ਕੋਲੋਂ ਗਿਆਨ ਵੀ ਖੋਣ ਦੇ ਰਸਤੇ ਤੁਰ ਪਈ ਹੈ...ਆਖਦੀ ਤਾਂ ਹੈ ਕਿ ਸਭ ਕੁੱਝ ਡਿਜੀਟਲ ਕਰ ਦੇਣਾ ਹੈ...ਫ਼ੇਰ ਨਾ ਬਾਂਸ ਰਹਿਣਗੇ ਤੇ ਨਾ ਬੰਸਰੀ ਵਜਾਉਣ ਵਾਲੇ!" ਸੱਤਾ ਦੇ ਵਪਾਰੀ...ਪੁਜਾਰੀ..ਅਧਿਕਾਰੀ ਤੇ ਲਿਖਾਰੀ ਦੀ ਚੰਡਾਲ ਚੌਕੜੀ ਨੂੰ ਭੰਨਣ ਦੀ ਲੋੜ ਹੈ।

ਹੁਣ ਲੋੜ ਤਾਂ ਬਹੁਤ ਕੁਝ ਕਰਨ ਦੀ ਹੈ...ਬਿੱਲੀ ਦੇ ਗਲ...ਟੱਲੀ ਨੀ ਸਗੋਂ ਗਲ ਰੱਸਾ ਪਾਉਣ ਦੀ ਜ਼ਰੂਰਤ ਹੈ!

ਇਹ ਰੱਸਾ ਖਾਲੀ ਖੂਹ ਦੇ ਵਿਚੋਂ ਨਹੀਂ ਨਿਕਲਣਾ...ਇਹ ਤੇ ਨਵਾਂ ਹੀ ਵੱਟਣਾ ਪਵੇਗਾ?

94643 70823




# ਖੇਤੀ-ਸੈਕਟਰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਨਹੀਂ ਹੋਣ ਦਿਆਂਗੇ : ਮੇਧਾ ਪਟਕਰ



ਲਹਿਰਾਗਾਗਾ, (ਬਲਜਿੰਦਰ ਸਿੰਘ) :

ਖੇਤੀ ਕਾਨੂੰਨਾਂ ਖ਼ਿਲਾਫ਼ ਡਾਂਡੀ (ਗੁਜਰਾਤ) ਤੋਂ ਸ਼ੁਰੂ ਹੋਈ ਮਿੱਟੀ ਸੱਤਿਆਗ੍ਰਹਿ ਯਾਤਰਾ ਦਾ ਪਿੰਡ ਛਾਜਲੀ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਯਾਤਰਾ ਦੀ ਅਗਵਾਈ ਕਰ ਰਹੀ ਉੱਘੀ ਸਮਾਜਿਕ-ਕਾਰਕੁਨ ਮੇਧਾ ਪਟਕਰ ਨੇ ਕਿਹਾ ਕਿ ਉਹ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਮਿੱਟੀ ਇਕੱਠੀ ਕਰ ਕੇ ਦੇਸ਼ ਦੇ ਲੋਕਾਂ ਅਤੇ ਸਰਕਾਰ ਨੂੰ ਇਹ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਉਹ ਦੇਸ਼ ਨੂੰ ਜੋੜਨ ਦੇ ਵਿੱਚ ਯਕੀਨ ਰੱਖਦੇ ਹਨ। ਦੇਸ਼ ਦੀਆਂ ਵੱਖ-ਵੱਖ ਥਾਵਾਂ ਤੋਂ ਇਕੱਠੀ ਕੀਤੀ ਮਿੱਟੀ ਦਿੱਲੀ ਦੇ ਕਿਸਾਨ-ਮੋਰਚਿਆਂ 'ਚ ਲਿਜਾ ਕੇ ਕਿਸਾਨ-ਅੰਦੋਲਨ ਦੇ ਸ਼ਹੀਦਾਂ ਦੀ ਯਾਦਗਾਰ ਬਣਾਈ ਜਾਵੇਗੀ। ਕਿਸੇ ਵੀ ਕੀਮਤ 'ਤੇ ਖੇਤੀਬਾੜੀ ਸੈਕਟਰ ਨੂੰ ਕਾਰਪੋਰੇਟਾਂ ਦੇ ਹਵਾਲੇ ਨਹੀਂ ਹੋਣ ਦਿੱਤਾ ਜਾਵੇਗਾ। ਕੇਂਦਰ ਸਰਕਾਰ ਨੂੰ ਦੇਸ਼ ਦੇ ਸਾਰੇ ਵਰਗਾਂ ਦੇ ਹਿੱਤਾਂ ਨੂੰ ਵੇਖਦਿਆਂ ਖੇਤੀ-ਕਾਨੂੰਨ ਤੁਰੰਤ ਰੱਦ ਕਰਨੇ ਚਾਹੀਦੇ ਹਨ। ਅਮਨ-ਸ਼ਾਂਤੀ ਅਤੇ ਭਾਈਚਾਰੇ ਦੀ ਮਿਸਾਲ ਬਣੇ ਕਿਸਾਨ-ਅੰਦੋਲਨ ਨੇ ਦੁਨੀਆਂ ਭਰ 'ਚ ਆਪਣੀ ਆਵਾਜ਼ ਪਹੁੰਚਾਈ ਹੈ। ਸੰਯੁਕਤ ਕਿਸਾਨ ਮੋਰਚਾ ਦੇ ਆਗੂ ਡਾ. ਸੁਨੀਲਮ ਨੇ ਪੰਜਾਬ ਦੇ ਕਿਸਾਨਾਂ ਵੱਲੋਂ ਦੇਸ਼-ਵਿਆਪੀ ਅੰਦੋਲਨ 'ਚ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ। ਇਸ ਮੌਕੇ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਨਾਮਦੇਵ ਸਿੰਘ ਭੁਟਾਲ, ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਦੇ ਇਕਾਈ ਪ੍ਰਧਾਨ ਸੰਤਰਾਮ ਛਾਜਲੀ, ਡੈਮੋਕ੍ਰੇਟਿਕ ਟੀਚਰਜ਼ ਦੇ ਸੂਬਾ ਆਗੂ ਹਰਭਗਵਾਨ ਗੁਰਨੇ, ਕਰਮ ਸਿੰਘ ਛਾਜਲੀ, ਪ੍ਰੇਮ ਸਰੂਪ ਛਾਜਲੀ, ਜਸਵੀਰ ਲਾਡੀ, ਤਾਰਾ ਸਿੰਘ, ਸ਼ੇਰ ਸਿੰਘ ਛਾਜਲੀ, ਮਾਸਟਰ ਰਘਵੀਰ ਸਿੰਘ ਭੁਟਾਲ, ਰਣਜੀਤ ਲਹਿਰਾ, ਸ਼ਮਿੰਦਰ ਸਿੰਘ ਸਮੇਤ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।

ਸੁਨਾਮ ਊਧਮ ਸਿੰਘ ਵਾਲਾ: ਮੇਧਾ ਪਟਕਰ ਦਾ ਸੁਨਾਮ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਗਿਆ। ਸੁਨਾਮ ਦੇ ਸਟੇਡੀਅਮ ਵਿਖੇ ਸ਼ਹੀਦ ਊਧਮ ਸਿੰਘ ਦੀ ਯਾਦਗਾਰ 'ਤੇ ਨਤਮਸਤਕ ਹੁੰਦਿਆਂ ਮੇਧਾ ਪਟਕਰ ਨੇ ਕਿਹਾ ਕਿ ਜਦੋਂ ਅੰਗਰੇਜ਼ਾਂ ਨੇ ਲੂਣ ਉਤੇ ਟੈਕਸ ਲਾ ਦਿੱਤਾ ਸੀ ਅਤੇ ਮਹਾਤਮਾ ਗਾਂਧੀ ਵੱਲੋਂ ਡਾਂਡੀ ਯਾਤਰਾ ਕਰ ਵਿਰੋਧਤਾ ਕੀਤਾ ਸੀ ਤੇ ਅੱਜ ਦੇਸ਼ ਮੋਦੀ ਸਰਕਾਰ ਵੱਲੋਂ ਕਿਸਾਨਾਂ ਤੋਂ ਉਨ੍ਹਾਂ ਦੀਆਂ ਜ਼ਮੀਨਾਂ ਹਥਿਆਉਣ ਦੀ ਸਾਜ਼ਿਸ਼ ਰਚੀ ਗਈ ਹੈ। ਉਨ੍ਹਾਂ ਕਿਹਾ ਕਿ ਮਿੱਟੀ ਸੱਤਿਆਗ੍ਰਹਿ ਯਾਤਰਾ ਦਾ ਮਤਲਬ ਲੋਕਾਂ ਨੂੰ ਜਾਗਰੂਕ ਕਰਨਾ ਹੈ ਕਿ ਉਹ ਮੋਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਦੇਸ਼ ਵਿਰੋਧੀ ਫੈਸਲਿਆਂ ਖਿਲਾਫ ਆਪਣੀ ਆਵਾਜ ਬੁਲੰਦ ਕਰਨ। ਇਸ ਮੌਕੇ ਤਰਕਸ਼ੀਲ ਸੁਸਾਇਟੀ ਅਤੇ ਕੰਬੋਜ ਭਾਈਚਾਰੇ ਵੱਲੋਂ ਸਾਂਝੇ ਰੂਪ ਚ ਵਿੱਚ ਮਧਾ ਪਟਕਰ ਅਤੇ ਉਨ੍ਹਾਂ ਦੀ ਟੀਮ ਦਾ ਸਵਾਗਤ ਕੀਤਾ ਗਿਆ।









# ਖੇਤੀ-ਬਿੱਲ ਲਿਆਉਣ ਦਾ ਅਸਲੀ ਕਾਰਨ...??

ਸਿਮਰਜੀਤ ਸਿੰਘ ਸੰਧੂ



ਦੋਸਤੋ ਰਾਤ ਦੀ ਗੱਲ ਹੈ ਪਾਕਿਸਤਾਨ ਦੇ ਇੱਕ ਆਹਲਾ ਪੱਤਰਕਾਰ ਨੇ, ਆਫਤਾਬ ਇਕਬਾਲ ਇੱਕ ਟੀ ਵੀ ਸ਼ੋਅ ਚਲਾਉਂਦੇ ਨੇ ਜਿਸ ਦਾ ਨਾਮ ਹੈ "ਖਬਰਯਾਰ" ਜਿਸ ਚ ਹਾਸੇ ਠੱਠਿਆਂ ਦੇ ਨਾਲ ਨਾਲ ਦੁਨੀਆਂ ਦੀ ਹਿਸਟਰੀ ਦੀਆਂ ਉਹ ਬੇਸ਼ਕੀਮਤੀ ਜਾਣਕਾਰੀਆਂ ਵੀ ਦਿੰਦੇ ਰਹਿੰਦੇ ਨੇ। ਕੱਲ ਨੂੰ ਉਹਨਾਂ ਨੇ ਆਪਣੇ ਸ਼ੋਅ ਚ ਦੁਨੀਆਂ 'ਚ ਹੋਣ ਵਾਲੀ ਸੜਕੀ ਗਲੋਬਲਾਜੇਸ਼ਨ ਬਾਰੇ ਇੱਕ ਗੱਲ ਕਹੀ ਜੋ ਬਹੁਤ ਮਹੱਤਵਪੂਰਨ ਹੈ ਤੇ ਆਪ ਸਭ ਨਾਲ ਸਾਂਝੀ ਕਰਨੀਂ ਜ਼ਰੂਰੀ ਸੀ। ਇਸ ਦੇ ਹਿੰਦੁਸਤਾਨੀ ਤੇ ਪਾਕਿਸਤਾਨੀ ਪੰਜਾਬ ਤੇ ਆਉਣ ਵਾਲੇ ਸਮੇਂ ਚ ਕੀ ਪਰਭਾਵ ਪੈਣੇ ਨੇ ਉਹ ਹੇਠ ਲਿਖੇ ਹੋ ਸਕਦੇ ਨੇ। ਆਫਤਾਬ ਇਕਬਾਲ ਦੁਨੀਆਂ ਦਾ ਉਹ ਮਹਾਨ ਇੰਟਲੈਕੁਚਲ ਬੰਦਾ ਹੈ। ਜਿਸ ਜਿੰਨੀਂ ਦੁਨੀਆਂ ਬੇਸ਼ਕੀਮਤੀ ਜਾਣਕਾਰੀ ਸ਼ਾਇਦ ਕਿਸੇ ਹੋਰ ਬੰਦੇ ਕੋਲ ਨਾਂ ਹੋਵੇ।

ਦੋਸਤੋ ਆਉਣ ਵਾਲੇ ਪੰਦਰਾਂ ਵੀਹ ਸਾਲਾਂ 'ਚ ਦੁਨੀਆਂ ਦਾ ਸੜਕੀ ਗਲੋਬਲਾਈਜੇਸ਼ਨ ਹੋਣ ਜਾ ਰਿਹਾ ਹੈ। ਯੂਰਪ, ਤੇ ਅਮਰੀਕੀ ਮਹਾਂਦੀਪਾਂ ਦੇ ਮੁਲਕ ਆਪਸ ਚ ਇੰਟਰਨਲ ਸੜਕੀ ਆਵਾਜਾਈ ਲਈ ਖੁੱਲੇ ਹੋਏ ਨੇ ਤੇ ਸੜਕੀ ਵਪਾਰ ਜੋਰਾਂ ਤੇ ਹੈ। ਅਮਰੀਕਾ ਦੁਨੀਆਂ ਦੀ ਸੁਪਰ ਪਾਵਰ ਇਸ ਕਰਕੇ ਹੈ ਕਿ ਅਮਰੀਕਾ ਚਾਰੇ ਪਾਸੇ ਤੋਂ ਸਮੁੰਦਰ ਨਾਲ ਘਿਰਿਆ ਹੋਇਆ ਹੈ। ਦੁਨੀਆਂ ਦਾ 80% ਵਪਾਰ ਸਵੇਜ ਨਹਿਰ ਦੇ ਰਸਤਿਉਂ ਹੁੰਦਾ ਹੈ। ਚੀਨ ਕੋਲ ਸਾਰੇ ਸਾਧਨ ਹੋਣ ਦੇ ਬਾਵਜੂਦ ਚੀਨ ਬੰਦਰਗਾਹਾਂ ਤੌਂ ਮਾਰ ਖਾ ਰਿਹਾ ਹੈ।

ਹੁਣ ਚੀਨ ਏਸ਼ੀਆ 'ਚ ਇਸੇ ਤਕਨੀਕ ਤੇ ਕੰਮ ਕਰ ਰਿਹਾ ਹੈ। ਪਾਕਿਸਤਾਨ ਦੀ ਗਵਾਦਰ ਬੰਦਰਗਾਹ ਚੀਨ ਨੇ ਲੀਜ ਤੇ ਲੈ ਲਈ ਹੈ। ਚੀਨ ਇਸ ਬੰਦਰਗਾਹ ਦੇ ਰਸਤੇ ਇੱਕ ਤਾਂ ਸਵੇਜ ਨਹਿਰ ਦੇ ਨੇੜੇ ਹੋਇਆ ਹੈ ਤੇ ਦੂਜਾ ਪੂਰੇ ਏਸ਼ੀਆ ਨੂੰ ਚੀਨ ਸੜਕੀ ਵਪਾਰਕ ਆਵਾਜਾਈ ਨਾਲ ਜੋੜਨ ਤੇ ਕੰਮ ਕਰ ਰਿਹਾ ਹੈ। ਚੀਨ ਸੜਕ ਯੋਜਨਾ ਰਾਹੀਂ ਪੂਰੀ ਦੁਨੀਆਂ ਤੇ ਆਪਣਾ ਕੰਟਰੋਲ ਕਰਨ ਦੀ ਫਿਰਾਕ ਚ ਹੈ। ਇਸ ਯੋਜਨਾਂ ਚ ਰਸ਼ੀਆ ਵੀ ਚੀਨ ਦੇ ਨਾਲ ਹੈ।

ਇਸ ਸੜਕ ਰਾਂਹੀ ਚੀਨ ਆਪਣਾ ਮਾਲ ਸਿੱਧਾ ਟਰਾਂਸਪੋਰਟੇਸ਼ਨ ਰਾਂਹੀ ਪਾਕਿਸਤਾਨ, ਇਰਾਕ, ਇਰਾਨ, ਉਜਬੇਕਿਸਤਾਨ, ਰਸ਼ੀਆ, ਤਾਈਵਾਨ, ਤੁਰਕੀ ਇਟਲੀ ਪੂਰੇ ਯੂਰਪ ਚ ਸਿੱਟੇਗਾ। ਇਹ ਸੜਕ ਹਿੰਦੁਸਤਾਨ ਦੀ ਜਵਾਂ ਵੱਖੀ 'ਚੋਂ ਨਿੱਕਲ ਰਹੀ ਹੈ। ਉਹ ਸੜਕ ਹਿੰਦੁਸਤਾਨ ਚ ਜਿਸ ਸੂਬੇ ਦੇ ਸਭ ਤੋਂ ਨੇੜਿਉਂ ਗੁਜਰਨੀਂ ਹੈ। ਉਹ ਪੰਜਾਬ ਹੈ। ਜੇ ਏਸ਼ੀਆ ਦਾ ਵਪਾਰ ਖੁੱਲਨੂੰਦਾ ਹੈ ਤਾਂ ਹਿੰਦੁਸਤਾਨ 'ਚ ਸਭ ਤੋਂ ਮਹਿੰਗੀ ਹੋਣ ਵਾਲੀ ਜਮੀਨ ਪੰਜਾਬ ਦੀ ਹੈ। ਦੁਨੀਆਂ ਦੇ ਕਾਰਪੋਰੇਟਸ ਦੀ ਨਜਰ ਦੋਨੋਂ ਪਾਸੇ ਪੰਜਾਬ ਦੀ ਧਰਤੀ ਤੇ ਹੈ। ਦੁਨੀਆਂ ਦਾ ਟੌਪ ਦਾ ਕਿੰਨੂੰ, ਅੰਬ, ਮਾਲਟਾ, ਆੜੂ ਅਮਰੂਦ ਗੱਲ ਕੀ ਹਰ ਤਰ੍ਹਾਂ ਦੇ ਫਰੂਟ ਤੇ ਵੈਜੀਟੇਬਲ ਤੇ ਸੀਡਸ ਤਿਆਰ ਕਰਨ ਲਈ ਕੈਪੇਬਲ ਹੈ। ਹਿੰਦੁਸਤਾਨ ਤੇ ਦੁਨੀਆਂ ਦੇ ਵਪਾਰਕ ਅਦਾਰੇ ਉਸ ਸੜਕ ਨਾਲ ਜੁੜਨ ਵਾਸਤੇ ਤਰਲੋ ਮੱਛੀ ਹੋ ਰਹੇ ਨੇ। ਉਹ ਕਦੇ ਵੀ ਨਹੀਂ ਚਹੁੰਦੇ ਕਿ ਐਨੇ ਵੱਡੇ ਸੁਨਿਹਰੇ ਮੌਕੇ ਦਾ ਦੋਨਾਂ ਪਾਸਿਆਂ ਦੇ ਪੰਜਾਬੀ ਲਾਭ ਉਠਾਉਣ।

ਪਾਕਿਸਤਾਨੀ ਪੰਜਾਬ ਚ ਵੱਡੀਆ ਕੰਪਨੀਆਂ ਦੀ ਐਂਟਰੀ ਹੋ ਚੁੱਕੀ ਹੈ ਤੇ ਉਹ ਗੋਲਡਨ ਸੜਕ ਲਾਹੌਰ ਲੰਘ ਚੁੱਕੀ ਹੈ। ਪਾਕਿਸਤਾਨ ਚ ਜਿਮੀਂਦਾਰਾ ਤੇ ਮੁਜਾਰਾ ਸਿਸਟਮ ਹੈ। ਜ਼ਮੀਨਾਂ ਦੇ ਮਾਲਕੀ ਹੱਕ ਪਹਿਲਾਂ ਈ ਲੈਂਡਲੌਰਡਸ ਕੋਲ ਨੇ ਤੇ ਮੁਜਾਰੇ ਨੇ ਲੇਬਰ ਈ ਕਰਨੀ ਹੈ ਉਹ ਜਿਮੀਂਦਾਰ ਦੀ ਹੋਵੇ ਜਾਂ ਕੰਪਨੀਆਂ ਦੀ। ਦੂਜਾ ਭੁੱਖਮਰੀ ਦਾ ਸ਼ਿਕਾਰ ਪਾਕਿਸਤਾਨ ਇਸ ਸੜਕੀ ਯੋਜਨਾਂ ਰਾਂਹੀ ਆਪਣੇ ਦੇਸ਼ ਦੀ ਗਰੀਬੀ ਚੱਕਣਾ ਚਹੁੰਦਾ ਹੈ।

ਏਧਰ ਹਿੰਦੁਸਤਾਨੀ ਪੰਜਾਬ ਦੇ ਹਾਲਾਤ ਪਾਕਿਸਤਾਨੀ ਪੰਜਾਬ ਤੌਂ ਬਿੱਲਕੁੱਲ ਉਲਟ ਨੇ, ਏਥੇ ਮੁਜਾਰੇਦਾਰੀ ਸਿਸਟਮ ਦਾ ਅੰਤ 1950 'ਚ ਈ ਹੋ ਗਿਆ ਸੀ। ਇਸਤੇਮਾਲ ਵੇਲੇ ਤਕਰੀਬਨ ਸਭ ਨੂੰ ਮਾਲਕੀ ਹੱਕ ਦੇਕੇ ਉਸ ਵੇਲੇ ਦੀ ਸਾਂਝੇ ਪੰਜਾਬ ਦੀ ਸਰਕਾਰ ਪਹਿਲੀ ਜਮਾਂਬੰਦੀ ਪੰਜਾਬੀ ਭਾਸ਼ਾ 'ਚ 1950 ਚ ਲਾਗੂ ਕਰਕੇ ਜਗੀਰਦਾਰੀ ਸਿਸਟਮ ਦਾ ਭੋਗ ਪਾ ਦਿੱਤਾ ਸੀ। ਜਿਸ ਤਰ੍ਹਾਂ ਲਹਿੰਦੇ ਪੰਜਾਬ ਚ ਬਿਨਾਂ ਰੋਕ ਟੋਕ ਦੇ ਕੰਪਨੀਆਂ ਉੱਤਰ ਗਈਆਂ ਹਨ। ਭਾਰਤੀ ਪੰਜਾਬ ਚ ਇਹ ਕੰਮ ਬਹੁਤ ਔਖਾ ਸੀ ਇਸ ਲਈ ਕੰਪਨੀਆਂ ਨੂੰ ਜਰੂਰਤ ਤੌਂ ਵੱਧ ਛੋਟਾਂ ਦਿੰਦੇ ਕਨੂੰਨ ਭਾਰਤ ਸਰਕਾਰ ਨੇ ਭਾਰਤੀ ਕਾਰਪੋਰੇਟਾਂ ਲਈ ਲਿਆਂਦੇ ਤਾਂ ਕਿ ਭਾਰਤੀ ਕਾਰਪੋਰੇਟਾਂ ਨੂੰ ਪਾਕਿਸਤਾਨ ਨਾਲ ਦਰਵਾਜੇ ਖੋਹਲ ਕੇ ਸਿੱਧੀ ਇੰਟਰਨੈਸ਼ਲ ਮਾਰਕੀਟ ਚ ਆਪਣਾ ਸਮਾਨ ਵੇਚਣ ਦੀ ਖੁੱਲਨੂੰ ਦਿੱਤੀ ਜਾ ਸਕੇ।

ਭਾਰਤੀ ਕਾਰਪੋਰੇਟ ਘਰਾਣਿਆਂ ਨੂੰ ਜਿਵੇਂ ਇਸਦੀ ਸੂਹ ਲੱਗੀ ਇਹਨਾਂ ਸਰਕਾਰ ਤੇ ਪੰਜਾਬ ਦੀ ਜਮੀਨ ਹਥਿਆਉਣ ਤੇ ਇਸ ਸੋਨੇ ਦੀ ਖਾਨ ਬਣਨ ਜਾ ਰਹੀ ਜਮੀਨ ਤੇ ਆਪਣਾ ਕਬਜਾ ਕਰਨ ਦੀ ਵਿਉਂਤਬੰਦੀ ਸ਼ੁਰੂ ਕਰ ਦਿੱਤੀ ਤੇ ਸਰਕਾਰ ਨੇ ਇਸਨੂੰ ਐਸ ਤਰੀਕੇ ਨਾਲ ਪਲਟਾ ਦਿੱਤਾ ਕਿ ਲੋਕਾਂ ਨੂੰ ਸਮਝ ਈ ਨਾਂ ਆਵੇ ਕਿ ਅਸਲ ਮਾਜਰਾ ਹੈ ਕੀ। ਹਿੰਦੁਸਤਾਨੀ ਪੰਜਾਬ ਦੀ ਗਵਾਦਰ ਬੰਦਰਗਾਹ ਤੋਂ ਮਹਿਜ ਦੂਰੀ 350-400 ਕਿਲੋਮੀਟਰ ਹੈ। ਨਵਾਂ ਬਣ ਰਿਹਾ ਕਟੜਾ ਐਕਸਪਰੈਸ ਵੇਅ ਵੀ ਏਸੇ ਲੜੀ ਦਾ ਹਿੱਸਾ ਹੈ। ਏਸੇ ਲਈ ਸਰਕਾਰ ਕਨੂੰਨ ਬਦਲਣ ਤੋਂ ਟੱਸ ਤੋਂ ਮੱਸ ਨਹੀਂ ਹੋਣਾ ਚਹੁੰਦੀ ਕਿਉਂਕਿ ਕਾਰਪੋਰੇਟਸ ਦਾ ਭਾਰਤੀ ਸਰਕਾਰ ਤੇ ਪਰੈਸ਼ਰ ਹੀ ਐਨਾਂ ਹੈ ਕਿ ਉਹ ਕਿਸੇ ਵੀ ਕੀਮਤ ਤੇ ਫੈਸਲਾ ਨਹੀਂ ਬਦਲਨਾਂ ਚਹੁੰਦੀ। ਚੀਨ ਜਿਸ ਤਰੀਕੇ ਨਾਲ ਨਵੇਂ ਵਪਾਰਕ ਰਸਤੇ ਖੋਹਲ ਰਿਹਾ ਹੈ। ਭਾਰਤ ਦਾ ਉਸ ਤੋਂ ਪਰਭਾਵਿਤ ਹੋਣਾ ਲਾਜਮੀਂ ਹੈ।

ਜਿਹੜਾ ਚੀਨ ਐਕਸ ਪਰੈਸ ਵੇਅ ਬਣਾ ਰਿਹਾ ਹੈ। ਉਹ ਭਾਰਤੀ ਪੰਜਾਬ ਦੇ ਤਿੰਨ ਜਿਲਿਆਂ ਨਾਲ ਖਹਿ ਕੇ ਲੰਘਦਾ ਹੈ। ਫਿਰੋਜਪੁਰ ਤੋਂ ਇਹਦੀ ਦੂਰੀ 80 ਤਰਨਤਾਰਨ ਸਾਹਿਬ ਤੋਂ 65 ਤੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਮਹਿਜ 50 ਦੀ ਦੂਰੀ ਤੇ ਲੰਘਦਾ ਹੈ। ਕਟੜਾ ਐਕਸ ਪਰੈਸ ਵੇਅ ਨੂੰ ਵੀ ਅੰਮਰਿਤਸਰ ਨਾਲ ਜੋੜਕੇ ਐਕਸਪਰੈਸ ਨਾਲ ਜੋੜਨ ਦੀ ਭਾਰਤ ਸਰਕਾਰ ਦੀ ਯੋਜਨਾ ਹੈ।

ਸੋ ਵੀਰੋ ਇਹ ਕੋਈ ਛੋਟੀ ਗੱਲ ਨਹੀਂ ਜਮੀਨਾਂ ਹਥਿਆ ਕਿ ਪੰਜਾਬੀਆਂ ਨੂੰ ਫਿਰ ਇੱਕ ਈਸਟ ਇੰਡੀਆ ਕੰਪਨੀ ਦੇ ਬੂਥੇ ਸੁੱਟਣ ਦੀ ਤਿਆਰੀ ਹੈ। ਪਹਿਲਾਂ ਈ ਸੰਤਾਲੀ ਦੀ ਵੰਡ ਫਿਰ ਹਰਿਆਣਾ ਹਿਮਾਚਲ ਬਣਾਕੇ ਪੰਜਾਬ ਦੀਆਂ ਬਾਹਾਂ ਵੱਢ ਦਿੱਤੀਆਂ ਗਈਆਂ ਨੇ। ਫਿਰ ਚੁਰਾਸੀ ਫਿਰ ਦਿੱਲੀ ਤੋਂ ਹੈਰੋਇਨ ਰਾਹੀਂ ਪੰਜਾਬ ਨੂੰ ਨਸ਼ੇੜੀ ਬਣਾਕੇ ਮਾਰਨ ਦੇ ਸਰਕਾਰੀ ਮਨਸੂਬੇ ਫੇਲਨੂੰ ਹੋਣ ਤੋਂ ਬਾਅਦ ਹੁਣ ਪੰਜਾਬ ਨੂੰ ਇਹ ਫਾਰਮ ਬਿੱਲ ਲਿਆਕੇ ਫਾਹੇ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਬਹੁਤ ਵੱਡੀ ਸਾਜਿਸ਼ ਹੈ। ਜੇ ਹੁਣ ਆਪਾਂ ਹੱਕਾਂ ਦੀ ਲੜਾਈ ਛੱਡਕੇ ਘਰੇ ਬਹਿ ਗੇ ਤਾਂ ਇਹ ਸਮਝ ਲਿਉ, ਅਸੀਂ ਮੁਦਕੀ ਸਭਰਾਵਾਂ ਦੀ ਜੰਗ ਇੱਕ ਵਾਰ ਫੇਰ ਹਾਰ ਜਾਵਾਂਗੇ ਤੇ ਜਿਵੇਂ 1849 ਤੋਂ ਬਾਅਦ ਸਾਨੂੰ ਆਪਣੀ ਆਜਾਦੀ ਲਈ ਲੜਦਿਆਂ ਨੂੰ 98 ਸਾਲ ਬੀਤ ਗਏ ਸਨ। ਫਿਰ ਪਤਾ ਨੀ ਹੋਰ ਕਿੰਨੀਆਂ ਪੀਹੜੀਆਂ ਇਹਨਾਂ ਕਾਰਪੋਰੇਟਾਂ ਨਾਲ ਲੜਦਿਆਂ ਨਿਕਲ ਜਾਣ। ਆਉ ਤਕੜੇ ਹੋਕੇ ਹੱਕਾਂ ਲਈ ਲੜੀਏ।













# ਪ੍ਰਵਾਸੀ, ਸ਼ਰਨਾਰਥੀ ਜਾਂ ਧਰਤੀ ਦੇ ਅਜ਼ਾਦ ਮਨੁੱਖ ?

**ਬਿੰਨੀ**


ਮੋਦੀ ਸਰਕਾਰ ਵੱਲੋਂ 2019 ਵਿੱਚ ਪਾਸ ਕੀਤਾ ਗਿਆ ਨਾਗਰਿਕਤਾ ਸੋਧ ਕਨੂੰਨ ਇਹ ਦਾਅਵਾ ਕਰਦਾ ਸੀ ਕਿ ਇਸ ਤਹਿਤ ਭਾਰਤ ਦੇ ਤਿੰਨ ਗੁਆਂਢੀ ਮੁਲਕਾਂ ਪਾਕਿਸਤਾਨ, ਬੰਗਲਾਦੇਸ਼ ਤੇ ਅਫਗਾਨਿਸਤਾਨ ਤੋਂ ਆਉਣ ਵਾਲ਼ੇ 6 ਧਰਮਾਂ (ਹਿੰਦੂ, ਸਿੱਖ, ਬੋਧੀ, ਇਸਾਈ, ਜੈਨੀ, ਪਾਰਸੀ) ਦੇ ਲੋਕਾਂ ਨੂੰ ਭਾਰਤ ਦੀ ਨਾਗਰਿਕਤਾ ਦਿੱਤੀ ਜਾਵੇਗੀ। ਇਸ ਕਨੂੰਨ ਤਹਿਤ ਮੁਸਲਮਾਨ ਧਾਰਮਿਕ ਘੱਟਗਿਣਤੀਆਂ ਨੂੰ ਇਹਨਾਂ ਚੋਂ ਬਾਹਰ ਰੱਖਿਆ ਗਿਆ ਸੀ। ਸਰਕਾਰ ਦਾ ਤਰਕ ਸੀ ਕਿ ਇਹ ਕਨੂੰਨ ਇਹਨਾਂ ਮੁਲਕਾਂ ’ਚ ਧਾਰਮਿਕ ਘੱਟਗਿਣਤੀਆਂ ਨਾਲ਼ ਹੁੰਦੇ ਵਿਤਕਰੇ ਕਰਕੇ ਉਹਨਾਂ ਦੀ ਮਦਦ ਲਈ ਬਣਾਏ ਗਏ ਹਨ।

ਪਰ ਇੱਥੇ ਪਹਿਲੀ ਗੱਲ ਤਾਂ ਇਹ ਕਿ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਤਹਿਤ ਭਾਰਤ ਦੀਆਂ ਧਾਰਮਿਕ ਘੱਟਗਿਣਤੀਆਂ ਖਿਲਾਫ ਤਸ਼ੱਦਦ ਦੀਆਂ ਅਕਹਿ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ ਹੈ। ਲਵ ਜਿਹਾਦ ਤੇ ਗਊ ਹੱਤਿਆ ਦੇ ਨਾਂ ’ਤੇ ਮੁਸਲਮਾਨ ਭਾਈਚਾਰੇ ਨਾਲ਼ ਹੋਏ ਜੁਲਮ ਸ਼ਰਮਸਾਰ ਕਰਨ ਵਾਲ਼ੇ ਹਨ। ਸਾਡਾ ਦੇਸ਼ ਇੱਕ ਬਹੁ-ਕੌਮੀ ਤੇ ਬਹੁ-ਧਾਰਮਿਕ ਦੇਸ਼ ਹੈ। ਜਿੱਥੇ ਵੱਖ-ਵੱਖ ਸੱਭਿਆਚਾਰਾਂ ਦੇ ਲੋਕ ਵਸਦੇ ਨੇ। ਇੱਥੋਂ ਦੀ ਸਰਕਾਰ ਦੀ ਇਹ ਜਿੰਮੇਵਾਰੀ ਹੈ ਕਿ ਉਹ ਇੱਥੇ ਵਸਦੇ ਸਭ ਸੱਭਿਆਚਾਰਾਂ ਦੇ ਲੋਕਾਂ ਨੂੰ ਆਪਣੇ ਧਾਰਮਿਕ ਅਕੀਦਿਆਂ ਤੇ ਆਪਣੇ ਕੌਮੀ ਜੀਵਨ ਢੰਗ ਨਾਲ਼ ਜਿਉਣ ਦੀ ਅਜ਼ਾਦੀ ਦੀ ਗਰੰਟੀ ਕਰੇ। ਪਰ ਸਾਡੀ ਇਸ ਹਕੂਮਤ ਨੇ ਗਾਂ ਦੇ ਮਾਸ ਖਾਣ ਨੂੰ ਭਾਰਤ ਦਾ ਪ੍ਰਮੁੱਖ ਮੁੱਦਾ ਬਣਾ ਦਿੱਤਾ ਹੈ। ਇਸ ਹਕੂਮਤ ਨੇ ‘ਜੈ ਸ਼੍ਰੀਰਾਮ’ ਦਾ ਨਾਅਰਾ ਲਾਉਣ ਵਾਲ਼ੇ ਨੂੰ ਦੇਸ਼ਪ੍ਰੇਮੀ ਤੇ ਬਾਕੀਆਂ ਨੂੰ ਦੇਸ਼ਧ੍ਰੋਹੀ ਐਲਾਨਿਆ ਜਾਂਦਾ ਹੈ। ਇਹਨਾਂ ਗੱਲਾਂ ਤੋਂ ਇਹ ਸੌਖਿਆਂ ਹੀ ਕਿਹਾ ਜਾ ਸਕਦਾ ਹੈ ਕਿ ਜਿਹੜੀ ਹੂਕਮਤ ਆਪਣੇ ਮੁਲਕ ਵਿੱਚ ਵਸਦੀਆਂ ਵੱਖ-ਵੱਖ ਕੌਮਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਨਹੀਂ ਕਰ ਸਕਦੀ ਉਹ ਹੋਰਨਾਂ ਮੁਲਕਾਂ ’ਚੋਂ ਆਏ ਵੱਖ-ਵੱਖ ਸੱਭਿਆਚਾਰਾਂ ਦੇ ਲੋਕਾਂ ਦੀ ਭਲਾ ਕੀ ਮਦਦ ਕਰੇਗੀ। ਇਹਨਾਂ ਕਨੂੰਨਾਂ ਦਾ ਮਕਸਦ ਮੋਦੀ ਹਕੂਮਤ ਦੀ ਹਿੰਦੂ ਰਾਸ਼ਟਰਵਾਦ ਦੀ ਵਿਚਾਰਧਾਰਾ ਦਾ ਜਹਿਰ ਲੋਕਾਂ ’ਚ ਫੈਲਾਉਣਾ ਤੇ ਧਾਰਮਿਕ ਪਾਲ਼ਾਬੰਦੀ ਕਰਨਾ ਸੀ।

ਖੈਰ ਪ੍ਰਵਾਸੀਆਂ ਅਤੇ ਉਹਨਾਂ ਨੂੰ ਨਾਗਰਿਕਤਾ ਦੇਣ ਦਾ ਮਸਲਾ ਸਾਡੇ ਮੌਜੂਦਾ ਸਮੇਂ ਦਾ ਭਖਦਾ ਮਸਲਾ ਹੈ। ਅਸੀਂ ਵੇਖਦੇ ਹਾਂ ਕਿ ਕਿਵੇਂ ਸੰਸਾਰ ਭਰ ਵਿੱਚ ਸਰਕਾਰਾਂ ਸਥਾਨਕ ਲੋਕਾਂ ਵਿੱਚ ਇਹਨਾਂ ਪ੍ਰਵਾਸੀਆਂ ਖਿਲਾਫ ਰੋਹ ਭੜਕਾ ਕੇ ਆਪਣੀਆਂ ਵੋਟਾਂ ਪੱਕੀਆਂ ਕਰਦੀਆਂ ਨੇ। ਸੰਸਾਰ ਭਰ ਵਿੱਚ ਆਪਣੀ ਜਮਹੂਰੀਅਤ ਦੇ ਸੋਹਲੇ ਗਾਉਂਦਾ ਫਿਰਦਾ ਅਮਰੀਕਾ ਵਿੱਚ ਹੋਈਆਂ ਚੋਣਾਂ ਵਿੱਚ ਪ੍ਰਵਾਸੀ ਵਿਰੋਧੀ ਰੁਝਾਨ ਹੋਰਨਾਂ ਮੁੱਦਿਆਂ ’ਚੋਂ ਸਭ ਤੋਂ ਉੱਘੜ ਕੇ ਸਾਹਮਣੇ ਆਇਆ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਬੀਬੀਸੀ ਦੀ ਇੱਕ ਰਿਪੋਰਟ ਮੁਤਾਬਕ ਰਾਜਸਥਾਨ ਦੇ ਜੋਧਪੁਰ, ਜੈਸਲਮੇਰ ਤੇ ਜੈਪੁਰ ਜ਼ਿਲ੍ਹਿਆਂ ਵਿੱਚ ਪਾਕਿਸਤਾਨ ਤੋਂ ਆਏ 22,146 ਹਿੰਦੂ ਪਰਿਵਾਰ ਰਹਿੰਦੇ ਨੇ ਜੋ ਦਹਾਕਿਆਂ ਤੋਂ ਇੱਥੋਂ ਦੀ ਨਾਗਰਿਕਤਾ ਦੀ ਉਡੀਕ ਕਰ ਰਹੇ ਨੇ। ਸਰਕਾਰ ਕਹਿੰਦੀ ਹੈ ਕਿ ਇਹਨਾਂ ’ਚੋਂ 8,000 ਹਿੰਦੂ ਨਾਗਰਿਕਤਾ ਦੇ ਯੋਗ ਹਨ। ਪਰ ਆਲਮ ਇਹ ਹੈ ਕਿ ਆਪਣੀ ਨਾਗਰਿਕਤਾ ਦੀ ਉਡੀਕ ਕਰਦਿਆਂ ਇੱਕ ਪਰਿਵਾਰ ਦੇ 12 ਚੋਂ 11 ਜੀਅ ਮਰ ਚੁੱਕੇ ਹਨ। ਇਹ ਲੋਕ ਸ਼ਹਿਰ ਤੋਂ ਦੂਰ ਬਸਤੀਆਂ ਬਣਾਕੇ ਰਹਿੰਦੇ ਹਨ। ਇੱਥੋਂ ਦੇ ਇੱਕ ਬਾਸ਼ਿੰਦੇ ਹੇਮ ਦੋਲੀ ਨੇ ਕਿਹਾ ਕਿ “ਅਸੀਂ ਤਾਂ ਜਨਮ ਲੈ ਕੇ ਹੀ ਫਸ ਗਏ ਹਾਂ। ਉੱਧਰ ਰਹਿੰਦੇ ਸੀ ਤਾਂ ਲੋਕ ਕਾਫ਼ਰ ਕਹਿ ਕੇ ਸੱਦਦੇ ਹੁਣ ਭਾਰਤ ਆਏ ਹਾਂ ਤਾਂ ਸਾਡਾ ਇੱਕੋ ਹੀ ਧਰਮ ਤੇ ਜਾਤ ਬਣ ਗਿਆ ਹੈ ਪਾਕਿਸਤਾਨੀ। ਜਿੱਥੇ ਵੀ ਜਾਈਏ ਲੋਕ ਪਾਕਿਸਤਾਨੀ ਕਹਿ ਕੇ ਹੀ ਬੁਲਾਉਂਦੇ ਨੇ।” ਉੱਥੇ ਨੇੜੇ ਹੀ ਲੱਗੇ ਇੱਕ ਵਾਟਰ ਟ੍ਰੀਟਮੈਂਟ ਪਲਾਂਟ ਵੱਲ ਇਸ਼ਾਰਾ ਕਰਕੇ ਉਹ ਕਹਿੰਦਾ, “ਕਿ ਜਦੋਂ ਇਹ ਬਣ ਰਿਹਾ ਸੀ ਤਾਂ ਅਸੀਂ ਇੱਥੇ ਮਜ਼ਦੂਰੀ ਕੀਤੀ। ਹੁਣ ਜਦੋਂ ਬਣ ਕੇ ਤਿਆਰ ਹੋ ਗਿਆ ਤਾਂ ਕਿਸੇ ਨੇ ਮਾੜੀ ਮੋਟੀ ਨੌਕਰੀ ਵੀ ਨਹੀਂ ਦਿੱਤੀ। ਇੱਥੋਂ ਪਾਣੀ ਸ਼ਹਿਰ ਨੂੰ ਜਾਂਦਾ ਹੈ, ਪਰ ਸਾਡੇ ਲਈ ਪਾਣੀ ਵੀ ਨਹੀਂ ਹੈ।” ਉਹਨਾਂ ਲਈ ਬੁਨਿਆਦੀ ਮਨੁੱਖੀ ਸਹੂਲਤਾਂ ਜਿਵੇਂ ਕਿ ਪਾਣੀ, ਬਿਜਲੀ, ਸੜਕ, ਰੁਜ਼ਗਾਰ ਤੇ ਹਸਪਤਾਲ ਵੀ ਨਹੀਂ ਹਨ।

ਜੈਸਲਮੇਰ ਤੋਂ 5 ਕਿਲੋਮੀਟਰ ਦੂਰ ਇੱਕ ਅਜਿਹੀ ਬਸਤੀ ’ਚ ਰਹਿੰਦੇ ਚਨੇਸਰ ਦਾ ਕਹਿਣਾ ਹੈ ਕਿ, “ਅਸੀਂ ਮਜ਼ਦੂਰ ਸਾਂ ਇਸ ਲਈ ਰਹਿਣ ਲਈ ਅਸੀਂ ਆਸ਼ਿਆਨਾ ਤਾਂ ਬਣਾ ਲਿਆ ਪਰ ਸਾਡੇ ਬੱਚਿਆਂ ਦਾ ਸਕੂਲ ਵਿੱਚ ਦਾਖਲਾ ਬਹੁਤ ਔਖਾ ਹੈ। ਸਕੂਲ ਵਾਲ਼ੇ ਕਾਗਜ ਮੰਗਦੇ ਨੇ ਜੋ ਸਾਡੇ ਕੋਲ਼ ਨਹੀਂ ਹਨ। ਸਾਡੇ ਕੋਲ਼ ਰੁਜ਼ਗਾਰ ਦੀ ਕੋਈ ਗਰੰਟੀ ਨਹੀਂ, ਕਦੇ ਕੰਮ ਹੁੰਦਾ ਹੈ ਤੇ ਕਦੇ ਨਹੀਂ।” ਇਸੇ ਤਰ੍ਹਾਂ ਇੱਕ 60 ਵਰ੍ਹਿਆਂ ਦੀ ਗੌਰੀ ਨਾਂ ਦੀ ਬੇਬੇ ਦਾ ਕਹਿਣਾ ਹੈ ਕਿ, “ਨਾ ਤਾਂ ਸਾਡਾ ਕੋਈ ਪਛਾਣ ਪੱਤਰ ਹੈ ਤੇ ਨਾ ਕੋਈ ਰਾਸ਼ਨ ਕਾਰਡ। ਕਮਾਉਣ ਵਾਲ਼ਾ ਇੱਕ ਹੈ ਤੇ ਖਾਣ ਵਾਲ਼ੇ 20 ਜਣੇ ਹਨ।” ਉਹਦਾ ਕਹਿਣਾ ਹੈ ਕਿ ਉਹ ਵਾਪਸ ਪਰਤਣਾ ਚਾਹੁੰਦੀ ਹੈ। ਇਹ ਲੋਕ ਪਾਕਿਸਤਾਨ ਤੋਂ ਧਾਰਮਿਕ ਵੀਜੇ ਲੁਆ ਕੇ ਆਪਣੇ ਵਤਨ ’ਚ ਰਹਿਣ ਦੇ ਸੁਫਨੇ ਲੈ ਕੇ ਆਏ ਸਨ। ਪਰ ਇਹਨਾਂ ਦੇ ਵੇਂਹਦੇ-ਵੇਂਹਦੇ ਉਹ ਸਾਰੇ ਸੁਫਨੇ ਮਿੱਟੀ ’ਚ ਰੁਲ਼ ਗਏ। ਸਾਲਾਂ ਤੋਂ ਇੱਥੋਂ ਦੇ ਬਸ਼ਿੰਦੇ ਹੋਣ ਦੇ ਹੱਕ ਨੂੰ ਉਡੀਕਦਿਆਂ ਬਹੁਤੇ ਲੋਕਾਂ ਦੀਆਂ ਰਾਹਦਾਰੀਆਂ ਦੀ ਮਿਆਦ ਵੀ ਮੁੱਕ ਚੁੱਕੀ ਹੈ।

ਤਾਂ ਅਸੀਂ ਵੇਂਹਦੇ ਹਾਂ ਕਿ ਕਿਵੇਂ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦਾ ਦਮ ਭਰਦੀ ਸਾਡੀ ਸਰਕਾਰ ਆਪਣੇ ਹੀ ਮੁਲਕ ’ਚ ਰਹਿੰਦੇ ਇਹਨਾਂ ਪ੍ਰਵਾਸੀਆਂ ਨੂੰ ਉਹਨਾਂ ਦਾ ਸਭ ਤੋਂ ਬੁਨਿਆਦੀ ਹੱਕ ਨਹੀਂ ਦੇ ਸਕੀ ਤਾਂ ਇਹ ਸਰਕਾਰ ਹੋਰਨਾਂ ਮੁਲਕਾਂ ’ਚ ਵਿਤਕਰਿਆਂ ਦੇ ਸ਼ਿਕਾਰ ਲੋਕਾਂ ਨਾਲ਼ ਭਲਾਂ ਕੀ ਇਨਸਾਫ ਕਰੇਗੀ। ਇੱਕ ਰੂਸੀ ਅਦੀਬ ਪਾਸਤਰਨਾਕ ਕਹਿੰਦੇ ਨੇ ਕਿ ਸੰਸਾਰ ਦੇ ਹਰ ਮਨੁੱਖ ਨੂੰ ਆਪਣੀ ਧਰਤੀ ਤੇ ਮਿੱਟੀ ਨਾਲ਼ ਅੰਤਾਂ ਦਾ ਮੋਹ ਹੁੰਦਾ ਹੈ। ਪਰ ਮੌਜੂਦਾ ਸਮਾਜਿਕ ਸਬੰਧਾਂ ਦੀਆਂ ਵਧੀਕੀਆਂ ਕਰਕੇ ਲੋਕਾਂ ਨੂੰ ਬਿਹਤਰ ਜੀਵਨ ਦੀ ਭਾਲ਼ ਵਿੱਚ ਆਪਣੀ ਮਿੱਟੀ ਛੱਡਣੀ ਪੈਂਦੀ ਹੈ। ਪਰ ਪ੍ਰਵਾਸ ਦਾ ਇਹ ਜੀਵਨ ਲੋਕਾਂ ਲਈ ਉਮਰ ਭਰ ਦਾ ਰੋਗ ਬਣਕੇ ਰਹਿ ਜਾਂਦਾ ਹੈ। ਅੱਜ ਲੋੜ ਹੈ ਕਿ ਅਸੀਂ ਆਪਣਾ ਚਾਰ-ਚੁਫੇਰਾ ਤੱਕੀਏ। ਇਹ ਧਰਤੀ ਜਿਸ ਨੇ ਕਦੇ ਵੀ ਨਹੀਂ ਕਿਹਾ ਕਿ ਉਹ ਸਿਰਫ ਕੁਝ ਖਾਸ ਧਰਮ ਦੇ ਲੋਕਾਂ ਨੂੰ ਥਾਂ ਦੇਵੇਗੀ ਸਗੋਂ ਉਹਨੇ ਸਭ ਮਨੁੱਖਾਂ ਨੂੰ ਆਪਣੀ ਬੁੱਕਲ਼ ਤਾਂ ਨਿੱਘ ਦਿੱਤਾ ਤਾਂ ਅੱਜ ਸਾਡੇ ਇਹ ਹਾਕਮ ਭਾਵੇਂ ਖੁਦ ਨੂੰ ਸਭ ਤੋਂ ਵੱਡੇ ਦਾਨਿਸ਼ਵਰ ਕਹਿੰਦੇ ਫਿਰਦੇ ਨੇ ਪਰ ਇਹ ਤਾਂ ਮਨੁੱਖ ਨੂੰ ਇੱਕ ਬੁਨਿਆਦੀ ਜਿਹਾ ਹੱਕ ਵੀ ਨਹੀਂ ਦੇ ਸਕਦੇ। ਸੰਸਾਰ ਦੇ ਸਭ ਤੋਂ ਜਮਹੂਰੀ ਕਹੇ ਜਾਣ ਵਾਲ਼ੇ ਮੁਲਕਾਂ ਵਿੱਚ ਵੀ ਪ੍ਰਵਾਸੀਆਂ ਨੂੰ ਇਹੋ ਜਿਹੇ ਜਾਨਵਰ ਸਲੂਕ ਦਾ ਸਾਹਮਣਾ ਕਰਨਾ ਪੈਂਦਾ ਹੈ। ਅਲਜਜ਼ੀਰਾ ਦੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਇੰਡੋਨੇਸ਼ਿਆ ਤੋਂ ਇੰਗਲੈਂਡ ਜਾਂ ਹੋਰਨਾਂ ਮੁਲਕਾਂ ’ਚ ਪ੍ਰਵਾਸ ਕਰਦੀਆਂ ਹਜ਼ਾਰਾਂ ਹੀ ਕੁੜੀਆਂ ਨੂੰ ਵੇਸਵਾ ਦੀ ਜੂਨ ਹੰਢਾਉਣੀ ਪੈਂਦੀ ਹੈ। ਇਹਨਾਂ ਕੁੜੀਆਂ ਕੋਲ਼ ਲੋੜੀਂਦਾ ਪੈਸਾ ਨਾ ਹੋਣ ਕਰਕੇ ਇਹ ਕੁੜੀਆਂ ਅਕਸਰ ਉੱਥੋਂ ਦੇ ਏਜੰਟਾਂ ਦੇ ਨੌਕਰੀਆਂ ਦੇ ਲਾਲਚ ’ਚ ਫਸ ਜਾਂਦੀਆਂ ਨੇ ਤੇ ਮਗਰੋਂ ਹੋਰਨਾਂ ਮੁਲਕਾਂ ’ਚ ਜਾਕੇ ਉਹਨਾਂ ਲਈ ਦੇਹ ਵਪਾਰ ਦਾ ਧੰਦਾ ਕਰਦੀਆਂ ਨੇ। ਉਹ ਉੱਥੋਂ ਦੇ ਪ੍ਰਸ਼ਾਸਨ ਕੋਲ਼ ਵੀ ਨਹੀਂ ਜਾ ਸਕਦੀਆਂ ਕਿਉਂਕਿ ਉਹਨਾਂ ਦੇ ਏਜੰਟ ਉਹਨਾਂ ਨੂੰ ਗੈਰ-ਕਨੂੰਨੀ ਢੰਗ ਨਾਲ਼ ਇੱਥੇ ਭੇਜਦੇ ਨੇ। ਹਾਂ ਪਰ ਉਹ ਗੱਲ ਹੋਰ ਹੈ ਕਿ ਇਸ ਕਾਰੇ ਵਿੱਚ ਉਸ ਮੁਲਕ ਦਾ ਪ੍ਰਸ਼ਾਸਨ ਤੇ ਇਹ ਏਜੰਟ ਪਹਿਲਾਂ ਹੀ ਮਿਲ਼ੇ ਹੁੰਦੇ ਨੇ। ਅੱਜ ਸਾਨੂੰ ਸੋਚਣ ਦੀ ਲੋੜ ਹੈ ਕਿ ਕਿਉਂ ਸਾਡੀ ਇਸ ਅਪਾਰ ਧਰਤੀ ’ਤੇ ਸਾਡੇ ਹੀ ਕੁੱਝ ਭੈਣ ਭਰਾ ਸ਼ਰਨਾਰਥੀ ਬਣੇ ਹੋਏ ਨੇ ? ਸਾਨੂੰ ਇਸ ਸਵਾਲ ’ਤੇ ਗੌਰ ਕਰਨੀ ਚਾਹੀਦੀ ਹੈ ਕਿ ਅੱਜ ਜਦੋਂ ਮਨੁੱਖ ਨੇ ਐਨਾ ਕੁੱਝ ਸਿਰਜ ਲਿਆ ਹੈ ਕਿ ਉਹਦੇ ਕੋਲ਼ ਹਰ ਕਾਸੇ ਦੀ ਬਹੁਤਾਤ ਹੈ, ਉਹਦੇ ਕੋਲ਼ ਬੇਸ਼ੁਮਾਰ ਚੀਜਾਂ ਹਨ ਤਾਂ ਇਹ ਕਿਵੇਂ ਹੋਇਆ ਕਿ ਸੰਸਾਰ ਭਰ ’ਚ ਕਰੋੜਾਂ ਲੋਕ ਸਿਰਫ ਰੋਟੀ ਦੇ ਦੋ ਟੁੱਕਾਂ ਲਈ ਸ਼ਰਨਾਰਥੀ ਬਣਨ ’ਤੇ ਮਜ਼ਬੂਰ ਹੋ ਗਏ ?





*ਮਈ ਦਿਨ 1947 'ਤੇ ਲਿਖਿਆ ਲੇਖ*

# ਇਹ ਹੈ ਗਾਥਾ - ਪਰ ਤੁਹਾਡੇ ਸਾਰਿਆਂ ਲਈ ਨਹੀਂ

**ਹਾਰਵਡ ਫਾਸਟ**

**ਹੱਥਲਾ ਲੇਖ ਹਾਰਵਡ ਫਾਸਟ ਨੇ 1947 ਦੇ ਮਈ ਦਿਨ 'ਤੇ ਲਿਖਿਆ ਸੀ। ਹਾਰਵਡ ਫਾਸਟ ਅਮਰੀਕਾ ਦੇ ਪ੍ਰਸਿੱਧ ਨਾਵਲਕਾਰ ਸਨ ਜਿਨ੍ਹਾਂ ਦੇ ਨਾਵਲਾਂ ਦੀ ਵਿਸ਼ਵੀ ਪਹਿਚਾਣ ਹੈ। ਸਪਾਰਟੈਕਸ, ਦਾ ਅਮਰੀਕਨ, ਅਪਰੈਲ ਮਾਰਨਿੰਗ, ਸਿਟੀਜਨ ਟਾਮਪੇਨ ਆਦਿ ਦਰਜਨਾਂ ਮਹੱਤਵਪੂਰਨ ਨਾਵਲਾਂ ਦੇ ਕਈ ਭਾਸ਼ਾਵਾਂ ਵਿਚ ਅਨੁਵਾਦ ਵੀ ਹੋਏ ਹਨ। ਇਹ ਲੇਖ ਉਸ ਸਮੇਂ ਲਿਖਿਆ ਗਿਆ ਸੀ ਜਦੋਂ ਅਮਰੀਕਾ ਵਿਚ ਲੰਬੇ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਮਜ਼ਦੂਰ ਅਧਿਕਾਰਾਂ ਉਤੇ ਹਮਲਾ ਬੋਲਿਆ ਜਾ ਰਿਹਾ ਸੀ। ਅੱਜ ਫੇਰ ਵਿਸ਼ਵ ਭਰ ਵਿਚ ਅਤੇ ਵਿਸ਼ੇਸ਼ ਕਰਕੇ ਭਾਰਤ ਵਿਚ ਮਜ਼ਦੂਰ ਜਮਾਤ ਉਤੇ ਅਜਿਹਾ ਹੀ ਹਮਲਾ ਕੀਤਾ ਜਾ ਰਿਹਾ ਹੈ, ਜਿਥੇ ਹਾਸਲ ਅਧਿਕਾਰਾਂ ਨੂੰ ਇਕ ਇਕ ਕਰਕੇ ਖੋਹਿਆ ਜਾ ਰਿਹਾ ਹੈ। ਸੋ ਮਈ ਦਿਨ 'ਤੇ ਇਸ ਲੇਖ ਦੀ ਮਹੱਤਤਾ ਵੱਧ ਜਾਂਦੀ ਹੈ ਇਹ ਵਿਸ਼ੇਸ਼ ਕਰਕੇ ਭਾਰਤੀ ਮਜ਼ਦੂਰਾਂ ਨੂੰ ਅਜੋਕੀਆਂ ਹਾਲਤਾਂ ਤੇ ਸਮਝਦਾਰੀ ਵਿਕਸਿਤ ਕਰਨ ਲਈ ਸਹਾਈ ਹੋ ਸਕਦਾ ਹੈ :- ਅਨੁਵਾਦਕ**




ਨਰਭਿੰਦਰ
93544-30211

.....ਤੁਹਾਡੇ ਵਿਚੋਂ ਬੱਸ ਉਨ੍ਹਾਂ ਲਈ, ਜਿਹੜੇ ਜ਼ਿੰਦਗੀ ਨੂੰ ਪਿਆਰ ਕਰਦੇ ਹਨ ਅਤੇ ਜਿਹੜੇ ਆਜ਼ਾਦ ਇਨਸਾਨਾਂ ਵਾਂਗੂ ਜਿਉਣਾ ਚਾਹੁੰਦੇ ਹਨ। ਤੁਹਾਡੇ ਸਾਰਿਆਂ ਲਈ ਨਹੀਂ, ਤੁਹਾਡੇ ਵਿਚੋਂ ਬੱਸ ਉਨ੍ਹਾਂ ਲਈ ਜਿਹੜੇ ਹਰ ਉਸ ਚੀਜ਼ ਨੂੰ ਨਫ਼ਰਤ ਕਰਦੇ ਹਨ ਜਿਹੜੀ ਅਨਿਆਂ ਭਰੀ ਅਤੇ ਗ਼ਲਤ ਹੈ। ਜਿਹੜੇ ਭੁੱਖ ਬਦਹਾਲੀ ਅਤੇ ਬੇਘਰ ਹੋਣ ਵਿਚ ਕੋਈ ਕਲਿਆਣਕਾਰੀ ਤੱਤ ਨਹੀਂ ਵੇਂਹਦੇ। ਤੁਹਾਡੇ ਵਿਚੋਂ ਬਸ ਉਨ੍ਹਾਂ ਲਈ ਜਿਨ੍ਹਾਂ ਨੂੰ ਉਹ ਸਮਾਂ ਯਾਦ ਹੈ ਜਦੋਂ ਇਕ ਕਰੋੜ 20 ਲੱਖ ਬੇਰੁਜ਼ਗਾਰ ਬਿਲਕੁਲ ਸੁੰਨੀਆਂ ਅੱਖਾਂ ਨਾਲ ਭਵਿੱਖ ਨੂੰ ਨਿਹਾਰਦੇ ਹੁੰਦੇ ਸਨ...

ਇਹ ਹੈ ਗਾਥਾ ਉਨ੍ਹਾਂ ਲਈ ਜਿਨ੍ਹਾਂ ਨੇ ਭੁੱਖੇ ਬੱਚਿਆਂ ਦੀ ਧੀਮੀ ਪੈ ਰਹੀ ਕੁਰਲਾਹਟ ਜਾਂ ਇਨਸਾਨ ਦੀ ਵੇਦਨਾ ਦਾ ਸੁਰ ਸੁਣਿਆ ਹੋਵੇ। ਤੁਹਾਡੇ ਵਿਚੋਂ ਬਸ ਉਨ੍ਹਾਂ ਦੇ ਲਈ, ਜਿਨ੍ਹਾਂ ਨੇ ਤੋਪਾਂ ਦੀ ਗਰਜ਼ ਸੁਣੀ ਹੋਵੇ ਅਤੇ ਟਾਰਪੀਡੋ ਦੇ ਦਾਗੇ ਜਾਣ ਦੀ ਆਵਾਜ਼ ਉਤੇ ਕੰਮ ਲਾਏ ਹੋਣ। ਤੁਹਾਡੇ ਵਿਚੋਂ ਬਸ ਉਨ੍ਹਾਂ ਲਈ ਜਿਨ੍ਹਾਂ ਨੇ ਫਾਸ਼ੀਵਾਦ ਰਾਹੀਂ ਵਿਛਾਈਆਂ ਗਈਆਂ ਲਾਸ਼ਾਂ ਦਾ ਅੰਬਾਰ ਵੇਖਿਆ ਹੋਵੇ।

ਤੁਹਾਡੇ ਵਿਚੋਂ ਬੱਸ ਉਨ੍ਹਾਂ ਦੇ ਲਈ ਜਿਨ੍ਹਾਂ ਨੇ ਯੁੱਧ ਦੇ ਚਾਨਣ ਦੀਆਂ ਮਾਸਪੇਸ਼ੀਆਂ ਨੂੰ ਫੌਲਾਦੀ ਬਣਾਉਣ ਵਿਚ ਕੁਝ ਵੀ ਨਾ ਦੇਖਿਆ ਹੋਵੇ ਅਤੇ ਉਹਦੇ ਮਿਹਨਤਾਨੇ ਦੇ ਰੂਪ ਵਿਚ ਪ੍ਰਮਾਣੂ ਮੌਤ ਦੀ ਨੀਂਦ ਹਰਾਮ ਕਰ ਦੇਣ ਵਾਲਾ ਖੌਫ਼ ਨਾ ਪਾਇਆ ਹੋਵੇ।

ਇਹ ਗਾਥਾ ਉਨ੍ਹਾਂ ਦੇ ਲਈ ਹੈ। ਉਨ੍ਹਾਂ ਮਾਵਾਂ ਦੇ ਲਈ ਜਿਹੜੀਆਂ ਆਪਣੇ ਬੱਚਿਆਂ ਨੂੰ ਮਰਨ ਦੀ ਥਾਂ ਜਿਉਂਦਿਆਂ ਵੇਖਣਾ ਚਾਹੁੰਦੀਆਂ ਹਨ। ਉਨ੍ਹਾਂ ਮਿਹਨਤਕਸ਼ਾਂ ਦੇ ਲਈ ਜਿਨ੍ਹਾਂ ਨੂੰ ਪਤਾ ਹੈ ਕਿ ਫਾਸ਼ੀਵਾਦ ਸਭ ਤੋਂ ਪਹਿਲਾਂ ਮਜ਼ਦੂਰ ਯੂਨੀਅਨਾਂ ਨੂੰ ਤੋੜਦੇ ਹਨ।.....ਉਨ੍ਹਾਂ ਸਾਬਕਾ ਫੌਜੀਆਂ ਦੇ ਲਈ ਜਿਨ੍ਹਾਂ ਨੂੰ ਪਤਾ ਹੈ ਕਿ ਜਿਹੜੇ ਯੁੱਧਾਂ ਨੂੰ ਜਨਮ ਦਿੰਦੇ ਹਨ, ਉਹ ਖ਼ੁਦ ਨਹੀਂ ਲੜਦੇ।..... ਉਨ੍ਹਾਂ ਵਿਦਿਆਰਥੀਆਂ ਦੇ ਲਈ ਜਿਹੜੇ ਜਾਣਦੇ ਹਨ ਕਿ ਅਜ਼ਾਦੀ ਦੇ ਬਿਨਾਂ ਧਿਆਨ ਅਤੇ ਗਿਆਨ ਦੇ ਬਿਨਾਂ ਅਜ਼ਾਦੀ ਨਹੀਂ ਮਿਲਦੀ।

ਉਨ੍ਹਾਂ ਬੁੱਧੀਜੀਵੀਆਂ ਦੇ ਲਈ ਜਿਹੜੇ ਮੌਤ ਦੇ ਮੂੰਹ ਵਿਚ ਪਹੁੰਚਾਏ ਜਾਣਗੇ ਜੇ ਫਾਸ਼ੀਵਾਦ ਜਿਉਂਦਾ ਰਹਿੰਦਾ ਹੈ ਉਨ੍ਹਾਂ ਨੀਗਰੋ ਲੋਕਾਂ ਦੇ ਲਈ ਜਿਹੜੇ ਜਾਣਦੇ ਹਨ ਕਿ ਕਾਲੇ ਲੋਕਾਂ ਲਈ ਅਲੱਗ ਅਲੱਗ ਬਸਤੀਆਂ ਅਤੇ ਪਿਛਾਖੜੀਵਾਦ ਦੋਵੇਂ ਹੀ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ।

ਉਨ੍ਹਾਂ ਯਹੂਦੀਆਂ ਦੇ ਲਈ ਜਿਨ੍ਹਾਂ ਨੇ "ਦਿਆਲੂ ਭੱਦਰਪੁਰਸ਼' ਹਿਟਲਰ ਤੋਂ ਸਿੱਖਿਆ ਕਿ ਯਹੂਦੀ ਵਿਰੋਧ ਦੀ ਭਾਵਨਾ ਅਸਲ ਵਿਚ ਕੀ ਹੁੰਦੀ ਹੈ ਅਤੇ ਇਹ ਗਾਥਾ ਬੱਚਿਆਂ ਦੇ ਲਈ, ਸਾਰੇ ਬੱਚਿਆਂ ਦੇ ਲਈ, ਹਰ ਰੰਗ, ਹਰ ਨਸਲ, ਹਰ ਆਸਥਾ/ਧਰਮ ਦੇ ਬੱਚਿਆਂ ਦੇ ਲਈ, ਉਨ੍ਹਾਂ ਸਾਰਿਆਂ ਦੇ ਲਈ ਲਿਖੀ ਗਈ ਹੈ ਤਾਂ ਕਿ ਉਨ੍ਹਾਂ ਦਾ ਭਵਿੱਖ ਜ਼ਿੰਦਗੀ ਨਾਲ ਭਰਪੂਰ ਹੋਵੇ ਮੌਤ ਨਾਲ ਨਹੀਂ।

ਇਹ ਗਾਥਾ ਹੈ ਲੋਕਾਂ ਦੀ ਤਾਕਤ ਦੀ; ਉਨ੍ਹਾਂ ਦੇ ਆਪਣੇ ਉਸ ਦਿਨ ਦੀ ਜਿਹਨੂੰ ਉਨ੍ਹਾਂ ਖ਼ੁਦ ਚੁਣਿਆ ਸੀ ਅਤੇ ਜਿਸ ਵਿਚ ਉਹ ਆਪਣੀ ਏਕਤਾ ਅਤੇ ਸ਼ਕਤੀ ਦੇ ਜਸ਼ਨ ਮਨਾਉਂਦੇ ਹਨ। ਇਹ ਦਿਨ ਹੈ ਜਿਹੜਾ ਅਮਰੀਕੀ ਮਜ਼ਦੂਰ ਵਰਗ ਦਾ ਸੰਸਾਰ ਨੂੰ ਤੋਹਫ਼ਾ ਸੀ ਅਤੇ ਜਿਸ ਉਤੇ ਸਾਨੂੰ ਹਮੇਸ਼ਾ ਫ਼ਖ਼ਰ ਰਹੇਗਾ।

ਤੁਹਾਨੂੰ ਇਹ ਉਨ੍ਹਾਂ ਨਹੀਂ ਦੱਸਿਆ :















......ਸਕੂਲਾਂ ਵਿਚ ਤੁਸੀਂ ਇਤਿਹਾਸ ਦੀਆਂ ਕਿਤਾਬਾਂ ਵਿਚ ਪੜ੍ਹਿਆ ਹੋਵੇਗਾ ਕਿ ਮਈ ਦਿਨ ਦੀ ਸ਼ੁਰੂਆਤ ਕਿਵੇਂ ਹੋਈ ਸੀ ਪ੍ਰੰਤੂ ਸਾਡੇ ਬੀਤੇ ਵਿਚ ਬਹੁਤ ਕੁਝ ਉਚੀ ਸੁਰ ਵਿਚ ਸੀ ਅਤੇ ਸਾਹਸ ਨਾਲ ਭਰਪੂਰ ਸੀ। ਜਿਹਨੂੰ ਇਤਿਹਾਸ ਦੇ ਪੰਨਿਆਂ 'ਚੋਂ ਬਹੁਤ ਹੀ ਸਾਵਧਾਨੀ ਨਾਲ ਮਿਟਾ ਦਿੱਤਾ ਗਿਆ ਹੈ। ਕਿਹਾ ਜਾਂਦਾ ਹੈ ਕਿ "ਮਈ ਦਿਨ" ਬਾਹਰ ਤੋਂ 'ਅਯਾਤ ਕੀਤਾ' ਸੀ ਪ੍ਰੰਤੂ ਉਨ੍ਹਾਂ ਲੋਕਾਂ ਦੇ ਲਈ ਜਿਨ੍ਹਾਂ 1886 ਵਿਚ ਸ਼ਿਕਾਗੋ 'ਚ ਪਹਿਲੇ 'ਮਈ ਦਿਨ' ਦੇ ਇਤਿਹਾਸ ਦੀ ਰਚਨਾ ਕੀਤੀ ਸੀ। ਉਨ੍ਹਾਂ ਦੇ ਲਈ ਉਸ ਵਿਚ ਕੁਝ ਵੀ 'ਬਾਹਰੋਂ ਆਯਾਤ' ਨਹੀਂ ਸੀ। ਉਹਨੂੰ ਤਾਂ ਉਨ੍ਹਾਂ ਨੇ ਸਵਦੇਸੀ ਸੂਤਰ ਨਾਲ ਬੁਣਿਆ ਸੀ। ਉਜਰਤੀ ਕਿਰਤ ਇਨਸਾਨ ਦੀ ਜ਼ਿੰਦਗੀ ਨਾਲ ਕੀ ਕਰਦੀ ਹੈ, ਉਸ ਉਤੇ ਉਨ੍ਹਾਂ ਦੇ ਗੁੱਸੇ ਨੂੰ 'ਆਯਾਤ' ਕਰਨ ਦੀ ਕੋਈ ਲੋੜ ਹੀ ਨਹੀਂ ਸੀ।

ਪਹਿਲੀ 'ਮਈ ਦਿਨ' ਸ਼ਿਕਾਗੋ ਵਿਚ 1886 'ਚ ਮਨਾਇਆ ਗਿਆ ਸੀ। ਉਸ ਦਾ ਵੀ ਇਕ ਪਿਛਲੱਗ ਇਤਿਹਾਸ ਸੀ, ਜਿਹਦੇ ਦ੍ਰਿਸ਼ਾਂ ਨੂੰ ਯਾਦ ਕਰ ਲੈਣਾ ਗੈਰ ਜ਼ਰੂਰੀ ਨਹੀਂ ਹੋਵੇਗਾ। 1886 ਤੋਂ ਪਹਿਲਾਂ ਇਕ ਦਹਾਕੇ ਤੱਕ ਅਮਰੀਕੀ ਮਜ਼ਦੂਰ ਵਰਗ, ਜਨਮ ਅਤੇ ਵੱਧਣ ਫੁੱਲਣ ਦੀ ਪ੍ਰਕਿਰਿਆ 'ਚੋਂ ਲੰਘ ਰਿਹਾ ਸੀ ਪਰ ਇਹ ਪ੍ਰਕਿਰਿਆ ਕਦਾਚਿਤ ਵੀ ਰਕਤਹੀਣ ਨਹੀਂ ਸੀ। ਵੇਂਹਦਿਆਂ ਹੀ ਵੇਂਹਦਿਆਂ ਇਕ ਮਹਾਂਸਾਗਰ ਤੋਂ ਦੂਸਰੇ ਮਹਾਂਸਾਗਰ ਤੱਕ ਫੈਲੇ ਬਚਪਨ 'ਚੋਂ ਲੰਘ ਰਹੇ ਰਾਸ਼ਟਰ (ਦੇਸ਼) ਨੇ ਨਵੇਂ ਨਵੇਂ ਨਗਰ ਖੜ੍ਹੇ ਕੀਤੇ। ਜਿਸ ਉਤੇ ਪਹਿਲਾਂ ਕਦੇ ਕਿਸੇ ਮਨੁੱਖ ਦੇ ਪੈਰ ਨਹੀਂ ਸਨ ਪਏ ਅਤੇ ਹੁਣ ਉਹ ਪਹਿਲਾਂ ਉਦਯੋਗਿਕ ਦੇਸ਼ ਬਣਨ ਦੀ ਰਾਹ ਉਤੇ ਅੱਗੇ ਵੱਧ ਰਿਹਾ ਸੀ ਅਤੇ ਅਜਿਹਾ ਕਰਦਿਆਂ ਸਮੇਂ ਉਹ ਰਾਸ਼ਟਰ ਲੋਕਾਂ ਉਤੇ ਹੀ ਟੁੱਟ ਪਿਆ ਜਿਹਨਾਂ ਨੇ ਲੱਕਤੋੜਵੀਂ ਮਿਹਨਤ ਕੀਤੀ ਸੀ ਅਤੇ ਆਪਣੇ ਹੱਥੀਂ ਉਹਦਾ, ਨਿਰਮਾਣ ਕੀਤਾ ਸੀ-ਜਿਹਨੂੰ ਹੁਣ ਅਮਰੀਕਾ ਕਹਿੰਦੇ ਹਨ। ਇਸ ਨਵੇਂ ਰਾਜ ਨੇ ਉਨ੍ਹਾਂ ਮਿਹਨਕਸ਼ਾਂ ਦੇ ਸਰੀਰ ਵਿਚੋਂ, ਉਨ੍ਹਾਂ ਦੀ ਜ਼ਿੰਦਗੀ ਹੀ ਨਿਚੋੜ ਸੁੱਟੀ ਸੀ।

ਔਰਤ ਅਤੇ ਮਰਦ ਇਥੋਂ ਤੱਕ ਕਿ ਬੱਚੇ ਵੀ ਨਵੇਂ ਨਵੇਂ ਅਮਰੀਕੀ ਕਾਰਖਾਨਿਆਂ ਵਿਚ ਦਮਘੋਟੂ ਮਾਹੌਲ ਵਿਚ ਹੱਡਭੰਨਵੀਂ ਮਿਹਨਤ ਕਰਦੇ ਸਨ। ਬਾਰਾਂ ਘੰਟਿਆਂ ਦਾ ਆਮ ਦਿਨ ਲਾਗੂ ਸੀ। 14 ਘੰਟਿਆਂ ਦੇ ਕੰਮ ਦਾ ਦਿਨ ਦੁਰਲੱਭ ਨਹੀਂ ਸੀ ਅਤੇ ਕਈ ਥਾਵਾਂ ਉਤੇ ਤਾਂ ਬੱਚਿਆਂ ਤੱਕ ਨੂੰ 16 ਤੋਂ ਲੈ ਕੇ 18 ਘੰਟੇ ਤੱਕ ਰੋਜ਼ਾਨਾ ਕੰਮ ਕਰਨਾ ਪੈਂਦਾ ਸੀ। ਉਜਰਤ ਬਹੁਤ ਹੀ ਘੱਟ ਹੁੰਦੀ ਸੀ। ਉਹ ਅਕਸਰ ਹੀ ਦੋ ਡੰਗ ਦੀ ਰੋਟੀ ਹਾਸਲ ਕਰਨ ਦੇ ਲਈ ਵੀ ਕਾਫ਼ੀ ਨਹੀਂ ਸੀ ਹੁੰਦੀ ਅਤੇ ਦੂਸਰੇ ਪਾਸੇ ਪੀੜਾਦਾਇਕ ਨਿਯਮਬੱਧਤਾ ਦੇ ਨਾਲ ਮੰਦੀ ਦਾ ਕਾਲ ਓਧਰ ਘੁੰਮਦਾ ਰਿਹਾ ਅਤੇ ਉਹਦੇ ਨਾਲ ਹੀ ਆਮ ਬੇਰੁਜ਼ਗਾਰੀ ਦਾ ਦੌਰ ਸ਼ੁਰੂ ਹੋਇਆ ਸੀ। ਸਰਕਾਰੀ ਕਾਨੂੰਨਾਂ, ਰੋਕਾਂ, ਬੰਦਸ਼ਾਂ ਦੇ ਰਾਹੀਂ ਹਕੂਮਤ ਕਰਨੀ ਆਮ ਰੋਜ਼ਾਨਾ ਗੱਲ ਹੋ ਗਈ ਸੀ।

ਪ੍ਰੰਤੂ ਅਮਰੀਕੀ ਮਜ਼ਦੂਰ ਵਰਗ ਲਾਚਾਰ ਨਹੀਂ ਸੀ, ਉਹਨੇ ਇਹ ਹਾਲਾਤ ਸਵੀਕਾਰ ਨਹੀਂ ਸੀ ਕੀਤੀ, ਉਹਨੂੰ ਕਿਸਮਤ ਵਿਚ ਬੱਝੀ ਹਾਲਤ ਮੰਨ ਕੇ ਸਹਿਣ ਨਹੀਂ ਕੀਤਾ। ਉਹਨੇ ਜੁਆਬੀ ਹਮਲਾ ਕੀਤਾ ਅਤੇ ਪੂਰੀ ਦੁਨੀਆਂ ਨੂੰ, ਮਜ਼ਦੂਰਾਂ ਦੇ ਜੁਝਾਰੂਪਨ ਦਾ ਪਾਠ ਪੜ੍ਹਾਇਆ। ਇਸ ਜੁਝਾਰੂਪਨ ਦੀ ਅੱਜ ਤੱਕ ਵੀ ਕੋਈ ਦੂਸਰੀ ਮਿਸਾਲ ਨਹੀਂ ਮਿਲਦੀ।

1877 ਵਿਚ ਵੈਸਟ ਵਰਜੀਨੀਆ ਪ੍ਰਦੇਸ਼ ਵਿਚ ਮਾਰਟਿਨਸਬਰਗ ਵਿਚ ਰੇਲ ਹੜਤਾਲ ਸ਼ੁਰੂ ਹੋਈ। ਹਥਿਆਰਬੰਦ ਪੁਲਿਸ ਬੁਲਾ ਲਈ ਗਈ। ਮਜ਼ਦੂਰਾਂ ਦੇ ਨਾਲ ਥੋੜ੍ਹੀ ਦੇਰ ਦੀ ਲੜਾਈ ਤੋਂ ਪਿਛੋਂ ਹੜਤਾਲ ਕੁਚਲ ਦਿੱਤੀ ਗਈ ਪਰ ਸਿਰਫ਼ ਸਥਾਨਕ ਪੱਧਰ ਉਤੇ ਹੀ, ਜਿਹੜੀ ਚਿੰਗਿਆੜੀ ਭੜਕੀ ਸੀ, ਉਹ ਜਵਾਲਾ ਬਣ ਗਈ।

'ਵਾਲਟੀਮੋਰ ਅਤੇ ਉਹੀਓ' ਰੇਲ ਮਾਰਗ ਬੰਦ ਹੋਇਆ। ਫਿਰ ਪੈਨਸਿਲ ਵਾਣੀਆ ਬੰਦ ਹੋਇਆ। ਫਿਰ ਕੀ ਸੀ ਇਕ ਤੋਂ ਪਿਛੋਂ ਦੂਸਰੀਆਂ ਰੇਲ ਕੰਪਨੀਆਂ ਦਾ ਚੱਕ ਜਾਮ ਹੁੰਦਾ ਚਲਾ ਗਿਆ ਅਤੇ ਆਖਿਰਕਾਰ ਇਕ ਛੋਟਾ ਜਿਹਾ ਧਮਾਕਾ ਇਤਿਹਾਸ ਵਿਚ ਅਜਿਹੀ ਰੇਲ ਹੜਤਾਲ ਦੇ ਰੂਪ ਵਿਚ ਦਰਜ ਹੋਇਆ, ਜਿਹਨੂੰ ਦੁਨੀਆਂ ਨੇ ਨਾ ਕਦੇ ਪਹਿਲਾਂ ਵੇਖਿਆ ਸੀ ਅਤੇ ਨਾ ਹੀ ਸੁਣਿਆ ਸੀ। ਦੂਸਰੇ ਉਦਯੋਗ ਵੀ ਇਸ ਵਿਚ ਸ਼ਾਮਲ ਹੋ ਗਏ। ਕਈ ਇਲਾਕਿਆਂ ਵਿਚ ਰੇਲ ਹੜਤਾਲ ਆਮ ਹੜਤਾਲ ਵਿਚ ਤਬਦੀਲ ਹੋ ਗਈ। ਪਹਿਲੀ ਵਾਰ ਸਰਕਾਰ ਅਤੇ ਨਾਲ ਹੀ ਮਾਲਕ ਬਰਾਦਰੀ ਨੂੰ ਪਤਾ ਲੱਗਾ ਕਿ ਮਜ਼ਦੂਰਾਂ ਦੀ ਤਾਕਤ ਕੀ ਹੁੰਦੀ ਹੈ। ਉਹਨਾਂ ਨੇ ਪੁਲਿਸ ਅਤੇ ਫੌਜ ਬੁਲਾਈ-ਥਾਂ-ਥਾਂ ਜਲੂਸ ਤਾਇਨਾਤ ਕੀਤੇ ਗਏ। ਕਈ ਥਾਵਾਂ ਉਤੇ ਡਟ ਕੇ ਲੜਾਈਆਂ ਹੋਈਆਂ। ਸੇਂਟ ਲੂਈਸ ਵਿਚ ਨਾਗਰਿਕ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਹਥਿਆਰ ਸੁੱਟ ਦਿੱਤੇ ਅਤੇ ਸ਼ਹਿਰ ਮਜ਼ਦੂਰਾਂ ਦੇ ਹਵਾਲੇ ਕਰ ਦਿੱਤੇ ਗਏ। ਇਨ੍ਹਾਂ ਲੂੰ ਕੰਡੇ ਖੜ੍ਹੇ ਕਰਨ ਵਾਲੇ 'ਵਿਸਫੋਟਾਂ' ਵਿਚ ਕਿੰਨੀ ਵੱਡੀ ਗਿਣਤੀ ਪ੍ਰਭਾਵਿਤ ਹੋਈ, ਉਹਨੂੰ ਅੱਜ ਤੱਕ ਨਹੀਂ ਗਿਣਿਆ ਜਾ ਸਕਦਾ। ਪ੍ਰੰਤੂ ਪ੍ਰਭਾਵਿਤ ਹੋਣ ਵਾਲਿਆਂ ਦੀ ਗਿਣਤੀ ਬਹੁਤ ਵੱਡੀ ਹੋਵੇਗੀ। ਇਸ ਸਬੰਧੀ ਕੋਈ ਵੀ, ਜਿਹਨੇ

*ਮਈ ਦਿਵਸ 'ਤੇ ਵਿਸ਼ੇਸ਼*

# ਇਤਿਹਾਸਕ ਫੈਸਲਾ: ਮਈ ਦੇ ਸ਼ਹੀਦ ਬਰੀ- 'ਅਦਾਲਤੀ ਪ੍ਰਪੰਚ' ਬੇਨਕਾਬ



ਯਸ਼ ਪਾਲ
98145 35005



26 ਜੂਨ, 1893 ਨੂੰ ਸ਼ਿਕਾਗੋ ਦੇ ਗਵਰਨਰ (ਜੌਹਨ ਪੀਟਰ ਐਲਟਗੈਲਡ) ਦੇ ਇਤਿਹਾਸਿਕ ਫੈਸਲੇ ਨੇ, ਮਈ ਦਿਨ ਦੇ ਸ਼ਹੀਦਾਂ ਨੂੰ ਫਾਂਸੀ ਦੇਣ ਲਈ ਰਚੇ 'ਅਦਾਲਤੀ ਨਾਟਕ' ਦੇ ਹੀਜ-ਪਿਆਜ ਨੂੰ ਪੂਰੀ ਤਰ੍ਹਾਂ ਬੇਪਰਦ ਕਰ ਦਿੱਤਾ।

1892 'ਚ ਗਵਰਨਰ ਜੌਹਨ ਪੀਟਰ ਨੂੰ 60,000 ਦਸਤਖ਼ਤਾਂ ਵਾਲੀ ਇੱਕ ਪਟੀਸ਼ਨ ਮਿਲੀ। ਜਿਸ ਵਿੱਚ ਨੀਥ, ਫਿਲਡੇਨ, ਮਾਈਕਲ ਆਦਿ ਆਗੂਆਂ ਦੀ ਸਜਾ ਰੱਦ ਕਰਨ ਦੀ ਮੰਗ ਸੀ। ਹੇਠਲੇ ਕਿਸਾਨ ਤਬਕੇ 'ਚੋਂ ਆਏ ਇਸ ਗਵਰਨਰ ਨੇ ਜੀਹਦੇ ਦਿਲ 'ਚ ਅਜੇ ਇਮਾਨਦਾਰੀ ਤੇ ਜੁਅਰਤ ਜਿੰਦਾ ਸੀ, ਸਮੁੱਚੇ ਫੈਸਲੇ ਨੂੰ ਮੁੜ ਖੋਲ੍ਹਣ ਦਾ ਫੈਸਲਾ ਲਿਆ। ਜਦ ਕਿ ਉਸਦੇ ਇੱਕ ਸਲਾਹਕਾਰ ਨੇ ਪਹਿਲਾਂ ਹੀ ਚਿਤਾਵਨੀ ਦਿੱਤੀ ਕਿ, "ਜੇਕਰ ਤੁਸੀਂ ਮੁਕੱਦਮਾ ਸੁਣੋਗੇ, ਤਾਂ ਮੁਜਰਮਾਂ ਨੂੰ ਮੁਆਫ ਕਰ ਦੇਵੋਗੇ, ਤਾਂ ਤੁਹਾਡਾ ਰੁਤਬਾ ਖੁੱਸ ਜਾਵੇਗਾ।" ਪਰ ਗਵਰਨਰ ਬਜਿੱਦ ਸੀ, " ਚਾਹੇ ਕੁੱਝ ਵੀ ਹੋਵੇ, ਜੇ ਉਹ ਬੇਕਸੂਰ ਹੋਏ ਤਾਂ ਮੈਂ ਮੁਆਫ ਕਰ ਦੇਵਾਂਗਾ। "

ਸੋ ਗਵਰਨਰ ਜੌਹਨ ਪੀਟਰ ਨੇ ਸਾਰਾ ਰਿਕਾਰਡ ਇਕੱਠਾ ਕੀਤਾ ਤੇ ਗਹੁ ਨਾਲ ਪੜ੍ਹਿਆ। ਗਵਾਹੀਆਂ ਅਤੇ ਮਜ਼ਦੂਰ ਆਗੂਆਂ ਦੇ ਬਿਆਨਾਂ ਦੀ ਤਹਿ ਤੱਕ ਜਾ ਕੇ ਅਧਿਐਨ ਕੀਤਾ। ਅਦਾਲਤੀ ਰਿਕਾਰਡ ਤੋਂ ਇਲਾਵਾ ਹੋਰ ਵੀ ਜੋ ਮੁਕੱਦਮੇ ਬਾਰੇ ਲਿਖਿਆ ਮਿਲਿਆ, ਪੜ੍ਹਿਆ। ਡੂੰਘਾ ਅਧਿਐਨ ਕਰਨ ਤੋਂ ਬਾਅਦ ਗਵਰਨਰ ਇਸ ਸਿੱਟੇ 'ਤੇ ਪਹੁੰਚਿਆ ਕਿ ਮਜ਼ਦੂਰ ਆਗੂ ਹਰ ਪੱਖੋਂ ਬੇਕਸੂਰ ਸਨ। ਉਸ ਨੇ ਸਰਕਾਰ, ਪੁਲਿਸ ਤੇ ਸਰਮਾਏਦਾਰਾਂ ਵੱਲੋਂ ਕੀਤੇ ਜਬਰ ਦਾ ਨੋਟਿਸ ਲੈਂਦਿਆਂ ਆਪਣੇ ਫੈਸਲੇ ਵਿੱਚ ਸਪੱਸ਼ਟ ਲਿਖਿਆ ਕਿ "ਇਸ ਗੱਲ ਦੀ ਹਰ ਸੰਭਾਵਨਾ ਬਹੁਤ ਸਾਫ ਹੈ ਕਿ ਬੰਬ ਕਿਸੇ ਅਜਿਹੇ ਬੰਦੇ ਵੱਲੋਂ ਸੁੱਟਿਆ ਗਿਆ ਜਿਹੜਾ ਨਿੱਜੀ ਬਦਲਾ ਲੈਣਾ ਚਾਹੁੰਦਾ ਸੀ। ਸਾਫ ਹੈ ਕਿ ਸਰਕਾਰ ਵਲੋਂ ਫੜੇ ਰਥ ਦਾ ਕੁਦਰਤੀ ਨਤੀਜਾ ਅਜਿਹਾ ਹੀ ਹੋਣਾ ਸੀ। ਹੇ-ਮਾਰਕੀਟ ਦੀਆਂ ਘਟਨਾਵਾਂ ਤੋਂ ਪਹਿਲਾਂ ਦੇ ਕਈ ਸਾਲਾਂ 'ਚ ਮਜ਼ਦੂਰਾਂ ਨਾਲ ਸੰਬੰਧਤ ਗੜਬੜਾਂ ਵਾਲੀਆਂ ਘਟਨਾਵਾਂ ਵਾਪਰਦੀਆਂ ਰਹੀਆਂ। ਬਹੁਤ ਮਾਮਲਿਆਂ ਚ ਪਿੰਕਰਟੇਨ ਦੇ ਬੰਦਿਆਂ ਵੱਲੋਂ ਅਨੇਕਾਂ ਨਿਰਦੋਸ਼ ਮਜ਼ਦੂਰਾਂ ਨੂੰ ਵਿਉਂਤਬੱਧ ਗੋਲੀਆਂ ਮਾਰ ਕੇ ਮਾਰਿਆ ਗਿਆ। ਕਾਤਲਾਂ ਵਿੱਚੋਂ ਕਿਸੇ 'ਤੇ ਵੀ ਮੁਕੱਦਮਾ ਨਹੀਂ ਚਲਾਇਆ ਗਿਆ।

ਜਬਰ ਤਸ਼ੱਦਦ ਦੀਆਂ ਇਹਨਾਂ ਹਾਲਤਾਂ ਦਾ ਪਰਦਾਫਾਸ਼ ਕਰਦਿਆਂ ਗਵਰਨਰ ਜੌਹਨ ਪੀਟਰ ਨੇ ਮੁਕੱਦਮੇ ਦੌਰਾਨ ਭੁਗਤਾਈਆਂ ਗਵਾਹੀਆਂ ਦਾ ਵੀ ਹੀਜ-ਪਿਆਜ ਨੰਗਾ ਕੀਤਾ। ਉਨ੍ਹਾਂ ਫੈਸਲੇ 'ਚ ਜਿਕਰ ਕੀਤਾ ਕਿ, "ਇਹ ਵੀ ਸਪਸ਼ਟ ਦਿਸਦਾ ਹੈ ਕਿ ਮੁਕੱਦਮੇ ਦੌਰਾਨ ਪੇਸ਼ ਕੀਤੀਆਂ ਗਵਾਹੀਆਂ ਮਨਘੜ੍ਹਤ ਸਨ। ਕਈ ਵੱਡੇ ਪੁਲਿਸ ਅਫਸਰਾਂ ਨੇ ਆਪਣੀ ਧੁੱਸ ਅਧੀਨ ਭੋਲੇ-ਭਾਲੇ ਬੰਦਿਆਂ ਨੂੰ ਜੇਲ੍ਹਾਂ 'ਚ ਸੁੱਟ ਕੇ ਅਤੇ ਜਬਰ-ਤਸ਼ੱਦਦ ਦੀਆਂ ਧਮਕੀਆਂ ਦੇ ਕੇ ਡਰਾਇਆ, ਸਗੋਂ ਉਨ੍ਹਾਂ ਮੁਤਾਬਕ ਚੱਲਣ ਵਾਲੇ ਗਵਾਹਾਂ ਨੂੰ ਪੈਸਾ ਅਤੇ ਨੌਕਰੀਆਂ ਦਿੱਤੀਆਂ। ਇਸ ਤੋਂ ਵੀ ਅੱਗੇ ਉਨ੍ਹਾਂ ਨੇ ਮੁਜਰਿਮਾਂ ਦੀ ਸਾਜਿਸ਼ ਲੱਭਣ ਦੀ ਖੋਜ ਦਿਖਾਉਣ ਲਈ ਗਿਣੀਆਂ-ਮਿਥੀਆਂ ਮਨਘੜ੍ਹਤ ਕਹਾਣੀਆਂ ਘੜੀਆਂ। ਰਿਕਾਰਡ 'ਚ ਆਏ ਸਬੂਤਾਂ ਤੋਂ ਬਿਨਾਂ ਕੁੱਝ ਬੰਦੇ ਮੰਨੇ ਵੀ ਕਿ ਉਨ੍ਹਾਂ ਨੇ ਪੈਸੇ ਲਏ ਸਨ। ਇਸ ਨਾਲ ਕਈ ਦਸਤਾਵੇਜ਼ੀ ਸਬੂਤ ਪੇਸ਼ ਕੀਤੇ ਜਾਂਦੇ ਹਨ।"

ਗਵਰਨਰ ਜੌਹਨ ਪੀਟਰ ਨੇ 4 ਮਈ ਦੀ ਹੇ-ਮਾਰਕੀਟ ਰੈਲੀ ਬਾਰੇ ਵੀ ਸਾਫ ਕੀਤਾ ਕਿ ਰੈਲੀ ਪੂਰੀ ਤਰ੍ਹਾਂ ਬਾ-ਜਾਬਤਾ ਸੀ ਅਤੇ ਨਗਰ ਦਾ ਮੇਅਰ (ਪ੍ਰਧਾਨ) ਖੁਦ ਇਸ ਵਿੱਚ ਹਾਜਰ ਸੀ। ਉਹ ਉਸ ਸਮੇਂ ਉਥੋਂ ਗਿਆ ਜਦੋਂ ਭੀੜ 'ਚੋਂ ਬਹੁਤੇ ਲੋਕ ਚਲੇ ਗਏ ਸਨ। ਜਿਵੇਂ ਹੀ ਪੁਲਿਸ ਮਹਿਕਮੇ ਦੇ ਕਪਤਾਨ ਜੌਹਨ ਬੋਂਨਫੀਲਡ ਨੂੰ ਪਤਾ ਲੱਗਿਆ ਕਿ ਮੇਅਰ ਚਲਾ ਗਿਆ ਹੈ, ਉਹ ਬਾਕੀ ਬਚੀ ਭੀੜ ਨੂੰ ਤਿੱਤਰ-ਬਿੱਤਰ ਕਰਨ ਲਈ ਪੁਲਿਸ ਦਸਤੇ ਸਮੇਤ ਉਥੇ ਆ ਧਮਕਿਆ। ਪੁਲਿਸ ਪਹੁੰਚਦੇ ਹੀ ਕਿਸੇ ਅਗਿਆਤ ਬੰਦੇ ਨੇ ਬੰਬ ਸੁੱਟ ਦਿੱਤਾ। ਮੁਕੱਦਮੇ ਦੀ ਕਾਰਵਾਈ ਦੌਰਾਨ ਬੰਬ ਸੁੱਟਣ ਵਾਲੇ ਅਸਲੀ ਦੋਸ਼ੀਆਂ ਦੀ ਕੋਈ ਸੂਹ ਨਾ ਮਿਲੀ। ਉਪਰੋਕਤ ਵਿਅਕਤੀ ਸਿਰਫ ਇਸ ਆਧਾਰ 'ਤੇ ਮੁਜਰਿਮ ਕਰਾਰ ਦਿੱਤੇ ਗਏ ਕਿਉਂਕਿ ਪਿਛਲੇ ਸਮੇਂ ਵਿੱਚ ਇਨ੍ਹਾਂ ਨੇ ਪੁਲਿਸ-ਸਿਪਾਹੀਆਂ ਤੇ ਪਿੰਕਰਟੇਨ ਦੇ ਆਦਮੀਆਂ ਨੂੰ ਕਤਲ ਕਰਨ ਲਈ ਉਕਸਾਉਂਦੇ ਕਈ ਭੜਕਾਊ ਤੇ ਵਿਦਰੋਹੀ ਬਿਆਨ ਦਿੱਤੇ ਸਨ। ਇੱਥੋਂ ਤੱਕ ਕਿ ਉਹ ਵਿਅਕਤੀ ਜਿੰਨ੍ਹਾਂ 'ਤੇ ਕਤਲ ਦਾ ਇਲਜ਼ਾਮ ਲਗਾਇਆ ਗਿਆ ਹੈ, ਤਾਂ ਹੇ-ਮਾਰਕੀਟ ਦੀ ਰੈਲੀ ਵਿੱਚ ਸ਼ਾਮਿਲ ਹੀ ਨਹੀਂ ਸਨ ਅਤੇ ਨਾ ਹੀ ਉਨ੍ਹਾਂ ਦਾ ਇਸ ਨਾਲ ਕੋਈ ਸੰਬੰਧ ਸੀ।" ਗਵਰਨਰ ਜਦੋਂ ਇਸ ਫੈਸਲੇ ਦੀ ਘੋਖ-ਪੜਤਾਲ ਕਰ ਰਿਹਾ ਸੀ ਤਾਂ ਉਸ ਵਕਤ ਫੈਸਲਾ ਦੇਣ ਵਾਲੇ ਜੱਜ ਗੈਰੀ ਨੇ ਇੱਕ ਮੈਗਜੀਨ 'ਚ ਹੇ-ਮਾਰਕੀਟ ਦੀ ਘਟਨਾ ਦਾ ਰੀਵਿਊ ਕਰਦਾ ਲੇਖ ਲਿਖਿਆ। ਉਸਨੇ ਛੇ ਸਾਲਾਂ ਬਾਅਦ ਵੀ ਮਹਾਨ ਆਗੂਆਂ ਖਿਲਾਫ ਨਫਰਤ ਦੀ ਜਹਿਰ ਉਗਲਦਿਆਂ ਆਪਣੇ ਫੈਸਲੇ ਦੀ ਥੋਥੀ ਵਜਾਹਤ ਕੀਤੀ ਕਿ "ਸਜਾ ਇਸ ਆਧਾਰ 'ਤੇ ਨਹੀਂ ਹੋਈ ਕਿ ਉਨ੍ਹਾਂ ਨੇ ਡੇਗਾਨ ਦੀ ਮੌਤ ਦਾ ਕਾਰਨ ਬਣੀ ਖਾਸ ਕਾਰਵਾਈ 'ਚ ਕੋਈ ਹਕੀਕੀ ਨਿੱਜੀ ਸ਼ਮੂਲੀਅਤ ਕੀਤੀ ਸੀ। ਜਦੋਂ ਸਜਾ ਦਾ ਫੈਸਲਾ ਇਹ ਆਧਾਰ ਲੈ ਕੇ ਤੁਰਦਾ ਹੈ ਕਿ ਉਨ੍ਹਾਂ ਨੇ ਆਮ ਰੂਪਾਂ 'ਚ ਭਾਸ਼ਣਾਂ ਤੇ ਲਿਖਤਾਂ ਰਾਹੀਂ ਲੋਕਾਂ ਦੇ ਵੱਡੇ ਸਮੂਹਾਂ ਨੂੰ, ਨਾ ਕਿ ਵਿਸ਼ੇਸ਼ ਵਿਅਕਤੀਆਂ ਨੂੰ ਕਤਲ ਕਰਨ ਦੀ ਸਿੱਖਿਆ ਦਿੱਤੀ ਅਤੇ ਕਾਰਵਾਈ ਤੇ ਇਸਦੇ ਸਮੇਂ, ਸਥਾਨ ਤੇ ਮੌਕੇ ਦੇ ਸਵਾਲ ਨੂੰ, ਅਜਿਹੇ ਹਰ ਵਿਅਕਤੀ ਦੇ ਇਰਾਦੇ ਤੇ ਰਜਾ 'ਤੇ ਛੱਡ ਦਿੱਤਾ, ਜਿਸਨੇ ਵੀ ਉਨ੍ਹਾਂ ਦੀਆਂ ਨਸੀਹਤਾਂ ਸੁਣੀਆਂ। ਅਤੇ ਇਸ ਸਿੱਖਿਆ ਦੇ ਅਸਰ ਹੇਠ ਕਿਸੇ ਅਣਜਾਣੇ ਵਿਅਕਤੀ ਨੇ ਉਹ ਬੰਬ ਸੁੱਟਿਆ ਜੋ ਡੇਗਾਨ ਦੀ ਮੌਤ ਦਾ ਕਾਰਨ ਬਣਿਆ........ਅਜਿਹੇ ਮੁਕੱਦਮੇ ਦੀ ਪਹਿਲਾਂ ਕੋਈ ਪਿਰਤ ਨਹੀਂ ਹੈ ਅਤੇ ਕਾਨੂੰਨ ਦੀਆਂ ਕਿਤਾਬਾਂ 'ਚ ਅਜਿਹੇ ਮੁਕੱਦਮੇ ਦੀ ਕੋਈ ਮਿਸਾਲ ਨਹੀਂ ਹੈ।" ਗਵਰਨਰ ਜੌਹਨ ਪੀਟਰ ਨੇ ਇਸ ਵਜਾਹਤ ਨੂੰ ਆਪਣੇ ਫੈਸਲੇ ਵਿੱਚ ਨੋਟ ਕਰਦਿਆਂ ਇਸਦਾ ਮਜਾਕ ਉਡਾਇਆ "ਉਨ੍ਹਾਂ ਸਭਨਾਂ ਸਦੀਆਂ ਵਿੱਚ ਜਿੰਨਾਂ ਦੌਰਾਨ ਸਮਾਜ ਵਿੱਚ ਸਰਕਾਰਾਂ ਦੀ ਹੋਂਦ ਰਹੀ ਹੈ ਅਤੇ ਜੁਰਮ ਦੀਆਂ ਸਜਾਵਾਂ ਦਿੱਤੀਆਂ ਜਾਂਦੀਆਂ ਰਹੀਆਂ ਹਨ, ਕਿਸੇ ਸੱਭਿਅਕ ਮੁਲਕ ਦੇ ਕਿਸੇ ਵੀ ਜੱਜ ਨੇ ਪਹਿਲਾਂ ਅਜਿਹਾ ਫੈਸਲਾ ਨਹੀਂ ਕੀਤਾ।"

ਮਜਦੂਰ ਆਗੂਆਂ ਪ੍ਰਤੀ ਵਿਸ਼ਾਲ ਲੋਕ-ਹਮਦਰਦੀ ਦਾ ਜਿਕਰ ਕਰਦਿਆਂ ਗਵਰਨਰ ਨੇ ਨੋਟ ਕੀਤਾ ਕਿ, "ਸ਼ਿਕਾਗੋ ਦੇ ਹਜਾਰਾਂ ਵਪਾਰੀ, ਬੈਂਕਰ, ਜੱਜ, ਵਕੀਲ ਅਤੇ ਹੋਰ ਪਤਵੰਤੇ ਸ਼ਹਿਰੀ ਇਨ੍ਹਾਂ ਲਈ ਰਹਿਮ ਦੀ ਅਪੀਲ ਕਰ ਰਹੇ ਹਨ। ਉਨ੍ਹਾਂ ਦੀ ਅਪੀਲ ਦਾ ਆਧਾਰ ਇਹ ਹੈ ਕਿ ਕੈਦੀ ਭਾਵੇਂ ਅਸਲੀ ਕਾਤਲ ਹੀ ਕਿਉਂ ਨਾ ਹੋਣ, ਉਹ ਆਪਣੀ ਚੋਖੀ ਸਜਾ ਭੁਗਤ ਚੁੱਕੇ ਹਨ। ਪਰ ਜਿੰਨ੍ਹਾਂ ਲੋਕਾਂ ਨੇ ਇਸ ਕੇਸ ਨੂੰ ਡੂੰਘਾਈ ਨਾਲ ਘੋਖਿਆ ਹੈ ਤੇ ਇਸ ਮਾਮਲੇ ਨਾਲ ਸੰਬੰਧਿਤ ਸਾਰੇ ਤੱਥਾਂ ਤੋਂ ਜਾਣੂ ਹਨ, ਜਿਹੜੇ ਇਸਦੀ ਕਾਰਵਾਈ ਦੌਰਾਨ ਉਜਾਗਰ ਹੋਏ, ਉਨ੍ਹਾਂ ਦਾ ਪੱਖ ਵੱਖਰਾ ਹੈ।" ਇਹ ਲੋਕ ਰਹਿਮ ਦੀ ਮੰਗ ਕਰਨ ਦੀ ਥਾਂ ਇਨਸਾਫ ਦਾ ਹੱਕ ਮੰਗਦੇ ਹਨ। ਇਨ੍ਹਾਂ ਦਾ ਮੱਤ ਸੀ ਕਿ ਜੱਜਾਂ ਦੀ ਪੱਖਪਾਤੀ ਢੰਗ ਨਾਲ ਚੋਣ ਕੀਤੀ ਗਈ। ਮੁੱਖ ਜੱਜ ਗੈਰੀ ਤੇ ਵਿਸ਼ੇਸ਼ ਅਫਸਰ ਰਾਈਸ ਪਹਿਲਾਂ ਹੀ ਫਾਂਸੀ ਦੇਣ ਦਾ ਐਲਾਨ ਕਰਦੇ ਰਹੇ। ਮੁਕੱਦਮੇ ਦੌਰਾਨ ਗਲਤ ਨਿਯਮ ਘੜ ਕੇ ਮਜਦੂਰ ਆਗੂਆਂ ਦੇ ਵਕੀਲ ਨੂੰ ਜਿਰਹ ਕਰਨ ਦਾ ਮੌਕਾ ਨਾ ਦਿੱਤਾ ਗਿਆ। ਗਵਾਹਾਂ ਨੂੰ ਵਹਿਸ਼ੀ ਤਸ਼ੱਦਦ ਅਤੇ ਲਾਲਚ ਦੇ ਕੇ ਪ੍ਰਭਾਵਿਤ ਕੀਤਾ ਗਿਆ। ਫੇਰ ਵੀ ਆਗੂਆਂ 'ਤੇ ਡੇਗਾਨ ਨੂੰ ਕਤਲ ਕਰਨ ਦਾ ਦੋਸ਼ ਸਾਬਿਤ ਨਹੀਂ ਕੀਤਾ ਜਾ ਸਕਿਆ। ਪਰ ਸਰਮਾਏਦਾਰ ਜਮਾਤ ਦੀ ਵਾਹ-ਵਾਹ ਖੱਟਣ ਲਈ ਹੀ ਫਾਂਸੀ ਦੀ ਸਜਾ ਦੇ ਕੇ ਇਨਸਾਫ ਨੂੰ ਦਾਗੀ ਕੀਤਾ। ਇਸ ਲਈ ਮਜਦੂਰ ਆਗੂ ਪੂਰੀ ਤਰ੍ਹਾਂ ਨਿਰਦੋਸ਼ ਸਨ ਤੇ ਉਨ੍ਹਾਂ ਨੂੰ ਰਿਹਾਅ ਕਰਨਾ ਇਨਸਾਫ ਦੀ ਮੰਗ ਹੈ। ਗਵਰਨਰ ਜੌਹਨ ਪੀਟਰ ਖੁਦ ਵੀ ਇਸ ਸਿੱਟੇ 'ਤੇ ਪਹੁੰਚਿਆ ਅਤੇ ਉਸਨੇ ਸਾਰੇ ਮੁਕੱਦਮੇ ਨੂੰ ਝੂਠ ਦਾ ਪੁਲੰਦਾ ਕਿਹਾ ਅਤੇ ਫਾਂਸੀ ਚੜ੍ਹੇ ਮਜਦੂਰ ਆਗੂਆਂ ਸਮੇਤ ਸਾਰਿਆਂ ਨੂੰ ਨਿਰਦੋਸ਼ ਕਰਾਰ ਦਿੰਦਿਆਂ ਜੇਲ੍ਹ ਵਿੱਚ ਬੰਦ ਆਗੂਆਂ ਨੂੰ ਰਿਹਾਅ ਕਰਨ ਦਾ ਹੁਕਮ ਲਿਖਿਆ "ਮੇਰਾ ਯਕੀਨ ਹੈ ਕਿ ਪਹਿਲਾਂ ਹੀ ਜ਼ਿਕਰ 'ਚ ਆਏ ਕਾਰਨਾਂ ਕਰਕੇ ਇਸ ਕੇਸ ਵਿੱਚ ਕਾਰਵਾਈ ਕਰਨਾ ਮੇਰਾ ਫਰਜ ਬਣਦਾ ਹੈ। ਇਸ ਕਰਕੇ ਮੈਂ ਸੈਮੂਅਲ ਫਿਲਡੇਨ, ਆਸਕਰ ਨੀਬ ਅਤੇ ਮਾਈਕਲ ਸਕਵਾਇਰ ਨੂੰ ਅੱਜ 26 ਜੂਨ 1893ਈ: ਨੂੰ ਪੂਰੀ ਤਰ੍ਹਾਂ ਮੁਕਤ ਕਰਦਾ ਹਾਂ।"

ਸੋ ਗਵਰਨਰ ਜੌਹਨ ਪੀਟਰ ਦੇ ਇਸ ਇਤਿਹਾਸਿਕ ਫੈਸਲੇ ਨੇ ਪੂਰੇ ਅਮਰੀਕਾ ਵਿੱਚ ਤੂਫਾਨ ਖੜ੍ਹਾ ਕਰ ਦਿੱਤਾ। ਦੋਹਾਂ ਪੱਖਾਂ ਤੋਂ ਹੀ ਇਹ ਫੈਸਲਾ ਮਹੱਤਵਪੂਰਨ ਸੀ। ਪਹਿਲਾਂ ਇਸ ਫੈਸਲੇ ਨੇ ਪਾਰਸਨਜ, ਸਪਾਈਜ, ਏਂਜਲ, ਫਿਸ਼ਰ ਨੂੰ ਵੀ ਨਿਰਦੋਸ਼ ਕਰਾਰ ਦਿੱਤਾ ਜਿਹੜੇ ਪਹਿਲਾਂ ਹੀ ਫਾਂਸੀ 'ਤੇ ਲਟਕਾਏ ਜਾ ਚੁੱਕੇ ਸਨ। ਦੂਜਾ ਰਿਹਾਅ ਕੀਤੇ ਆਗੂ ਵੀ ਕਿਸੇ ਰਹਿਮ-ਦਿਲੀ ਅਧੀਨ ਰਿਹਾਅ ਨਹੀਂ ਕੀਤੇ ਗਏ ਸਗੋਂ ਇਹ ਸੱਚ ਪੇਸ਼ ਕੀਤਾ ਕਿ ਮਜਦੂਰ ਆਗੂ ਹਰ ਪੱਖੋਂ ਨਿਰਦੋਸ਼ ਸਨ। ਇਸਦੇ ਨਾਲ ਹੀ ਇਸ ਲੰਬੇ ਇਤਿਹਾਸਿਕ ਫੈਸਲੇ 'ਚ ਗਵਰਨਰ ਨੇ ਠੋਸ ਉਦਾਹਰਣਾਂ ਸਾਹਮਣੇ ਲਿਆਕੇ ਸਰਕਾਰ, ਸਰਮਾਏਦਾਰਾਂ, ਪੁਲਿਸ ਤਾਕਤਾਂ, ਅਦਾਲਤਾਂ ਤੇ ਪਿੰਕਰਟੇਨ ਦੇ ਗੁੰਡਿਆਂ ਦਾ ਮਜਦੂਰ ਤੇ ਲੋਕ ਧਰੋਹੀ ਕਾਰਾ ਉਜਾਗਰ ਕੀਤਾ। ਇਸੇ ਕਰਕੇ ਗਵਰਨਰ ਰਾਤੋ-ਰਾਤ ਸਰਮਾਏਦਾਰਾਂ ਅਤੇ ਉਨ੍ਹਾਂ ਦੇ ਜੁੰਡੀ-ਯਾਰਾਂ ਦੀ ਨਫਰਤ ਦਾ ਪਾਤਰ ਬਣ ਗਿਆ। ਉਸ 'ਤੇ "ਅਰਾਜਕਤਾ", "ਹਫੜਾ-ਦਫੜੀ" ਅਤੇ "ਗੜਬੜ-ਚੌਥ" ਨੂੰ ਹੱਲਾਸ਼ੇਰੀ ਦੇਣ ਦੇ ਇਲਜਾਮ ਲਾਏ ਗਏ। ਬੁਰਜੂਆ ਹਲਕਿਆਂ ਨੇ ਬੂਹ ਦੁਹਾਈ ਪਾਈ ਕਿ ਉਸਨੇ "ਇਨਸਾਫ" ਅਤੇ "ਜਮਹੂਰੀਅਤ" ਨਾਲ ਦਗਾ ਕੀਤਾ ਹੈ। ਬੁਰਜੂਆ ਅਖਬਾਰਾਂ ਨੇ ਗਵਰਨਰ 'ਤੇ ਜਾਤੀ ਹਮਲੇ ਤੇਜ਼ ਕਰਦਿਆਂ ਉਸਨੂੰ "ਸੱਤਰਿਆ-ਬਹੱਤਰਿਆ", "ਲਫੌੜ" ਅਤੇ "ਨੀਰੋ" ਦੇ ਵਿਸ਼ੇਸ਼ਣਾਂ ਨਾਲ ਨਿਵਾਜਿਆ। ਪਰ ਜੌਹਨ ਪੀਟਰ ਇਹਨਾਂ ਤਾਬੜ-ਤੋੜ ਹਮਲਿਆਂ ਮੂਹਰੇ ਅਡੋਲ ਤੇ ਸ਼ਾਂਤ ਰਿਹਾ। ਉਸਨੇ ਬੱਸ ਇਨਾਂ ਹੀ ਕਿਹਾ ਕਿ "ਮੈਂ ਇਸ ਲਈ ਮਾਨਸਿਕ ਤੌਰ 'ਤੇ ਤਿਆਰ ਸਾਂ।" ਦੂਜੇ ਪਾਸੇ ਮਜਦੂਰ ਜਮਾਤ ਤੇ ਇਨਸਾਫ ਪਸੰਦ ਲੋਕਾਂ ਨੇ ਗਵਰਨਰ ਦੇ ਇਸ ਫੈਸਲੇ ਨੂੰ 'ਸੱਚ ਤੇ ਇਨਸਾਫ' ਦਾ ਨਾਂਅ ਦੇ ਕੇ ਜੈ-ਜੈ ਕਾਰ ਕੀਤੀ। ਸੱਚਮੁੱਚ ਹੀ ਇਸ ਇਤਿਹਾਸਿਕ ਫੈਸਲੇ ਨੇ ਝੂਠ ਦੇ ਡਫਾਂਗ 'ਤੇ ਸੱਚ ਦੀ ਜਿੱਤ ਦੀ ਮੋਹਰ ਲਾ ਦਿੱਤੀ।

ਹਾਲਤਾਂ ਦਾ ਮੁਲੰਕਣ ਜਾਂ ਅਧਿਐਨ ਕੀਤਾ ਹੋਵੇ, ਸ਼ੱਕ ਨਹੀਂ ਕਰ ਸਕਦਾ।

ਹੜਤਾਲ ਆਖਿਰਕਾਰ ਟੁੱਟ ਗਈ। ਪ੍ਰੰਤੂ ਅਮਰੀਕੀ ਮਜ਼ਦੂਰ ਹੁਣ ਆਪਣੀਆਂ ਭੁਜਾਵਾਂ ਫੈਲਾਉਣ ਲੱਗੇ। ਉਨ੍ਹਾਂ ਦੇ ਸਾਹਾਂ ਪ੍ਰਾਣਾਂ ਵਿਚ ਨਵੀਂ ਜਾਗਰੂਕਤਾ ਨੂੰ ਮਹਿਸੂਸ ਕੀਤਾ ਜਾ ਸਕਦਾ ਸੀ। ਜੰਮਨਪੀੜਾ ਦੀ ਵੇਦਨਾ ਖਤਮ ਹੋ ਚੁੱਕੀ ਸੀ ਅਤੇ ਨਵੇਂ ਯੁੱਗ ਦਾ ਪਰਦਾ ਉਠ ਚੁੱਕਿਆ ਸੀ।

ਅਗਲੇਰਾ ਦਹਾਕਾ ਸੰਘਰਸ਼ ਦਾ ਦੌਰ ਸੀ। ਸ਼ੁਰੂ ਸ਼ੁਰੂ ਵਿਚ ਤਾਂ ਜਿਉਂਦੇ ਰਹਿਣ ਦਾ ਸੰਘਰਸ਼ ਜਿਹਦੇ ਗਰਭ ਵਿਚੋਂ ਸੰਗਠਨ ਬਣਾਉਣ ਦੇ ਸੰਘਰਸ਼ ਨੇ ਜਨਮ ਲਿਆ ਸੀ। ਸਰਕਾਰ ਨੇ 1877 ਨੂੰ ਸਹਿਜ ਢੰਗ ਨਾਲ ਨਹੀਂ ਸੀ ਭੁਲਾਇਆ। ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਸੁਰੱਖਿਆ ਚੌਕੀਆਂ ਅਤੇ ਮੋਰਚਿਆਂ ਦਾ ਨਿਰਮਾਣ ਹੋਣ ਲੱਗਾ ਸੀ। ਮੁੱਖ ਸੜਕਾਂ ਚੌੜੀਆਂ ਕੀਤੀਆਂ ਜਾਣ ਲੱਗੀਆਂ ਤਾਂ ਕਿ "ਗੈਟਲਿੰਗ" ਮਸ਼ੀਨਗੰਨਾਂ ਉਨ੍ਹਾਂ ਨੂੰ ਆਪਣੇ ਕੰਟਰੋਲ ਵਿਚ ਰੱਖ ਸਕਣ।

ਇਕ ਪ੍ਰਾਈਵੇਟ ਕਿਰਤ ਪੁਲਿਸ ਸੰਗਠਨ "ਪਿੰਕਰਟਨ ਏਜੰਸੀ' ਦਾ ਗਠਨ ਕੀਤਾ ਗਿਆ। ਮਜ਼ਦੂਰਾਂ ਦਾ ਦਮਨ ਕਰਨ ਦੇ ਲਈ ਕਾਰਵਾਈਆਂ ਬਹੁਤ ਕਰੂਰ ਰੂਪ ਧਾਰਨ ਕਰਦੀਆਂ ਚਲੀਆਂ ਗਈਆਂ। ਉਂਞ ਤਾਂ ਅਮਰੀਕਾ ਵਿਚ "ਲਾਲ ਖਤਰੇ" ਸ਼ਬਦ ਦੀ ਵਰਤੋਂ ਪ੍ਰਾਪੇਗੰਡੇ ਦੇ ਤੌਰ 'ਤੇ 1830 ਦੇ ਦਹਾਕੇ ਤੋਂ ਹੀ ਹੁੰਦੀ ਆ ਰਹੀ ਸੀ। ਪਰ ਉਹਨੂੰ ਹੁਣ ਇਕ ਅਜਿਹੇ ਡਰਾਉਣੇ ਹਊਏ ਦਾ ਰੂਪ ਦੇ ਦਿੱਤਾ ਗਿਆ ਜਿਹੜਾ ਅੱਜ ਪ੍ਰਤੱਖ ਤੌਰ 'ਤੇ ਸਾਡੇ ਸਾਹਮਣੇ ਹੈ।

ਪ੍ਰੰਤੂ ਮਜ਼ਦੂਰ ਚੁੱਪਚਾਪ ਹੱਥਾਂ ਤੇ ਹੱਥ ਧਰਕੇ ਨਹੀਂ ਬੈਠੇ ਸਨ। ਗੁਪਤ ਰੂਪ ਵਿਚ ਪੈਦਾ ਹੋਈ "ਨਾਈਟਸ ਆਫ਼ ਲੇਬਰ" (ਕਿਰਤ ਸੂਰਮਾ) ਨਾਂ ਦੀ ਜਥੇਬੰਦੀ ਹੋਂਦ 'ਚ ਆਈ ਜਿਸ ਦੇ ਮੈਂਬਰਾਂ ਦੀ ਗਿਣਤੀ 1886 ਤੱਕ 700000 ਤੋਂ ਵਧੇਰੇ ਹੋ ਗਈ ਸੀ।

ਦਾ ਅਮਰੀਕਨ ਫੈਡਰੇਸ਼ਨ ਆਫ਼ ਲੇਬਰ (ਅਮਰੀਕੀ ਮਜ਼ਦੂਰ ਸੰਘ) ਦਾ ਮਜ਼ਦੂਰ ਯੂਨੀਅਨ ਦੀ ਸਵੈਇੱਛੁਕ ਸੰਸਥਾ ਦੇ ਰੂਪ ਵਿਚ ਗਠਨ ਕੀਤਾ ਗਿਆ। ਜਿਹਦੇ ਟੀਚਿਆਂ ਵਿਚੋਂ ਇਕ ਸਮਾਜਵਾਦ ਦੀ ਪ੍ਰਾਪਤੀ ਸੀ। ਇਹ ਸੰਸਥਾ ਬਹੁਤ ਤੇਜ਼ ਰਫ਼ਤਾਰ ਨਾਲ ਵਿਕਸਤ ਹੁੰਦੀ ਚਲੀ ਗਈ। ਇਹ ਵਰਗ ਸੁਚੱਤ ਅਤੇ ਜੁਝਾਰੂ ਸੀ ਅਤੇ ਆਪਣੀਆਂ ਮੰਗਾਂ ਦੀ ਪੂਰਤੀ ਦੇ ਲਈ ਚਟਾਨ ਦੇ ਵਾਂਗੂੰ ਖੜ੍ਹੀ ਸੀ। ਇਕ ਨਵਾਂ ਨਾਅਰਾ ਬੁਲੰਦ ਹੋਇਆ, ਇਕ ਨਵੀਂ ਦੋ ਟੁੱਕ ਸਾਫ਼ ਮੰਗ ਪੇਸ਼ ਕੀਤੀ ਗਈ, "ਅੱਠ ਘੰਟੇ ਮਜ਼ਦੂਰੀ, ਅੱਠ ਘੰਟੇ ਆਰਾਮ, ਅੱਠ ਘੰਟੇ ਮਨੋਰੰਜਨ।"

1886 ਤੱਕ ਅਮਰੀਕੀ ਯੁਵਾ ਮਜ਼ਦੂਰ ਬਾਹੂਬਲੀ ਬਣ ਚੁੱਕੇ ਸੀ ਜਿਹੜਾ ਆਪਣੀ ਤਾਕਤ ਪਰਖਣ ਦੇ ਲਈ ਤਿਆਰ ਸੀ। ਜਿਸ ਦਾ ਮੁਕਾਬਲਾ ਕਰਨ ਦੇ ਲਈ ਸਰਕਾਰੀ ਸੁਰੱਖਿਆ ਚੌਕੀਆਂ ਦਾ ਨਿਰਮਾਣ ਕੀਤਾ ਗਿਆ ਸੀ ਪਰ ਉਹ ਨਾ ਕਾਫ਼ੀ ਸਨ। ਪਿੰਕਰਟਾਮੀ ਦਾ ਪ੍ਰਾਈਵੇਟ ਪੁਲਿਸ ਦਲ ਕਾਫ਼ੀ ਨਾਕਾਮ ਸਾਬਤ ਹੋਇਆ। ਗੈਟਲਿੰਗ ਮਸ਼ੀਨਗੰਨਾਂ ਵੀ ਨਾ ਕਾਫ਼ੀ ਰਹੀਆਂ। ਜਥੇਬੰਦ ਮਜ਼ਦੂਰ ਕਦਮ ਨਾਲ ਕਦਮ ਮਿਲਾ ਕੇ ਅੱਗੇ ਵਧਦੇ ਜਾ ਰਹੇ ਸਨ। ਉਨ੍ਹਾਂ ਦਾ ਇਕ ਹੀ ਜੁਝਾਰੂ ਨਾਅਰਾ ਸੀ "ਇਕ ਦਿਨ ਵਿਚ ਅੱਠ ਘੰਟੇ ਕੰਮ ਇਸ ਤੋਂ ਵੱਧ ਭੋਰਾ ਵੀ ਜ਼ਿਆਦਾ ਕੰਮ ਮਨਜ਼ੂਰ ਨਹੀਂ।" ਅਤੇ ਇਹ ਨਾਅਰਾ ਦੇਸ਼ ਦੇ ਇਕ ਕੋਨੇ ਤੋਂ ਦੂਸਰੇ ਕੋਨੇ ਤੱਕ ਗੂੰਜਣ ਲੱਗਾ ਸੀ।

ਉਸ ਜ਼ਮਾਨੇ ਵਿਚ ਸ਼ਿਕਾਗੋ ਸੰਘਰਸ਼ਸ਼ੀਲ ਖੱਬੇਪੱਖੀ ਮਜ਼ਦੂਰ ਲਹਿਰ ਦਾ ਕੇਂਦਰ ਸੀ। ਇਥੋਂ ਹੀ ਸ਼ਿਕਾਗੋ ਵਿਚ ਸਾਂਝੇ ਮਜ਼ਦੂਰ ਪ੍ਰਦਰਸ਼ਨ ਦੇ ਵਿਚਾਰਾਂ ਨੇ ਜਨਮ ਲਿਆ। ਇਹਨੇ ਉਨ੍ਹਾਂ ਦਾ ਆਪਣਾ ਹੀ ਦਿਨ ਬਣਦਾ ਸੀ। ਕਿਸੇ ਹੋਰ ਦਾ ਨਹੀਂ। ਅਜਿਹਾ ਦਿਨ ਬਣਨਾ ਸੀ, ਜਦੋਂ ਉਹ ਆਪਣੇ ਕੰਮ ਕਰਨ ਵਾਲੇ ਸੰਦ ਰੱਖ ਦੇਣਗੇ ਅਤੇ ਮੋਢੇ ਨਾਲ ਮੋਢਾ ਜੋੜਕੇ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨਗੇ।

ਪਹਿਲੀ ਮਈ ਨੂੰ ਮਜ਼ਦੂਰ ਵਰਗ ਦੇ ਦਿਨ ਨੂੰ, ਲੋਕਾਂ ਦੇ ਦਿਨ ਵਜੋਂ ਚੁਣਿਆ ਗਿਆ। ਪ੍ਰਦਰਸ਼ਨ ਕਰਨ ਦੀ ਤਿਆਰੀ ਦੇ ਸਬੰਧ ਵਿਚ ਕਾਫ਼ੀ ਪਹਿਲਾਂ ਹੀ, "ਅੱਠ ਘੰਟੇ ਦਾ ਕੰਮ ਦਿਨ" ਨਾਮੀ ਸੰਸਥਾ ਕਾਇਮ ਕਰ ਲਈ ਗਈ ਸੀ। ਅਮਰੀਕਨ ਫੈਡਰੇਸ਼ਨ ਆਫ਼ ਲੇਬਰ (ਅਮਰੀਕੀ ਮਜ਼ਦੂਰ ਸੰਘ) "ਕਿਰਤ ਸੂਰਮਾ" ਅਤੇ ਸ਼ੋਸ਼ਲਿਸਟ ਲੇਬਰ ਪਾਰਟੀ (ਸਮਾਜਵਾਦੀ ਮਜ਼ਦੂਰ ਪਾਰਟੀ) ਆਦਿ ਦੇ ਸਾਂਝੇ ਥੜੇ ਦੇ ਰੂਪ ਵਿਚ "ਅੱਠ ਘੰਟੇ ਦਾ ਕੰਮ ਦਿਵਸ" ਨਾਮੀ ਇਹ ਸੰਸਥਾ ਬਣਾਈ ਗਈ ਸੀ। ਸ਼ਿਕਾਗੋ ਦੀ ਸੈਂਟਰਲ ਲੇਬਰ ਯੂਨੀਅਨ ਦੀ, ਜਿਸ ਵਿਚ ਸਭ ਤੋਂ ਵਧੇਰੇ ਜੁਝਾਰੂ ਖੱਬੇਪੱਖੀ ਯੂਨੀਅਨ ਸ਼ਾਮਲ ਸਨ, ਇਸ ਮੁਹਿੰਮ 'ਤੇ ਸਾਂਝੇ ਮੋਰਚੇ ਨਾਲ ਜੁੜੀਆਂ ਹੋਈਆਂ ਸਨ।

ਸ਼ਿਕਾਗੋ ਦੀ ਸ਼ੁਰੂਆਤ ਕੋਈ ਮਾਮੂਲੀ ਗੱਲ ਨਹੀਂ। 'ਮਈ ਦਿਵਸ' ਹੀ ਪੂਰਵ ਸੰਧਿਆ ਵਿਚ ਇਕਜੁਟਤਾ ਦੇ ਨਾਲ ਆਯੋਜਤ ਸਭਾ ਵਿਚ 25000 ਮਜ਼ਦੂਰ ਹਾਜ਼ਰ ਹੋਏ ਅਤੇ ਜਦੋਂ ਖ਼ੁਦ 'ਮਈ ਦਿਵਸ' ਆਖਿਆ ਤਾਂ ਸ਼ਿਕਾਗੋ ਦੇ ਮਜ਼ਦੂਰਾਂ ਦਾ ਸੈਲਾਬ ਚਾਰੇ ਪਾਸਿਓਂ ਹੀ ਉਸ ਵਿਚ ਹਿੱਸਾ ਲੈਣ ਦੇ ਲਈ ਵਹੀਰਾਂ ਘੱਤਣ ਲੱਗਾ। ਛੋਟੇ ਛੋਟੇ ਵੱਡੇ ਵੱਡੇ ਕੁਲ ਕਾਰਖਾਨਿਆਂ ਵਿਚ ਉਹ ਆਪਣੇ ਕੰਮ ਤੇ ਸੰਦ ਛੱਡ ਕੇ ਬਾਹਰ ਨਿਕਲ ਆਏ ਅਤੇ ਮਾਰਚ ਕਰਦੇ ਹੋਏ ਹਜ਼ਾਰਾਂ ਦੀ ਗਿਣਤੀ ਵਿਚ ਆਮ ਸਭਾਵਾਂ (ਰੈਲੀਆਂ) ਵਿਚ ਹਿੱਸਾ ਲੈਣ ਲਈ ਪਹੁੰਚੇ ਅਤੇ ਉਸ ਸਮੇਂ ਵੀ ਜਦੋਂ, 'ਮਈ ਦਿਨ' ਦਾ ਹੁਣੇ ਹੁਣੇ ਜਨਮ ਹੋਇਆ ਸੀ, ਮੱਧ ਵਰਗ ਦੇ ਹਜ਼ਾਰਾਂ ਲੋਕ ਮਜ਼ਦੂਰਾਂ ਦੀਆਂ ਕਤਾਰਾਂ ਵਿਚ ਸ਼ਾਮਲ ਸਨ ਅਤੇ ਏਕਤਾ ਇਕਜੁਟਤਾ ਦੇ ਇਹ ਦ੍ਰਿਸ਼ ਬਹੁਤ ਸਾਰੇ ਦੂਸਰੇ ਅਮਰੀਕੀ ਸ਼ਹਿਰਾਂ ਵਿਚ ਵੀ ਦੁਹਰਾ ਗਏ।

...ਅਤੇ ਅੱਜ ਦੇ ਵਾਂਗੂੰ ਉਸ ਮੌਕੇ ਵੀ ਧਨ ਕੁਬੇਰਾਂ ਨੇ, ਖ਼ੂਨ ਖਰਾਬਾ, ਦਹਿਸ਼ਤ, ਨਿਰਦੋਸ਼ ਤੇ ਨਿਰਮੋਹੇ ਕਤਲੇਆਮ ਦੇ ਢੰਗਾਂ ਰਾਹੀਂ ਬਦਲਾ ਲੈਂਦਿਆਂ ਹੋਇਆਂ ਜੁਆਬੀ ਹਮਲਾ ਕੀਤਾ। ਦੋ ਦਿਨ ਪਿਛੋਂ 'ਮੈਕਾਰਮਿਕ ਰੀਪਰ' ਕਾਰਖਾਨੇ ਵਿਚ ਜਿਥੇ ਹੜਤਾਲ ਚਲ ਰਹੀ ਸੀ, ਇਕ ਆਮ ਸਭਾ ਉਤੇ ਪੁਲਿਸ ਨੇ ਹਮਲਾ ਕੀਤਾ। ਉਸ ਵਿਚ ਛੇ ਮਜ਼ਦੂਰ ਮਾਰੇ ਗਏ। ਅਗਲੇ ਦਿਨ ਇਸ ਬੇਰਹਿਮ ਜ਼ਾਲਮਾਨਾ ਕਾਰਵਾਈ ਦੇ ਵਿਰੁੱਧ ਹੇ ਮਾਰਕੀਟ ਸੁਕਏਅਰ ਵਿਚ ਮਜ਼ਦੂਰਾਂ ਨੇ ਰੋਸ ਮੁਜ਼ਾਹਰਾ ਕੀਤਾ ਤਾਂ ਪੁਲਿਸ ਨੇ ਫਿਰ ਇਨ੍ਹਾਂ ਉਤੇ ਹਮਲਾ ਕੀਤਾ। ਕਿਸੇ ਪਾਸਿਓਂ ਕਿਸੇ ਨੇ ਇਕ ਬੰਬ ਸੁੱਟਿਆ ਜਿਹਦੇ ਫੱਟੜ ਨਾਲ ਬਹੁਤ ਸਾਰੇ ਮਜ਼ਦੂਰ ਅਤੇ ਪੁਲਿਸ ਵਾਲੇ ਵੀ ਮਾਰੇ ਗਏ। ਇਸ ਹਕੀਕਤ ਦਾ ਕਦੇ ਵੀ ਪਤਾ ਨਹੀਂ ਲੱਗ ਸਕਿਆ ਕਿ ਇਹ ਬੰਬ ਕੀਹਨੇ ਸੁੱਟਿਆ ਸੀ। ਇਹਦੇ ਬਾਵਜੂਦ ਵੀ ਚਾਰ ਅਮਰੀਕੀ ਮਜ਼ਦੂਰ ਆਗੂਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਤੇ ਦਿੱਤੀ ਗਈ। ਉਸ ਅਪਰਾਧ ਦੇ ਲਈ ਜਿਹੜਾ ਉਨ੍ਹਾਂ ਨੇ ਕਦੇ ਕੀਤਾ ਸੀ ਨਹੀਂ ਸੀ ਅਤੇ ਜਿਹਦੇ ਲਈ ਉਹ ਨਿਰਦੋਸ਼ ਸਿੱਧ ਹੋ ਚੁੱਕੇ ਸਨ।

ਆਗਸਟ ਸਪਾਈਸ ਜਿਹੜੇ ਇਨ੍ਹਾਂ ਸ਼ਹੀਦਾਂ ਵਿਚੋਂ ਇਕ ਸਨ, ਨੇ ਫਾਂਸੀ ਦੇ ਫੰਦੇ ਦੇ ਕੋਲ ਖਲੋਕੇ ਬਹੁਤ ਹੀ ਉਚੀ ਅਵਾਜ਼ 'ਚ ਕਿਹਾ, "ਇਕ ਅਜਿਹਾ ਵਕਤ ਆਵੇਗਾ, ਜਦੋਂ ਸਾਡੀ ਖਾਮੋਸ਼ੀ ਉਨ੍ਹਾਂ ਅਵਾਜ਼ਾਂ ਤੋਂ ਵਧੇਰੇ ਤਾਕਤਵਰ ਸਿੱਧ ਹੋਵੇਗੀ, ਜਿਹਨੂੰ ਅੱਜ ਤੁਸੀਂ ਖਾਮੋਸ਼ ਕਰ ਰਹੇ ਹੋ।" ਕਿੰਨੇ ਸੱਚਾਈ ਭਰੇ ਸਨ ਇਹ ਸ਼ਬਦ, ਇਹ ਸਮੇਂ ਨੇ ਸਿੱਧ ਕਰ ਦਿੱਤਾ ਹੈ। ਸ਼ਿਕਾਗੋ ਨੇ 'ਮਈ ਦਿਵਸ' ਦੁਨੀਆਂ ਨੂੰ ਦਿੱਤਾ ਸੀ ਅਤੇ 62ਵੇਂ ਮਈ ਦਿਵਸ ਉਤੇ ਕਰੋੜਾਂ ਦੀ ਗਿਣਤੀ ਵਿਚ ਦੁਨੀਆਂ ਦੇ ਲੋਕਾਂ ਨੇ ਆਗਸਟ ਸਪਾਈਸ ਦੀ ਭਵਿੱਖਬਾਣੀ ਨੂੰ ਸੱਚ ਸਾਬਤ ਕਰ ਦਿੱਤਾ ਹੈ।




ਸ਼ਿਕਾਗੋ ਵਿਚ ਹੋਏ ਪ੍ਰਦਰਸ਼ਨਾਂ ਦੇ ਤਿੰਨ ਸਾਲ ਪਿਛੋਂ ਸੰਸਾਰ ਭਰ ਦੇ ਮਜ਼ਦੂਰ ਵਰਗ ਦੇ ਆਗੂ ਪੈਰਿਸ ਵਿਚ ਇਕੱਠੇ ਹੋਏ। ਜਿਨ੍ਹਾਂ ਵਿਚ ਵੱਖ-ਵੱਖ ਕੌਮਾਂ ਦੇ ਇਕ ਤੋਂ ਪਿਛੋਂ ਦੂਸਰੇ ਆਗੂਆਂ ਨੇ ਭਾਸ਼ਣ ਦਿੱਤੇ। ਇਹ ਲੋਕ ਬਾਸਟਲ (ਪੈਰਿਸ ਦਾ ਇਕ ਕੈਦੀ ਦੂਸਰੀ (ਜੇਲ੍ਹ) ਜਿਸ ਵਿਚ ਰਾਜਨੀਤਕ ਕੈਦੀ ਰੱਖੇ ਜਾਂਦੇ ਸਨ ਅਤੇ 14 ਜੁਲਾਈ 1789 ਨੂੰ ਇਸ ਦੁਰਗ (ਕਿਲ੍ਹਾ) ਉਤੇ ਲੋਕਾਂ ਵਲੋਂ ਹਮਲਾ ਕੀਤੇ ਜਾਣ ਪਿਛੋਂ ਹੀ ਫਰਾਂਸੀਸੀ ਇਨਕਲਾਬ ਸ਼ੁਰੂ ਹੋਇਆ ਸੀ-ਅਨੁਵਾਦਕ) ਦੀ ਮੁਕਤੀ ਦੀ ਇਕ ਸੋਵੀ (100) ਜੈਅੰਤੀ ਮਨਾਉਣ ਆਏ ਸਨ।

ਆਖੀਰ ਵਿਚ ਅਮਰੀਕਾ ਦੇ ਬੁਲਾਰਿਆਂ ਦੀ ਵਾਰੀ ਆਈ। ਜਿਹੜਾ ਮਜ਼ਦੂਰ ਸਾਡੇ ਮਜ਼ਦੂਰ ਵਰਗ ਦੀ ਪ੍ਰਤੀਨਿਧਤਾ ਕਰ ਰਿਹਾ ਸੀ, ਖੜ੍ਹਾ ਹੋਇਆ ਅਤੇ ਬਿਲਕੁਲ ਸਰਲ ਭਾਸ਼ਾ ਵਿਚ, ਬਿਨਾਂ ਕਿਸੇ ਹੇਰ ਫੇਰ ਦੇ ਉਹਨੇ ਅੱਠ ਘੰਟੇ ਕੰਮ ਦੀ ਦਿਹਾੜੀ ਦੇ ਲਈ ਸੰਘਰਸ਼ ਦੀ ਕਹਾਣੀ ਸੁਣਾਈ, ਜਿਹਦੀ ਸਿਖਰ 1886 ਵਿਚ ਹੇਅ-ਮਾਰਕੀਟ ਦਾ ਸ਼ਰਮਨਾਕ ਕਾਂਢ ਸੀ।

ਉਹਨੇ ਹਿੰਸਾ, ਖ਼ੂਨ ਖਰਾਬਾ, ਬਹਾਦਰੀ ਦਾ ਜਿਹੜਾ ਸਜੀਵ ਚਿੱਤਰ ਪੇਸ਼ ਕੀਤਾ ਉਹਨੂੰ ਸੰਮੇਲਨ ਵਿਚ ਆਏ ਪ੍ਰਤੀਨਿਧੀ ਸਾਲਾਂ ਤੱਕ ਨਹੀਂ ਭੁੱਲ ਸਕੇ। ਉਹਨੇ ਦੱਸਿਆ ਕਿ ਪਾਰਜਨ ਨੇ ਕਿਵੇਂ ਮੌਤ ਨੂੰ ਕਬੂਲ ਕੀਤਾ ਸੀ, ਜਦੋਂਕਿ ਉਹਨੂੰ ਕਿਹਾ ਗਿਆ ਸੀ, ਕਿ ਜੇ ਉਹ ਆਪਣੇ ਸਾਥੀਆਂ ਤੋਂ ਆਪਣੇ ਆਪ ਨੂੰ ਅਲੱਗ ਕਰ ਲਵੇ ਅਤੇ ਮੁਆਫ਼ੀ ਮੰਗ ਲਵੇ ਤਾਂ ਉਹਨੂੰ ਫਾਂਸੀ ਨਹੀਂ ਦਿੱਤੀ ਜਾਵੇਗੀ। ਬੁਲਾਰੇ ਨੇ ਸਰੋਤਿਆਂ ਨੂੰ ਦੱਸਿਆ ਕਿ ਕਿਵੇਂ ਦਸ (10) ਆਇਰਸ ਖਾਣ ਮਜ਼ਦੂਰਾਂ ਨੂੰ ਪੈਨਸਿਲਵਾਨੀਆਂ ਵਿਚ ਇਸ ਲਈ ਫਾਂਸੀ ਦੇ ਦਿੱਤੀ ਸੀ ਕਿ ਉਨ੍ਹਾਂ ਨੇ ਮਜ਼ਦੂਰਾਂ ਨੂੰ ਜਥੇਬੰਦ ਹੋਣ ਦੇ ਅਧਿਕਾਰ ਦੇ ਲਈ ਸੰਘਰਸ਼ ਕੀਤਾ ਤੇ ਭੂਮਿਕਾ ਨਿਭਾਈ ਸੀ। ਉਹਨੇ ਉਨ੍ਹਾਂ ਅਸਲੀ ਲੜਾਈਆਂ ਦੇ ਸਬੰਧ ਵਿਚ ਦੱਸਿਆ ਜਿਨ੍ਹਾਂ 'ਚ ਮਜ਼ਦੂਰ ਹਥਿਆਰਬੰਦ "ਪਿੰਕਰਟਨ" ਨਾਲ ਲੜ ਰਹੇ ਸਨ ਅਤੇ ਉਹਨੇ ਹੋਰ ਬਹੁਤ ਕੁਝ ਦੱਸਿਆ। ਜਦੋਂ ਉਹਨੇ ਆਪਣਾ ਭਾਸ਼ਣ ਖਤਮ ਕੀਤਾ ਤਾਂ ਪੈਰਿਸ ਕਾਂਗਰਸ ਨੇ ਹੇਠ ਲਿਖਿਆ ਪ੍ਰਸਤਾਵ ਪਾਸ ਕੀਤਾ : "ਕਾਂਗਰਸ ਫੈਸਲਾ ਕਰਦੀ ਹੈ ਕਿ ਰਾਜਾਂ ਦੇ ਅਧਿਕਾਰੀਆਂ ਨਾਲ ਕੰਮ ਦਾ ਦਿਨ ਬਾਰਾਂ ਘੰਟੇ ਤੋਂ ਘਟਾ ਕੇ 8 ਘੰਟੇ ਕਾਨੂੰਨ ਦੀ ਮੰਗ ਉਠਾਵੇਗੀ ਅਤੇ ਇਸ ਲਈ ਸੰਘਰਸ਼ ਕਰੇਗੀ। ਨਾਲ ਹੀ ਪੈਰਿਸ ਕਾਂਗਰਸ ਦੇ ਹੋਰ ਫੈਸਿਲਆਂ ਨੂੰ ਕ੍ਰਿਆਸ਼ੀਲ ਕਰਨ ਦੇ ਲਈ ਸਾਰੇ ਦੇਸ਼ਾਂ ਅਤੇ ਸ਼ਹਿਰਾਂ ਦੇ ਮਿਹਨਤਕਸ਼ ਲੋਕ ਇਕ ਨਿਰਧਾਰਤ ਦਿਨ ਇਕ ਮਹਾਨ ਸਾਂਝਾ ਕੌਮਾਂਤਰੀ ਪ੍ਰਦਰਸ਼ਨ ਆਯੋਜਨ ਤੇ ਜਥੇਬੰਦ ਕਰਨਗੇ ਕਿਉਂਕਿ ਅਮਰੀਕਨ ਫੈਡਰੇਸ਼ਨ ਆਫ਼ ਲੇਬਰ (ਅਮਰੀਕੀ ਮਜ਼ਦੂਰ ਸੰਘ) ਪਹਿਲੀ ਮਈ 1890 ਨੂੰ ਅਜਿਹਾ ਹੀ ਪ੍ਰਦਰਸ਼ਨ ਕਰਨ ਦਾ ਫੈਸਲਾ ਕਰ ਚੁੱਕੀ ਹੈ। ਆਖਰ ਇਸ ਦਿਨ ਇਹ ਦਿਨ ਕੌਮਾਂਤਰੀ ਪ੍ਰਦਰਸ਼ਨਾਂ ਲਈ ਸਵੀਕਾਰ ਕੀਤਾ ਜਾਂਦਾ ਹੈ। ਵੱਖ-ਵੱਖ ਦੇਸ਼ਾਂ ਦੇ ਮਜ਼ਦੂਰਾਂ ਨੂੰ ਹਰ ਇਕ ਦੇਸ਼ ਵਿਚ ਹਾਸਲ ਹਾਲਤਾਂ ਦੇ ਅਨੁਸਾਰ ਇਹ ਪ੍ਰਦਰਸ਼ਨ ਲਾਜ਼ਮੀ ਆਯੋਜਤ ਕਰਨੇ ਚਾਹੀਦੇ ਹਨ।"

ਅਤੇ ਜਿਉਂ ਇਸ ਫੈਸਲੇ ਉਤੇ ਮਨਜ਼ੂਰੀ ਦੀ ਮੋਹਰ ਲਾ ਦਿੱਤੀ ਗਈ। "ਮਈ ਦਿਨ" ਇਸ ਫੈਸਲੇ ਨਾਲ ਪੂਰੇ ਵਿਸ਼ਵ ਦੀ ਅਮੀਰ ਸੰਪਤੀ ਬਣ ਗਿਆ। ਚੰਗੀਆਂ ਚੀਜ਼ਾਂ ਕਿਸੇ ਇਕ ਦੇਸ਼ ਜਾਂ ਆਵਾਮ ਦੀ ਸੰਪਤੀ ਨਹੀਂ ਹੁੰਦੀਆਂ। ਇਕ ਤੋਂ ਪਿਛੋਂ ਦੂਸਰੇ ਦੇਸ਼ ਦੇ ਮਜ਼ਦੂਰ ਜਿਉਂ ਜਿਉਂ ਮਈ ਦਿਨ ਨੂੰ ਆਪਣੀ ਜ਼ਿੰਦਗੀ, ਆਪਣੇ ਸੰਘਰਸ਼ਾਂ, ਆਪਣੀਆਂ ਇੱਛਾਵਾਂ, ਟੀਚਿਆਂ ਦਾ ਅਨਿੱਖੜਵਾਂ ਅੰਗ ਬਣਾਉਂਦੇ ਗਏ, ਉਹ ਇਸ ਦਿਨ-ਮਈ ਦਿਵਸ ਨੂੰ ਸਵੈ ਤੱਥ ਮੰਨਣ ਲੱਗੇ ਕਿ ਇਹ ਉਨ੍ਹਾਂ ਦਾ ਆਪਣਾ ਦਿਨ ਹੈ ਅਤੇ ਇਹ ਠੀਕ ਵੀ ਹੈ। ਕਿਉਂਕਿ ਧਰਤੀ ਉਤੇ ਮੌਜੂਦ ਸਾਰੀਆਂ ਜਾਤੀਆਂ, ਰਾਸ਼ਟਰਾਂ ਦੇ ਵਿਚਕਾਰ ਸਾਡੀ ਮਜ਼ਦੂਰਾਂ ਦੀ ਆਪਣੀ ਇਕ ਅਲੱਗ ਹੀ ਹਸਤੀ ਹੈ। ਅਸੀਂ ਸਮੁੱਚੀ ਵਿਸ਼ਵ ਲੋਕਾਈ ਦੇ ਸਭਿਆਚਾਰ ਦਾ ਸਮੁੱਚ ਹਾਂ।

...ਅਤੇ ਅੱਜ ਦਾ ਮਈ ਦਿਵਸ

ਪਿਛਲੇ ਮਈ ਦਿਵਸ ਅੱਜ, ਬੀਤੀ ਅੱਧੀ ਸ਼ਤਾਬਦੀ (1947 ਵੇਲੇ ਤੱਕ-ਅਨੁਵਾਦਕ) ਦੇ ਮਜ਼ਦੂਰਾਂ ਦੇ ਸੰਘਰਸ਼ਾਂ ਨੂੰ ਚਾਨਣ ਮੁਨਾਰਿਆਂ ਦੇ ਵਾਂਗੂੰ ਦ੍ਰਿਸ਼ਟੀਮਾਨ ਕਰਦੇ ਹਨ। ਇਸ ਸ਼ਤਾਬਦੀ ਦੇ ਸ਼ੁਰੂ ਵਿਚ (ਪਿਛਲੀ ਸ਼ਤਾਬਦੀ) ਮਈ ਦਿਵਸ ਦੇ ਹੀ ਦਿਨ ਮਜ਼ਦੂਰ ਵਰਗ ਨੇ, ਬੇਗਾਨੀ ਧਰਤੀ ਨੂੰ ਹੜੱਪਣ ਦੀਆਂ ਸਾਮਰਾਜਵਾਦੀ ਕਾਰਵਾਈਆਂ ਦੀ ਸਭ ਤੋਂ ਪਹਿਲਾਂ ਨਿੰਦਿਆ ਕੀਤੀ ਸੀ। ਮਈ ਦਿਵਸ ਦੇ ਹੀ ਮੌਕੇ ਉਤੇ ਮਜ਼ਦੂਰਾਂ ਨੇ ਨਵੇਂ ਹੋਂਦ ਵਿਚ ਆਏ ਸਮਾਜਵਾਦੀ ਰਾਜ-ਸੋਵੀਅਤ ਸੰਘ ਦੀ ਹਮਾਇਤ ਕਰਨ ਲਈ ਆਵਾਜ਼ ਬੁਲੰਦ ਕੀਤੀ ਸੀ। 1 ਮਈ ਦਿਵਸ ਦੇ ਮੌਕੇ ਉਤੇ ਹੀ ਅਸੀਂ ਆਪਣੀ ਪੂਰੀ ਸੂਰੀ ਤਾਕਤ ਨਾਲ ਗੈਰ ਜਥੇਬੰਦਕਾਂ ਦੀ ਜਥੇਬੰਦੀ ਦਾ ਸਮਾਰੋਹ ਮਨਾਇਆ ਸੀ।

ਪਰ ਬੀਤੇ ਕਿਸੇ ਵੀ ਦਿਵਸ ਉਤੇ ਕਦੇ ਵੀ ਅਜਿਹੀ ਦੁਖਦਾਈ ਸੂਚਨਾ ਲੈ ਕੇ ਪਰ ਨਾਲ ਹੀ ਐਨੇ ਆਸ਼ਾ ਭਰੇ ਭਵਿੱਖ ਦੇ ਨਾਲ ਸਾਡਾ ਆਹਮਣਾ ਸਾਹਮਣਾ ਨਹੀਂ ਹੋਇਆ ਸੀ। ਜਿੰਨਾ ਕਿ ਅੱਜ ਦੇ ਮਈ ਦਿਵਸ ਉਤੇ ਹੋ ਰਿਹਾ ਹੈ। ਪਹਿਲਾਂ ਕਦੇ ਐਨਾ ਕੁਝ ਜਿੱਤਣ ਦੇ ਲਈ ਸਾਡੇ ਕੋਲ ਨਹੀਂ ਸੀ, ਤੇ ਨਾ ਐਨਾ ਕੁਝ ਗੁਆਉਣ ਦੇ ਲਈ ਸਾਡੇ ਕੋਲ ਨਹੀਂ ਸੀ।

ਲੋਕਾਂ ਦੇ ਲਈ ਆਪਣੀ ਗੱਲ ਕਹਿ ਸੁਣਨਾ ਆਸਾਨ ਨਹੀਂ ਹੈ। ਲੋਕਾਂ (ਮਜ਼ਦੂਰਾਂ) ਦੇ ਲੋਕ ਅਖ਼ਬਾਰ ਜਾਂ ਮੰਚ ਨਹੀਂ ਹੈ ਅਤੇ ਨਾ ਹੀ ਸਰਕਾਰ ਚਲਾਉਣ ਵਾਲਿਆਂ ਵਿਚ ਸਾਡੇ ਰਾਹੀਂ ਚੁਣੇ ਗਏ ਪ੍ਰਤੀਨਿਧੀਆਂ ਦੀ ਬਹੁਗਿਣਤੀ ਹੈ। ਰੇਡੀਓ (ਅੱਜ ਕੱਲ੍ਹ ਟੀ.ਵੀ. ਤੇ ਇਲੈਕਟ੍ਰੌਨਿਕ ਮੀਡੀਆ ਅਨੁਵਾਦਕ) ਲੋਕਾਂ ਦਾ ਨਹੀਂ ਹੈ ਅਤੇ ਨਾ ਹੀ ਫਿਲਮਾਂ ਬਣਾਉਣ ਵਾਲੀ ਮਸ਼ੀਨਰੀ ਉਨ੍ਹਾਂ ਦੀ ਹੈ। ਧਨਕਬੇਰਾਂ ਦੀ ਇਜਾਰੇਦਾਰੀ ਕੰਟਰੋਲ ਦੀ ਨਕੇਲ ਨੂੰ ਘੱਟ ਕੇ ਥੰਮੀ ਬੈਠੀ ਹੈ। ਬਹੁਤ ਚੰਗੀ ਤਰ੍ਹਾਂ ਘੁੱਟ ਕੇ ਫੜੀ ਬੈਠੀ ਹੈ, ਪਰ ਲੋਕਾਂ ਉਤੇ ਤਾਂ ਕਿਸੇ ਦੀ ਇਜਾਰੇਦਾਰੀ ਨਹੀਂ ਹੈ।

ਲੋਕਾਂ ਦੀ ਤਾਕਤ ਉਨ੍ਹਾਂ ਦੀ ਆਪਣੀ ਤਾਕਤ ਹੈ। ਮਈ ਦਿਵਸ ਉਨ੍ਹਾਂ ਦਾ ਆਪਣਾ ਦਿਨ ਹੈ। ਆਪਣੀ ਇਹ ਤਾਕਤ ਪ੍ਰਦਰਸ਼ਤ ਕਰਨ ਦਾ ਦਿਨ ਹੈ। ਕਦਮ ਨਾਲ ਕਦਮ ਮਿਲਾ ਕੇ ਵਧਦੇ ਲੱਖਾਂ ਲੋਕਾਂ ਦੀਆਂ ਕਤਾਰਾਂ ਵਿਚੋਂ ਅਲੱਗ ਹੀ ਇਕ ਅਵਾਜ਼ ਬੁਲੰਦ ਹੋ ਰਹੀ ਹੈ। ਇਹ ਵਕਤ ਹੈ ਕਿ ਉਹ ਲੋਕ ਜਿਹੜੇ ਅਮਰੀਕਾ ਨੂੰ ਫਾਸ਼ੀਵਾਦ ਦੇ ਹਵਾਲੇ ਕਰਨ ਉਤੇ ਉਤਾਰੂ ਹਨ, ਇਸ ਆਵਾਜ਼ ਨੂੰ ਸੁਣਨਾ।

ਉਨ੍ਹਾਂ ਨੂੰ ਇਹ ਦੱਸਣ ਦਾ ਸਮਾਂ ਹੈ ਕਿ ਵਾਸਤਵਿਕ ਮਜ਼ਦੂਰੀ ਲਗਭਗ ਪੰਜਾਹ ਫੀਸਦੀ ਘੱਟ ਗਈ ਹੈ ਕਿ ਘਰਾਂ ਵਿਚ ਅਨਾਜ ਦੇ ਭੜੋਲੇ ਖਾਲੀ ਹਨ ਕਿ ਇਸ ਅਮਰੀਕਾ ਵਿਚ ਵੀ ਵਧੇਰੇ ਤੋਂ ਵਧੇਰੇ ਲੋਕ ਭੁੱਖ ਦੀ ਲਪੇਟ ਵਿਚ ਆ ਰਹੇ ਹਨ। ਇਹ ਸਮਾਂ ਹੈ ਕਿਰਤ ਵਿਰੋਧੀ ਕਾਨੂੰਨਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਦੋ ਸੌ ਤੋਂ ਵਧੇਰੇ ਕਿਰਤ ਵਿਰੋਧੀ ਕਾਨੂੰਨਾਂ ਦੇ ਮਸੌਦੇ ਆ ਗਏ ਹਨ, ਜਿਹੜੇ ਅਮਰੀਕੀ ਕਾਂਗਰਸ ਦੇ ਸਾਹਮਣੇ ਵਿਚਾਰ ਅਧੀਨ ਹਨ। ਜਿਹੜੇ ਯਕੀਨਨ ਮਜ਼ਦੂਰਾਂ ਨੂੰ ਉਸੇ ਤਰ੍ਹਾਂ ਤੋੜ ਸੁੱਟਣ ਦਾ ਰਾਹ ਖੋਹਲ ਦੇਣਗੇ, ਜਿਸ ਤਰ੍ਹਾਂ ਹਿਟਲਰ ਦੇ ਨਾਜੀਵਾਦ ਨੇ, ਜਰਮਨ ਮਜ਼ਦੂਰਾਂ ਨੂੰ ਤੋੜ ਸੁੱਟਿਆ ਸੀ।

ਜਥੇਬੰਦ ਮਜ਼ਦੂਰਾਂ ਲਈ ਅੱਖਾਂ ਖੋਹਲਕੇ ਇਹ ਤੱਥ ਵੇਖਣ ਦਾ ਸਮਾਂ ਆ ਗਿਆ ਹੈ ਕਿ ਇਹ ਮਜ਼ਦੂਰਾਂ ਦੀ ਏਕਤਾ, ਇਕਜੁਟਤਾ ਕਾਇਮ ਕਰਨ ਦੀ ਜਥੇਬੰਦ ਕਰਨ ਦੀ ਆਖਰੀ ਘੜੀ ਹੈ। ਨਹੀਂ ਤਾਂ ਬਹੁਤ ਹੀ ਹੈਰਾਨੀਜਨਕ ਹਾਲਤਾਂ ਪੈਦਾ ਹੋ ਜਾਣਗੀਆਂ ਅਤੇ ਇਕਜੁਟ ਜਾਂ ਜਥੇਬੰਦੀ ਭਾਵ ਯੂਨੀਅਨਾਂ ਬਣਾਉਣ ਲਈ ਜਥੇਬੰਦਕ ਚੇਤਨਾ ਨਾਲ ਸੰਪਨ ਮਜ਼ਦੂਰ ਰਹਿਣਗੇ ਹੀ ਨਹੀਂ।



ਤੁਸੀਂ ਇਥੇ ਪੜ੍ਹ ਰਹੇ ਹੋ ਗਾਥਾ ਉਨ੍ਹਾਂ ਮਜ਼ਦੂਰਾਂ ਦੀ ਜਾਂ ਲੋਕਾਂ ਦੀ ਜਿਹੜੇ ਬਾਰਾਂ ਤੋਂ ਪੰਦਰਾਂ ਘੰਟੇ ਰੋਜ਼ਾਨਾ ਕੰਮ ਕਰਦੇ ਸਨ। ਤੁਸੀਂ ਪੜ੍ਹ ਰਹੇ ਹੋ ਗਾਥਾ, ਉਸ ਸਰਕਾਰ ਦੀ ਜਿਹੜੀ ਹਿੰਸਾ, ਦਹਿਸ਼ਤ ਅਤੇ ਸਖ਼ਤ ਪਾਬੰਦੀਆਂ ਦੇ ਜ਼ੋਰ ਨਾਲ ਚਲ ਰਹੀ ਹੈ।

ਇਹ ਹੈ ਉਨ੍ਹਾਂ ਲੋਕਾਂ ਦਾ ਟੀਚਾ, ਜਿਹੜਾ ਅੱਜ ਮਿਹਨਤਕਸ਼ ਆਵਾਮ ਨੂੰ ਚਕਨਾਚੂਰ ਕਰਨਾ ਚਾਹੁੰਦੇ ਹਨ। ਉਹ ਆਪਣੇ 'ਚੰਗੇ' ਦਿਨਾਂ ਦੀ ਫਿਰ ਵਾਪਸੀ ਲਿਆਉਣਾ ਚਾਹੁੰਦੇ ਹਨ। ਇਹਦੀ ਮਿਸਾਲ ਯੂਨਾਈਟਿਡ ਮਾਈਨਜ਼ ਦੇ ਖਾਣ ਮਜ਼ਦੂਰਾਂ ਦੇ ਮਾਮਲੇ ਵਿਚ ਸੁਪਰੀਮ ਕੋਰਟ ਦਾ ਫੈਸਲਾ ਹੈ। ਤੁਸੀਂ ਜਦੋਂ ਮਈ ਦਿਨ ਦੇ ਮੌਕੇ ਉਤੇ ਮਾਰਚ ਕਰੋਗੇ ਤਾਂ ਤੁਸੀਂ ਉਹਨਾਂ ਨੂੰ ਆਪਣਾ ਜਵਾਬ ਦਿਓਗੇ।

ਵਕਤ ਆ ਗਿਆ ਹੈ ਇਹ ਸਮਝਣ ਦਾ ਕਿ "ਅਮਰੀਕੀ ਸਾਮਰਾਜ" ਦੇ ਸੌਦੇ ਦਾ, ਯੂਨਾਨ, ਤੁਰਕੀ ਤੇ ਚੀਨ ਵਿਚ ਦਖਲ-ਅੰਦਾਜ਼ੀ ਦਾ ਕੀ ਰਿਸ਼ਤਾ ਹੈ? ਸਾਮਰਾਜ ਦੀ ਕੀਮਤ ਕੀ ਹੈ? ਜਿਹੜੇ ਦੁਨੀਆਂ ਉਤੇ ਰਾਜ ਕਰਨ, ਸਾਧਨਾਂ 'ਤੇ ਕਬਜ਼ੇ ਕਰਨ ਦੇ ਮਨਸ਼ੇ ਹੇਠ ਦੁਨੀਆਂ ਨੂੰ 'ਬਚਾਉਣ' ਲਈ ਚੀਖ਼ ਰਹੇ ਹਨ। ਉਨ੍ਹਾਂ ਨੂੰ ਦੂਸਰੇ ਸਾਮਰਾਜੀਆਂ ਦੇ ਅੰਜ਼ਾਮਾਂ ਨੂੰ ਯਾਦ ਕਰਨਾ ਚਾਹੀਦਾ ਹੈ। ਉਹ ਜ਼ਿੰਦਗੀ ਅਤੇ ਧਨ ਦੋਹਾਂ ਅਰਥਾਂ ਵਿਚ ਯੁੱਧ ਦੀ ਕੀਮਤ ਮੰਗਣ।

ਵਕਤ ਆ ਗਿਆ ਹੈ ਇਹ ਵੇਖਣ ਦੇ ਲਈ ਜਾਗ ਪੈਣ ਦਾ ਕਿ ਕਮਿਊਨਿਸਟਾਂ ਦੇ ਪਿਛੇ ਸ਼ਿਕਾਰੀ ਕੁੱਤੇ ਛੱਡੇ ਜਾਣ ਦਾ ਮਤਲਬ ਕੀ ਹੈ? ਕੀ ਇਕ ਵੀ ਅਜਿਹਾ ਦੇਸ਼ ਹੈ ਜਿਥੇ ਕਮਿਊਨਿਸਟ ਪਾਰਟੀ ਨੂੰ ਗੈਰ ਕਾਨੂੰਨੀ ਐਲਾਨਿਆ ਜਾਣਾ ਫਾਸ਼ੀਵਾਦੀ ਪੂੰਜੀ ਲਈ ਬੀਤੇ ਦਾ ਅਧਿਆਇ ਨਾ ਰਿਹਾ ਹੋਵੇ? ਕੀ ਅਜਿਹਾ ਕੋਈ ਇਕ ਵੀ ਦੇਸ਼ ਹੈ ਜਿਥੇ ਕਮਿਊਨਿਸਟਾਂ ਨੂੰ ਰਾਹ ਤੋਂ ਹਟਾਉਂਦਿਆਂ ਹੀ ਮਜ਼ਦੂਰ ਯੂਨੀਅਨਾਂ ਨੂੰ ਚਕਨਾਚੂਰ ਨਾ ਕਰ ਦਿੱਤਾ ਗਿਆ ਹੋਵੇ?

ਵਕਤ ਆ ਗਿਆ ਹੈ ਕਿ ਅਸੀਂ ਹਾਲਾਤਾਂ ਦੀ ਕੀਮਤ ਨੂੰ ਸਮਝੀਏ। ਕਮਿਊਨਿਸਟਾਂ ਨੂੰ ਤਸੀਹੇ ਦੇਣ ਦੀ ਮੁਹਿੰਮ ਭੰਡਨ ਤੇ ਜੇਲ੍ਹਾਂ 'ਚ ਸੁੱਟਣ ਦੀ ਮੁਹਿੰਮ ਦਰਅਸਲ ਜਥੇਬੰਦਕ ਮਜ਼ਦੂਰਾਂ ਨੂੰ ਟਿਕਾਣੇ ਲਾਉਣ ਦਾ ਮਨਸ਼ਾ ਹੀ ਸੀ। (ਮਜ਼ਦੂਰ ਜਮਾਤ ਨੂੰ ਆਗੂ ਵਿਹੁਣੇ ਕਰਨਾ)- ਉਨ੍ਹਾਂ ਦੀ ਕੀਮਤ ਹੈ ਫਾਸ਼ੀਵਾਦ ਅਤੇ ਅੱਜ ਅਜਿਹਾ ਕੌਣ ਹੈ, ਜਿਹੜਾ ਇਸ ਗੱਲ ਨੂੰ ਸਵੀਕਾਰ ਨਹੀਂ ਕਰੇਗਾ ਕਿ ਫਾਸ਼ੀਵਾਦ ਦੀ ਕੀਮਤ ਮੌਤ ਹੈ?

ਲਗਭਗ ਇਕ ਸੌ ਸਾਲ ਤੋਂ ਜਥੇਬੰਦ ਮਜ਼ਦੂਰ ਤਾਕਤ ਅਮਰੀਕੀ ਜਮਹੂਰੀਅਤ ਦੀ ਰੀੜ ਦੀ ਹੱਡੀ ਰਹੀ ਹੈ। ਅੱਜ ਸੈਤਾਨੀ ਅਤੇ ਲੋਕ ਵਿਰੋਧੀ ਉਲਟ ਇਨਕਲਾਬੀ ਤਾਕਤਾਂ ਇਹ ਕਰਨ ਲਈ ਠਾਣੀ ਬੈਠੀਆਂ ਹਨ ਕਿ ਜਥੇਬੰਦਕ ਕਿਰਤ ਨੂੰ ਨਸ਼ਟ ਕਰ ਦਿੱਤਾ ਜਾਵੇ।

ਮਈ ਦਿਨ ਇਸ ਦੇਸ਼ ਦੇ ਸਮੂਹ ਆਜ਼ਾਦੀ ਪ੍ਰੇਮੀ, ਜਮਹੂਰੀਅਤ, ਪ੍ਰੇਮੀ ਨਾਗਰਿਕਾਂ ਦੇ ਲਈ ਉਲਟ ਇਨਕਲਾਬੀਆਂ ਨੂੰ ਜਵਾਬ ਦੇਣ ਦਾ ਸਮਾਂ ਹੈ। ਮਾਰਚ ਕਰਦੇ ਜਾ ਰਹੇ ਲੱਖਾਂ ਹੀ ਲੋਕਾਂ ਦੀ ਇਕ ਹੀ ਆਵਾਜ਼ ਬੁਲੰਦ ਹੋ ਰਹੀ ਹੈ-ਮਈ ਦਿਨ ਦੇ ਮੁਜ਼ਾਹਰੇ ਵਿਚ ਸਾਡੇ ਨਾਲ ਆਓ ਅਤੇ ਮੌਤ ਦੇ ਸੌਦਾਗਰਾਂ ਨੂੰ ਇਕਜੁਟ ਮਜ਼ਦੂਰ ਤਾਕਤ ਨਾਲ ਜਵਾਬ ਦਿਓ। (ਸਾਮਰਾਜੀ ਪੂੰਜੀ ਤੋਂ ਮੁਕਤ ਫਾਸ਼ੀਵਾਦ ਤੋਂ ਮੁਕਤ ਸੰਸਾਰ ਸਿਰਜਨ ਲਈ ਅੱਗੇ ਵਧੋ।)

# Ontario Auditor General Report on COVID-19 in Ontario's LTC Homes Supports Longstanding Calls for Real Change

Toronto – Ontario's Auditor General released a 107-page report today assessing the province's response to COVID-19 in long-term care homes, listing a litany of problems that contributed to the lack of preparedness and inadequate management of the pandemic in the homes. Major issues highlighted in the report include: overcrowded homes, offloading of hospital patients into already overcrowded homes struggling with outbreaks, longstanding understaffing and critical staffing shortages as the pandemic progressed, restrictions on family and caregiver access, widespread non-compliance with sound infection control practices, the cancellation of comprehensive annual surprise inspections, delays and inadequate directives to address the spread of the virus in the homes, and lack of enforcement among others.


The Ontario Health Coalition, which was one of the stakeholders cited in the report, supports many of the key recommendations and findings of the Auditor General.

Critically, the Auditor notes that although vaccines have reduced the outbreaks of COVID-19, change is still needed to address the longstanding issues and the risks of severe outcomes for residents. She goes on to advise that the changes she is recommending, and more, are needed to ensure that the homes meet fundamental principle of Ontario's Long-Term Care Homes Act, that a long-term-care home is: "to be operated so that it is a place where [residents] may live with dignity and in security, safety and comfort and have their physical, psychological, social, spiritual and cultural needs adequately met."

The Auditor adds to the already existent bulk of evidence giving context to the horrific rate of infection and death in Ontario's long-term care homes. Of the 15 ltc homes with the highest death rate as of December 2020, 13 were operated by for-profits corporations. These 15 homes, having only approximately 4.4% of all long-term-care home

beds, accounted for 28% of all resident deaths. The data includes the first and second wave up until the end of December 2020, and does not include the devastating deaths in January and February from the second wave, which were also overwhelmingly in for-profit long-term care homes.

The Auditor vindicates years of our work, along with that of other advocates who have tried to win policy change to improve levels of care and accountability, reporting that although



longstanding issues had been raised for years prior to the pandemic, they were not addressed and still remain unaddressed. The Auditor further supports that establishing and enforcing minimum care (staffing standards) would better ensure that care needs are met.

She reports that delays, unclear communications and lack of enforcement by the Long-Term Care Ministry hampered the effectiveness of measures to contain COVID-19, noting that recommending rather than mandating measures to protect residents, failing to inspect and enforce containment measures, contributed to the disproportionate toll of infection and death.

# ਖ਼ੁਦਕੁਸ਼ੀ ਕਿਉਂ ? ਜ਼ਿੰਦਗੀ ਤਾਂ ਜੀਉਣ ਲਈ ਹੈ...

ਸੁਸ਼ੀਲ ਦੁਸਾਂਝ

ਦੁਨੀਆ ਭਰ ਵਿਚ ਖ਼ੁਦਕੁਸ਼ੀਆਂ ਦੀ ਤਦਾਦ ਲਗਾਤਾਰ ਵੱਧ ਰਹੀ ਹੈ। ਭਾਵੇਂ ਲਗਭਗ ਹਰ ਉਮਰ ਵਰਗ ਵਿਚ ਖ਼ੁਦਕੁਸ਼ੀਆਂ ਦਾ ਰੁਝਾਨ ਵਧਿਆ ਹੈ ਪਰ ਸ਼ੁਰੂਆਤੀ ਗਭਰੇਟ ਉਮਰ ਤੋਂ ਭਰ ਜਵਾਨੀ ਵੱਲ ਜਾਂਦੇ ਨੌਜਵਾਨਾਂ ਵਿਚ ਇਹ ਰੁਝਾਨ ਖ਼ਤਰਨਾਕ ਹੱਦ ਤੱਕ ਫੈਲ ਰਿਹਾ ਹੈ। ਵਿਸ਼ਵ ਸਿਹਤ ਸੰਗਠਨ (World Health Organisation) ਮੁਤਾਬਕ ਹਰ ਸਾਲ ਦੁਨੀਆ ਭਰ ਵਿਚ ਕਰੀਬ 13 ਲੱਖ ਲੋਕ ਆਤਮਹੱਤਿਆ ਕਰਦੇ ਹਨ। ਇਸ ਸਾਲ ਦੇ ਅਖ਼ੀਰ ਤੱਕ ਇਹ ਤਾਦਾਦ 15 ਲੱਖ ਤੋਂ ਪਾਰ ਜਾਣ ਦੀ ਸੰਭਾਵਨਾ ਹੈ। ਸੰਸਾਰ ਭਰ ਵਿਚ ਹੁੰਦੀਆਂ ਇੱਕ ਲੱਖ ਮੌਤਾਂ ਵਿਚੋਂ 17 ਦੇ ਕਰੀਬ ਲੋਕ ਖ਼ੁਦਕੁਸ਼ੀ ਕਰਦੇ ਹਨ। ਪਿਛਲੇ 45 ਸਾਲਾਂ ਵਿਚ ਸੰਸਾਰ ਭਰ ਵਿਚ ਆਤਮਹੱਤਿਆ ਦੀ ਦਰ 60 ਫ਼ੀਸਦੀ ਵੱਧ ਗਈ ਹੈ। ਇਹ ਬੇਹੱਦ ਖ਼ਤਰਨਾਕ ਸਥਿਤੀ ਹੈ।

ਭਾਰਤ ਵਿਚ ਵੀ ਖ਼ੁਦਕੁਸ਼ੀਆਂ ਦਾ ਰੁਝਾਨ ਤੇਜ਼ੀ ਨਾਲ਼ ਵਧਿਆ ਹੈ। ਪਿਛਲੇ 40 ਸਾਲਾਂ ਵਿਚ ਭਾਰਤ ਵਿਚ ਆਤਮਹੱਤਿਆ ਦੀ ਦਰ 48 ਫੀਸਦੀ ਵੱਧ ਗਈ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਦਸਤਾਵੇਜ਼ਾਂ ਦਾ ਅਧਿਐਨ ਕਰਨ 'ਤੇ ਪਤਾ ਲੱਗਾ ਹੈ ਕਿ ਸਾਲ 2000 ਤੋਂ 2020 ਦੇ ਦੌਰਾਨ ਭਾਰਤ ਵਿਚ 24 ਲੱਖ ਲੋਕਾਂ ਨੇ ਆਤਮਹੱਤਿਆ ਕੀਤੀ ਹੈ।


ਆਤਮਹੱਤਿਆ ਦਾ ਸਿੱਧਾ ਅਰਥ ਹੈ ਆਪਣੇ ਆਪ ਨੂੰ ਮਾਰਨਾ ਅਰਥਾਤ ਖ਼ੁਦ ਹੀ ਆਪਣੀ ਮੌਤ ਦਾ ਕਾਰਨ ਬਣ ਜਾਣਾ। ਆਤਮਹੱਤਿਆ ਅਜਿਹੀ ਸਮਾਜਿਕ ਸਮੱਸਿਆ ਹੈ, ਜਿਸ ਦਾ ਸਮਾਜ 'ਤੇ ਡੂੰਘਾ ਭਾਵਨਾਤਮਕ ਅਤੇ ਆਰਥਕ ਅਸਰ ਪੈਂਦਾ ਹੈ।

ਜ਼ਿੰਦਗੀ ਤਾਂ ਜੀਉਣ ਲਈ ਹੁੰਦੀ ਹੈ; ਫਿਰ ਸਵਾਲ ਹੈ ਕਿ ਕੋਈ ਖ਼ੁਦਕੁਸ਼ੀ ਕਿਉਂ ਕਰਦਾ ਹੈ?

ਹਰ ਆਤਮਹੱਤਿਆ ਪਿੱਛੇ ਕੋਈ ਨਾ ਕੋਈ ਕਾਰਨ ਤਾਂ ਲਾਜ਼ਮੀ ਹੀ ਹੁੰਦਾ ਹੈ। ਬਿਨਾਂ ਕਿਸੇ ਕਾਰਨ ਖ਼ੁਦਕੁਸ਼ੀ ਦੇ ਮਾਮਲੇ ਹਨ ਹੀ ਨਹੀਂ। ਆਮ ਤੌਰ 'ਤੇ ਆਰਥਕ ਸੰਕਟ, ਕਸ਼ਟਦਾਇਕ ਲੰਬਾ ਸਮਾਂ ਚਲਣ ਵਾਲੀਆਂ ਬਿਮਾਰੀਆਂ, ਮਾਨਸਿਕ ਤਣਾਅ, ਇਕੱਲਤਾ ਆਦਿ ਆਤਮਹੱਤਿਆ ਦੇ ਪ੍ਰਮੁੱਖ ਕਾਰਨ ਮੰਨੇ ਗਏ ਹਨ। ਪਰ ਸ਼ੁਰੂਆਤੀ ਗਭਰੇਟ ਉਮਰ ਤੋਂ ਭਰ ਜਵਾਨੀ ਵੱਲ ਜਾਂਦੇ ਨੌਜਵਾਨਾਂ ਵਿਚ ਆਤਮਹੱਤਿਆ ਦਾ ਪ੍ਰਮੁੱਖ ਕਾਰਨ ਸੋਸ਼ਲ ਮੀਡੀਆ ਬਣ ਗਿਆ ਹੈ।

ਦੁਨੀਆ ਬੜੀ ਤੇਜ਼ੀ ਨਾਲ਼ ਬਦਲ ਰਹੀ ਹੈ। ਬਦਲਾਅ ਲਾਜ਼ਮੀ ਹੈ ਪਰ ਪਿਛਲੇ 30 ਕੁ ਸਾਲ ਤੋਂ ਜਿਸ ਅਸਾਵੇਂ ਢੰਗ ਨਾਲ਼ ਬਦਲਾਅ ਆਏ ਹਨ, ਉਹਨੇ ਜ਼ਿੰਦਗੀ ਨੂੰ ਜੀਉਣ ਦੇ ਤੌਰ ਤਰੀਕਿਆਂ ਦੇ ਨਾਲ਼ ਨਾਲ਼ ਜ਼ਿੰਦਗੀ ਪ੍ਰਤੀ ਨਜ਼ਰੀਏ ਵਿਚ ਵੀ ਨੌਜਵਾਨਾਂ ਵਿਚ ਬੇਹੱਦ ਨਾਂਹ-ਪੱਖੀ ਰੁਝਾਨ ਪੈਦਾ ਕਰ ਦਿੱਤੇ ਹਨ। ਸੋਸ਼ਲ ਮੀਡੀਏ ਦੀ ਬੜੀ ਸਾਰਥਕ ਭੂਮਿਕਾ ਵੀ ਹੈ ਪਰ ਸਵਾਲ ਇਸ ਦੀ ਵਰਤੋਂ/ਦੁਰਵਰਤੋਂ ਦਾ ਹੈ। ਕਿਸੇ ਵੀ ਚੀਜ਼ ਦੀ ਸੁਯੋਗ ਵਰਤੋਂ ਜਿੱਥੇ ਜ਼ਿੰਦਗੀ ਨੂੰ ਚਾਰ ਚੰਨ ਲਾ ਦਿੰਦੀ ਹੈ ਉੱਥੇ ਦੁਰਵਰਤੋਂ ਇਸ ਦੇ ਬਿਲਕੁਲ ਉਲਟ ਪ੍ਰਸਥਿਤੀਆਂ ਪੈਦਾ ਕਰ ਕੇ ਹੱਸਦੀ ਜ਼ਿੰਦਗੀ ਨੂੰ ਮਾਤਮ ਵਿਚ ਤਬਦੀਲ ਕਰ ਦਿੰਦੀ ਹੈ।

ਅਜੋਕੇ ਸਮਿਆਂ ਦੌਰਾਨ ਜਦੋਂ ਨੌਜਵਾਨਾਂ ਵਿਚ ਸੋਸ਼ਲ ਮੀਡੀਆ ਦਾ ਚਲਨ ਬੇਹੱਦ ਵੱਧ ਗਿਆ ਹੈ ਤਾਂ ਇਹੀ ਸੋਸ਼ਲ ਮੀਡੀਆ ਨੌਜਵਾਨਾਂ ਦੀ ਜਾਨ ਦਾ ਖੌਅ ਵੀ ਬਣਦਾ ਜਾ ਰਿਹਾ ਹੈ। ਸੋਸ਼ਲ ਮੀਡੀਆ ਨੌਜਵਾਨਾਂ ਵਿਚ ਆਤਮਹੱਤਿਆ ਦੀ ਪ੍ਰਵਿਰਤੀ ਵਧਾਉਣ ਵਿਚ ਪ੍ਰਮੁੱਖ ਭੂਮਿਕਾ ਨਿਭਾ ਰਿਹਾ ਹੈ।



CDC Stats for Teenager Suicide

ਅਮਰੀਕਾ ਦੇ 'ਸੈਂਟਰ ਫ਼ਾਰ ਡੀਸ਼ੀਜ਼ ਕੰਟਰੋਲ (Centers for Disease Control) ਅਮਰੀਕਾ ਵਿਚ ਪਿਛਲੇ 40 ਸਾਲਾਂ ਵਿਚ ਸਾਲ 2015 ਦੌਰਾਨ ਮੁਟਿਆਰ ਹੁੰਦੀਆਂ ਕੁੜੀਆਂ ਵਿਚ ਆਮਹੱਤਿਆ ਦਾ ਰੁਝਾਨ ਸਭ ਤੋਂ ਵੱਧ ਸੀ ਜਦਕਿ ਸਾਲ 2007 ਤੋਂ 2015 ਦੌਰਾਨ ਜਵਾਨ ਹੁੰਦੇ ਮੁੰਡਿਆਂ ਵਿਚ ਆਮਹੱਤਿਆ ਦੀ ਦਰ 30 ਫ਼ੀਸਦੀ ਵੱਧ ਗਈ। ਭਾਰਤ ਵਿਚ ਵੀ ਨੌਜਵਾਨਾਂ ਵਿਚ ਲਗਭਗ ਇਸੇ ਦਰ ਨਾਲ਼ ਆਤਮਹੱਤਿਆ ਦਾ ਰੁਝਾਨ ਵਧਿਆ ਹੈ। ਇਸ ਉਮਰ ਵਰਗ ਦੇ ਲਗਭਗ ਹਰ ਮੁੰਡੇ-ਕੁੜੀ ਕੋਲ ਘੱਟੋ ਘੱਟ ਇਕ ਸੋਸ਼ਲ ਪਲੇਟਫਾਰਮ ਤਾਂ ਹੈ ਹੀ; ਕਈਆਂ ਕੋਲ ਦੋ-ਦੋ,ਤਿੰਨ-ਤਿੰਨ ਸੋਸ਼ਲ ਪਲੇਟਫਾਰਮ ਵੀ ਹਨ। ਇੰਸਟਾਗਰਾਮ, ਫੇਸਬੁੱਕ, ਯੂ.ਟਿਊਬ, ਟਵਿਟਰ, ਸਨੈਪਚੈਟ ਆਦਿ ਮੁੰਡੇ, ਕੁੜੀਆਂ ਦੇ ਪਸੰਦੀਦਾ ਪਲੇਟਫਾਰਮ ਹਨ। ਏਥੇ ਹੀ ਵਰਤੋਂ/ਦੁਰਵਰਤੋਂ ਦਾ ਮਾਮਲਾ ਹੈ।

ਬੱਚੇ, ਨੌਜਵਾਨ ਇਨ੍ਹਾਂ ਸੋਸ਼ਲ ਪਲੇਟਫਾਰਮਸ 'ਤੇ ਕੀ ਕਰਦੇ ਹਨ ?

ਉਹ ਆਪਣੇ ਦੋਸਤਾਂ ਨਾਲ਼ ਚੈਟ ਕਰਦੇ ਹਨ, ਇਕ ਦੂਜੇ ਨਾਲ਼ ਅਨੁਭਵ ਸਾਂਝੇ ਕਰਦੇ ਹਨ ਅਤੇ ਇਕ ਦੂਜੇ ਨੂੰ ਜਾਣਨ ਦੀ ਕੋਸ਼ਿਸ਼ ਕਰਦੇ ਹਨ। ਹੁਣ ਜੇ ਉਨ੍ਹਾਂ ਦਾ ਇਹ ਆਪਸੀ ਅਦਾਨ-ਪ੍ਰਦਾਨ ਹਾਂ-ਪੱਖੀ ਅਤੇ ਜ਼ਿੰਦਗੀ ਪ੍ਰਤੀ ਸਿਹਤਮੰਦ ਨਜ਼ਰੀਏ ਵਾਲਾ ਰਹਿੰਦਾ ਹੈ ਤਾਂ ਸਭ ਕੁਝ ਚੰਗਾ ਚੰਗਾ ਹੀ ਹੋਵੇਗਾ ਪਰ ਜੇਕਰ ਇਹ ਆਪਸੀ ਅਦਾਨ-ਪ੍ਰਦਾਨ ਨਾਂਹ-ਪੱਖੀ ਨਜ਼ਰੀਏ ਨਾਲ ਹੋਵੇਗਾ ਤਾਂ ਇਕ ਨਾ ਇਕ ਦਿਨ ਉਹ ਵਾਪਰ ਜਾਏਗਾ ਜੋ ਕਿਸੇ ਵੀ ਕਿਆਸਿਆ ਨਹੀਂ ਹੁੰਦਾ।

ਪਿੱਛੇ ਜਿਹੇ 1500 ਦੇ ਕਰੀਬ ਗਭਰੇਟ ਉਮਰ ਦੇ ਮੁੰਡੇ, ਕੁੜੀਆਂ ਅਤੇ ਬਾਲਗ ਨੌਜਵਾਨਾਂ ਵਿਚਾਲੇ ਇਕ ਸਰਵੇਖਣ ਕਰਵਾਇਆ ਗਿਆ। ਇਸ ਸਰਵੇਖਣ ਅਨੁਸਾਰ ਅੱਜ ਦੀ ਤਰੀਕ ਵਿਚ ਇੰਸਟਾਗਰਾਮ ਮਾਨਸਿਕ ਸਿਹਤ ਅਤੇ ਸਮਾਜਕ ਭਲਾਈ ਲਈ ਸਭ ਤੋਂ ਬੁਰਾ ਜਾਂ ਖ਼ਰਾਬ ਸੋਸ਼ਲ ਨੈੱਟਵਰਕ ਹੈ ਤੇ ਇਹ ਇੰਸਟਾਗਰਾਮ ਹੀ ਤਾਂ ਹੈ ਜੋ ਇਸ ਉਮਰ ਦੇ ਮੁੰਡੇ, ਕੁੜੀਆਂ ਵਿਚਾਲੇ ਸਭ ਤੋਂ ਜ਼ਿਆਦਾ ਲੋਕਪ੍ਰਿਅ ਹੈ। ਸਰਵੇਖਣ ਵਿਚ ਇਹ ਤੱਥ ਵੀ ਉਭਰ ਕੇ ਸਾਮ੍ਹਣੇ ਆਇਆ ਕਿ ਇਸ ਦੀ ਵਰਤੋਂ ਕਰਨ ਵਾਲਿਆਂ ਵਿਚ ਚਿੰਤਾ, ਡਰ, ਮਾਨਸਿਕ ਤਣਾਅ ਅਤੇ ਕਿਸੇ ਨੂੰ ਧਮਕਾਉਣ ਅਤੇ ਹਿੰਸਕ ਪ੍ਰਵਿਰਤੀ ਪੈਦਾ ਹੋਣ ਦੀਆਂ ਭਰਪੂਰ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ। ਸਰਵੇਖਣ ਵਿਚ ਸ਼ਾਮਲ ਇਨ੍ਹਾਂ ਪੰਜਾਂ ਸੋਸ਼ਲ ਨੈੱਟਵਰਕਸ ਵਿਚੋਂ ਯੂ.ਟਿਊਬ ਨੂੰ ਸਿਹਤ ਅਤੇ ਭਲਾਈ ਲਈ ਸਭ ਤੋਂ ਵੱਧ ਅੰਕ ਮਿਲੇ ਅਤੇ ਇਹ ਹੀ ਇਕੋ ਇਕ ਸਾਈਟ ਸੀ, ਜਿਸ ਨੂੰ ਸਕਾਰਾਤਮਕ ਮੰਨਿਆ ਗਿਆ।

ਯੂਨਾਈਟਿਡ ਕਿੰਗਡਮ ਦੀ ਰਾਇਲ ਸੁਸਾਇਟੀ ਫ਼ਾਰ ਪਬਲਿਕ ਹੈਲਥ ਵਲੋਂ ਪ੍ਰਕਾਸ਼ਤ #StatusOfMind ਸਰਵੇਖਣ ਵਿਚ ਇੰਗਲੈਂਡ, ਸਕਾਟਲੈਂਡ, ਵੇਲਸ ਅਤੇ ਉੱਤਰੀ ਆਇਰਲੈਂਡ ਦੇ 1,479 ਮੁੰਡੇ, ਕੁੜੀਆਂ (14 ਤੋਂ 24 ਸਾਲ) ਦੇ ਵਿਚਾਰ ਸ਼ਾਮਲ ਸਨ। ਦੇਖਿਆ ਗਿਆ ਕਿ ਜਿਹੜੇ ਨੌਜਵਾਨ ਸੋਸ਼ਲ ਨੈੱਟਵਰਕਿੰਗ ਸਾਈਟਸ 'ਤੇ ਰੋਜ਼ਾਨਾ ਦੋ ਘੰਟੇ ਤੋਂ ਜ਼ਿਆਦਾ ਸਮਾਂ ਬਿਤਾਉਂਦੇ ਹਨ, ਉਨ੍ਹਾਂ ਵਿਚ ਮਨੋਵਿਗਿਆਨਿਕ ਸੰਕਟ ਪੈਦਾ ਹੋਣ ਦੇ ਹਾਲਾਤ ਵਧੇਰੇ ਬਣਦੇ ਹਨ। # StatusOfMind ਰਿਪੋਰਟ ਵਿਚ ਕਿਹਾ ਗਿਆ ਕਿ ਸੋਸ਼ਲ ਸਾਈਟਸ 'ਤੇ ਤਸਵੀਰਾਂ ਅਤੇ ਵੀਡੀਓਜ਼ ਰਾਹੀ ਦੋਸਤਾਂ ਨੂੰ ਲਗਾਤਾਰ ਬਾਹਰ ਛੁੱਟੀਆਂ ਮਨਾਉਂਦੇ ਦੇਖਣਾ ਜਾਂ ਘਰਾਂ ਤੋਂ ਬਾਹਰ ਰਾਤਾਂ ਦੇ ਜਸ਼ਨਾਂ ਵਿਚ ਡੁੱਬਿਆਂ ਦੇਖਣਾ ਘਰੀਂ ਇੱਕਿਲਤਾ ਹੰਢਾ ਰਹੇ ਨੌਜਵਾਨਾਂ ਵਿਚ ਨਿਰਾਸ਼ਾ ਦਾ ਆਲਮ ਸਿਰਜ ਦਿੰਦਾ ਹੈ। ਨਿਰਾਸ਼ਾ ਅਤੇ ਉਦਾਸੀਨਤਾ ਵਿਚ ਡੁੱਬੇ ਨੌਜਵਾਨ ਫਿਰ ਸਿਰੇ ਦਾ ਆਤਮਘਾਤੀ ਕਦਮ ਚੁੱਕ ਲੈਂਦੇ ਹਨ।

ਇਕ ਹੋਰ ਸਰਵੇਖਣ ਵਿਚ ਇਕ ਨੌਜਵਾਨ ਲੜਕੀ ਦੱਸਦੀ ਹੈ ਕਿ ਇੰਸਟਾਗਰਾਮ ਸੌਖਿਆਂ ਹੀ ਕੁੜੀਆਂ ਅਤੇ ਔਰਤਾਂ ਨੂੰ ਇਹ ਮਹਿਸੂਸ ਕਰਵਾਉਂਦਾ ਹੈ ਕਿ ਜਿਵੇਂ ਉਨ੍ਹਾਂ ਦਾ ਸ਼ਰੀਰ ਬਹੁਤਾ ਚੰਗਾ ਨਹੀਂ ਹੈ ਜਾਂ ਉਹ ਖ਼ੂਬਸੂਰਤ ਨਹੀਂ ਹਨ ਕਿਉਂਕਿ ਇੰਸਟਾਗਰਾਮ 'ਤੇ ਤਸਵੀਰਾਂ ਅਤੇ ਵੀਡੀਓਜ਼ ਪਾਉਣ ਵਾਲੇ ਲੋਕ ਫਿਲਟਰ ਦੀ ਵਰਤੋਂ ਕਰਦੇ ਹਨ ਅਤੇ ਐਡਿਟ ਕਰਕੇ ਅਪਲੋਡ ਕਰਦੇ ਹਨ ਤੇ ਇਸ ਤਰ੍ਹਾਂ ਉਹ ਬੇਹੱਦ ਖ਼ੂਬਸੂਰਤ ਲੱਗਦੇ ਹਨ ਖਾਸ ਕਰ ਕੇ ਲੜਕੀਆਂ ਜਿਵੇਂ ਪਰੀਆਂ ਹੋਣ। ਇਨ੍ਹਾਂ ਸੰਪਾਦਤ ਅਤੇ ਫਿਲਟਰ ਕੀਤੀਆਂ ਤਸਵੀਰਾਂ ਅਤੇ ਵੀਡੀਓਜ਼ ਨੂੰ ਦੇਖਣ ਵਾਲੇ ਸਾਧਾਰਨ ਨੌਜਵਾਨ ਕੁੜੀਆਂ, ਮੁੰਡਿਆਂ ਦੇ ਦਿਲਾਂ ਵਿਚ ਹੌਲੀ ਹੌਲੀ ਆਪਣੇ ਪ੍ਰਤੀ ਹੀ ਨਫ਼ਰਤ ਦੀ ਭਾਵਨਾ ਵਿਕਸਤ ਹੋਣ ਲੱਗਦੀ ਹੈ, ਜੋ ਕਿਸੇ ਵੀ ਵੇਲੇ ਆਤਮਘਾਤੀ ਰਸਤਾ ਅਖ਼ਤਿਆਰ ਕਰ ਲੈਂਦੀ ਹੈ।

ਸੋਸ਼ਲ ਨੈੱਟਵਰਕ ਸਾਈਟਸ ਦੇ ਇਸ ਆਭਾਸੀ ਸੰਸਾਰ ਵਿਚ ਆਨਲਾਈਨ ਦੋਸਤਾਂ ਦੀ ਭਰਮਾਰ ਤੇ ਜ਼ਿੰਦਗੀ ਵਿਚ ਚੰਗੇ ਪਰਿਵਾਰਕ ਦੋਸਤਾਂ ਦੀ ਕਮੀ ਇਸ ਸੱਮਸਿਆ ਦੀ ਜੜ੍ਹ ਹੈ। ਨੌਜਵਾਨ ਮੁੰਡੇ-ਕੁੜੀਆਂ ਆਨਲਾਈਨ ਨਕਲੀ ਦੋਸਤ ਬਣਾਉਂਦੇ ਹਨ। ਇੱਕਾ, ਦੁੱਕਾ ਨੂੰ ਛੱਡ ਕੇ ਅਸਲੀ ਜੀਵਨ ਵਿਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੁੰਦੀ, ਉਹ ਅਸਲੀ ਜੀਵਨ ਦੇ ਮਿੱਤਰ ਹੁੰਦੇ ਹੀ ਨਹੀਂ। ਜਦੋਂ ਵੀ ਕਿਸੇ ਸੰਕਟ ਜਾਂ ਲੋੜ ਵੇਲੇ ਸੋਸ਼ਲ ਸਾਈਟਸ ਦੀ ਲਗਾਤਾਰ ਵਰਤੋਂ ਕਰਨ ਵਾਲੇ ਨੌਜਵਾਨ ਆਪਣਾ ਦੁੱਖ ਕਿਸੇ ਨਾਲ ਸਾਂਝਾ ਕਰਨਾ ਚਾਹੁੰਦੇ ਹਨ, ਉਦੋਂ ਉਨ੍ਹਾਂ ਦਾ ਹੱਥ ਫੜਨ, ਧਰਵਾਸ, ਦਿਲਾਸਾ ਦੇਣ ਜਾਂ ਮੁਹਬੱਤ ਦੇ ਦੋ ਬੋਲ ਸਾਂਝੇ ਕਰਨ ਲਈ ਕੋਈ ਅਸਲੀ ਦੋਸਤ ਹੁੰਦੇ ਹੀ ਨਹੀਂ। ਬਹੁਤ ਸਾਰੇ ਮੁੰਡੇ, ਕੁੜੀਆਂ ਨੂੰ ਜਦੋਂ ਸੋਸ਼ਲ ਸਾਈਟਸ 'ਤੇ ਪ੍ਰਵਾਨਗੀ ਹੀ ਨਹੀਂ ਮਿਲਦੀ ਤਦ ਵੀ ਉਹ ਨਿਰਾਸ਼ਾ ਦੇ ਸਾਗਰਾਂ ਵਿਚ ਗੋਤੇ ਲਾਉਣ ਲੱਗਦੇ ਹਨ।

ਅਜੋਕੇ ਦੌਰ ਵਿਚ ਸਾਈਬਰ ਕਰਾਈਮ ਅਤੇ ਸਾਈਬਰ ਧਮਕੀਆਂ ਵੀ ਏਨੀਆਂ ਵੱਧ ਗਈਆਂ ਹਨ ਕਿ ਅਚਾਨਕ ਇਸ ਤਰ੍ਹਾਂ ਦੇ ਵਰਤਾਰੇ ਨੂੰ ਨੌਜਵਾਨ ਸੰਭਾਲ ਹੀ ਨਹੀਂ ਪਾਉਂਦੇ ਤੇ ਉਹ ਆਪਣੀ ਜੀਵਨ ਲੀਲਾ ਹੀ ਸਮਾਪਤ ਕਰਨ ਦੇ ਰਾਹ 'ਤੇ ਤੁਰ ਪੈਂਦੇ ਹਨ। ਗਭਰੇਟ ਉਮਰ ਵਿਚ ਮੁੰਡੇ-ਕੁੜੀਆਂ ਵਿੱਚ ਇਕ ਦੂਜੇ ਪ੍ਰਤੀ ਖਿੱਚ ਤੇ ਫਿਰ ਉਸ ਖਿੱਚ ਦਾ ਜਨੂੰਨ ਵਿਚ ਬਦਲ ਜਾਣਾ ਵੀ ਸੋਸ਼ਲ ਸਾਈਟਸ 'ਤੇ ਆਮ ਵਰਤਾਰਾ ਹੈ। ਬਹੁਤੀ ਵਾਰ ਇਹ ਜਨੂੰਨ ਵੀ ਆਤਮਹੱਤਿਆ ਦਾ ਕਾਰਨ ਬਣ ਜਾਂਦਾ ਹੈ।

ਸੋਸ਼ਲ ਸਾਈਟਸ ਦੀ ਦੁਰਵਰਤੋਂ ਕਰਦਿਆਂ ਪੈਦਾ ਹੋ ਰਹੇ ਮਾਨਸਿਕ ਤਣਾਅ ਦਾ ਸ਼ੁਰੂਆਤੀ ਸਮਾਂ ਤਾਂ ਪਤਾ ਹੀ ਨਹੀਂ ਲੱਗਣ ਦਿੰਦਾ ਕਿ ਬੱਚਾ ਇਹਦਾ ਸ਼ਿਕਾਰ ਹੋ ਰਿਹਾ ਹੈ। ਹੌਲੀ ਹੌਲੀ ਪੈਦਾ ਹੋ ਰਿਹਾ ਆਤਮਹੱਤਿਆ ਦਾ ਵਿਚਾਰ ਵੀ ਦਿਖਾਈ ਨਹੀਂ ਦਿੰਦਾ। ਜਿਹੜੇ ਨੌਜਵਾਨ ਖ਼ੁਦਕੁਸ਼ੀ ਬਾਰੇ ਸੋਚ ਵੀ ਰਹੇ ਹੁੰਦੇ ਹਨ, ਉਹ ਕਦੇ ਵੀ ਇਹਦੇ ਬਾਰੇ ਕਿਸੇ ਨੂੰ ਨਹੀਂ ਦੱਸਦੇ। ਇਕ ਪਲ ਵਿਚ ਹੀ ਕਈ ਨੌਜਵਾਨ ਆਤਮਹੱਤਿਆ ਦਾ ਰਸਤਾ ਚੁਣ ਲੈਂਦੇ ਹਨ।

ਇਨ੍ਹਾਂ ਪ੍ਰਸਥਿਤੀਆਂ ਵਿਚ ਸੋਸ਼ਲ ਨੈੱਟਵਰਕ ਸਾਈਟਸ ਦੀ ਦੁਰਵਰਤੋਂ ਨੂੰ ਠੱਲ ਪਾ ਕੇ ਸਹੀ ਤੇ ਸੁਯੋਗ ਵਰਤੋਂ ਨੂੰ ਉਤਸ਼ਾਹਿਤ ਕੀਤੇ ਜਾਣ ਦੀ ਜ਼ਰੂਰਤ ਹੈ। ਅਜੋਕੇ ਸਮਿਆਂ ਵਿਚ ਸਕੂਲੀ ਪਾਠਕ੍ਰਮ ਵਿਚ ਸੋਸ਼ਲ ਮੀਡੀਏ ਦੀ ਸਾਰਥਕ ਵਰਤੋਂ ਨੂੰ ਇਕ ਜ਼ਰੂਰੀ ਵਿਸ਼ੇ ਦੇ ਤੌਰ 'ਤੇ ਪੜ੍ਹਾਏ ਜਾਣ ਦੀ ਅਹਿਮ ਲੋੜ ਹੈ।

ਬਾਲਗ ਨੌਜਵਾਨਾਂ ਵਿਚਾਲੇ ਵੀ ਸੋਸ਼ਲ ਮੀਡੀਏ ਦੀ ਸਹੀ ਵਰਤੋਂ ਪ੍ਰਤੀ ਜਾਗਰੂਕਤਾ ਫੈਲਾਏ ਜਾਣ ਲਈ ਸਮਾਜਿਕ ਸੰਗਠਨਾਂ ਵਲੋਂ ਉਚੇਚੇ ਯਤਨ ਕਰਨ ਦੀ ਜ਼ਰੂਰਤ ਹੈ। ਮਾਨਸਿਕ ਤਣਾਅ ਅਤੇ ਬੱਚੇ ਦੇ ਵਰਤੋਂ ਵਿਹਾਰ ਨੂੰ ਦੇਖਣਾ ਤੇ ਉਸ 'ਤੇ ਪੈਂਦੇ ਅਸਰ ਨੂੰ ਪਛਾਨਣਾ ਜਿੱਥੇ ਬੇਹੱਦ ਜ਼ਰੂਰੀ ਹੈ, ਉੱਥੇ ਤੁਰੰਤ ਮਾਨਸਿਕ ਰੋਗਾਂ ਦੇ ਮਾਹਰਾਂ ਦੀ ਮਦਦ ਲੈਣਾ, ਮਾਤਾ-ਪਿਤਾ ਤੇ ਬਾਕੀ ਪਰਿਵਾਰਕ ਮੈਂਬਰਾਂ ਵਲੋਂ ਪੀੜਤ ਨੌਜਵਾਨਾਂ ਦੀ ਹਰ ਤਰ੍ਹਾਂ ਨਾਲ਼ ਮਦਦ ਕਰਨਾ, ਉਨ੍ਹਾਂ ਦੇ ਕੋਲ ਰਹਿਣਾ, ਉਨ੍ਹਾਂ ਨਾਲ਼ ਬੇਹੱਦ ਮੁਹਬੱਤੀ ਅਤੇ ਦੋਸਤਾਨਾ ਤਰੀਕੇ ਨਾਲ਼ ਪੇਸ਼ ਆਉਣਾ, ਕੁਝ ਅਜਿਹੇ ਤਰੀਕੇ ਹਨ, ਜੋ ਸਕਾਰਾਤਮਕ ਨਤੀਜੇ ਦੇ ਸਕਦੇ ਹਨ।

ਲੋੜਾਂ ਦੀ ਲੋੜ ਹੈ ਕਿ ਸੋਸ਼ਲ ਨੈੱਟਵਰਕਿੰਗ ਰਾਹੀਂ ਨਸ਼ੇ ਦੇ ਸ਼ਿਕਾਰ ਨੌਜਵਾਨਾਂ ਨਾਲ਼ ਅਸਲੀ ਜੀਵਨ ਦੀ ਬਾਤ ਪਾਉਣ ਦੇ ਢੰਗ ਤਰੀਕੇ ਲੱਭੇ ਜਾਣ, ਉਨ੍ਹਾਂ ਨੂੰ ਸਮਝਿਆ ਜਾਵੇ ਅਤੇ ਸੰਵਾਦ ਨਾਲ਼ ਮਸਲੇ ਦੀ ਜੜ੍ਹ ਨੂੰ ਹੱਥ ਪਾਇਆ ਜਾਵੇ।



ਸੁਰਿੰਦਰ ਗੀਤ
403-605-3734

# ਚੰਗੀ ਮਾਂ ਜ਼ਰੂਰ ਹਾਂ

ਅੱਜ ਉਹ ਬਹੁਤ ਖ਼ੁਸ਼ ਸੀ। ਏਨਾ ਖ਼ੁਸ਼ ਮੈਂ ਉਸਨੂੰ ਕਦੇ ਵੀ ਨਹੀਂ ਸੀ ਦੇਖਿਆ। ਕਲ੍ਹ ਜਦੋਂ ਉਸਦਾ ਫੋਨ ਆਇਆ ਸੀ ਤਾਂ ਮੈਨੂੰ ਮਹਿਸੂਸ ਹੋਇਆ ਕਿ ਅੱਜ ਉਸਦੇ ਬੋਲਾਂ ਵਿੱਚ ਕਿਸੇ ਵਖਰੀ ਹੀ ਕਿਸਮ ਦੀ ਟੁਣਕਾਰ ਸੀ। ਮੈਂ ਇਸਤੋਂ ਪਹਿਲਾਂ ਕਦੇ ਵੀ ਉਸਦੀ ਏਨ੍ਹੀ ਟੁਣਕਦੀ ਆਵਾਜ਼ ਨਹੀਂ ਸੀ ਸੁਣੀ।

ਉਹ ਕਹਿ ਰਹੀ ਸੀ, "ਗੀਤ ਭੈਣ ਜੀ, ਕਲ੍ਹ ਨੂੰ ਤੁਹਾਡੇ ਕੋਲ ਟਾਈਮ ਹੈ ਮੇਰੇ ਨਾਲ ਕਿਤੇ ਜਾਣ ਦਾ? "

ਮੈਂ ਹੈਰਾਨ ਜਿਹੀ ਹੋਈ ਕਿ ਇਹ ਅੱਜ ਏਨ੍ਹੀ ਖ਼ੁਸ਼ ਕਿਉਂ ਹੈ। ਇਸਦਾ ਫੋਨ ਵੀ ਬੜੀ ਦੇਰ ਬਾਦ ਆਇਆ ਹੈ। ਕਿੱਥੇ ਜਾਣਾ ਚਾਹੁੰਦੀ ਹੈ? ਮੈਂ ਆਪਣੇ ਆਪ ਤੇ ਹੀ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਇਕ ਦਮ ਖਿਆਲ ਆਇਆ ਕਿ ਮੈਂ ਕਹਿ ਦੇਵਾਂ ਕਿ ਮੈਂ ਕਿਤੇ ਜਾਣਾ ਹੈ। ਪਰ ਫਿਰ ਸੋਚਿਆ ਪਤਾ ਨੀ ਉਸਨੇ ਕਿੱਥੇ ਜਾਣਾ ਹੈ! ਮੈਂ ਕਿਤੇ ਨਾਂਹ ਕਰਕੇ ਕੋਈ ਗਲਤੀ ਨਾ ਕਰ ਬੈਠਾਂ। ਹੋ ਸਕਦਾ ਕੋਈ ਜ਼ਰੂਰੀ ਕੰਮ ਹੋਵੇ। ਬਿਨਾਂ ਸੋਚੇ ਸਮਝੇ ਨਾਂਹ ਨਹੀਂ ਕਰਨੀ ਚਾਹੀਦੀ।

ਮੈਂ ਕਿਹਾ, "ਹਾਂ ਦੱਸ ਦਵਿੰਦਰ ਕਿੱਥੇ ਜਾਣਾ ਹੈ।"

ਉਹ ਅੱਗੋਂ ਬੋਲੀ, "ਕਲ੍ਹ ਅਮਨ ਨੂੰ ਡਿਗਰੀ ਮਿਲਣੀ ਹੈ। ਤੁਹਾਨੂੰ ਯਾਦ ਹੋਣਾ ਜਦੋਂ ਅਮਨ ਪਹਿਲੇ ਦਿਨ ਯੂਨੀਵਰਸਿਟੀ ਗਈ ਸੀ ਤਾਂ ਤੁਸੀਂ ਮੇਰੇ ਨਾਲ ਗਏ ਸੀ।"

ਮੈਂ ਯਾਦ ਜਿਹਾ ਕਰਕੇ ਕਿਹਾ, "ਹਾਂ ਹਾਂ, ਮੈਨੂੰ ਯਾਦ ਹੈ।"

ਅੱਗੋਂ ਉਹ ਹੱਸ ਕੇ ਬੋਲੀ, "ਤਾਂ ਹੀ ਤਾਂ ਅੱਜ ਅਮਨ ਕਹਿੰਦੀ ਹੈ ਬਈ ਆਂਟੀ ਨੂੰ ਫੋਨ ਕਰੋ ਮੰਮੀ। ਜੇਕਰ ਉਹ ਓਥੇ ਹੋਣਗੇ ਤਾਂ ਮੈਨੂੰ ਬਹੁਤ ਚੰਗਾ ਲੱਗੇਗਾ। "

ਅੱਜ ਸਵੇਰੇ ਹੀ ਦਵਿੰਦਰ ਨੇ ਆਪਣੀ ਕਾਰ ਮੇਰੇ ਘਰ ਮੂਹਰੇ ਲਿਆ ਖੜ੍ਹੀ ਕੀਤੀ। ਦਵਿੰਦਰ ਨੇ ਬਹੁਤ ਹੀ ਸੋਹਣੀ ਡਰਿਸ ਪਾਈ ਹੋਈ ਸੀ। ਉਸਦੇ ਚੇਹਰੇ ਦੀ ਰੌਣਕ ਤੋਂ ਇਉਂ ਲੱਗਦਾ ਸੀ ਜਿਵੇਂ ਅੱਜ ਉਸਨੂੰ ਨਵਾਂ ਜੀਵਨ ਮਿਲਿਆ ਹੋਵੇ। ਜਿਵੇਂ ਕਿਸੇ ਸੁੱਕੇ ਰੁੰਡ ਮੁਰੰਡ ਬੂਟੇ ਤੇ ਅਚਾਨਕ ਗੁਲਾਬੀ ਰੰਗ ਦੇ ਫੁੱਲ ਖਿੜ ਪਏ ਹੋਣ। ਕਿਸੇ ਨਵੇਂ ਜਨਮ ਵਰਗੀ ਰੌਣਕ ਸੀ ਉਸਦੇ ਚਿਹਰੇ ਤੇ। ਅੱਜ ਉਸਦਾ ਨਵਾਂ ਜਨਮ ਹੀ ਤਾਂ ਸੀ। ਉਸਦੀ ਜੀਵਨ ਭਰ ਦੀ ਕਮਾਈ ਨੂੰ ਫਲ ਲਗਿਆ ਸੀ।

ਉਹ ਠੀਕ ਸਵੇਰੇ ਅੱਠ ਵਜੇ ਮੇਰੇ ਘਰ ਆ ਗਈ ਸੀ ਅਤੇ ਅਸੀਂ ਠੀਕ ਸਮੇਂ ਸਿਰ ਅਮਨ ਦੀ ਖ਼ੁਸ਼ੀ ਵਿੱਚ ਸ਼ਾਮਲ ਹੋਣ ਲਈ ਯੂਨੀਵਰਸਿਟੀ ਦੇ ਵਿਸ਼ਾਲ ਆਡੀਟੋਰੀਅਮ ਵਿੱਚ ਮੂਹਰਲੀਆਂ ਸੀਟਾਂ ਮਲ ਲਈਆਂ।

ਮੈਂ ਦਵਿੰਦਰ ਦੀਆਂ ਅੱਖਾਂ ਵੱਲ ਤੱਕਿਆ ਤਾਂ ਉਸਦੀਆਂ ਅੱਖਾਂ ਵਿੱਚ ਖ਼ੁਸ਼ੀ ਦਾ ਪਾਣੀ ਚਮਕਦਾ ਦਿੱਸਿਆ। ਮੈਨੂੰ ਉਸਦੀਆਂ ਅੱਖਾਂ ਵਿੱਚ ਉਸਦੇ ਜੀਵਨ ਦੀ ਕਹਾਣੀ ਦੀ ਸਾਰੀ ਦੀ ਸਾਰੀ ਰੀਲ ਚਲਦੀ ਦਿਖਾਈ ਦੇ ਰਹੀ ਸੀ।

ਦਵਿੰਦਰ ਮੈਨੂੰ ਸਭ ਤੋਂ ਪਹਿਲਾਂ ਇਕ ਪਾਰਟੀ ਵਿੱਚ ਮਿਲੀ ਸੀ। ਉਹ ਮੇਰੇ ਵਾਲੇ ਟੇਬਲ ਤੇ ਹੀ ਘੰਟਾ ਭਰ ਬੈਠੀ ਰਹੀ ਸੀ ਅਤੇ ਇਸ ਮੁਲਾਕਾਤ ਦੌਰਾਨ ਹੀ ਸਾਡੀ ਮੁੱਢਲੀ ਜਾਣ ਪਹਿਚਾਣ ਹੋਈ ਸੀ। ਉਹ ਸੋਹਣੀ ਸੁਨੱਖੀ ਤਾਂ ਬਥੇਰੀ ਸੀ ਪਰ ਚਿਹਰੇ ਦੀ ਉਦਾਸੀ ਬਹੁਤ ਕੁਝ ਬਿਆਨ ਕਰ ਰਹੀ ਸੀ। ਉਸ ਵੱਲ ਤੱਕਿਆਂ ਹਰ ਕੋਈ ਸਮਝ ਸਕਦਾ ਸੀ ਕਿ ਇਸ ਔਰਤ ਉੱਪਰ ਕਿਸੇ ਗੱਲ ਦਾ ਬੋਝ ਹੈ। ਦੂਸਰੀ ਗੱਲ ਇਹ ਕਿ ਉਹ ਆਮ ਲੋਕਾਂ ਨਾਲੋਂ ਕੁਝ ਜਿਆਦਾ ਹੀ ਆਪਣੀ ਬੇਟੀ ਬਾਰੇ ਫਿਕਰਮੰਦ ਸੀ। ਕਿਸੇ ਇਕੱਠ ਵਿੱਚ ਇਕ ਮਿੰਟ ਲਈ ਵੀ ਉਹ ਆਪਣੀ ਬੇਟੀ ਨੂੰ ਆਪਣੇ ਤੋਂ ਪਰੇ ਨਹੀਂ ਸੀ ਕਰਦੀ।

ਮੈਂ ਨੀਝ ਲਾ ਕੇ ਦੋਹਾਂ ਦੇ ਚਿਹਰੇ ਵੱਲ ਤੱਕਿਆ। ਦੋਹਾਂ ਦੀ ਸ਼ਕਲ ਬਿਲਕੁਲ ਵੀ ਨਹੀਂ ਸੀ ਮਿਲਦੀ। ਆਪਣੀ ਆਦਤ ਮੁਤਾਬਕ ਮੇਰੇ ਮੂੰਹੋਂ ਨਿਕਲ ਹੀ ਗਿਆ "ਤੁਹਾਡੀ ਬੇਟੀ ਬਹੁਤ ਸੋਹਣੀ ਹੈ। ਵੱਡੀ ਹੋਕੇ ਬਹੁਤ ਸੋਹਣੀ ਉੱਚੀ ਲੰਬੀ ਜਵਾਨ ਹੋਵੇਗੀ।"

"ਹਾਂ ਜੀ।" ਇਹ ਬਿਲਕੁਲ ਆਪਣੇ ਡੈਡੀ 'ਤੇ ਹੈ। ਜਿਵੇਂ ਹੀ ਉਸਨੇ ਕਿਹਾ ਉਹ ਹੋਰ ਉਦਾਸ ਹੋ ਗਈ ਤੇ ਬੱਚੀ ਦੇ ਸਿਰ ਤੇ ਉਸਨੇ ਬਹੁਤ ਹੀ ਪਿਆਰਾ ਜਿਹਾ ਚੁੰਮਣ ਦਿੱਤਾ।"

ਮੇਰਾ ਚਿੱਤ ਤਾਂ ਕੀਤਾ ਸੀ ਕਿ ਮੈਂ ਉਦਾਸੀ ਦਾ ਕਾਰਣ ਪੁੱਛਾਂ ਪਰ ਹੀਆ ਨਾ ਪਿਆ। ਉਸਨੇ ਵੀ ਦੱਸਣ ਦੀ ਕੋਸ਼ਿਸ਼ ਨਾ ਕੀਤੀ। ਬੱਸ ਮੇਰੇ ਕੰਮ ਕਾਰ ਬਾਰੇ ਤੇ ਆਪਣੇ ਕੰਮ ਬਾਰੇ ਗੱਲਾਂ ਕਰਦੀ ਰਹੀ। ਉਸ ਦੀਆਂ ਗੱਲਾਂ ਬਾਤਾਂ ਤੋਂ ਮੈਨੂੰ ਇਹ ਵੀ ਪਤਾ ਲੱਗ ਗਿਆ ਕਿ ਉਹ ਕਿਸੇ ਚੰਗੇ ਕੰਮ ਦੀ ਤਲਾਸ਼ ਵਿੱਚ ਹੈ ਜਿੱਥੇ ਉਸਨੂੰ ਕੁਝ ਵੱਧ ਪੈਸੇ ਮਿਲ ਸਕਣ ਤੇ ਸਮੇਂ ਸਿਰ ਆਪਣੀ ਬੇਟੀ ਨੂੰ ਸਕੂਲ ਛੱਡ ਸਕੇ ਅਤੇ ਛੁੱਟੀ ਮਿਲਣ ਤੇ ਘਰ ਲਿਆ ਸਕੇ।

ਇਸ ਤੋਂ ਦੋ ਕੁ ਹੱਫਤੇ ਬਾਦ ਦਵਿੰਦਰ ਦਾ ਫੋਨ ਆਇਆ। ਉਹ ਕਹਿ ਰਹੀ ਸੀ, "ਭੈਣ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਨੂੰ ਸਿਟੀ ਹਾਲ ਦੇ ਕੈਫੇਟੇਰੀਆ ਵਿੱਚ ਕੰਮ ਮਿਲ ਗਿਆ ਹੈ। ਮੈਂ ਤੁਹਾਡਾ ਰੈਫਰੈਂਸ ਲਈ ਨਾਮ ਭਰ ਦਿੱਤਾ ਸੀ ਤੇ ਅੱਜ ਉਹਨਾਂ ਦਾ ਫੋਨ ਆ ਗਿਆ ਹੈ। ਮੈਂ ਸੋਮਵਾਰ ਤੋਂ ਓਥੇ ਕੰਮ ਸ਼ੁਰੂ ਕਰਨਾ ਹੈ। "



ਤੇ ਫਿਰ ਉਹ ਮੈਨੂੰ ਸ਼ਾਪਿੰਗ ਮਾਲ ਵਿੱਚ ਮਿਲੀ। ਦਵਿੰਦਰ ਨੇ ਮੈਨੂੰ ਸਤਿ ਸ੍ਰੀ ਆਕਾਲ ਬੁਲਾਈ ਤੇ ਫਿਰ ਆਪਣੀ ਬੇਟੀ ਨੂੰ ਕਹਿਣ ਲੱਗੀ, "ਅਮਨ ਪੁੱਤ, ਅੰਟੀ ਜੀ ਨੂੰ ਸਤਿ ਸ੍ਰੀ ਅਕਾਲ ਕਹੋ।"

ਅਮਨ ਨੇ ਪਿਆਰੀ ਤੋਤਲੀ ਜਿਹੀ ਆਵਾਜ਼ 'ਚ ਹੱਥ ਜੋੜ ਕੇ ਕਿਹਾ, "ਸਤਿ ਸ੍ਰੀ ਆਕਾਲ ਅੰਟੀ ਜੀ।"

ਮੈਂ ਬੱਚੀ ਨੂੰ ਪਿਆਰ ਦਿੱਤਾ ਤੇ ਦਵਿੰਦਰ ਦੇ ਮੂੰਹ ਵੱਲ ਤੱਕਣ ਲੱਗ ਪਈ। ਉਸਦੇ ਮੂੰਹੋਂ ਕੁਝ ਸ਼ਬਦਾਂ ਦੀ ਜਾਣੀਂ ਉਡੀਕ ਸੀ ਮੈਨੂੰ।

ਦਵਿੰਦਰ ਨੇ ਤਰਲੇ ਭਰੇ ਲਹਿਜੇ ਵਿੱਚ ਕਿਹਾ, "ਭੈਣ ਜੀ, ਮੈਂ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੀ ਹਾਂ। ਤੁਹਾਡੇ ਕੋਲ ਜੇ ਟਾਈਮ ਹੈ ਤਾਂ ਆਪਾਂ ਏਥੇ ਹੀ ਫੂਡ ਕੋਰਟ 'ਚ ਜਾ ਕੇ ਕੁਝ ਸਮਾਂ ਬੈਠ ਸਕਦੇ ਹਾਂ।"

ਮੈਂ ਪਲ ਕੁ ਭਰ ਚੁੱਪ ਕਰਨ ਤੋਂ ਬਾਦ ਕਿਹਾ, "ਮੇਰਾ ਘਰ ਇੱਥੋਂ ਨੇੜੇ ਹੀ ਹੈ। ਮੇਰੇ ਘਰ ਇਸ ਸਮੇਂ ਕੋਈ ਨਹੀਂ। ਸਾਰੇ ਜਾਣੇ ਵੈਨਕੂਵਰ ਗਏ ਹਨ। ਰਿਸ਼ਤੇਦਾਰੀ ਵਿੱਚ ਵਿਆਹ ਸੀ। ਮੈਨੂੰ ਕੁਝ ਕੰਮ ਸੀ, ਇਸ ਕਰਕੇ ਨਹੀਂ ਗਈ। ਕਿਉਂ ਨਾ ਆਪਾਂ ਘਰ ਹੀ ਚਲੇ ਜਾਈਏ। ਜੋ ਗੱਲ ਬਾਤ ਕਰਨੀ ਹੈ ਆਪਾਂ ਆਰਾਮ ਨਾਲ ਬੈਠਕੇ ਕਰ ਲਵਾਂਗੇ।"

ਉਸਦੇ ਕਹਿਣ ਦੇ ਲਹਿਜੇ ਤੋਂ ਮੈਂ ਸਮਝ ਗਈ ਕਿ ਇਸਨੇ ਕੁਝ ਖਾਸ ਹੀ ਗੱਲਬਾਤ ਕਰਨੀ ਹੈ। ਇਸ ਲਈ ਮੈਂ ਘਰ ਬਹਿ ਕੇ ਹੀ ਗੱਲ ਕਰਨੀ ਬੇਹਤਰ ਸਮਝੀ।

ਉਹ ਇਕ ਦਮ ਹੀ ਮੰਨ ਗਈ। ਮੈਂ ਸ਼ਾਪਿੰਗ ਸੈਂਟਰ ਵਾਲਾ ਆਪਣਾ ਕੰਮ ਵਿੱਚੇ ਹੀ ਛੱਡ ਦਿੱਤਾ ਤੇ ਅੱਗੇ ਪਿੱਛੇ ਕਾਰਾਂ ਲਾ ਕੇ ਪੰਦਰਾਂ ਵੀਹ ਮਿੰਟਾਂ 'ਚ ਅਸੀਂ ਸਾਡੇ ਘਰ ਪੁੱਜ ਗਈਆਂ।

ਮੈਂ ਚਾਹ ਬਣਾਉਣ ਲਈ ਉੱਠੀ ਤਾਂ ਦਵਿੰਦਰ ਮੇਰੇ ਮਗਰ ਹੀ ਰਸੋਈ 'ਚ ਆ ਗਈ। ਉਹ ਚਾਹ ਬਣਾਉਣ ਵਿੱਚ ਮੇਰੀ ਮੱਦਦ ਕਰਨ ਲੱਗੀ। ਚਾਹ ਬਣਾਉਂਦੇ ਬਣਾਉਂਦੇ ਹੀ ਉਸਨੇ ਮੇਰੇ ਨਾਲ ਖੁਲ੍ਹ ਕੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

"ਭੈਣ ਜੀ, ਮੇਰਾ ਮਨ ਭਰਿਆ ਪਿਆ ਹੈ। ਮੇਰਾ ਬਾਹਲਾ ਹੀ ਚਿੱਤ ਕਰਦਾ ਸੀ ਤੁਹਾਡੇ ਨਾਲ ਗੱਲ ਕਰਨ ਨੂੰ। ਪਤਾ ਨੀ ਕਿਉਂ ਤੁਸੀਂ ਮੈਨੂੰ ਆਪਣੇ ਆਪਣੇ ਲੱਗਦੇ ਹੋ।"

ਚਾਹ ਬਣ ਗਈ ਅਤੇ ਅਸੀਂ ਦੋਨੋਂ ਲਿਵਿੰਗ ਰੂਮ ਵਿੱਚ ਸੋਫੇ ਤੇ ਬੈਠ ਗਈਆਂ। ਅਮਨ ਟੀਵੀ ਦੇਖਣ ਲੱਗ ਪਈ। ਅਮਨ ਚਾਹ ਨਹੀਂ ਸੀ ਪੀਂਦੀ ਇਸ ਕਰਕੇ ਉਸਨੂੰ ਐਪਲ ਜੂਸ ਦੇ ਦਿੱਤਾ। ਉਸਨੇ ਫੈਮਲੀ ਰੂਮ 'ਚ ਜਾ ਕੇ ਟੀ.ਵੀ ਆਨ ਕਰ ਲਿਆ।

"ਹਾਂ ਦੱਵਿੰਦਰ।" ਮੈਂ ਕਿਹਾ

ਉਹ ਖਿਸਕ ਕੇ ਮੇਰੇ ਹੋਰ ਨੇੜੇ ਹੋ ਗਈ।

ਦਵਿੰਦਰ ਨੇ ਲੰਬਾ ਸਾਹ ਲਿਆ ਤੇ ਕਹਿਣ ਲੱਗੀ, "ਮੇਰੇ ਤਾਂ ਮਾਪੇ ਹੀ ਮੇਰੇ ਵੈਰੀ ਬਣ ਗਏ। ਪਹਿਲਾਂ ਓਥੇ ਮੈਨੂੰ ਨਸ਼ਈ ਨਾਲ ਵਿਆਹ ਦਿੱਤਾ ਤੇ ਫਿਰ ਏਥੇ।

ਕਹਿੰਦਿਆਂ ਕਹਿੰਦਿਆਂ ਉਸ ਦੀਆਂ ਅੱਖਾਂ ਭਰ ਆਈਆਂ।

ਮੈਂ ਸੋਚਣ ਲੱਗ ਪਈ ਕਿ ਮੈਂ ਇਹਦੇ ਵਿੱਚ ਕੀ ਕਰ ਸਕਦੀ ਹਾਂ!

ਉਸਦੀਆਂ ਮੋਟੀਆਂ ਮੋਟੀਆਂ ਅੱਖਾਂ ਪਾਣੀ ਵਿੱਚ ਤਰ ਰਹੀਆਂ ਸਨ। ਮੈਂ ਹੱਥ ਵਧਾ ਕੇ ਡੱਬੇ ਚੋਂ ਨੈਪਕਿਨ ਕੱਢਿਆ ਤੇ ਦਵਿੰਦਰ ਨੂੰ ਫੜਾਉਂਦਿਆਂ ਕਿਹਾ, "ਮਨ ਖਰਾਬ ਨਾ ਕਰ। ਪਹਿਲਾਂ ਚਾਹ ਪੀ ਲੈ। ਠੰਡੀ ਹੋ ਜਾਊਗੀ।"

ਮੈਂ ਚਾਹ ਵਾਲਾ ਕੱਪ ਉਸਨੂੰ ਫੜਾਇਆ ਤੇ ਬਿਸਕੁਟਾਂ ਵਾਲੀ ਪਲੇਟ ਉਸਦੇ ਅੱਗੇ ਕਰ ਦਿੱਤੀ।

ਅਮਨ ਕਾਰਟੂਨ ਦੇਖਣ ਵਿੱਚ ਰੁੱਝ ਗਈ ਸੀ।

ਮੈਂ ਚੁੱਪ ਨੂੰ ਤੋੜਦਿਆਂ ਆਖਣਾ ਸ਼ੁਰੂ ਕੀਤਾ, "ਓਥੇ ਤੇਰਾ ਵਿਆਹ ਜ਼ਬਰਦਸਤੀ ਕੀਤਾ ਸੀ?"

ਉਸਨੇ ਅੱਖਾਂ ਪੂੰਝੀਆਂ ਤੇ ਇਕ ਵਾਰ ਫਿਰ ਲੰਬਾ ਸਾਹ ਲਿਆ।

ਦਵਿੰਦਰ ਨੇ ਬੋਲਣਾ ਸ਼ੁਰੂ ਕੀਤਾ, "ਮੈਂ ਬੀ.ਏ. ਕਰਕੇ ਬੀ.ਐਡ ਕਰ ਲਈ। ਘਰਦਿਆਂ ਨੇ ਮੁੰਡਾ ਦੇਖ ਲਿਆ ਬਰਨਾਲੇ। ਹੱਦ ਦਰਜੇ ਦਾ ਸ਼ਰਾਬੀ। ਬੱਸ ਘਰਦਿਆਂ ਨੇ ਜਾਇਦਾਦ ਹੀ ਦੇਖੀ। ਕਿਸੇ ਨੇ ਦੱਸਿਆ ਵੀ ਸੀ ਕਿ ਮੁੰਡਾ ਸ਼ਰਾਬੀ ਕਬਾਬੀ ਹੈ ਪਰ ਮੇਰਾ ਬਾਪੂ ਏਹੀ ਕਹੀ ਜਾਵੇ ਬਈ ਵੱਡੇ ਘਰਾਂ ਦੇ ਮੁੰਡੇ ਖੁੰਡੇ ਪੀਂਦੇ ਹੀ ਹੁੰਦੇ ਆ। ਆਪੇ ਹਟ ਜਾਊ ਜਦੋਂ ਕਬੀਲਦਾਰੀ ਗਲ ਪੈ ਗਈ।"

ਦਵਿੰਦਰ ਨੇ ਚਾਹ ਦੀ ਘੁਟ ਭਰੀ ਤੇ ਫਿਰ ਛੁੱਟ ਪਈ, "ਵਿਆਹ ਹੋ ਗਿਆ। ਵੱਡੇ ਘਰਾਂ ਦਾ ਮੂੰਹ ਭਰਨਾ ਕਿਹੜਾ ਸੌਖਾ ਹੈ। ਮਾਂ ਪਿਉ ਨੇ ਆਪੇ ਸਹੇੜੀ ਬਿਪਤਾ ਨਾਲ ਨਜਿੱਠਣ ਲਈ ਉਹਨਾਂ ਦੀ ਹਰ ਮੰਗ ਪੂਰੀ ਕੀਤੀ। ਸਿਵਕ ਹਾਂਡਾ ਕਾਰ ਨੂੰ ਵੀ ਉਹ ਨੱਕ ਬੁਲ੍ਹ ਮਾਰਦੇ ਸਨ। ਅਖੇ ਇਹ ਵੀ ਕੋਈ ਕਾਰ ਹੈ। ਤੇ ਹੋਰ ਲੈਣ ਦੇਣ ਦਾ ਤਾਂ ਕੋਈ ਹਿਸਾਬ ਹੀ ਨਹੀਂ। ਗੱਲ ਕੀ ਆਪਣਾ ਘਰ ਖਾਲੀ ਕਰਕੇ ਉਹਨਾਂ ਹੰਕਾਰੀ ਜੱਟਾਂ ਦਾ ਘਰ ਭਰ ਦਿੱਤਾ। ਜੇਹੋ ਜਿਹਾ ਦਿੱਤਾ ਜੇਹੋ ਜਿਹਾ ਨਾ ਦਿੱਤਾ। ਇਕ ਬਰਾਬਰ ਕਰ ਤਾ।

ਮੈਂ ਲਗਾਤਾਰ ਹੁੰਗਾਰਾ ਭਰੀ ਜਾ ਰਹੀ ਸਾਂ।

"ਫਿਰ ਤੂੰ ਏਥੇ ਕੈਨੇਡਾ ਕਿਵੇਂ ਆ ਗਈ?" ਮੈਂ ਪੁੱਛਿਆ।

ਦਵਿੰਦਰ ਦੇ ਜਿਵੇਂ ਦੁੱਖਦੇ ਤੇ ਮੇਰਾ ਹੱਥ ਟਿਕ ਗਿਆ ਹੋਵੇ। ਉਸਨੇ ਅਮਨ ਵੱਲ ਦੇਖਿਆ। ਅਮਨ ਪੂਰੇ ਧਿਆਨ ਨਾਲ ਕਾਰਟੂਨ ਦੇਖ ਰਹੀ ਸੀ।

ਦਵਿੰਦਰ ਕਹਿਣ ਲੱਗੀ, "ਸ਼ਰਾਬੀ ਤਾਂ ਉਹ ਦਿਨ ਰਾਤ ਰਹਿੰਦਾ ਸੀ। ਇਕ ਦਿਨ ਮੈਂ ਘਰ ਦਾ ਸਾਰਾ ਕੰਮ ਕਾਰ ਕਰਕੇ ਕੁਝ ਪੜ੍ਹਨ ਬਹਿ ਗਈ। ਪੜ੍ਹਨਾ ਕੀ ਸੀ ਮੈਂ ਪੇਕਿਓਂ ਘਰੇ ਪਿਆ ਜਸਵੰਤ ਕੰਵਲ ਦਾ ਨਾਵਲ ਨਾਲ ਲੈ ਗਈ। ਉਹ ਆਇਆ ਤੇ ਮੇਰੇ ਤੇ ਟੁੱਟ ਪਿਆ। ਸਾਰਾ ਦਿਨ ਇਹ ਕੰਜਰਖਾਨਾ ਹੀ ਕਰਦੀ ਰਹਿੰਨੀ ਏਂ। ਹੋਰ ਕੰਮ ਮੁੱਕ ਗਏ। ਸਾਡੇ ਘਰ ਨੀ ਏਹੋ ਜਿਹਾ ਕੁਝ ਚੱਲਦਾ। ਵੱਡੀ ਆਈ ਮਾਸਟਰਨੀ!"

ਮੇਰੇ ਮੂੰਹੋਂ ਨਿਕਲ ਗਿਆ, "ਲੈ ਇਹਦੇ ਵਿੱਚ ਕੀ ਗੱਲ ਹੈ। ਕੁਝ ਕਰਨ ਨੂੰ ਹੈ ਨਹੀਂ ਸੀ, ਮੈਂ ਪੜ੍ਹਨ ਲੱਗ ਪਈ। ਮੈਂ ਤੇਰੇ ਵਾਂਗੂੰ ਦਿਨ ਪੂਰ ਰਾਤ ਸ਼ਰਾਬ ਤਾਂ ਨਹੀਂ ਪੀਂਦੀ।"

ਬੱਸ ਫਿਰ ਕੀ ਸੀ। ਉਸਨੇ ਮੈਨੂੰ ਮੰਜੇ ਤੋਂ ਘੜੀਸ ਕੇ ਥੱਲੇ ਸੁੱਟ ਦਿੱਤਾ ਤੇ ਜੁੱਤੀ ਸਣੇ ਲੱਤਾਂ ਮਾਰ ਮਾਰ ਮੇਰਾ ਬੁਰਾ ਹਾਲ ਕਰ ਦਿੱਤਾ। ਮੈਂ ਚੀਕਾਂ ਮਾਰੀਆਂ। ਮੇਰੀ ਸੱਸ ਭੱਜੀ ਭੱਜੀ ਆਈ। ਉਸਨੇ ਬਥੇਰਾ ਫੜਿਆ ਪਰ ਕਿੱਥੇ। ਉਹਦੇ ਵਿੱਚ ਤਾਂ ਸਾਨ੍ਹ ਜਿਨ੍ਹਾ ਜੋਰ ਸੀ। ਢਿੱਡ ਵਿੱਚ ਏਹੋ ਜਿਹੀ ਲੱਤ ਮਾਰੀ ਕਿ ਮੈਂ ਦੂਹਰੀ ਹੋ ਗਈ। ਕਿੱਥੇ ਕਿੱਥੇ ਨੀ ਉਸਨੇ ਲੱਤਾਂ ਮਾਰੀਆਂ। ਮੈਨੂੰ ਵਾਲਾਂ ਤੋਂ ਫੜ੍ਹ ਕੇ ਕੰਧ ਵਿੱਚ ਮਾਰਿਆ। ਮੇਰੀ ਸੱਸ ਭੱਜ ਕੇ ਗਵਾਂਢੀਆਂ ਦੇ ਮੱਦਦ ਲਈ ਗਈ। ਉਹਨਾਂ ਦਾ ਮੁੰਡਾ ਘਰੇ ਸੀ, ਉਸਨੇ ਆਕੇ ਉਸ ਨੂੰ ਜੱਫਾ ਮਾਰਿਆ ਤਾਂ ਮੇਰਾ ਖਹਿੜਾ ਛੁੱਟਿਆ।

ਦਵਿੰਦਰ ਕਹਿੰਦੀ ਗਈ, "ਮੈਨੂੰ ਛੱਡ ਕੇ ਹੋਰ ਪੀਣ ਲੱਗ ਪਿਆ ਤੇ ਬੇਹੋਸ਼ ਹੋ ਮੰਜੇ ਤੇ ਡਿੱਗ ਪਿਆ।"

ਦਵਿੰਦਰ ਦਾ ਰੋਣਾ ਵੱਧ ਗਿਆ। ਮੈਂ ਉਸਦਾ ਹੱਥ ਫੜ੍ਹ ਲਿਆ ਤੇ ਦਿਲਾਸਾ ਦੇਣ ਲਈ ਪਲੋਸਣਾ ਸ਼ੁਰੂ ਕਰ ਦਿੱਤਾ।

"ਜਦੋਂ ਮੇਰੇ ਬਾਪੂ ਨੂੰ ਪਤਾ ਲੱਗਿਆ ਤਾਂ ਉਹ ਉਹਨੀਂ ਪੈਰੀ ਮੇਰੇ ਸਹੁਰੇ ਆ ਧਮਕਿਆ। ਸਾਰਿਆਂ ਨਾਲ ਗੱਲਬਾਤ ਕਰਕੇ ਇਹ ਕਹਿ ਕੇ ਕਿ ਕੁਝ ਦਿਨਾਂ ਲਈ ਕੁੜੀ ਨੂੰ ਲੈ ਕੇ ਚਲਿਆ ਹਾਂ, ਮੈਨੂੰ ਨਾਲ ਲੈ ਗਿਆ। ਮੇਰੀ ਸੱਸ ਵੀ ਚਾਹੁੰਦੀ ਸੀ ਕਿ ਕੁਝ ਦਿਨ ਪੇਕੀਂ ਜਾ ਕੇ ਆਰਾਮ ਕਰ ਲਵਾਂ। ਮਾਮਲਾ ਠੰਡਾ ਪੈ ਜਾਵੇਗਾ। ਮੈਨੂੰ ਗਈ ਨੂੰ ਮਸਾਂ ਦਸ ਕੁ ਦਿਨ ਹੀ ਹੋਏ ਸਨ ਕਿ ਸ਼ਰਾਬ ਦੇ ਨਾਲ ਕੋਈ ਹੋਰ ਨਸ਼ਾ ਖਾਣ ਕਰਕੇ ਉਸਦੀ ਮੌਤ ਹੋ ਗਈ। ਬੱਸ ਫਿਰ ਕੀ ਸੀ। ਖਬਰ ਸੁਣ ਕੇ ਮੈਂ, ਬਾਪੂ ਜੀ ਅਤੇ ਬੀਬੀ ਤਿੰਨੇ ਜਾਣੇ ਬਰਨਾਲੇ ਵੱਲ ਨੂੰ ਹੋ ਤੁਰੇ। ਮੈਂ ਭੋਗ ਤੋਂ ਬਾਦ ਆਪਣੇ ਪੇਕੀਂ ਆ ਗਈ। ਰੋ ਕੁਰਲਾ ਕੇ ਬੈਠ ਗਏ। ਉਸ ਤੋਂ ਬਾਦ ਮੈਂ ਕਦੇ ਵੀ ਆਪਣੇ ਸਹੁਰਿਆਂ ਦੇ ਘਰ ਨਹੀਂ ਗਈ ਕਿਉਂ ਕਿ ਮੇਰੇ ਸਹੁਰੇ ਅਪਣੇ ਪੁੱਤ ਦੀ ਮੌਤ ਲਈ ਮੈਨੂੰ ਹੀ ਦੋਸ਼ੀ ਸਮਝਣ ਲੱਗ ਪਏ। ਆਖਣ ਜੇਕਰ ਮੈਂ ਅੱਗ ਲੱਗਣੀ ਕਿਤਾਬ ਨਾ ਫੜ੍ਹਦੀ ਤਾਂ ਕਲੇਸ਼ ਨਾ ਪੈਂਦਾ। ਤੇਰੀ ਭੈੜੀ ਜ਼ੁਬਾਨ ਕਰਕੇ ਹੀ ਉਸਨੂੰ ਗੁੱਸਾ ਆਇਆ ਤੇ ਉਸ ਦਿਨ ਤੋਂ ਹੀ ਮੁੰਡਾ ਜ਼ਿਆਦਾ ਪੀਣ ਲੱਗ ਪਿਆ। ਜਿਵੇਂ ਪਹਿਲਾਂ ਉਹ ਬਹੁਤ ਸਾਊ ਸੀ ਤੇ ਕਦੇ ਪੀਤੀ ਨਹੀਂ ਸੀ। ਸਾਰਾ ਭਾਂਡਾ ਮੇਰੇ ਸਿਰ ਭੰਨ੍ਹ ਦਿੱਤਾ। ਫਿਰ ਮੈਂ ਓਥੇ ਜਾ ਕੇ ਕਰਨਾ ਵੀ ਕੀ ਸੀ। ਤੇ ਨਾਲੇ ਮੇਰੇ ਸਹੁਰੇ ਨੇ ਮੇਰੇ ਬਾਪੂ ਜੀ ਨੂੰ ਸੁਨੇਹਾ ਭੇਜ ਦਿੱਤਾ ਕਿ ਆਪਣੀ ਧੀ ਨੂੰ ਆਪਣੇ ਕੋਲ ਹੀ ਰੱਖੋ। ਇਹਦਾ ਕਰਕੇ ਹੀ ਸਾਡੇ ਮੁੰਡੇ ਦੀ ਜਾਨ ਗਈ ਹੈ। ਇਹ ਜੇ ਮੂਹਰੇ ਨਾ ਬੋਲਦੀ ਤਾਂ ਸਾਡਾ ਮੁੰਡਾ ਬਹੁਤੀ ਪੀਣ ਨਾ ਲੱਗਦਾ।

ਉਹਨਾਂ ਨੂੰ ਇਹ ਵੀ ਡਰ ਪੈ ਗਿਆ ਕਿ ਕਿਤੇ ਮੈਂ ਜਾਇਦਾਦ ਦਾ ਹੱਕ ਨਾ ਮੰਗ ਲਵਾਂ। ਇਸ ਕਰਕੇ ਉਹਨਾਂ ਨੇ ਮੇਰੇ ਤੋਂ ਕਿਨਾਰਾ ਹੀ ਕਰ ਲਿਆ।"

ਮੇਰਾ ਵੀ ਮਨ ਭਰ ਆਇਆ ਕਿ ਕਿਉਂ ਔਰਤ ਨੂੰ ਹੀ ਦੋਸ਼ੀ ਮੰਨਿਆ ਜਾਂਦਾ ਹੈ। ਉਸਦੀ ਹਾਲਤ ਤੇ ਮੈਨੂੰ ਤਰਸ ਆ ਰਿਹਾ ਸੀ। ਏਨ੍ਹੀ ਸੋਹਣੀ ਸੁਨੱਖੀ ਪੜ੍ਹੀ ਲਿਖੀ ਕੁੜੀ ਦੀ ਅਜੇਹੀ ਮਾੜੀ ਕਿਸਮਤ!

ਜਿਵੇਂ ਜਿਵੇਂ ਦਵਿੰਦਰ ਆਪਣੀ ਕਹਾਣੀ ਦੱਸ ਰਹੀ ਸੀ, ਉਸਦੀ ਆਵਾਜ਼ ਬੈਠਦੀ ਜਾ ਰਹੀ ਸੀ। ਮੈਂ ਪਿਆਰ ਨਾਲ ਦਵਿੰਦਰ ਨੂੰ ਆਪਣੇ ਨਾਲ ਲਾ ਲਿਆ। ਦਵਿੰਦਰ ਨੇ ਦੋ ਤਿੰਨ ਹੌਕੇ ਲਏ ਤੇ ਬੋਲਣਾ ਸ਼ੁਰੂ ਕਰ ਕੀਤਾ, "ਮਸਾਂ ਡੇਢ ਕੁ ਸਾਲ ਹੋਇਆ ਸੀ ਉਸਦੀ ਮੌਤ ਨੂੰ ਕਿਸੇ ਨੇ ਬਾਪੂ ਨੂੰ ਦੱਸ ਪਾ ਦਿੱਤੀ ਕਿ ਕੈਨੇਡਾ ਤੋਂ ਮਿਲਟਰੀ ਦਾ ਕੋਈ ਰਿਟਾਇਰਡ ਕੈਪਟਨ ਵਿਆਹ ਕਰਵਾਉਣ ਆਇਆ ਹੈ। ਉਹ ਪਹਿਲਾਂ ਭਾਰਤੀ ਫੌਜ ਵਿੱਚ ਸੀ। ਕਸ਼ਮੀਰ ਵਿੱਚ ਅੱਤਵਾਦੀਆਂ ਨਾਲ ਮੁੱਠ-ਭੇੜ ਵਿੱਚ ਲੱਤ ਤੇ ਗੋਲੀ ਲੱਗਣ ਕਰਕੇ ਫੌਜ ਦੀ ਨੌਕਰੀ ਛੱਡਣੀ ਪਈ, ਤੇ ਉਹ ਕੈਨੇਡਾ ਚਲਾ ਗਿਆ। ਹੁਣ ਉਸਦਾ ਤਲਾਕ ਹੋ ਚੁੱਕਾ ਹੈ ਤੇ ਹੁਣ ਉਹ ਵਿਆਹ ਕਰਵਾਉਣਾ ਚਾਹੁੰਦਾ ਹੈ। ਮੇਰੇ ਬਾਪੂ ਨੂੰ ਤਾਂ ਚਾਅ ਹੀ ਚੜ੍ਹ ਗਿਆ ਕਿ ਜੇਕਰ ਸਾਡੀ ਕੁੜੀ ਦਾ ਕੰਮ ਬਣ ਗਿਆ ਤਾਂ ਅਸੀਂ ਸਾਰੇ ਕੈਨੇਡਾ ਚਲੇ ਜਾਵਾਂਗੇ। ਬਸ ਕੁੜੀ ਓਥੇ ਜਾਕੇ ਸਾਡਾ ਸਾਰਿਆਂ ਦਾ ਅਪਲਾਈ ਕਰ ਦੂ ਤੇ ਅਸੀਂ ਸਾਰੇ ਜਾਣੇ ਇਕ ਹੀ ਫਲਾਈਟ ਤੇ ਕੈਨੇਡਾ ਪਹੁੰਚ ਜਾਵਾਂਗੇ। ਮੈਨੂੰ ਨਾ ਕਿਸੇ ਨੇ ਕੈਪਟਨ ਦੀ ਉਮਰ ਦੱਸੀ ਤੇ ਨਾ ਕੁਝ ਹੋਰ। ਮੇਰਾ ਬਾਪੂ, ਮੇਰੀ ਮਾਂ ਤੇ ਭਰਾ ਨੂੰ ਵਾਰ ਵਾਰ ਏਹੀ ਕਹੀ ਜਾਵੇ ਕਿ ਉਹ ਬਹੁਤ ਜਵਾਨ ਹੈ। ਬਹੁਤ ਉੱਚਾ ਲੰਮਾ ਸੋਹਣਾ ਹੈ ਉਸਨੂੰ ਤਲਾਕ-ਸ਼ੁਦਾ ਕੁੜੀ ਨਾਲ ਵਿਆਹ ਕਰਵਾਉਣ ਤੇ ਕੋਈ ਇਤਰਾਜ ਨੀ। ਬਾਪੂ ਨੇ ਗੁਰਦਵਾਰੇ ਜਾ ਕੇ ਦੇਗ ਵੀ ਸੁੱਖ ਲਈ ਕਿ ਇਹ ਕੈਪਟਨ ਵਾਲਾ ਕੰਮ ਬਣ ਜਾਵੇ ਤਾਂ ਪੂਰੇ ਸੌ ਰੁਪਈਏ ਦੀ ਦੇਗ ਕਰਾਂਵਾਂਗੇ।"

ਬਾਪੂ ਦੇਖਣ ਗਿਆ, ਮੁੰਡਾ ਪਸੰਦ ਕਰ ਆਇਆ। ਤੇ ਫਿਰ ਕੈਪਟਨ ਸਾਹਿਬ ਇਕ ਦਿਨ ਸਾਡੇ ਘਰ ਮੈਨੂੰ ਦੇਖਣ ਆਏ। ਮੈਨੂੰ ਪਸੰਦ ਕਰ ਗਏ। ਮੈਂ ਬਥੇਰੀ ਦੁਹਾਈ ਪਾਈ ਕਿ ਮੇਰਾ ਹਾਲੇ ਵਿਆਹ ਨਾ ਕਰੋ। ਅਜੇ ਤਾਂ ਮੈਂ ਪਹਿਲੇ ਦੁੱਖ 'ਚੋਂ ਨੀ ਨਿਕਲੀ। ਇਸਦੇ ਬਦਲੇ ਮੈਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਆਪਣੇ ਮਾਂ ਪਿਉ ਤੋਂ ਸੁਣੀਆਂ। ਮੈਨੂੰ ਏਥੋਂ ਤੱਕ ਕਹਿ ਦਿੱਤਾ ਕਿ ਏਨ੍ਹੇ ਰੱਜੇ ਪੁੱਜੇ ਘਰ ਦਾ ਮੁੰਡਾ ਤੈਥੋਂ ਸੰਭਾਲਿਆ ਨਹੀਂ ਗਿਆ ਤੇ ਹੁਣ ਇਸਨੂੰ ਵੀ ਹੱਥੋਂ ਕੱਢ ਲੈਣਾ ਹੈ। ਐਵੇਂ ਨਾ ਹੰਕਾਰ 'ਚ ਨੱਕ ਬੁਲ੍ਹ ਕੱਢ। ਤੈਨੂੰ ਤਾਂ ਆਪਣੀ ਜਾਨ ਦੀ ਹੈ। ਤੈਨੂੰ ਕੀ ਆਪਣੇ ਮਾਂ ਬਾਪ ਤੇ ਭਰਾ ਦੀ ਜ਼ਿੰਦਗੀ ਨਾਲ। ਤੂੰ ਸਾਡੇ ਸਿਰ ਤੇ ਬੈਠੀ ਰਹਿ ਤੇ ਸਾਡਾ ਲਹੂ ਪੀਈ ਜਾ ਸਾਰੀ ਉਮਰ!

ਤੇ ਮੈਂ ਰੋਂਦੀ ਰੋਂਦੀ ਨੇ ਹਾਂ ਕਰ ਦਿੱਤੀ।

ਚੱਲ ਫਿਰ ਕੀ ਸੀ। ਮੇਰਾ ਸਾਦਾ ਜਿਹਾ ਵਿਆਹ ਹੋ ਗਿਆ। ਮੁੱਕਦੀ ਗੱਲ ਮੈਂ ਕੈਪਟਨ ਜਸਵੰਤ ਸਿੰਘ ਨਾਲ ਵਿਆਹ ਕਰਵਾਕੇ ਕੈਲਗਰੀ ਆ ਗਈ। ਕੈਪਟਨ ਸਾਹਿਬ ਤੇ ਮੇਰੀ ਉਮਰ ਵਿੱਚ ਕਾਫੀ ਫਰਕ ਸੀ। ਪਰ ਮੈਨੂੰ ਕਦੇ ਮਹਿਸੂਸ ਨਹੀਂ ਸੀ ਹੋਇਆ। ਮੈਂ ਉਹਨਾਂ ਨੂੰ ਪਿਆਰ ਕਰਨ ਲੱਗ ਪਈ ਅਤੇ ਉਹਨਾਂ ਨੇ ਵੀ ਮੈਨੂੰ ਕਦੇ ਬੁਰਾ ਭਲਾ ਨਹੀਂ ਸੀ ਕਿਹਾ। ਉਹ ਜੇਕਰ ਪੀਂਦੇ ਤਾਂ ਵੀ ਬੜੇ ਸਲੀਕੇ ਨਾਲ ਪੀਂਦੇ ਸਨ। ਉਹ ਸਕਿਊਰਿਟੀ ਦਾ ਕੰਮ ਕਰਦੇ ਸਨ। ਸਵੇਰ ਤੋਂ ਸ਼ਾਮ ਤੱਕ, ਸੋਮਵਾਰ ਤੋਂ ਸ਼ੁਕਰਵਾਰ ਤੱਕ। ਜੇਕਰ ਪੀਂਦੇ ਤਾਂ ਵੀਕ-ਇੰਡ ਤੇ ਪੀਂਦੇ ਮਾੜੀ ਮੋਟੀ। ਉਹ ਵੀ ਬਹੁਤ ਹੀ ਸਲੀਕੇ ਨਾਲ।"

ਮੈਂ ਬਹੁਤ ਧਿਆਨ ਨਾਲ ਉਸਦੀ ਗੱਲ ਸੁਣ ਰਹੀ ਸਾਂ। ਮੇਰੇ ਦਿਮਾਗ ਵਿੱਚ ਖਿਆਲ ਆਇਆ ਕਿ ਕੈਪਟਨ ਸਾਹਿਬ ਕੈਨੇਡਾ ਕਿਵੇਂ ਆਏ ਤੇ ਮੈਂ ਦਵਿੰਦਰ ਨੂੰ ਆਖ ਹੀ ਦਿੱਤਾ, "ਦਵਿੰਦਰ ਕੈਪਟਨ ਫੌਜ ਤੋਂ ਬਾਦ ਕੈਨੇਡਾ ਕਿਵੇਂ ਆਇਆ?"

ਦਵਿੰਦਰ ਦੇ ਚਿਹਰੇ ਤੇ ਮੁਸਕਰਾਹਟ ਜਿਹੀ ਆਈ ਤੇ ਕਹਿਣ ਲੱਗੀ, "ਭੈਣ ਜੀ! ਕੈਪਟਨ ਸਾਹਿਬ ਸੋਹਣੇ ਸੁਨੱਖੇ ਬਹੁਤ ਸਨ। ਸਿੱਧੇ ਕਮਿਸ਼ਨ 'ਚ ਲੈਫਟੀਨੈਂਟ ਭਰਤੀ ਹੋਏ ਸਨ। ਜ਼ਮੀਨ ਜਾਇਦਾਦ ਵੀ ਚੰਗੀ ਸੀ। ਕੈਪਟਨ ਸਾਹਿਬ ਦਾ ਕਿਸੇ ਕੁੜੀ ਨਾਲ ਪਿਆਰ ਸੀ। ਉਹ ਆਪਣੇ ਵਿਆਹ ਬਾਰੇ ਸੋਚ ਹੀ ਰਹੇ ਸਨ ਕਿ ਹੋਰ ਹੀ ਭਾਣਾ ਵਰਤ ਗਿਆ।"

ਉਸਨੇ ਇਕੋ ਹੀ ਸਾਹ ਵਿੱਚ ਕੈਪਟਨ ਦੀਆਂ ਕਈ ਵਡਿਆਈਆਂ ਕਰ ਦਿੱਤੀਆਂ ਤੇ ਫਿਰ ਉਹ ਕੁਝ ਉਦਾਸ ਹੋ ਗਈ।

ਚਾਹ ਤਾਂ ਪਈ ਪਈ ਪਾਣੀ ਹੀ ਬਣ ਚੁੱਕੀ ਸੀ। ਨਾ ਉਸਨੇ ਪੀਤੀ ਤੇ ਨਾ ਮੈਂ ਪੀਤੀ। ਉਸਨੇ ਉੱਠ ਕੇ ਠੰਡੀ ਹੋਈ ਚਾਹ ਵਾਲੇ ਕੱਪ ਰਸੋਈ ਵਿੱਚ ਧੋਣ ਲਈ ਰੱਖ ਦਿੱਤੇ ਤੇ ਅਮਨ ਵੱਲ ਦੇਖਿਆ। ਉਹ ਕਾਰਟੂਨ ਦੇਖਣ ਵਿੱਚ ਮਸਤ ਸੀ। ਜੂਸ ਦਾ ਗਿਲਾਸ ਅਜੇ ਓਸੇ ਤਰ੍ਹਾਂ ਹੀ

ਉਸ ਕੋਲ ਪਿਆ ਸੀ। ਉਸਨੇ ਇਕ ਘੁੱਟ ਵੀ ਨਹੀਂ ਸੀ ਭਰੀ। ਦਵਿੰਦਰ ਨੇ ਅਮਨ ਨੂੰ ਜੂਸ ਪੀਣ ਲਈ ਕਿਹਾ ਤੇ ਕਹਾਣੀ ਅੱਗੇ ਤੋਰ ਲਈ।

"ਉਹਨਾਂ ਦਾ ਵੱਡਾ ਭਰਾ ਵਿਆਹ ਕਰਵਾ ਕੇ ਕੈਨੇਡਾ ਚਲਾ ਗਿਆ ਸੀ। ਕੁੜੀ ਏਥੋਂ ਕੈਨੇਡਾ ਤੋਂ ਗਈ ਸੀ। ਕੁੜੀ ਦਾ ਨਾਂ ਗੁਰਪ੍ਰੀਤ ਸੀ ਅਤੇ ਕੈਪਟਨ ਹੋਰਾਂ ਦੇ ਵੱਡੇ ਭਰਾ ਦਾ ਨਾਂ ਹਰਪ੍ਰੀਤ ਸੀ। ਮਾੜੀ ਕਿਸਮਤ ਨੂੰ ਚਾਰ ਕੁ ਸਾਲ ਬਾਦ ਹੀ ਕਾਰ ਐਕਸੀਡੈਂਟ 'ਚ ਹਰਪ੍ਰੀਤ ਦੀ ਮੌਤ ਹੋ ਗਈ। ਉਸ ਵੇਲੇ ਉਹਨਾਂ ਦਾ ਬੇਟਾ ਰਮਨ ਕੁਝ ਮਹੀਨਿਆਂ ਦਾ ਹੀ ਸੀ। ਹੁਣ ਸੁੱਖ ਨਾਲ ਡਾਕਟਰ ਹੈ। ਪਿਛਲੇ ਸਾਲ ਹੀ ਡਾਕਟਰੀ ਦੀ ਪੜ੍ਹਾਈ ਖਤਮ ਕੀਤੀ ਹੈ। ਓਥੇ ਟੋਰਾਂਟੋ ਹੀ ਹਸਪਤਾਲ ਵਿੱਚ ਕੰਮ ਕਰਦੈ।

'ਸੁੱਖ' ਨਾਲ ਸ਼ਬਦ ਸੁਣ ਕੇ ਮੈਂ ਹੈਰਾਨ ਜਿਹੀ ਹੋਈ ਪਰ ਮੈਂ ਆਪਣੇ ਹਾਵ ਭਾਵ ਲਕੋ ਲਏ।

ਦਵਿੰਦਰ ਨੇ ਉੱਠ ਕੇ ਪਾਣੀ ਦਾ ਗਿਲਾਸ ਭਰਿਆ, ਇਕ ਘੁੱਟ ਭਰੀ ਤੇ ਫਿਰ ਮੇਰੇ ਕੋਲ ਬੈਠ ਗਈ। ਉਸਨੇ ਅਮਨ ਵੱਲ ਵੀ ਝਾਤੀ ਮਾਰੀ। ਅਮਨ ਕਾਰਟੂਨ ਦੇਖਣ ਵਿੱਚ ਮਸਤ ਸੀ।

ਦਵਿੰਦਰ ਨੇ ਗੱਲ ਅਗਾਂਹ ਤੋਰੀ, "ਤੇ ਫਿਰ ਭੈਣ ਜੀ, ਜਿਵੇਂ ਆਪਣੇ ਰਿਵਾਜ ਹੈ ਘਰ ਦੇ ਦੂਜੇ ਮੁੰਡੇ ਸਿਰ ਧਰ ਦਿੰਦੇ ਆ, ਏਵੇਂ ਹੀ ਵਿਚਾਰੇ ਕੈਪਟਨ ਨਾਲ ਹੋਇਆ। ਘਰ ਦੀ ਇਜ਼ਤ ਖਾਤਿਰ, ਆਪਣੇ ਭਰਾ ਦੀ ਪਤਨੀ ਖਾਤਿਰ ਆਪਣੇ ਮਾਂ ਬਾਪ ਦੇ ਕਹਿਣ ਤੇ ਉਹਨਾਂ ਆਪਣੇ ਪਿਆਰ ਦੀ ਕਰਬਾਨੀ ਦੇ ਦਿੱਤੀ ਤੇ ਇਉਂ ਕੈਪਟਨ ਸਾਹਿਬ ਵੀ ਟੰਗੇਂਟੋ ਆ ਗਏ।"

ਮੈਂ ਸੋਚ ਰਹੀ ਸਾਂ ਕਿ ਦਵਿੰਦਰ ਨੇ ਇਕ ਵਾਰ ਵੀ ਕੈਪਟਨ ਲਈ ਮਾੜਾ ਸ਼ਬਦ ਨਹੀਂ ਵਰਤਿਆ। ਉਸਦੇ ਮੂੰਹੋਂ ਉਸ ਲਈ ਚੰਗਾ ਹੀ ਚੰਗਾ ਨਿਕਲਦਾ ਹੈ।

ਮੈਂ ਆਪਣੇ ਰਸਮ ਰਿਵਾਜਾਂ ਤੇ ਕੁਝ ਅਫਸੋਸ ਪ੍ਰਗਟ ਕੀਤਾ। ਮੈਨੂੰ ਅਜਿਹੀਆਂ ਇਕ ਦੋ ਹੋਰ ਕਹਾਣੀਆਂ ਵੀ ਪਤਾ ਸਨ ਜਿੱਥੇ ਮਰਦ ਸਾਡੇ ਇਸ ਰਿਵਾਜ ਦਾ ਸ਼ਿਕਾਰ ਹੋਏ ਹਨ। ਨਾ ਵਿਚਾਰੇ ਓਧਰ ਦੇ ਰਹੇ ਨਾ ਪੂਰੀ ਤਰ੍ਹਾਂ ਏਧਰ ਦੇ ਰਹੇ। ਨਾ ਪਿਆਰ ਨਾਲ ਵਫਾ ਤੇ ਨਾ ਮਜਬੂਰੀ ਨਾਲ ਦਿਲ ਮਿਲਿਆ। ਮੈਂ ਜਕਦੀ ਜਕਦੀ ਨੇ ਪੁਛ ਹੀ ਲਿਆ ਕਿ ਕੀ ਤੈਨੂੰ ਵਿਆਹ ਤੋਂ ਪਹਿਲਾਂ ਇਹ ਸਾਰੀਆਂ ਗੱਲਾਂ ਪਤਾ ਸਨ ਤਾਂ ਉਸਨੇ ਜਵਾਬ ਦਿੱਤਾ, "ਕਿੱਥੇ! ਮੈਨੂੰ ਤਾਂ ਵਿਆਹ ਤੋਂ ਬਾਦ ਕੈਪਟਨ ਸਾਹਿਬ ਤੋਂ ਪਤਾ ਲਗਿਆ ਇਸ ਬਾਰੇ।

ਦਵਿੰਦਰ ਹੁਣ ਬਹੁਤ ਹੌਲੀ ਹੌਲੀ ਬੋਲ ਰਹੀ ਸੀ। ਉਹ ਨਹੀਂ ਸੀ ਚਾਹੁੰਦੀ ਕਿ ਅਮਨ ਨੂੰ ਸਾਰੀ ਗੱਲ ਸੁਣੇ।

ਜਿਵੇਂ ਜਿਵੇਂ ਉਹ ਮੈਨੂੰ ਕਹਾਣੀ ਸੁਣਾ ਰਹੀ ਸੀ ਤਿਵੇਂ ਤਿਵੇਂ ਮੇਰੀ ਦਿਲਚਸਪੀ ਵੱਧ ਰਹੀ ਸੀ। ਮੈਂ ਸਵਾਲ ਕਰਨ ਤੋਂ ਝਿਜਕ ਵੀ ਰਹੀ ਸਾਂ ਕਿ ਕਿਤੇ ਇਹ ਨਾ ਸੋਚੇ ਕਿ ਮੈਂ ਏਨ੍ਹੀ ਦਿਲਚਸਪੀ ਕਿਉਂ ਲੈ ਰਹੀ ਹਾਂ। ਮੈਨੂੰ ਇਉਂ ਵੀ ਪ੍ਰਤੀਤ ਹੋ ਰਿਹਾ ਸੀ ਕਿ ਇਸਨੂੰ ਮੇਰੇ ਰੈਫਰੈਂਸ ਤੇ ਨਵਾਂ ਕੰਮ ਮਿਲਣ ਕਰਕੇ ਇਹ ਮੈਨੂੰ ਬਿਲਕੁਲ ਆਪਣਾ ਸਮਝਦੀ ਹੈ। ਮੈਨੂੰ ਇਹ ਵੀ ਪਤਾ ਸੀ ਕਿ ਇਸਦਾ ਏਥੇ ਹੋਰ ਕੋਈ ਨਹੀਂ ਹੈ ਤੇ ਲੋਕਾਂ ਨਾਲ ਵੀ ਬਹੁਤਾ ਵਰਤ ਵਰਤਾਵਾ ਨਹੀਂ ਹੈ। ਮੈਂ ਘੜੀ ਵੱਲ ਦੇਖਿਆ। ਟਾਈਮ ਕਾਫੀ ਹੋ ਚੁੱਕਾ ਸੀ। ਲੰਚ ਦਾ ਖਿਆਲ ਆਉਂਦਿਆਂ ਹੀ ਮੈਂ ਕਿਹਾ, "ਦਵਿੰਦਰ! ਰੋਟੀ ਬਣਾਵਾਂ? ਦਾਲ ਸਬਜ਼ੀ ਪਈ ਹੈ ਫਰਿਜ ਵਿੱਚ। ਆਟਾ ਵੀ ਗੁੰਨ੍ਹਿਆ ਪਿਆ ਹੈ। ਭੁੱਖ ਲੱਗੀ ਹੋਵੇਗੀ ਤੈਨੂੰ ਤੇ ਨਾਲੇ ਜਵਾਕੜੀ ਨੂੰ।"

ਇਹ ਸੁਣਦੇ ਸਾਰ ਹੀ ਉਸਨੇ ਅਮਨ ਨੂੰ ਪੁੱਛਿਆ ਕਿ ਕੀ ਉਸਨੂੰ ਭੁੱਖ ਲੱਗੀ ਹੈ।

ਅਮਨ ਨੇ 'ਹਾਂ' ਕਹਿ ਦਿੱਤਾ ਤੇ ਦਵਿੰਦਰ ਫਟਾ ਫੱਟ ਫਰਿਜ 'ਚੋਂ ਆਟਾ ਕੱਢ ਕੇ ਰੋਟੀ ਬਣਾਉਣ ਲੱਗ ਪਈ। ਮੈਨੂੰ ਉਸਦੇ ਹਾਵ ਭਾਵ ਬਿਲਕੁਲ ਸਮਝ ਵਿੱਚ ਆ ਰਹੇ ਸਨ ਕਿ ਅਮਨ ਦੀ ਭੁੱਖ ਉਹ ਬਰਦਾਸ਼ਤ ਨਹੀਂ ਕਰ ਸਕਦੀ। ਇਕ ਤਰ੍ਹਾਂ ਨਾਲ ਉਹ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰ ਰਹੀ ਸੀ ਕਿ ਕਿਉਂ ਉਸਨੇ ਅਮਨ ਨੂੰ ਰੋਟੀ ਬਾਰੇ ਪਹਿਲਾਂ ਨਹੀਂ ਪੁੱਛਿਆ। ਦਵਿੰਦਰ ਨੇ ਜਲਦੀ ਜਲਦੀ ਫੁਲਕੇ ਲਾਹ ਲਏ ਤੇ ਮੈਂ ਸਬਜ਼ੀ ਗਰਮ ਕਰ ਲਈ।

ਰੋਟੀ ਖਾਣ ਤੋਂ ਬਾਦ ਉਸਨੇ ਬੜੀ ਫੁਰਤੀ ਨਾਲ ਸਚਿਆਰੇ ਢੰਗ ਨਾਲ ਝੂਠੇ ਭਾਂਡੇ ਮਸ਼ੀਨ ਵਿੱਚ ਪਾ ਦਿੱਤੇ ਤੇ ਸਟੋਵ ਤੇ ਕਾਊਂਟਰ ਸਾਫ ਕਰ ਦਿੱਤੇ। ਮੈਂ ਆਖ ਹੀ ਦਿੱਤਾ, "ਦਵਿੰਦਰ ਤੂੰ ਤਾਂ ਬਹੁਤ ਤੇਜ਼ੀ ਨਾਲ ਕੰਮ ਕਰਦੀ ਹੈਂ।"

"ਹਾਂ ਭੈਣ ਜੀ। ਮੈਂ ਪਹਿਲੇ ਦਿਨੋਂ ਹੀ ਅਜੇਹੀ ਹਾਂ। ਕੰਮ ਤੇ ਵੀ ਮੈਂ ਕਦੇ ਲਿੱਚ ਗੜਿੱਚੀ ਨਹੀਂ ਮਾਰੀ। ਕੈਪਟਨ ਸਾਹਿਬ ਵੀ ਮੇਰੀ ਏਸ ਫੁਰਤੀ ਨੂੰ ਮੰਨਦੇ ਸਨ। ਕਦੇ ਕਦੇ ਆਖ ਵੀ ਦਿੰਦੇ ਸਨ ਕਿ ਤੂੰ ਤਾਂ ਫੌਜੀਆਂ ਵਾਗੂੰ ਕੰਮ ਕਰਦੀ ਏਂ।"

ਮੈਂ ਸੋਚਿਆ ਸੀ ਕਿ ਦਵਿੰਦਰ ਹੁਣ ਕਹਾਣੀ ਬੰਦ ਕਰ ਦੇਵੇਗੀ। ਪਰ ਨਹੀਂ ਉਹ ਫਿਰ ਬੈਠ ਗਈ। ਉਸ ਨੂੰ ਆਰਾਮ ਨਾਲ ਬੈਠੀ ਦੇਖ ਕੇ ਮੈਂ ਹੀ ਸਵਾਲ ਕਰ ਦਿੱਤਾ, "ਕੈਪਟਨ ਜਸਵੰਤ ਨਾਲ ਕੀ ਹੋਇਆ?"

ਮੈਨੂੰ ਏਸ ਗੱਲ ਦਾ ਪਤਾ ਸੀ ਕਿ ਇਸਦਾ ਪਤੀ ਹੁਣ ਇਸ ਦੁੱਨੀਆਂ ਵਿੱਚ ਨਹੀਂ ਹੈ।

ਜਦੋਂ ਮੈਂ ਦਵਿੰਦਰ ਤੇ ਇਹ ਸਵਾਲ ਕੀਤਾ ਤਾਂ ਉਸਦਾ ਅੰਦਰ ਹਿੱਲ ਗਿਆ। ਉਸਦੀਆਂ ਅੱਖਾਂ ਫਿਰ ਭਰ ਆਈਆਂ ਤੇ ਉਹ ਮੇਰੇ ਗਲ ਲੱਗ ਗਈ ਤੇ ਭੁਬੀਂ ਰੋਣ ਲੱਗੀ। ਅਮਨ ਸੋਫੇ ਤੇ ਹੀ ਸੌਂ ਗਈ ਸੀ। ਮੈਂ ਅਮਨ ਵੱਲ ਇਸ਼ਾਰਾ ਕਰਦਿਆਂ ਕਿਹਾ, "ਦੇਖ ਆਪਣੇ ਆਪ ਨੂੰ ਸੰਭਾਲ। ਅਮਨ ਤੇਰੀ ਆਵਾਜ਼ ਸੁਣ ਜਾਗ ਪਵੇਗੀ। ਉਹ ਕੀ ਸੋਚੇਗੀ ਕਿ ਮੰਮੀ ਕਿਉਂ ਰੋਂਦੀ ਹੈ। ਮੈਂ ਉਸਦਾ ਸਿਰ ਥੋੜ੍ਹਾ ਪਰੇ ਕੀਤਾ। ਪਿਆਰ ਨਾਲ ਉਸਦੇ ਵਾਲ ਸੰਵਾਰੇ ਤੇ ਅੱਖਾਂ ਪੂੰਝਣ ਲਈ ਨੈਪਕਿਨ ਦਿੱਤਾ।

ਦਵਿੰਦਰ ਨੇ ਭਾਵੇਂ ਹੁਣੇ ਹੀ ਪਾਣੀ ਪੀਤਾ ਸੀ ਪਰ ਫਿਰ ਵੀ ਉਸਨੇ ਪਾਣੀ ਦੀ ਇਕ ਵੱਡੀ ਸਾਰੀ ਘੁੱਟ ਭਰੀ ਤੇ ਕਹਿਣ ਲੱਗੀ, "ਮੈਨੂੰ ਏਥੇ ਆਈ ਨੂੰ ਦੋ ਤਿੰਨ ਮਹੀਨੇ ਹੀ ਹੋਏ ਸਨ ਕਿ ਮੇਰੇ ਮਾਂ ਪਿਉ ਦੀਆਂ ਚਿੱਠੀਆਂ ਤੇ ਫੋਨ ਆਉਣੇ ਸ਼ੁਰੂ ਹੋ ਗਏ ਕਿ ਸਾਡਾ ਅਪਲਾਈ ਕਰ ਦੇ। ਇਹ ਨਾ ਹੋਵੇ ਮੁੰਡੇ ਦੀ ਜਾਣੀ ਮੇਰੇ ਭਰਾ ਦੀ ਉਮਰ ਨਿਕਲ ਜਾਵੇ। ਇਕ ਦਿਨ ਮੈਂ ਕੈਪਟਨ ਸਾਹਿਬ ਨੂੰ ਆਖ ਹੀ ਦਿੱਤਾ ਕਿ ਆਪਾਂ ਮੇਰੇ ਘਰਦਿਆਂ ਦਾ ਅਪਲਾਈ ਕਰ ਦੇਈਏ। ਪਰ ਕੈਪਟਨ ਸਾਹਿਬ ਨਹੀਂ ਮੰਨੇ। ਉਹਨਾਂ ਸਾਫ ਨਾਂਹ ਕਰ ਦਿੱਤੀ ਤੇ ਆਖਣ ਲੱਗੇ, "ਦਵਿੰਦਰ, ਮੈਂ ਵਿਆਹ ਤੋਂ ਪਹਿਲਾਂ ਤੇਰੇ ਬਾਪ ਨੂੰ ਸਾਫ ਸਾਫ ਕਹਿ ਦਿੱਤਾ ਸੀ ਕਿ ਮੈਂ ਕਿਸੇ ਦਾ ਅਪਲਾਈ ਨਹੀਂ ਕਰਨਾ। ਮੈਂ ਹੋਰ ਹਰ ਤਰ੍ਹਾਂ ਦੀ ਮੱਦਦ ਕਰਨ ਲਈ ਤਿਆਰ ਹਾਂ ਪਰ ਆਹ ਜੋ ਤਰੀਕਾ ਪੰਜਾਬੀਆਂ ਨੇ ਅਪਣਾ ਲਿਆ ਹੈ ਕਿ ਆਪਣੀਆਂ ਧੀਆਂ ਨੂੰ ਮੇਰੇ ਵਰਗੇ ਵੱਡੀ ਉਮਰ ਦੇ ਲੋਕਾਂ ਦੇ ਲੜ ਲਾ ਕੇ, ਉਹਨਾਂ ਦੀ ਕੁਰਬਾਨੀ ਦੇ ਕੇ ਆਪ ਜ਼ਿੰਦਗੀ ਦੀਆਂ ਖੁਸ਼ੀਆਂ ਮਾਨਣਾ ਚਾਹੁੰਦੇ ਹਨ, ਵਿਰੋਧ ਕਰਦਾ ਹਾਂ। ਮੈਨੂੰ ਜੀਵਨ ਵਿੱਚ ਸਾਥ ਚਾਹੀਦਾ ਸੀ, ਇਸ ਲਈ ਵਿਆਹ ਕਰਵਾਇਆ। ਮੈਂ ਜਿੰਨ੍ਹੇ ਵੀ ਲੋਕਾਂ ਨੂੰ ਮਿਲਿਆ ਇਹ ਸਪੱਸ਼ਟ ਕਹਿ ਦਿੱਤਾ ਸੀ ਕਿ ਮੈਂ ਓਥੇ ਕਿਸੇ ਨੂੰ ਨਹੀਂ ਮੰਗਵਾਉਣਾ। ਬਹੁਤਿਆਂ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਪਰ ਤੇਰੇ ਬਾਪ ਨੇ ਮੇਰੀ ਸ਼ਰਤ ਮਨਜ਼ੂਰ ਕਰ ਲਈ ਤੇ ਪਤਾ ਨਹੀਂ ਹੁਣ ਉਹ ਕਿਉਂ ਭੁੱਲ ਗਏ ਹਨ।"

"ਮੈਂ ਆਪਣੇ ਮਾਂ ਪਿਉ ਨੂੰ ਜਵਾਬ ਦੇ ਦਿੱਤਾ ਕਿ ਕੈਪਟਨ ਸਾਹਿਬ ਨਹੀਂ ਮੰਨ ਰਹੇ।" ਦਵਿੰਦਰ ਕੁਝ ਰੁਕ ਕੇ ਬੋਲੀ।

ਮੇਰੇ ਜਵਾਬ ਦੇਣ ਦੀ ਦੇਰ ਹੀ ਸੀ ਕਿ ਮੇਰੇ ਮਾਂ ਬਾਪ ਨੇ ਮੈਨੂੰ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿੱਤਾ। ਇੱਥੋਂ ਤੱਕ ਕਹਿ ਦਿੱਤਾ ਕਿ ਤੈਥੋਂ ਨਾ ਉਹ ਰੱਜੇ ਪੁੱਜੇ ਘਰ ਦਾ ਮੁੰਡਾ ਸਾਂਭਿਆ ਗਿਆ ਤੇ ਨਾਂ ਹੀ ਤੂੰ ਕੈਪਟਨ ਸਾਹਿਬ ਨੂੰ ਕਾਬੂ ਕਰ ਸਕੀ। ਤੂੰ ਕੁਝ ਵੀ ਕਰਨ ਜੋਗੀ ਨਹੀਂ। ਮੇਰੇ ਭਰਾ ਨੇ ਤਾਂ ਮੈਨੂੰ ਇਹ ਸਲਾਹ ਵੀ ਦੇ ਦਿੱਤੀ ਕਿ ਮੈਂ ਕੈਪਟਨ ਸਾਹਿਬ ਨੂੰ ਤਲਾਕ ਦੇ ਕੇ ਉਹਨਾਂ ਦਾ ਅਪਲਾਈ ਕਰ ਦੇਵਾਂ।

ਮੈਨੂੰ ਆਪਣੇ ਭਰਾ ਦੀ ਇਸ ਤਜਵੀਜ਼ ਤੇ ਬਹੁਤ ਦੁੱਖ ਹੋਇਆ। ਇਸ ਨਾਲ ਮੈਨੂੰ ਪਤਾ ਲੱਗ ਗਿਆ ਕਿ ਮੇਰੇ ਮਾਂ ਪਿਉ ਤੇ ਭਰਾ ਨੂੰ ਮੇਰੇ ਨਾਲ ਬਿਲਕੁਲ ਵੀ ਪਿਆਰ ਨਹੀਂ। ਉਹ ਸਿਰਫ ਮੈਨੂੰ ਪੌੜੀ ਬਣਾ ਕੇ ਚੰਦ ਤੇ ਜਾਣਾ ਚਾਹੁੰਦੇ ਆ।

ਮੇਰਾ ਵੀ ਮਨ ਭਰ ਆਇਆ ਸੀ ਕਿ ਮਾਪੇ ਵੀ ਕਿਨ੍ਹੇ ਸਵਾਰਥੀ ਹੋ ਜਾਂਦੇ ਹਨ ਅੱਜਕਲ੍ਹ ਦੇ ਸਮਿਆਂ ਵਿੱਚ। ਦਵਿੰਦਰ ਤਾਂ ਆਪਣੀ ਪੀੜ ਵਿੱਚ ਪੀਸੀ ਹੀ ਪਈ ਸੀ।

ਦਵਿੰਦਰ ਨੇ ਗੱਲ ਜਾਰੀ ਰੱਖੀ, "ਇਸ ਤੋਂ ਬਾਦ ਮੇਰੇ ਤੇ ਕੈਪਟਨ ਸਾਹਿਬ ਵਿੱਚ ਬਹੁਤ ਸਾਰੀਆਂ ਅਣਸੁਖਾਵੀਆਂ ਗੱਲਾਂ ਹੋਣ ਲੱਗੀਆਂ। ਗੱਲ ਗੱਲ ਤੇ ਸਾਡਾ ਤਕਰਾਰ ਹੋ ਜਾਂਦਾ। ਉਹ ਅੰਦਰੋਂ ਹੀ ਅੰਦਰੋਂ ਦੁੱਖੀ ਹੋਣ ਲੱਗ ਪਏ। ਮੈਂ ਆਪਣੀ ਥਾਂ ਤੇ ਦੁੱਖੀ ਸਾਂ। ਮੈਨੂੰ ਭਾਵੇਂ ਪਤਾ ਸੀ ਕਿ ਮੇਰੇ ਮਾਂ ਬਾਪ ਤੇ ਭਰਾ ਸਵਾਰਥੀ ਹਨ, ਪਰ ਸਨ ਤਾਂ ਉਹ ਮੇਰਾ ਖੂਨ। ਮੈਂ ਕਿਸੇ ਵੀ ਕੀਮਤ ਤੇ ਉਹਨਾਂ ਦਾ ਅਪਲਾਈ ਕਰਨਾ ਚਾਹੁੰਦੀ ਸਾਂ। ਮੈਂ ਆਪਣੇ ਭਰਾ ਦੇ ਪਿੱਛੇ ਲੱਗ ਕੇ ਕੈਪਟਨ ਸਾਹਿਬ ਨੂੰ ਤਲਾਕ ਦੀ ਧਮਕੀ ਵੀ ਦੇ ਮਾਰੀ। ਉਸ ਤੋਂ ਬਾਦ ਉਹ ਚੁੱਪ ਹੀ ਹੋ ਗਏ। ਹੱਸਣਾ ਤਾਂ ਉਹਨਾਂ ਨੂੰ ਭੁੱਲ ਹੀ ਗਿਆ। ਉਹ ਪਿਆਰ ਨਾਲ ਅਮਨ ਵੱਲ ਦੇਖਦੇ ਤੇ ਦੇਖੀ ਜਾਂਦੇ। ਇਕ ਦਿਨ ਉਹ ਅਮਨ ਨੂੰ ਬੁਕਲ 'ਚ ਲੈ ਕੇ ਲਾਡੀਆਂ ਕਰ ਰਹੇ ਸਨ। ਮੈਂ ਉਹਨਾਂ ਨੂੰ ਕਹਿੰਦਿਆਂ ਸੁਣਿਆ, "ਮੇਰਾ ਅਮਨ ਪੁੱਤ ਬਹੁਤ ਵੱਡਾ ਇੰਜੀਨੀਅਰ ਬਣੇਗਾ।"

ਅਮਨ ਦੇ ਹੋਣ ਤੇ ਵੀ ਮੇਰੇ ਮਾਂ ਪਿਉ ਨੂੰ ਭੋਰਾ ਖੁਸ਼ੀ ਨਾ ਹੋਈ। ਜਦੋਂ ਮੈਂ ਵਧਾਈ ਦੇਣ ਲਈ ਫੋਨ ਕੀਤਾ ਤਾਂ ਮੇਰੀ ਮਾਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ, "ਹੁਣ ਤਾਂ ਤੇਰਾ ਕੋਰਾ ਹੀ ਜਵਾਬ ਹੈ। ਤੂੰ ਕੁੜੀ ਨਾਲ ਕੰਮ ਨਹੀਂ ਕਰ ਸਕਦੀ ਤੇ ਸਾਡਾ ਅਪਲਾਈ ਨਹੀਂ ਹੋਣਾ। ਜੇਕਰ ਸਾਡੀ ਧੀ ਨੂੰ ਸਾਡਾ ਨਹੀਂ ਤਾਂ ਅਸੀਂ ਅਜੇਹੀ ਧੀ ਕੋਲੋਂ ਕੀ ਕਰਵਾਉਣਾ ਹੈ!"

ਮੇਰਾ ਮਨ ਵੀ ਭਰ ਆਇਆ। ਕੀ ਕੋਈ ਏਨ੍ਹਾ ਵੀ ਸਵਾਰਥੀ ਹੋ ਸਕਦਾ ਹੈ ਤੇ ਉਹ ਵੀ ਮਾਪੇ। ਆਪਣੀ ਖੁਸ਼ੀ ਲਈ ਧੀ ਦੀ ਜ਼ਿੰਦਗੀ ਦਾ ਸੌਦਾ ਕਰਨ?

"ਓ ਹੋ! ਕੁੜੀਆਂ ਵਿਚਾਰੀਆਂ ਕਰਨ ਵੀ ਤਾਂ ਕੀ ਕਰਨ। ਦੋ ਪੁੜਾਂ ਵਿੱਚ ਪੀਸੀਆਂ ਜਾਂਦੀਆਂ ਹਨ।" ਮੈਂ ਕਿਹਾ।

"ਇਕ ਦਿਨ ਸਾਡੇ ਘਰ ਬਹੁਤ ਕਲੇਸ਼ ਪਿਆ। ਉਹਨਾਂ ਨੇ ਮੈਨੂੰ ਬਹੁਤ ਸਮਝਾਇਆ ਕਿ ਗੁਰਪ੍ਰੀਤ ਦੀ ਮਾਂ ਦੀ ਦਖਲ-ਅੰਦਾਜ਼ੀ ਨੇ ਹੀ ਮੈਨੂੰ ਗੁਰਪ੍ਰੀਤ ਤੋਂ ਅਲੱਗ ਕੀਤਾ। ਮੈਂ ਨਹੀਂ ਚਾਹੁੰਦਾ ਕਿ ਮੈਂ ਹੁਣ ਹੋਰ ਕਿਸੇ ਦੀ ਦਖਲ-ਅੰਦਾਜ਼ੀ ਬਰਦਾਸ਼ਤ ਕਰਾਂ।"

"ਉਹ ਕਿਵੇਂ?" ਮੈਂ ਆਖਿਆ।

ਦਵਿੰਦਰ ਨੇ ਫਿਰ ਮੇਰੇ ਚਿਹਰੇ ਤੇ ਅੱਖਾਂ ਗੱਡ ਲਈਆਂ ਤੇ ਕਹਿਣ ਲੱਗੀ ਕਿ ਇਹ ਗੱਲ ਮੈਨੂੰ ਕੈਪਟਨ ਸਾਹਿਬ ਨੇ ਆਪ ਦੱਸੀ ਸੀ ਕਿ ਇਕ ਦਿਨ ਕੈਪਟਨ ਸਾਹਿਬ ਦੇ ਦੋਸਤ ਦਾ ਫੋਨ ਆਇਆ ਕਿ ਜਸਪਾਲ ਬਹੁਤ ਬੀਮਾਰ ਹੈ। ਉਸਦੇ ਨੱਕ ਵਿੱਚ ਕੈਂਸਰ ਸੀ ਤੇ ਹੁਣ ਉਹ ਫੈਲਦਾ ਫੈਲਦਾ ਗਲੇ ਤੋਂ ਅੱਗੇ ਸਾਹ ਨਾਲੀ ਤੱਕ ਫੈਲ ਚੁੱਕਿਆ ਹੈ। ਉਹ ਨਾ ਖਾ ਸਕਦੀ ਹੈ ਤੇ ਨਾ ਗੱਲ ਕਰ ਸਕਦੀ ਹੈ। ਮੈਂ ਉਸਨੂੰ ਹਸਪਤਾਲ ਵਿੱਚ ਮਿਲਣ ਗਿਆ ਸੀ। ਉਸਨੇ ਲਿਖ ਕੇ ਮੈਨੂੰ ਕਿਹਾ ਕਿ ਜਸਵੰਤ ਨੂੰ ਕਹੋ ਆਖਰੀ ਵਾਰ ਸ਼ਕਲ ਹੀ ਦਿਖਾ ਜਾਵੇ।

ਮੈਂ ਸਮਝ ਗਈ ਕਿ ਜਸਪਾਲ ਉਹ ਕੁੜੀ ਸੀ ਜਿਸ ਨਾਲ ਕੈਪਟਨ ਜਸਵੰਤ ਦਾ ਪਿਆਰ ਸੀ।

"ਰੱਬ ਵੀ ਕਿਸ ਤਰ੍ਹਾਂ ਦੇ ਕਾਰੇ ਕਰਦਾ ਹੈ।" ਮੈਂ ਮੂੰਹ ਵਿੱਚ ਹੀ ਬੁੜਬੁੜਾਈ।

"ਕੈਪਟਨ ਸਾਹਿਬ ਨੇ ਇਹ ਗੱਲ ਗੁਰਪ੍ਰੀਤ ਨੂੰ ਦੱਸ ਦਿੱਤੀ ਤੇ ਗੁਰਪ੍ਰੀਤ ਨੇ ਆਪਣੀ ਮਾਂ ਨੂੰ। ਇਹ ਸੁਣ ਕੇ ਮਾਂ ਦਾ ਪਾਰਾ ਸੱਤਵੇਂ ਅਸਮਾਨ ਪਹੁੰਚ ਗਿਆ। ਕਹਿਣ ਲੱਗੀ ਕਿ ਮੇਰੀ ਧੀ ਨਾਲ ਧੋਖਾ ਕੀਤਾ ਹੈ ਇਹਨੇ। ਇਹਦੇ ਦਿਲ ਵਿੱਚ ਹਾਲੇ ਵੀ ਉਹ ਵਸਦੀ ਹੈ। ਏਸੇ ਕਰਕੇ ਇਹ ਚੁੱਪ ਗੜੁੱਪ ਰਹਿੰਦਾ ਹੈ। ਤਾਂ ਹੀ ਤਾਂ ਮੁੜਕੇ ਮੇਰੀ ਧੀ ਦੀ ਕੁੱਖ ਹਰੀ ਨੀ ਹੋਈ। ਇਹ ਦਾ ਮੇਰੀ ਧੀ ਵੱਲ ਧਿਆਨ ਹੀ ਨਹੀਂ। ਸਕੀਮਾਂ ਬਣਾਈ ਫਿਰਦਾ ਆਵਦੀ ਰੰਨ ਨੂੰ ਮਿਲਣ ਦੀਆਂ। ਜੇਕਰ ਉਹਨੂੰ ਹੀ ਦਿਲ ਵਿੱਚ ਰੱਖਣਾ ਸੀ ਤਾਂ ਮੇਰੀ ਧੀ ਨੂੰ ਕਿਉਂ ਪਰੁੰਨਣਾ ਸੀ। ਅਸੀਂ ਆਪੇ ਆਵਦੀ ਧੀ ਦਾ ਕੋਈ ਹੋਰ ਇੰਤਜ਼ਾਮ ਕਰ ਦਿੰਦੇ। ਏਥੋਂ ਤੱਕ ਕਿ ਇਕ ਦਿਨ ਦੋਨੋਂ ਮਾਵਾਂ ਧੀਆਂ ਨੇ ਕੈਪਟਨ ਸਾਹਿਬ ਨੂੰ ਧੱਕੇ ਮਾਰੇ ਤੇ ਗਾਲ੍ਹਾਂ ਕੱਢੀਆਂ। ਕੈਪਟਨ ਸਾਹਿਬ ਦੇ ਮੂੰਹੋਂ ਨਿਕਲ ਗਿਆ ਕਿ ਕਿਉਂ ਕਲੇਸ਼ ਕਰਦੀਆਂ ਹੋ ਉਹ ਵਿਚਾਰੀ ਤਾਂ ਮਰਨ ਕਿਨਾਰੇ ਹੈ ਤੇ ਨਾਲੇ ਮੈਂ ਕਿਹੜਾ ਕਿਤੇ ਜਾ ਰਿਹਾ ਵਾਂ! 'ਵਿਚਾਰੀ' ਸ਼ਬਦ ਸੁਣ ਕੇ ਤਾਂ ਉਸਦੀ ਮਾਂ ਹੋਰ ਵੀ ਚੜ੍ਹ ਗਈ। ਦੇਖਿਆ! ਮੈਂ ਐਵੇਂ ਨੀ ਕਹਿੰਦੀ। ਉਹ ਤਾਂ ਵਿਚਾਰੀ ਹੈ ਤੇ ਮੇਰੀ ਧੀ ਕੀ ਹੋਈ।"

"ਇਹਦਾ ਮਤਲਬ ਗੁਰਪ੍ਰੀਤ ਨੇ ਆਪਣੀ ਮਾਂ ਨੂੰ ਉਹਨਾਂ ਦੇ ਘਰ ਵਿੱਚ ਦਖਲ-ਅੰਦਾਜ਼ੀ ਕਰਨ ਦੀ ਪੂਰੀ ਖੁਲ੍ਹ ਦਿੱਤੀ ਹੋਈ ਸੀ।" ਮੈਂ ਕਿਹਾ।

"ਮੈਨੂੰ ਉਹਨਾਂ ਦੱਸਿਆ ਕਿ ਜਦੋਂ ਮੈਂ ਗੁਰਪ੍ਰੀਤ ਨੂੰ ਜਸਪਾਲ ਦੀ ਬੀਮਾਰੀ ਬਾਰੇ ਦੱਸਿਆ ਤਾਂ ਉਸਦਾ ਮਨ ਬਹੁਤ ਖਰਾਬ ਹੋਇਆ ਸੀ ਅਤੇ ਉਸਨੂੰ ਹਮਦਰਦੀ ਸੀ। ਉਸ ਦੀਆਂ ਅੱਖਾਂ 'ਚ ਹੰਝੂ ਸਨ ਪਰ ਜਦੋਂ ਉਸਨੇ ਆਪਣੀ ਮਾਂ ਨੂੰ ਦੱਸ ਦਿੱਤਾ ਤਾਂ ਗੱਲ ਕੁਝ ਹੋਰ ਹੀ ਬਣ ਗਈ। ਇਸ ਤੋਂ ਬਾਦ ਉਹ ਅਲੱਗ ਅਲੱਗ ਹੋ ਗਏ ਤੇ ਸਾਲ ਬਾਦ ਕੈਨੇਡਾ ਦੇ ਕਾਨੂੰਨ ਮੁਤਾਬਕ ਤਲਾਕ ਹੋ ਗਿਆ। ਗੁਰਪ੍ਰੀਤ ਨੇ ਕਦੇ ਵੀ ਆਪਣੇ ਬੇਟੇ ਨੂੰ ਕੈਪਟਨ ਸਾਹਿਬ ਨੂੰ ਮਿਲਣ ਨਹੀਂ ਦਿੱਤਾ। ਉਸਦੀ ਮਾਂ ਕਹਿੰਦੀ ਸੀ, "ਅਸੀਂ ਨੀ ਏਸ ਲੰਗੜੇ ਦਾ ਪਰਛਾਵਾਂ ਮੁੰਡੇ ਤੇ ਪੈਣ ਦੇਣਾ ਤੇ ਨਾਲ ਇਹ ਮੁੰਡੇ ਦਾ ਕੀ ਲੱਗਦਾ ਹੈ। ਜਿਹਦਾ ਲੱਗਦਾ ਸੀ ਉਹ ਤੁਰ ਗਿਆ। ਇਹ ਤਾਂ ਮਨ 'ਚ ਵਸਾਈ ਫਿਰਦਾ ਆਵਦੀ ਜਸਪਾਲ ਕੁਰ ਨੂੰ।"

"ਲੰਗੜਾ!" ਉਹ ਕਿਉਂ?

"ਲੱਤ ਤੇ ਗੋਲੀ ਲੱਗਣ ਕਰਕੇ ਉਹ ਥੋੜ੍ਹਾ ਜਿਹਾ ਲੰਗੜਾ ਕੇ ਤੁਰਦੇ ਸਨ।"

"ਵਿਚਾਰੇ ਦਾ ਤੁਸੀਂ ਦੋਨਾਂ ਨੇ ਬੁਰਾ ਹਾਲ ਕਰ ਦਿੱਤਾ।" ਮੈਂ ਕੈਪਟਨ ਜਸਵੰਤ ਨਾਲ ਹਮਦਰਦੀ ਜਿਤਾਉਂਦੇ ਹੋਏ ਹੌਲੀ ਜਿਹੀ ਕਿਹਾ।

"ਤੇ ਹੋਰ ਕੀ। ਮੈਂ ਵੀ ਨਾ ਸਮਝੀ। ਮਾਂ- ਪਿਉ ਦੇ ਪਿੱਛੇ ਲੱਗ ਕੇ ਵਸਦਾ ਰਸਦਾ ਘਰ ਖਰਾਬ ਕਰ ਲਿਆ।

"ਦਵਿੰਦਰ ਤੇਰੀਆਂ ਗੱਲਾਂ ਤੋਂ ਲੱਗਦੈ ਤੂੰ ਆਪਣੇ ਪਤੀ ਨੂੰ ਬਹੁਤ ਪਿਆਰ ਕਰਦੀ ਸੀ। ਤੂੰ ਹਰ ਗੱਲ ਨਾਲ ਉਸਨੂੰ ਕੈਪਟਨ ਸਾਹਿਬ ਕੈਪਟਨ ਸਾਹਿਬ ਕਰਦੀ ਏਂ।"

ਦਵਿੰਦਰ ਦੀਆਂ ਇਕ ਵਾਰ ਫਿਰ ਅੱਖਾਂ ਭਰ ਆਈਆਂ। ਉਸਨੇ ਆਪਣੇ ਅੰਦਰ ਵੱਡਾ ਸਾਰਾ ਸਾਹ ਖਿਚਿਆ ਤੇ ਬੋਲੀ, "ਭੈਣ ਜੀ, ਉਸਨੇ ਕਦੇ ਵੀ ਮੈਨੂੰ ਬੁਰਾ ਭਲਾ ਨਹੀਂ ਸੀ ਕਿਹਾ। ਮੈਂ ਹੀ ਤੰਗ ਕਰਦੀ ਰਹੀ ਉਹਨਾਂ ਨੂੰ।"

"ਹੂੰ।"

"ਜਦੋਂ ਮੈਨੂੰ ਹੋਸ਼ ਆਈ ਓਦੋਂ ਨੂੰ ਉਹਨਾਂ ਨੂੰ ਪੰਜਾਬ ਜਾਣਾ ਪੈ ਗਿਆ। ਉਹਨਾਂ ਦੀ ਮਾਂ, ਪੁੱਤ ਨੂੰ ਮਿਲੇ ਵਗੈਰ ਹੀ ਜਹਾਨ ਤੋਂ ਤੁਰ ਗਈ।"

"ਕਿਸਮਤ ਵਿਚਾਰੇ ਦੀ!" ਮੈਂ ਆਪਣੇ ਆਪ ਨੂੰ ਕਿਹਾ।

"ਦਵਿੰਦਰ ਦੀ ਭੁੱਬ ਨਿਕਲ ਗਈ। ਉਹ ਪੰਜਾਬ ਤੋਂ ਵਾਪਿਸ ਨਹੀਂ ਆਏ। ਉਹ ਫੋਨ ਕਰਕੇ ਅਮਨ ਦਾ ਹਾਲ ਚਾਲ ਪੁੱਛ ਲਿਆ ਕਰਦੇ ਸਨ। ਬਹੁਤ ਪਿਆਰ ਕਰਦੇ ਸਨ ਆਪਣੀ ਧੀ ਨੂੰ। ਕਹਿੰਦੇ ਹੁੰਦੇ ਸਨ ਇਹ ਤਾਂ ਮੇਰਾ ਇੰਜੀਨੀਅਰ ਪੁੱਤ ਹੈ। ਓਥੇ ਹੀ ਉਹਨਾਂ ਨੂੰ ਦਿਲ ਦਾ ਦੌਰਾ ਪੈ ਗਿਆ ਸਾਨੂੰ ਦੋਹਾਂ ਨੂੰ ਛੱਡ ਕੇ ਤੁਰ ਗਏ। ਮੈਂ ਉਸੇ ਵੇਲੇ ਸੀਟ ਬੁੱਕ ਕਰਵਾ ਲਈ ਤੇ ਅਮਨ ਨੂੰ ਲੈਕੇ ਵੇਲੇ ਸਿਰ ਪੁੱਜ ਗਈ। ਲੈ ਹੋਰ ਗੱਲ ਦੱਸਾਂ! ਭੋਗ ਤੋਂ ਬਾਦ ਮੇਰੀ ਮਾਂ ਨੇ ਹੋਰ ਸਿਫਾਰਸ ਕਰ ਦਿੱਤੀ। ਕਹਿੰਦੀ ਤੂੰ ਅਪਣੀ ਮਾਸੀ ਦਾ ਮੁੰਡਾ ਲੰਘਾ ਦੇ। ਹੁਣ ਕਿਹੜਾ ਕੋਈ ਰੋਕ ਟੋਕ ਹੈ।"

ਦਵਿੰਦਰ ਨੇ ਆਪਣਾ ਸਿਰ ਮੇਰੀ ਬੁਕਲ ਵਿੱਚ ਸੁੱਟ ਲਿਆ ਤੇ ਰੋਣ ਲੱਗ ਪਈ। ਰੋ ਰੋ ਕੇ ਉਸਨੇ ਆਪਣੇ ਮਨ ਦਾ ਗੁੱਭ-ਗਵਾਟ ਕੱਢ ਲਿਆ।

ਸ਼ਾਮ ਦੇ ਪੰਜ ਵਜ ਗਏ ਸਨ। ਦਵਿੰਦਰ ਨੂੰ ਯਾਦ ਆਇਆ ਕਿ ਉਸਨੇ ਨੇ ਤਾਂ ਕਲ੍ਹ ਸਵੇਰੇ ਹੀ ਕੰਮ ਤੇ ਜਾਣਾ ਹੈ। ਅਮਨ ਵੀ ਇਕ ਦੋ ਘੰਟੇ ਸੌਂ ਕੇ ਜਾਗ ਚੁੱਕੀ ਸੀ। ਦੋਨੋਂ ਮਾਵਾਂ ਧੀਆਂ ਆਪਣੇ ਘਰ ਚਲੀਆਂ ਗਈਆਂ ਤੇ ਮੈਂ ਬਹੁਤ ਚਿਰ ਦਵਿੰਦਰ ਬਾਰੇ ਸੋਚਦੀ ਰਹੀ।

ਉਸਤੋਂ ਬਾਦ ਮੇਰਾ ਉਸ ਨਾਲ ਮੇਲ ਜੋਲ ਵੱਧ ਗਿਆ। ਕਦੇ ਕੋਈ ਗੱਲ ਹੁੰਦੀ ਤਾਂ ਮੈਨੂੰ ਦੱਸ ਦਿੰਦੀ। ਅਮਨ ਦੀ ਪੜ੍ਹਾਈ ਬਾਰੇ ਉਹ ਅਕਸਰ ਮੇਰੇ ਨਾਲ ਗੱਲ ਬਾਤ ਕਰਦੀ ਰਹਿੰਦੀ। ਅਮਨ ਤੇ ਅਮਨ ਦੀ ਪੜ੍ਹਾਈ ਤੋਂ ਬਿਨਾਂ ਤਾਂ ਉਸ ਕੋਲ ਹੋਰ ਗੱਲ ਹੀ ਨਹੀਂ ਸੀ ਹੁੰਦੀ। ਉਹ ਅਮਨ ਨੂੰ ਸਾਂਭ ਸਾਂਭ ਰੱਖਦੀ। ਆਪ ਸਕੂਲ ਛੱਡਣ ਜਾਂਦੀ ਅਤੇ ਆਪ ਹੀ ਲੈਕੇ ਆਉਂਦੀ। ਉਸਦਾ ਸਾਰਾ ਜਹਾਨ ਕੇਵਲ ਤੇ ਕੇਵਲ ਅਮਨ ਹੀ ਸੀ। ਉਸਨੂੰ ਸਾਹ ਵੀ ਜਾਣੀਂ ਅਮਨ ਰਾਹੀਂ ਹੀ ਆਉਂਦਾ ਜਾਪਦਾ ਸੀ।

ਸਮਾਂ ਬੀਤਦਾ ਗਿਆ। ਸਮੇਂ ਦੇ ਨਾਲ ਨਾਲ ਅਮਨ ਵੀ ਵੱਡੀ ਹੋ ਰਹੀ ਸੀ ਤੇ ਦਵਿੰਦਰ ਦੀ ਅਮਨ ਪ੍ਰਤੀ ਜ਼ੁਮੇਂਵਾਰੀ ਵੱਧ ਰਹੀ ਸੀ। ਅਮਨ ਦੀਆਂ ਫੀਸਾਂ ਲਈ ਉਸਨੂੰ ਕੰਮ ਵੀ ਵਧੇਰੇ ਕਰਨਾ ਪੈਂਦਾ ਸੀ। ਚੰਗਾ ਘਰ ਵੀ ਲੈ ਲਿਆ ਸੋ ਮੈਂ ਅਕਸਰ ਹੀ ਉਸਨੂੰ ਆਖਿਆ ਕਰਦੀ ਸਾਂ, "ਆਪਣੀ ਜਾਨ ਨਾ ਸੁਕਣੇ ਪਾਇਆ ਕਰ।"

ਉਸਨੇ ਭਰੀ ਆਵਾਜ਼ 'ਚ ਕਿਹਾ ਸੀ, "ਮੈਂ ਜਾਨ ਕੀ ਕਰਨੀ ਹੈ। ਇਹ ਅਮਨ ਲਈ ਹੀ ਹੈ। ਮੇਰੇ ਤੋਂ ਉਸਦੀਆਂ ਸੁੱਖ ਸਹੂਲਤਾਂ ਪੂਰੀਆਂ ਹੋਈ ਜਾਣ, ਏਹੀ ਬਹੁਤ ਹੈ ਮੇਰੇ ਲਈ।"

ਜਦੋਂ ਅਮਨ ਯੂਨੀਵਰਸਿਟੀ ਦਾਖਲ ਹੋਈ ਸੀ ਤਾਂ ਉਹ ਮੈਨੂੰ ਨਾਲ ਲੈ ਕੇ ਗਈ ਸੀ। ਅਤੇ ਅੱਜ ਫਿਰ ਮੈਂ ਦਵਿੰਦਰ ਦੇ ਨਾਲ ਸਾਂ ਜਦੋਂ ਅਮਨ ਨੂੰ ਡਿਗਰੀ ਮਿਲਣੀ ਸੀ।

ਅਮਨ ਦਾ ਨਾਮ ਬੋਲਿਆ। ਦਵਿੰਦਰ ਦੀਆਂ ਅੱਖਾਂ ਵਿੱਚ ਹੰਝੂ ਭਰ ਆਏ। ਅਮਨ ਨੇ ਸਿਰਫਸਿਵਲ-ਇੰਜੀਨੀਅਰਿੰਗ ਦੀ ਡਿਗਰੀ ਹੀ ਨਹੀਂ ਸਗੋਂ ਗੋਲਡ ਮੈਡਲ ਵੀ ਪ੍ਰਾਪਤ ਕੀਤਾ ਸੀ। ਸਾਰਾ ਆਡੀਟੋਰੀਅਮ ਤਾੜੀਆਂ ਨਾਲ ਗੂੰਜ਼ ਉੱਠਿਆ। ਟੀਚਰ ਤੇ ਵਿਦਿਆਰਥੀ ਖੜ੍ਹੇ ਹੋ ਕੇ ਤਾੜੀਆਂ ਮਾਰਨ ਲੱਗੇ। ਅਮਨ ਨੇ ਸਟੇਜ ਤੇ ਆਪਣੀ ਮਾਂ ਨੂੰ ਬੁਲਾਇਆ। ਦਵਿੰਦਰ ਉੱਠ ਕੇ ਸਟੇਜ ਵੱਲ ਗਈ। ਉਸਦਾ ਚਾਅ ਸਾਂਭਿਆ ਨਹੀਂ ਸੀ ਜਾਦਾ। ਉਹ ਕਦੇ ਹੱਸ ਪੈਂਦੀ ਤੇ ਕਦੇ ਰੋਣ ਲੱਗਦੀ। ਅਮਨ ਦੇ ਗਲ ਵਿੱਚ ਗੋਲਡ ਮੈਡਲ ਪਾਇਆ ਗਿਆ ਤੇ ਅਮਨ ਨੇ ਆਪਣੇ ਗਲ 'ਚੋਂ ਲਾਹ ਕੇ ਆਪਣੀ ਮਾਂ ਦੇ ਗਲ ਵਿੱਚ ਪਾ ਦਿੱਤਾ। ਹਾਲ ਇਕ ਵਾਰ ਫਿਰ ਤਾੜੀਆਂ ਨਾਲ ਗੂੰਜ ਉੱਠਿਆ। ਬਹੁਤ ਹੀ ਸੋਹਣਾ ਨਜ਼ਾਰਾ ਸੀ। ਮੈਂ ਵੀ ਖੁਸ਼ੀ ਵਿੱਚ ਰੋ ਰਹੀ ਸਾ।

ਦਵਿੰਦਰ ਆਪਣੀ ਸੀਟ ਤੇ ਵਾਪਿਸ ਆ ਗਈ ਅਤੇ ਮੈਨੂੰ ਘੁੱਟ ਕੇ ਗਲਵਕੜੀ ਪਾ ਲਈ। ਅਮਨ ਆਪਣੇ ਵਿਦਿਆਰਥੀ ਸਾਥੀਆ ਨਾਲ ਆਪਣੀ ਸੀਟ ਤੇ ਜਾ ਬੈਠੀ।

ਮੈਂ ਵੀ ਬਹੁਤ ਭਾਵੁਕ ਹੋ ਚੁੱਕੀ ਸਾਂ। ਭਾਵੁਕਤਾ ਵਿੱਚ ਮੇਰੇ ਤੋਂ ਬੋਲਿਆ ਨਹੀਂ ਸੀ ਜਾ ਰਿਹਾ।

ਸਮਾਗਮ ਦੀ ਸਮਾਪਤੀ ਤੇ, ਮੈਂ ਤੇ ਦਵਿੰਦਰ ਬਾਹਰ ਆ ਗਈਆਂ ਤੇ ਅਮਨ ਦੀ ਉਡੀਕ ਕਰਨ ਲੱਗੀਆਂ। "ਪਤਾ ਨਹੀਂ ਅਮਨ ਕਿਉਂ ਲੇਟ ਆ। ਸਾਰੇ ਬੱਚੇ ਤਾਂ ਬਾਹਰ ਆ ਚੁੱਕੇ ਹਨ।" ਦਵਿੰਦਰ ਨੇ ਫਿਕਰੰਮਦ ਜਿਹੇ ਹੋ ਕੇ ਕਿਹਾ।

ਏਨ੍ਹੇ ਨੂੰ ਅਮਨ ਆਉਂਦੀ ਦਿੱਸ ਪਈ। ਉਹ ਟੋਰਾਂਟੋ ਤੋਂ ਆਏ ਆਪਣੇ ਭਰਾ ਦੇ ਨਾਲ ਤੁਰੀ ਆ ਰਹੀ ਸੀ।

ਮੁੰਡੇ ਨੇ ਦਵਿੰਦਰ ਦੇ ਪੈਰੀਂ ਹੱਥ ਲਾਏ। ਦਵਿੰਦਰ ਨੇ ਵੀ ਉਸਨੂੰ ਰਜਵਾਂ ਪਿਆਰ ਦਿੱਤਾ। ਉਹਨਾਂ ਨੇ ਦੱਸਿਆ ਕਿ ਕੈਲਗਰੀ ਤੋਂ ਉਸ ਦੇ ਕਿਸੇ ਦੋਸਤ ਨੇ ਅਮਨ ਦੀ ਇਸ ਪ੍ਰਾਪਤੀ ਬਾਰੇ ਦੱਸਿਆ ਸੀ ਅਤੇ ਉਸ ਨੇ ਅਮਨ ਦੀ ਖੁਸ਼ੀ ਵਿੱਚ ਸ਼ਾਮਲ ਹੋਣ ਦਾ ਮਨ ਬਣਾ ਲਿਆ। ਦਵਿੰਦਰ ਜ਼ਿੰਦਗੀ ਦੇ ਸਾਰੇ ਗਿਲੇ ਸ਼ਿਕਵੇਂ ਭੁੱਲ ਚੁੱਕੀ ਸੀ। ਅੱਜ ਉਹ ਪਹਿਲਾਂ ਵਾਲੀ ਦਵਿੰਦਰ ਨਹੀਂ ਸੀ ਰਹੀ। ਕੁਝ ਹੋਰ ਹੀ ਜਾਪਦੀ ਸੀ। ਗੁਲਾਬ ਦੇ ਫੁੱਲ ਵਰਗੀ ਮੁਸਕਾਨ ਉਸਦੇ ਚਿਹਰੇ ਦੀ ਰੌਣਕ ਵਧਾ ਰਹੀ ਸੀ। ਉਹ ਕਦੇ ਅਮਨ ਵੱਲ ਤੱਕਦੀ ਤੇ ਕਦੇ ਆਪਣੇ ਪੁੱਤਰ ਰਮਨ ਵੱਲ। ਸਭ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਸਨ। ਕਦੇ ਕੋਈ ਹੱਸ ਪੈਂਦਾ, ਕਦੇ ਕੋਈ ਰੋ ਪੈਂਦਾ। ਕਦੇ ਕੋਈ ਕਿਸੇ ਨੂੰ ਗਲਵਕੜੀ ਪਾ ਲੈਂਦਾ ਤੇ ਕਦੇ ਕੋਈ ਕਿਸੇ ਨੂੰ। ਮੈਂ ਭਾਵੁਕ ਹੋਈ ਇਸ ਖੂਬਸੂਰਤ ਨਜ਼ਾਰੇ ਨੂੰ ਬੜੀ ਚੰਗੀ ਤਰ੍ਹਾਂ ਮਾਣ ਰਹੀ ਸਾਂ।

ਬਾਹਰ ਖੁਲ੍ਹੇ ਮੈਦਾਨ ਵਿੱਚ ਆ ਕੇ ਉਪਰ ਨੂੰ ਹੱਥ ਕਰਕੇ ਦੋਨਾਂ ਬੱਚਿਆਂ ਨੂੰ ਬੁੱਕਲ ਵਿੱਚ ਲੈਂਦਿਆਂ ਦਵਿੰਦਰ ਨੇ ਕਿਹਾ, "ਕੈਪਟਨ ਸਾਹਿਬ! ਮੈਂ ਬੇਸ਼ੱਕ ਇਕ ਚੰਗੀ ਧੀ, ਇਕ ਚੰਗੀ ਪਤਨੀ ਨਹੀਂ ਬਣ ਸਕੀ ਪਰ ਮੈਂ ਇਕ ਚੰਗੀ ਮਾਂ ਜ਼ਰੂਰ ਹਾਂ। ਦੇਖ ਅੱਜ ਤੇਰੀ ਧੀ ਗਲ ਵਿੱਚ ਗੋਲਡ ਮੈਡਲ ਪਾਈ ਤੇ ਹੱਥ ਵਿੱਚ ਸਿਵਲ-ਇੰਜੀਨੀਅਰਿੰਗ ਦੀ ਡਿਗਰੀ ਲਈ ਆਪਣੇ ਭਰਾ ਕੋਲ ਖੜ੍ਹੀ ਹੈ। ਮੈਂ ਇਕ ਚੰਗੀ ਮਾਂ ਜ਼ਰੂਰ ਹਾਂ। ਮੈਨੂੰ ਯਕੀਨ ਹੈ ਤੁਸੀ ਮੈਨੂੰ ਮੁਆਫ ਕਰ ਦਿੱਤਾ ਹੈ। ਅੱਜ ਤੁਸੀਂ ਵੀ ਜ਼ਰੂਰ ਖੁਸ਼ ਹੋਵੋਗੇ।"

# ਤੁਰ ਗਿਆ "ਗ਼ੈਰ-ਹਾਜ਼ਿਰ ਆਦਮੀ" ਪ੍ਰੇਮ ਗੋਰਖੀ



ਗੁਰਮੀਤ ਕੜਿਆਲਵੀ
98726 40994

ਪ੍ਰੇਮ ਗੋਰਖੀ ਪੰਜਾਬੀ ਮਾਂ ਬੋਲੀ ਦਾ ਨਿਵੇਕਲੀ ਨੁਹਾਰ ਵਾਲਾ ਵੱਡਾ ਕਹਾਣੀਕਾਰ ਸੀ ਜਿਸਦੀ ਮੌਤ ਨੇ ਪੰਜਾਬੀ ਸਾਹਿਤ ਜਗਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸਾਰੇ ਸਾਹਿਤਕ ਖੇਤਰ ਚ ਸੁੰਨ ਪਸਰ ਗਈ ਹੈ। ਗੋਰਖੀ ਜਿਵੇਂ ਸਾਰਿਆਂ ਦੀ ਰੂਹ ਹੀ ਕੱਢ ਕੇ ਲੈ ਗਿਆ ਹੋਵੇ। ਉਸਦੇ ਸਮਕਾਲੀਆਂ ਦੀਆਂ ਅੱਖਾਂ ਭਰ ਆਈਆਂ। ਸਰਹੱਦ ਪਾਰੋਂ ਲਹਿੰਦੇ ਪੰਜਾਬ ਚੋਂ ਵੀ ਹਾਉਕੇ ਕੰਡਿਆਲੀਆਂ ਤਾਰਾਂ ਲੰਘ ਆਏ। ਸਮੁੰਦਰਾਂ ਤੋਂ ਪਾਰ ਬੈਠੇ ਪੰਜਾਬੀ ਲੇਖਕ ਤੇ ਪਾਠਕ ਵੀ ਧੁਰ ਅੰਦਰ ਤੱਕ ਉਦਾਸ ਹੋਏ। ਨਵੇਂ ਪੋਚ ਦੇ ਲੇਖਕਾਂ ਨੂੰ ਉਂਗਲੀ ਫੜ ਕੇ ਨੱਕ ਦੀ ਸੇਧੇ ਤੋਰਨ ਵਾਲਾ ਮਹਿਬੂਬ ਕਹਾਣੀਕਾਰ ਅੱਧਵਾਟੇ ਛੱਡ ਗਿਆ। ਅਪ੍ਰੈਲ ਮਹੀਨੇ ਦੀ 25 ਤਾਰੀਕ ਨੂੰ ਚੰਡੀਗੜ੍ਹ ਦੇ 32 ਸੈਕਟਰ ਦੇ ਹਸਪਤਾਲ ਚੋਂ ਪ੍ਰੇਮ ਗੋਰਖੀ ਨਹੀਂ ਗਿਆ, ਪੰਜਾਬੀ ਕਹਾਣੀ ਦਾ ਇੱਕ ਯੁੱਗ ਚਲਾ ਗਿਆ ਸੀ।

ਪ੍ਰੇਮ ਗੋਰਖੀ ਅਣਹੋਏ, ਹਿਰਾਸੇ, ਉਦਾਸ, ਬੇਨੂਰ ਚਿਹਰਿਆਂ ਵਾਲੇ, ਸਾਰੀ ਉਮਰਾਂ ਪੱਤਝੜ ਜਿਹੀ ਜੂਨ ਭੋਗ ਕੇ ਤੁਰ ਜਾਣ ਵਾਲੇ, ਕੱਚੇ ਢਾਰਿਆਂ ਚ ਨਰਕ ਜਿਹੀ ਜਿੰਦਗੀ ਜਿਉਂਦੇ, ਗਰੀਬੀ ਦੀ ਦਲਦਲ ਚ ਲੱਕ ਲੱਕ ਖੁੱਭੇ, ਜਾਤੀਵਾਦ ਦੀ ਮਾਰ ਸਹਿੰਦੇ ਅਤੇ ਦਿਨ ਦਿਹਾੜੇ ਆਪਣੀ ਕਿਰਤ ਦੀ ਲੁੱਟ ਕਰਵਾਉਣ ਲਈ ਮਜਬੂਰ ਊਣੇ ਤੇ ਵਿਹੂਣੇ ਲੋਕਾਂ ਦਾ ਕਹਾਣੀਕਾਰ ਸੀ। ਉਸਦੀਆਂ ਕਹਾਣੀਆਂ ਥੁੜਾਂ ਮਾਰੇ ਲੋਕਾਂ ਅੰਦਰਲੀਆਂ ਪੀੜਾਂ ਦੀ ਬਾਤ ਪਾਉਂਦੀਆਂ। ਉਹ ਹਜ਼ਾਰਾਂ ਸਾਲਾਂ ਤੋਂ ਜਾਤੀਵਾਦ ਦੀ ਜ਼ਿਲਤ ਹੰਡਾਉਂਦੇ ਲੋਕਾਂ ਅੰਦਰ ਹੁੰਦੀ ਮਾਨਸਿਕ ਟੁੱਟ ਭੱਜ ਨੂੰ ਚਿਤਰਦਾ। ਉਹ ਲੁੱਟ ਦਾ ਸ਼ਿਕਾਰ ਹੁੰਦੇ ਲੋਕਾਂ ਅੰਦਰ ਦੱਬੀ ਪਈ ਚੀਕ ਨੂੰ ਪੇਸ਼ ਕਰਦਾ। ਉਸਦੇ ਪਾਤਰ ਵਿਤਕਰਿਆਂ ਵੰਡਾਂ ਨੂੰ ਜਨਮ ਦੇਣ ਵਾਲੀ ਵਿਵਸਥਾ ਨੂੰ ਚੀਰ ਕੇ ਭਰਾੜ ਕਰ ਦੇਣ ਲਈ ਅਹੁਲਦੇ। ਗੋਰਖੀ ਨਿਰਾਸ਼ਤਾ ਦਾ ਕਹਾਣੀਕਾਰ ਨਹੀਂ ਸੀ-ਉਹ ਤਾਂ ਕਿਰਤੀਆਂ ਦੇ ਵਿਹੜਿਆਂ ਚੋਂ ਲਾਟ ਬਣ ਕੇ ਉੱਠਦੀ ਹੂਕ ਦਾ ਪੇਸ਼ਕਾਰ ਸੀ।

ਪ੍ਰੇਮ ਗੋਰਖੀ ਨੇ 15 ਜੂਨ 1947 ਨੂੰ ਨਾਨਕੇ ਪਿੰਡ ਬੁਹਾਨੀ ਤਹਿਸੀਲ ਫਗਵਾੜਾ ਜਿਲ੍ਹਾ ਕਪੂਰਥਲਾ 'ਚ ਮਾਤਾ ਰੱਖੀ ਦੀ ਕੁੱਖੋਂ ਹੋਇਆ। ਉਹਨਾਂ ਦਾ ਬਾਪ ਅਰਜਨ ਦਾਸ ਇੱਕ ਕਿਰਤੀ ਵਿਅਕਤੀ ਸੀ ਜਿਹੜਾ ਕੋਠੀਆਂ ਨੂੰ ਸਫੈਦੀ ਕਰਨ ਦਾ ਕੰਮ ਕਰਦਾ ਹੋਣ ਕਰਕੇ "ਅਰਜਨ ਸਫੈਦੀ ਵਾਲਾ" ਵਜੋਂ ਮਸ਼ਹੂਰ ਸੀ। ਘਰ ਦੀ ਗਰੀਬੀ ਕਾਰਨ ਛੇ ਭੈਣਾਂ ਭਰਾਵਾਂ ਦੇ ਪਰਿਵਾਰ 'ਚੋਂ ਪ੍ਰੇਮ ਨੂੰ ਹੀ ਕੁੱਝ ਪੜ੍ਹਨ ਲਿਖਣ ਦਾ ਮੌਕਾ ਮਿਲਿਆ। ਪ੍ਰੇਮ ਦੇ ਬਚਪਨ ਨੇ ਗਰੀਬੀ ਦੀਆਂ ਅਥਾਹ ਡੂੰਘਾਣਾਂ ਦੇਖੀਆਂ। ਘਰ 'ਚ ਹਰ ਵਕਤ ਗਰੀਬੀ ਨਾਲ ਜੰਗ ਚੱਲਦੀ ਰਹਿੰਦੀ। ਗਰੀਬੀ ਸਰਾਲ ਬਣਕੇ ਘਰਦੇ ਛੋਟੇ ਵੱਡੇ ਜੀਆਂ ਦੇ ਸਾਹ ਪੀਂਦੀ ਰਹਿੰਦੀ। ਦੁੱਖੀ ਹੋਏ ਪ੍ਰੇਮ ਨੇ ਘਰ ਦੀ ਗਰੀਬੀ ਦੂਰ ਕਰਨ ਲਈ ਕਿਸੇ ਸਾਧ ਦੇ ਆਖੇ ਸਿਵਿਆਂ 'ਚ ਚਾਲੀ ਦਿਨ ਸਿਲ੍ਹਾ ਕੱਢਿਆ। ਬਾਪ ਨੇ ਕੁੱਟ ਕੇ ਸਮਝਾਇਆ, "ਇਹਨਾਂ ਹੱਥਾਂ ਨਾਲ ਕਾਰ ਕੀਤੇ ਬਿਨਾਂ ਨਹੀਂ ਸਰਨਾ। ਇਹ ਕੰਮ ਹਾਰੇ ਹੋਏ ਲੋਕ ਕਰਦੇ ਹਨ ਜਿੰਨ੍ਹਾਂ ਦੀ ਦੇਹ 'ਚ ਲਹੂ ਨਹੀਂ ਕੀੜੇ ਰੀਂਘਦੇ ਹਨ।" ਪ੍ਰੇਮ ਨੂੰ ਜਿਵੇਂ ਜਿੰਦਗੀ ਦੇ ਫਲਸਫੇ ਦੀ ਸਮਝ ਆ ਗਈ ਸੀ। ਉਸਨੇ ਸਾਰੀ ਉਮਰ ਗਰੀਬੀ ਅਤੇ ਦੁਸ਼ਵਾਰੀਆਂ ਨਾਲ ਆਢਾ ਲਾਈ ਰੱਖਿਆ।

ਪ੍ਰੇਮ ਗੋਰਖੀ ਨੇ ਬਾਪ ਨਾਲ ਅਮੀਰ ਘਰਾਂ ਦੀਆਂ ਕੋਠੀਆਂ ਨੂੰ ਸਫੈਦੀ ਕਰਨ ਲਈ ਕੂਚੀ ਚਲਾਈ। ਪੱਤਿਆਂ ਦੇ ਡੂੰਨੇ ਪੱਤਲ ਲਾਏ, ਕਾਰਖਾਨੇ 'ਚ ਢਲਾਈ ਦਾ ਔਖਾ ਕੰਮ ਕੀਤਾ, ਬਿਜਲੀ ਮਹਿਕਮੇ ਵਲੋਂ ਕੰਢੀ ਦੇ ਇਲਾਕੇ 'ਚ ਪਾਈਆਂ ਜਾ ਰਹੀਆਂ ਨਵੀਆਂ ਲਾਈਨਾਂ ਦੇ ਖੰਭਿਆਂ ਲਈ ਖੱਡੇ ਪੱਟੇ, ਕੁਲਫੀਆਂ ਵੇਚਣ ਦਾ ਕੰਮ ਕੀਤਾ, ਲਾਇਲਪੁਰ ਖਾਲਸਾ ਕਾਲਜ ਦੀ ਲਾਇਬਰੇਰੀ 'ਚ ਕਿਤਾਬਾਂ ਦੀ ਝਾੜ-ਪੂੰਝ ਤੇ ਸਾਂਭ ਸੰਭਾਲ ਕੀਤੀ, ਕਾਰਖਾਨਿਆਂ 'ਚ ਬੋਰੀਆਂ ਢੋਈਆਂ, ਪੈਟਰੋਲ ਪੰਪ 'ਤੇ ਰਾਤ ਦੀ ਚੌਕੀਦਾਰੀ ਕੀਤੀ, ਪ੍ਰਭਾਤ, ਨਵਾਂ ਜ਼ਮਾਨਾ ਤੇ ਅਜੀਤ ਅਖਬਾਰ 'ਚ ਪਰੂਫ਼ ਰੀਡਰੀ ਕੀਤੀ। ਬਦਨਸੀਬੀ ਤੇ ਗਰੀਬੀ ਗੋਰਖੀ ਨੂੰ ਵਾਰ ਵਾਰ ਘੇਰਦੀਆਂ, ਉਸਦੀ ਇੱਛਾ ਸ਼ਕਤੀ ਬਦਨਸੀਬੀਆਂ ਨੂੰ ਧੂੰਏਂ ਦੇ ਬੱਦਲਾਂ ਵਾਂਗ ਹਵਾ 'ਚ ਉਡਾ ਦਿੰਦੀ।

ਪ੍ਰੇਮ ਗੋਰਖੀ ਨੇ ਸਮਾਜਿਕ ਵਿਤਕਰਿਆਂ ਤੇ ਵਧੀਕੀਆਂ ਨੂੰ ਨੰਗੇ ਪਿੰਡੇ ਤੇ ਹੰਢਾਇਆ ਸੀ। ਨਾਨਕੇ ਪਿੰਡ ਝੋਨੇ ਦੀ ਲਵਾਈ ਨੂੰ ਲੈ ਕੇ ਗਰੀਬ ਮਜ਼ਦੂਰਾਂ ਦੇ ਹੁੰਦੇ ਬਾਈਕਾਟ ਨੇ ਉਸਦੇ ਮਨ 'ਚੋਂ ਸੁਆਲ ਪੈਦਾ ਕਰਨੇ ਸ਼ੁਰੂ ਕੀਤੇ ਕਿ ਇਹ ਸਭ ਕਿਉਂ ਹੁੰਦਾ ਹੈ। ਪਿੰਡ ਦੇ ਹੀ ਇੱਕ ਪੁਲਿਸ ਟਾਊਟ ਜ਼ਿਮੀਦਾਰ ਵਲੋਂ ਸਾਈਕਲ ਚੋਰੀ ਦੇ ਝੂਠੇ ਕੇਸ 'ਚ ਫਸਾਉਣ 'ਤੇ ਗੋਰਖੀ ਨੂੰ ਬੇਤਹਾਸ਼ਾ ਤਸ਼ੱਦਾ ਸ਼ਿਕਾਰ ਹੋਣਾ ਪਿਆ ਜਿਸਨੇ ਉਸਦੇ ਅੰਦਰ ਸਮਾਜਿਕ ਵਿਵਸਥਾ ਖ਼ਿਲਾਫ ਰੋਹ 'ਤੇ ਵਿਦਰੋਹ ਭਰ ਦਿੱਤਾ। ਅਨਪੜ੍ਹ ਬਾਪ ਜਿੰਦਗੀ ਦੀਆਂ ਤਲਖ਼ ਹਕੀਕਤਾਂ ਨੂੰ ਸਮਝਦਾ ਸੀ। ਉਸ ਵਲੋਂ ਰਾਤ ਵੇਲੇ ਸੁਣਾਈਆਂ ਬਾਤਾਂ ਨੇ ਜਿੱਥੇ ਗੋਰਖੀ ਅੰਦਰ ਕਠੋਰ ਹਾਲਤਾਂ 'ਚ ਵੀ ਨਾ ਡੋਲਣ ਦੀ ਭਾਵਨਾ ਪੈਦਾ ਕੀਤੀ, ਉੱਥੇ ਉਸ ਅੰਦਰ ਕਹਾਣੀਆਂ ਦਾ ਬੀਅ ਵੀ ਬੀਜ਼ ਦਿੱਤਾ।

ਆਪਣੇ ਪਿੰਡ ਲਾਡੋਵਾਲੀ ਦੇ ਸਕੂਲ 'ਚ ਪੜ੍ਹਦਿਆਂ ਪ੍ਰੇਮ ਨੂੰ ਆਪਣੇ ਜਮਾਤੀ ਆਤਮਜੀਤ ਜੋ ਕਿ ਅੱਜ ਦਾ ਵੱਡਾ ਨਾਟਕਕਾਰ ਡਾ ਆਤਮਜੀਤ ਹੈ, ਤੋਂ ਕਿਤਾਬਾਂ ਪੜ੍ਹਨ ਦਾ ਸ਼ੌਕ ਪੈਦਾ ਹੋਇਆ। ਦਸਵੀਂ ਬਾਅਦ ਲਾਇਲਪੁਰ ਖਾਲਸਾ ਕਾਲਜ ਦੀ ਲਾਇਬਰੇਰੀ 'ਚ ਨੌਕਰੀ ਨੇ ਉਸਨੂੰ ਪੂਰੀ ਤਰ੍ਹਾਂ ਕਿਤਾਬਾਂ ਦੀ ਦੁਨੀਆਂ ਨਾਲ ਜੋੜ ਦਿੱਤਾ। ਇੱਥੇ ਹੀ ਉਸਨੂੰ ਅਮਰਜੀਤ ਚੰਦਨ, ਚਿਰੰਜੀਵ ਸਿੰਘ, ਸ਼ਿੰਗਾਰਾ ਸਿੰਘ ਭੁੱਲਰ, ਗੁਰਦੇਵ ਸਿੰਘ ਸਿੱਧੂ ਸਮੇਤ ਅਨੇਕਾਂ ਲੇਖਕ ਮਿਲੇ। ਪੁਲਿਸ ਕੁੱਟ ਦਾ ਝੰਭਿਆ ਕਦੇ ਉਹ ਆਤਮ ਹੱਤਿਆ ਬਾਰੇ ਸੋਚਦਾ ਪਰ ਕਿਤਾਬਾਂ ਉਸਨੂੰ ਭਟਕਣ ਨਾ ਦਿੰਦੀਆਂ। ਉਸਦੇ ਅੰਦਰਲਾ ਗੁਬਾਰ ਸ਼ਬਦਾਂ ਦੇ ਰੂਪ 'ਚ ਸਫਿਆਂ 'ਤੇ ਫੈਲਣ ਲੱਗਾ। ਪ੍ਰੇਮ ਨਿਮਾਣਾ ਦੇ ਨਾਂ ਹੇਠ ਨਾਗਮਣੀ 'ਚ ਛਪੀ ਉਸਦੀ ਕਹਾਣੀ ਅਤੇ ਨਾਗਮਣੀ ਦੀ ਸੰਪਾਦਕ ਅੰਮ੍ਰਿਤਾ ਪ੍ਰੀਤਮ ਦੇ ਖ਼ਤ ਨੇ ਗੋਰਖੀ ਨੂੰ ਅੰਦਰੋਂ ਬਾਹਰੋਂ ਨੂਰ ਨਾਲ ਭਰ ਦਿੱਤਾ।



ਨਾਗਮਣੀ ਦੀਆਂ ਕਹਾਣੀਆਂ ਨੇ ਹੀ ਉਸਨੂੰ ਪੁਲਿਸ ਵਲੋਂ ਬਣਾਏ ਕੇਸਾਂ 'ਚੋਂ ਅਦਾਲਤ ਵਿੱਚੋਂ ਬਰੀ ਕਰਵਾਇਆ। ਪ੍ਰੇਮ ਗੋਰਖੀ ਦੇ ਆਪਣੇ ਲਿਖਣ ਵਾਂਗ-ਅੰਮ੍ਰਿਤਾ ਦੇ ਖ਼ਤ ਅਤੇ ਨਾਗਮਣੀ ਦੀ ਕਹਾਣੀ ਨੇ ਉਸਨੂੰ ਕੰਡੇ ਤੋਂ ਫੁੱਲ ਬਣਾ ਦਿੱਤਾ ਸੀ।

ਪ੍ਰੇਮ ਗੋਰਖੀ ਦਾ ਮਨ ਜਦੋਂ ਵੀ ਕਦੇ ਡੋਲਦਾ, ਅੰਮ੍ਰਿਤਾ ਪ੍ਰੀਤਮ ਅਤੇ ਹੋਰ ਦੋਸਤਾਂ ਦੇ ਖ਼ਤ ਉਸਨੂੰ ਸਹਾਰਾ ਦਿੰਦੇ ਰਹੇ, ਇਸੇ ਕਰਕੇ ਉਹ ਖ਼ਤਾਂ ਦੀ ਮਹੱਤਤਾ ਸਮਝਦਾ ਸੀ। ਜਿੱਥੇ ਉਸਨੇ ਆਪਣੇ ਸਮਕਾਲੀਆਂ ਨੂੰ ਖ਼ਤ ਲਿਖੇ ਉੱਥੇ ਆਪਣੇ ਤੋਂ ਅਗਲੀ ਪੀੜ੍ਹੀ ਦਾ ਸ਼ਾਇਦ ਹੀ ਕੋਈ ਲੇਖਕ ਹੋਵੇ, ਜਿਸਨੂੰ ਚਿੱਠੀਆਂ ਰਾਹੀਂ ਸੇਧ ਤੇ ਹੌਂਸਲਾ ਨਾ ਦਿੱਤਾ ਹੋਵੇ। ਉਹ ਮੇਰੇ ਵਰਗਿਆਂ ਨੂੰ ਕਹਾਣੀ ਨੂੰ ਹੋਰ ਬਿਹਤਰ ਬਣਾਉਣ ਲਈ ਨਵੇਂ ਨਵੇਂ ਸੁਝਾਅ ਦਿੰਦਾ। ਉਸਦੇ ਖ਼ਤ ਹਰ ਤਰ੍ਹਾਂ ਦੇ ਔਖੇ ਹਾਲਾਤਾਂ 'ਚ ਵੀ ਸਾਬਤ ਰਹਿਣ ਲਈ ਪ੍ਰੇਰਨਾ ਦਿੰਦੇ, "ਤੇਰੇ ਆਉਣ ਦਾ ਪਤਾ ਲੱਗਾ, ਅਫਸੋਸ ਆਪਣਾ ਮੇਲ ਨਹੀਂ ਹੋ ਸਕਿਆ। ਤੇਰੇ ਵਿਆਹ ਦਾ ਕੀ ਬਣਿਆ ? ਗੱਲ ਸਿਰੇ ਲੱਗੀ ਜਾਂ ਨਹੀਂ ? ਕਿਸੇ ਗੱਲ ਤੋਂ ਡੋਲੀਦਾ ਨਹੀਂ ਹੁੰਦਾ, ਔਖੇ ਵਕਤ ਦਾ ਤਕੜੇ ਹੋ ਕੇ ਸਾਹਮਣਾ ਕਰੀਦਾ।"

ਪ੍ਰੇਮ ਗੋਰਖੀ ਨੇ ਸ਼ੁਰੂ-ਸ਼ੁਰੂ 'ਚ ਪ੍ਰੇਮ ਨਿਮਾਣਾ ਦੇ ਕਲਮੀ ਨਾਂ ਹੇਠ ਕਹਾਣੀਆਂ ਛਪਵਾਈਆਂ ਸਨ। ਇੱਕ ਨੇਪਾਲਣ ਕੁੜੀ ਗੋਰਖੀ ਦੀ ਖਾਮੋਸ਼ ਮੁਹੱਬਤ ਸਦਕਾ ਉਸਨੇ ਆਪਣਾ ਤਖ਼ੱਲਸ ਨਿਮਾਣਾ ਤੋਂ ਗੋਰਖੀ ਕਰ ਲਿਆ। ਹੁਣ ਉਹ ਪ੍ਰੇਮ ਨਿਮਾਣਾ ਤੋਂ ਪ੍ਰੇਮ ਗੋਰਖੀ ਬਣਕੇ ਸਾਹਿਤਕ ਅੰਬਰ ਤੇ ਉੱਚੀਆਂ ਉਡਾਰੀਆਂ ਭਰਨ ਲੱਗਾ। ਉਸ ਸਮੇਂ ਦੇ ਸਾਰੇ ਚਰਚਿਤ ਮੈਗਜ਼ੀਨਾਂ ਜਿਵੇਂ ਕਵਿਤਾ, ਹੇਮ ਜਯੋਤੀ, ਰੋਹਲੇ ਬਾਣ, ਨਾਗਮਣੀ, ਲਕੀਰ, ਸਰਦਲ ਤੇ ਸਿਰਜਣਾ ਚ ਕਹਾਣੀਆਂ ਛਪਣ ਲੱਗੀਆਂ। ਕਹਾਣੀਆਂ ਦੀ ਪਹਿਲੀ ਕਿਤਾਬ "ਜੀਣ ਮਰਣ" ਛਪੀ ਤਾਂ ਸਾਹਿਤਕ ਹਲਕਿਆਂ 'ਚ ਭਰਵੀਂ ਚਰਚਾ ਛਿੜੀ। ਨਾਵਲੈੱਟ "ਤਿੱਤਰ ਖੰਭੀ ਜੂਹ" ਬਰਜਿੰਦਰ ਸਿੰਘ ਹਮਦਰਦ ਦੀ ਸੰਪਾਦਨਾ 'ਚ ਛਪਦੇ ਸਾਹਿਤਕ ਮੈਗਜ਼ੀਨ 'ਚ ਛਪਿਆ ਤਾਂ ਚਾਰ ਚੁਫੇਰੇ ਉਸਦੇ ਨਾਂ ਦੀ ਚਰਚਾ ਹੋਣ ਲੱਗੀ। ਆਪਣੇ ਸਮਕਾਲੀ ਕਹਾਣੀਕਾਰ ਦੋਸਤਾਂ ਕਿਰਪਾਲ ਕਜ਼ਾਕ, ਨਛੱਤਰ, ਸੁਰਿੰਦਰ ਸ਼ਰਮਾ, ਮੁਖਤਾਰ ਗਿੱਲ, ਗੁਰਚਰਨ ਚਾਹਲ ਭੀਖੀ, ਰਾਮ ਸਰੂਪ ਅਣਖੀ, ਮੋਹਨ ਭੰਡਾਰੀ, ਦਲਬੀਰ ਚੇਤਨ ਅਤੇ ਮੁਖਤਿਆਰ ਸਿੰਘ ਵਰਗਿਆਂ ਨਾਲ ਰਲਕੇ "ਦੀਵਾ ਬਲੇ ਸਾਰੀ ਰਾਤ" ਨਾਂ ਦਾ ਹੇਠ ਪ੍ਰੋਗਰਾਮ ਵਿੱਢੇ। ਸਾਰੀ ਰਾਤ ਕਹਾਣੀਆਂ ਤੇ ਨਿੱਠ ਕੇ ਚਰਚਾ ਹੁੰਦੀ। ਲੇਖਕ ਬੇਲਿਹਾਜ਼ ਹੋ ਕੇ ਇੱਕ ਦੂਜੇ ਦੀ ਕਹਣੀ ਦੀ ਚੀਰਫਾੜ ਕਰਦੇ। ਇਹ ਪੰਜਾਬੀ ਕਹਾਣੀ ਦਾ ਸੁਨਹਿਰਾ ਦੌਰ ਸੀ। ਪ੍ਰੇਮ ਗੋਰਖੀ ਕਹਾਣੀਆਂ ਦੀਆਂ ਰਾਤਾਂ ਦਾ ਮੁੱਖ ਧੁਰਾ ਹੁੰਦਾ ਸੀ। ਉਹ ਪੋਸਟ ਕਾਰਡ ਲਿਖਕੇ ਲੇਖਕਾਂ ਅਤੇ ਵਿਦਵਾਨਾਂ ਨੂੰ ਕਹਾਣੀ ਵਾਲੀ ਰਾਤ 'ਚ ਸ਼ਾਮਲ ਹੋਣ ਦੀ ਦਾਅਵਤ ਦਿੰਦਾ। ਵਰਿਆਮ ਸੰਧੂ ਅਤੇ ਲਾਲ ਸਿੰਘ ਸਮੇਤ ਅਨੇਕਾਂ ਵੱਡੇ ਵੱਡੇ ਲੇਖਕ ਗੋਰਖੀ ਦੇ ਪ੍ਰੇਮ ਮੋਹ 'ਚ ਬੱਝੇ ਸਮਾਗਮ 'ਚ ਕਹਾਣੀਆਂ ਪੜ੍ਹਨ ਲਈ ਆਉਂਦੇ ਰਹੇ। ਨਵੇਂ ਪੁਰਾਣੇ ਲੇਖਕਾਂ ਨੂੰ ਬਰਾਬਰ ਦਾ ਮੌਕਾ ਦਿੱਤਾ ਜਾਂਦਾ।

ਚੰਡੀਗੜ੍ਹ ਤੋਂ ਨਵਾਂ ਪੰਜਾਬੀ ਅਖਬਾਰ "ਪੰਜਾਬੀ ਟ੍ਰਿਬਿਊਨ" ਨਿਕਲਣ ਲੱਗਾ ਤਾਂ ਪ੍ਰੇਮ ਗੋਰਖੀ ਬਤੌਰ ਪਰੂਫ਼ ਰੀਡਰ ਨੌਕਰੀ ਕਰਨ ਲਈ ਆ ਗਿਆ। ਗੋਰਖੀ ਦੀ ਥੁੜੀ ਟੁੱਟੀ ਆਰਥਿਕਤਾ ਨੂੰ ਕੁੱਝ ਠੁੰਮਣਾ ਮਿਲਿਆ। ਉਸ ਕੋਲ ਉਡਾਰੀਆਂ ਭਰਨ ਲਈ ਹੁਣ ਨਵਾਂ ਅੰਬਰ ਸੀ। ਰੋਜ਼ੀ ਰੋਟੀ ਦੇ ਚੱਕਰਾਂ 'ਚੋਂ ਵਿਹਲ ਮਿਲੀ ਤਾਂ ਕਲਮ ਛੋਹਲੇ ਕਦਮੀ ਤੁਰਨ ਲੱਗੀ। ਕਿਤਾਬਾਂ ਛਪਣ ਲੱਗੀਆਂ-ਚਰਚਾ ਹੋਣ ਲੱਗੀ। ਗੋਰਖੀ ਦੇ ਰੂਬਰੂ ਹੋਣ ਲੱਗੇ। ਸਾਹਿਤ ਸਭਾਵਾਂ 'ਚ ਬੁਲਾਇਆ ਜਾਣ ਲੱਗਾ। ਵੱਡੇ ਲੇਖਕਾਂ ਅਤੇ ਆਲੋਚਕਾਂ ਵਲੋਂ ਸੰਪਾਦਿਤ ਕੀਤੇ ਜਾਣ ਵਾਲੇ ਕਥਾ ਸੰਗ੍ਰਹਿਆਂ 'ਚ ਉਸਦੀਆਂ ਕਹਾਣੀਆਂ ਨੂੰ ਸ਼ਾਮਲ ਕੀਤਾ ਜਾਣ ਲੱਗਾ। ਉਸਨੂੰ ਦਲਿਤ ਲੋਕਾਂ ਦੀ ਮਾਨਸਿਕਤਾ ਨੂੰ ਚਿਤਰਨ ਵਾਲਾ ਕਹਾਣੀਕਾਰ ਕਿਹਾ ਜਾਣ ਲੱਗਾ।

ਪ੍ਰੇਮ ਗੋਰਖੀ ਨੇ "ਗ਼ੈਰ-ਹਾਜ਼ਿਰ ਆਦਮੀ" ਦੇ ਸਿਰਲੇਖ ਹੇਠ ਨਾਗਮਣੀ 'ਚ ਸਵੈ ਬਿਰਤਾਂਤਕ ਕਾਲਮ ਲਿਖਿਆ ਜੋ ਦੇਰ ਬਾਅਦ ਜਾ ਕੇ ਪੁਸਤਕ ਰੂਪ 'ਚ ਛਪਿਆ। ਇਹ ਪਿੰਡਾਂ/ਸ਼ਹਿਰਾਂ ਦੇ ਤੰਗੀਆਂ ਤੁਰਸ਼ੀਆਂ ਹੰਡਾਉਂਦੇ ਅਤੇ ਬੇਇਨਸਾਫੀਆਂ ਦੇ ਸ਼ਿਕਾਰ ਸਾਧਾਰਨ ਬੰਦੇ ਦੀ ਸਵੈ-ਜੀਵਨੀ ਹੈ ਜਿਸ ਵਿੱਚ ਗੋਰਖੀ ਨੇ ਆਪਣੇ ਆਪ ਨੂੰ ਬਿਨਾ ਕਿਸੇ ਪਰਦੇ ਤੋਂ ਪੇਸ਼ ਕੀਤਾ ਹੈ। ਗੋਰਖੀ ਨੇ ਆਪਣੇ ਆਪ ਨੂੰ ਵਡਿਆਇਆ ਨਹੀਂ ਸੀ। "ਗ਼ੈਰ ਹਾਜ਼ਿਰ ਆਦਮੀ" ਇਕ ਸਾਧਾਰਨ ਮਨੁੱਖ ਦੀ ਸਾਧਾਰਨਤਾ ਦੀ ਬਾਤ ਸੀ। ਬਲਦੇਵ ਸਿੰਘ ਦੇ ਕਾਲਮ ਸੜਕਨਾਮਾ ਵਾਂਗ ਗੋਰਖੀ ਦਾ ਗ਼ੈਰ-ਹਾਜ਼ਿਰ ਆਦਮੀ ਕਾਲਮ ਵੀ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਕਾਲਮ ਸੀ।

ਪ੍ਰੇਮ ਗੋਰਖੀ ਇੱਕ ਨਾਫ਼ੀਸ ਇਨਸਾਨ ਸੀ। ਉਹ ਯਾਰੀਆਂ ਨਿਭਾਉਣੀਆਂ ਜਾਣਦਾ ਸੀ। ਉਸ ਕੋਲ ਯਾਰਾਂ ਦਾ ਵੱਡਾ ਘੇਰਾ ਸੀ ਜਿਹੜੇ ਔਖੇ ਵੇਲੇ ਉਸ ਨੂੰ ਬਾਹਾਂ ਦੇ ਘੇਰੇ 'ਚ ਲੈ ਲੈਂਦੇ। ਲੋੜ ਵੇਲੇ ਦਲਬੀਰ ਚੇਤਨ ਹਾਜ਼ਰ ਹੋ ਜਾਂਦਾ। ਨਛੱਤਰ ਕੋਲ ਕਈ ਕਈ ਦਿਨ ਰਹਿ ਆਉਂਦਾ। ਬਹੁ-ਚਰਚਿਤ ਨਾਵਲੈੱਟ "ਤਿੱਤਰ ਖੰਭੀ ਜੂਹ" ਉਸਨੇ ਕਿਰਪਾਲ ਕਜ਼ਾਕ ਕੋਲ ਰਹਿ ਕੇ ਲਿਖਿਆ। "ਬੁੱਢੀ ਰਾਤ ਤੇ ਸੂਰਜ" ਸਿੱਧੂ ਦਮਦਮੀ ਕੋਲ ਅਨੰਦਪੁਰ ਰਹਿ ਕੇ ਨੇਪਰੇ ਚਾੜ੍ਹਿਆ। ਸ਼ਾਹਕਾਰ ਕਹਾਣੀ "ਇੱਕ ਟਿਕਟ ਰਾਮਪੁਰਾ ਫੂਲ" ਰੇਲਵੇ ਮਹਿਕਮੇ ਵਾਲੇ ਯਾਰ ਸੁਰਿੰਦਰ ਸ਼ਰਮਾ ਕੋਲ ਬਨਾਰਸ ਘੁੰਮਣ ਗਏ ਨੇ ਲਿਖੀ। ਉਦਾਸ ਹੁੰਦਾ ਤਾਂ ਕਈ ਵਾਰ ਮੁਖਤਾਰ ਗਿੱਲ ਕੋਲ ਪ੍ਰੀਤ ਨਗਰ ਰਹਿ ਆਉਂਦਾ। ਉਸਦੇ ਸੈਕਟਰ 29 ਡੀ ਟ੍ਰਿਬਿਊਨ ਕਾਲੋਨੀ ਵਾਲੇ ਘਰ ਨਵੇਂ ਪੁਰਾਣੇ ਲੇਖਕਾਂ ਦਾ ਆਉਣਾ ਜਾਣਾ ਲੱਗਾ ਰਹਿੰਦਾ।

ਪ੍ਰੇਮ ਗੋਰਖੀ ਨੇ ਦੁਆਬੇ ਦੇ ਦਲਿਤ ਲੋਕਾਂ ਅੰਦਰ ਆ ਰਹੀਆਂ ਆਰਥਿਕ, ਸਮਾਜਿਕ ਅਤੇ ਮਾਨਸਿਕ ਤਬਦੀਲੀਆਂ ਬਾਰੇ ਜਿੰਨੀ ਸਹਿਜਤਾ ਅਤੇ ਸੂਖ਼ਮਤਾ ਨਾਲ ਲਿਖਿਆ, ਸ਼ਾਇਦ ਹੋਰ ਕੋਈ ਲੇਖਕ ਨਾ ਲਿਖ ਸਕਿਆ ਹੋਵੇ। ਉਸਨੇ "ਜੀਣ ਮਰਣ" "ਮਿੱਟੀ ਰੰਗੇ ਲੋਕ" "ਅਰਜਨ ਸਫੈਦੀ ਵਾਲਾ" "ਧਰਤੀ ਪੁੱਤਰ" ਅਤੇ "ਜਨਰੇਸ਼ਨ ਗੈਪ" ਕਹਾਣੀ ਸੰਗ੍ਰਹਿ ਅਤੇ ਤਿਤਰ ਖੰਭੀ ਜੂਹਵਣਵੇਲਾ ਬੁੱਢੀ ਰਾਤ ਤੇ ਸੂਰਜ ਨਾਵਲੈੱਟ ਪਾਠਕਾਂ ਦੀ ਝੋਲੀ ਪਾਏ। ਭੇਤੀ ਬੰਦੇ, ਵਿੱਥ, ਜੀਣ ਮਰਣ, ਆਪਣਾ ਅੱਧ, ਇੱਕ ਟਿਕਟ ਰਾਮਪੁਰਾ ਫੂਲ, ਕੰਡਾ, ਬਚਨਾ ਬੱਕਰਵੱਢ, ਅਰਜਨ ਸਫੈਦੀ ਵਾਲਾ, ਜੜ੍ਹ ਸੰਸਕਾਰ, ਆਖਰੀ ਕਾਨੀ ਅਤੇ ਧੀਆਂ ਵਰਗੀਆਂ ਸ਼ਾਹਕਾਰ ਕਹਾਣੀਆਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਜੋ ਗੋਰਖੀ ਨੂੰ ਹਮੇਸ਼ਾ ਜਿੰਦਾ ਰੱਖਣਗੀਆਂ।

ਕੁੱਝ ਸਾਲ ਪਹਿਲਾਂ ਉਸਦਾ ਭਿਆਨਕ ਐਕਸੀਡੈਂਟ ਹੋਇਆ। ਜਾਨ ਤਾਂ ਬਚ ਗਈ ਪਰ ਸਿਰ ਦੀ ਸੱਟ ਨੇ ਉਸਨੂੰ ਸਾਵਾਂ ਨਾ ਰਹਿਣ ਦਿੱਤਾ। ਉਸਦੀਆਂ ਸਰਗਰਮੀਆਂ 'ਚ ਪਹਿਲਾਂ ਜਿਹਾ ਤਿੱਖਾਪਣ ਨਾ ਰਿਹਾ। ਕੁੱਝ ਠੀਕ ਹੋਇਆ ਤਾਂ ਪੰਜਾਬੀ ਟ੍ਰਿਬਿਊਨ 'ਚ ਕਹਾਣੀਆਂ ਵਰਗੇ ਲੋਕਲਿਖਣ ਲੱਗਾ। ਉਸਦੀ ਕਲਮ ਰਵਾਂ ਹੋਣ ਲੱਗੀ। ਪ੍ਰਕਾਸ਼ਕ ਉਸਦੀਆਂ ਕਿਤਾਬਾਂ ਦੇ ਨਵੇਂ ਐਡੀਸ਼ਨ ਛਾਪਣ ਲਈ ਅਹੁਲਣ ਲੱਗੇ। ਗੋਰਖੀ ਦੇ ਯਾਰਾਂ ਨੂੰ ਆਸ ਬੱਝੀ ਕਿ ਉਸਨੂੰ ਅਣਗੌਲਿਆਂ ਕਰਨ ਵਾਲੀਆਂ ਵੱਡੀਆਂ ਸੰਸਥਾਵਾਂ ਛੇਤੀ ਆਪਣੀ ਭੁੱਲ ਸੁਧਾਰ ਲੈਣਗੀਆਂ। ਸਭ ਕੁੱਝ ਠੀਕ ਹੋ ਰਿਹਾ ਸੀ ਕਿ ਕੁੱਝ ਵੀ ਠੀਕ ਨਾ ਰਿਹਾ। ਗੋਰਖੀ ਅਣਦੱਸੇ ਰਾਹਾਂ ਤੇ ਤੁਰ ਗਿਆ।

ਅਫਸੋਸ ਹੁਣ ਫੋਨ 'ਤੇ ਉਸਦੀ ਪਿਆਰੀ ਤੇ ਗੜਕਵੀਂ ਆਵਾਜ਼, "ਕੈਸੇ ਹੋ ਪਿਆਰਿਓ ? ਲਿਖੀ ਕੋਈ ਨਵੀਂ ਕਹਾਣੀ ?" ਸੁਣਨ ਨੂੰ ਨਹੀਂ ਮਿਲੇਗੀ। ਗੋਰਖੀ ਆਪਣੇ ਪਿਛੇ ਵੱਡਾ ਖਲਾਅ ਛੱਡ ਗਿਆ ਹੈ।"

# ਪੁਲਾੜ ਯੁੱਧ ਤੋਂ ਕਰੋਨਾ ਯੁੱਗ ਤੱਕ...

ਸਰਬਜੀਤ ਸੋਹੀ, ਆਸਟਰੇਲੀਆ

ਦੂਸਰੀ ਸੰਸਾਰ ਜੰਗ ਤੋਂ ਬਾਅਦ ਲੋਕ-ਪੱਖੀ ਸੋਵੀਅਤ ਰੂਸ ਅਤੇ ਸਾਮਰਾਜੀ ਅਮਰੀਕੀ ਵਿੱਚ ਠੰਡੀ ਜੰਗ ਦੇ ਨਾਲ-ਨਾਲ ਇਕ ਪੁਲਾੜ ਯੁੱਧ ਵੀ ਚੱਲਦਾ ਸੀ। ਜਿਸਦਾ ਸਿਖਰ ਨੀਲ ਆਰਮਸਟ੍ਰਾਂਗ ਦੁਆਰਾ ਚੰਦਰਮਾ ਤੇ ਪੈਰ ਰੱਖਣਾ ਸੀ। ਇਸ ਯੁੱਧ ਵਿੱਚ ਬੇਸ਼ੱਕ ਅਮਰੀਕਾ ਨੇ ਵੀ ਖੋਜ ਪੱਖੋਂ ਕਾਫੀ ਪ੍ਰਾਪਤੀਆਂ ਕੀਤੀਆਂ, ਪਰ ਸੋਵੀਅਤ ਰੂਸ ਦੇ ਪੁਲਾੜ ਵਿਚਲੇ ਪ੍ਰੋਗਰਾਮਾਂ ਦੇ ਮੁਕਾਬਲੇ ਅਮਰੀਕਾ ਬਹੁਤ ਪਿੱਛੇ ਸੀ। ਆਖਰਕਾਰ ਅਮਰੀਕਾ ਨੇ ਵਿਗਿਆਨ ਨੂੰ ਸੰਦ ਵਜੋਂ ਵਰਤ ਕੇ 1969 ਵਿੱਚ 'Fake Moon Landing' ਦਾ ਪ੍ਰਦਰਸ਼ਨ ਕਰਕੇ ਇਹ ਮਨੋਵਿਗਿਆਨ ਜੰਗ ਜਿੱਤ ਲਈ। ਹਾਲਾਂਕਿ ਉਸ ਵੇਲੇ ਪੂਰੇ ਵਿਸਵ ਵਿੱਚ ਕੰਪਿਊਟਰ ਤਾਂ ਦੂਰ ਦੀ ਗੱਲ, ਕੈਲਕੂਲੇਟਰ ਬਣਾਉਣ ਜੋਗੀ ਤਕਨੋਲਜੀ ਵੀ ਨਹੀਂ ਸੀ। ਪਰ ਇਸ ਨਾਲ ਟੈਕਸ-ਪੇਅਰ ਨੂੰ ਸਤੁੰਸਟੀ ਮਿਲ ਗਈ। ਕਮਿਊਨਿਜਮ ਦੇ ਮੁਕਾਬਲੇ ਪੂੰਜੀਵਾਦ ਦੀ ਜੈ-ਜੈਕਾਰ ਹੋ ਗਈ। ਇੰਟਰਨੈਟ ਅਤੇ ਸੰਚਾਰ ਸਾਧਨ ਸੀਮਤ ਹੋਣ ਦੇ ਬਾਵਜੂਦ ਵੀ ਬਹੁਤ ਸਵਾਲ ਉੱਠੇ, ਪਰ ਰਾਸਟਰਵਾਦ ਦੇ ਬੈਂਡ ਵਾਜੇ ਵਿੱਚ ਲੋਕਾਂ ਨੂੰ ਕੁੱਝ ਵੀ ਸੁਣਾਈ ਨਹੀਂ ਦਿੰਦਾ। ਨੋਟ ਕੀਤਾ ਜਾਵੇ ਇਹ ਵਿਗਿਆਨ ਦਾ ਝੂਠ ਨਹੀਂ, ਰਾਜਨੀਤੀ ਦਾ ਝੂਠ ਸੀਃ- ਵੀਹਵੀਂ ਸਦੀ ਦਾ ਸਭ ਤੋਂ ਵੱਡਾ ਝੂਠ। ਸੰਨ੍ਹ 1992 ਵਿੱਚ ਸੋਵੀਅਤ ਰੂਸ ਦੇ ਵਿਘਟਨ ਦੇ ਨਾਲ ਹੀ ਇਸ ਲੰਬੀ ਕਸਮਕਸ ਦਾ ਅੰਤ ਹੋ ਗਿਆ। ਇਸੇ ਸਾਲ ਹੀ WTO ਗਲੋਬਲਾਈਜੇਸਨ ਤਹਿਤ ਕਰ-ਮੁਕਤ ਵਪਾਰ ਦਾ ਮਾਡਲ ਲੈ ਕੇ ਆਇਆ। ਉਸ ਵੇਲੇ ਅਮਰੀਕਾ ਅਤੇ ਹੋਰ ਪੱਛਮੀ ਦੇਸ ਸੋਚਦੇ ਸਨ ਕਿ ਏਸੀਆ/ਅਫਰੀਕਾ ਅਤੇ ਦੱਖਣ ਅਮਰੀਕੀ ਦੇਸ ਗਰੀਬ ਹਨ, ਅਸੀਂ ਉੱਥੇ ਆਪਣੇ ਉਤਪਾਦ ਵੇਚ ਕੇ ਆਰਥਿਕ ਤੌਰ ਤੇ ਵਿਸਵ ਗੁਲਾਮ ਬਣਾ ਲਵਾਂਗੇ। ਵਿਸਵ ਮੰਡੀ ਦੀ ਸੁਰੂਆਤ ਹੋਈ, ਜਿਸ ਵਿੱਚ ਹੌਲੀ ਹੌਲੀ ਪੱਛਮ ਦੀ ਸਰਦਾਰੀ ਖੁਰਨ ਲੱਗੀ। ਪਿਛਲੇ ਦਹਾਕੇ ਵਿੱਚ ਚੀਨ ਨੇ ਉਤਪਾਦਨ ਦੇ ਖੇਤਰ ਵਿੱਚ ਆਪਣੀ ਇਜਾਰੇਦਾਰੀ ਕਾਇਮ ਕਰਦਿਆਂ ਪਾਸਾ ਹੀ ਪਲਟ ਕੇ ਰੱਖ ਦਿੱਤਾ। ਚੀਨ ਦੀ ਨਿਯੰਤ੍ਰਿਤ ਸਮਾਜਵਾਦੀ ਅਰਥ ਵਿਵਸਥਾ ਅੱਗੇ ਓਪਨ ਪੂੰਜੀਵਾਦ ਪ੍ਰਬੰਧ ਲਾਚਾਰ ਹੋ ਕੇ ਰਹਿ ਗਿਆ। ਵੇਖਦਿਆਂ ਵੇਖਦਿਆਂ ਚੀਨ ਸੰਸਾਰ ਦੀ ਬਹੁਤ ਵੱਡੀ ਆਰਥਿਕ ਸਕਤੀ ਬਣ ਗਿਆ, ਇਸ ਨਾਲ ਫਿਰ ਵਿਸਵ ਵਿਚ ਅਮਰੀਕਾ ਦੀ ਸਰਦਾਰੀ ਖੁਰਨ ਲੱਗੀ ਅਤੇ ਇਕ ਟਰੇਡ ਵਾਰ ਸੁਰੂ ਹੋ ਗਈ। 2020 ਵਿੱਚ ਕਰੋਨਾ ਦੀ ਦਸਤਕ ਹੋਈ ਅਤੇ ਪੂਰਾ ਵਿਸਵ ਇਸਦੀ ਗ੍ਰਿਫਤ ਵਿੱਚ ਆ ਗਿਆ। ਚੀਨ ਤੋਂ ਸੁਰੂ ਹੋਇਆ ਇਹ ਪ੍ਰਕੋਪ ਉੱਥੇ ਤਾਂ ਰੁੱਕ ਗਿਆ, ਪਰ ਯੂਰੋਪ ਅਤੇ ਅਮਰੀਕਾ ਵਿੱਚ ਲਾਸਾਂ ਦੇ ਅੰਬਾਰ ਲੱਗਣੇ ਸੁਰੂ ਹੋ ਗਏ, ਕਹਿੰਦੇ ਕਹਾਉਂਦੇ ਸਿਹਤ ਢਾਂਚੇ ਢਹਿ-ਢੇਰੀ ਹੋ ਗਏ। ਕਰੋਨਾ ਕਾਰਨ ਪੈਦਾ ਹੋਏ ਸੰਕਟ ਵਿੱਚ ਇਕ ਵਾਰ ਫਿਰ ਸਾਬਤ ਹੋ ਗਿਆ ਕਿ ਪੂੰਜੀਵਾਦੀ ਢਾਂਚਾ ਉਸ ਗੱਦੇ ਵਾਂਗ ਹੈ- ਜਿਸ ਵਿੱਚ ਹਵਾ ਤਹਾਨੂੰ ਆਪਣੇ ਮੂੰਹ ਨਾਲ ਭਰਨੀ ਪੈਂਦੀ



ਹੈ। ਇਹ ਗੱਦਾ ਬਹੁਤ ਸੁਵਿਧਾਜਨਕ ਅਤੇ ਆਰਾਮਦਾਇਕ ਹੈ, ਪਰ ਇਹ ਸੱਚ ਹੈ ਕਿ ਇਸ ਵਿੱਚ ਇਕ ਵਾਇਰਸ ਵੀ ਛੇਕ ਕਰ ਸਕਦਾ ਹੈ। ਚੀਨ ਦੁਆਰਾ ਕੀਤਾ ਗਿਆ ਕੰਟਰੋਲ ਹੁਣ ਪੂੰਜੀਵਾਦੀ ਦੇਸਾਂ ਨੂੰ ਚੁੱਭਦਾ ਹੈ। ਦੂਸਰੇ ਪਾਸੇ ਵੀਅਤਨਾਮ, ਕਿਊਬਾ, ਲਾਊਸ, ਉੱਤਰੀ ਕੋਰੀਆ ਕਰੋਨਾ ਵਿੱਚ ਸੁਰੱਖਿਅਤ ਵੀ ਹਨ ਤੇ ਸਕਾਰਤਮਕ ਭੂਮਿਕਾ ਵੀ ਨਿਭਾ ਰਹੇ ਹਨ। ਇਸ ਕਮਿਊਨਿਜਮ ਪੱਖੀ ਮਾਹੌਲ ਵਿੱਚ ਅਮਰੀਕਨ ਖੇਮੇ ਨੇ ਆਪਣੀ ਹਾਰ ਮਹਿਸੂਸ ਕਰਦਿਆਂ ਵਿਗਿਆਨ ਨੂੰ ਸੰਦ ਬਣਾਉਣ ਦੀ ਪਾਲਸੀ ਅਪਣਾ ਲਈ ਹੈ। ਬਹੁਤਾ ਪੱਛਮੀ ਮੀਡੀਆ, ਵਿਗਿਆਨੀ, ਰਾਜਨੀਤੀਵਾਨ ਅਤੇ ਖੋਜ ਅਦਾਰੇ ਚੀਨ ਦੇ ਕਰੋਨਾ ਕੰਟਰੋਲ ਨੂੰ ਭੰਡਣ ਅਤੇ ਵਾਇਰਸ ਫੈਲਾਉਣ ਵਾਲੀਆਂ ਅਫਵਾਹਾਂ ਨਾਲ ਇਕ ਹੋਰ ਮਨੋਵਿਗਿਆਨਿਕ ਯੁੱਧ ਵਿੱਚ ਉਤਰ ਆਏ ਹਨ। ਅਮਰੀਕਾ ਇਹ ਪ੍ਰਚਾਰ ਕਰਕੇ ਦੁਨੀਆਂ ਨੂੰ ਚੀਨ ਖਿਲਾਫ ਤੀਜੀ ਸੰਸਾਰ ਜੰਗ ਲਈ ਤਿਆਰ ਕਰ ਰਿਹਾ ਹੈ। ਕਰੋਨਾ ਅੱਗੇ ਬੇਵੱਸ ਹੋਏ ਪੱਛਮ ਕੋਲ ਲੋਕਾਂ ਦੇ ਅਸੰਤੋਸ ਨੂੰ ਵਰਤਣ ਦਾ ਇਹ ਕੋਝਾ ਪੈਂਤੜਾ ਕਾਮਯਾਬ ਨਹੀਂ ਹੋਵੇਗਾ, ਕਿਉਂਕਿ 2020 ਦਾ ਵਿਸਵ ਚੰਨ ਤੇ ਬੰਦਾ ਤਾਂ ਕੀ ? ਬੰਦੇ ਵਿਚ ਆਏ ਵਾਇਰਸ ਦੀ ਤਹਿ ਤੱਕ ਵੀ ਪਹੁੰਚ ਸਕਦਾ ਹੈ !

SHAUKAT HAYAT
403-680-1735
FREE EVALUATION
DOING MORE FROM FOR SALE TO SOLD
HAYAT HOMES www.hayathomes.com
REAL ESTATE EXPERTS

YASMITA ENGINEERING
- Professional Engineering Service
-Design and Drafting of Buildings
- Building and Development Permits for: Residential and Commercial Projects (New house, Addition, Garage, Deck, Secondary Suite, Backyard Suite etc.)
- Environmental Site Assessment
- All types of Civil, Electrical, Mechanical, Structural and Environmental Engineering Works
Serving Alberta, British Columbia and Saskatchewan at Major Locations
Devendra Bhandari
M.Eng. P.Eng.
403 909 4060
email: yasmitaengineering@outlook.com

MATRIX ACCOUNTING SERVICES
Accounting & Tax Experts
• Personal Tax • Corporate Tax • Book Keeping • Incorporation • GST Returns• Payroll • Instant Tax • Refund
Jas Aulakh (Accountant)
(403) 668-4070
www.matrixaccounting.ca | info@matrixaccounting.ca
105-3650 Westwinds Dr. NE Calgary, AB T3J 0W9

Gill Plumbing & Heating
A Complete Services for Your Residential and Commerce Plumbing & Heating Needs :
Call Parminder Gill 403-714-1544
WE Provide
Services Including :
- Hot Water Tank Replacement
- BBQ (Gas) Hook-Up
- Leaking Taps Repair/Replacement
- Washer/Dryer Relocation
- Yub Replacement
- City Approved New House Plumbing
- Gas Fitting
- Plumbing Repairs
- Dishwasher/Garburator
- Tollet Troubles
- Drain Cleaning
- We Do Commercial Bay Full Service
ਹੀਟਿੰਗ ਦਾ ਸਪੈਸ਼ਲਿਸਟ ਅਤੇਫਰਨੇਸ ਰਿਪਲੇਸਮੈਂਟ
24 Hours Service
ਪਰਮਿੰਦਰ ਗਿੱਲ
ਹੀਟਿੰਗ, ਗੈਸ ਜਾਂ ਪਲੰਬਿੰਗ ਦਾ ਹਰ ਤਰ੍ਹਾਂ ਦਾ ਕੰਮ ਜਿਵੇਂ ਟੂਟੀਆਂ ਦੀ ਲੀਕੇਜ, ਟੋਇਲਟ, ਟੱਬ, ਬਾਥਰੂਮ ਰਿਪੇਅਰ, ਹੌਟ ਵਾਟਰ ਟੈਂਕ ਦਾ ਤਸੱਲੀਬਖਸ਼ ਕੰਮ ਕਰਦੇ ਹਾਂ। ਅਸੀਂ ਨਵੇਂ ਘਰਾਂ ਦੀ ਸਿਟੀ ਅਪਰੂਵਡ ਪਲੰਬਿੰਗ ਵੀ ਕਰਦੇ ਹਾਂ।
We Promise Reasonable Rates and Quality Work

WAVE HOMES
SHOWHOMES
Inspired by Design
NEW SHOWHOMES
4, 8, 12, 16 MIDTOWN CLOSE
WAVE HOMES
403.764.0222
MIDTOWN
A New Experience in Airdrie Life.
LOOKING TO MOVE UP IN NW CALGARY?
▶ NEW Hamptons Spec Homes for Sale!
25 + 76 Hampstead Mews NW
www.wavehomes.ca

ENVIRO CANADA CONTRACTING
We provide services as below:
• Sprayfoam Insulation for Residential and Commercial Projects.
• Thermal Barrier/Spray for Residential and Commercial Projects.
• Fiberglass and Cellulose Blow-in Insulation for Attic
• Eavestrough and Downpipe installation.
• Batt insulation for Residential and Commercial Projects.
• Steel Stud Framing.
Any Inquiry
Sukhdeep Gill +1 (403) 975-1003
Office - 403-764-0111 | Email- info@envirocc.ca

# ਪਹਿਲੀ ਮਈ ਮਜ਼ਦੂਰ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ



ਸਰੀ (ਪਰਮਿੰਦਰ ਸਵੈਚ) ਤਰਕਸ਼ੀਲ ਸਭਿਆਚਾਰਕ ਸੁਸਾਇਟੀ ਕੈਨੇਡਾ ਵਲੋਂ ਪਹਿਲੀ ਮਈ ਮਜ਼ਦੂਰ ਦਿਵਸ ਦੀ ਮਹੱਤਤਾ ਦੇ ਮੱਦੇ ਨਜ਼ਰ ਕਿਰਤੀਆਂ ਦੇ ਲੰਮੇ ਸੰਘਰਸ਼ ਦੀ ਇਤਿਹਾਸਕ ਜਿੱਤ ਦੇ ਜਸ਼ਨ ਨੂੰ ਯਾਦ ਕਰਦਿਆਂ ਕੋਵਿਡ ਦੀਆਂ ਬੰਦਸ਼ਾਂ ਦੀ ਵਜਾਹ ਕਰਕੇ ਜ਼ੂਮ ਮੀਟਿੰਗ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਸਕੱਤਰ ਪਰਮਿੰਦਰ ਸਵੈਚ ਨੇ ਮਈ ਦਿਨ ਦੇ ਇਤਿਹਾਸ ਬਾਰੇ ਦੱਸਿਆ ਕਿ ਜੋ ਮਜ਼ਦੂਰਾਂ ਦਾ ਅੱਠ ਘੰਟੇ ਦੀ ਦਿਹਾੜੀ ਵਾਲਾ ਸੰਘਰਸ਼ 1877 ਤੋਂ ਲੈ ਕੇ 1886 ਤੱਕ ਦਸ ਸਾਲ ਚੱਲਿਆ, ਉਸ ਵਿੱਚ ਬਹੁਤ ਸਾਰੇ ਮਜ਼ਦੂਰਾਂ ਦਾ ਖ਼ੂਨ ਡੁੱਲਿਆ ਹੈ, ਮਈ ਦਿਨ ਦਾ ਲਾਲ ਝੰਡਾ ਉਹਨਾਂ ਦੇ ਰੱਤ ਨਾਲ ਰੰਗਿਆ ਹੈ, ਉਸਤੋਂ ਪਹਿਲਾਂ ਮਜ਼ਦੂਰਾਂ ਨੂੰ 16-16, 18-18 ਘੰਟੇ ਕੰਮ ਕਰਨਾ ਪੈਂਦਾ ਸੀ। ਪ੍ਰਧਾਨ ਬਾਈ ਅਵਤਾਰ ਨੇ ਕਿਹਾ ਕਿ ਪੂੰਜੀਵਾਦ ਨੇ ਸਾਡੇ ਤੇ ਅਜਿਹਾ ਗਲਬਾ ਪਾਇਆ ਹੈ ਕਿ ਅਸੀਂ ਹੁਣ ਫਿਰ ਤੋਂ ਬਿਨ੍ਹਾਂ ਸੋਚੇ ਸਮਝੇ ਵਾਧੂ ਘੰਟੇ ਲਾਈ ਜਾ ਰਹੇ ਹਾਂ ਕਿਉਂਕਿ ਲੋਕਾਂ ਦਾ ਗੁਜ਼ਾਰਾ ਮੁਸ਼ਕਲ ਹੋ ਰਿਹਾ ਹੈ। ਗੁਰਮੇਲ ਗਿੱਲ ਨੇ ਕਿਹਾ ਕਿ ਮਾਰਕਸਵਾਦ ਹੀ ਵਿਗਿਆਨਕ ਫਲਸਫਾ ਹੈ। ਸਰਮਾਏਦਾਰੀ ਸਿਸਟਮ ਦਾ ਖ਼ਾਤਮਾ ਹੋਣਾ ਲਾਜ਼ਮੀ ਹੈ। ਜਸਵੀਰ ਮੰਗੂਵਾਲ ਨੇ ਕਿਹਾ ਕਿ ਅੱਜ ਫਾਸ਼ੀਵਾਦੀ ਤਾਕਤਾਂ ਦਿਨੋ ਦਿਨ ਸਿਰ ਚੁੱਕ ਰਹੀਆਂ ਹਨ ਜਿੱਥੇ ਸਾਨੂੰ ਸਮਾਜਵਾਦੀ ਢਾਂਚੇ ਦੀ ਲੋੜ ਹੈ ਉੱਥੇ ਇਹਨਾਂ ਦਾ ਟਾਕਰਾ ਕਰਨਾ ਬਹੁਤ ਜ਼ਰੂਰੀ ਹੈ। ਵਿਨੀਪੈੱਗ ਤੋਂ ਹਰਨੇਕ ਧਾਲੀਵਾਲ ਨੇ ਕਿਹਾ ਕਿ ਸਾਨੂੰ ਸਵੈ-ਪੜਚੋਲ ਦੀ ਜ਼ਿਆਦਾ ਜ਼ਰੂਰਤ ਹੈ ਕਿਉਂਕਿ ਕਈ ਵਾਰ ਅਸੀਂ ਗੱਲਾਂ ਫਲਸਫੇ ਦੀਆਂ ਕਰਦੇ ਰਹਿੰਦੇ ਹਾਂ ਪਰ ਸਾਡੇ ਵਿੱਚੋਂ ਜੱਟਵਾਦ ਕੈਨੇਡਾ ਆ ਕੇ ਵੀ ਬਾਹਰ ਨਹੀਂ ਨਿਕਲ ਰਿਹਾ। ਮੀਤ ਪ੍ਰਧਾਨ ਰਵਾਇਤ ਸਿੰਘ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੱਤੀ। ਨੌਜਵਾਨ ਰਾਜ ਬਲਵਿੰਦਰ ਨੇ ਜਾਤਾਂ, ਧਰਮਾਂ ਤੋਂ ਉੱਪਰ ਉੱਠ ਕੇ ਮਨੁੱਖਤਾਵਾਦੀ ਹੋਣ ਦਾ ਸੁਨੇਹਾ ਦਿੱਤਾ। ਨਿਰਮਲ ਕਿੰਗਰਾ ਨੇ ਆਤਮ ਚਿੰਤਨ ਤੇ ਜ਼ੋਰ ਦਿੱਤਾ ਤੇ ਭਾ ਜੀ ਗੁਰਸ਼ਰਨ ਸਿੰਘ ਦਾ ਹਵਾਲਾ ਦਿੰਦਿਆ ਕਹਿਣੀ ਤੇ ਕਰਨੀ ਇੱਕ ਹੋਣ ਬਾਰੇ ਕਿਹਾ। ਸਾਧੂ ਸਿੰਘ ਗਿੱਲ ਨੇ ਡੁਬਈ (ਸ਼ਾਰਜ਼ਾ) ਵਿੱਚ ਆਪਣੀ ਮਜ਼ਦੂਰ ਜਥੇਬੰਦੀ ਨਾਲ ਕੀਤੇ ਕੰਮਾਂ ਦੇ ਤੁਜਰਬੇ ਸਾਂਝੇ ਕੀਤੇ ਮੀਟਿੰਗ ਦੇ ਇਸ ਹਿੱਸੇ ਦੇ ਅੰਤ ਵਿੱਚ ਬਾਈ ਅਵਤਾਰ ਨੇ ਕਿਹਾ ਕਿ ਸਾਨੂੰ ਸੈਮੀਨਾਰ ਕਰਨੇ ਚਾਹੀਦੇ ਹਨ ਤਾਂ ਕਿ ਸਾਡੇ ਸਾਰਿਆਂ ਦੇ ਗਿਆਨ ਵਿੱਚ ਵਾਧਾ ਹੋਵੇ। ਮੈਂਬਰਾਂ ਨੇ ਸਹਿਮਤੀ ਦਿੱਤੀ ਕਿ ਇਸ ਸਾਲ ਵਿੱਚ ਇਹੋ ਜਿਹੇ ਸੈਮੀਨਾਰ ਕੀਤੇ ਜਾਣਗੇ। ਇਸ ਮੀਟਿੰਗ ਵਿੱਚ ਸਾਰੇ ਕੈਨੇਡਾ ਦੀ ਤਾਲਮੇਲ ਕਮੇਟੀ ਵਿੱਚ ਤਿੰਨ ਮੈਂਬਰ ਵੈਨਕੂਵਰ ਵਾਲੀ ਜਥੇਬੰਦੀ ਵਲੋਂ ਚੁਣੇ ਗਏ ਜਿਨ੍ਹਾਂ ਵਿੱਚ ਬਾਈ ਅਵਤਾਰ, ਪਰਮਿੰਦਰ ਸਵੈਚ ਤੇ ਜਗਰੂਪ ਧਾਲੀਵਾਲ। ਇਸੇ ਤਰ੍ਹਾਂ ਵਿਨੀਪੈੱਗ ਤੋਂ ਰਾਜ ਬਲਵਿੰਦਰ ਸਿੰਘ ਤੇ ਜਸਵੀਰ ਮੰਗੂਵਾਲ। ਇਹਨਾਂ ਤੋਂ ਇਲਾਵਾ ਪਵਿੱਤਰ ਸਿੱਧੂ, ਮੈਂਡੀ ਸੰਧੂ, ਹਰਪਾਲ ਗਰੇਵਾਲ ਨੇ ਵੀ ਸ਼ਮੂਲੀਅਤ ਕਰਦੇ ਹੋਏ ਆਪਣੇ ਵਿਚਾਰ ਰੱਖੇ।

2 ਮਈ ਨੂੰ ਕੋਆਰਡੀਨੇਸ਼ਨ ਆਫ਼ ਕਮੇਟੀ ਰੈਸ਼ਨੇਲਿਸਟ ਕੈਨੇਡਾ ਵਲੋਂ ਵੀ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਅਤੇ ਨਵੀਂ ਕਮੇਟੀ ਦੇ ਸੰਗਠਨ ‘ਤੇ ਗੱਲਬਾਤ ਕਰਨ ਲਈ ਮੀਟਿੰਗ ਕੀਤੀ ਗਈ। ਇਸ ਵਿੱਚ ਵੀ ਸਾਰੇ ਮੈਂਬਰਾਂ ਬਾਈ ਅਵਤਾਰ, ਬਲਦੇਵ ਰੈਪਾ, ਜਸਵੀਰ ਮੰਗੂਵਾਲ, ਰਾਜ ਬਲਵਿੰਦਰ ਸਿੰਘ, ਡਾ. ਬਲਜਿੰਦਰ ਸੇਖੋਂ ਨਿਰਮਲ ਸੰਧੂ, ਹਰਨੇਕ ਧਾਲੀਵਾਲ, ਬਲਵਿੰਦਰ ਬਰਨਾਲਾ ਤੇ ਪਰਮਿੰਦਰ ਸਵੈਚ ਨੇ ਆਪਣੇ ਵਿਚਾਰ ਪੇਸ਼ ਕੀਤੇ। ਮਈ ਦਿਵਸ ਦੇ ਇਤਿਹਾਸ ਬਾਰੇ, ਅੱਜ ਦੀਆਂ ਕੰਮ ਦੀਆਂ ਹਾਲਤਾਂ ਬਾਰੇ, ਤਰਕਸ਼ੀਲ ਪੱਖੀ ਲੋਕਾਂ ਨੂੰ ਸ਼ਰਧਾਂਜ਼ਲੀ ਦੇਣ ਬਾਰੇ, ਸੈਮੀਨਾਰ ਲਾਉਣ ਬਾਰੇ, ਫਾਸ਼ੀਵਾਦ ਦੇ ਵਿਰੁੱਧ ਅਵਾਜ਼ ਉਠਾਉਣ ਬਾਰੇ ਤੇ ਵਧਾਏ ਜਾ ਰਹੇ ਘੰਟਿਆਂ ਦੀ ਸ਼ੈਤਾਨੀ ਬਾਰੇ ਅਵਾਜ਼ ਉਠਾਉਣ ਤੇ ਇਸਦੇ ਸਾਰੇ ਤੱਥਾਂ ਨੂੰ ਸਮਝਣ ਤੇ ਜ਼ੋਰ ਦਿੱਤਾ ਗਿਆ। ਦੂਸਰੇ ਹਿੱਸੇ ਵਿੱਚ ਸੰਵਿਧਾਨ ਤੇ ਚਰਚਾ ਕੀਤੀ ਗਈ ਤੇ ਅੰਤ ਫੈਸਲਾ ਕੀਤਾ ਗਿਆ ਕਿ ਟੋਰਾਂਟੋ ਵਾਲੀ ਇਕਾਈ ਇਸਦਾ ਖਰੜਾ ਤਿਆਰ ਕਰਕੇ ਵਟਸ ਐਪ ਗਰੁੱਪ ਵਿੱਚ ਭੇਜੇਗੀ ਤੇ ਸਾਰੇ ਪੜ੍ਹ ਕੇ ਨਿਰੀਖਣ ਕਰਕੇ ਆਉਣਗੇ ਤੇ ਅਗਲੀ ਮੀਟਿੰਗ ਵਿੱਚ ਪਾਸ ਕਰਕੇ ਕੰਮ ਕਾਰ ਨੂੰ ਅਗਲੇ ਪਾਸੇ ਤੋਰਿਆ ਜਾਵੇਗਾ। ਅੰਤ ਵਿੱਚ ਬਾਈ ਅਵਤਾਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਦੋਨਾਂ ਹੀ ਮੀਟਿੰਗਾਂ ਵਿੱਚ ਅਗਾਂਹਵਧੂ ਸਮਾਜਿਕ ਕਾਰਕੁੰਨ ਮਾਸਟਰ ਭਜਨ ਸਿੰਘ ਕੈਲਗਰੀ ਜਿਨ੍ਹਾਂ ਦੇ ਦੋਹਤੇ ਵਿਸ਼ਵਜੀਤ ਸਿੰਘ ਸਿੱਧੂ ਦੀ ਅਚਾਨਕ ਹਾਰਟ ਅਟੈਕ ਨਾਲ ਮੌਤ ਹੋ ਗਈ ਹੈ, ਮਾਪਿਆਂ ਦਾ ਇੱਕਲੋਤਾ ਪੁੱਤਰ ਜੋ ਬੇਹਤਰ ਜ਼ਿੰਦਗੀ ਲਈ ਕੈਨੇਡਾ ਪੜ੍ਹਨ ਆਇਆ ਸੀ ਤੇ ਬਿਮਾਰੀ ਦੀ ਬੇਵਸੀ ਨੇ ਸਾਥੋਂ ਦੂਰ ਕਰ ਦਿੱਤਾ। ਅਸੀਂ ਸਾਰੇ ਸੁਸਾਇਟੀ ਮੈਂਬਰ ਮਾਸਟਰ ਜੀ ਤੇ ਉਹਨਾਂ ਦੀ ਬੇਟੀ ਦੇ ਪਰਿਵਾਰ ਦੇ ਨਾਲ ਦੁੱਖ ਸਾਂਝਾ ਕਰਦੇ ਹੋਏ ਨਾਲ ਖੜ੍ਹੇ ਹਾਂ ਤੇ ਖੜ੍ਹੇ ਰਹਾਂਗੇ।


11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794


ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598












FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555

HOMELIFE HIGHER STANDARDS
HomeLife SilverCity Realty Inc.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa,Life Insurance
Disability, Critical Illness, Health
SPECIAL DISCOUNT FOR VISITORS, TRUCKERS, WORK PERMIT, REFUGE & INTERNATIONAL STUDENTS
LOWEST RATES FREE QUOTE Call
Call: 416.209.6363
Hardeep Atwal
Sr. Financial Advisor

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60, Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

GALAXY Freightline Inc.
Logistics Ltd Calgary Alberta
Warehousing / Distribution
Ajay pal Manager 604-653-7841
Jatinder Singh Manager 403-992-0004
Office : 416-644-8881
9910 48 St SE Calgary, AB T2C 4Y5

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan (Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

YPA REALTY
Tarn Ghatorra
REALTOR® I YPA Realty Inc.
Ph: (604) 781-1600
Email: realtortarn@gmail.com
yparealty.com
Bus: (604) 502 1000 I Fax: (604) 503 8888
201 - 13049 76th Ave., Surrey, BC V3W 2V7

Gill
Truck & Trailer Repair & Mobile Service Lube and Truck Wash
Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

# ਵਿਦਰੋਹੀ ਕਵੀ ਕਾਜੀ ਨਜ਼ਰੁਲ ਇਸਲਾਮ



ਹਰੀਪਾਲ
403-714-4816

ਕਾਜੀ ਨਜ਼ਰੁਲ ਇਸਲਾਮ ਦਾ ਜਨਮ 24 ਮਈ 1899 ਨੂੰ ਪਿੰਡ ਚੁਰੂਲੀਆ, ਆਸਨਸੋਲ ਸਦਰ, ਪੱਛਮੀ ਬਰਦਮਾਨ ਜ਼ਿਲੇ (ਹੁਣ ਪੱਛਮੀ ਬੰਗਾਲ) ਵਿੱਚ ਹੋਇਆ। ਨਜ਼ਰੁਲ ਦਾ ਪਿਤਾ ਇੱਕ ਲੋਕਲ ਮਸਜਿਦ ਪੀਰਪੁਕੁਰ ਦਾ ਇਮਾਮ ਸੀ। ਨਜ਼ਰੁਲ ਦੀ ਮਾਂ ਦਾ ਨਾਂ ਜ਼ਾਹਿਦਾ ਖਾਤੂਨ ਸੀ। ਨਜ਼ਰੁਲ ਦੇ ਭਰਾ ਕਾਜੀ ਸਾਹਿਬਜਾਨ ਅਤੇ ਕਾਜੀ ਅਲੀ ਹੁਸੈਨ ਅਤੇ ਇੱਕ ਭੈਣ ਉਮੇ ਕੁਲਸੁਮ ਸੀ। ਹਰ ਵੇਲ਼ੇ ਉਦਾਸ ਰਹਿੰਦਾ ਹੋਣ ਕਰਕੇ ਸਾਰੇ ਹੀ ਉਸ ਨੂੰ ਦੁਖੂ ਮੀਆਂ ਕਹਿੰਦੇ ਸਨ। ਛੋਟੀ ਉਮਰੇ ਨਜ਼ਰੁਲ ਨੇ ਕੁਰਾਨ ਅਤੇ ਇਸਲਾਮਿਕ ਫਿਲੌਸਫੀ ਦੀ ਪੜ੍ਹਾਈ ਕੀਤੀ। ਜਦ 1908 ਵਿੱਚ ਨਜ਼ਰੁਲ ਦੇ ਪਿਤਾ ਦੀ ਮੌਤ ਹੋ ਗਈ ਤਦ ਉਸਨੂੰ ਮਸਜਿਦ ਦੀ ਦੇਖਭਾਲ਼ ਦਾ ਕੰਮ ਸੰਭਾਲਣਾ ਪਿਆ। ਥੋੜਾ ਵੱਡਾ ਹੋਣ ਤੇ ਨਜਰੁਲ ਦੀ ਦਿਲਚਸਪੀ ਸਭਿਆਚਾਰਕ ਨਾਟਕਾਂ ਵੱਲ ਵਧੀ ਅਤੇ ਉਸ ਨੇ ਆਪਦੇ ਚਾਚਾ ਫਜਲਕਰੀਮ ਦਾ ਨਾਟ ਗਰੁੱਪ ਜੁਆਇਨ ਕਰ ਲਿਆ ਜੋ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਨਾਟਕ ਕਰਦਾ ਸੀ। ਨਾਟ ਮੰਡਲ਼ੀ ਦੇ ਨਾਲ਼ ਕੰਮ ਕਰਦਿਆਂ ਉਸਨੇ ਨਾਟਕਾਂ ਲਈ ਗੀਤ ਅਤੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਆਪਣੇ ਕੰਮ ਦੇ ਨਾਲ਼ ਨਾਲ਼ ਨਜਰੁਲ ਨੇ ਬੰਗਾਲੀ ਅਤੇ ਸੰਸਕਰਿਤ ਸਾਹਿਤ ਵਿੱਚ ਦਿਲਚਸਪੀ ਲੈਣੀ ਸ਼ੁਰੂ ਕੀਤੀ ਅਤੇ ਹਿੰਦੂ ਗਰੰਥ ਪੁਰਾਣ ਨੂੰ ਪੜਿਆ। ਨਜਰੁਲ ਨੇ ਆਪਦੇ ਨਾਟ ਗਰੁੱਪ ਲਈ ਨਾਟਕ 'ਇੱਕ ਕਿਸਾਨ ਦਾ ਡਰਾਮਾ' ਅਤੇ ਮਹਾਂਭਾਰਤ ਵਿੱਚੋਂ 'ਸ਼ੁਕੂਨੀ ਦੀ ਮੌਤ' 'ਮਹਾਰਾਜ ਯੁਧਿਸ਼ਟਰ' ਨਾਟਕ ਲਿਖੇ, ਇਸਤੋਂ ਬਿਨਾ 'ਅਕਬਰ' 'ਕਵੀ ਕਾਲੀਦਾਸ' 'ਵਿਦਵਾਨ ਉਲੂ' ਅਤੇ 'ਰਾਜਕੁਮਾਰ ਦਾ ਦੁਖਾਂਤ' ਵਗੈਰਾ ਨਾਟਕ ਲਿਖੇ। ਸਨ 1910 ਨਜਰੁਲ ਨੇ ਨਾਟ ਮੰਡਲ਼ ਨੂੰ ਛੱਡ ਦਿੱਤਾ ਅਤੇ ਰਾਣੀਗੰਜ ਦੇ ਹਾਈ ਸਕੂਲ ਵਿੱਚ ਪੜ੍ਹਨਾ ਸ਼ੁਰੂ ਕੀਤਾ। ਹਾਈ ਸਕੂਲ ਵਿੱਚ ਨਜਰੁਲ ਆਪਦੇ ਅਧਿਆਪਕ "ਜੁਗਾਂਤਰ" ਦੇ ਕਾਰਜ ਕਰਤਾ 'ਨਿਬਾਰਨ ਚੰਦਰਾ ਘਟਕ' ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਇੱਥੇ ਹੀ ਉਸਦੀ ਦੋਸਤੀ 'ਸੇਲਾਜਨਾਦਾ ਮੁਖੋਪਧਿਆਏ' ਨਾਲ਼ ਹੋਈ ਜੋ ਸਾਰੀ ਉਮਰ ਰਹੀ। ਫੀਸ ਨਾਂ ਭਰਨ ਕਰਕੇ ਨਜਰੁਲ ਨੂੰ ਸਕੂਲ ਛੱਡਣਾ ਪਿਆ ਅਤੇ ਉਸਨੇ 'ਕਵੀਮਾਣ' ਗਰੁੱਪ ਜੁਆਇਨ ਕਰ ਲਿਆ। ਇਸ ਤੋਂ ਬਾਦ ਉਸਨੇ ਆਸਨਸੋਲ ਵਿੱਚ ਇੱਕ ਬੇਕਰੀ ਅਤੇ ਚਾਹ ਦੀ ਦੁਕਾਨ ਤੇ ਕੰਮ ਕੀਤਾ। ਸਨ 1914 ਵਿੱਚ ਨਜਰੁਲ ਨੇ 'ਦਾਰੀਰਾਮਪੁਰ ਸਕੂਲ' ਜੋ ਤਰਿਸ਼ਲ ਮੈਮਨਸਿੰਘ ਜ਼ਿਲੇ ਵਿੱਚ ਹੈ' ਵਿੱਚ ਪੜ੍ਹਾਈ ਕੀਤੀ ਅਤੇ ਕਮਾਲ ਦੀ ਗੱਲ ਦੇਖੋ ਕਿ ਨਜਰੁਲ ਦੀ ਮੌਤ ਤੋਂ ਬਾਅਦ ਇਸਨੂੰ 'ਕਾਜੀ ਨਜਰੁਲ ਇਸਲਾਮ ਯੂਨੀਵਰਸਿਟੀ' ਬਣਾ ਦਿੱਤਾ ਗਿਆ। ਹੋਰ ਮਜ਼ਬੂਨਾਂ ਤੋਂ ਬਿਨਾਂ ਨਜਰੁਲ ਨੇ ਬੰਗਾਲੀ, ਸੰਸਕ੍ਰਿਤ, ਅਰੇਬਿਕ, ਪਰਸ਼ੀਅਨ ਸਾਹਿਤ ਅਤੇ ਹਿੰਦੋਸਤਾਨੀ ਕਲਾਸੀਕਲ ਮਿਊਜਿਕ ਦੀ ਪੜ੍ਹਾਈ ਵੀ ਕੀਤੀ। ਨਜਰੁਲ ਨੇ ਦਸਵੀਂ ਤੱਕ ਵੀ ਪੜ੍ਹਾਈ ਪੂਰੀ ਨਹੀਂ ਕੀਤੀ ਅਤੇ 1917 ਵਿੱਚ ਬਰਿਟਿਸ਼ ਫੌਂਜ ਦੀ ਨੌਕਰੀ ਕਰ ਲਈ। ਉਸਦੇ ਭਰਤੀ ਹੋਣ ਦੇ ਦੋ ਕਾਰਨ ਸਨ, ਇੱਕ ਤਾਂ ਉਹ ਬਾਹਰਲੀ ਦੁਨੀਆਂ ਦੇਖਣੀ ਚਾਹੁੰਦਾ ਸੀ ਅਤੇ ਦੂਜੇ ਉਹ ਉਸ ਸਮੇਂ ਦੀ ਸਿਆਸਤ ਨੂੰ ਸਮਝਣਾ ਚਾਹੁੰਦਾ ਸੀ।



ਫੌਂਜ ਵਿੱਚ ਨੌਕਰੀ ਕਰਦਿਆਂ ਹੀ ਉਸਨੇ ਪਰੋਜ ਅਤੇ ਕਵਿਤਾਵਾਂ ਲਿਖੀਆਂ। ਇਸੇ ਸਮੇ ਹੀ ਉਸਨੇ 'ਰਬਿੰਦਰ ਨਾਥ ਟੈਗੋਰ 'ਸ਼ਰਤਚੰਦਰ' ਅਤੇ ਉਸਦੀ ਕਵਿਤਾ 'ਮੁਕਤੀ' 'ਬੰਗਾਲੀ ਮੁਸਲਿਮ ਲਿਟਰੇਚਰ ਜਰਨਲ' ਵਿੱਚ ਛਪੀ। ਨਜਰੁਲ ਨੇ 1920 ਵਿੱਚ ਬਰਤਾਨਵੀ ਭਾਰਤੀ ਫੌਜ ਦੀ ਨੌਕਰੀ ਛੱਡ ਦਿੱਤੀ। ਉਸਦਾ ਪਹਿਲਾ ਨਾਵਲ 'ਬੰਧਨਹਾਰਾ' 1920 ਵਿੱਚ ਹੀ ਛਪਿਆ। ਅਗਲੇ ਸੱਤ ਸਾਲਾਂ ਵਿੱਚ ਉਸਦੀ ਕਵਿਤਾਵਾਂ ਦੀਆਂ ਚਾਰ ਕਿਤਾਬਾਂ 'ਬੰਧਨ' 'ਸ਼ਤ–ਇਲ ਅਰਾਬ' 'ਖੇਆ–ਪਰੀਰ ਤਮਨੀ' ਅਤੇ 'ਬਦਲ ਪਰੇਹਰ ਸ਼ਰਾਬ' ਬਹੁਤ ਪਰਚੱਲਤ ਹੋਈਆਂ। ਮੁਸਲਿਮ ਬੰਗਾਲੀ ਲੇਖਕ ਮੁਹੰਮਦ ਸ਼ਾਹੀਵਲਾ ਨਾਲ਼ ਨਜਰੁਲ ਦੀ ਉਮਰ ਭਰ ਦੋਸਤੀ ਰਹੀ। ਸੰਨ 1921 ਵਿੱਚ ਨਜਰੁਲ ਦੀ ਮੰਗਣੀ ਨਰਗਿਸ ਨਾਲ਼ ਹੋਈ ਜੋ ਕਿ ਬਹੁਤ ਹੀ ਪ੍ਰਸਿੱਧ ਬੰਗਾਲੀ ਲੇਖਕ ਅਲੀ ਅਕਬਰ ਖਾਨ ਦੀ ਬੇਟੀ ਸੀ। ਇਹ ਵਿਆਹ ਸਿਰੇ ਨਹੀਂ ਚੜ੍ਹ ਸਕਿਆ ਕਿਉਂਕਿ ਸਹੁਰਿਆਂ ਦੀ ਸ਼ਰਤ ਸੀ ਕਿ ਨਜਰੁਲ ਘਰ ਜਵਾਈ ਬਣ ਕੇ ਰਹੇ। ਨਜਰੁਲ ਦੀ ਬੁਲੰਦੀ ਉਦੋਂ ਟੀਸੀ ਤੇ ਪਹੁੰਚੀ ਜਦ ਉਸਦੀ ਕਵਿਤਾ 'ਵਿਦਰੋਹੀ' 'ਰੈਬਲ ਜਾਂ ਬਾਗੀ' ਬਿਜਲੀ ਮੈਗਜ਼ੀਨ ਵਿੱਚ ਛਪੀ, ਜਿਸਨੂੰ ਭਾਰਤ ਦੇ ਬੁੱਧੀਜੀਵੀ ਤਬਕੇ ਨੇ ਚੋਟੀ ਦੀ ਪੁਈਟਰੀ ਕਿਹਾ।

"ਵਿਦਰੋਹੀ"

ਮੈਂ ਇੱਕ ਬਹੁਤ ਵੱਡਾ ਦੁਖਾਂਤ ਹਾਂ
ਮੈਂ ਕਿਸੇ ਕੁਆਰੀ ਪਹਿਲੀ ਛੋਹ ਦੀ ਕੰਬਣੀ ਹਾਂ
ਮੈਂ ਉਸਦੀ ਪਹਿਲੀ ਚੁੰਮੀ ਦੀ ਸੰਗ ਹਾਂ
ਮੈਂ ਉਸਦੀ ਸ਼ਰਮਾਂਉਦੀ ਪਿਆਰ ਤੱਕਣੀ ਹਾਂ
ਮੈਂ ਉਸਦੀ ਤੱਕਣੀ ਦਾ ਹੁੰਗਾਰਾ ਹਾਂ
ਮੈਂ ਧਰਤੀ ਦੇ ਪੇਟ ਵਿੱਚ ਜਲ਼ ਰਿਹਾ ਪਾਰਾ ਹਾਂ
ਮੈਂ ਜੰਗਲ਼ ਦੀ ਅੱਗ ਹਾਂ
ਮੈਂ ਸਮੁੰਦਰੀ ਤੂਫਾਨ ਦੀ ਝੱਗ ਹਾਂ
ਮੈਂ ਬਿਜਲੀ ਨੂੰ ਅੱਖ ਮਾਰਨ ਵਾਲ਼ਾ ਮਸਤਾਨਾ ਹਾਂ
ਮੈਂ ਸਾਰੇ ਜਹਾਨ ਵਿੱਚ ਖਿੰਡਿਆ ਦੁਖਾਂਤ ਹਾਂ
ਮੈਂ ਇਸ ਧਰਤੀ ਦਾ ਭੁਚਾਲ਼ ਹਾਂ
ਮੈਂ ਧੁਰ ਅੰਦਰ ਤੱਕ ਬਾਗੀ ਹਾਂ
ਮੈਂ ਸਿਰ ਉਚਾ ਰੱਖਣ ਵਾਲ਼ਾ ਆਕੀ ਹਾਂ
ਉਚਾ, ਬਹੁਤ ਉਚਾ ਅਤੇ ਇਕੱਲਾ

ਇਹ ਕਵਿਤਾ ਨਾ–ਮਿਲਵਰਤਣ ਦੀ ਲਹਿਰ ਸਮੇਂ ਛਪੀ ਅਤੇ ਇਹ ਕਵਿਤਾ ਬਰਿਟਿਸ਼ ਸਾਮਰਾਜ ਦੇ ਉਲਟ ਬਗਾਵਤ ਦਾ ਸੱਦਾ ਦਿੰਦੀ ਸੀ ਇਸ ਕਰਕੇ ਨਜਰੁਲ ਨੂੰ ਵੀ ਜੇਲ਼ ਦੀ ਹਵਾ ਖਾਣੀ ਪਈ। ਨਜਰੁਲ ਦੀ ਅਗਲੀ ਕਿਤਾਬ 'ਅਗਨੀ ਵੀਰਾ' ਉਸਦੀਆਂ ਕਵਿਤਾਵਾਂ ਦੀ ਪਹਿਲੀ ਕਿਤਾਬ ਸੀ। ਬਰਿਟਿਸ਼ ਸਾਮਰਾਜ ਤੇ ਚੋਟਾਂ ਲਾਉਣ ਵਾਲ਼ਾ ਉਸਦਾ ਦੋ ਹਫਤਾਵਰੀ ਮੈਗਜੀਨ "ਧੂਮਕੇਤੂ" 12 ਅਗਸਤ 1922 ਵਿੱਚ ਛਪਣਾ ਸ਼ੁਰੂ ਹੋਇਆ। ਵਿਦਰੋਹੀ ਕਵੀ ਦੇ ਤੌਰ ਤੇ ਜਾਣਿਆ ਜਾਣ ਵਾਲ਼ਾ ਨਜਰੁਲ ਬ੍ਰਿਟਿਸ਼ ਸਰਕਾਰ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਿਆ। ਜਨਵਰੀ 1923 ਨੂੰ ਨਜਰੁਲ ਤੇ ਦੇਸ਼–ਧਰੋਹ ਦਾ ਕੇਸ ਲਾ ਕੇ ਗ੍ਰਿਫਤਾਰ ਕਰ ਲਿਆ ਗਿਆ। ਅਪਰੈਲ 14, 1923 ਨੂੰ ਨਜਰੁਲ ਨੂੰ ਅਲੀਪੁਰ ਜੇਲ਼ ਤੋਂ ਹੁਗਲੀ ਜੇਲ਼ ਟਰਾਂਸਫਰ ਕੀਤਾ ਗਿਆ। ਕੈਦੀਆਂ ਨਾਲ਼ ਹੁੰਦੇ ਬੁਰੇ ਸਲੂਕ ਤੋਂ ਦੁਖੀ ਹੋ ਕੇ ਨਜਰੁਲ ਨੇ 40 ਦਿਨ ਦੀ ਭੁੱਖ ਹੜਤਾਲ਼ ਕੀਤੀ ਅਤੇ ਆਖਰਕਾਰ ਗੋਰੀ ਸਰਕਾਰ ਨੂੰ ਦਸੰਬਰ 1923 ਨੂੰ ਨਜਰੁਲ ਨੂੰ ਰਿਹਾ ਕਰਨਾ ਪਿਆ। ਜੇਲ਼ ਵਿੱਚ ਵੀ ਨਜਰੁਲ ਨੇ ਇਨਕਲਾਬੀ ਕਵਿਤਾਵਾਂ ਅਤੇ ਗੀਤਾਂ ਰਹੀਂ ਬਗਾਵਤ ਦਾ ਸੱਦਾ ਦਿੱਤਾ। 'ਬਿਸ਼ਰ ਬੰਸੀ' ਗੁਪਤ ਤੌਰ 'ਤੇ ਪ੍ਰਕਾਸ਼ਤ ਕਰ ਕੇ ਲੋਕਾਂ ਵਿੱਚ ਵੰਡੀ ਗਈ।

ਧਾਰਮਿਕ ਕੱਟੜਵਾਦੀ "ਖਿਲਾਫਤ ਮੂਵਮੈਂਟ" ਦੀ ਨਜਰੁਲ ਨੇ ਵਿਰੋਧਤਾ ਕੀਤੀ ਅਤੇ ਉਸ ਨੇ ਕਾਂਗਰਸ ਦੇ ਦੋਗਲ਼ੇਪਣ ਨੂੰ ਵੀ ਰੱਜ ਕੇ ਨੰਗਾ ਕੀਤਾ। ਆਪਣੇ ਸਾਥੀ ਮੁਜੱਫਰ ਅਹਿਮਦ ਨਾਲ਼ ਰਲ਼ ਕੇ ਨਜਰੁਲ ਨੇ ਕਿਰਤੀ ਕਿਸਾਨ ਪਾਰਟੀ ਸਥਾਪਨਾ ਕੀਤੀ, ਜਿਸਦਾ ਨਿਸ਼ਾਨਾ ਸਮਾਜਵਾਦੀ ਸਮਾਜ ਦੀ ਸਥਾਪਨਾ ਸੀ। ਦਸੰਬਰ 16, 1925 ਨੂੰ ਨਜਰੁਲ ਨੇ ਲੰਗਲ 'ਵਾਹਣ ਜਾਂ ਖੇਤ' ਇੱਕ ਹਫਤਾਵਰੀ ਮੈਗਜ਼ੀਨ ਸ਼ੁਰੂ ਕੀਤਾ। ਆਪਦੀ ਕੋਮੀਲਾ ਯਾਤਰਾ ਦੌਰਾਨ 1924 ਵਿੱਚ ਨਜਰੁਲ 'ਪਰਮੀਲਾ ਦੇਵੀ' ਨਾਂ ਦੀ ਹਿੰਦੂ ਔਰਤ ਨੂੰ ਮਿਲ਼ਿਆ, ਜਿਸ ਨਾਲ਼ ਉਸਦਾ ਪਿਆਰ ਹੋ ਗਿਆ ਤੇ ਦੋਵਾਂ ਨੇ 25 ਅਪਰੈਲ 1924 ਨੂੰ ਸ਼ਾਦੀ ਕਰ ਲਈ। ਬ੍ਰਹਮੋ ਸਮਾਜ ਅਤੇ ਮੁਸਲਿਮ ਧਾਰਮਿਕ ਲੀਡਰਾਂ, ਦੋਹਾਂ ਨੇ ਇਸ ਸ਼ਾਦੀ ਦੀ ਨਿੰਦਿਆ ਕੀਤੀ। ਇੱਥੋਂ ਤੱਕ ਕੇ ਉਸਦੀਆਂ ਕਵਿਤਾਵਾਂ ਅਤੇ ਗੀਤਾਂ ਨੂੰ ਨਿੰਦਿਆ ਗਿਆ ਪਰ ਇਸ ਸਭ ਕਾਸੇ ਦੇ ਬਾਵਜੂਦ ਨਜਰੁਲ ਦੀ ਲੋਕਪ੍ਰੀਅਤਾ ਵਧਦੀ ਹੀ ਗਈ। ਆਪਦੀ ਪਤਨੀ ਅਤੇ ਪੁੱਤਰ ਦੇ ਨਾਲ਼ ਨਜਰੁਲ ਕ੍ਰਿਸ਼ਨਾ ਨਗਰ ਰਹਿਣ ਲੱਗ ਗਿਆ। ਆਪਦੀਆਂ ਰਚਨਾਵਾਂ ਅਤੇ ਮਜ਼ਦੂਰ ਕਿਸਾਨ ਪਾਰਟੀ ਦੀਆਂ ਸਰਗਰਮੀਆਂ ਨਾਲ਼ ਉਸ ਨੇ ਲੋਕਾਂ ਨੂੰ ਜਗਾਉਣ ਦਾ ਕੰਮ ਜਾਰੀ ਰੱਖਿਆ। ਨਜਰੁਲ ਨੁ ਪੰਜਾਬੀ ਕਵੀ ਪਾਸ਼ ਦੀ ਤਰਾਂ ਬੰਗਾਲੀ ਕਵਿਤਾ ਅਤੇ ਗਜ਼ਲ ਦਾ ਮੁਹਾਂਦਰਾ ਹੀ ਬਦਲ ਦਿੱਤਾ। ਨਜਰੁਲ ਦੇ ਇਨਕਲਾਬੀ ਗੀਤ ਬਹੁਤ ਮਸ਼ਹੂਰ ਹੋਏ ਅਤੇ ਇਸਨੇ ਲੋਕਾਂ ਦੀ ਤਵੇ ਵਾਲ਼ੇ ਗਰਾਮੋਫੋਨ ਰਿਕਾਰਡਾਂ ਵਿੱਚ ਦਿਲਚਸਪੀ ਵਧਾ ਦਿੱਤੀ। ਨਜਰੁਲ ਦੇ ਗੀਤਾਂ ਕਵਿਤਾਵਾਂ ਨੇ ਬੰਗਾਲੀ ਮੁਸਲਮਾਨਾਂ ਦੀ ਦਿਲਚਸਪੀ ਬੰਗਾਲੀ ਲਿਟਰੇਚਰ ਅਤੇ ਆਰਟ ਵਿੱਚ ਵਧਾ ਦਿੱਤੀ ਜਿਸ ਵਿੱਚ ਪਹਿਲਾਂ ਹਿੰਦੂ ਲੇਖਕਾਂ ਕਵੀਆਂ ਦਾ ਬੋਲਬਾਲਾ ਸੀ। ਰਮਜਾਨ ਅਤੇ ਦੁਰਗਾ ਪੂਜਾ ਦੇ ਮੌਕੇ ਨਜਰੁਲ ਦੇ ਗੀਤ ਵੱਜਣ ਲੱਗ ਪਏ। ਉਸ ਨੇ ਬੜੇ ਹੀ ਮਸ਼ਹੂਰ ਭਜਨ ਅਤੇ ਕੀਰਤਨ ਵੀ ਲਿਖੇ। ਇਸੇ ਤਰ੍ਹਾਂ 1928 ਵਿੱਚ ਨਜਰੁਲ ਨੇ ਗੀਤਕਾਰ, ਕਮਪੋਜਰ ਅਤੇ ਮਿਊਜਿਕ ਡਾਇਰੈਕਟਰ ਦੇ ਤੌਰ 'ਤੇ 'ਹਿਜ ਮਾਸਟਰ ਵੁਆਇਸ' ਕੰਪਨੀ ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਉਸ ਦੇ ਲਿਖੇ ਅਤੇ ਕਮਪੋਜ ਕੀਤੇ ਗੀਤ ਸਾਰੇ ਹਿੰਦੋਸਤਾਨ ਵਿੱਚ ਬੱਜਣ ਲੱਗ ਪਏ। ਨਜਰੁਲ ਔਰਤ ਦੀ ਅਜ਼ਾਦੀ ਦਾ ਇੰਨਾ ਸਮੱਰਥਕ ਸੀ ਕਿ ਉਸ ਨੇ ਆਪਦੀ ਇੱਕ ਕਵਿਤਾ 'ਬਰੰਗਨਾ' ਵਿੱਚ ਇੱਕ ਤਵਾਈਫ ਨੂੰ ਮਾਂ ਦਾ ਦਰਜਾ ਦਿੱਤਾ। 'ਤਵਾਈਫਾਂ' ਦੀ ਸਮਾਜ ਵਿੱਚ ਹੁੰਦੀ ਭੰਡੀ ਨੂੰ ਉਸ ਨੇ ਬਹੁਤ ਨਿੰਦਿਆ। ਉਸ ਨੇ ਹਿੰਦੂ ਅਤੇ ਮੁਸਲਿਮ ਧਰਮ ਵਿੱਚ ਔਰਤ ਨਾਲ਼ ਹੁੰਦੇ ਵਿਤਕਰੇ ਵਾਰੇ ਖੁੱਲ ਕੇ ਲਿਖਿਆ ।

ਨਜਰੁਲ ਨੇ 2260 ਲੋਕਪੱਖੀ ਗੀਤ ਲਿਖੇ, ਪਰ ਕਈ ਵਿਦਵਾਨ ਨਜਰੁਲ ਦੇ ਗੀਤਾਂ ਦੀ ਗਿਣਤੀ ਇਸ ਤੋਂ ਕਿਤੇ ਜਿਆਦਾ ਸਮਝਦੇ ਹਨ। ਉਸਦੀ ਕਿਤਾਬ 'ਪਰਾਲਾਇਸ਼ਿਮ' 1930 ਵਿੱਚ ਬੈਨ ਕਰ ਦਿੱਤੀ ਗਈ ਅਤੇ ਉਸ ਤੇ ਫਿਰ ਦੇਸ ਦਾ ਕੇਸ ਚਲਾਇਆ ਗਿਆ, ਪਰ 1931 ਦੇ ਗਾਂਧੀ – ਇਰਵਨ ਪੈਕਟ ਬਾਦ ਉਸਦੀ ਰਿਹਾਈ ਹੋ ਗਈ, 1928 ਤੋਂ 1935 ਤੱਕ ਉਸਦੇ 800 ਗੀਤ ਦਸ ਐਲਬਮਾਂ ਵਿੱਚ ਰਲੀਜ ਕੀਤੇ ਗਏ । ਉਸਨੇ ਜੋ ਵੀ ਲਿਖਿਆ ਸਭ ਹੀ ਅਗਾਂਹਵਧੂ ਲਿਖਿਆ। ਨਜਰੁਲ ਦੇ ਗੀਤਾਂ ਦੀ ਮਸ਼ਹੂਰੀ ਨੇ ਉਸ ਨੂੰ ਫਿਲਮ ਇੰਡਸਟਰੀ ਵੱਲ ਖਿੱਚ ਲਿਆ। ਉਸਦੀ ਡਾਇਰੈਕਟ ਕੀਤੀ ਪਹਿਲੀ ਫਿਲਮ 'ਧਰੁਵਾਭਕਤਾ' ਸੀ। ਉਸ ਨੇ ਟੈਗੋਰ ਦੇ ਨਾਵਲ ਗੋਰਾ ਤੇ ਵੀ ਫਿਲਮ ਬਣਾਈ ਅਤੇ ਉਸਨੇ 'ਜਹਾਂਗੀਰ' ਅਤੇ ਅੰਨਾਪੂਰਨਾ ਜਿਹੇ ਮਸ਼ਹੂਰ ਨਾਟਕ ਲਿਖੇ। ਕਲਕੱਤਾ ਰੇਡਿਓ ਸਟੇਸ਼ਨ ਤੇ ਉਸ ਨੂੰ ਸੁਪਰਵਾਈਜਰ ਔਫ ਪ੍ਰੋਡਕਸ਼ਨ ਦੀ ਨੌਕਰੀ 1939 ਵਿੱਚ ਮਿਲ਼ ਗਈ। ਨਜਰੁਲ ਦਾ ਧਰਮ ਵਾਰੇ ਨਜਰੀਆ ਬੜਾ ਵਧੀਆ ਸੀ। ਉਹ ਕਹਿੰਦਾ ਸੀ ਹਿੰਦੂ, ਮੁਸਲਿਮ, ਇਸਾਈ, ਬੋਧੀ ਸਭ ਇੱਕ ਹਨ, ਪੁਆੜਾ ਤਾਂ ਪੁਜਾਰੀ ਵਰਗ ਖੜਾ ਕਰਦਾ ਹੈ। ਸੰਨ 1939 ਵਿੱਚ ਮਜਰੁਲ ਨੂੰ ਅਧਰੰਗ ਹੋ ਗਿਆ ਤੇ ਉਸਦੀ ਬੋਲਣ ਦੀ ਸ਼ਕਤੀ ਖਤਮ ਹੋ ਗਈ। ਨਜਰੁਲ ਦੇ ਦੋਸਤਾਂ ਨੇ ਪਹਿਲਾਂ ਤਾਂ ਉਸਦਾ ਇਲਾਜ ਇੰਡੀਆ ਕਰਾਇਆ ਅਤੇ ਬਾਦ ਵਿੱਚ ਇਲਾਜ ਲਈ ਉਸ ਨੂੰ ਪਹਿਲਾਂ ਲੰਡਨ ਤੇ ਫਿਰ ਆਸਟਰੀਆ ਭੇਜਿਆ, ਪਰ ਉਹ ਪੂਰਾ ਠੀਕ ਨਹੀਂ ਹੋ ਸਕਿਆ। ਜਨਵਰੀ 1976 ਵਿੱਚ ਬੰਗਲਾ ਦੇਸ਼ ਨੇ ਨਜਰੁਲ ਨੂੰ ਬੰਗਲਾ ਦੇਸ਼ ਦੀ ਨਾਗਰਿਕਤਾ ਦਿੱਤੀ ਅਤੇ ਉਹ ਢਾਕਾ ਸ਼ਿਫਟ ਹੋ ਗਿਆ ਅਤੇ ਢਾਕੇ ਵਿੱਚ ਹੀ ਇਸ ਮਹਾਨ ਇਨਕਲਾਬੀ ਨੇ 29 ਅਗਸਤ 1976 ਨੂੰ ਅਲਵਿਦਾ ਕਹੀ। ਨਜਰੁਲ ਨੇ ਆਪਦੀ ਸਾਰੀ ਜ਼ਿੰਦਗੀ ਮਜ਼ਦੂਰਾਂ ਕਿਸਾਨਾਂ ਦੇ ਸੰਘਰਸ਼ ਦੇ ਨਾ ਲਾ ਦਿੱਤੀ ਅਤੇ ਅੱਜ ਵੀ ਜਦ ਲੋਕ ਆਪਦੇ ਹੱਕਾਂ ਲਈ ਲੜਦੇ ਹਨ ਤਾਂ ਨਜਰੁਲ ਦਾ ਸੰਘਰਸ਼ਮਈ ਜੀਵਨ ਲੋਕਾਂ ਦਾ ਪਰੇਰਣਾ ਸਰੋਤ ਬਣਦਾ ਹੈ।






*ਫਿਲਮੀ ਸਮੀਖਿਆ*

# ਔਰਤਾਂ ਦੀ ਬਾਤ ਪਾਉਣ ਵਾਲੀ

# -ਦ ਗਰੇਟ ਇੰਡੀਅਨ ਕਿਚਨ-

**ਡਾ ਬਲਜਿੰਦਰ**


ਕਿਚਨ, ਰਸੋਈ, ਬਾਵਰਚੀਖ਼ਾਨਾ, ਝਲਾਨੀ - ਕਿੰਨੇ ਹੀ ਨਾਂਓਂ ਹਨ ਇੱਕੋ ਹੀ ਮਕਸਦ ਦੀ ਪੂਰਤੀ ਹਿੱਤ ਯਾਨੀ ਕਿ ਖਾਣਾ ਖਾਣ ਲਈ ਖਾਣਾ ਬਣਾਉਣ ਲਈ ਉਸਾਰੇ ਢਾਂਚੇ ਦੇ? ਮਨੁੱਖੀ ਸਰੀਰ ਨੂੰ ਚੱਲਦਿਆਂ ਰੱਖਣ ਲਈ ਖਾਣੇ ਦੀ ਅਹਿਮੀਅਤ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ? ਮਨੁੱਖ ਦੇ ਖਾਣ-ਪੀਣ ਅਤੇ ਇਹਦੇ ਨਾਲ ਜੁੜੇ ਕਾਰਜਾਂ ਨਾਲ ਸਬੰਧ ਜੋੜਦਿਆਂ ਆਲਮੀ ਪੱਧਰ 'ਤੇ ਵੀ ਅਤੇ ਮੁਲਕ 'ਚ ਵੀ ਅਨੇਕਾਂ ਫਿਲਮਾਂ ਰਚੀਆਂ ਗਈਆਂ ਹਨ? 1970 'ਚ ਹ੍ਰਿਸ਼ੀਕੇਸ਼ ਮੁਕਰਜ਼ੀ ਦੀ ਨਿਰਦੇਸ਼ਨਾਂ ਹੇਠ ਰਾਜੇਸ਼ ਖੰਨਾ ਦੀ ਅਦਾਕਾਰੀ ਵਾਲੀ ਬਾਵਰਚੀ ਅਜਿਹੀਆਂ ਬੇਹਤਰੀਨ ਫਿਲਮਾਂ 'ਚ ਸ਼ੁਮਾਰ ਕੀਤੀ ਜਾ ਸਕਦੀ ਹੈ?

'ਦ ਗਰੇਟ ਇੰਡੀਅਨ ਕਿਚਨ' ਅਜਿਹੀ ਹੀ ਹਾਲੀਆ ਰਿਲੀਜ਼ ਮਲਿਆਲੀ ਭਾਸ਼ਾ ਦੀ ਫ਼ਿਲਮ ਹੈ? ਉੱਚ-ਮੱਧ ਵਰਗ ਪਰਿਵਾਰ ਦੇ ਪਿਛੋਕੜ 'ਚ ਰਚੀ ਇਸ ਫ਼ਿਲਮ ਦੀ ਵਿਸ਼ੇ-ਵਸਤੂ ਦਾ ਇਸ ਗੱਲ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮੁੱਖਧਾਰਾ ਦੇ ਬਹੁ-ਪਰਦਾ ਥਿਏਟਰਾਂ ਨੇ ਤਾਂ ਇਸ ਨੂੰ ਕਿੱਥੇ ਥਾਂ ਦੇਣੀ ਸੀ, ਵੈੱਬ ਪੋਰਟਲਾਂ 'ਚ ਸਿਰੇ 'ਤੇ ਸ਼ੁਮਾਰ ਐਮਾਜ਼ਾਨ ਪ੍ਰਾਈਮ ਨੇ ਵੀ ਇਸ ਨੂੰ ਰਿਲੀਜ਼ ਕਰਨ ਤੋਂ ਜੁਆਬ ਦੇ ਦਿੱਤਾ? ਉਸਤੋਂ ਬਾਦ ਮਲਿਆਲੀ ਭਾਸ਼ਾ ਦੇ ਕਿਸੇ ਅਣਜਾਣ ਜਿਹੇ ਵੈੱਬ ਪੋਰਟਲ ਨੇ ਇਸਨੂੰ 15 ਜਨਵਰੀ ਨੂੰ ਰਿਲੀਜ਼ ਕੀਤਾ? ਜਦ ਇਸ ਅਣਜਾਣ ਜਿਹੇ ਪੋਰਟਲ 'ਤੇ ਇਸਦੀ ਮਕਬੂਲੀਅਤ ਦੇ ਚਰਚੇ ਹੋਏ ਤਾਂ ਕਿਤੇ ਜਾ ਕੇ ਐਮਾਜ਼ਾਨ ਨੇ ਪ੍ਰਾਈਮ 'ਤੇ ਇਸਨੂੰ ਰਿਲੀਜ਼ ਕੀਤਾ?

ਇਹ ਅਜਿਹੀ ਪਹਿਲੀ ਫ਼ਿਲਮ ਹੈ ਜਿਹੜੀ ਔਰਤਾਂ ਦੀ ਜ਼ਿੰਦਗੀ ਨੂੰ ਰੂਪਮਾਨ ਕਰਦੀ ਹੈ- ਉਹਨਾਂ ਦੀ ਖਾਣ-ਪਕਾਉਣ ਦੀ ਰੋਜ਼ਮੱਰ੍ਹਾ ਦੀ ਸਰਗਰਮੀ 'ਚ ਮਸਰੂਫੀਅਤ ਰੱਖਦਿਆਂ? ਫਿਲਮ ਦੇ ਸ਼ੁਰੂ 'ਚ ਦਾਜ 'ਚ ਮਿਲੀ ਲਾਲ ਰੰਗ ਦੀ ਸਵਿਫਟ ਕਾਰ 'ਚ ਲਾੜਾ ਆਪਣੀ ਘਰਵਾਲ਼ੀ ਨੂੰ ਗ੍ਰਹਿ ਪ੍ਰਵੇਸ਼ ਕਰਾ ਘਰ ਲਿਆਉਂਦਾ ਹੈ? ਬੱਸ ਉਦੋਂ ਤੋਂ ਹੀ ਉਹਦੀ ਨਿੱਤਾਪ੍ਰਤੀ ਦੀ ਉਹੀ ਨੀਰਸ ਉਹੀ ਘਿਸਿਆ-ਪਿੱਟਿਆ ਰੁਟੀਨ- ਖਾਣਾ ਬਣਾਉਣਾ, ਪ੍ਰੋਸਨਾ ਅਤੇ ਫਿਰ ਜੂਠੇ ਭਾਂਡੇ ਮਾਂਜਣਾ?

ਇਹ ਇਸ ਫ਼ਿਲਮ ਦੀ ਖ਼ੂਬਸੂਰਤੀ ਹੈ ਕਿ ਇਸ ਵਿਚਲਾ ਕੋਈ ਵੀ ਦ੍ਰਿਸ਼ ਫਾਲਤੂ ਨਹੀਂ ਜਾਂ ਫਿਰ ਅਕਾਊ ਨਹੀਂ ਲੱਗਦਾ?- ਮਸਲਨ ਇੱਕ ਸੀਨ'ਚ ਸਬਜ਼ੀ ਕੱਟਦਿਆਂ ਇੱਕ ਔਰਤ ਦੂਜੀ ਨੂੰ ਪੁੱਛਦੀ ਹੈ ਕਿ ਭਿੰਡੀ ਕਿੰਨੀ ਕੁ ਲੰਬੀ ਕੱਟਣੀ ਚਾਹੀਦੀ ਹੈ? ਦੇਖਣ ਨੂੰ ਤਾਂ ਇਹ ਬੇਫਾਲਤੂ ਜਿਹਾ ਹੀ ਸੀਨ ਮਾਲੂਮ ਹੁੰਦਾ ਹੈ ਪਰ ਇਹ ਡੂੰਘੇ ਅਰਥਾਂ ਨਾਲ ਪਰੁੰਨਿਆਂ ਹੋਇਆ ਹੈ ਕਿ ਖਾਣੇ ਨੂੰ ਡਾਈਨਿੰਗ ਟੇਬਲ 'ਤੇ ਪ੍ਰੋਸਣ ਤੋਂ ਪਹਿਲਾਂ ਕਿਹੜੇ-ਕਿਹੜੇ ਪੜਾਵਾਂ ਚੋਂ ਦੀ ਗੁਜ਼ਰਨਾ ਪੈਂਦਾ ਹੈ ਅਤੇ ਖਾਣ ਵਾਲ਼ਿਆਂ ਨੂੰ ਖੁਸ਼ ਕਰਨ ਹਿਤ ਉਸ ਨੂੰ ਪਕਾਉਣ ਵੇਲੇ ਵੀ ਉਹਦੀ (ਔਰਤ ਦੀ) ਕੋਈ ਫੈਸਲਾਕੁੰਨ ਹੈਸੀਅਤ ਨਹੀਂ ਹੈ? ਕਿਉਂਕਿ ਖਾਣੇ ਦੀ ਸਾਜ-ਸੱਜਾ ਉਹੋ ਜਿਹੀ ਹੋਣੀ ਚਾਹੀਦੀ ਹੈ, ਘਰ ਦੇ ਮਰਦਾਂ ਦੀ ਹੈਸੀਅਤ ਮੂਜਬ ਅਤੇ ਉਹਨਾਂ ਦੀ ਪਸੰਦ ਮੂਜਬ ਨਾ ਕਿ ਔਰਤ ਦੀ ਸਹੂਲੀਅਤ ਮੁਤਾਬਕ?

ਡਾਈਨਿੰਗ ਟੇਬਲ 'ਤੇ ਬੈਠੇ ਪਿਓ-ਪੁੱਤ ਸਬਜ਼ੀ-ਭਾਤ 'ਚੋਂ ਬੋਟੀਆਂ ਕੱਢ-ਕੱਢ ਕੇ ਮੇਜ਼ 'ਤੇ ਹੀ ਖਿੰਡਾਈ ਜਾਂਦੇ ਹਨ ਅਤੇ ਉਸ ਗੰਦੇ ਹੋਏ ਮੇਜ਼ ਨੂੰ ਵੀ ਔਰਤ ਨੂੰ ਹੀ ਆਪਣੇ ਹੱਥੀਂ ਸਾਫ਼ ਕਰਨਾ ਪੈਂਦਾ ਹੈ ਅਤੇ ਸਾਫ਼ ਕਰਦੇ ਵਕਤ-ਸਿਰ ਔਰਤ ਨੂੰ ਬਹੁਤ ਕਚਿਆਣ ਆਉਂਦੀ ਹੈ ਅਤੇ ਜਦੋਂ ਫਿਰ ਇੱਕ ਦਿਨ ਦੋਏ ਮੀਆਂ-ਬੀਵੀ ਕਿਸੇ ਰੇਸਟੋਰੈਂਟ 'ਚ ਖਾਣਾ ਖਾ ਰਹੇ ਹੁੰਦੇ ਹਨ ਤਾਂ ਉੱਥੇ ਪਤੀ ਆਪਣੀ ਜੈਂਟਲਮੈਨੀ ਦਾ ਮੁਜ਼ਾਹਰਾ ਕਰਦਿਆਂ ਬੋਟੀਆਂ ਨੂੰ ਇੱਕ ਖ਼ਾਸ ਪਲ਼ੇਟ 'ਚ ਪਾਸੇ ਰੱਖਦਾ ਹੈ? ਤਾਂ ਸਹਿਸੁਭਾ ਹੀ ਪਤਨੀ ਦੇ ਪੁੱਛਣ 'ਤੇ ਕਿ ਉਹ ਆਪਣੇ ਘਰ ਅੰਦਰ ਇਓਂ ਕਿਓਂ ਨਹੀਂ ਕਰਦਾ ਤਾਂ ਇੱਕ ਵੱਡਾ ਬਖੇੜਾ ਸ਼ੁਰੂ ਹੋ ਜਾਂਦਾ ਹੈ ਅਤੇ ਇਹਦਾ ਅੰਤ ਅਖੀਰ ਨੂੰ ਔਰਤ ਵੱਲੋਂ ਆਪਣੀ ਇਸ ਸਹਿਜ਼ ਕਹਿਣੀ ਲਈ ਮਾਫ਼ੀ ਮੰਗਣ ਨਾਲ ਹੁੰਦਾ ਹੈ?




ਮੱਧ-ਵਰਗੀ ਪਰਿਵਾਰ ਦੇ ਬਾਵਰਚੀਖ਼ਾਨੇ ਦੀ ਭਾਂਡੇ ਧੋਣ ਵਾਲੀ ਸਿੰਕ ਵੀ ਪਿੱਤਰਸੱਤਾ ਨੂੰ ਰੂਪਮਾਨ ਕਰਦੀ ਦਿਖਾਉਣਾ ਇਸ ਫ਼ਿਲਮ ਦੇ ਹੀ ਹਿੱਸੇ ਆਇਆ ਹੈ? ਉਸ ਸਿੰਕ 'ਤੇ ਉਸ ਔਰਤ ਦੇ ਦਿਨ ਦਾ ਬਹੁਤਾ ਵੱਡਾ ਹਿਸਾ ਦੋ ਲੱਤਾਂ 'ਤੇ ਖੜ੍ਹੀ ਦਾ ਨਿਕਲਦਾ ਹੈ ਅਤੇ ਇੱਕ ਦਿਨ ਉਸਨੂੰ ਉਸ ਸਿੰਕ ਦੇ ਲੀਕ ਹੋਣ ਅਤੇ ਗੰਦੇ ਪਾਣੀ ਦਾ ਖਿਲਾਰਾ ਆਸੇ-ਪਾਸੇ ਪੈਣ ਦਾ ਲੱਗਦਾ ਹੈ? ਉਸ ਖਲਾਰੇ ਤੋਂ ਬਚਣ ਲਈ ਉਹ ਉਸ ਸਿੰਕ ਦੇ ਹੇਠਾਂ ਇੱਕ ਬਰਤਨ ਟਿਕਾਕੇ ਉਸ 'ਚ ਸਿੰਕ ਵਿਚਲੀ ਚਰਗ਼ਲ ਕੱਠੀ ਕਰਦੀ ਹੈ, ਫਿਰ ਉਸ ਚਰਗ਼ਲ ਭਰੇ ਬਰਤਨ ਨੂੰ ਖਾਲ਼ੀ ਕਰਨ ਲਈ ਬਦਬੂ ਮਾਰਦੇ ਟੋਏ 'ਚ ਸੁੱਟਣ ਵੇਲੇ ਵੀ ਉਹਨੂੰ ਉਲਟੀ ਵਾਲਾ ਚਿੱਤ ਹੋਣ ਲੱਗਦਾ ਹੈ? ਇਸ ਖ਼ਰਾਬ ਸਿੰਕ ਨੂੰ ਠੀਕ ਕਰਾਉਣ ਲਈ ਉਹ ਆਪਣੇ ਪਤੀ ਨੂੰ ਬਾਰ-ਬਾਰ ਕਹਿੰਦੀ ਹੈ ਪਰ ਉਹ ਇਸ ਫਾਲਤੂ ਦੇ ਕੰਮ ਵੱਲ ਕੰਨ ਨਹੀਂ ਧਰਦਾ ਅਤੇ ਪਰਨਾਲਾ ਉੱਥੇ ਦਾ ਉੱਥੇ ਰਹਿ ਜਾਂਦਾ ਹੈ? ਕਿ ਇਹ ਔਰਤਾਂ ਐਨਾ ਕੁ ਵੀ ਨਹੀਂ ਝੱਲ ਸਕਦੀਆਂ?

ਪਿੱਤਰਸੱਤਾ ਔਰਤ ਦੀ ਜ਼ਿੰਦਗੀ 'ਚ ਕਿਸ ਕਦਰ ਭਾਰੂ ਹੈ ਇਹਦੀ ਝਲਕ ਬਾਖ਼ੂਬੀ ਨਾਲ ਦਿਖਾਈ ਗਈ ਹੈ- ਔਰਤ ਦੀਆਂ ਜਿਨਸੀ ਲੋੜਾਂ ਅਤੇ ਉਹਨਾਂ ਦੀ ਪੂਰਤੀ ਸਬੰਧੀ? 21 ਵੀਂ ਸਦੀ ਦੀ ਔਰਤ ਵੀ ਆਪਣੀ ਮਾਹਵਾਰੀ ਦੌਰਾਨ ਆਪਣੇ ਆਮ ਬੈੱਡਰੂਮ 'ਚ ਆਪਣੇ ਪਤੀ ਨਾਲ ਨਹੀਂ ਸੌਂ ਸਕਦੀ, ਉਹ ਖਾਣਾ ਨਹੀਂ ਬਣਾ ਸਕਦੀ, ਉਹ ਜ਼ਮੀਨ 'ਤੇ ਕਿਸੇ ਹਨੇਰੇ ਕਮਰੇ 'ਚ ਇਕੱਲੀ ਰਵ੍ਹੇਗੀ? ਘਰ ਦੀ ਕਿਸੇ ਵੀ ਵਸਤੂ ਨੂੰ ਨਹੀਂ ਛੂਹੇਗੀ ਅਤੇ ਪੀਰੀਅਡਜ਼ ਦੀ ਸਮਾਪਤੀ 'ਤੇ ਆਪਣੇ ਸਾਰੇ ਕੱਪੜੇ ਖੁੱਲ੍ਹੇ ਪਾਣੀ ਨਾਲ ਸ਼ੁੱਧ ਕਰ ਫਿਰ ਚੁੱਲ੍ਹੇ-ਚੌਂਕੇ 'ਚ ਪ੍ਰਵੇਸ਼ ਕਰੇਗੀ? ਇੱਥੇ ਨੋਟ ਕਰਨ ਵਾਲੀ ਗੱਲ ਇਹ ਵੀ ਦਿਖਾਈ ਗਈ ਹੈ ਕਿ ਅਜਿਹਾ ਸਿਰਫ਼ ਮੱਧ-ਵਰਗੀ ਔਰਤ ਨਾਲ ਹੀ ਵਧੇਰੇ ਕਰਕੇ ਹੁੰਦਾ ਹੈ ਜਦ ਕਿ ਘਰ 'ਚ ਕੰਮ ਕਰਨ ਆਉਣ ਵਾਲੀ ਕਹਿੰਦੀ ਹੈ ਕਿ ਜੇਕਰ ਉਹ ਐਨੇ ਦਿਨ ਕੰਮ ਨਾ ਕਰੂੰ ਤਾਂ ਪਰਿਵਾਰ ਕਿੱਥੋਂ ਖਾਊ?

ਇਸ ਪ੍ਰਸੰਗ ਦੇ ਨਾਲ ਹੀ ਇੱਕ ਕੜੀ ਸਾਬਰੀਮਾਲਾ ਮੰਦਰ ਦੀ ਯਾਤਰਾ ਨਾਲ ਜੋੜਦਿਆਂ ਦਿਖਾਇਆ ਗਿਆ ਹੈ ਕਿ ਕਿਵੇਂ ਬੰਦੇ-ਬੰਦੇ ਆਪਣੇ ਆਪ ਹੀ ਇਸ ਯਾਤਰਾ ਦੀ ਸਕੀਮ ਬਣਾਉਂਦੇ ਹਨ ਅਤੇ ਇਹਦਾ ਘਰ ਵਿਚਲੀ ਔਰਤ 'ਤੇ ਕੀ ਅਸਰ ਪਊ ਇਸ ਤੋਂ ਅਣਜਾਣੇ ਹਨ? ਇਸ ਯਾਤਰਾ ਦੀ ਸ਼ਰਤ ਇਹ ਹੈ ਕਿ ਇਸ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਹੀ ਬ੍ਰਹਮਚਰਿਆ ਦਾ ਪਾਲਨ ਕਰਨ ਲਈ ਗ੍ਰਹਿਸਤ ਜੀਵਨ ਤਿਆਗਣਾ ਪੈਂਦਾ ਹੈ, ਅਤੇ ਇਹ ਫੈਸਲਾ ਵੀ ਇੱਕਪਾਸੜ ਮਰਦ ਹੀ ਕਰਦਾ ਹੈ?

ਨਾਇਕਾ ਵੱਲੋਂ ਆਪਣੀ ਮਿਊਜ਼ਕਿ ਟੀਚਰ ਵਾਲੀ ਆਪਣੀ ਲਿਆਕਤ ਦੇ ਸਿਰ 'ਤੇ ਕਿਤੇ ਨੌਕਰੀ ਦਾ ਪਤਾ ਉਹਦੇ ਸਹੁਰੇ ਨੂੰ ਲਗਦਾ ਹੈ ਤਾਂ ਉਹ ਉਸਨੂੰ ਬੁਰੀ ਤਰ੍ਹਾਂ ਝਾੜ ਪਾਉਂਦਾ ਹੈ ਅਤੇ ਨੌਕਰੀ ਜਾਂ ਫਿਰ ਇਸ ਘਰ ਚੋਂ ਕਿਸੇ ਇੱਕ ਦੀ ਚੋਣ ਕਰਨ ਨੂੰ ਕਹਿੰਦਾ ਹੈ? ਪਰ ਨਾਇਕਾ ਆਪਣੇ ਪੈਰਾਂ ਸਿਰ ਖੜ੍ਹੀ ਹੋ ਆਪਣੀ ਜ਼ਿੰਦਗੀ ਜਿਓਣ ਨੂੰ ਤਰਜੀਹ ਦਿੰਦੀ ਹੈ ਅਤੇ ਇੱਕ ਦਿਨ ਆਪਣੇ ਪਤੀ ਦੇ ਦੋਸਤਾਂ ਸਾਹਮਣੇ ਆਪਣੀ ਬੇਇਜ਼ਤੀ ਨਾ ਸਹਾਰਦਿਆਂ ਆਪਣੇ ਪਤੀ ਦੇ ਮੂੰਹ 'ਤੇ ਚਾਹ ਦਾ ਕੱਪ ਉਡ੍ਹੇਲ ਦਿੰਦੀ ਹੈ ਅਤੇ ਉਸ ਘਰ ਤੋਂ ਬਾਹਰ ਆ ਜਾਂਦੀ ਹੈ? ਪਰ ਅੰਤਮ ਦ੍ਰਿਸ਼ਾਂ ਅੰਦਰ ਇਹ ਵੀ ਦਿਖਾਇਆ ਗਿਆ ਹੈ ਕਿ ਉਹਦੇ ਪਤੀ ਨੇ ਇੱਕ ਹੋਰ ਜ਼ਨਾਨੀ ਘਰੇ ਲੈ ਆਂਦੀ ਹੈ ਯਾਨੀ ਕਿ ਲੜਾਈ ਲੰਮੀ ਚੱਲਣ ਵਾਲੀ ਹੈ। ਅਜਿਹੀ ਲੜਾਈ ਸਮੂਹਕ ਤੌਰ 'ਤੇ ਲੜਨ ਨਾਲ ਹੀ ਕਾਮਯਾਬੀ ਵੱਲ ਵਧੇਗੀ, ਫਿਲਮ ਅਜਿਹਾ ਸੰਦੇਸ਼ ਦੇਣ ਤੋਂ ਊਣੀ ਰਹਿ ਗਈ ਲਗਦੀ ਹੈ।

ਇਸ ਮੂਵੀ ਅੰਦਰ ਮਰਦ ਪ੍ਰਧਾਨ ਪਿੱਤਰਸੱਤੀ ਕਦਰਾਂ-ਕੀਮਤਾਂ ਨੂੰ ਬਹੁਤ ਹੀ ਸਹਿਜਧਾਰੀ ਨਾਲ ਪੇਸ਼ ਕੀਤਾ ਗਿਆ ਹੈ? ਜੋ ਗੱਲਾਂ ਦੇਖਣ ਨੂੰ ਭਾਵੇਂ ਛੋਟੀਆਂ ਲੱਗਦੀਆਂ ਹਨ -ਮਸਲਨ ਸਿੰਕ ਦੀ ਚਰਗ਼ਲ ਦੀ ਬਦਬੂ ਨੂੰ ਬਰਦਾਸ਼ਤ ਨਾ ਕਰ ਸਕਨਾ, ਪਰ ਉਹਨਾਂ ਨੂੰ ਔਰਤ ਦੀ ਹਸਤੀ ਮੇਟਣ ਵਾਲ਼ੀਆਂ ਦੇ ਰੂਪ 'ਚ ਦਰਸਾ ਕੇ ਇਹਨਾਂ ਨੂੰ ਟਿੱਕਿਆ ਗਿਆ ਹੈ?

ਛੋਟੇ ਬਜ਼ਟ ਦੀ ਇਸ ਲਾਜਵਾਬ ਫ਼ਿਲਮ ਦੀ ਮੁੱਖ ਸਮੱਸਿਆ ਇਹ ਹੈ ਕਿ ਇਹ ਮੂਲ ਰੂਪ ਚ ਮਲਿਆਲੀ ਭਾਸ਼ਾ ਚ ਬਣੀ ਹੋਈ ਹੈ ਅਤੇ ਇਹਦੇ ਸਬ ਟਾਈਟਲਜ਼ ਅੰਗ੍ਰੇਜ਼ੀ 'ਚ ਲਿਖੇ ਹੋਏ ਹੇਠਾਂ ਸਕਰੌਲ 'ਤੇ ਚੱਲਦੇ ਹਨ? ਪਰ ਔਰਤਾਂ ਦੀ ਤ੍ਰਾਸਦੀ ਵਾਲ਼ੀਆਂ ਹਾਲਤਾਂ ਨੂੰ ਬਾਰੀਕੀ ਨਾਲ ਤੱਕਣ ਪੱਖੋਂ ਇਹ ਫ਼ਿਲਮ ਕਾਮਯਾਬ ਰਹੀ ਹੈ ?ਔਰਤ ਮੁਕਤੀ ਅਤੇ ਔਰਤ ਹੱਕਾਂ ਪ੍ਰਤੀ ਸਜੱਗ ਹਰੇਕ ਸ਼ਖਸ ਨੂੰ ਇਹ ਫ਼ਿਲਮ ਦੇਖਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ?



Punjabi Rang Radio



CA 10 530 AM
11 pm-12 am
Every Saturday

Producer/Host
Chamkaur Singh
Email punjabirang13@hotmail.com
Cell : 416 662 1313

ਮੈਟਰੋ ਇਮੀਗ੍ਰੇਸ਼ਨ




1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਉਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ।ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਉਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਉਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ )
11. ਪੀ.ਆਰ. ਕਾਰਡ ਰਿਨੀਉਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ, ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ.ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ..ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਉਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta 905-913-7700
Certified Immigration Practitioner (RCIC) Member ICCRC
info@metroimmigration.com www.metroimmigration.com
12-2355 Derry Road East, Mississauga, Ont. L5S 1V6

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2

HOMELIFE HIGHER STANDARDS
Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar
*2555 Steeles Ave E. Unit 11 *Brampton *ON*L6T4L6

# "ਤੇਜੀ ਨਾਲ ਬਦਲਣ ਜਾ ਰਹੀ ਦੁਨੀਆਂ ਨਵੀਆਂ ਮੰਡੀਆਂ ਦੀ ਤਲਾਸ਼"



ਗੁਰਚਰਨ ਸਿੰਘ ਨੂਰਪੁਰ
98550-51099

ਪੀ.ਸੀ.ਓ., ਐਸ.ਟੀ.ਡੀ., ਕੈਸੇਟ ਪਲੇਅਰ, ਵੀ.ਸੀ.ਆਰ., ਪੇਜਰ, ਰੀਲ ਕੈਮਰਾ, ਫਲੌਪੀ ਡਿਸਕ, ਸੀ.ਡੀ., ਡੀ.ਵੀ.ਡੀ. ਇਹ ਸਭ ਏਨੀ ਛੇਤੀ ਕਿੱਧਰ ਗਏ? ਜਦੋਂ ਅਸੀਂ ਇਨ੍ਹਾਂ ਚੀਜ਼ਾਂ ਦੀ ਵਰਤੋਂ ਕਰਦੇ ਸੀ ਤਾਂ ਕੀ ਕਦੇ ਸੋਚਿਆ ਸੀ ਇਹ ਸਭ ਕੁਝ ਬੜੀ ਛੇਤੀ ਅਲੋਪ ਹੋ ਜਾਵੇਗਾ? ਬਿਲਕੁਲ ਇਸੇ ਤਰ੍ਹਾਂ ਅਗਲੇ ਕੁਝ ਹੀ ਸਮੇਂ ਦੌਰਾਨ ਬੜੀ ਛੇਤੀ ਦੁਨੀਆ ਵਿਚ ਕਈ ਵੱਡੀਆਂ ਤਬਦੀਲੀਆਂ ਵਾਪਰਨ ਜਾ ਰਹੀਆਂ ਹਨ। ਸਾਡੇ ਸ਼ਹਿਰਾਂ ਗਲੀ ਮੁਹੱਲਿਆਂ ਵਿਚ ਨਜ਼ਰ ਆਉਂਦੇ ਮੋਬਾਈਲ ਟਾਵਰ ਬੜੀ ਜਲਦੀ ਖ਼ਤਮ ਹੋ ਜਾਣਗੇ। ਡੀਜ਼ਲ ਪੈਟਰੋਲ ਨਾਲ ਚੱਲਣ ਵਾਲੀਆਂ ਗੱਡੀਆਂ ਦੀ ਥਾਂ ਇਲੈਕਟ੍ਰੋਨਿਕ ਕਾਰਾਂ ਤਾਂ ਸੜਕਾਂ 'ਤੇ ਚੱਲਣੀਆਂ ਵੀ ਸ਼ੁਰੂ ਹੋ ਗਈਆਂ ਹਨ। ਸੰਭਵ ਹੈ ਜਦੋਂ ਡੀਜ਼ਲ ਪੈਟਰੋਲ ਦੀ ਲੋੜ ਨਹੀਂ ਰਹੇਗੀ ਤਾਂ ਕਈ ਦਹਾਕਿਆਂ ਤੋਂ ਚੱਲ ਰਹੇ ਪੈਟਰੋਲ ਪੰਪਾਂ ਦੀ ਥਾਂ ਕਾਰ ਚਾਰਜਰ ਲੈ ਲੈਣਗੇ। ਆਉਣ ਵਾਲੇ ਕੁਝ ਸਾਲਾਂ ਤੱਕ ਹਰ ਘਰ ਆਪਣੀ ਵਰਤੋਂ ਲਈ ਆਪਣੀ ਬਿਜਲੀ ਆਪ ਪੈਦਾ ਕਰਨ ਦੇ ਸਮਰੱਥ ਹੋਵੇਗਾ। ਬਿਜਲੀ ਘਰ ਸਪਲਾਈ ਲਾਈਨਾਂ ਅਤੇ ਟ੍ਰਾਂਸਫਾਰਮਰ ਖੰਭੇ ਆਦਿ ਬਹੁਤ ਕੁਝ ਬੜੀ ਤੇਜ਼ੀ ਨਾਲ ਬਦਲ ਜਾਵੇਗਾ। ਇੱਥੋਂ ਤੱਕ ਕਿ ਬੜੀ ਜਲਦੀ ਹਵਾਈ ਅੱਡਿਆਂ ਤੇ ਜਹਾਜ਼ਾਂ ਦੀ ਥਾਂ ਆਵਾਜਾਈ ਦੇ ਅਤਿ ਆਧੁਨਿਕ ਸਾਧਨ ਵਿਕਸਤ ਹੋ ਜਾਣਗੇ ਇਸ ਤਰ੍ਹਾਂ ਬਹੁਤ ਕੁਝ ਬੀਤੇ ਦੀ ਬਾਤ ਬਣ ਕੇ ਰਹਿ ਜਾਵੇਗਾ। ਜਿਵੇਂ ਅੱਜ ਤੋਂ ਚਾਰ ਦਹਾਕੇ ਪਹਿਲਾਂ ਜਦੋਂ ਕਿਸੇ ਨੂੰ ਇਹ ਕਿਹਾ ਜਾਂਦਾ ਸੀ ਕਿ ਭਵਿੱਖ ਵਿਚ ਵੀਡੀਓ ਕਾਲ ਸੰਭਵ ਹੋਵੇਗੀ ਤਾਂ ਇਹ ਬਹੁਤ ਸਾਰੇ ਲੋਕਾਂ ਦੇ ਮੰਨਣ ਵਿਚ ਨਹੀਂ ਸੀ ਆਉਂਦਾ ਪਰ ਅੱਜ ਇਹ ਸੰਭਵ ਹੈ ਇਸੇ ਤਰ੍ਹਾਂ ਇਹ ਸਭ ਕੁਝ ਵੀ ਸਾਡੇ 'ਚੋਂ ਕੁਝ ਨੂੰ ਅਸੰਭਵ ਲਗਦਾ ਹੋਵੇਗਾ। ਪਰ ਭਵਿੱਖ ਵਿਚ ਇਹ ਸਭ ਕੁਝ ਸਾਲਾਂ ਵਿਚ ਬੜੀ ਜਲਦੀ ਵਾਪਰਨ ਵਾਲਾ ਹੈ।

**ਕਿਵੇਂ ਸੰਭਵ ਹੋਵੇਗਾ :** ਧਰਤੀ ਨੂੰ ਪ੍ਰਦੂਸ਼ਣ ਮੁਕਤ ਕਰਨ ਅਤੇ ਲੋਕਾਂ ਨੂੰ ਸੁਚੱਜੀ ਵਿਗਿਆਨਕ ਤਕਨਾਲੋਜੀ ਪ੍ਰਦਾਨ ਕਰਨ ਦਾ ਬੀੜਾ ਚੁੱਕਿਆ ਹੈ ਅਮਰੀਕੀ ਰਾਕਟ ਵਿਗਿਆਨੀ ਈਲੋਨ ਮਸਕ ਨੇ। ਈਲੋਨ ਮਸਕ ਜਿਸ ਨੂੰ ਇਸ ਸਦੀ ਦਾ ਸਭ ਤੋਂ ਮਹਾਨ ਵਿਅਕਤੀ ਮੰਨਿਆ ਜਾ ਰਿਹਾ ਹੈ, ਦਾ ਮੰਨਣਾ ਹੈ ਕਿ 'ਸਮੱਸਿਆ ਆਪਣੇ ਆਪ ਵਿਚ ਕੋਈ ਚੁਣੌਤੀ ਨਹੀਂ ਹੁੰਦੀ ਬਲਕਿ 'ਹੱਲ ਲੱਭਣਾ' ਵੱਡੀ ਚੁਣੌਤੀ ਹੁੰਦੀ ਹੈ।' ਘਰ ਫੂਕ ਤਮਾਸ਼ਾ ਵੇਖਣ ਵਾਲੇ ਇਸ ਸ਼ਖ਼ਸ ਨੂੰ ਕਈ ਕੰਪਨੀਆਂ 'ਚੋਂ ਕੱਢਿਆ ਗਿਆ ਹੈ। ਉਸ ਦੇ ਅਜਿਹੇ ਨੁਕਸਾਨ ਵੀ ਹੋਏ ਜਦੋਂ ਕੋਲ ਕੁਝ ਵੀ ਨਾ ਬਚਿਆ ਪਰ ਇਸ ਸਭ ਕੁਝ ਦੇ ਬਾਵਜੂਦ ਅੱਜ ਉਹ ਦੁਨੀਆ ਦਾ ਵੱਡਾ ਅਮੀਰ ਵਿਅਕਤੀ ਹੈ। ਉਸ ਦੀ ਜੀਵਨੀ ਇਕ ਕਾਲਪਨਿਕ ਫ਼ਿਲਮੀ ਕਹਾਣੀ ਜਿਹੀ ਹੈ। ਬੇਸ਼ੱਕ ਪੂੰਜੀਪਤੀਆਂ ਦੀ ਵੱਡੀ ਤਰਜੀਹ ਆਪਣੇ ਮੁਨਾਫ਼ੇ ਹੁੰਦੀ ਹੈ। ਭਵਿੱਖ ਵਿਚ ਈਲਨ ਮਸਕ ਦੀਆਂ ਕੀ ਤਰਜੀਹਾਂ ਹਨ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਹੁਣ ਤੱਕ ਅਸੀਂ ਕਹਿ ਸਕਦੇ ਹਾਂ ਕਿ ਟੇਡੇ ਢੰਗ ਨਾਲ ਸਰਕਾਰਾਂ ਨਾਲ ਮਿਲ ਕੇ ਅਤੇ ਜਨਤਕ ਸਾਧਨਾਂ ਨੂੰ ਲੁੱਟ ਕੇ ਅਮੀਰ ਹੋਣ ਵਿਚ ਉਹਦਾ ਵਿਸ਼ਵਾਸ ਨਹੀਂ ਹੈ। ਉਹਦੀ ਕਹਾਣੀ ਧਰਤੀ ਤੋਂ ਨਹੀਂ ਬਲਕਿ ਤਾਰਿਆਂ ਗ੍ਰਹਿਾਂ ਤੋਂ ਸ਼ੁਰੂ ਹੁੰਦੀ ਹੈ। ਈਲੋਨ ਮਸਕ ਦੀਆਂ ਕੁਝ ਮਸ਼ਹੂਰ ਕੰਪਨੀਆਂ ਨੇ ਇਸ ਸਮੇਂ ਦੁਨੀਆ ਵਿਚ ਤਹਿਲਕਾ ਮਚਾ ਦਿੱਤਾ ਹੈ ਅਤੇ ਵੇਖਣਾ ਇਹ ਹੋਵੇਗਾ ਦੁਨੀਆ ਦੇ ਕਾਰੋਬਾਰੀ ਉਸ ਵਲੋਂ ਈਜਾਦ ਕੀਤੀ ਤਕਨੀਕ ਦਾ ਮੁਕਾਬਲਾ ਕਿਵੇਂ ਕਰਦੇ ਹਨ?




**ਟੈਸਲਾ ਮੋਟਰ :** ਈਲੋਨ ਮਸਕ ਦੀ ਕੰਪਨੀ ਟੈਸਲਾ ਮੋਟਰ ਦੀ ਇਸ ਸਮੇਂ ਪੂਰੀ ਦੁਨੀਆ ਵਿਚ ਧੁੰਮ ਪਈ ਹੋਈ ਹੈ। ਇਸ ਨਾਲ ਪੈਟਰੋਲ ਡੀਜ਼ਲ ਦਾ ਰਵਾਇਤੀ ਚੱਕਰ ਹੀ ਖ਼ਤਮ ਹੋਣ ਜਾ ਰਿਹਾ ਹੈ। ਧਰਤੀ ਪ੍ਰਦੂਸ਼ਣ ਮੁਕਤ ਹੋਣ ਲੱਗੇਗੀ। ਟੈਸਲਾ ਮੋਟਰ ਦੀਆਂ ਕਾਰਾਂ ਪੈਟਰੋਲ ਡੀਜ਼ਲ ਨਾਲ ਚੱਲਣ ਵਾਲੀਆਂ ਕਾਰਾਂ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਬਲਕਿ ਚਾਰ ਰੱਤੀਆਂ ਅੱਗੇ ਹਨ। ਇੱਥੇ

Kirei Sales Inc
HARJIT S. SAHOTA
Sales Manager
Tel : 604-593-7755 Fax : 604-593-7722
Email : thekireisales@hotmail.com
12652 82nd Avenue, Surrey, BC Canada
Wholesaler : Plumbing & Kitchen Fixtures






KENNEDY MECHANICAL LTD.
Plumbing & Radiant Heat
Bob Dhesi 778-709-1115
Sukhi Johal 604-339-8717
7985 133 A Street Surrey, BC V3W 4R4
Plumbing . Gas Fitting . Radiant Heat

Kulwant S. Dhesi ( Kelly)
President & CEO
DHESI Enterprises
Specialize in: Flatbed, Stepdeck
RGN & Multiple Axle
: (604) 501-3934
: (604) 501-3953
: (604) 780-6115
: kelly@dhesient.com
: www.dhesient.com
12454 - 110 Avenue
Surrey, BC V3V 3J6
Toll Free 1-866-501-3101
Fax Free 1-866-501-3102


WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



Reliance Immigration
Reliance Immigration Inc
K.P. Singh
RCIC
#205 - 13737 72 Ave
Surrey, BC, V3W 2P2
kp@relianceimmigration.ca
Off. : 604-597-0440
Fax : 604-597-2332




SHAAN CONSTRUCTION LTD.
25+ years of experience
Call for a Free Estimate
MALKIT SWAICH
778.889.9526
- General Contracting
- Quality Custom Homes
- Quality Framing
- 2-5-10 Year Warranty
2-5-10 Year Warranty







A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
- KITCHEN COUNTERS
- VANITIES
- FIRE PLACES
- STAIRCASES
- INSTALLATIONS
- REPAIRS





ਹੀ ਬੱਸ ਨਹੀਂ ਈਲੋਨ ਮਸਕ ਦੀ ਟੈਸਲਾ ਮੋਟਰ ਵਲੋਂ ਡਰਾਈਵਰਲੈੱਸ ਕਾਰਾਂ ਬਣਾਈਆਂ ਜਾ ਰਹੀਆਂ ਹਨ, ਜੋ ਅਗਲੇ ਕੁਝ ਹੀ ਸਮੇਂ ਵਿਚ ਪੂਰੀ ਦੁਨੀਆ ਦੇ ਦੇਸ਼ਾਂ ਵਿਚ ਆਪਣੀ ਧੁੰਮ ਪਾਉਣਗੀਆਂ। ਇੱਥੇ ਵਰਣਨਯੋਗ ਹੈ ਕਿ ਟੈਸਲਾ ਕਾਰਾਂ ਦੀ ਮੰਗ ਦੁਨੀਆ ਵਿਚ ਤੇਜ਼ੀ ਨਾਲ ਵਧ ਰਹੀ ਹੈ। ਇਹ ਕਾਰਾਂ ਦੁਨੀਆਂ ਦੇ ਕੁਝ ਦੇਸ਼ਾਂ ਵਿਚ ਸਫਲਤਾਪੂਰਵਕ ਚੱਲਣੀਆਂ ਵੀ ਸ਼ੁਰੂ ਹੋ ਗਈਆਂ ਹਨ।

**ਸਪੇਸਐਕਸ** : ਇਹ ਦੁਨੀਆ ਦੀ ਪਹਿਲੀ ਅਜਿਹੀ ਕੰਪਨੀ ਹੈ, ਜੋ ਪੁਲਾੜ ਵਿਚ ਉਪ ਗ੍ਰਹਿ ਸਥਾਪਤ ਕਰਨ ਦੇ ਨਾਲ-ਨਾਲ ਰਾਕਟ ਬਣਾਉਣ ਲਈ ਕੰਮ ਕਰ ਰਹੀ ਹੈ। ਈਲੋਨ ਨੇ ਇਸ ਕੰਪਨੀ ਨਾਲ ਇਕ ਤੋਂ ਵੱਧ ਵਾਰ ਵਰਤੇ ਜਾਣ ਵਾਲਾ ਰਾਕਟ ਬਣਾ ਕੇ ਦੁਨੀਆ ਨੂੰ ਅਚੰਭੇ ਵਿਚ ਪਾ ਦਿੱਤਾ ਹੈ। ਦੁਨੀਆ ਭਰ ਵਿਚ ਪਹਿਲੀ ਵਾਰ ਇਹ ਸਫਲਤਾ ਹਾਸਲ ਹੋਈ ਕਿ ਇਸ ਦੇ ਬਣਾਏ ਰਾਕਟ ਇਕ ਤੋਂ ਵੱਧ ਵਾਰ ਵਰਤੇ ਜਾ ਸਕਦੇ ਹਨ। ਇਸ ਕੰਪਨੀ ਦੀ ਮਦਦ ਨਾਲ ਜਿੱਥੇ ਧਰਤੀ ਦੁਆਲੇ ਈਲੋਨ ਮਸਕ ਨੇ ਉਪਗ੍ਰਹਿਆਂ ਦਾ ਜਾਲ ਬੁਣਨਾ ਸ਼ੁਰੂ ਕਰ ਦਿੱਤਾ ਹੈ ਉੱਥੇ ਭਵਿੱਖ ਵਿਚ ਇਸ ਦਾ ਕੰਮ ਮੰਗਲ ਗ੍ਰਹਿ 'ਤੇ ਮਾਨਵ ਬਸਤੀਆਂ ਵਸਾਉਣਾ ਵੀ ਹੈ। ਆਪਣੇ ਉਪਗ੍ਰਹਿ ਧਰਤੀ ਦੇ ਨੇੜੇ ਸਥਾਪਤ ਕਰਨ ਲਈ ਇਹ ਕੰਪਨੀ ਸਫਲਤਾ ਪੂਰਵਕ ਕੰਮ ਕਰ ਰਹੀ ਹੈ।

**ਸਟਾਰਲਿੰਕ** : ਸਪੇਸਐਕਸ ਕੰਪਨੀ ਦੀ ਮਦਦ ਨਾਲ ਈਲੋਨ ਮਸਕ ਨੇ ਇਕ ਨਵੀਂ ਕੰਪਨੀ ਸਟਾਰਲਿੰਕ ਬਣਾਈ ਹੈ, ਜਿਸ ਦਾ ਕੰਮ ਸਸਤੀ ਅਤੇ ਦੂਰ ਦੁਰਾਡੇ ਇਲਾਕਿਆਂ ਵਿਚ ਹਾਈਸਪੀਡ ਇੰਟਰਨੈੱਟ ਸੇਵਾ ਮੁਹੱਈਆ ਕਰਾਉਣੀ ਹੈ। ਸਟਾਰਲਿੰਕ ਨੇ ਭਾਰਤ ਵਿਚ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਦਿੱਲੀ, ਕੋਲਕਾਤਾ, ਬੰਗਲੌਰ, ਮੁੰਬਈ ਅਤੇ ਚੇਨਾਈ ਵਰਗੇ ਸ਼ਹਿਰਾਂ ਵਿਚ ਇਸ ਨੇ ਆਪਣੇ ਦਫ਼ਤਰ ਖੋਲ੍ਹ ਕੇ ਆਨਲਾਈਨ ਬੁਕਿੰਗ ਸ਼ੁਰੂ ਕਰ ਦਿੱਤੀ ਹੈ। ਸਟਾਰਲਿੰਕ ਇੰਟਰਨੈੱਟ ਸੇਵਾ ਅਜਿਹੀ ਹਾਈ ਸਪੀਡ, ਵਾਇਰਲੈੱਸ ਸੇਵਾ ਹੋਵੇਗੀ ਜਿਸ ਦੇ ਮੁਕਾਬਲੇ ਇੰਟਰਨੈੱਟ ਸੇਵਾ ਮੁਹੱਈਆ ਕਰਾਉਣ ਵਾਲੀਆਂ ਵੱਡੀਆਂ ਵੱਡੀਆਂ ਕੰਪਨੀਆਂ ਇਸ ਦੇ ਨੇੜੇ-ਤੇੜੇ ਵੀ ਨਹੀਂ ਖੜ੍ਹ ਸਕਣਗੀਆਂ।

**ਸੋਲਰਸਿਟੀ** : ਇਸ ਕੰਪਨੀ ਦੀ ਸ਼ੁਰੂਆਤ 2016 ਵਿਚ ਕੀਤੀ ਗਈ। ਇਹ ਸੋਲਰ ਰੂਫ ਟਾਇਲ ਮੈਨੂਫੈਕਚਰਿੰਗ ਕੰਪਨੀ ਹੈ। ਇਸ ਰਾਹੀਂ ਈਲੋਨ ਮਸਕ ਦਾ ਸੁਪਨਾ ਹੈ ਕਿ ਅਸੀਂ ਧਰਤੀ ਤੋਂ ਕਾਰਬਨ ਡਾਇਆਕਸਾਈਡ ਦੀ ਮਾਤਰਾ ਨੂੰ ਕੰਟਰੋਲ ਵਿਚ ਮਦਦ ਮਿਲੇਗੀ। ਈਲੋਨ ਮਸਕ ਦੀ ਇਹ ਕੰਪਨੀ ਜੋ ਐਨਰਜੀ ਕਰੀਏਸ਼ਨ 'ਤੇ ਕੰਮ ਕਰਦੀ ਹੈ। ਬੜੀ ਤੇਜ਼ੀ ਨਾਲ ਸੂਰਜੀ ਊਰਜਾ ਨੂੰ ਕੰਟਰੋਲ ਕਰਕੇ ਘੱਟ ਤੋਂ ਘੱਟ ਲਾਗਤ ਵਿਚ ਬਿਜਲੀ ਪੈਦਾ ਕਰਨ ਲਈ ਕੰਮ ਕਰ ਰਹੀ ਹੈ। ਇਹ ਕਾਫੀ ਹੱਦ ਤੱਕ ਸਫਲ ਵੀ ਹੈ। ਉਸ ਦੀ ਇਸ ਕੰਪਨੀ ਵਲੋਂ ਅਜਿਹੀਆਂ ਟਾਇਲਾਂ ਈਜਾਦ ਕੀਤੀਆਂ ਗਈਆਂ ਹਨ ਜੋ ਘਰਾਂ ਦੀਆਂ ਦੀਵਾਰਾਂ ਦੀ ਸਜਾਵਟ ਬਣਨ ਦੇ ਨਾਲ-ਨਾਲ ਬਿਜਲੀ ਊਰਜਾ ਪੈਦਾ ਕਰਨ ਦਾ ਕੰਮ ਵੀ ਕਰਨਗੀਆਂ। ਹਰ ਘਰ ਦੀ ਬਿਜਲੀ ਦੀ ਲੋੜ ਘਰ ਵਿਚੋਂ ਹੀ ਪੂਰੀ ਹੋ ਸਕੇਗੀ।

**ਹਾਈਪਰਲੂਪ** : ਇਹ ਜ਼ਮੀਨ ਦੇ ਹੇਠਾਂ ਤੇਜ਼ੀ ਨਾਲ ਸੁਰੰਗ ਬਣਾਉਣ ਵਾਲਾ ਪ੍ਰਾਜੈਕਟ ਹੈ। ਇਹ ਈਲੋਨ ਮਸਕ ਦੀ ਇਕ ਹੋਰ ਕੰਪਨੀ 'ਬੋਰਿੰਗ' ਨਾਲ ਮਿਲ ਕੇ ਤੇਜ਼ੀ ਨਾਲ ਕੰਮ ਕਰ ਰਹੀ ਹੈ ਜਿਸ ਦਾ ਮਨੋਰਥ ਜ਼ਮੀਨਦੋਸ਼ ਸੁਰੰਗ ਬਣਾ ਕੇ ਕੈਪਸੂਲ ਨੁਮਾ ਤੇਜ਼ ਰਫ਼ਤਾਰ ਗੱਡੀਆਂ ਚਲਾਉਣ ਦੇ ਨਾਲ-ਨਾਲ ਧਰਤੀ ਤੋਂ ਟ੍ਰੈਫਿਕ ਘੱਟ ਕਰਨਾ ਹੈ। ਇਸ ਨਾਲ ਘੱਟ ਤੋਂ ਘੱਟ ਕੀਮਤ 'ਤੇ ਵਿਸ਼ਾਲ ਅੰਡਰ ਗ੍ਰਾਊਂਡ ਟ੍ਰਾਂਸਪੋਰਟ ਸਿਸਟਮ ਖੜ੍ਹਾ ਕੀਤਾ ਜਾ ਸਕੇਗਾ। ਈਲੋਨ ਦਾ ਇਹ ਇਕ ਅਜਿਹਾ ਪ੍ਰਾਜੈਕਟ ਹੈ ਜੋ ਰਵਾਇਤੀ ਰੇਲ ਗੱਡੀਆਂ, ਰੇਲਵੇ ਟਰੈਕ, ਹਵਾਈ ਜਹਾਜ਼ ਅਤੇ ਹਵਾਈ ਅੱਡਿਆਂ 'ਤੇ ਸਵਾਲੀਆ ਚਿੰਨ੍ਹ ਲਾ ਦੇਵੇਗਾ। ਹਾਈਪ੍ਰਲੂਪ ਇਕ ਇੰਟਰਸਿਟੀ ਟ੍ਰਾਂਸਪੋਰਟ ਸਿਸਟਮ ਹੈ ਜੋ ਦੁਨੀਆ ਨੂੰ ਪਹਿਲਾਂ ਨਾਲੋਂ ਕਿਤੇ ਛੋਟੀ ਕਰ ਦੇਵੇਗਾ।

**ਅਮੀਰੀ ਖੁੱਸਣ ਦਾ ਡਰ** : ਦੁਨੀਆ ਵਿਚ ਇਹ ਵੱਡੀਆਂ ਤਬਦੀਲੀਆਂ ਅਗਲੇ ਕੁਝ ਅਰਸੇ ਦੌਰਾਨ ਹੋਣ ਜਾ ਰਹੀਆਂ ਹਨ ਜੋ ਦੁਨੀਆ ਦੇ ਮੌਜੂਦਾ ਸਵਰੂਪ ਨੂੰ ਬਦਲਣ ਦੀ ਸਮਰੱਥਾ ਰੱਖਦੀਆਂ ਹਨ। ਇਹ ਬਦਲਾਅ ਕਿੰਨੇ ਕੁ ਲੋਕ ਪੱਖੀ ਸਾਬਤ ਹੋਣਗੇ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਨ੍ਹਾਂ ਭਵਿੱਖੀ ਤਬਦੀਲੀਆਂ ਨਾਲ ਦੁਨੀਆ ਭਰ ਵਿਚ ਵੱਡੀ ਉੱਥਲ-ਪੁੱਥਲ ਹੋਣੀ ਸ਼ੁਰੂ ਹੋ ਗਈ ਹੈ। ਕੁਝ ਅਜਿਹੇ ਸਾਧਨ ਜਿਨ੍ਹਾਂ ਤੋਂ ਕੁਝ ਕੰਪਨੀਆਂ ਨੂੰ ਮੋਟੀਆਂ ਕਮਾਈਆਂ ਹੁੰਦੀਆਂ ਹਨ, ਦੀ ਲੋੜ ਸਮਾਪਤ ਹੋ ਜਾਵੇਗੀ। ਇਸ ਤਰ੍ਹਾਂ ਸਾਡੇ ਦੇਸ਼ ਸਮੇਤ ਕੁਝ ਹੋਰ ਦੇਸ਼ਾਂ ਦੇ ਪੂੰਜੀਪਤੀਆਂ ਨੂੰ ਇਸ ਸਮੇਂ ਇਹ ਵੱਡਾ ਫ਼ਿਕਰ ਬਣਿਆ ਹੋਇਆ ਹੈ ਕਿ ਸੰਚਾਰ ਸਾਧਨ, ਆਵਾਜਾਈ ਦੇ ਸਾਧਨ, ਬਿਜਲੀ ਅਤੇ ਤੇਲ ਕੰਪਨੀਆਂ ਜਿਹੜੇ ਉਨ੍ਹਾਂ ਲਈ ਕਮਾਈ ਦੇ ਵੱਡੇ ਸਰੋਤ ਸਾਧਨ ਹਨ 'ਤੇ ਉਨ੍ਹਾਂ ਦੀ ਇਜਾਰੇਦਾਰੀ ਨਹੀਂ ਰਹੇਗੀ ਤਾਂ ਉਨ੍ਹਾਂ ਦੀ ਅਮੀਰੀ ਖੁਸ ਜਾਵੇਗੀ।

**ਨਵੇਂ ਬਾਜ਼ਾਰਾਂ ਦੀ ਤਲਾਸ਼** : ਅਗਲੇ ਕੁਝ ਸਾਲਾਂ ਵਿਚ ਤੇਜ਼ੀ ਨਾਲ ਤਬਦੀਲ ਹੋਣ ਜਾ ਰਹੀ ਦੁਨੀਆ ਨੇ ਸੰਸਾਰ ਭਰ ਦੇ ਧਨਾਢਾਂ ਦੇ ਫ਼ਿਕਰ ਵਧਾ ਦਿੱਤੇ ਹਨ। ਉਨ੍ਹਾਂ ਨੇ ਆਪਣੀਆਂ ਕੰਮ ਕਰਨ ਦੀਆਂ ਤਰਜੀਹਾਂ ਤੇਜ਼ੀ ਨਾਲ ਬਦਲਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸਾਡੇ ਦੇਸ਼ ਦੇ ਧਨਾਢ ਜੋ ਬਿਜਲੀ ਕੰਪਨੀਆਂ, ਮੋਬਾਈਲ ਇੰਟਨੈੱਟ ਕੰਪਨੀਆਂ, ਸੰਚਾਰ ਸਾਧਨ, ਰੇਲਵੇ, ਹਵਾਈ ਜਹਾਜ਼, ਤੇਲ ਕੰਪਨੀਆਂ ਆਦਿ ਕੰਪਨੀਆਂ 'ਤੇ ਕਾਬਜ਼ ਹਨ, ਦਾ ਸਾਰਾ ਧਿਆਨ ਹੁਣ ਮਨੁੱਖ ਦੇ ਖਾਣ-ਪੀਣ ਵਾਲੀਆਂ ਵਸਤਾਂ ਵੱਲ ਲੱਗ ਗਿਆ ਹੈ। ਕਿਸੇ ਵੀ ਤਰ੍ਹਾਂ ਦੀ ਤਕਨੀਕ ਤੋਂ ਵੀ ਵੱਧ ਲੋੜ ਮਨੁੱਖ ਦੀ ਜ਼ਿੰਦਾ ਰਹਿਣ ਦੀ ਹੈ ਅਤੇ ਇਸ ਲਈ ਜ਼ਰੂਰੀ ਹੈ ਕਿ ਉਸ ਕੋਲ ਖਾਦ ਪਦਾਰਥਾਂ ਦੀ ਲੋੜੀਂਦੀ ਮਾਤਰਾ ਹੋਵੇ। ਜ਼ਿੰਦਾ ਰਹਿਣ ਲਈ ਰੋਟੀ ਜ਼ਰੂਰੀ ਹੈ ਇਸ ਲਈ ਸਾਡੇ ਦੇਸ਼ ਸਮੇਤ ਦੁਨੀਆ ਦੇ ਹੋਰ ਪੂੰਜੀਪਤੀਆਂ ਵਲੋਂ ਇਹ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਕਿ ਜ਼ਮੀਨ ਦੇ ਵੱਧ ਤੋਂ ਵੱਧ ਰਕਬੇ 'ਤੇ ਕਾਬਜ਼ ਹੋਇਆ ਜਾਵੇ। ਅਜਿਹਾ ਕਰਨ ਨਾਲ ਉਹ ਕਰੋੜਾਂ ਲੋਕਾਂ ਦੀਆਂ ਖੁਰਾਕੀ ਲੋੜਾਂ ਦੇ ਬਾਜ਼ਾਰ 'ਤੇ ਕਾਬਜ਼ ਹੋ ਜਾਣਗੇ ਅਤੇ ਰੋਟੀ ਅਤੇ ਭੁੱਖ ਦੇ ਇਸ ਕਾਰੋਬਾਰ ਨਾਲ ਮਾਲਾ ਮਾਲ ਹੁੰਦੇ ਜਾਣਗੇ। ਭਵਿੱਖ ਵਿਚ ਦੁਨੀਆ ਭਰ ਦੇ ਪੂੰਜੀਪਤੀ ਖੁਰਾਕੀ ਲੋੜਾਂ ਦੀਆਂ ਮੰਡੀਆਂ ਅਤੇ ਖਾਧ ਪਦਾਰਥਾਂ ਦੇ ਬਾਜ਼ਾਰ 'ਤੇ ਕਾਬਜ਼ ਹੋਣ ਲਈ ਯਤਨਸ਼ੀਲ ਹਨ। ਪੀਣ ਵਾਲੇ ਪਾਣੀ ਨੂੰ ਵੀ ਇਕ ਵੱਡੀ ਸਨਅਤ ਵਜੋਂ ਵੇਖਿਆ ਜਾ ਰਿਹਾ ਹੈ। ਅਜਿਹੀ ਸਥਿਤੀ ਵਿਚ ਕਿਸਾਨ ਨੂੰ ਆਪਣੀ ਜ਼ਮੀਨ ਦੀ ਹੀ ਨਹੀਂ ਬਲਕਿ ਹਵਾ ਪਾਣੀ ਤੱਕ ਦੀ ਅਹਿਮੀਅਤ ਨੂੰ ਸਮਝਣ ਦੀ ਲੋੜ ਹੈ। ਇਹ ਵੀ ਸਮਝਣ ਦੀ ਲੋੜ ਹੈ ਕਿ ਤੇਜ਼ੀ ਨਾਲ ਬਦਲ ਰਹੇ ਵਰਤਾਰਿਆਂ ਨਾਲ ਖੇਤੀ ਹੁਣ ਰਵਾਇਤੀ ਢੰਗ ਅਨੁਸਾਰ ਨਹੀਂ ਚੱਲ ਸਕੇਗੀ। ਕਿਸਾਨ ਨੂੰ ਜਿਣਸਾਂ ਦੀ ਗੁਣਵੱਤਾ ਲਈ ਕੁਦਰਤੀ ਖੇਤੀ ਮਾਡਲ ਦੇ ਨਾਲ ਐਗਰੋਫੂਡ ਸਨਅਤ ਵੱਲ ਧਿਆਨ ਦੇਣਾ ਪਵੇਗਾ। ਕੋਆਪਰੇਟਿਵ ਖੇਤੀ ਮਾਡਲ ਅਪਣਾ ਕੇ ਆਪਣੇ ਖਰਚਿਆਂ ਨੂੰ ਘੱਟ ਕਰਨ ਵੱਲ ਧਿਆਨ ਦੇਣਾ ਪਵੇਗਾ। ਇਸ ਸਮੇਂ ਆਪਣੀ ਖੇਤੀ ਨਾਲ ਜੁੜੀ ਸੱਭਿਅਤਾ ਅਤੇ ਹੱਕਾਂ ਦੀ ਲੜਾਈ ਲੜ ਰਹੇ ਕਿਸਾਨ ਸੰਗਠਨਾਂ ਨੂੰ ਖੇਤੀ ਵਿਗਿਆਨੀਆਂ ਅਤੇ ਆਰਥਕ ਮਾਹਿਰਾਂ ਦੀ ਮਦਦ ਨਾਲ ਇੱਕ ਲੋਕ ਪੱਖੀ ਨਵਾਂ ਖੇਤੀ ਵਿਕਾਸ ਮਾਡਲ ਪੇਸ਼ ਕਰਨਾ ਚਾਹੀਦਾ ਹੈ ਜੋ ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਵਿਚ ਫੇਲ੍ਹ ਹੋਏ 'ਅਖੌਤੀ ਕਾਰਪੋਰੇਟ ਖੇਤੀ ਵਿਕਾਸ ਮਾਡਲ' ਨੂੰ ਨਕਾਰਨ ਦੇ ਨਾਲ ਨਾਲ ਦੇਸ਼ ਅਤੇ ਕਿਰਸਾਨੀ ਨੂੰ ਨਵੀਆਂ ਲੀਹਾਂ 'ਤੇ ਤੋਰ ਸਕਦਾ ਹੋਵੇ। ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ ਸਾਨੂੰ ਸਭ ਨੂੰ ਸੁਚੇਤ ਹੋ ਕੇ ਇਸ ਦੇ ਹਾਣ ਦੇ ਹੋਣਾ ਪਵੇਗਾ।

# ਕੋਵੀਸ਼ੀਲਡ ਵੈਕਸੀਨ ਇੰਸਟੀਚਿਊਟ ਦਾ ਨਿਰਮਾਤਾ ਫੁਰਰ..

- ਭਾਰਤ 'ਚ ਕੋਵਿਡ-19 ਤੋਂ ਅਗਾਊਂ ਬਚਾਅ ਲਈ ਲਗਾਈ ਜਾ ਰਹੀ ਕੋਵਿਸ਼ੀਲ਼ਡ ਵੈਕਸੀਨ ਦੀ ਨਿਰਮਾਤਾ ਕੰਪਨੀ ਸੀਰਮ ਇੰਸਟੀਚਿਊਟ ਦਾ ਮੁੱਖ ਕਾਰਜਕਾਰੀ ਅਧਿਕਾਰੀ ਅਦਾਰ ਪੂਨਾਵਾਲਾ ਪਿਆਰਾ ਭਾਰਤ ਵਤਨ ਛੱਡ ਕੇ ਠੰਢੇ ਅਤੇ ਅਮੀਰ ਦੇਸ਼ ਬਰਤਾਨੀਆ 'ਚ ਉਡਾਰੀ ਮਾਰ ਗਿਆ ਹੈ। ਭਾਰਤੀ ਸਿਸਟਮ ਨੂੰ ਰੱਜ ਰੱਜ ਕੇ ਪਿਆਰ ਕਰਨ ਵਾਲੇ ਪੂਨਾਵਾਲਾ ਨੇ ਲੰਡਨ ਦੇ ਮਸ਼ਹੂਰ ਅਖਬਾਰ 'ਦਾ ਟਾਈਮਜ' ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਭਾਰਤ ਵਿਚ ਉਸ ਦੀ ਜਾਨ ਨੂੰ ਖਤਰਾ ਸੀ, ਕਿਉਂਕਿ ਉਸ ਉਪਰ ਵੈਕਸੀਨ ਦੀ ਸਪਲਾਈ ਵਧਾਉਣ ਲਈ ਦਬਾਅ ਪਾਇਆ ਜਾ ਰਿਹਾ ਸੀ, ਪਰ ਉਹ ਅਜਿਹਾ ਕਰਨ ਤੋਂ ਅਸਮਰੱਥ ਸੀ, ਜਿਸ ਕਰਕੇ ਉਸ ਨੇ ਭਾਰਤ ਨੂੰ ਅਲਵਿਦਾ ਕਹਿ ਦਿੱਤਾ ਹੈ। ਪੂਨਾਵਾਲਾ ਨੇ ਇਕੱਲੇ ਨੇ ਦੇਸ਼ ਨਹੀਂ ਛੱਡਿਆ ਬਲਕਿ ਉਹ ਆਪਣੇ ਪੂਰੇ ਪਰਿਵਾਰ ਨੂੰ ਲੰਡਨ ਲੈ ਕੇ ਚਲਿਆ ਗਿਆ ਹੈ। ਪੂਨਾਵਾਲਾ ਦਾ ਕਹਿਣਾ ਹੈ ਕਿ ਉਸ ਨੂੰ ਦੇਸ਼ ਦੇ ਸ਼ਕਤੀਸ਼ਾਲੀ ਲੋਕਾਂ ਵਲੋਂ 'ਧਮਕੀਆਂ' ਦਿੱਤੀਆਂ ਜਾ ਰਹੀਆਂ ਸਨ, ਜਿਸ ਕਰਕੇ ਉਹ ਦੇਸ਼ ਛੱਡ ਗਿਆ ਹੈ। ਜਾਪਦਾ ਹੈ ਕਿ ਸ਼ਾਇਦ ਪੂਨਾਵਾਲਾ ਦੇਸ਼ ਦਾ ਪਹਿਲਾ ਬਿਜਨਸਮੈਨ ਨਹੀਂ ਜਿਹੜਾ ਭਾਰਤ ਛੱਡਕੇ ਵਿਦੇਸ਼ ਜਾ ਕੇ ਵਸਿਆ ਹੋਵੇ, ਇਸ ਤੋਂ ਪਹਿਲਾਂ ਵੱਡੀ ਗਿਣਤੀ ਵਿਚ ਭਾਰਤੀ ਸਿਸਟਮ ਨੂੰ ਪਿਆਰ ਕਰਨ ਵਾਲੇ ਅਤੇ ਵੱਡੇ ਦੇਸ਼ ਭਗਤ ਅਖਵਾਉਣ ਵਾਲੇ ਵੱਡੇ ਵੱਡੇ ਕਈ ਬਿਜਨਸਮੈਨ ਦੇਸ਼ ਛੱਡ ਕੇ ਫੁਰਰ ਹੋ ਚੁੱਕੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੂਨਾਵਾਲਾ ਨੇ ਕੁਝ ਸਮਾਂ ਪਹਿਲਾਂ ਹੀ ਲੰਡਨ ਦੇ ਸਭ ਤੋਂ ਮਹਿੰਗੇ ਇਲਾਕਿਆਂ 'ਚ ਇੱਕ ਬਹੁਤ ਹੀ ਸ਼ਾਨਦਾਰ ਬੰਗਲਾ ਕਿਰਾਏ' ਤੇ ਲਿਆ ਸੀ, ਜਿਸ ਦਾ ਮਹੀਨਾਵਾਰ ਕਿਰਾਇਆ ਭਾਰਤੀ ਮੁਦਰਾ 'ਚ 2 ਕਰੋੜ ਰੁਪਏ ਬਣਦਾ ਹੈ। ਇਹ ਵੀ ਪਤਾ ਲੱਗਿਆ ਹੈ ਕਿ ਕੁਝ ਸਮਾਂ ਪਹਿਲਾਂ ਹੀ ਭਾਰਤ ਸਰਕਾਰ ਨੇ ਉਸ ਨੂੰ 3 ਹਜ਼ਾਰ ਕਰੋੜ ਰੁਪਏ ਦਾ "ਕਰਜ਼ਾ" ਦਿੱਤਾ ਸੀ। ਇਸ ਵੇਲੇ ਜਦੋਂ ਦੇਸ਼ ਕੋਰੋਨਾ ਦੀ ਭੱਠੀ ਵਿਚ ਸੜ ਰਿਹਾ ਹੈ, ਹਰ ਰੋਜ ਹਜਾਰਾਂ ਮਰੀਜ ਦਮ ਤੋੜ ਰਹੇ ਹਨ, ਮਰੀਜ਼ਾਂ ਨੂੰ ਹਸਪਤਾਲਾਂ ਵਿਚ ਬੈੱਡ ਨਹੀਂ ਮਿਲ ਰਹੇ, ਆਕਸੀਜਨ ਨਹੀਂ ਮਿਲ ਰਹੀ, ਵੈਂਟੀਲੇਟਰ ਨਹੀਂ ਮਿਲ ਰਹੇ, ਸਿਵੇ ਲਾਸ਼ਾਂ ਨਹੀਂ ਝੱਲ ਰਹੇ, ਸਸਕਾਰ ਕਰਦਿਆਂ ਕਰਦਿਆਂ ਸਿਵਿਆਂ ਦੀਆਂ ਛੱਤਾਂ ਲਾਲ ਹੋ ਗਈਆਂ ਹਨ, ਦੇ ਚੱਲਦਿਆਂ ਕੋਵੀਸ਼ੀਲਡ ਵੈਕਸੀਨ ਜਿਸ ਦੇ ਸਰੀਰਕ ਅਸਰ ਸਬੰਧੀ ਦੇਸ਼ ਦੀ ਕੇਂਦਰ ਸਰਕਾਰ ਵਲੋਂ ਬਹੁਤ ਪ੍ਰਚਾਰ ਕੀਤਾ ਜਾ ਰਿਹਾ ਹੈ, ਵੈਕਸੀਨ ਬਣਾਉਣ ਵਾਲੀ ਕੰਪਨੀ ਦੇ ਮੁੱਖੀ ਦਾ 'ਭਗੌੜਾ' ਹੋ ਜਾਣਾ 'ਭਾਰਤੀ ਸਿਸਟਮ' ਦੀ ਕਾਰਗੁਜ਼ਾਰੀ ਉਪਰ ਬਹੁਤ ਵੱਡਾ ਸੁਆਲੀਆ ਚਿੰਨ੍ਹ ਹੈ। ਪੂਨਾਵਾਲਾ ਨੂੰ ਦੇਸ਼ ਛੱਡਣ ਲਈ ਕਿਸ ਨੇ ਮਜਬੂਰ ਕੀਤਾ ਜਾਂ ਕਿਸ ਨੇ ਉਸ ਦੀ ਮਦਦ ਕੀਤੀ ਜਾਂ ਉਹ ਖੁਦ ਹੀ ਦੇਸ਼ ਛੱਡ ਕੇ ਫਰਾਰ ਹੋ ਗਿਆ, ਦੀ ਅਸਲੀਅਤ ਬਾਰੇ ਜਲਦੀ ਸੱਚ ਸਾਹਮਣੇ ਆ ਜਾਵੇਗਾ, ਪਰ 'ਭਾਰਤੀ ਸਿਸਟਮ' ਅਤੇ ਉਸ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਣ ਵਾਲਾ 'ਮੀਡੀਆ' ਹਮੇਸ਼ਾਂ ਸੱਚ ਨੂੰ ਦਬਾ ਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਤੱਤਪਰ ਰਹਿੰਦਾ ਹੈ। ਪੂਨਾਵਾਲਾ ਨੇ ਕੋਵੀਸ਼ੀਲਡ ਵੈਕਸੀਨ ਦੀ ਵਿਕਰੀ ਦੌਰਾਨ ਕਿੰਨਾ ਮੁਨਾਫ਼ਾ ਕਮਾਇਆ ਅਤੇ ਦੇਸ਼ ਦੇ ਖਜਾਨੇ ਵਿਚ ਲੋਕਾਂ ਦੀ ਕਮਾਈ ਦੇ ਪਏ ਪੈਸਿਆਂ ਵਿਚੋਂ ਲਿਆ ਕਰਜਾ ਕਿੰਨਾ ਮੋੜਿਆ ਦੇ ਬਾਰੇ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਇਸ ਵੇਲੇ ਪੂਨਾਵਾਲਾ ਵਲੋਂ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਦਾ ਬਹਾਨਾ ਬਣਾ ਕੇ ਦੇਸ਼ ਦੇ ਕਰੋੜਾਂ ਲੋਕਾਂ ਦੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਦੇਸ਼ ਛੱਡ ਕੇ 'ਭਗੌੜਾ' ਹੋ ਜਾਣਾ ਬਹੁਤ ਹੀ ਦੁਖਦਾਇਕ ਅਤੇ ਅਫਸੋਸਜਨਕ ਖਬਰ ਹੈ!

# ਡਾ. ਚਮਨ ਲਾਲ ਨਵਾਂਸ਼ਹਿਰ ਸਦੀਵੀ ਵਿਛੋੜਾ ਦੇ ਗਏ

ਲੋਕਪੱਖੀ ਡਾਕਟਰ ਅਤੇ ਇਨਕਲਾਬੀ ਜਮਹੂਰੀ ਲਹਿਰ ਦੇ ਦ੍ਰਿੜ ਹਮਾਇਤੀ ਡਾ. ਚਮਨ ਲਾਲ ਅੱਜ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਇਕ ਹਫ਼ਤੇ ਤੋਂ ਕੋਰੋਨਾ ਤੋਂ ਪੀੜਤ ਸਨ ਅਤੇ ਸਿਵਲ ਹਸਪਤਾਲ ਨਵਾਂਸ਼ਹਿਰ ਵਿਚ ਜੇਰੇ-ਇਲਾਜ ਸਨ। ਉਹ ਲੋਕਪੱਖੀ ਡਾਕਟਰ ਸਨ ਜਿਨ੍ਹਾਂ ਨੂੰ ਦਿਨ ਰਾਤ ਜਦੋਂ ਮਰਜੀ ਸੰਪਰਕ ਕਰਕੇ ਕੋਈ ਵੀ ਉਨ੍ਹਾਂ ਦੀਆਂ ਸੇਵਾਵਾਂ ਅਤੇ ਮੈਡੀਕਲ ਮਸ਼ਵਰਾ ਲੈ ਸਕਦਾ ਸੀ। ਆਪਣੇ ਪ੍ਰੋਫੈਸ਼ਨ ਨੂੰ ਸਮਰਪਿਤ ਇਮਾਨਦਾਰ ਡਾਕਟਰ ਹੋਣ ਦੇ ਨਾਲ ਨਾਲ ਉਹ ਸ਼ੁਰੂ ਤੋਂ ਹੀ ਸਮਾਜਿਕ ਤਬਦੀਲੀ ਦੀ ਲਹਿਰ ਨਾਲ ਜੁੜੇ ਹੋਏ ਸਨ ਅਤੇ ਹਰ ਸਰਗਰਮੀ ਵਿਚ ਸ਼ਾਮਲ ਰਹਿੰਦੇ ਸਨ। ਹੋਰ ਬਹੁਤ ਤਰ੍ਹਾਂ ਦੀਆਂ ਸਰਗਰਮੀਆਂ ਦੇ ਨਾਲ ਨਾਲ ਉਹ ਜਮਹੂਰੀ ਅਧਿਕਾਰ ਸਭਾ ਅਤੇ ਤਰਕਸ਼ੀਲ ਸੁਸਾਇਟੀ ਵੀ ਸਰਗਰਮ ਸਨ। ਜਮਹੂਰੀ ਅਧਿਕਾਰ ਸਭਾ ਦੀ ਜ਼ਿਲ੍ਹਾ ਇਕਾਈ ਦੇ ਉਹ ਸੀਨੀਅਰ ਮੈਂਬਰ ਸਨ ਅਤੇ ਸਭਾ ਦੇ ਹਰ ਕੰਮਕਾਰ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਉਨ੍ਹਾਂ ਨੇਬਹੁਤ ਸਾਰੇ ਮਾਮਲਿਆਂ ਦੇ ਤੱਥ ਸਾਹਮਣੇ ਲਿਆਉਣ ਲਈ ਜ਼ਿਲ੍ਹਾ ਇਕਾਈ ਦੀਆਂ ਤੱਥ ਖੋਜ ਟੀਮਾਂ ਵਿਚ ਸ਼ਾਮਲ ਹੋ ਕੇ ਮਹੱਤਵਪੂਰਨ ਯੋਗਦਾਨ ਪਾਇਆ। ਅਜੇ ਥੋੜ੍ਹਾ ਸਮਾਂ ਪਹਿਲਾਂ ਹੀ ਉਹ ਤਰਕਸ਼ੀਲ ਸੁਸਾਇਟੀ ਨਵਾਂਸ਼ਹਿਰ ਦੇ ਪ੍ਰਧਾਨ ਚੁਣੇ ਗਏ ਸਨ।

ਜਮਹੂਰੀ ਅਧਿਕਾਰ ਸਭਾ ਪੰਜਾਬ ਲੋਕ ਹੱਕਾਂ ਦੇ ਦ੍ਰਿੜ ਮੁੱਦਈ ਦੇ ਦੇਹਾਂਤ ਉੱਪਰ ਡੂੰਘੇ ਦੁੱਖ ਦਾ ਇਜ਼ਹਾਰ ਕਰਦੀ ਹੋਈ ਉਨ੍ਹਾਂ ਦੇ ਸਮੂਹ ਪਰਿਵਾਰ, ਸਕੇ-ਸੰਬੰਧੀਆਂ ਅਤੇ ਸੰਗਰਾਮੀ ਸਾਥੀਆਂ ਦੇ ਦੁੱਖ ਵਿਚ ਸ਼ਰੀਕ ਹੁੰਦੀ ਹੈ।

*17 ਅਪ੍ਰੈਲ ਤੇ ਵਿਸ਼ੇਸ਼*

# ਵਿਸ਼ਵ ਹੀਮੋਫੀਲੀਆ ਦਿਵਸ



ਗੋਬਿੰਦਰ ਸਿੰਘ ਬਰੜ੍ਹਵਾਲ

ਦੁਨੀਆਂ ਪਿਛਲੇ ਵਰ੍ਹੇ ਤੋਂ ਕੋਰੋਨਾ ਮਹਾਂਮਾਰੀ ਨਾਲ ਜੂਝ ਰਹੀ ਹੈ ਅਤੇ ਹੁਣ ਤੱਕ ਤਕਰੀਬਨ 29 ਲੱਖ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਸਿਹਤ ਸੰਭਾਲ ਸਭ ਤੋਂ ਵੱਧ ਜ਼ਰੂਰੀ ਹੈ, ਇਸ ਤੱਥ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਇਸ ਸੰਬੰਧੀ ਸਿਹਤ ਸੰਬੰਧੀ ਜਾਗਰੂਕਤਾ ਦਾ ਖ਼ਾਸ ਮਹੱਤਵ ਹੈ।

ਡਾ. ਫਰੈਂਕ ਸਚਨਾਬੇਲ ਨੇ 1963 ਵਿੱਚ 'ਦਾ ਵਰਲਡ ਫੈਡਰੇਸ਼ਨ ਆਫ ਹੈਮੋਫੀਲੀਆ' ਦਾ ਗਠਨ ਕੀਤਾ। ਇਸ ਦਾ ਦਫਤਰ ਮਾਂਟਰੀਅਲ, ਕੈਨੇਡਾ ਵਿਚ ਬਣਾਇਆ ਗਿਆ। ਹੀਮੋਫੀਲੀਆ ਦਿਵਸ ਹਰ ਸਾਲ ਡਾ ਫਰੈਂਕ ਸਚਨਾਬੇਲ ਦੇ ਜਨਮ ਦਿਨ ਨੂੰ ਸਮਰਪਿਤ 17 ਅਪਰੈਲ ਨੂੰ 1989 ਤੋਂ ਮਨਾਇਆ ਜਾਂਦਾ ਹੈ। ਉਨ੍ਹਾਂ ਦਾ ਦੇਹਾਂਤ 1987 ਵਿੱਚ ਖ਼ੂਨ ਵਹਿਣ ਕਾਰਣ ਹੋ ਗਿਆ। ਹੀਮੋਫੀਲੀਆ ਦਰਅਸਲ ਦੋ ਯੂਨਾਨੀ ਸ਼ਬਦਾਂ ਤੋਂ ਬਣਿਆ ਹੈ 'ਹਾਇਮਾ' ਯਾਨੀ ਲਹੂ ਤੇ 'ਫੀਲੀਆ' ਯਾਨੀ ਮਾੜਾ ਅਸਰ।

ਹੀਮੋਫੀਲੀਆਂ ਇੱਕ ਡਿਸਆਰਡਰ ਹੈ ਜੋ ਮੁੱਖ ਰੂਪ ਵਿੱਚ ਸਰੀਰ ਦੇ ਲਹੂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਇੱਕ ਅਜਿਹੀ ਮੈਡੀਕਲ ਸਥਿਤੀ ਹੈ ਜਿਸਦੇ ਕਾਰਨ ਦੁਰਘਟਨਾ ਹੋਣ ਤੋਂ ਬਾਅਦ ਕਈ ਵਿਅਕਤੀਆਂ ਦੇ ਲਈ ਇਹ ਜਾਨਲੇਵਾ ਵੀ ਹੋ ਸਾਬਿਤ ਹੁੰਦੀ ਹੈ। ਜਦੋਂ ਕਿਸੇ ਵਿਅਕਤੀ ਦੇ ਅੰਦਰੂਨੀ ਜਾਂ ਬਾਹਰੀ ਸੱਟ ਲੱਗਦੀ ਹੈ ਅਤੇ ਲਹੂ ਦਾ ਵਹਿਣਾ ਸ਼ੁਰੂ ਹੁੰਦਾ ਹੈ ਤਾਂ ਉਹ ਰੁਕਦਾ ਨਹੀਂ ਅਤੇ ਲਗਾਤਾਰ ਵਹਿੰਦਾ ਰਹਿੰਦਾ ਹੈ, ਤਾਂ ਇਹੀ ਸਥਿਤੀ ਹੇਮੀਫੀਲੀਆ ਅਖਵਾਉਂਦੀ ਹੈ। ਹੀਮੋਫੀਲੀਆ ਅਨੁਵੰਸ਼ਿਕ ਬੀਮਾਰੀ ਹੈ ਜਿਸ ਕਰਕੇ ਮਾਪਿਆਂ ਤੋਂ ਬੱਚਿਆਂ ਨੂੰ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਇਸ ਬੀਮਾਰੀ ਦਾ ਜੀਨ ਐਕਸ ਸ਼ਕਰਾਣੂ ਵਿਚ ਹੁੰਦਾ ਹੈ। ਆਮਤੌਰ ਤੇ ਇਹ ਰੋਗ ਪੁਰਸ਼ਾਂ ਵਿੱਚ ਜ਼ਿਆਦਾ ਹੁੰਦੀ ਹੈ ਪਰੰਤੂ ਔਰਤਾਂ ਵੀ ਇਸ ਦੀ ਵਾਹਕ ਹੁੰਦੀਆਂ ਹਨ।

ਮਾਹਿਰਾਂ ਅਨੁਸਾਰ ਇਸ ਰੋਗ ਦਾ ਕਾਰਨ ਇੱਕ ਰਕਤ ਪ੍ਰੋਟੀਨ ਦੀ ਘਾਟ ਹੁੰਦੀ ਹੈ ਜਿਸਨੂੰ ਕਲਾਟਿੰਗ ਫੈਕਟਰ ਵੀ ਕਿਹਾ ਜਾਂਦਾ ਹੈ। ਖ਼ੂਨ ਵਿੱਚ ਇਸ ਫੈਕਟਰ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਸਰੀਰ ਤੋਂ ਵਹਿੰਦੇ ਖ਼ੂਨ ਨੂੰ ਇੱਕ ਥੱਕੇ ਦੇ ਰੂਪ ਵਿੱਚ ਬਦਲ ਦਿੰਦਾ ਹੈ ਜਿਸ ਕਾਰਨ ਲਹੂ ਦਾ ਵਹਾਅ ਰੁੱਕ ਸਕੇ।

ਹੀਮੋਫੀਲੀਆ ਦੇ ਲੱਛਣਾਂ ਵਿੱਚ ਸਾਧਾਰਨ ਸੱਟ ਅਤੇ ਗਹਿਰੀ ਸੱਟ ਲੱਗਣ ਤੇ ਲਹੂ ਦਾ ਲਗਾਤਾਰ ਵਹਿੰਦੇ ਰਹਿਣਾ, ਸਰੀਰ ਦੇ ਵੱਖੋ ਵੱਖਰੇ ਜੋੜਾਂ ਵਿੱਚ ਦਰਦ ਹੋਣਾ, ਸਰੀਰ ਦੇ ਕਿਸੇ ਹਿੱਸੇ ਵਿੱਚ ਅਚਾਨਕ ਸੋਜ ਹੋਣਾ, ਮਲ-ਮੂਤਰ ਵਿੱਚ ਲਹੂ ਆਉਣਾ ਅਤੇ ਸਰੀਰ ਦੇ ਨੀਲੇ ਨਿਸ਼ਾਨ ਨਜ਼ਰ ਆਉਣਾ। ਹੀਮੋਫੀਲੀਆ ਦੇ ਲੱਛਣ ਨਜ਼ਰ ਆਉਣ ਤੇ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

# ਪੱਛਮੀ ਬੰਗਾਲ ਦੀ ਕਿਸਾਨ ਮੋਰਚੇ ਦੀ ਸ਼ਹੀਦ ਧੀ ਰਾਣੀ ਨੂੰ ਲੱਖ ਲੱਖ ਪ੍ਰਣਾਮ

ਪਿਆਰੀ ਧੀਏ ਮੋਮਿਤਾ ਬਾਸੂ ਤੂੰ ਹਮੇਸ਼ਾਂ ਲਈ ਚਲੀ ਗਈ ਏ, ਤੈਨੂੰ ਇਹੀ ਡਰ ਸੀ ਤੇ ਸਾਨੂੰ ਵੀ ਸੀ। ਤੂੰ ਰੋਜ਼ਾਨਾ ਮੈਨੂੰ ਪੁੱਛਿਆ ਸੀ ਕਿ ਅੰਟੀ ਮੈਂ ਮਰ ਤੋਂ ਨਹੀਂ ਜਾਊਂਗੀ, ਮੈਂ ਤੈਨੂੰ ਦਿਲਾਸਾ ਦੇਂਦੀ ਰਹੀ, ਮਨ ਉਸ ਵਕਤ ਥਾਲੀ ਦੇ ਪਾਣੀ ਵਾਂਗ ਡੋਲਦਾ ਸੀ। ਅਸੀਂ ਸਾਰੇ ਬੇਵੱਸ ਹੋ ਗਏ ਤੇ ਸਾਡੇ ਸਾਹਮਣੇ ਕੁਝ ਦਿਨ ਪਹਿਲਾਂ ਚੰਚਲ ਜਿਹੇ ਹਾਸੇ ਵਾਲੀ, ਭੋਲੀ ਜਿਹੀ ਕੁੜੀ ਤਿੱਤਲੀ ਵਾਂਗ ਉਡਾਰੀਆਂ ਮਾਰਦੀ, ਅੰਦੋਲਨ ਜਿੱਤਾਂਗੇ ਦੀਆਂ ਵਿਉਂਤਾਂ ਬਣਾ ਰਹੀ ਚਿੱਟੇ ਮਨਹੂਸ ਬੈਗ ਵਿੱਚ ਲਪੇਟੀ ਗਈ।

ਤੇਰੇ ਪਾਪਾ ਬੜੀ ਉਮੀਦ ਲੈਕੇ ਇੱਕ ਦਿਨ ਪਹਿਲਾਂ ਹੀ ਤੇਰੇ ਕੋਲ ਆਏ, ਤੂੰ ਉਨ੍ਹਾਂ ਨੂੰ ਦੇਖ ਬਹੁਤ ਖੁਸ਼ ਹੋਈ ਸੀ, ਉਹ ਤੇਰੀ ਮੌਤ ਦੇ ਬਿਸਤਰੇ ਵਿੱਚ ਪਈ ਦੀ ਇੱਕ ਨਿੱਕੀ ਜਿਹੀ ਆਖਰੀ ਖ਼ੁਸ਼ੀ ਸੀ।

ਨਿਕੀਏ ਤੂੰ ਮਾਪਿਆਂ ਦੀ ਇੱਕਲੌਤੀ ਸੰਤਾਨ ਸੀ,



ਤੇਰੇ ਜੋਬਨ ਰੁੱਤੇ ਤੁਰ ਜਾਣ ਦਾ ਅਥਾਹ ਦੁੱਖ ਹੈ। ਤੂੰ ਖੇਤੀ ਵਿਰੋਧੀ ਕਾਨੂੰਨਾਂ ਖਿਲਾਫ ਅੰਦੋਲਨ ਦੇ ਸ਼ਹੀਦਾਂ ਵਿੱਚ ਪੱਛਮੀ ਬੰਗਾਲ ਦੀ ਪਹਿਲੀ ਸ਼ਹੀਦ ਬਣ ਗਈ ਏ। ਤੇਰੀ ਕੁਰਬਾਨੀ ਹਮੇਸ਼ਾਂ ਯਾਦ ਰੱਖੀ ਜਾਵੇਗੀ। ਤੇਰੇ ਬਾਬਾ ਅੱਜ ਵੀ ਮੋਰਚੇ 'ਤੇ ਹਨ। ਮੋਮਿਤਾ ਬਾਸੂ ਤੇਰੇ ਲੋਕਾਂ ਨੇ ਫਾਸ਼ੀਵਾਦੀਆਂ ਦਾ ਬੂਥੜ ਚੰਗੀ ਤਰ੍ਹਾਂ ਭੰਨਿਆ ਹੈ। ਤੇਰੀ ਵੋਟ ਸਹੀ ਸਾਬਤ ਹੋਈ।

ਦੇਸ਼ ਦੇ ਹਾਲਾਤ ਬਹੁਤ ਖਰਾਬ ਹੋਏ ਪਏ ਨੇ, ਬੁਰੇ ਵਕਤ ਨੇ ਵੀ ਲੰਘ ਜਾਣਾ ਏ।

ਤੇਰੇ ਮਾਪਿਆਂ ਅੱਗੇ ਸੀਸ ਝੁਕਾ ਕੇ ਮਾਫੀ ਮੰਗਦੀ ਹਾਂ ਕਿ ਆਪਣੀ ਪੂਰੀ ਵਾਹ ਲਾ ਕੇ ਵੀ ਉਹਨਾਂ ਦੀ ਲਾਡਲੀ ਨੂੰ ਬਚਾ ਨਹੀਂ ਸਕੀ। ਮੈਨੂੰ ਆਪਣੀ ਪੂਰੀ ਜਿੰਦਗੀ ਇਸ ਗੱਲ ਦਾ ਅਫਸੋਸ ਰਹੇਗਾ ਕਿ ਮੈਂ ਤੇਰੇ ਨਾਲ ਇਹ ਗੱਲ ਵਿਸਥਾਰ ਵਿੱਚ ਕਿਉਂ ਨਹੀਂ ਕੀਤੀ ਕਿ ਇੱਕ ਕੁੜੀ ਨੂੰ ਇਹ ਗੰਦਾ ਸਮਾਜ ਕੀ ਕੀ ਪੀੜਾਂ ਦੇਂਦਾ ਹੈ?

ਮੈਂ ਤਾਂ ਤੇਰੀ ਜਿੰਦਗੀ ਬਚਾਉਣ ਲਈ ਹੀ ਕੋਸ਼ਿਸ਼ ਕਰਦੀ ਰਹੀ। ਜਿਨਾ ਕੁ ਮੈਨੂੰ ਤੂੰ ਦੱਸਿਆ ਉਹ ਬਹੁਤ ਤਕਲੀਫਦੇਹ ਹੈ।

ਕੋਸ਼ਿਸ਼ ਕਰਾਂਗੀ ਕਿ ਤੇਰੀ ਆਤਮਾ ਨੂੰ ਕੁੱਝ ਸਕੂਨ ਦੇਵਾਂ ਸਕਾਂ।

ਭਰੇ ਹੋਏ ਮਨ ਨਾਲ, ਜ ਕੌਰ।

ਹਰਦੇਵ ਸਿੰਘ ਅਰਸ਼ੀ
98143-03738
arshi3738@gmail.com

# ਕਿਸਾਨ ਮੋਰਚੇ ਦੀਆਂ ਕੁੱਝ ਅੰਦਰੂਨੀ ਮੁਸ਼ਕਿਲਾਂ, ਸੰਕਟ ਤੇ ਹੱਲ



ਮਾਨਯੋਗ ਸੁਪਰੀਮ ਕੋਰਟ ਨੇ 2 ਮਹੀਨੇ ਲਈ ਖੇਤੀ ਕਾਨੂੰਨਾਂ ਤੇ ਅਮਲ ਨੂੰ ਰੋਕ ਕੇ ਤਿੰਨ ਮੈਂਬਰਾਂ ਤੇ ਅਧਾਰਿਤ ਇਕ ਕਮੇਟੀ ਦਾ ਗਠਨ ਕੀਤਾ ਸੀ ਕਿ ਵਿਵਾਦਤ ਤਿੰਨ ਖੇਤੀ ਕਾਨੂੰਨਾਂ ਦੀ ਪੁਣ-ਛਾਣ ਕਰਦੇ ਹੋਏ ਰਿਪੋਰਟ ਸੌਂਪੀ ਜਾਵੇ। ਕਮੇਟੀ ਮੈਂਬਰ ਸਰਕਾਰ ਤੇ ਖੇਤੀ ਕਾਨੂੰਨਾਂ ਦੇ ਸਮਰਥਕ ਵਜੋਂ ਜਾਣੇ ਜਂਦੇ ਹਨ, ਜਿਹਨਾਂ ਆਪਣੀ ਰਿਪੋਰਟ ਸੌਂਪ ਦਿਤੀ ਹੈ। ਸ਼ਾਇਦ ਸੁਪਰੀਮ ਕੋਰਟ 5 ਅਪਰੈਲ ਨੂੰ ਸੁਣਵਾਈ ਕਰਨ ਜਾ ਰਹੀ ਹੈ। ਸਿਆਸੀ ਗਲਿਆਰਿਆਂ ਵਿੱਚ ਜ਼ੋਰਦਾਰ ਚਰਚਾ ਦਾ ਬਜ਼ਾਰ ਗਰਮ ਹੈ ਕਿ ਸੌਂਪੀ ਗਈ ਰਿਪੋਰਟ ਸਰਕਾਰ ਦੀ ਕਥਿਤ ਸਹਿਮਤੀ ਨਾਲ ਤਿਆਰ ਕੀਤੀ ਗਈ ਹੈ। ਸਰਕਾਰ ਖੇਤੀ ਕਾਨੂੰਨਾਂ ਤੋਂ ਉਤਪੰਨ ਸੰਕਟ ਨੂੰ ਸੁਪਰੀਮ ਕੋਰਟ ਰਾਹੀਂ ਹੱਲ ਕਰਨ-ਕੱਢਣ ਦੀ ਦੌੜ ਵਿੱਚ ਨਜ਼ਰ ਆ ਰਹੀ ਹੈ ਕਿ: ਖੇਤੀ ਕਾਨੂੰਨਾਂ ਤੇ ਅਮਲ ਨੂੰ ਸੁਮਰੀਮ ਕੋਰਟ ਰਾਹੀਂ ਦੋ-ਢਾਈ ਸਾਲ ਤੱਕ ਰੋਕ ਦਿੱਤਾ ਜਾਵੇ ਤੇ ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ ਦਿਤੇ ਜਾਣ ਬਾਰੇ ਵਿਚਾਰਾਂ ਉਪਰੰਤ ਸਿਫਾਰਿਸ਼ਾਂ ਦਿਤੇ ਜਾਣ ਲਈ ਕੁੱਝ ਕਿਸਾਨ ਨੁਮਾਇੰਦਿਆਂ ਨੂੰ ਸ਼ਾਮਲ ਕਰਕੇ ਇਕ ਉੱਚ ਪੱਧਰੀ ਕਮੇਟੀ ਦਾ ਗਠਨ ਕਰ ਦਿਤਾ ਜਾਵੇ। ਗੇਂਦ ਕਿਸਾਨ ਮੋਰਚੇ ਦੇ ਪਾਲੇ ਵਿੱਚ ਸੁੱਟ ਕੇ ਤੇ ਉਸ ਵਾਸਤੇ ਸੰਕਟ ਖੜਾ ਕਰਕੇ ਆਪ ਸਰਕਾਰ ਨਿਸਚਿਤ ਹੋਕੇ ਬੈਠ ਜਾਵੇ। ਸਭ ਨੂੰ ਭਲੀਭਾਂਤ ਪਤਾ ਹੈ ਕਿ ਮੋਰਚੇ ਨੇ ਨਾ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ, ਨਾ ਹੀ ਕਿਸੇ ਕਮੇਟੀ ਦੀ, ਮੋਰਚਾ ਆਪਣਾ ਪੱਖ ਰੱਖਣ ਲਈ ਪਹਿਲਾਂ ਐਲਾਨੇ ਫੈਸਲੇ ਅਨੁਸਾਰ ਉਕਤ ਕਮੇਟੀ ਅਗੇ ਪੇਸ਼ ਹੀ ਨਹੀਂ ਹੋਇਆ। ਕੀ ਕਿਸਾਨ ਮੋਰਚੇ ਨੂੰ ਭਰੋਸੇ ਬਿਨਾਂ ਲਏ ਬਿਨਾਂ ਹੀ ਅਦਾਲਤੀ ਫੈਸਲਾ ਹੁਣ ਤੱਕ ਦੀਆਂ ਨਿਆਂਇਕ ਪ੍ਰੰਪਰਾਵਾਂ ਤੇ ਸਥਾਪਨਾਵਾਂ ਦੀ ਅਣਦੇਖੀ ਕਰਨਾ ਨਹੀਂ ਹੋਵੇਗਾ? ਕੀ ਸੰਕਟ ਦਾ ਹੱਲ ਨਿਕਲਣ ਦੀ ਬਜਾਏ ਹੋਰ ਡੂੰਘਾ ਹੋਣ ਵਿੱਚ ਤਾਂ ਨਹੀਂ ਨਿਕਲੇਗਾ?

ਸਰਕਾਰੀ ਖੁਫੀਆ ਤੰਤਰ ਕਿਸਾਨ ਮੋਰਚੇ ਵਿੱਚ ਫੁੱਟ ਪਾਉਣ ਤੇ ਇਸਦੀਆਂ ਕਮਜ਼ੋਰ ਕੜੀਆਂ ਨੂੰ ਭੰਨਣ-ਤੋੜਨ ਲਈ ਪਹਿਲਾਂ ਤੋਂ ਹੀ ਸਰਗਰਮ ਸੀ। ਪਿਛਲੇ ਕੁੱਝ ਦਿਨਾਂ ਤੋਂ ਜਿਆਦਾ ਹੀ ਪੱਬਾਂ ਭਾਰ ਹੋਇਆ ਲਗਦਾ ਹੈ। ਸਰਗੋਸ਼ੀਆਂ ਹਨ ਕਿ ਬਹੁਤ ਹੀ ਸੀਮਤ ਰੂਪ ਵਿੱਚ ਕੁੱਝ ਸਫਲ ਵੀ ਹੋਇਆ ਨਜ਼ਰ ਆ ਰਿਹਾ ਹੈ। ਉਕਤ ਨਾਜ਼ੁਕ ਸਥਿਤੀ ਮੰਗ ਕਰਦੀ ਹੈ ਕਿ ਮੋਰਚੇ ਦੀ ਸਮੁੱਚੀ ਲੀਡਰਸ਼ਿਪ ਤੁਰੰਤ ਦਿੱਲੀ ਪੁੱਜੇ, ਸਿਰ ਜੋੜ ਕੇ ਬੈਠੇ, ਉਤਪੰਨ ਹੋ ਰਹੇ ਸੰਕਟਾਂ ਨੂੰ ਕਾਬੂ ਪਾਉਣ ਦੀਆਂ ਤਰਕੀਬਾਂ ਸੋਚ ਕੇ ਉਸਤੇ ਅਮਲ ਕਰੇ। ਕਾਨੂੰਨੀ ਮਾਹਿਰਾਂ ਨਾਲ ਸੰਪਰਕ ਕਰਕੇ ਉਸਦੀ ਰੋਸ਼ਨੀ ਵਿੱਚ ਮੋਰਚੇ ਦੀ ਪੋਜੀਸ਼ਨ ਨੂੰ ਜਨਤਕ ਕਰੇ। ਹੁਣ ਤੱਕ ਕਿਸਾਨ ਅੰਦੋਲਨ ਦੀ ਸਫਲ ਅਗਵਾਈ ਕਰਨ ਵਾਲਾ ਕਿਸਾਨ ਮੋਰਚਾ ਅੰਦਰੂਨੀ ਮੁਸ਼ਕਿਲਾਂ ਵਿੱਚ ਘਿਰਿਆ ਨਜ਼ਰ ਆਉਂਦਾ ਹੈ। ਕੁੱਝ ਆਗੂ ਮੋਰਚੇ ਨੂੰ ਪੂਰਨ ਭਰੋਸੇ ਵਿੱਚ ਲਏ ਬਿਨਾਂ ਹੀ ਆਪਣੇ ਤੌਰ ਤੇ ਮੋਰਚੇ ਦੇ ਨਾਂ ਤੇ ਫੈਸਲਿਆਂ ਦਾ ਐਲਾਨ ਕਰ ਰਹੇ ਹਨ। ਅਜਿਹਾ ਵਰਤਾਰਾ ਮੋਰਚਾ ਤੇ ਕਿਸਾਨ ਅੰਦੋਲਣ ਦਾ ਭਵਿੱਖ ਨੂੰ ਖਤਰੇ ਵਿੱਚ ਪਾਉਣ ਦਾ ਕੰਮ ਕਰੇਗਾ। ਖਤਰੇ ਸੰਕਟਾਂ ਦੇ ਵਰਤਾਰਿਆਂ ਦੇ ਉਤਪੰਨ ਹੋਣ ਦੇ ਕਾਰਨਾ ਦੀ ਮੁੱਖ ਪ੍ਰਸ਼ਟ-ਭੂਮੀ ਕੀ ਹੈ?

ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਦੀ ਵੱਡੀ ਗਿਣਤੀ, ਵਿਚਾਰਾਂ ਦੀ ਭਿੰਨਤਾ, ਸੋਚਣ-ਸਮਝਣ ਦਾ ਵੱਖਰਾ ਢੰਗ, ਤੇ ਹਰ ਇਕ ਦੀ ਵਿਚਾਰਧਾਰਕ ਪ੍ਰਤੀਬੱਧਤਾ ਦਾ ਵਖਰੇਵਾਂ ਹੋਣਾ ਆਦਿ ਦੇ ਸੰਦਰਭ ਵਿੱਚ ਵੱਡ ਅਕਾਰੀ ਲੰਮੇ ਅੰਦੋਲਨ ਵਿੱਚ ਕੁੱਝ ਕਮੀਆਂ ਕਮਜ਼ੋਰੀਆਂ ਦਾ ਹੋਣਾ ਕੁਦਰਤੀ ਵਰਤਾਰਾ ਹੈ। ਘਬਰਾਉਣ ਦੀ ਬਜਾਏ ਚਿੰਤਾ ਕਰਨੀ ਜਰੂਰੀ ਬਣ ਜਾਂਦੀ ਹੈ ਕਿ ਸਮਾਂ ਰਹਿੰਦੇ ਹੋਏ ਸਦਭਾਵਨਿਕ ਤਰੀਕੇ ਨਾਲ ਆਮ ਸਹਿਮਤੀ ਬਣਾਕੇ ਇਹਨਾਂ ਨੂੰ ਹੋਰ ਵੱਧਣ ਤੋਂ ਰੋਕਿਆ ਜਾਵੇ। ਮੋਰਚੇ ਦੇ ਆਰੰਭਿਕ ਸਮੇਂ ਵਿਕਸਿਤ ਹੋਈ ਭਾਵਨਾ ਨੂੰ ਕਾਇਮ ਰਖਿਆ ਜਾਵੇ। ਮੋਰਚੇ ਦਾ ਨੁਕਸਾਨ ਕਰਨ ਅਚੇਤ ਜਾਂ ਸੁੱਚੇਤ ਰੂਪ ਵਿੱਚ ਮੋਰਚੇ ਤੇ ਥੋਪਣ ਵਾਲੀ ਗਲਤ ਸਮਝ-ਸੋਚ ਨੂੰ ਬਿਨਾਂ ਲਿਹਾਜ਼ਦਾਰੀ ਦੇ ਨਕਾਰਿਆ ਜਾਵੇ। ਮੋਰਚੇ ਦੀ ਸਾਖ ਨੂੰ ਬਚਾਉਣ ਲਈ ਜੇਕਰ ਜਥੇਬੰਦਕ ਸ਼ਕਤੀ ਦੀ ਵਰਤੋਂ ਵੀ ਕਰਨੀ ਪਵੇ ਤਾਂ ਕਰਨ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ ਤਾਂ ਹੀ ਕਿਸੇ ਵੱਡੇ ਨੁਕਸਾਨ ਹੋਣ ਤੋਂ ਬਚਾਅ ਸੰਭਵ ਹੈ।

ਸਰਕਾਰ ਤੇ ਇਸ ਦੇ ਖੁਫੀਆ ਤੰਤਰ ਨੇ ਅੰਦੋਲਨ ਨੂੰ ਤੋੜਨ ਤੇ ਕਮਜ਼ੋਰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਰੱਖੀ। ਘਟੀਆਂ ਤੋਂ ਘਟੀਆ ਵਿਸ਼ੇਸ਼ਣਾਂ ਦੀ ਰੱਜ ਕੇ ਦੁਰਵਰਤੋਂ ਕੀਤੀ ਗਈ, ਪਰ ਮੋਰਚੇ ਦੇ ਅਕਸ ਨੂੰ ਖਰਾਬ ਕਰਨ ਵਿੱਚ ਸਫਲਤਾ ਨਹੀਂ ਮਿਲੀ, ਮੂੰਹ ਦੀ ਖਾਣੀ ਪਈ ਹੈ। ਕਿਉਂ? ਕਿਉਂਕਿ ਮੋਰਚਾ ਅੰਦਰੋਂ ਚਟਾਨ ਦੀ ਤਰਾਂ ਮਜ਼ਬੂਤ ਰਿਹਾ ਹੈ। ਖੁਫੀਆ ਤੰਤਰ ਤੇ ਪੁਲੀਸ ਦੀ ਗਿਣੀ ਮਿਥੀ ਸਾਜ਼ਸ਼ ਤਹਿਤ 26 ਜਨਵਰੀ ਦੀਆਂ ਅਣ-ਸੁਖਾਵੀਆਂ ਘਟਨਾਵਾਂ ਨੂੰ ਆਪਣੇ ਪਾਲਤੂ ਅਨਸਰਾਂ ਦੀ ਵਰਤੋਂ ਕਰਕੇ ਅਮਲ ਵਿੱਚ ਲਿਆਂਦਾ ਗਿਆ ਸੀ। ਬਿਨਾਂ ਸ਼ੱਕ ਕੁੱਝ ਜ਼ਜ਼ਬਾਤੀ ਰੌਂਅ ਵਾਲੇ ਲੋਕ ਵੀ ਅਨਜਾਣੇ ਵਿੱਚ ਸ਼ਾਮਲ ਹੋ ਗਏ ਸਨ। 26 ਜਨਵਰੀ ਦੇ ਘਟਨਾ ਕ੍ਰਮ ਨੇ ਅੰਦੋਲਨ ਨੂੰ ਹਾਸ਼ੀਏ ਤੇ ਧੱਕਣ ਲਈ ਵਾਤਾਵਰਣ ਤਿਆਰ ਕਰ ਦਿੱਤਾ ਸੀ। ਦਿੱਲੀ ਦੇ ਸਿੱਖ ਦੋ-ਤਿੰਨ ਦਿਨਾਂ ਤੱਕ ਦਹਿਸ਼ਤਜਦਾ ਸਨ ਕਿ ਮੁੜ 1984 ਤਾਂ ਨਹੀਂ ਦੁਹਰਾਇਆ ਜਾਵੇਗਾ? ਟੁੱਟਦਾ-ਟੁੱਟਦਾ ਅੰਦੋਲਨ ਬੜੀ ਮੁਸ਼ਕਲ ਨਾਲ ਸੂਝਵਾਨ ਤੇ ਦੂਰ ਅੰਦੇਸ਼ ਲੀਡਰਸ਼ਿਪ ਦੀ ਅਕਲਮੰਦੀ ਤੇ ਰਾਕੇਸ਼ ਟਕੈਤ ਦੀਆਂ ਭਾਵਨਾਵਾਂ ਨੇ ਮਸੀਂ ਹੀ ਬਚਾਇਆ। ਮੋਰਚਾ ਮੁੜ ਪਹਿਲਾਂ ਵਾਲੀ ਮਜ਼ਬੂਤ ਸਥਿਤੀ ਵਿੱਚ ਪਰਤ ਚੁੱਕਾ ਹੈ। ਲਗਾਤਾਰ ਸਾਬਤਕਦਮੀ ਨਿਰਵਿਘਨ ਅਗੇ ਵੱਧ ਰਿਹਾ ਹੈ। ਕਮਜ਼ੋਰ ਹੋਣ ਦੀ ਬਜਾਏ ਮਜਬੂਤ ਤੇ ਵਿਸ਼ਾਲ ਹੋ ਰਿਹਾ ਹੈ। ਦਿੱਲੀ ਦੀਆਂ ਬਰੂਹਾਂ ਤੇ ਲਗਾਤਾਰ ਜਾਰੀ ਅੰਦੋਲਨ ਤੋਂ ਇਲਾਵਾ ਦੇਸ ਤੇ ਵਿਸ਼ੇਸ਼ ਕਰਕੇ ਉਤਰੀ ਭਾਰਤ ਵਿੱਚ ਲੜੀਵਾਰ ਹੋ ਰਹੀਆਂ ਕਿਸਾਨ ਮਹਾਂਪੰਚਾਇਤਾਂ ਵਿੱਚ ਉਮੜੀਆਂ ਕਿਸਾਨਾਂ ਤੇ ਆਮ ਲੋਕਾਂ ਦੀਆਂ ਵਿਸ਼ਾਲ ਭੀੜਾਂ ਨੇ ਭਾਜਪਾ ਦੀ ਸਿਆਸੀ ਜਮੀਨ ਨੂੰ ਵੱਡੇ ਪੱਧਰ ਤੇ ਖੋਰਾ ਲਾਉਣ ਦਾ ਕੰਮ ਕੀਤਾ ਹੈ। ਜਿਸ ਤੋਂ ਘਬਰਾਈ ਸਰਕਾਰ ਨੇ ਗੱਲਬਾਤ ਦੇ ਦਰਵਾਜ਼ੇ ਬੰਦ ਕਰਕੇ ਅੰਦੋਲਨ ਨੂੰ ਕਮਜ਼ੋਰ ਤੇ ਫੇਲ੍ਹ ਕਰਨ ਲਈ ਪਰਦੇ ਪਿੱਛੇ ਖਤਰਨਾਕ ਸਾਜ਼ਸ਼ਾਂ ਰਚਣੀਆਂ ਤੇਜ ਕਰ ਦਿੱਤੀਆਂ ਹਨ। ਕੁੱਝ ਅਨਸਰ ਮੁੜ 26 ਜਨਵਰੀ ਵਰਗਾ ਕਾਰਾ ਦੁਹਰਾਏ ਜਾਣ ਲਈ ਤੱਤਪਰ ਤੇ ਢੁਕਵੇਂ ਸਮੇਂ ਦੀ ਤਲਾਸ਼ ਵਿੱਚ ਹਨ। ਮੋਰਚੇ ਅੰਦਰੋਂ ਵੀ ਮਾੜਾ ਮੋਟਾ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਜੋ ਨਹੀਂ ਹੋਣਾ ਚਾਹੀਦਾ। ਪਹਿਲਾਂ ਨਾਲੋਂ ਕਿਤੇ ਵੱਧ ਚੌਕਸੀ ਰੱਖਣੀ ਜ਼ਰੂਰੀ ਹੋ ਗਈ ਹੈ।

ਕੀ ਮੋਰਚੇ ਦੀਆਂ ਅੰਦਰੂਨੀ ਕਮੀਆਂ ਕਮਜ਼ੋਰੀਆਂ ਨੂੰ ਜਨਤਕ ਕਰਨਾ ਗਲਤ ਹੈ? ਜੇਕਰ ਹੈ ਤਾਂ ਬੁੱਕਲ 'ਚ ਰੋੜੀ ਭੰਨਣੀ, ਬਿੱਲੀ ਨੂੰ ਦੇਖਕੇ ਕਬੂਤਰ ਵਾਂਗ ਅੱਖਾਂ ਬੰਦ ਕਰ ਲੈਣਾ ਆਪਣੇ ਮੂਲ ਅਧਾਰ, ਜਿਹਨਾਂ ਦੇ ਹਿੱਤਾਂ ਲਈ ਸੰਘਰਸ਼ ਦੇ ਮੈਦਾਨ ਵਿੱਚ ਹਾਂ, ਉਹਨਾਂ ਤੋਂ ਵੀ ਓਹਲਾ ਰਖਣਾ ਕਿਵੇਂ ਠੀਕ ਹੈ? ਉਹੀ ਅੰਦੋਲਨ ਸਫਲ ਹੁੰਦਾ ਹੈ ਜੋ ਪਾਰਦਰਸ਼ੀ ਹੋਵੇ। ਘਾਟਾਂ ਕਮੀਆਂ ਉਜਾਗਰ ਕਰਕੇ ਅੰਦੋਲਨ ਨੂੰ ਕੰਮਜ਼ੋਰ ਕਰਨਾ ਨਹੀਂ ਬਲਕਿ ਸਮਾਂ ਰਹਿੰਦੇ ਇਹਨਾਂ ਤੇ ਕਾਬੂ ਪਾਉਣ ਲਈ ਖਬਰਦਾਰ ਕਰਨਾ ਵੀ ਜਰੂਰੀ ਹੈ। ਜੇਕਰ ਮੋਰਚੇ ਦੀ ਵੱਡੀ ਬਹੁ-ਗਿਣਤੀ ਜਾਂ ਵੱਡੀ ਲੀਡਰਸ਼ਿਪ ਘੁੱਟਣ ਮਹਿਸੂਸ ਕਰ ਰਹੀ ਹੋਵੇ। ਇਸ ਵਿੱਚੋਂ ਕੱਢਣ ਲਈ ਜਨਤਕ ਦਬਾਅ ਜਰੂਰੀ ਬਣ ਜਾਂਦਾ ਹੈ। ਕਮਜ਼ੋਰੀ ਦੇ ਅੰਤਰ ਮੁਖੀ ਕਾਰਨਾ ਨੂੰ ਦੂਰ ਕਰਨਾ ਵੀ ਆਗੂ ਟੀਮ ਦਾ ਪਰਮ ਕਰਤੱਵ ਤੇ ਧਰਮ ਹੈ।

ਵਧੇਰੇ ਚਿੰਤਾ ਕਰਨ ਦੇ ਕੀ ਮੁੱਖ ਕਾਰਨ ਹਨ? ਪਿਛਲੇ 100 ਸਾਲਾ ਇਤਿਹਾਸ ਦਾ ਇਹ ਸਭ ਤੋਂ ਵੱਡਾ ਪੁਰਅਮਨ ਵਿੱਲਖਣ ਅੰਦੋਲਨ ਹੈ। ਜਿਸ ਨੇ ਨਾ ਕੇਵਲ ਕੌਮੀ ਬਲਕਿ ਕੌਮਾਂਤਰੀ ਪੱਧਰ ਤੇ ਵੀ ਆਪਣੀ ਪਹਿਚਾਨ ਬਣਾਈ ਹੈ। ਕੇਵਲ ਕਿਸਾਨਾਂ ਤੱਕ ਸੀਮਿਤ ਨਾ ਹੋ ਕੇ ਇਹ ਸਮਾਜਿਕ ਲੋਕ ਅੰਦੋਲਨ ਬਣ ਚੁੱਕਾ ਹੈ। ਜੇਕਰ ਅੰਦਰੂਨੀ ਤੇ ਬਾਹਰੀ ਕਾਰਨਾਂ (ਸਾਜ਼ਸ਼ਾਂ) ਕਰਕੇ ਅਸਫਲ ਰਹਿੰਦਾ ਹੈ ਤਾਂ ਮੁੜ ਕੇ ਸਾਲਾਂ ਬੱਧੀ ਅਜਿਹਾ ਵੱਡਾ ਅੰਦੋਲਨ ਸੁਰਜੀਤ ਨਹੀਂ ਹੋ ਸਕੇਗਾ। ਦਿਓ ਕੱਦ ਅੰਦੋਲਨ ਨੂੰ ਹਰਾਉਣ ਉਪਰੰਤ ਭਾਜਪਾ ਵਰਗੀ ਕੱਟੜ, ਫਿਰਕੂ ਤੇ ਫਾਸ਼ੀ ਸਰਕਾਰ ਦਾ ਲੋਕ ਅੰਦੋਲਨ ਤੇ ਹਮਲਾ ਕਿੰਨਾ ਭਿਆਨਕ ਤੇ ਬੇਰਹਿਮ ਹੋਵੇਗਾ, ਇਹ ਤਾਂ ਭਵਿੱਖ ਹੀ ਦੱਸੇਗਾ। ਪਰ ਹੋਵੇਗਾ ਜ਼ਰੂਰ ਜੋ ਅਤੀ ਡਰਾਉਣਾ ਹੋਵੇਗਾ। ਹਰ ਅੰਦੋਲਨ ਨੂੰ ਆਰੰਭ ਹੋਣ ਤੋਂ ਪਹਿਲਾਂ ਹੀ ਕੁਚਲੇ ਜਾਣ ਦੀ ਪ੍ਰਵਿਰਤੀ ਅਮਲ ਵਿੱਚ ਲਿਆਂਦੀ ਜਾਵੇਗੀ। ਲੋਕਾਂ ਦਾ ਜੋ ਆਤਮ ਵਿਸ਼ਵਾਸ਼ ਬਣਿਆ ਹੈ ਕਿ ਉਹ ਤਾਕਤਵਰ ਸਰਕਾਰ ਨੂੰ ਵੀ ਵੰਗਾਰਨ ਦੇ ਸਮਰੱਥ ਹਨ, ਉਹ ਟੁੱਟ ਜਾਵੇਗਾ। ਇੱਕ ਵਾਰ ਟੁੱਟਿਆ ਵਿਸ਼ਵਾਸ ਤੇ ਹੌਸਲਾ ਮੁੜ ਬਹਾਲ ਕਰਨਾ ਆਸਾਨ ਨਹੀਂ ਹੋਵੇਗਾ। ਲੋਕ ਮੁੜ ਕੇ ਅੰਦੋਲਨ ਦੇ ਰਾਹ ਪੈਣ ਤੋਂ ਸੰਕੋਚ ਕਰਨਗੇ। ਭਾਜਪਾ ਨੂੰ ਖੁੱਲ੍ਹ ਖੇਡਣ ਦਾ ਮੌਕਾ ਪਰਦਾਨ ਹੋਵੇਗਾ, ਜੋ ਪਹਿਲਾਂ ਹੀ ਧੜਾ ਧੜ ਦੇਸ਼ ਦੇ ਸੋਮੇ ਕੌਡੀਆਂ ਦੇ ਭਾਅ ਆਪਣੇ ਜੁੰਡੀ ਦੇ ਯਾਰਾਂ ਅਡਾਨੀ-ਅੰਬਾਨੀਆਂ ਆਦਿ ਨੂੰ ਵੇਚ ਰਹੀ ਹੈ, ਇਸ ਅਮਲ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਵਿਚਾਰਾਂ ਦੇ ਪਰਗਟਾਵੇ ਦੀ ਅਜ਼ਾਦੀ ਦੇ ਸੰਵਿਧਾਨ ਹੱਕ ਨੂੰ ਤਾਂ ਪਹਿਲਾਂ ਹੀ ਕੁਚਲਿਆ ਜਾ ਰਿਹਾ ਹੈ। ਦੇਸ਼ ਭਗਤ, ਜਮਹੂਰੀ ਤੇ ਧਰਮ ਨਿਰਪੱਖ ਸੋਚ ਦੇ ਧਾਰਨੀਆਂ ਨੂੰ ਜਾਲਮਾਨਾ ਢੰਗ ਨਾਲ ਦਬਾਉਣ ਦਾ ਦੌਰ ਆਰੰਭ ਹੋ ਜਾਵੇਗਾ। ਆਰ.ਐਸ.ਐਸ. ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਹੋਰ ਤੇਜ਼ ਕਰੇਗੀ। ਕਿਸਾਨ ਆਗੂਆਂ ਤੋਂ ਅੰਦੋਲਨ ਕਰਨ ਦਾ ਘਿਨੌਂਣੇ ਰੂਪ ਵਿੱਚ ਬਦਲਾ ਲਿਆ ਜਾਵੇਗਾ। ਦੂਜੇ ਪਾਸੇ ਜੇਕਰ ਮੋਰਚਾ ਜਿੱਤਦਾ ਤੇ ਸ਼ਾਨਾਂਮੱਤੀ ਤਰੀਕੇ ਨਾਲ ਘਰ ਵਾਪਸੀ ਹੁੰਦੀ ਹੈ ਤਾਂ ਭਾਜਪਾ ਦਾ ਹੰਕਾਰ ਟੁੱਟੇਗਾ। ਭਵਿੱਖ ਵਿੱਚ ਲੋਕ ਅੰਦੋਲਨਾਂ ਨੂੰ ਕੁਚਲੇ ਜਾਣ ਤੋਂ ਪਹਿਲਾਂ ਸੌ ਵਾਰ ਸੋਚੇਗੀ।

**ਅੰਦਰੂਨੀ ਮੁਸ਼ਕਲਾਂ ਕੀ ਹਨ?**

ਆਰੰਭ ਵਿੱਚ ਜਦੋਂ ਮੋਰਚੇ ਦਾ ਗਠਨ ਹੋਇਆ ਸੀ, ਉਸ ਸਮੇਂ ਇਹ ਨੋਟ ਨਹੀਂ ਕੀਤਾ ਕਿ ਕਿਸ ਕਿਸਾਨ ਜਥੇਬੰਦੀ ਦਾ ਜਨਤਕ ਆਧਾਰ ਕਿੰਨਾ ਹੈ? ਭਾਵੇਂ ਕਿ ਕਿਸੇ ਦਾ ਆਧਾਰ ਬਲਾਕ ਪੱਧਰੀ ਜਾਂ ਇੱਕ-ਅੱਧੇ ਜ਼ਿਲੇ ਤੱਕ ਹੀ ਸੀਮਿਤ ਸੀ, ਉਸ ਨੂੰ ਵੀ ਮੋਰਚੇ ਦਾ ਹਿੱਸਾ ਬਣਾ ਕੇ ਬਰਾਬਰ ਦੀ ਮਾਨਤਾ ਦਿਤੀ ਗਈ। ਕੁੱਝ ਕਿਸਾਨ ਸੰਗਠਨ ਵੱਡ-ਆਕਾਰੀ ਹਨ। ਜਿੰਨਾ ਦੀ ਸ਼ਕਤੀ ਅੰਦੋਲਨ ਵਿੱਚ ਫੈਸਲਾ ਕੁਨ ਸੀ ਤੇ ਹੈ। ਇਨ੍ਹਾਂ ਦੀ ਹੰਢੀ ਹੋਈ ਲੀਡਰਸ਼ਿਪ ਨੇ ਸੰਗਠਨ ਦੇ ਵੱਡੇ ਹੋਣ ਦਾ ਹੰਕਾਰ ਤੱਕ ਨਹੀਂ ਕੀਤਾ ਤੇ ਉਹ ਸ਼ਲਾਘਾ ਕੀਤੇ ਜਾਣ ਦਾ ਹੱਕਦਾਰ ਹਨ। ਉਸ ਸਮੇਂ ਖਤਰਨਾਕ ਦੁਸ਼ਮਨ ਦੇ ਵੱਡੇ ਹਮਲੇ ਨੂੰ ਪਛਾੜਨਾ ਮੁੱਖ ਨਿਸ਼ਾਨਾ ਰੱਖਿਆ ਗਿਆ। ਇਸ ਲਈ ਹਰ ਛੋਟੇ ਵੱਡੇ ਸੰਗਠਨ ਨੂੰ ਇੱਕ ਸਾਂਝੇ ਮੰਚ ਤੇ ਇਕੱਠਾ ਕੀਤਾ ਗਿਆ, ਜੋ ਸਮੇਂ ਦੀ ਲੋੜ ਸੀ। ਖਤਰਨਾਕ ਦੁਸ਼ਮਣ ਜਮਾਤ ਦੇ ਵੱਡੇ ਹਮਲੇ ਦਾ ਟੱਕਰਾ ਕਰਨ ਲਈ ਛੋਟੀ ਤੋਂ ਛੋਟੀ ਧਿਰ ਵੀ ਸਹਾਈ ਹੋ ਸਕਦੀ ਹੈ, ਇਸ ਨੂੰ ਧਿਆਨ ਟਚ ਰੱਖਿਆ ਗਿਆ। ਕੁੱਝ ਘੱਟ ਅਧਾਰ ਵਾਲੇ ਸੰਗਠਨਾਂ ਨੂੰ ਲੋਕ ਸੰਘਰਸ਼ਾਂ ਦੇ ਤਜਰਬਿਆਂ ਦੀ ਪੂਰੀ ਸਮਝ ਨਹੀਂ ਹੁੰਦੀ। ਨਾ ਹੀ ਉਹ ਜ਼ਮੀਨੀ ਹਕੀਕਤਾਂ ਨਾਲ ਜੁੜੇ ਹੁੰਦੇ ਹਨ। ਸੀਮਤ ਸੋਚ ਤੋਂ ਅੱਗੇ ਸੋਚਣ ਤੋਂ ਅਸਮਰਥ ਤੇ ਦੁਸ਼ਮਨ ਦੀ ਯੁੱਧ-ਨੀਤੀ ਸਮਝਣ ਤੋਂ ਕੋਰੇ ਹੁੰਦੇ ਹਨ। ਕੇਵਲ ਮਾਰਕੇਬਾਜ਼ੀ, ਚੱਕ ਦਿਓ ਫੱਟੇ, ਤੇ ਢਾਹ ਦਿਓ ਕਿੰਗਰੇਉ ਦਾ ਰਾਗ ਅਲਾਪਣ ਤੱਕ ਸੀਮਤ ਹੋ ਕੇ ਰਹਿ ਜਾਂਦੇ ਹਨ। ਸੋਚਣ ਦਾ ਕਸ਼ਟ ਨਹੀਂ ਕਰਦੇ ਕਿ ਫੱਟੇ ਚੁੱਕ ਕੇ ਖੜਨਾ ਕਿੱਥੇ ਹੈ? ਕੀ ਸਿੱਧਾ ਟੋਏ ਵਿੱਚ ਡਿੱਗਣਾ ਕੀ ਇਨਕਲਾਬੀਪੁਣਾ ਹੁੰਦਾ ਹੈ? ਕੱਚ-ਘਰੜ ਸੋਚ ਵਾਲੇ ਲੋਕ ਅੰਦੋਲਨ ਦੇ ਫਾਇਦੇ ਦੀ ਬਜਾਏ ਨੁਕਸਾਨ ਵੱਧ ਕਰਨ ਦੇ ਭਾਗੀ ਬਣਦੇ ਹਨ। ਅਜਿਹਾ ਕਰਨਾ ਭਾਵੇਂ ਉਹਨਾਂ ਦੀ ਦਿਲੀ ਤਮੰਨਾ ਨਾ ਵੀ ਹੋਵੇ। ਇਹ ਹੀ ਲੋਕ ਮੈਂ ਨਾ ਮਾਨੂੰ ਵਾਲੇ ਹਨ ਜਿਹਨਾਂ ਨਾਜ਼ੁਕ ਸਮੇਂ ਮੋਰਚੇ ਨੂੰ ਸਨਮਾਨ ਜਨਕ ਮੋੜ ਕੱਟਣ ਦੀ ਲੋੜ ਸੀ, ਰੁਕਾਵਟ ਬਣੇ, ਇਕ ਮੌਕਾ ਹੱਥੋਂ ਖੁੰਝਾਅ ਦਿੱਤਾ।

ਅੰਦੋਲਨ ਦੋਖੀ ਸ਼ਕਤੀਆਂ ਤੇ ਅੰਦਰੋਂ ਥੋੜ ਦ੍ਰਿਸ਼ਟੀ ਵਾਲਿਆਂ ਨੇ ਚੰਗੇ ਭਲੇ ਚਲਦੇ ਅੰਦੋਲਨ ਨੂੰ ਖਾਹ ਮਖਾਹ ਹੀ ਕਾਮਰੇਡ (ਕਮਿਊਨਿਸਟ) ਬਨਾਮ ਸਿੱਖ ਬਨਾਉਣ ਦੀ ਸੁਚੇਤ ਕੋਸ਼ਿਸ਼ ਕੀਤੀ। ਜੋ ਸੋਚੀ ਸਮਝੀ ਖਤਰਨਾਕ ਸਾਜਿਸ਼ ਦਾ ਹਿੱਸਾ ਸੀ। ਕੀ ਅੰਦੋਲਨ ਕੇਵਲ ਇੱਕ ਵਿਸ਼ੇਸ਼ ਧਾਰਮਿਕ ਫਿਰਕੇ ਦਾ ਹੈ? ਹਰਗਿਜ਼ ਨਹੀਂ-ਇਹ 80 ਫੀਸਦੀ ਉਤਪਾਦਕਾਂ ਤੇ ਖਪਤਕਾਰਾਂ ਦਾ ਅੰਦੋਲਨ ਹੈ। ਕੀ ਧਰਮ ਵਿਸ਼ੇਸ਼ ਦਾ ਅੰਦੋਲਨ ਬਣਨ ਨਾਲ, ਦੂਜੇ ਰਾਜਾਂ ਦੇ ਸੰਘਰਸ਼ ਸਹਿਯੋਗੀ ਅੰਦੋਲਨ ਨਾਲ ਜੁੜੇ ਰਹਿਣਗੇ? ਕਦੇ ਵੀ ਨਹੀਂ। ਕਿਸਾਨ ਅੰਦੋਲਨ ਦੇ ਸਭ ਤੋਂ ਵੱਡੇ ਹਤੈਸ਼ੀ ਤੇ ਸਲਾਹਕਾਰ ਹੋਣ ਦੇ ਬੁੱਰਕੇ ਥੱਲੇ ਕੁੱਝ ਅਖੌਤੀ ਸਿੱਖ ਇਤਿਹਾਸਕਾਰਾਂ, ਜਿੰਨਾਂ ਨੂੰ ਲੌਂਢੂਵਾਲ ਦੇ ਪੁਲ ਤੋਂ ਅੱਗੇ ਕੋਈ ਜਾਣਦਾ ਤੱਕ ਨਹੀਂ, ਖਾਹ-ਮਖਾਹ ਹੀ ਆਪਣੀ ਵਿਦਵੱਤਾ ਦਾ ਮੁਜ਼ਾਰਹਾ ਕਰਦੇ ਹੋਏ, ਕਿਸਾਨ ਲੀਡਰਸ਼ਿਪ ਪ੍ਰਤੀ ਮੰਦੀ ਭਾਸ਼ਾ ਦਾ ਪ੍ਰਯੋਗ ਲਗਾਤਾਰ ਕਰ ਰਹੇ ਹਨ ਕਿ ਲੀਡਰਸ਼ਿਪ ਡਰਪੋਕ, ਸਮੇਂ ਦੀ ਹਾਣੀ ਨਹੀਂ ਤੇ ਅਗਵਾਈ ਦੇ ਅਸਮਰੱਥ ਹੈ। ਹੋਰ ਵੀ ਘਟੀਆ ਦੂਸ਼ਣਾ ਦੀ ਵਰਤੋਂ ਕਰਨ ਤੋਂ ਸੰਕੋਚ ਨਹੀਂ ਕਰ ਰਹੇ। ਆਰ.ਐਸ.ਐਸ. ਦਾ ਆਈ.ਟੀ. ਸੈਲ ਤਾਂ ਸੋਸ਼ਲ ਮੀਡੀਆ ਰਾਹੀਂ ਅੰਦੋਲਨ ਪ੍ਰਤੀ ਕੂੜ ਪ੍ਰਚਾਰ ਕਰ ਹੀ ਰਿਹਾ ਹੈ, ਜਿਸਤੇ ਸਾਨੂੰ ਕੋਈ ਹੈਰਾਨਗੀ ਨਹੀਂ। ਦੁਸ਼ਮਣ ਜਮਾਤ ਨੇ ਇਹ ਕਰਨਾ ਹੀ ਹੁੰਦਾ ਹੈ। ਅਖੌਤੀ ਇਤਿਹਾਸਕਾਰ ਤੇ ਬੁੱਧੀਜੀਵੀ ਅੰਦੋਲਨ ਨੂੰ ਢਾਹ ਲਾਉਣ ਲਈ ਵੀ ਕਿਸੇ ਤੋਂ ਘੱਟ ਨਹੀਂ। ਅਜਿਹਾ ਕਰਕੇ ਇਹ ਭੱਦਰ ਪੁਰਸ਼ ਕਿਸ ਦੀ ਸੇਵਾ ਕਰ ਰਹੇ ਹਨ, ਅੰਦੋਲਨ ਦੀ ਜਾਂ ਸਰਕਾਰ ਦੀ? ਅਜਿਹੇ ਲੋਕਾਂ ਦਾ ਅਸਲ ਮੰਤਵ ਕੀ ਹੈ? ਇਸ ਦੀ ਪੈੜ ਨੱਪਣੀ ਜ਼ਰੂਰੀ ਹੈ। ਕੁੱਝ ਨੌਜਵਾਨਾਂ ਦੇ ਆਪੇ ਬਣੇ ਅਖੌਤੀ ਲੀਡਰ, ਵੱਡੇ ਆਗੂਆਂ ਦਾ ਨਾਮ ਲੈ ਕੇ ਜਨਤਕ ਰੂਪ ਵਿੱਚ ਮੁਆਫੀ ਮੰਗਣ ਲਈ ਕਹਿ ਰਹੇ ਹਨ। ਮੁਆਫੀ ਕਿਸ ਤੋਂ? ਕਿਸ ਕਸੂਰ ਲਈ? ਇਹ ਸਪਸ਼ਟ ਨਹੀਂ ਕੀਤਾ ਜਾ ਰਿਹਾ।ਕੀ ਸੁਚੇਤ ਰੂਪ ਵਿੱਚ ਸੋਚਣਾ ਜ਼ਰੂਰੀ ਨਹੀਂ ਹੋ ਜਾਂਦਾ ਕਿ ਲੋਕ ਕੌਣ ਹਨ? ਇਹਨਾਂ ਦੇ ਤਾਰ ਪਿੱਛੇ ਤੋਂ ਕੌਣ ਹਿਲਾ ਰਿਹਾ ਹੈ? ਹੁਣ ਅੰਦੋਲਨ ਤੇ ਨਵਾਂ ਦਬਾਅ ਬਣਾਏ ਜਾਣ ਦੀਆਂ ਕੰਨਸੋਆਂ ਹਨ ਕਿ ਜਿੰਨਾ ਪਹਿਲਾਂ ਹੀ ਅੰਦੋਲਨ ਦਾ ਬਹੁਤ ਨੁਕਸਾਨ ਕੀਤਾ, ਅੰਦੋਲਨ ਨੂੰ ਗਲਤ ਦਿਸ਼ਾ ਵੱਲ ਧੱਕਣ ਤੇ ਭੜਕਾਊ, ਗੁਮਰਾਹਕੁਨ ਭਾਸ਼ਨਾਂ ਰਾਹੀਂ ਨੌਜਵਾਨਾਂ ਨੂੰ ਭੜਕਾਉਣ, ਵਰਗਲਾਉਣ ਤੇ ਦਿਸ਼ਾ ਵੱਲ ਤੋਰਨ ਦੀ ਕੋਈ ਕਸਰ ਨਹੀਂ ਛੱਡੀ। ਇਹ ਉਹੀ ਅਨਸਰ ਹਨ ਜਿੰਨਾਂ ਨੂੰ 27 ਜਨਵਰੀ ਦੀ ਸਟੇਜ ਤੇ ਕਿਸਾਨ ਆਗੂਆਂ ਨੇ ਲਹਿਰ ਦੇ ਦੋਖੀ ਤੇ ਹੋਰ ਸਖਤ ਸ਼ਬਦਾਂ ਨਾਲ ਸੰਬੋਧਨ ਕੀਤਾ ਸੀ, ਨੂੰ ਮੁੜ ਅੰਦੋਲਨ ਵਿੱਚ ਸ਼ਾਮਲ ਕੀਤਾ ਜਾਵੇ। ਸ਼ਾਇਦ ਕੁੱਝ ਨੂੰ ਹਰੀ ਝੰਡੀ ਮਿਲ ਵੀ ਗਈ ਹੈ, ਕੁੱਝ ਦਾ ਮਾਮਲਾ ਵਿਚਾਰ ਅਧੀਨ ਦਸਿਆ ਹੈ। ਮੋਰਚੇ ਵਿੱਚ ਪ੍ਰਸ਼ਨ ਉੱਠ ਰਹੇ ਹਨ ਕਿ ਕੀਤਾ ਐਲਾਨ ਆਮ ਸਹਿਮਤੀ

ਵਾਲਾ ਨਹੀਂ ਹੈ। ਜੋ ਗੋਦ ਏਜੰਸੀਆਂ ਤੇ ਸਰਕਾਰ ਦੇ ਪਾਲੇ ਵਿੱਚ ਹੈ ਕਿ 26 ਜਨਵਰੀ ਦੀਆਂ ਘਟਨਾਵਾਂ ਲਈ ਉਹ ਦੋਸ਼ੀ ਹਨ ਤੇ ਲੋਕ ਵੀ ਸਮਝ ਚੁੱਕੇ ਹਨ। ਕੀ ਇਹ ਮੁੜਕੇ ਸਾਡੇ ਪਾਲੇ ਵਿੱਚ ਨਹੀਂ ਡਿੱਗੇਗੀ?

ਅਜਿਹਾ ਦਬਾਅ ਬਣਾਉਣ ਵਾਲੇ ਭਲੇਮਾਨਸ ਲੋਕ ਕੌਣ ਹਨ? ਕੀ ਉਹ ਕੋਈ ਵੱਡੇ ਜਨਤਕ ਅਧਾਰ ਵਾਲੇ ਆਗੂ ਹਨ। ਸੁਨਣ ਵਿੱਚ ਆਇਆ ਹੈ ਕਿ ਉਕਤ ਵਿੱਚ ਕਈ ਨਾਮੀ ਕਲਾਕਰ ਦਾ ਨਾਂ ਵੀ ਬੋਲਦਾ ਹੈ। ਜਿਹਨਾਂ ਨੇ ਗੀਤਾਂ ਰਾਹੀਂ ਅੰਦੋਲਨ ਵਿੱਚ ਉਤਸ਼ਾਹ ਭਰਿਆ ਸੀ। ਜਿਸਦੀ ਕਦਰ ਕਰਨੀ ਬਣਦੀ ਹੈ ਤੇ ਕਰਦੇ ਵੀ ਹਾਂ। ਕਿਸੇ ਵਿਅਕਤੀ ਆਦਿ ਵਿਸ਼ੇਸ਼ ਦੀ ਸ਼ਮੂਲੀਅਤ ਲਈ ਤਰਲੋ-ਮੱਛੀ ਹੋਣਾ, ਅਗੇ ਵੱਧਕੇ ਧਮਕੀਆਂ ਤੱਕ ਦੇਣੀਆਂ। ਕੀ ਅੰਦੋਲਣ ਨੂੰ ਬਲੈਕਮੇਲ ਕਰਨ ਦਾ ਤਰੀਕਾ ਨਹੀਂ ਤਾਂ ਹੋਰ ਕੀ ਹੈ? ਉਹਨਾਂ ਨੂੰ ਅਜਿਹਾ ਅਧਿਕਾਰ ਕਿਸਨੇ ਦਿਤਾ ਹੈ? ਕੀ ਇਸਦੇ ਪਿਛੋਕੜ ਵਿੱਚ ਕੋਈ ਹੋਰ ਲੁਕਵੀਂ ਧਿਰ ਸਰਗਰਮ ਹੈ? ਜੇਕਰ ਉਤਰ ਤੁਰੰਤ ਹਾਂ ਵਿੱਚ ਨਹੀਂ ਦਿਤਾ ਜਾ ਸਕਦਾ ਤਾਂ ਇਕਦਮ ਇੰਨਕਾਰ ਕਰਨਾ ਵੀ ਮੁਸ਼ਕਿਲ ਜਾਪਦਾ ਹੈ। ਜਿੰਨਾਂ ਨੂੰ ਸ਼ਾਮਲ ਕਰਨ ਕਰਾਉਣ ਲਈ ਜ਼ੋਰ ਪਾਇਆ ਜਾ ਰਿਹਾ ਹੈ ਕੀ ਉਨਾਂ ਦਾ ਕੋਈ ਕਿਸਾਨ ਸੰਗਠਨ ਹੈ? ਕੀ ਲੋਕ ਘੋਲਾਂ ਦਾ ਵੱਡਾ ਤਜਰਬਾ ਰੱਖਣ ਵਾਲੇ ਹਨ? ਕੀ ਉਨਾਂ ਦਾ ਬਹੁਤਾ ਵੱਡਾ ਜਨਤਕ ਆਧਾਰ ਤੇ ਕੱਦ ਹੈ? ਜਿਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਕੀ ਕਿਸੇ ਨੇ ਵਿਅਕਤੀਗਤ ਰੂਪ ਵਿੱਚ ਕੋਈ ਵੱਡਾ ਮਾਅਰਕਾ ਮਾਰਿਆ ਹੈ ਕਿ ਉਹ ਵੱਡੇ ਕਿਸਾਨ ਆਗੂਆਂ ਤੋਂ ਵੀ ਵੱਡੇ ਸਰਵ-ਪ੍ਰਵਾਨਤ ਆਗੂ ਜਾਂ ਆਗੂਆਂ ਦੇ ਤੌਰ ਤੇ ਪ੍ਰਵਾਨ ਕੀਤੇ ਜਾ ਰਹੇ ਹਨ? ਆਦਿ ਅਜੇਰੇ ਪ੍ਰਸ਼ਨਾਂ ਦਾ ਉਤਰ ਨਾ ਹੀ ਕਿਤੋਂ ਮਿਲਿਆ ਤੇ ਨਾ ਹੀ ਦਿੱਤਾ ਜਾ ਰਿਹਾ ਹੈ। ਕੀ ਅੰਦੋਲਨ ਹੁਣ ਇੰਨਾ ਕਮਜ਼ੋਰ ਹੋ ਗਿਆ ਹੈ ਕਿ ਚੰਦ ਕੁ ਵਿਅਕਤੀਆਂ ਬਿਨਾਂ ਪਾਰ ਨਹੀਂ ਲੱਗ ਸਕੇਗਾ? ਜਿੰਨਾਂ ਲੋਕਾਂ ਨੇ ਪਹਿਲਾਂ ਸੰਘਰਸ਼ ਨੂੰ ਖਰਾਬ ਤੇ ਲੀਡਰਾਂ ਨੂੰ ਬਦਨਾਮ ਕਰਨ ਦਾ ਕਾਰਜ ਕੀਤਾ ਹੋਵੇ, ਕੀ ਗਰੰਟੀ ਹੈ ਕਿ ਉਹ ਭਵਿੱਖ ਵਿੱਚ ਅਜਿਹਾ ਨਹੀਂ ਕਰਨਗੇ? ਸ਼ਾਮਲ ਕਰਨ ਨਾਲ ਉਨਾਂ ਦੇ ਕਿਰਦਾਰ ਪ੍ਰਤੀ ਸੀਨੀਅਰ ਆਗੂਆਂ ਵੱਲੋਂ ਵਰਤੀ ਸ਼ਬਦਾਵਲੀ ਨੂੰ ਨਜ਼ਰਅੰਦਾਜ਼ ਕਰਕੇ ਕੀ ਪ੍ਰਵਾਨਤ ਲੀਡਰਸ਼ਿਪ ਦੀ ਪੁਜ਼ੀਸ਼ਨ ਹਾਸੋਹੀਣੀ ਨਹੀਂ ਬਣੇਗੀ? ਇਸ ਦਾ ਕੋਈ ਜਵਾਬ ਹੈ? ਕੀ ਭਵਿੱਖ ਵਿੱਚ ਅਜਿਹੇ ਹੋਰ ਅਨਸਰਾਂ ਨੂੰ ਸ਼ਾਮਲ ਕਰਨ ਲਈ ਦਬਾਅ ਨਹੀਂ ਬਣਾਇਆ ਜਾਵੇਗਾ? ਇਸ ਦੀ ਜਿਮੇਂਵਾਰੀ/ਗਰੰਟੀ ਕਰਨ ਨੂੰ ਕੋਈ ਤਿਆਰ ਨਹੀਂ, ਅਜਿਹਾ ਵਿਰੋਧਾਭਾਸ ਕਿਉਂ? ਉਕਤ ਵਰਤਾਰੇ ਉਪਰੰਤ ਅੰਦੋਲਨ ਦਾ ਭਵਿੱਖ ਕਿਸ ਤਰ੍ਹਾਂ ਦਾ ਹੋਵੇਗਾ? ਇਸ ਦਾ ਕੋਈ ਉਤਰ ਨਹੀਂ। ਉਕਤ ਸ਼ਬਦ ਮਨ 'ਚੋਂ ਉੱਠੀ ਚੀਸ ਦਾ ਪ੍ਰਗਟਾਵਾ ਮਾਤਰ ਹਨ ਤੇ ਅੰਦੋਲਨ ਦੇ ਭਵਿੱਖ ਦੀ ਚਿੰਤਾ ਵਿੱਚੋਂ ਉਪਜੇ ਹਨ, ਨਾ ਕਿ ਲਿਖਣ ਦਾ ਝੱਸ ਪੂਰਾ ਕਰਨ ਲਈ।ਉਕਤ ਘਟ ਰਿਹਾ ਵਰਤਾਰਾ ਗੰਭੀਰਤਾ ਨਾਲ ਵਿਚਾਰ ਕਰਨ ਦੀ ਮੰਗ ਕਰਦਾ ਹੈ।ਜਜ਼ਬਾਤੀ ਹੋ ਕੇ ਕੇਵਲ ਏਕਤਾ ਬਣਾਈ ਰੱਖਣ ਦੇ ਪਰਦੇ ਥੱਲੇ, ਕਿਤੇ ਗਲਤ ਫੈਸਲੇ ਤਾਂ ਨਹੀਂ ਕੀਤੇ/ਕਰਵਾਏ ਜਾ ਰਹੇ ਹਨ, ਜੋ ਭਵਿੱਖ ਵਿੱਚ ਮਾਰੂ ਸਾਬਤ ਹੋ ਸਕਦੇ ਹਨ ਤੇ ਹੁਣ ਤੱਕ ਦੀ ਕਰੀ ਕਰਾਈ ਦੇ ਖੂਹ ਵਿੱਚ ਪੈਣ ਦਾ ਖਤਰਾ ਤਾਂ ਨਹੀਂ ਮੰਡਰਾਅ ਰਿਹਾ ਹੈ, ਸੋਚਣ ਤੇ ਵਿਚਾਰ ਕਰਨ ਦੀ ਲੋੜ ਹੈ।

ਅੰਦੋਲਨ ਦੇ ਵੱਡੇ ਕੱਦ ਤੇ ਵਿਸ਼ਾਲ ਲਾਮਬੰਦੀ ਦਾ ਲਾਹਾ ਲੈਣ ਲਈ ਕਾਫੀ ਸਾਰੇ ਸਵਾਰਥੀ ਤੱਤ ਪੱਬਾਂ ਭਾਰ ਹਨ। ਅਨੇਕਾਂ ਮਿਸਾਲਾਂ ਮੌਜੂਦ ਹਨ। ਕੇਵਲ ਇੱਕ ਉਦਾਹਰਣ ਮਾਤਰ: ਇੰਡੀਅਨ ਸਰਵਿਸ ਦਾ ਇੱਕ ਸੇਵਾ ਮੁਕਤ ਅਧਿਕਾਰੀ, ਜਿਸ ਦਾ ਸਰਵਿਸ ਰਿਕਾਰਡ ਵੀ ਚੰਗਾ ਨਹੀਂ ਰਿਹਾ, ਉਹ ਆਪਣੇ ਆਪ ਹੀ ਅੰਦੋਲਨ ਦਾ ਚੈਂਪੀਅਨ ਬਣਨ ਦੀ ਦੌੜ ਵਿੱਚ ਸ਼ਾਮਲ ਹੈ। ਕਿਤੇ ਅਜਿਹੇ ਲੋਕ ਆਪਣਾ ਕੱਦ ਵਧਾ ਕੇ ਤੇ ਨਾਂਅ ਚਮਕਾ ਕੇ ਭਵਿੱਖ ੨ਚ ਮੁੱਲ ਵੱਟਣ ਦੀ ਤਾਕ ਵਿੱਚ ਤਾਂ ਨਹੀਂ ਹਨ? ਤਾਂ ਕਿ ਕਿਸੇ ਸਿਆਸੀ ਧਿਰ ਦੇ ਮੋਢਿਆਂ ਤੇ ਸਵਾਰ ਹੋ ਕੇ ਵਿਧਾਨ ਸਭਾ ਜਾਂ ਲੋਕ ਸਭਾ ਦੀਆਂ ਪੌੜੀਆਂ ਚੜ੍ਹ ਸਕਣ। ਅਜਿਹੇ ਬਰਸਾਤੀ ਡੱਡੂਆਂ ਪ੍ਰਤੀ ਵੀ ਅੱਖਾਂ ਖੁੱਲੀਆਂ ਰੱਖਣ ਦੀ ਲੋੜ ਹੈ। ਕਿਸਾਨ ਮੋਰਚੇ ਦਾ ਸਾਰਾ ਜ਼ੋਰ ਅੰਦੋਲਨ ਨੂੰ ਸ਼ਾਂਤਮਈ ਰੱਖਣ ਤੇ ਲੱਗ ਰਿਹਾ ਹੈ। ਮੋਰਚੇ ਦੀ ਪਰਪੱਕ ਤੇ ਸਮਝਦਾਰ ਲੀਡਰਸ਼ਿਪ ਭਲੀ ਭਾਂਤ ਸਮਝਦੀ ਹੈ ਕਿ ਜਦੋਂ ਵੀ ਅੰਦੋਲਨ ਹਿੰਸਕ ਹੋਇਆ ਤਾਂ ਇਸ ਦੀ ਹਾਰ ਨਿਸਚਿਤ ਹੈ। ਫਿਰ ਮਲੋਟ ਵਰਗੀਆਂ ਘਟਨਾਵਾਂ ਕਿਉਂ? ਜੋ ਆਮ ਲੋਕਾਂ ਨੂੰ ਅੰਦੋਲਨ ਤੋਂ ਦੂਰ ਕਰਨ ਦਾ ਕਾਰਨ ਬਣ ਰਹੀਆਂ ਹਨ ਤੇ ਇਹਨਾਂ ਨੂੰ ਅਜਿਹਾ ਕਰਨ ਉਕਸਾਉਣ ਵਾਲੀ ਸੋਚ ਕਿਸਦੀ ਹੈ, ਜੋ ਅਜਿਹਾ ਕਰਨ ਦਾ ਥਾਪੜਾ ਦਿੰਦੀ ਹੈ? ਉਪਰੋਕਤ ਬਿਆਨ ਕੀਤੀਆਂ ਚਿੰਤਾਵਾਂ ਜ਼ਰੂਰ ਹਨ, ਜਿੰਨਾਂ ਨਾਲ ਮੋਰਚੇ ਨੂੰ ਦੋ-ਚਾਰ ਹੋਣਾ ਪੈ ਰਿਹਾ ਹੈ। ਪਰ ਇੰਨੀਆਂ ਵੀ ਗੰਭੀਰ ਨਹੀਂ ਹਨ ਕਿ ਮੋਰਚੇ ਦੀ ਸਮਰੱਥ ਲੀਡਰਸ਼ਿਪ ਕਾਬੂ ਨਾ ਪਾ ਸਕਦੀ ਹੋਵੇ। ਇਸ ਲਈ ਨਿਰਾਸ਼ ਹੋਣ ਦੀ ਜ਼ਰੂਰਤ ਵੀ ਨਹੀਂ ਹੈ। ਅੰਦੋਲਨ ਲਗਾਤਾਰ ਸਰਕਾਰ ਤੇ ਦਬਾਅ ਵਧਾ ਰਿਹਾ ਹੈ। ਹੁਣ ਤਾਂ ਭਾਜਪਾ ਅੰਦਰੋਂ ਵੀ ਬਗਾਵਤੀ ਸੁਰ ਉਠਣ ਦੀਆਂ ਕਨਸੋਆਂ ਹਨ। ਅਪਰਾਧਿਕ ਤੇ ਹੰਕਾਰੀ ਪ੍ਰਵਿਰਤੀ ਵਾਲੇ ਆਗੂਆਂ ਨੂੰ ਛੱਡ ਕੇ ਬਾਕੀਆਂ ਨੂੰ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਹੈ ਕਿ ਜਿਵੇਂ ਜਿਵੇਂ ਅੰਦੋਲਨ ਲੰਮਾ ਹੋਵੇਗਾ, ਭਾਜਪਾ ਦੇ ਪੈਰਾਂ ਥੱਲਿਉਂ ਸਿਆਸੀ ਜ਼ਮੀਨ ਖਿਸਕਦੀ ਜਾਵੇਗੀ। ਦਿਲੋਂ ਅਜਿਹੇ ਆਗੂ ਗੱਲਬਾਤ ਰਾਹੀਂ ਛੇਤੀ ਮਾਮਲਾ ਨਿਬੇੜਨ ਦੇ ਹੱਕ ਵਿੱਚ ਹਨ। ਅੰਦੋਲਨ ਚੜ੍ਹਦੀ ਕਲਾ ਵਿੱਚ ਸੀ ਤੇ ਹੈ। ਵਾਢੀ ਦੇ ਚੰਦ ਦਿਨਾਂ ਦੇ ਰੁਝੇਵਿਆਂ ਉਪਰੰਤ ਇਹ ਹੋਰ ਮਜ਼ਬੂਤੀ ਨਾਲ ਅੱਗੇ ਵਧੇਗਾ।ਦੁਸ਼ਮਨ ਲਗਾਤਾਰ ਸਾਜਸ਼ਾਂ ਰਚੇਗਾ ਤੇ ਕਰੇਗਾ। ਹੈਰਾਨੀ ਨਹੀਂ ਕਿਉਂਕਿ ਉਸ ਦਾ ਖਾਸਾ ਹੈ। ਡੱਟ ਕੇ ਮੁਕਾਬਲਾ ਕਰਾਂਗੇ ਤੇ ਪਛਾੜਾਂਗੇ। ਜੇਕਰ ਮੋਰਚੇ ਦੇ ਅੰਦਰੋਂ ਢਾਹ ਲੱਗੀ ਤਾਂ ਜ਼ਰੂਰ ਵੱਡੇ ਨੁਕਸਾਨ ਦਾ ਖਤਰਾ ਹੈ। ਅੰਦੋਲਨ ਦੀ ਪਵਿੱਤਰਤਾ ਨੂੰ ਬਚਾ ਕੇ ਰੱਖਣਾ ਸਮੇਂ ਦੀ ਲੋੜ ਹੈ। ਬਾਹਰੋਂ ਤੇ ਅੰਦਰੋਂ ਹਮਲਿਆਂ ਨੂੰ ਰੋਕਣ ਲਈ ਚੌਕਸੀ ਜ਼ਰੂਰੀ ਹੈ।

ਅੰਤ ਵਿੱਚ ਬਹੁਤ ਹੀ ਨਿਮਰਤਾ ਸਹਿਤ ਮੋਰਚੇ ਅੰਦਰ ਸਭ ਤੋਂ ਵੱਡੇ ਨਾ-ਪੱਖੀ ਵਰਤਾਰੇ ਬਾਰੇ ਕਹਿਣਾ ਚਾਹੁੰਦਾ ਹਾਂ। ਵਰਤਮਾਨ ਅੰਦੋਲਨ ਨੇ ਕੁੱਝ ਆਗੂਆਂ ਨੂੰ ਵੱਡੇ ਕੱਦ ਵਾਲੇ ਆਗੂਆਂ ਤੇ ਤੌਰ ਤੇ ਸਥਾਪਤ ਕੀਤਾ ਹੈ। ਲੋਕਾਂ ਤੋਂ ਇਲਾਵਾ ਮੀਡੀਆਂ ਵੀ ਉਹਨਾਂ ਨੂੰ ਪ੍ਰਵਾਨ ਕਰਦਾ ਹੈ। ਉਹਨਾਂ ਦੀ ਪਹਿਚਾਣ ਕੌਮੀ ਤੇ ਕੌਮਾਂਤਰੀ ਪੱਧਰ ਤੇ ਬਣਾਈ ਹੈ। ਇਹ ਸਤਿਕਾਰਤ ਆਗੂ ਇਹ ਕਿਉਂ ਭੁੱਲ ਗਏ ਹਨ ਕਿ ਪਹਿਚਾਣ ਕੇਵਲ ਅੰਦੋਲਨ ਹੀ ਬਨਾਉਂਦਾ ਹੈ ਨਾ ਕਿ ਆਪਣੇ ਆਪ ਬਣਦੀ ਹੈ। ਜਦੋਂ ਵੀ ਮੋਰਚੇ ਅੰਦਰ ਸੰਕਟ ਉਤਪੰਨ ਹੋਇਆ ਹੈ ਤਾਂ ਸਪਸ਼ਟ ਤੇ ਸਾਫ ਸ਼ਬਦਾਂ ਰਾਹੀਂ ਆਪਣੀ ਗੱਲ ਕਹਿਣੀ ਬਣਦੀ ਹੋਵੇ, ਉਦੋਂ ਮੋਰਚੇ ਦੀਆਂ ਮੀਟਿੰਗਾਂ ਵਿੱਚੋਂ ਹੀ ਗੈਰਹਾਜ਼ਰ ਹੋ ਜਾਣਾ, ਕੀ ਇਹ ਗੈਰ-ਸੰਜੀਦਗੀ ਨਹੀਂ ਤਾਂ ਹੋਰ ਕੀ ਹੈ? ਜੇਕਰ ਹਾਜ਼ਰ ਹੋਣ ਵੀ ਤਾਂ ਮੌਨ ਹੀ ਧਾਰ ਲੈਣਾ, ਜਿਵੇਂ ਉਹਨਾਂ ਦੀ ਮੋਰਚੇ ਪ੍ਰਤੀ ਕੋਈ ਜਿੰਮੇਵਾਰੀ ਹੈ ਨਾ ਹੋਵੇ। ਸਤਿਕਾਰ ਦੇ ਮਜਬੂਰੀ ਬਸ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੀਟਿੰਗਾਂ ਵਿੱਚ ਲਗਾਤਾਰ ਹਾਜ਼ਰੀ ਸਪਸ਼ਟਤਾ ਨਾਲ ਆਪਣਾ ਪੱਖ ਰਖਣਾ, ਚੁੱਪ, ਟਾਲਾ ਵੱਟੂ ਤੇ ਡੰਗ ਟਪਾਈ ਦੀ ਪ੍ਰਵਿਰਤੀ ਨੂੰ ਤੱਜਣਾ ਹੋਵੇਗਾ। ਨਾਜ਼ੁਕ ਦੌਰ ਵਿੱਚੋਂ ਗੁਜਰ ਰਹੇ ਮੋਰਚੇ ਦੇ ਹਿਤਾਂ ਦੀ ਮੰਗ ਹੈ।

# ਰਾਮਦੇਵ ਦੀ ਪਤੰਜਲੀ ਵਲੋਂ ਕਰੋਨਾ ਦੇ ਇਲਾਜ ਦਾ ਦਾਅਵਾ ਬੇ-ਬੁਨਿਆਦ ਕਿਵੇਂ ?



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਬਾਬਾ ਰਾਮਦੇਵ ਤੇ ਉਨ੍ਹਾਂ ਦੇ ਪਤੰਜਲੀ ਸਮੂਹ ਦਾ ਝਮੇਲਿਆਂ ਨਾਲ ਬਹੁਤ ਨੇੜਲਾ ਰਿਸ਼ਤਾ ਹੈ। ਇਹ ਸਮੂਹ ਹਮੇਸ਼ਾਂ ਹੀ ਵਿਵਾਦਾਂ ਵਿੱਚ ਘਿਰਿਆ ਰਹਿੰਦਾ ਹੈ ਕਿਉਂਕਿ ਇਸ ਦੇ ਦਾਅਵੇ ਹੁੰਦੇ ਹੀ ਅਜਿਹੇ ਤੋਥੇ ਤੇ ਖੋਖਲੇ ਹਨ ਕਿ ਲੋਕ ਭੁਲੇਖਿਆਂ ਵਿੱਚ ਪੈ ਜਾਂਦੇ ਹਨ। ਕੋਰੋਨਿਲ ਦਵਾਈ ਦਾ ਜੁਲਾਈ -2020 ਵਿਚ ਕੀਤਾ ਦਾਅਵਾ ਜਦੋਂ ਢਹਿ ਢੇਰੀ ਹੋ ਗਿਆ ਸੀ ਤਾਂ ਉਸ ਨੂੰ ਫਿਰ ਜਿਉਂਦਾ ਕਰਨ ਲਈ ਇੱਕੀ ਫਰਵਰੀ ਨੂੰ ਦਿੱਲੀ ਦੇ ਕਾਂਸਟੀਚਿਊਸ਼ਨ ਕਲੱਬ ਵਿਚ ਵਿਸ਼ਵ ਸਿਹਤ ਸੰਗਠਨ ਡਬਲਿਊਐੱਚਓ ਨੂੰ ਲੈ ਕੇ ਅਜਿਹੇ ਦਾਅਵੇ ਕਰ ਦਿੱਤੇ ਗਏ ਜਿਸ ਨਾਲ ਹੋਰ ਤਿੱਖਾ ਵਿਵਾਦ ਉੱਠ ਖੜ੍ਹਾ ਹੋਇਆ। ਡਬਲਯੂਐਚਓ ਦੇ ਖੰਡਣ ਪਿੱਛੋਂ ਉਸ ਦਿਨ ਮੰਚ ਤੇ ਮੌਜੂਦ ਕੇਂਦਰੀ ਸਿਹਤ ਮੰਤਰੀ ਡਾ ਹਰਸ਼ਵਰਧਨ ਵੀ ਸੁਆਲਾਂ ਦੇ ਦਾਇਰੇ ਵਿੱਚ ਆ ਗਏ। ਹੁਣ ਇਨ੍ਹਾਂ ਸਵਾਲਾਂ ਦੀ ਵਿਆਖਿਆ ਪਤੰਜਲੀ ਆਪਣੀ ਤਰ੍ਹਾਂ ਨਾਲ ਕਰ ਰਹੀ ਹੈ ਅਤੇ ਕੇਂਦਰੀ ਸਿਹਤ ਮੰਤਰੀ ਦਾ ਬਚਾਅ ਵੀ ਕਰਨ ਵਿੱਚ ਲੱਗੀ ਹੋਈ ਹੈ। ਰੀਲਾਂਚਿੰਗ ਵਿੱਚ ਹਰਸ਼ਵਰਧਨ ਤੋਂ ਇਲਾਵਾ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਵੀ ਸ਼ਿਰਕਤ ਕੀਤੀ ਸੀ। ਮੰਚ ਦੇ ਠੀਕ ਪਿੱਛੇ ਵੱਡੇ ਸਾਰੇ ਪੋਸਟ ਉੱਤੇ ਕੋਰੋਨਿਲ ਦਵਾ ਨਾਲ ਜੁੜੇ ਸਾਰੇ ਦਾਅਵੇ ਵੀ ਲਿਖੇ ਸਨ। ਇੱਕ ਦਾਅਵਾ ਇਹ ਵੀ ਸੀ ਕਿ ਕੋਰੋਨਰਲ ਦਵਾਈ ਫਸਟ ਐਵੀਡੈਂਸ ਬੈਸਡ ਮੈਡੀਸਨ ਫਾਰ ਕੋਵਿਡ-19 ਅਤੇ ਸੀਓਪੀਪੀ,ਡਬਲਯੂਐੱਚਓ,ਜੀਐਮਪੀ ਸਰਟੀਫਾਈਡ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਹ ਭਾਰਤ ਦੀ ਪਹਿਲੀ ਤੱਥਾਂ ਤੇ ਆਧਾਰਤ ਕਰੋਨਾ ਦੀ ਦਵਾਈ ਹੈ ਅਤੇ ਡਬਲਯੂਐਚਓ ਨੇ ਇਸ ਨੂੰ ਗੁੱਡ ਮੈਨਫੈਕਚਰਿੰਗ ਪ੍ਰੈਕਟਿਸ (ਜੀਐਮਪੀ) ਦੀ ਮਾਨਤਾ ਦਿੱਤੀ ਹੈ। ਡਬਲਯੂਐਚਓ ਨਾਲ ਸੰਬੰਧਤ ਦਾਅਵੇ ਨੂੰ ਪਤੰਜਲੀ ਦੇ ਪ੍ਰਮੁੱਖ ਰਾਮਦੇਵ ਨੇ ਕਈ ਪੱਤਰਕਾਰਾਂ ਨਾਲ ਆਪਣੇ ਰੂ-ਬ-ਰੂ ਦੌਰਾਨ ਵੀ ਦੁਹਰਾਇਆ। ਖ਼ਬਰਾਂ ਵੀ ਛਪੀਆਂ ਕਿ ਡਬਲਯੂ ਐਚ ਓ ਨੇ ਕੋਰੋਨਿਲ ਨੂੰ ਮਨਜ਼ੂਰੀ ਦਿੱਤੀ। ਨਿਊਜ਼ ਚੈਨਲਾਂ ਨੇ ਵੀ ਪਤੰਜਲੀ ਦੇ ਇਸ ਦਾਅਵੇ ਨੂੰ ਮੁੱਖ ਤੌਰ ਤੇ ਦਿਖਾਇਆ। ਚੈਨਲਾਂ ਨੇ ਦਿਖਾਇਆ ਕਿ ਰਾਮਦੇਵ ਨੇ ਦੁਨੀਆਂ ਦੇ 158 ਦੇਸ਼ਾਂ ਦੇ ਲਈ ਕੋਰੋਨਾ ਵਾਇਰਸ ਦੀ ਪ੍ਰਮਾਣਿਕਤ ਦਵਾ ਲਾਂਚ ਕੀਤੀ ਹੈ। ਪਤੰਜਲੀ ਦੇ ਐੱਮਡੀ ਅਚਾਰੀਆ ਬਾਲਕ੍ਰਿਸ਼ਨ ਨੇ ਕਿਹਾ ਕਿ ਕੋਰੋਨਿਲ ਦੀ ਵਰਤੋਂ ਪਹਿਲਾਂ ਤੋਂ ਲੋਕ ਕਰ ਰਹੇ ਹਨ, ਪਰ ਹੁਣ ਡੀਜੀਸੀਏ ਤੋਂ ਬਾਅਦ ਡਬਲਿਊਐਚਓ ਤੋਂ ਵੀ ਮਾਨਤਾ ਮਿਲ ਗਈ ਹੈ। ਹੁਣ ਪਤੰਜਲੀ ਅਧਿਕਾਰਤ ਰੂਪ ਨਾਲ ਕੋਰੋਨਿਲ ਦੀ ਬਰਾਮਦ ਕਰ ਸਕਦੀ ਹੈ। ਇਹ ਦਵਾ ਲਾਂਚ ਹੋਣ ਦੇ ਇਕ ਦਿਨ ਦੇ ਅੰਦਰ ਹੀ ਪਤੰਜਲੀ ਨਾਲ ਜੁੜੀ ਰੁਚੀ ਸੋਆ ਕੰਪਨੀ ਦੇ ਸ਼ੇਅਰ ਦੇ ਰੇਟ ਅਚਾਨਕ ਵਧ ਗਏ। ਇਕ ਅਨੁਮਾਨ ਮੁਤਾਬਕ ਸ਼ੇਅਰ ਦਾ ਕੰਪਨੀ ਨੂੰ ਇੱਕ ਦਿਨ ਵਿੱਚ ਹੀ ਦੋ ਹਜ਼ਾਰ ਕਰੋੜ ਰੁਪਏ ਦਾ ਫਾਇਦਾ ਹੋ ਗਿਆ। ਝਮੇਲਾ ਵਧਦਾ ਦੇਖ ਡਬਲਯੂਐਚਓ ਨੇ ਪਤੰਜਲੀ ਦਾ ਨਾਮ ਲਏ ਬਗੈਰ ਹੀ ਇਹ ਸਾਫ ਕਰ ਦਿੱਤਾ ਕਿ ਉਸ ਨੇ ਕਿਸੇ ਵੀ ਦਵਾ ਨੂੰ ਮਾਨਤਾ ਨਹੀਂ ਦਿੱਤੀ ਹੈ। ਡਬਲਯੂਐੱਚਓ ਦੇ ਮੀਡੀਆ ਵਿਭਾਗ ਦੀ ਡਾ. ਸ਼ਰਮੀਲੇ ਸਰਮਾ ਨੇ ਕਿਹਾ ਕਿ ਡਬਲਯੂਐਚਓ ਨੇ ਕੋਵਿਡ-19 ਦੇ ਇਲਾਜ ਲਈ ਕਿਸੇ ਵੀ ਪਾਰੰਪਰਿਕ ਦਵਾ ਦੀ ਨਾ ਤਾਂ ਸਮੀਖਿਆ ਕੀਤੀ ਤੇ ਨਾ ਹੀ ਉਸ ਨੂੰ ਪ੍ਰਮਾਣਿਤ ਕੀਤਾ ਹੈ। ਗੁੱਡ ਮੈਨਫੈਕਚਰਿੰਗ ਪ੍ਰੈਕਟਿਸ (ਜੀ ਐੱਮ ਪੀ) ਦਾ ਸਰਟੀਫਿਕੇਟ ਡਬਲਯੂਐਚਓ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਰਾਸ਼ਟਰੀ ਦਵਾ ਨਿਆਂਮਿਕ (ਡੀਸੀਜੀਆਈ) ਜਾਰੀ ਕਰਦਾ ਹੈ। ਦੂਜੇ ਪਾਸੇ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐਮਏ) ਨੇ ਪਤੰਜਲੀ ਦੇ ਦਾਅਵੇ ਤੇ ਪ੍ਰੋਗਰਾਮ ਵਿੱਚ ਡਾ ਹਰਸ਼ਵਰਧਨ ਦੇ ਸ਼ਾਮਲ ਹੋਣ ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ ਹਨ। ਆਈ ਐਮ ਏ ਦੇ ਪ੍ਰਧਾਨ ਡਾ ਜੇ ਏ ਜੈਲਾਲ ਨੇ ਕਿਹਾ ਕਿ ਹਰਸ਼ਵਰਧਨ ਨਾ ਸਿਰਫ ਪ੍ਰੋਗਰਾਮ ਵਿੱਚ ਸਾਮਲ ਹੋਏ ਬਲਕਿ ਉਹਨਾਂ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਵੀ ਕੀਤੀ। ਸੰਸਥਾ ਨੇ ਕਿਹਾ ਕਿ ਮੈਡੀਕਲ ਕੌਂਸਲ ਆਫ ਇੰਡੀਆ ਨੇ ਆਪਣੇ ਨਿਯਮਾਂ ਵਿੱਚ ਸਾਫ਼ ਲਿਖਿਆ ਹੈ ਕਿ ਕੋਈ ਵੀ ਡਾਕਟਰ ਕਿਸੇ ਵੀ ਦਵਾ ਨੂੰ ਪ੍ਰਮੋਟ ਕੀ ਕਰ ਸਕਦਾ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਨੈਸ਼ਨਲ ਮੈਡੀਕਲ ਕਮਿਸ਼ਨ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਹਰਸ਼ਵਰਧਨ ਤੋਂ ਸਫਾਈ ਲਈ ਜਾਵੇਗੀ ਕਿ ਉਹ ਕਿਵੇਂ ਕਿਸੇ ਦਵਾ ਨੂੰ ਪ੍ਰਮੋਟ ਕਰ ਸਕਦੇ ਹਨ ? ਸੰਸਥਾ ਨੇ ਕਿਹਾ ਕਿ ਸਿਹਤ ਮੰਤਰੀ ਦਾ ਸ਼ਾਮਲ ਹੋਣਾ ਗਲਤ ਹੈ। ਉਹ ਖੁਦ ਪੋਸਟ-ਗਰੈਜੂਏਟ ਡਾਕਟਰ ਹਨ ਅਤੇ ਡਬਲਯੂਐਚਓ ਦੀ ਗਵਰਨਿੰਗ ਕੌਂਸਲ ਵਿੱਚ ਹਨ। ਉਨ੍ਹਾਂ ਦੇ ਇਲਾਕਿਆਂ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਨਾਲ ਇਹ ਦੁਆ ਨੂੰ ਸੰਸਾਰ ਪ੍ਰਸਿੱਧੀ ਮਿਲਦੀ ਹੈ। ਬਾਅਦ ਵਿਚ ਪਤੰਜਲੀ ਦੇ ਐਮ ਡੀ ਆਚਾਰੀਆ ਬਾਲਕ੍ਰਿਸ਼ਨ ਨੇ ਟਵੀਟ ਕੀਤਾ ਕਿ ਕੋਰੋਨਿਲ ਲਈ ਡਬਲਯੂਐਚਓ ਜੀਐਮਪੀ,ਸੀਓਪੀਪੀ ਪ੍ਰਮਾਣ ਪੱਤਰ ਸਾਨੂੰ ਕੇਂਦਰ ਸਰਕਰ ਦੀ ਡੀਸੀਜੀਆਈ ਨੇ ਜਾਰੀ ਕੀਤਾ ਹੈ। ਪਤੰਜਲੀ ਨੇ ਦਾਅਵਾ ਕੀਤਾ ਕਿ ਦਵਾ ਨਾਲ ਕੋਵਿੰਦ-ਉਨੀ ਦਾ ਇਲਾਜ ਕੀਤਾ ਜਾ ਸਕੇਗਾ। ਅਚਾਰੀਆ ਬਾਲਕ੍ਰਿਸ਼ਨ ਨੇ ਇਕ ਪ੍ਰੈੱਸ ਨੋਟ ਵਿੱਚ ਕਿਹਾ ਕਿ ਕੇਂਦਰੀ ਸਿਹਤ ਮੰਤਰੀ ਨੇ ਕਿਸੇ ਵੀ ਦਵਾ ਦੀ ਹਮਾਇਤ ਨਹੀਂ ਕੀਤੀ। ਪਤੰਜਲੀ ਦਾ ਪੱਖ ਜਾਨਣ ਲਈ ਇੱਕ ਪੱਤਰਕਾਰ ਨੇ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਆਇਆ। ਜੁਲਾਈ 2020 ਵਿੱਚ ਵੀ ਪਤੰਜਲੀ ਨੇ ਕੋਰੋਨਾ ਕਿੱਟ ਦੇ ਨਾਂ ਤੇ ਤਿੰਨ ਦਵਾਈਆਂ ਦੀ ਇਕ ਸੈੱਟ ਲਾਂਚ ਕੀਤਾ ਸੀ, ਤਦ ਵੀ ਕਿੰਨੇ ਸਾਰੇ ਸੁਆਲ ਖੜ੍ਹੇ ਹੋਏ ਸਨ। ਕੇਂਦਰੀ ਸਿਹਤ ਮੰਤਰਾਲਾ ਨੇ ਇਸ ਦੇ ਪ੍ਰਚਾਰ ਤੇ ਰੋਕ ਲਾਈ ਸੀ ਅਤੇ ਉੱਤਰਾਖੰਡ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ। ਇਸ ਦੇ ਪਿਛੋਂ ਦਿੱਲੀ ਵਿੱਚ ਇਸ ਦੀ ਰੀਲਾਂਚਿੰਗ ਕੀਤੀ ਗਈ। ਦੇਸ਼ ਭਰ ਵਿੱਚ ਆਧੁਨਿਕ ਇਲਾਜ ਪ੍ਰਣਾਲੀ -ਐਲੋਪੈਥੀ ਦੇ ਡਾਕਟਰਾਂ ਨੇ ਬਾਬਾ ਰਾਮਦੇਵ ਦੀ ਪਤੰਜਲੀ ਸਮੂਹ ਦੇ ਕੋਵਿਡ-19 ਦੇ ਇਲਾਜ ਲਈ ਆਯੁਰਵੈਦਿਕ ਦਵਾ ਕੋਰੋਨਿਲ ਦੇ ਦਾਅਵੇ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਾਬਾ ਰਾਮਦੇਵ ਦਾ ਦਾਅਵਾ ਸਰਾਸਰ ਗ਼ਲਤ ਹੈ ਅਤੇ ਇਸ ਦਵਾਈ ਦੇ ਪ੍ਰੋਗਰਾਮ ਵਿਚ ਸਿਹਤ ਮੰਤਰੀ ਦੇ ਸ਼ਾਮਲ ਹੋਣ ਨਾਲ ਲੋਕਾਂ 'ਚ ਗਲਤ ਸੰਦੇਸ਼ ਗਿਆ ਹੈ। ਆਯੋਜਿਤ ਕੀਤੇ ਇਸ ਪ੍ਰੋਗਰਾਮ ਚ ਪਹਿਲਾਂ ਤਾਂ ਇਹ ਐਲਾਨ ਕੀਤਾ ਗਿਆ ਕਿ ਇਹ ਕੋਵਿਡ-19 ਦੀਆਂ ਗੁੰਝਲਾਂ ਦੇ ਇਲਾਜ, ਰੋਕਥਾਮ ਵਿੱਚ ਉਪਯੋਗੀ ਪਹਿਲੀ ਤੱਥ ਆਧਾਰਤ ਦਵਾ ਹੈ। ਇਸ ਤਰ੍ਹਾਂ ਦੇ ਬੇਬੁਨਿਆਦ ਦਾਅਵੇ ਖਾਸ ਕਰਕੇ ਮਹਾਂਮਾਰੀ ਦੇ ਦੌਰ ਵਿੱਚ ਗੰਭੀਰ ਚਿੰਤਾ ਦਾ ਵਿਸ਼ਾ ਬਣਦੇ ਹਨ। ਇਸ ਤਰਾਂ ਤਾਂ ਕੋਈ ਵੀ ਇਹ ਵਿਸਵਾਸ ਕਰਨਾ ਸੁਰੂ ਕਰ ਦੇਵੇਗਾ ਕਿ ਕੋਰੋਨਲ ਨਾਲ ਇਲਾਜ ਸੰਭਵ ਹੈ। ਇਸ ਤੋਂ ਇਲਾਵਾ ਵਿਸਵ ਸਿਹਤ ਸੰਗਠਨ (ਡਬਲਿਊਐੱਚਓ) ਦੇ ਸਰਟੀਫਿਕੇਟ ਦਾ ਦਾਅਵਾ ਵੀ ਭਰਮਾਊ ਹੈ, ਕਿਉਂਕਿ ਡਬਲਯੂਐਚਓ ਕਦੀ ਦਵਾਈ ਦੇ ਅਸਰ ਅਤੇ ਇਲਾਜ ਦੇ ਫਾਇਦੇ ਨੂੰ ਪ੍ਰਵਾਨਿਤ ਨਹੀਂ ਕਰਦੀ ਹੈ। ਕੰਪਨੀ ਦਾ ਇਹ ਦਾਅਵਾ ਕਿ ਜੈਪੁਰ ਦੇ ਇਕ ਹਸਪਤਾਲ ਵਿਚ ਬਿਨਾਂ ਲੱਛਣ ਵਾਲੀ ਪਚੱਨਵੇ ਮਰੀਜਾਂ ਤੇ ਦਵਾ ਦਾ ਤਜਰਬਾ ਕੀਤਾ ਗਿਆ ਨਤੀਜੇ ਇੱਕ ਮੈਡੀਕਲ ਜਰਨਲ ਵਿੱਚ ਛਾਪੇ। ਪਰ ਮੈਡੀਕਲ ਜਰਨਲ ਵਿਚ ਪ੍ਰਕਾਸ਼ਿਤ ਖੋਜ ਵਿਚ ਕਿਹਾ ਗਿਆ ਕਿ ਇਹ ਬਿਨਾਂ ਲੱਛਣ ਵਾਲੇ ਪਚੱਨਵੇ ਮਰੀਜ਼ਾਂ ਤੇ ਕੀਤਾ ਗਿਆ ਪਾਇਲਟ ਅਧਿਅਨ ਹੈ। ਜੇ ਇਹ ਪਾਇਲਟ ਅਧਿਅਨ ਹੈ ਤਾਂ ਸਬੂਤ-ਆਧਾਰਿਤ ਦਵਾ ਹੋਣ ਦਾ ਦਾਅਵਾ ਕਿਵੇਂ ਕੀਤਾ ਜਾ ਸਕਦਾ ਹੈ? ਕੋਵਿਡ-19 ਪੌਜੀਟਿਵ ਮਰੀਜਾਂ ਦੀ ਗਿਣਤੀ ਲੱਖਾਂ ਵਿੱਚ ਹੈ, ਸਿਰਫ਼ ਬਿਨਾਂ ਲੱਛਣ ਵਾਲੇ 95 ਮਰੀਜਾਂ ਤੇ ਹੀ ਦਵਾਈ ਦੀ ਵਰਤੋਂ ਕੀਤੀ ਗਈ। ਇਸ ਵਿੱਚ ਪੰਜਾਹ ਲੋਕਾਂ ਨੂੰ ਪਲੈਸਬੋ (ਜਾਨੀ ਅਸਲੀ ਦਬਾਅ ਤੋਂ ਇਲਾਵਾ ਕੋਈ ਵੀ ਹੋਰ ਖੁਰਾਕ) ਮਿਲੀ, ਜਦਕਿ ਪਨਤਾਲੀ ਲੋਕਾਂ ਨੂੰ ਹੀ ਇਹ ਦਵਾ ਦਿੱਤੀ ਗਈ। ਇੱਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਬਿਨਾਂ ਲੱਛਣ ਵਾਲੇ ਮਰੀਜ ਕੋਵਿਡ-19 ਦੀ ਇਨਫੈਕਸ਼ਨ ਹੋਣ ਤੋਂ ਪੰਜ ਜਾਂ ਸੱਤ ਦਿਨਾਂ ਦੇ ਅੰਦਰ ਕੋਈ ਵੀ ਦਵ ਲਏ ਬਿਨਾਂ ਠੀਕ ਹੋ ਜਾਂਦੇ ਹਨ। ਪ੍ਰਕਾਸ਼ਿਤ ਹੋਏ ਪੇਪਰ ਵਿੱਚ ਇਹ ਨਹੀਂ ਲਿਖਿਆ ਕਿ ਕੋਈ ਟਰਾਇਲ ਦੇ ਲਈ ਤਿਆਰ ਹੋਇਆ ਤਾਂ ਉਸ ਨੂੰ ਕਦੋਂ ਇਨਫੈਕਸ਼ਨ ਹੋਈ ਸੀ। ਮਸਲਨ ਕੋਈ ਵੀ ਇਨਫ਼ੈਕਸ਼ਨ ਹੋਣ ਦੇ ਚਾਰ ਦਿਨ ਬਾਅਦ ਅਤੇ ਦੂਜੀ ਇਨਫੈਕਸ਼ਨ ਹੋਣ ਤੋਂ ਪਹਿਲੇ ਦਿਨ ਹੀ ਇਲਾਜ ਲਈ ਪਹੁੰਚਿਆ ਤਾਂ ਨਤੀਜੇ ਅਲੱਗ ਅਲੱਗ ਹੋਣੇ ਤੈਅ ਹਨ। ਦੂਜੀ ਸਮੱਸਿਆ ਇਹ ਹੈ ਕਿ ਖੋਜਕਾਰੀਆਂ ਵਿਚ ਇਕ ਪਤੰਜਲੀ ਹੈ, ਇਹ ਦਵਾ ਦੀ ਨਿਰਮਾਤਾ ਹੈ, ਇੰਸਟੀਚਿਊਟ ਦੀ ਪ੍ਰਯੋਗਿਕ ਵੀ ਹੈ ਅਤੇ ਖੋਜ ਪੱਤਰ ਦਾ ਹਿੱਸਾ ਵੀ ਹੈ। ਰਾਮਦੇਵ ਦੇ ਇਸ ਦਾਅਵੇ ਨੇ ਪਤੰਜਲੀ ਆਯੁਰਵੈਦਿਕ ਉਤਪਾਦਾਂ ਨੂੰ ਇਸ ਦੇਸ਼ ਵਿੱਚ ਮਜ਼ਾਕ ਦਾ ਪਾਤਰ ਬਣਾ ਦਿੱਤਾ ਹੈ। ਸਭ ਤੋਂ ਪਹਿਲਾਂ ਤਾਂ ਪੇਪਰ ਟਰਾਇਲ ਵਿਚ ਪ੍ਰਵੇਸ਼ ਦੇ ਸਮੇਂ ਲੋਕਾਂ ਦੇ ਐਚਐਸ- ਸੀਆਰਪੀ, ਆਈਐਲ-6 ਅਤੇ ਟੀਐਨਐਫ ਦੇ ਸੀਰਮ ਪੱਧਰ ਬਾਰੇ ਕੁਝ ਨਹੀਂ ਦਸਦਾ ਹੈ। ਦੂਜੇ ਬਿਨਾਂ ਲੱਛਣ ਵਾਲੇ ਨੜਿੰਨਵੇ ਫੀਸਦੀ ਲੋਕਾਂ ਵਿੱਚ ਇਨ੍ਹਾਂ ਤਿੰਨੋਂ ਸੰਕੇਤਕਾਂ ਦਾ ਸੀਰਮ ਪੱਧਰ ਆਮ ਰਹਿੰਦਾ ਹੈ ਅਤੇ ਇਲਾਜ ਦੀ ਜਰੂਰਤ ਨਹੀਂ ਹੁੰਦੀ ਹੈ। ਇਲਾਜ ਜਰੂਰੀ ਉਦੋਂ ਹੁੰਦਾ ਹੈ ਜਦ ਤਿੰਨੋਂ ਸੰਕੇਤਕ ਆਮ ਪੱਧਰ ਤੋਂ ਉੱਪਰ ਜਾਂਦੇ ਹਨ। ਪਰ ਅਮੂਮਨ ਇਹ ਪੱਧਰ ਸਿਹਤਮੰਦ ਵਿਅਕਤੀ ਵਿੱਚ ਵੀ ਬਦਲਦਾ ਰਹਿੰਦਾ ਹੈ। ਆਈਸੀਐਮਆਰ ਨੇ ਸੁਰੂ ਵਿੱਚ ਕਿਹਾ ਸੀ ਕਿ ਕੋਵਿਡ-19 ਦੇ ਇਲਾਜ ਲਈ ਹਾਈਡਰੋਕਸੀ ਕਲੋਰੋਕੁਇਨ ਨੂੰ ਨਿਵਾਰਕ ਦਵਾ ਵਜੋਂ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਉਸੇ ਆਈਸੀਐਮਆਰ ਨੇ ਪਿੱਛੋਂ ਕਿਹਾ ਕਿ ਇਸ ਦਵਾ ਅਸਰਦਾਇਕ ਨਹੀਂ ਹੈ। ਇਹੀ ਤਾਂ ਖੋਜ ਆਧਾਰਿਤ ਦ੍ਰਿਸ਼ਟੀਕੋਣ ਹੈ। ਰਿਸਰਚ ਤੋਂ ਪਤਾ ਲੱਗਦਾ ਹੈ ਕਿ ਅੱਜ ਜੋ ਸੱਚ ਹੈ ਉਹ ਕਲ੍ਹ ਸੱਚ ਨਹੀਂ ਵੀ ਹੋ ਸਕਦਾ। ਪਰ ਕਿਸੇ ਪਾਇਲਟ ਅਧਿਅਨ ਦੇ ਅਧਾਰ ਤੇ ਭਰਮਾਊ ਦਾਅਵਾ ਕਰਨਾ ਠੀਕ ਨਹੀਂ। ਇਸ ਤੋਂ ਇਲਾਵਾ ਧਿਆਨ ਦੇਣ ਵਾਲੀ ਗੱਲ ਇਹ ਵੀ ਹੈ ਕਿ ਰੈਮਿਨਡਸਵਿਆਰ ਦੇ ਲਾਂਚ ਵਿੱਚ ਕਿਸੇ ਵੀ ਮੰਤਰੀ ਨੇ ਭਾਗ ਨਹੀਂ ਲਿਆ ਸੀ ਅਤੇ ਉਹ ਇਹ ਨਹੀਂ ਕਿਹਾ ਸੀ ਕਿ ਇਹ ਦਵਾ ਅੱਛੀ ਹੈ। ਭਾਵ ਵਿਗਿਆਨ ਨੂੰ ਰਾਜਨੀਤੀ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਸਾਰੇ ਡਾਕਟਰਾਂ ਤੇ ਲਾਗੂ ਕੋਡ ਆਫ ਕੰਡਕਟ ਦੇ ਹਿਸਾਬ ਨਾਲ ਕੋਈ ਵੀ ਡਾਕਟਰ ਕਿਸੇ ਅਣਜਾਣੀ ਦਵਾ ਜਾਂ ਕਿਸੇ ਵਪਾਰ ਨੂੰ ਹੱਲਾਸ਼ੇਰੀ ਨਹੀਂ ਦੇ ਸਕਦਾ। ਕਿਸੇ ਖ਼ਾਸ ਨਿੱਜੀ ਏਜੰਸੀ ਦੀ ਖਾਸ ਦਵਾ ਦੇ ਪ੍ਰਚਾਰ ਵਿੱਚ ਸਿਹਤ ਮੰਤਰੀ ਦੇ ਹਾਜਰ ਹੋਣ ਦੀ ਲੋੜ ਵੀ ਕੀ ਸੀ ? ਸਾਡਾ ਸਰੋਕਾਰ ਇਹ ਵੀ ਹੈ ਕਿ ਰਾਮਦੇਵ ਨੇ ਉਸ ਆਯੋਜਨ ਵਿਚ ਆਧੁਨਿਕ ਮੈਡੀਕਲ ਡਾਕਟਰਾਂ ਨੂੰ ਮੈਡੀਕਲ ਅੱਤਵਾਦੀ ਕਿਹਾ। ਇਹ ਮਾਨਯੋਗ ਸਿਹਤ ਮੰਤਰੀ ਦੀ ਹਾਜਰੀ ਵਿੱਚ ਦਿੱਤਾ ਗਿਆ ਬੇਹੱਦ ਅਪਮਾਨਜਨਕ ਬਿਆਨ ਸੀ। ਆਯੁਰਵੈਦਿਕ ਤੇ ਐਲੋਪੈਥਿਕ ਪ੍ਰਣਾਲੀ ਵਿਚਾਕੇ ਕੋਈ ਮੁਕਾਬਲਾ ਨਹੀਂ ਹੈ ਬਲਕਿ ਇਸ ਦੇਸ਼ ਵਿੱਚ ਅਯੂਰਵੈਦਿਕ ਅੱਛੀ ਰਵਾਇਤ ਹੈ,ਪਰ ਇਹ ਗਲਤ ਦਾਅਵਾ ਨਾ ਕੀਤਾ ਜਾਵੇ ਕਿ ਜੇ ਤੁਸੀਂ ਕੋਰੋਨੋਲ ਲੈਂਦੇ ਹੋ ਤਾਂ ਸਭ ਕੁੱਝ ਠੀਕ ਹੈ। ਅਜਿਹਾ ਗਲਤ ਸੰਦੇਸ਼ ਲੋਕਾਂ ਨੂੰ ਬਿਲਕੁਲ ਹੀ ਨਹੀਂ ਦਿੱਤਾ ਜਾਣਾ ਚਾਹੀਦਾ। (ਤੱਥਾਂ ਦਾ ਸਰੋਤ ਆਉਟਲੁੱਕ ਮਾਰਚ, 21)

# ਲੋਕਾਂ ਦਾ ਨਾ ਦੁੱਧ ਵਿਕਦਾ....



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ

ਆਪਣੇ ਪਹਿਲੇ ਲੇਖ 'ਮੌਜੂਦਾ ਭਾਰਤੀ ਕਿਸਾਨ ਅੰਦੋਲਨ ਦੇ ਅਹਿਮ ਪੱਖ' (On-Line, Sarokar.ca, 4 ਜਨਵਰੀ 2021) ਵਿੱਚ 'ਅਡਾਨੀ-ਅੰਬਾਨੀ ਜੌੜੇ ਬਘਿਆੜ' ਉਪ-ਸਿਰਲੇਖ ਹੇਠ ਮੈਂ ਸੰਕੇਤ-ਮਾਤਰ ਲਿਖਿਆ ਸੀ ਕਿ ਕਿਵੇਂ ਬੀ ਜੇ ਪੀ ਦੀ ਮੋਦੀ ਸਰਕਾਰ ਨੇ ਅਡਾਨੀ-ਅੰਬਾਨੀ ਜੋੜੀ ਨੂੰ ਭਾਰਤ ਨੂੰ ਦੋਹੀਂ ਹੱਥੀਂ ਲੁੱਟਣ ਦੀ ਪੂਰੀ ਖੁੱਲ੍ਹ ਦੇ ਰੱਖੀ ਹੈ। ਇਸ ਲੁੱਟ ਵਿੱਚ ਅਡਾਨੀ-ਅੰਬਾਨੀ ਹੀ ਨਹੀਂ, ਤੀਸਰਾ ਰਾਮਦੇਵ ਵੀ ਯੋਗਾ ਅਤੇ ਪਤੰਜਲੀ ਦੇ ਪਰਦੇ ਹੇਠ ਭਾਰਤੀਆਂ ਦਾ ਸ਼ੋਸ਼ਨ ਕਰ ਰਿਹਾ ਹੈ। ਅਡਾਨੀ-ਅੰਬਾਨੀ ਕਾਰਪੋਰੇਟ ਘਰਾਣਿਆਂ ਦੀ ਸੰਪਤੀ, ਭਾਰਤ ਅਤੇ ਦੁਨੀਆਂ ਭਰ ਵਿੱਚ ਇਹਨਾਂ ਦੇ ਕਾਰੋਬਾਰਾਂ ਦੇ ਵਿਛਾਏ ਗਏ ਜਾਲ਼ਾਂ ਦੀ ਦੋ ਅਲੱਗ ਲੇਖਾਂ ਵਿੱਚ ਚਰਚਾ ਕੀਤੀ ਗਈ ਸੀ। ਇਸ ਸੰਦਰਭ ਵਿੱਚ ਰਾਮਦੇਵ, ਅਡਾਨੀ ਅੰਬਾਨੀ ਤੋਂ ਵੀ ਵੱਧ ਖ਼ਤਰਨਾਕ ਅਤੇ ਘਾਤਕ ਹੈ, ਕਿਉਂਕਿ ਉਹ ਤਾਂ ਪਰਦੇ ਦੇ ਪਿੱਛੇ ਰਹਿ ਕੇ ਆਪਣਾ ਕਾਰਪੋਰੇਟ ਧੰਦਾ ਚਲਾ ਰਹੇ ਹਨ, ਸਿੱਧੇ ਤੌਰ 'ਤੇ ਉਹ ਰਾਜਨੀਤੀ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰਦੇ। ਪਰ ਭਗਵੇਂ ਬਾਣੇ 'ਚ ਯੋਗੀ ਰਾਮਦੇਵ ਤਾਂ ਖੁੱਲ੍ਹਮ-ਖੁੱਲ੍ਹਾ, ਵਾਹਯਾਤ, ਨੰਗਾ-ਚਿੱਟਾ ਫਿਰਕੂ ਸਿਆਸੀ, ਸਮਾਜਿਕ, ਵਪਾਰਕ ਅਤੇ ਚਕਿਤਸਾ ਆਦਿ ਸਾਰੇ ਪਾਸਿਆਂ ਤੋਂ ਭਾਰਤ ਦੇ ਲੋਕਾਂ ਦਾ ਸ਼ੋਸ਼ਨ ਕਰ ਰਿਹਾ ਹੈ। ਹੱਥਲੇ ਲੇਖ ਵਿਚ ਅਸੀਂ ਪਤੰਜਲੀ ਵੱਲੋਂ ਧੱਕੇ-ਧੋਖੇ ਨਾਲ਼ ਇਕਵਾਇਰ ਕੀਤੀ ਹਜ਼ਾਰਾਂ ਏਕੜ ਜ਼ਮੀਨ, ਮੋਦੀ ਸਰਕਾਰ ਤੇ ਆਰ ਐੱਸ ਐਸ ਨਾਲ਼ ਨੇੜਲੇ ਸਬੰਧਾਂ, ਰਾਮਦੇਵ ਦਾ ਫ਼ਾਸ਼ੀ ਚਿਹਰਾ, ਪਤੰਜਲੀ ਦੇ ਕਾਰੋਬਾਰੀ ਘਪਲ਼ੇ ਅਤੇ ਸੰਪਤੀ, ਖੇਤੀ ਕਾਨੂੰਨਾਂ ਬਾਰੇ ਉਸਦੇ ਕਿਸਾਨ-ਵਿਰੋਧੀ ਸਟੈਂਡ ਬਾਰੇ ਚਰਚਾ ਕਰਾਂਗੇ। ਵਿਸਥਾਰ ਸਹਿਤ ਲੇਖ On-Line, Sarokar.ca, ਮਈ 2021 ਵਿਚ ਛਪੇਗਾ।

**ਯੋਗ ਗੁਰੂ ਤੋਂ ਪਤੰਜਲੀ ਅਤੇ ਭਾਰਤੀ ਸਿਆਸਤ ਤੱਕ ਸਫ਼ਰ:** ਰਾਮਦੇਵ ਦੇ ਯੋਗ ਗੁਰੂ ਤੋਂ ਪਤੰਜਲੀ ਅਤੇ ਭਾਰਤੀ ਸਿਆਸਤ ਤੱਕ ਪੌੜੀ ਲਾਉਣ ਦੇ ਸਫ਼ਰ ਵਿਚ ਕੜੀ ਬਣਿਆ ਵਿਅਕਤੀ ਰਾਜੀਵ ਦੀਕਸ਼ਿਤ ਸੀ, ਜੋ ਹਿੰਦੂ ਧਰਮ ਵਿਚ ਆਸਥਾ ਰੱਖਣ ਵਾਲ਼ਾ, ਆਯੁਰਵੇਦ ਦਾ ਧਨੰਤਰ, ਅਤੇ ਸਵਦੇਸ਼ੀ ਦਾ ਝੰਡਾ ਬਰਦਾਰ ਸੀ। ਆਯੁਰਵੇਦ ਬਾਰੇ ਉਸਨੇ ਕਈ ਕਿਤਾਬਾਂ ਵੀ ਲਿਖੀਆਂ ਹਨ, ਉਸਨੇ 12,000 ਤੋਂ ਵੱਧ ਵਿਖਿਆਨ ਦਿੱਤੇ । 1999 ਵਿਚ ਉਸਦੀ ਮੁਲਾਕਾਤ ਰਾਮਦੇਵ ਨਾਲ਼ ਹੋਈ ਜੋ ਉਸ ਸਮੇਂ ਦੇਸ਼ ਭਰ ਵਿਚ ਯੋਗ ਨੂੰ ਫੈਲਾਉਣ ਵਿਚ ਵਿਅਸਤ ਸੀ। ਉਹ ਵਿਖਿਆਨਾਂ ਦੌਰਾਨ ਰਾਮਦੇਵ ਦੀਆਂ ਨੀਤੀਆਂ ਦਾ ਵਿਰੋਧ ਕਰਦਾ ਸੀ, ਉਸ ਵੱਲੋਂ ਕੀਤੇ ਜਾ ਰਹੇ ਸਵਦੇਸ਼ੀ ਦੇ ਵਪਾਰੀਕਰਣ ਦਾ ਉਹ ਕੱਟੜ ਵਿਰੋਧੀ ਸੀ। 2009 ਵਿਚ ਉਨ੍ਹਾਂ ਵੱਲੋਂ ਬਣਾਈ "ਭਾਰਤ ਸਵੈਭਿਮਾਨ" ਦਾ ਰਾਸ਼ਟਰੀ ਸਕੱਤਰ ਰਾਜੀਵ ਦੀਕਸ਼ਿਤ ਨੂੰ ਬਣਾਇਆ ਗਿਆ। ਇਥੋਂ ਹੀ ਉਸਦੀ ਪ੍ਰਸਿੱਧੀ ਚਰਮ ਸੀਮਾਂ 'ਤੇ ਪਹੁੰਚ ਗਈ ਅਤੇ ਦੇਸ਼ ਦੇ ਕਰੋੜਾਂ ਲੋਕ ਉਸਦੇ ਵਿਖਿਆਨ ਸੁਣਕੇ ਉਸਦੇ ਉਪਾਸ਼ਕ ਬਣਨ ਲੱਗੇ। ਰਾਜੀਵ ਆਪਣੇ ਗਿਆਨ, ਚਿੰਤਨ, ਵਿਖਿਆਨਾਂ ਕਰਕੇ ਏਨਾ ਕੱਦਾਵਰ ਸੀ ਕਿ ਰਾਮਦੇਵ ਉਸਦੇ ਸਾਹਮਣੇ ਇਕ ਬੌਣਾ ਤੇ ਬੌਂਗਾ ਮਨੁੱਖ ਲੱਗਦਾ ਸੀ। ਰਾਮਦੇਵ ਨੂੰ ਇਹ ਲੱਗਦਾ ਸੀ ਕਿ ਜੇ ਇਹ ਆਦਮੀ ਇਸੇ ਤਰ੍ਹਾਂ ਵਿਖਿਆਨ ਦਿੰਦਾ ਰਿਹਾ ਤਾਂ ਇਕ ਦਿਨ ਐਸਾ ਆਵੇਗਾ ਜਦ ਉਹ ਸਵਦੇਸ਼ੀ ਦੇ ਵਪਾਰੀਕਰਣ ਤੋਂ ਅਸਮਰੱਥ ਹੋ ਜਾਵੇਗਾ। ਇਸ ਦੌਰਾਨ 'ਭਾਰਤ ਸਵੈਭਿਮਾਨ' ਨੂੰ ਰਾਜਨੀਤਕ ਦਲ ਬਣਾਉਣ ਦੀ ਘੋਸ਼ਣਾ ਕਰ ਦਿੱਤੀ ਗਈ, ਜਿਸਦੇ ਮੁੱਖ ਐਲਾਨਨਾਮੇ ਸਨ: ਵਿਦੇਸ਼ਾਂ ਵਿਚੋਂ ਕਾਲ਼ੇ ਧਨ ਦੀ ਵਾਪਸੀ, ਦੇਸ਼ 'ਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨਾ, ਗਊ-ਰੱਖਿਆ, ਅਤੇ ਇਹ ਕਿ 2014 ਵਿਚ 'ਭਾਰਤ ਸਵੈਭਿਮਾਨ' ਲੋਕ ਸਭਾ ਦੀਆਂ ਚੋਣਾਂ ਲੜੇਗਾ। ਸਰਕਾਰੀ ਖ਼ੁਫ਼ੀਆ ਏਜੰਸੀਆਂ ਦੀ ਰਿਪੋਰਟ ਸੀ ਕਿ 'ਭਾਰਤ ਸਵੈਭਿਮਾਨ' ਘੱਟ ਤੋਂ ਘੱਟ ਸੌ ਕੁ ਸੀਟਾਂ ਜਿੱਤ ਸਕਦਾ ਹੈ। ਬੀ ਜੇ ਪੀ ਨੂੰ ਲੱਗਦਾ ਸੀ ਕਿ 'ਭਾਰਤ ਸਵੈਭਿਮਾਨ' ਦੇ ਚੋਣ ਜਿੱਤਣ ਦੀ ਸੂਰਤ ਵਿਚ ਬੀ ਜੇ ਪੀ ਦਾ ਨਾਮੋ-ਨਿਸ਼ਾਨ ਮਿਟ ਜਾਵੇਗਾ। ਆਰ ਐੱਸ ਐੱਸ ਦੇ ਤਮਾਮ ਪ੍ਰਵਕਤਾ ਨੇ ਰਾਜੀਵ ਦੀਕਸ਼ਿਤ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਕਿ ਉਹ 'ਭਾਰਤ ਸਵੈਭਿਮਾਨ' ਵੱਲੋਂ ਚੋਣ ਲੜਨ ਦਾ ਐਲਾਨ ਵਾਪਸ ਲੈ ਲਵੇ। ਲੇਕਿਨ ਰਾਜੀਵ ਦੀਕਸ਼ਿਤ ਇਸ ਜ਼ਿਦ 'ਤੇ ਅੜ ਗਿਆ ਕਿ ਬੀ ਜੇ ਪੀ ਅਤੇ ਕਾਂਗਰਸ ਦੋਨੋ ਹੀ ਕੁਰੱਪਟ ਹਨ, ਇਸ ਕਰਕੇ 'ਭਾਰਤ ਸਵੈਭਿਮਾਨ' ਅਵੱਸ਼ ਚੋਣਾਂ ਲੜੇਗਾ। ਇਸ ਸਾਰੇ ਸਿਆਸੀ ਸੰਕਟ ਦੌਰਾਨ 30 ਨਵੰਬਰ 2010 ਨੂੰ ਰਾਜੀਵ ਦੀਕਸ਼ਿਤ ਦੀ ਅਚਾਨਕ ਮੌਤ ਭਿਲਾਈ ਦੇ ਅਪੋਲੋ ਹਸਪਤਾਲ ਵਿਚ ਹੋ ਗਈ, ਰਾਮਦੇਵ ਨੇ ਬਿਨਾ ਪੋਸਟਮਾਰਟਮ ਕਰਵਾਇਆਂ ਹੀ ਉਸਦਾ ਸੰਸਕਾਰ ਕਰਵਾ ਦਿੱਤਾ ਸੀ। ਲੋਕ ਕਹਿੰਦੇ ਹਨ ਕਿ ਰਾਮਦੇਵ ਰਾਜੀਵ ਦੀ ਵਧਦੀ ਹੋਈ ਪ੍ਰਸਿੱਧੀ ਤੋਂ ਤ੍ਰਿਹੰਦਾ ਸੀ, ਜਿਸ ਕਰਕੇ ਕਥਿੱਤ ਤੌਰ 'ਤੇ ਉਸਨੇ ਹੀ ਉਸ ਨੂੰ ਮਰਵਾਇਆ ਹੈ। ਉਸ ਉੱਪਰ ਆਪਣੇ ਯੋਗ ਗੁਰੂ ਸ਼ੰਕਰ ਦੇਵ ਨੂੰ ਗ਼ਾਇਬ ਕਰਨ ਦਾ ਦੋਸ਼ ਵੀ ਹੈ। ਰਾਜੀਵ ਦੀਕਸ਼ਿਤ ਦੀ ਲਾਸ਼ 'ਤੇ ਪੌੜੀ ਲਗਾ ਕੇ ਰਾਮਦੇਵ ਸਿੱਧਾ ਧੁੱਸ ਦੇ ਕੇ ਬੀ ਜੇ ਪੀ, ਆਰ ਐੱਸ ਐੱਸ ਦੇ ਖੇਮੇ ਵਿਚ ਵੜ ਗਿਆ ਅਤੇ ਸਿਆਸੀ ਤਾਕਤ ਦਾ ਪਾਸਕੂ ਉਸਦੇ ਹੱਥ ਆਉਣ ਕਰਕੇ ਮੋਦੀ ਤੋਂ ਲੈ ਕੇ ਬੀ ਜੇ ਪੀ ਦੇ ਸਾਰੇ ਸੀਨੀਅਰ ਮੈਂਬਰ ਹੁਣ ਉਸਦੀ ਮੁੱਠੀ ਵਿਚ ਸਨ। ਉਹ ਸੱਜ-ਪਿਛਾਖੜ ਹਿੰਦੂਵਾਦ ਲਈ ਮੁੱਖ ਆਵਾਜ਼ ਬਣ ਗਿਆ, 2014 ਵਿਚ ਮੋਦੀ ਨੂੰ ਸੱਤਾ ਵਿਚ ਲਿਆਉਣ ਲਈ ਉਸਦਾ ਵੱਡਾ ਯੋਗਦਾਨ ਹੈ। 2014 ਦੀ ਲੈਂਡਸਲਾਈਡ ਜਿੱਤ ਤੋਂ ਮਹੀਨਾ ਕੁ ਪਹਿਲਾਂ ਰਾਮਦੇਵ ਨੇ ਬੀ ਜੇ ਪੀ ਦੇ ਪੰਜ ਵੱਡੇ ਲੀਡਰਾਂ (ਐੱਲ ਕੇ ਅਡਵਾਨੀ, ਰਾਜਨਾਥ ਸਿੰਘ, ਸੁਸ਼ਮਾ ਸਵਰਾਜ, ਅਰੁਣ ਜੇਤਲੀ, ਅਤੇ ਨਿਤਨ ਗਟਕੜੀ) ਕੋਲ਼ੋਂ ਦੇਸ਼ ਵਿਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ, ਕਾਲ਼ੇ ਧਨ ਦੀ ਵਾਪਸੀ, ਸਵਦੇਸ਼ੀ ਨੂੰ ਅਪਨਾਉਣ, ਗਊ-ਰੱਖਿਆ, ਆਦਿ ਮੁੱਦਿਆਂ ਬਾਰੇ ਇਕ ਛਪਥ-ਪੱਤਰ (1*) ਉੱਪਰ ਹਸਤਾਖ਼ਰ ਕਰਵਾ ਕੇ ਉਹਨਾਂ ਤੋਂ ਅਹਿਦ ਲਿਆ ਸੀ ।

**ਆਯੁਰ ਵੇਦ, ਪਤੰਜਲੀ ਅਤੇ ਰਾਮਦੇਵ:** "ਆਯੁਰ ਵੇਦ ਆਯੂ ਵੇਦ ਅਰਥਾਤ ਉਮਰ ਸਬੰਧੀ ਉਪਵੇਦ, ਵੈਦ ਵਿਦਿਆ। ਇਸ ਦੇ ਮੁੱਖ ਆਚਾਰਯ ਅਸ਼ਵਨੀ ਕੁਮਾਰ ਮੰਨੇ ਜਾਂਦੇ ਹਨ, ਜਿਨ੍ਹਾਂ ਤੋਂ ਇੰਦਰ ਨੇ ਪੜ੍ਹੀ, ਅਤੇ ਇੰਦਰ ਨੇ ਧਨੰਤਰ ਨੂੰ ਸਿਖਾਈ। ਇਹ ਅਥਰਵ ਵੇਦ ਦਾ ਉਪਵੇਦ ਹੈ ।" (*2) ਰਾਜੀਵ ਦੀਕਸ਼ਿਤ ਦੇ ਵਿਖਿਆਨਾਂ ਅਤੇ ਉਸ ਦਵਾਰਾ ਲਿਖੀਆਂ ਪੁਸਤਕਾਂ ਤੋਂ ਪਤਾ ਲੱਗਦਾ ਹੈ ਕਿ ਉਸ ਨੂੰ ਆਯੁਰ ਵੇਦ ਦਾ ਗਹਿਰਾ ਗਿਆਨ ਸੀ, ਲੇਕਿਨ ਉਹ ਇਸਦੇ ਵਪਾਰੀਕਰਨ ਦੇ ਸਖ਼ਤ ਖ਼ਿਲਾਫ਼ ਸੀ। ਰਾਮਦੇਵ ਸਿਰਫ਼ ਯੋਗਾ ਹੀ ਜਾਣਦਾ ਸੀ। ਰਾਜੀਵ ਦੀਕਸ਼ਿਤ ਨੂੰ ਭੇਦ ਭਰੇ ਢੰਗ ਨਾਲ਼ ਲਾਂਭੇ ਕਰਕੇ, ਪਰ ਉਸਦੇ ਆਯੁਰ ਵੇਦ ਨੂੰ ਪੌੜੀ ਬਣਾ ਕੇ ਰਾਮਦੇਵ ਨੇ 'ਪਤੰਜਲੀ' ਦੇ ਨਾਂ ਥੱਲੇ ਆਯੁਰ ਵੇਦ ਦਾ ਵਪਾਰ ਸ਼ੁਰੂ ਕੀਤਾ, ਜੋ ਬੀ ਜੇ ਪੀ ਅਤੇ ਮੋਦੀ ਦੇ ਸੱਤਾ ਵਿਚ ਆਉਂਦਿਆਂ ਹੀ ਫੁੱਲਿਆ ਫੈਲਿਆ ਹੈ। ਇਸ ਧੰਦੇ ਵਿਚੋਂ ਉਸਦਾ ਮੁਨਾਫ਼ਾ 2013 ਵਿਚ 156 ਮਿਲੀਅਨ US$ ਤੋਂ ਵਧ ਕੇ 2015 ਵਿਚ 322 ਮਿਲੀਅਨ US$ ਹੋ ਗਿਆ ।2017 ਦੀ Hurun India Rich List ਵਿਚ ਰਾਮਦੇਵ ਦਾ ਭਾਰਤ ਦੇ ਸਭ ਤੋਂ ਅਮੀਰ ਵਿਅਕਤੀਆਂ ਵਿਚੋਂ ਅੱਠਵਾਂ ਸਥਾਨ ਸੀ । 2019 ਵਿਚ ਕੰਪਨੀ ਕੋਲ਼ ਉਤਪਾਦਨ ਦੀ ਸਮਰੱਥਾ 35,000 ਕਰੋੜ ਰੁਪਏ (US$5.3 Billion) ਸੀ, ਅਤੇ ਨੋਇਡਾ, ਨਾਗਪੁਰ ਅਤੇ ਇੰਦੌਰ ਵਿਚਲੇ ਨਵੇਂ ਉਤਪਾਦਨ ਕੇਂਦਰਾਂ ਨੂੰ ਮਿਲਾ ਕੇ 2019 ਵਿਚ 60,000 ਕਰੋੜ ਰੁਪਏ (US$9.7 Billion) ਦੇ ਉਤਪਾਦਨ ਦੀ ਤਿਆਰੀ ਵਿਚ ਹੈ। 2020 ਵਿਚ ਉਸਦੀ ਪੂੰਜੀ 5.3 ਬਿਲੀਅਨ ਤੋਂ ਘਟ ਕੇ 2021 ਵਿਚ 3.6 ਬਿਲੀਅਨ 'ਤੇ ਆ ਗਈ ਹੈ। ਇਸ ਘਾਟੇ ਦਾ ਵੱਡਾ ਕਾਰਣ ਕੋਰੋਨਿਲ ਵੇਚਣ 'ਤੇ ਲੱਗੀ ਪਾਬੰਦੀ ਦੱਸਿਆ ਗਿਆ ਹੈ। ਪਤੰਜਲੀ ਆਯੁਰਵੇਦ, ਉਤਪਾਦ, ਨਿੱਜੀ ਸਿਹਤ ਸੰਭਾਲ, ਔਸ਼ਧੀਆਂ, ਟੈਕਸਟਾਈਲ, ਫਟੀਆਂ ਜੀਨਾਂ, ਅਤੇ ਖਾਣ ਦੀਆਂ 2,500 ਤੋਂ ਵੀ ਵੱਧ ਵਸਤਾਂ ਤਿਆਰ ਕਰਦਾ ਹੈ । ਪਤੰਜਲੀ ਆਯੁਰਵੇਦ ਰੈਵਿਨਿਊ (ਕਰੋੜ ਰੁਪਏ): (3*)

ਸਾਲ: 2010-11 2011-12 2012-13 2013-14 2014-15 2015-16 2016-17 2017-18 2018-19 2019-20

ਰੈਵਿਨਿਊ: 100 300 841 1,184 2,006 8,000 10,526 9,500 8,330 9,022

**ਸਵਾਲਾਂ ਅਤੇ ਦੋਸ਼ਾਂ ਦੇ ਘੇਰੇ ਵਿਚ ਪਤੰਜਲੀ (4*):** ਲੜਕਾ ਜੰਮਣ ਦੀ ਨਾ-ਉਮੀਦੀ ਦੀ ਦਵਾਈ: ਦਿਵਿਯਾ ਫ਼ਾਰਮੇਸੀ ਦੀ ਤਿਆਰ ਕੀਤੀ ਅਤੇ ਪਤੰਜਲੀ ਫ਼ਾਰਮੇਸੀ ਚੇਨ ਦਵਾਰਾ ਵੇਚੀ ਜਾ ਰਹੀ ਔਸ਼ਧੀ 'ਦਿਵਿਯਾ ਪੁੱਤਰਾਜੀਵਕ ਬੀਜ', ਜੋ ਕਥਿੱਤ ਤੌਰ 'ਤੇ ਲੜਕਾ ਜੰਮਣ ਦੀ ਗਰੰਟੀ ਕਰਦੀ ਹੈ। ਡਾਕਟਰਾਂ ਨੇ ਇਸ ਦਵਾਈ ਦੇ ਗੁਮਰਾਹਕੁਨ ਨਾਮ ਬਾਰੇ ਧਿਆਨ ਦੁਆਇਆ ਸੀ, ਕਿਉਂਕਿ "ਪੁੱਤਰਾਜੀਵਕ" ਸ਼ਬਦ ਦਾ ਅਰਥ ਹੈ "ਪੁੱਤਰ ਦੀ ਜ਼ਿੰਦਗੀ"। ਪਤੰਜਲੀ ਫ਼ਾਰਮੇਸੀ ਚੇਨ ਦੇ ਕੁੱਝ ਸਟੋਰ ਇਹ ਦਾਅਵਾ ਕਰਕੇ ਔਸ਼ਧੀ ਵੇਚ ਰਹੇ ਸਨ ਕਿ ਇਸ ਨਾਲ਼ ਸ਼ਰਤੀਆ ਲੜਕਾ ਪੈਦਾ ਹੋਵੇਗਾ । 2016 ਵਿਚ ਉੱਤਰਾਖੰਡ ਦੇ ਸਿਹਤ ਵਿਭਾਗ ਨੇ ਕਿਹਾ ਕਿ ਪਤੰਜਲੀ ਆਯੁਰਵੇਦਾ ਦੀ ਔਸ਼ਧੀ ਭਾਰਤੀ ਕਾਨੂੰਨ 'Pre-Conception and Pre-Natal Diagnostic Techniques Act, 1994' ਦੀ ਉਲੰਘਣਾ ਕਰਦੀ ਹੈ। 2018 ਵਿਚ ਮਹਾਰਾਸ਼ਟਰ ਦੀ ਸਰਕਾਰ ਨੇ ਔਸ਼ਧੀ ਉੱਪਰ ਲੱਗੇ ਦੋਸ਼ਾਂ ਦੀ ਪੜਤਾਲ ਲਈ ਹੁਕਮ ਦਿੱਤਾ। ਆਮਲਾ ਜੂਸ 'ਤੇ ਰੋਕ: ਰੱਖਿਆ ਮੰਤਰਾਲੇ ਦੀ ਕੰਨਟੀਨ ਸਟੋਰ ਡਿਪਾਰਟਮੈਂਟ ਨੇ ਪਤੰਜਲੀ ਆਯੁਰਵੇਦ ਦੇ ਆਮਲਾ ਜੂਸ ਦੇ ਸਟੇਟ ਲਾਬੌਰਟਰੀ ਵੱਲੋਂ ਪ੍ਰਤਿਕੂਲ (ਮਾੜੀ) ਟੈਸਟ ਰਿਪੋਰਟ ਮਿਲਣ ਕਰਕੇ ਇਸ ਦੀ ਵਿੱਕਰੀ 'ਤੇ ਰੋਕ ਲਗਾ ਦਿੱਤੀ। ਇਹ ਰੋਕ ਉਦੋਂ ਲਗਾਈ ਗਈ ਜਦ ਇਸ ਜੂਸ ਨੂੰ ਸੈਂਟਰਲ ਫ਼ੂਡ ਲੈਬ ਵਿਚ ਟੈੱਸਟ ਕੀਤਾ ਗਿਆ ਅਤੇ ਇਸ ਨੂੰ ਖੱਪਤ ਦੇ ਆਯੋਗ ਕਰਾਰ ਦਿੱਤਾ ਗਿਆ । ਕੋਰੋਨਿਲ: ਕੋਵਿਡ-19 ਦੀ ਨਕਲੀ ਦਵਾਈ: ਸਰਕਾਰ ਅਤੇ WHO ਦੀ ਮਨਜ਼ੂਰੀ ਦੇ ਨਕਲੀ ਦਾਅਵੇ: ਫਰਵਰੀ 2021 ਵਿਚ ਕਈ ਖ਼ਬਰ ਏਜੰਸੀਆਂ, 'ਇੰਡੀਅਨ ਐੱਕਸਪ੍ਰੈੱਸ', 'ਟਾਈਮਜ਼ ਆਫ਼ ਇੰਡੀਆ', 'ਦਾ ਹਿੰਦੂ' ਅਤੇ 'ਲਿਵਮਿੰਟ' ਆਦਿ ਨੇ ਰਿਪੋਰਟਾਂ ਲਾਈਆਂ ਕਿ ਪਤੰਜਲੀ ਆਯੁਰਵੇਦ ਨੇ ਦਾਅਵਾ ਕੀਤਾ ਹੈ ਕਿ ਕੋਰੋਨਿਲ ਨੂੰ ਮਨਿਸਟਰੀ ਆਫ਼ ਆਯੂਸ਼ ਅਤੇ WHO ਵੱਲੋਂ ਪ੍ਰਮਾਣੀਕਰਨ ਮਿਲ਼ ਗਿਆ ਹੈ । ਇਹਨਾਂ ਦਾਅਵਿਆਂ ਦੇ ਜਵਾਬ ਵਿਚ, WHO ਨੇ 22 ਫਰਵਰੀ ਨੂੰ ਸਫ਼ਾਈ ਦਿੱਤੀ ਕਿ ਇਸ ਨੇ "ਕੋਵਿੱਡ-19 ਦੇ ਇਲਾਜ਼ ਲਈ ਕਿਸੇ ਵੀ ਰਵਾਇਤੀ ਦਵਾਈ ਦੀ ਅਸਰਦਾਇਕਤਾ ਬਾਰੇ ਕੋਈ ਰਿਵੀਊ ਜਾਂ ਪ੍ਰਮਾਣਤਾ ਨਹੀਂ ਦਿੱਤੀ।" 'ਦਾ ਵਾਇਰ', 'ਆਲਟ ਨਿਊਜ਼' ਅਤੇ 'ਇਕਨੌਮਿਕ ਟਾਈਮਜ਼' ਨੇ ਰਾਮਦੇਵ ਅਤੇ ਪਤੰਜਲੀ ਦੇ ਦਾਅਵਿਆਂ ਨੂੰ ਝੂਠ ਦੱਸਿਆ ਅਤੇ ਪ੍ਰਮਾਣ ਦਿਤਾ ਕਿ ਕੋਰੋਨਿਲ ਨੂੰ ਮਹਿਜ਼ ਦਰਾਮਦ ਕਰਨ ਦਾ ਲਾਇਸੈਂਸ ਮਿਲ਼ਿਆ ਹੈ ਅਤੇ ਕੋਵਿੱਡ-19 ਦੇ ਇਲਾਜ਼ ਵਜੋਂ ਇਸ ਦੀ ਅਸਰਦਾਇਕਤਾ ਬਾਰੇ ਕੋਈ ਮਨਜ਼ੂਰੀ ਨਹੀਂ ਦਿੱਤੀ ਗਈ ਹੈ। ਰੁਚੀ ਸੋਇਆ ਇੰਡਸਟਰੀਜ਼, ਜਿਹੜੀ ਸਾਲ ਕੁ ਪਹਿਲਾਂ ਪਤੰਜਲੀ ਵੱਲੋਂ ਇਕਵਾਇਰ ਕੀਤੀ ਗਈ ਸੀ ਉਹ ਭਾਰਤ ਦੇ ਚੋਟੀ ਦੇ 50 ਸਵੈ-ਇਛਕ ਲੋਨ ਡੀਫ਼ਾਲਟਰਾਂ 'ਚੋਂ ਇਕ ਹੈ, ਜਿਸਦਾ 2,212 ਕਰੋੜ ਰੁਪਏ ਕਰਜ਼ਾ ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਮੁਆਫ਼ ਕੀਤਾ ਗਿਆ। ਰਾਮਦੇਵ ਖ਼ਿਲਾਫ਼ 100 ਕੇਸ: ਉੱਤਰਾਖੰਡ ਦੀ ਸਰਕਾਰ ਵੱਲੋਂ ਵੱਖ ਵੱਖ ਜੁਰਮਾਂ ਤਹਿਤ ਰਾਮਦੇਵ ਖ਼ਿਲਾਫ਼ ਲਗਭਗ 100 ਕੇਸ ਦਾਇਰ ਕੀਤੇ ਗਏ ਹਨ, ਜਿਨ੍ਹਾਂ ਵਿਚੋਂ 81 ਕੇਸ ਹਰਿਦਵਾਰ ਵਿਖੇ ਪਤੰਜਲੀ ਯੋਗ ਪੀਠ ਅਤੇ ਇਸ ਦੀਆਂ ਭਰਾਤਰੀ ਸੰਸਥਾਵਾਂ ਖ਼ਿਲਾਫ਼ ਜ਼ਿਮੀਦਾਰੀ ਖ਼ਾਤਮੇ ਅਤੇ ਜ਼ਮੀਨੀ ਸੁਧਾਰ (ZALR) Act ਅਤੇ Indian Stamps Act ਦੀ ਉਲੰਘਣਾ ਕਰਨ ਦੇ ਕੇਸ ਦਾਇਰ ਕੀਤੇ ਗਏ ਹਨ ।

**ਲੋਕਾਂ ਦਾ ਨਾ ਦੁੱਧ ਵਿਕਦਾ:** ਪੰਜਾਬ ਦੀ ਇਕ ਲੋਕ ਬੋਲੀ ਹੈ: "ਲੋਕਾਂ ਦਾ ਨਾ ਦੁੱਧ ਵਿਕਦਾ, ਤੇਰਾ ਵਿਕਦਾ ਜੈ ਕੁਰੇ ਪਾਣੀ" ਪਤੰਜਲੀ ਦੇ ਸੀ ਈ ਓ ਅਚਾਰੀਆ ਬਾਲਾਕ੍ਰਿਸ਼ਨਾ ਨੇ 8 ਫਰਵਰੀ 2017 ਨੂੰ ਬਿਆਨ ਦਿਤਾ ਕਿ ਅਸੀਂ ਰੋਜ਼ਾਨਾ 5,000 ਲੀਟਰ ਗਊ-ਮੂਤਰ ਪੈਦਾ ਕਰਦੇ ਹਾਂ। ਇਕਨੌਮਿਕ ਟਾਈਮਜ਼ ਦੀ 1 ਅਪਰੈਲ 2020 ਦੀ ਇਕ ਖ਼ਬਰ ਅਨੁਸਾਰ ਇਕੱਲੇ ਗੁਜਰਾਤ ਵਿਚ ਰੋਜ਼ਾਨਾ 6,000 ਲੀਟਰ ਗਊ-ਮੂਤਰ ਸੇਵਨ ਕੀਤਾ ਜਾਂਦਾ ਹੈ । ਨਮੂਨੇ ਵਜੋਂ ਗਊ-ਮੂਤਰ ਅਤੇ ਗਊ-ਗੋਬਰ ਦੇ ਰੇਟ ਦੇਖੋ: (3*): ਗਊ-ਮੂਤਰ: Patanjali Divya Godhan Ark: 450ml = $12.49; Sri Sri Tattva Gomutra Arka 500 ml: $19.79; Pure Original Gomutra/Cow Urine, 200ml $15.39; IMC Herbal Gomutra Cow Urine 1 L $44.99; IndiaMart Gaumutra 95 Rupees/ litre. ਗਊ-ਗੋਬਰ: AARADHAYA Handloom Cow Dung Cake/ UPLAS/Kanda for HAWAN PUJA $19.79; Gau Kriti Cow Dung/ Gobar Made Cake (2.25 inch) -10 pieces $6.99; Gau Kriti Cowdung Vadic Dhoop Cone/Incense Made from Cow Dung/Gobar (Brown) $9.99। ਜੇ ਘੱਟੋ ਘੱਟ 100 ਰੁਪਏ ਪ੍ਰਤਿ ਲੀਟਰ ਦੇ ਹਿਸਾਬ ਨਾਲ਼ ਵੀ ਅੰਦਾਜ਼ਾ ਲਾਇਆ ਜਾਵੇ ਤਾਂ ਪਤੰਜਲੀ ਸਿਰਫ਼ ਗਊ-ਮੂਤਰ ਵੇਚ ਕੇ ਹੀ 18 ਕਰੋੜ ਰੁਪਏ ਸਾਲ ਵਿਚ ਕਮਾਉਂਦੀ ਹੈ! ਭਾਰਤ ਵਿਚ ਗਊ ਦਾ ਦੁੱਧ 50-55 ਰੁਪਏ ਲੀਟਰ ਹੈ। ਕਿੰਨੀ ਵਿਡੰਬਨਾ ਹੈ ਗਊ-ਮੂਤਰ ਨੂੰ ਗਊ-ਦੁੱਧ ਤੋਂ ਦੁੱਗਣੀ ਕੀਮਤ 'ਤੇ ਵੇਚਿਆ ਜਾ ਰਿਹਾ ਹੈ !

ਗਊ-ਮੂਤਰ ਤੇ ਗਊ-ਗੋਬਰ ਦੇ ਫ਼ਾਇਦੇ ਗਿਣਾਉਣ ਵਾਲ਼ੇ ਅੰਧ-ਭਗਤਾਂ ਦੀ ਵੀ ਇਸ ਦੇਸ਼ ਵਿਚ ਕਮੀ ਨਹੀਂ। 'ਗੋਬਰੌਮਿਕਸ' ਦੇ ਕੁੱਝ ਕੁ ਨਮੂਨੇ (5*): (1) ਬੀ ਜੇ ਪੀ ਦਾ ਬੰਗਾਲ ਚੀਫ਼ ਦਲੀਪ ਘੋਸ਼: 'ਦੇਸੀ ਗਊ ਦੇ ਦੂੱਧ ਮੇਂ ਸੋਨਾ ਹੁੰਦਾ ਹੈ ਇਸ ਲੀਏ ਇਸਕਾ ਰੰਗ ਪੀਲ਼ਾ ਹੋਤਾ ਹੈ।' (2) ਸਾਧਵੀ ਪ੍ਰੱਗਿਆ ਠਾਕੁਰ: 'ਮੈ ਨੇ ਗਊ ਮੂਤਰ ਔਰ ਪੰਚ ਗਊ ਸੇ ਬਨੀ ਔਸ਼ਧੀਓਂ ਸੇ ਆਪਨਾ ਕੈਂਸਰ ਠੀਕ ਕੀਆ ਹੈ।' (3) ਸੰਬਿਤ ਪਾਤਰਾ (ਬੀ ਜੇ ਪੀ ਦਾ ਸਰਕਾਰੀ ਬੁਲਾਰਾ): 'ਗਊ-ਗੋਬਰ ਕੋਹਿਨੂਰ ਹੀਰੇ ਸੇ ਭੀ ਕੀਮਤੀ ਹੋਤਾ ਹੈ ।' (4) ਰਾਜਕੋਟ ਦਾ ਸਾਂਸਦ ਵੱਲਭ ਭਾਈ ਕਥੀਰੀਆ: 'ਗਊ-ਗੋਬਰ ਸੇ ਬਨੀ ਚਿੱਪ ਮੋਬਾਈਲ ਫ਼ੋਨ ਮੇਂ ਲਗਾ ਲੇਨੇ ਸੇ ਫ਼ੋਨ ਕੀ ਰੇਡੀਏਸ਼ਨ ਕੋ ਕਾਫ਼ੀ ਮਾਤਰਾ ਮੇਂ ਘਟਾਇਆ ਜਾ ਸਕਤਾ ਹੈ....ਅਕਸ਼ੈ ਕੁਮਾਰ ਨੇ ਗਾਏ ਕਾ ਗੋਬਰ ਖਾਯਾ ਹੈ ...ਆਪ ਖਾ ਸਕਤੇ ਹੈਂ, it's a medicine.' (5) ਆਰ ਐੱਸ ਐੱਸ ਦਾ ਇਕ ਵੱਡਾ ਲੀਡਰ ਸ਼ੰਕਰ ਲਾਲ: 'ਆਪ ਖਾਈ ਖੋਦੀਏ, ਉੱਪਰ ਬੱਲੀਆਂ ਰੱਖੀਏ, ਪੱਤੇ ਰੱਖੀਏ ਔਰ ਗਾਏ ਕੇ ਗੋਬਰ ਕਾ ਡੇਢ ਫੁੱਟ ਲੇਅਰ ਉੱਪਰ ਲਗਾ ਦੀਜੀਏ ਤੋ ਆਪ ਪ੍ਰਮਾਣੂ ਰੇਡੀਏਸ਼ਨ ਸੇ ਬਚ ਜਾਏਂਗੇ।' ਭਾਰਤ ਦੀ 20ਵੀਂ ਪਸ਼ੂ-ਧਨ ਸ਼ੁਮਾਰੀ ਜੋ 2019 ਵਿਚ ਜਾਰੀ ਕੀਤੀ ਗਈ, ਉਸ ਅਨੁਸਾਰ ਪਸ਼ੂ-ਧਨ ਦੀ ਅਬਾਦੀ 198.48 ਮਿਲੀਅਨ ਹੈ, ਜਿਸ ਵਿਚੋਂ 5.2 ਮਿਲੀਅਨ ਤੋਂ ਵੱਧ ਅਵਾਰਾ ਗਊਆਂ ਹਨ, ਜੋ ਸ਼ਹਿਰਾਂ, ਕਸਬਿਆਂ, ਪਿੰਡਾਂ, ਸਭ ਪਬਲਿਕ ਜਗ੍ਹਾ-ਸਕੂਲਾਂ, ਕਾਲਜਾਂ, ਹਸਪਤਾਲਾਂ, ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਧਾਰਮਿਕ ਅਸਥਾਨਾਂ, ਦੇ ਗੇਟਾਂ 'ਤੇ ਬੈਠੀਆਂ ਅਕਸਰ ਦਿਸਦੀਆਂ ਹਨ। ਗਊ ਭਗਤਾਂ ਨੂੰ ਸੁਝਾਅ ਹੈ ਕਿ ਉਹ ਅਵਾਰਾ ਗਊਆਂ ਨੂੰ ਗੋਦ ਲੈਣ ਅਤੇ ਉਹਨਾਂ ਲਈ ਗਊ-ਸ਼ਾਲਾਵਾਂ ਦਾ ਪ੍ਰਬੰਧ ਕਰਨ।

**ਧੱਕੇ-ਧੋਖੇ ਨਾਲ਼ ਜ਼ਮੀਨਾਂ ਇਕਵਾਇਰ:** ਨਰੇਂਦਰ ਮੋਦੀ ਸਰਕਾਰ ਦੇ ਸੱਤਾ 'ਚ ਆਉਣ 'ਤੇ ਤਾਂ ਰਾਮਦੇਵ ਦੀਆਂ ਚੜ੍ਹ ਮੱਚੀਆਂ। 2014 ਤੋਂ ਲੈਕੇ ਹੀ ਮੋਦੀ ਰਾਜਕਾਲ ਦੌਰਾਨ ਪਤੰਜਲੀ ਆਯੁਰਵੇਦ ਲਿਮਿਟਿਡ ਅਤੇ ਇਸਦੇ ਟਰੱਸਟਾਂ ਨੂੰ ਉਹਨਾਂ ਜ਼ਮੀਨਾਂ 'ਤੇ ਡਿਸਕਾਊਂਟ (ਰਿਆਇਤ) ਦੇ ਰੂਪ ਵਿਚ ਵੱਡੇ ਗੱਫ਼ੇ ਮਿਲ਼ੇ ਹਨ, 100 ਏਕੜ ਤੋਂ ਵੱਧ ਰਕਬੇ ਵਾਲ਼ੀਆਂ ਇਕਵਾਇਰ ਕੀਤੀਆਂ ਜ਼ਮੀਨਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ (6*):

**ਰਾਮਦੇਵ ਦਾ ਆਰ ਐੱਸ ਐੱਸ ਫਾਸ਼ੀ ਚਿਹਰਾ:** ਆਮ ਬੰਦੇ ਦੇ ਮਨ ਵਿਚ ਯੋਗ ਗੁਰੂ ਦਾ ਤਸੱਵਰ ਬਣਦਾ ਹੋਵੇਗਾ ਕਿ ਉਹ ਆਤਮਿਕ ਆਨੰਦ ਵਿਚ ਸ਼ਰਸਾਰ, ਸ਼ਾਂਤੀ ਦਾ ਪੁੰਜ, ਮੋਹ-ਮਾਇਆ ਤੋਂ ਨਿਰਲੇਪ, ਬ੍ਰਹਮ ਗਿਆਨੀ, ਤੇਜੱਸਵੀ, ਤਲਿਸਮੀ, ਨੂਰਾਨੀ ਮੁੱਖ ਵਾਲ਼ਾ ਦੇਵਤਾ ਸਮਾਨ ਇਨਸਾਨ ਹੋਵੇਗਾ, ਜਿਸ ਦੇ ਪ੍ਰਚਵਨਾਂ ਸਮੇਂ ਮੂੰਹੋਂ ਫੁੱਲ ਕਿਰਦੇ ਹਨ! ਪਰ ਰਾਮਦੇਵ ਵਿਚ ਅਜਿਹਾ ਇਕ ਵੀ ਗੁਣ ਨਹੀਂ, ਬਲਕਿ ਉਹ ਇਸਦੇ ਇਕਦਮ ਵਿਪਰੀਤ ਹੈ, ਉਹ ਆਰ ਐੱਸ ਐੱਸ ਦੇ ਭਗਵੇਂ ਚੋਲੇ ਵਿਚ ਖੂੰਖਾਰ ਦਰਿੰਦਾ ਹੈ। ਜਦ ਬੋਲਦਾ ਹੈ, ਜਵਾਲਾਮੁਖੀ ਪਹਾੜ ਵਾਂਗ ਮੂੰਹੋਂ ਅੱਗ ਦੀਆਂ ਲਾਟਾਂ ਛੱਡਦਾ ਹੈ। ਬੀ ਜੇ ਪੀ, ਆਰ ਐੱਸ ਐੱਸ ਦਾ ਸਿਆਸੀ ਵਿੰਗ ਹੈ ਅਤੇ 'ਭਾਰਤ ਮਾਤਾ ਦੀ ਜੈ' ਆਰ ਐੱਸ ਐੱਸ ਦਾ ਦੇਸ਼ਭਗਤੀ ਦਾ ਨਾਅਰਾ ਹੈ, ਜੋ ਉਹ ਜਬਰੀ ਭਾਰਤ ਦੇ ਲੋਕਾਂ ਦੇ ਮੂੰਹੋਂ ਕਹਾਉਣਾ ਚਾਹੁੰਦੀ ਹੈ। ਰਾਮਦੇਵ ਦਾ ਫ਼ਾਸ਼ੀ ਚਿਹਰਾ ਇਕ ਵਾਰ ਫਿਰ ਉਸਦੇ ਅੱਗ ਉਗਲੱਛਦੇ ਬੋਲਾਂ ਨੇ ਨੰਗਾ ਕਰ ਦਿੱਤਾ, ਜਦ ਉਸਨੇ 4 ਅਪਰੈਲ 2016 ਰੋਹਤਕ ਵਿਖੇ ਆਰ ਐੱਸ ਐੱਸ ਦਵਾਰਾ ਭਾਈਚਾਰਕ ਸੱਦਭਾਵਨਾ (ਕਿੱਡੀ ਵਡੰਬਨਾਂ ਹੈ!) ਨੂੰ ਪ੍ਰੋਤਸਾਹਿਤ ਕਰਨ ਲਈ ਆਯੋਜਿਤ ਮੀਟਿੰਗ ਵਿਚ ਬਲਦੀ ਅੱਗ 'ਤੇ ਤੇਲ ਪਾਇਆ ਕਿ ਸਿਰਫ਼ ਇਸ ਦੇਸ਼ ਦਾ ਕਾਨੂੰਨ ਹੀ ਉਸਨੂੰ ਭਾਰਤ ਮਾਤਾ ਦਾ ਨਿਰਾਦਰ ਕਰਨ ਵਾਲ਼ੇ ਦਾ ਸਿਰ ਕਲਮ ਤੋਂ ਰੋਕ ਰਿਹਾ ਹੈ। "ਹਮ ਇਸ ਦੇਸ਼ ਕੇ ਕਾਨੂੰਨ ਔਰ ਸੰਵਿਧਾਨ ਕਾ ਸਨਮਾਨ ਕਰਤੇ ਹੈਂ ਨਹੀਂ ਤੋ ਕੋਈ ਭਾਰਤ ਮਾਤਾ ਕਾ ਅਪਮਾਨ ਕਰੇ, ਤੋ ਹਮ ਏਕ ਨਹੀਂ, ਹਮ ਹਜ਼ਾਰੋਂ ਲਾਖੋਂ ਸ਼ੀਸ਼ ਸ਼ਤਰ ਕਰ ਸਕਤੇ ਹੈਂ।" (7*)

**ਤਿੰਨ ਖੇਤੀ ਕਾਨੂੰਨਾਂ ਬਾਰੇ ਰਾਮਦੇਵ ਦੀ ਸਰਕਾਰੀ ਬੋਲੀ:** ਵੰਨ ਇੰਡੀਆ (*8) ਅਨੁਸਾਰ ਰਾਮਦੇਵ ਨੇ ਖੇਤੀ ਕਾਨੂੰਨਾਂ ਦੇ ਮਾਮਲੇ ਵਿਚ ਮੋਦੀ ਦਾ ਬਚਾਓ ਕਰਦੇ ਹੋਏ ਕਿਹਾ: 'ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਿਸਾਨਾਂ ਲਈ ਗ਼ਲਤ ਕਾਨੂੰਨ ਕਿਉਂ ਬਣਾਉਣਗੇ? ਇਸਤੋਂ ਭਲਾ ਉਸਨੂੰ ਕੀ ਫ਼ਾਇਦਾ ਹੋਵੇਗਾ? ਇਸ ਗੱਲ ਵਿਚ ਕੋਈ ਦਮ ਨਹੀਂ ਦਿਖਾਈ ਦਿੰਦਾ। ਸਰਕਾਰ ਜਨ-ਹਿਤ ਵਿਚ ਕੰਮ ਕਰ ਰਹੀ ਹੈ, ਨਾ ਕਿ ਕਿਸੇ ਕਾਰਪੋਰੇਟ ਦੇ। ਐੱਮ ਐੱਸ ਪੀ ਖ਼ਤਮ ਨਹੀਂ ਕੀਤੀ ਜਾ ਰਹੀ ਹੈ। ਮੈਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਖੇਤੀ ਮੰਤਰੀ ਨਰੇਂਦਰ ਤੋਮਰ ਨੂੰ ਸੁਣਿਆ ਹੈ। ਕਿਸੇ ਨੇ ਵੀ ਐੱਮ ਐੱਸ ਪੀ ਖ਼ਤਮ ਕਰਨ ਦੀ ਗੱਲ ਨਹੀਂ ਕਹੀ ਹੈ... ਇਸਦੇ ਬਾਵਜੂਦ ਕਿਸਾਨਾਂ ਨੂੰ ਬਹਿਕਾਇਆ ਜਾ ਰਿਹਾ ਹੈ, ਕੁੱਝ ਲੋਕ ਆਪਣੀ ਰਾਜਨੀਤੀ ਖ਼ਾਤਰ ਕਿਸਾਨਾਂ ਨੂੰ ਬਹਿਕਾ ਰਹੇ ਹਨ।' ਇਸੇ ਤਰ੍ਹਾਂ zeenews.india (9*) ਦੀ ਖ਼ਬਰ ਵਿਚ ਰਾਮਦੇਵ ਆਪਣੀ ਖੱਲ ਬਚਾ ਰਿਹਾ ਹੈ: "ਖੇਤੀ ਕਾਨੂੰਨਾਂ ਦੀ ਮੰਗ ਨੂੰ ਲੈ ਕੇ ਕਿਸਾਨ ਅੰਦੋਲਨ ਕਰ ਰਹੇ ਹਨ, ਨਾ ਕਿਸਾਨ ਮੰਨਣ ਨੂੰ ਤਿਆਰ ਹਨ, ਨਾ ਹੀ ਸਰਕਾਰ, ਲੇਕਿਨ ਇਹ ਡੈੱਡਲਾਕ ਬੰਦ ਹੋਣਾ ਚਾਹੀਦਾ ਹੈ, ਹਰ ਸਮੱਸਿਆ ਦਾ ਸਮਾਧਾਨ ਵਿਚਕਾਰਲਾ ਰਸਤਾ ਹੁੰਦਾ ਹੈ। ਸਰਕਾਰ ਪਹਿਲਾਂ ਹੀ ਡੇਢ ਸਾਲ ਤੱਕ ਇਹਨਾਂ ਕਾਨੂੰਨਾਂ ਨੂੰ ਲਾਗੂ ਨਾ ਕਰਨ ਦੀ ਗੱਲ ਕਹਿ ਚੁੱਕੀ ਹੈ। ਜੇਕਰ ਕਿਸਾਨਾਂ ਨੂੰ ਇਹ ਸਮਾਂ ਘੱਟ ਲੱਗਦਾ ਹੈ ਤਾਂ ਇਸ ਨੂੰ ਵਧਾ ਕੇ ਤਿੰਨ ਸਾਲ ਕਰ ਦਿੱਤਾ ਜਾਵੇ, ਇਸ ਦੌਰਾਨ ਕਿਸਾਨ ਤੇ ਸਰਕਾਰ ਆਪਸ 'ਚ ਬੈਠ ਕੇ ਖੇਤੀ ਅਤੇ ਦੇਸ਼ ਦੇ ਹਿਤ 'ਤੇ ਚਰਚਾ ਕਰਨ, ਜੋ ਸਹੀ ਹੋਵੇ, ਉਸ ਅਨੁਸਾਰ ਕਾਨੂੰਨ ਬਣਾਇਆ ਜਾਵੇ...." ਖੇਤੀ ਕਾਨੂੰਨਾਂ ਨੂੰ ਕਾਲ਼ੇ ਕਾਨੂੰਨ ਕਹਿਣ 'ਤੇ ਰਾਮਦੇਵ ਦਾ ਕਹਿਣਾ ਹੈ ਕਿ "ਕਾਨੂੰਨ ਨਹੀਂ, ਕਾਲ਼ਾ-ਸਫ਼ੈਦ ਤਾਂ ਆਦਮੀ ਦੀ ਨੀਅਤ 'ਤੇ ਨਿਰਭਰ ਕਰਦਾ ਹੈ। ਮੈਂ ਸਰਕਾਰ ਦਾ ਬੁਲਾਰਾ ਨਹੀਂ, ਨਾ ਹੀ ਮੈਂ ਠੇਕੇ 'ਤੇ ਖੇਤੀ ਕਰਨੀ ਹੈ।"

ਰਾਮਦੇਵ, ਕਿਉਂਕਿ ਵਪਾਰੀ ਕਿਸਮ ਦਾ ਬੰਦਾ ਹੈ, ਉਸ ਨੂੰ ਆਪਣਾ ਫ਼ਾਇਦਾ ਚਾਹੀਦਾ ਹੈ, ਰਾਸ਼ਟਰ ਨਿਰਮਾਣ, 'ਭਾਰਤ ਸਵੈਭਿਮਾਨ' ਨਾਲ਼ ਉਸਦਾ ਕੋਈ ਲੈਣ-ਦੇਣ ਨਹੀਂ ਹੈ। 2006 ਵਿਚ ਰਾਮਦੇਵ ਨੇ ਯੋਗਾ ਦੇ ਨਾਲ਼ ਨਾਲ਼ ਕਿਸਾਨਾਂ ਦੀਆਂ ਉਗਾਈਆਂ ਫ਼ਸਲਾਂ ਕੌਡੀਆਂ ਦੇ ਭਾਅ ਖ਼ਰੀਦ ਕੇ ਆਟਾ, ਦਾਲ਼ਾਂ, ਚੌਲ, ਸੱਤੂ, ਚੀਨੀ, ਸ਼ਹਿਦ, ਚਟਨੀ, ਮਹਿੰਦੀ, ਸ਼ੈਂਪੂ ਬਣਾ ਕੇ ਵੇਚਣ ਦਾ ਧੰਦਾ ਸ਼ੁਰੂ ਕੀਤਾ, ਤੇ ਦੇਖਦਿਆਂ ਦੇਖਦਿਆਂ ਹੀ ਪਤੰਜਲੀ ਨੂੰ 2019-20 ਵਿਚ 25,000 ਕਰੋੜ ਰੁਪਏ ਦੇ ਕਾਰੋਬਾਰ ਤੱਕ ਲੈ ਗਿਆ। ਉਹ ਭੁੱਲ ਗਿਆ ਕਿ ਉਸਦੀਆਂ ਜੜ੍ਹਾਂ ਕਿੱਥੇ ਹਨ? ਕਿਸਾਨਾਂ ਦੀ ਲੁੱਟ ਨਾਲ਼ ਆਪਣੀ ਦੌਲਤ ਦੇ ਅੰਬਾਰ ਖੜ੍ਹੇ ਕਰ ਲਏ। ਸਿਆਸੀ ਰਸੂਖ਼ ਨਾਲ਼ ਹਜ਼ਾਰਾਂ ਏਕੜ ਜ਼ਮੀਨ ਮੁਫ਼ਤ ਵਾਂਗ ਇਕਵਾਇਰ ਕਰ ਲਈ । ਪੈਦਲ ਤੋਂ ਚਾਰਟਰ ਪਲੇਨਾਂ ਤੱਕ ਪਹੁੰਚ ਗਿਆ। ਜਦ ਕਿਸਾਨ ਹੱਡ-ਚੀਰਵੀਂ, ਕੜਾਕੇ ਦੀ ਸਰਦੀ ਅਤੇ ਹੁਣ ਪਿੰਡਾ ਲੂੰਹਦੀ ਗਰਮੀ ਵਿਚ ਵੀ ਸੜਕਾਂ 'ਤੇ ਸੌਣ ਲਈ ਮਜ਼ਬੂਰ ਹੈ, ਤਾਂ ਰਾਮਦੇਵ, ਅਡਾਨੀ-ਅੰਬਾਨੀ-ਮੋਦੀ ਦੇ ਸਾਥ ਜਾ ਖੜ੍ਹਾ ਹੋਇਆ ਹੈ, ਕਿਉਂਕਿ ਅਡਾਨੀ-ਅੰਬਾਨੀ-ਮੋਦੀ ਅਤੇ ਰਾਮਦੇਵ ਦੇ ਸਰੋਕਾਰ ਇਕੋ ਹੀ ਹਨ। ਇਸ ਸ਼ੋਸ਼ਨ ਬਾਰੇ ਲੋਕਾਂ ਨੂੰ ਜਾਗਰੂਕ ਕਰਕੇ ਅਤੇ ਅਡਾਨੀ-ਅੰਬਾਨੀ-ਪਤੰਜਲੀ ਜੁੰਡਲੀ ਦੀਆਂ ਵਸਤਾਂ ਨੂੰ ਖ਼ਰੀਦਣ ਅਤੇ ਵੇਚਣ ਦਾ ਮੁਕੰਮਲ ਬਾਈਕਾਟ ਕਰਕੇ ਹੀ ਭਾਰਤੀ ਕਿਸਾਨਾਂ ਦੀ ਸੱਚੀ ਹਮਾਇਤ ਕੀਤੀ ਜਾ ਸਕਦੀ ਹੈ।

ਰੈਫ਼ਰੈਂਸ / ਧੰਨਵਾਦ ਸਹਿਤ ਹਵਾਲੇ: 1*) The New York Times Magazine, July 26, 2018; (2*) ਮਹਾਨ ਕੋਸ਼; (3*) Wikipedia; (3*) https://www.amazon.ca/; (4*) Patanjali Ayurved, Wikipedia; (5*) UTube ਤੋਂ ਉਤਾਰਾ; (6*) (6*) Reuters reporting; legislative assembly transactions; real estate agents; (7*) UTube) ਤੋਂ ਉਤਾਰਾ; (*8) OneIndia, ਦਸੰਬਰ 1, 2020); (9*)https://zeenews.india.com/, Feb 27, 2021

# ਲੋਕਤੰਤਰ ਦਾ ਮਹੱਤਵ ਤੇ ਲੋਕਤੰਤਰ ਨੂੰ ਖਤਰੇ



- ਕੇਹਰ ਸ਼ਰੀਫ਼
+491733546050

ਲੋਕਰਾਜ ਉਸਨੂੰ ਕਿਹਾ ਜਾਂਦਾ ਹੈ ਜਿਸ ਨੂੰ ਲੋਕ ਆਪਣਾ ਰਾਜ ਸਮਝਦੇ ਹੋਣ। ਲੋਕ ਸਮਝਦੇ ਹੀ ਨਾ ਹੋਣ ਸਗੋਂ, ਲੋਕਾਂ ਨਾਲ ਨਿੱਤ ਦਾ ਵਿਹਾਰ ਵੀ ਇਸ ਦੀ ਗਵਾਹੀ ਭਰਦਾ ਹੋਵੇ। ਇਹ ਇਕ-ਦੂਜੇ ਨਾਲ ਮਿਲਜੁਲ ਕੇ ਰਹਿਣ ਦੇ ਮੌਕੇ ਵੀ ਦਿੰਦਾ ਹੋਵੇ, ਨਹੀਂ ਤਾਂ ਅਬਰਾਹਿਮ ਲਿੰਕਨ ਦੀ ਲੋਕਤੰਤਰ ਬਾਰੇ ਦਿੱਤੀ ਪ੍ਰੀਭਾਸ਼ਾ ਕਿ "ਲੋਕਤੰਤਰ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਬਣਾਈ ਗਈ ਸਰਕਾਰ ਹੈ" ਵੀ ਟਿੱਚਰ ਜਹੀ ਜਾਪਣ ਲੱਗ ਪੈਂਦੀ ਹੈ। ਲੋਕਤੰਤਰ ਅੰਦਰ ਅਸਹਿਮਤੀ ਦਾ ਬਹੁਤ ਵੱਡਾ ਮਹੱਤਵ ਹੁੰਦਾ ਹੈ ਜਾਂ ਕਹਿ ਲਊ ਕਿ ਅਸਹਿਮਤੀ (ਭਾਵ, ਇਕ ਦੂਜੇ ਤੋਂ ਵੱਖਰੇ ਵਿਚਾਰ) ਲੋਕਤੰਤਰ ਦਾ ਦੂਜਾ ਨਾਮ ਹੈ। ਜਦੋਂ ਲੋਕਤੰਤਰੀ ਪ੍ਰਬੰਧ ਅੰਦਰ ਅਸਹਿਮਤੀ ਦਾ ਸਨਮਾਨ (ਦੂਜਿਆਂ ਪ੍ਰਤੀ ਸਹਿਣਸ਼ੀਲਤਾ, ਵਿਚਾਰ ਵਟਾਂਦਰਾ) ਖਤਮ ਹੋ ਰਿਹਾ ਹੋਵੇ ਤਾਂ ਸਮਝੋ ਕਿ ਲੋਕਤੰਤਰ ਦੀ ਸਮਾਪਤੀ ਦਾ ਖਤਰਾ ਵਧ ਰਿਹਾ ਹੈ। ਅਜਿਹੇ ਸਮੇਂ ਅਸਹਿਮਤੀ ਦੀ ਆਵਾਜ ਹੋਰ ਉੱਚੀ ਹੋ ਜਾਣੀ ਚਾਹੀਦੀ ਹੈ। ਇਸਦੇ ਆਪਣੇ ਖਤਰੇ ਹੋ ਸਕਦੇ ਹਨ, ਪਰ ਲੋਕਤੰਤਰ ਇਹ ਖਤਰੇ ਸਹੇੜ ਕੇ ਹੀ ਬਚ ਸਕਦਾ ਹੈ। ਇਨ੍ਹਾਂ ਨੂੰ ਖਤਰੇ ਕਹਿਣ ਨਾਲੋਂ ਫਰਜਾਂ ਦੀ ਸੰਗਿਆ ਦਿੱਤੀ ਜਾਣੀ ਚਾਹੀਦੀ ਹੈ। ਲੋਕਤੰਤਰੀ ਰਾਜ ਵਲੋਂ ਆਮ ਨਾਗਰਿਕਾਂ ਦੇ ਅਧਿਕਾਰਾਂ ਦੀ ਪੂਰਤੀ ਤੇ ਰਾਖੀ ਅਤੇ ਦੋਹਾਂ ਪਾਸਿਆਂ ਤੋਂ ਫਰਜਾਂ ਦੀ ਪਾਲਣਾ ਦਾ ਨਾਂ ਹੈ। ਇਸ ਵਿਚ ਆਈ ਮਾੜੀ ਵੀ ਕਾਣ ਲੋਕਤੰਤਰ ਨੂੰ ਕਮਜੋਰ ਜਾਂ ਤਬਾਹ ਕਰਨ ਦਾ ਸਬੱਬ ਬਣ ਸਕਦੀ ਹੈ। ਲੋਕਤੰਤਰ ਵਾਸਤੇ ਇਹ ਸ਼ੁਭ ਸਗਨ ਨਹੀਂ ਹੋ ਸਕਦਾ ।

ਅੱਜ ਦੇ ਸਮੇਂ ਜਦੋਂ ਵਿਸ਼ਵੀਕਰਨ ਉਰਫ ਲੁੱਟਤੰਤਰ ਦੇ ਢੋਲ ਵਾਲੇ ਰੌਲੇ ਹੇਠ ਕਿਸੇ ਵੀ ਥਾਂ ਲੋਕਤੰਤਰ ਅਤੇ ਇਸਦੇ ਪਾਲਕ/ਹੱਕਦਾਰ ਮਿਹਨਤਕਸ਼ ਲੋਕ ਦੇਸੀ-ਬਦੇਸੀ ਬਾਜਾਰਵਾਦ ਦੇ ਖੂਨੀ ਪੰਜਿਆਂ ਵਿਚ ਲਹੂ-ਲੁਹਾਨ ਹੋ ਰਹੇ ਹੋਣ ਤਾਂ ਲੋਕਤੰਤਰ ਅੰਦਰ ਯਕੀਨ ਰੱਖਣ ਵਾਲਿਆਂ (ਖਾਸ ਕਰਕੇ ਵਿਰੋਧ ਦੀਆਂ ਸਿਆਸੀ ਪਾਰਟੀਆਂ, ਜਾਂ ਵੱਖਰੇ ਵਿਚਾਰ ਰੱਖਣ ਵਾਲੇ) ਲਈ ਫਿਕਰਮੰਦ ਹੋ ਜਾਣਾ ਕੁਦਰਤੀ ਹੀ ਹੈ ਜਿਸਦੇ ਸਿੱਟੇ ਵਜੋਂ ਉਨ੍ਹਾਂ ਦਾ ਬੋਲਣਾ ਜ਼ਰੂਰੀ ਹੋ ਜਾਂਦਾ ਹੈ। ਨਾਲ ਹੀ ਇਤਿਹਾਸ ਵੱਲ ਝਾਤ ਮਾਰਨੀ ਵੀ ਅਤਿਅੰਤ ਜਰੂਰੀ ਹੈ ਕਿਉਂਕਿ ਇਤਿਹਾਸ ਇਨ੍ਹਾਂ ਖਤਰਿਆਂ ਤੋਂ ਸਾਵਧਾਨ/ਸੁਚੇਤ ਕਰਦਾ ਰਿਹਾ ਹੈ ਤੇ ਅਜੇ ਵੀ ਸੁਚੇਤ ਕਰਦਾ ਹੈ। ਅੱਜ ਦੇ ਖਤਰੇ ਅਣਡਿੱਠ ਕਰਕੇ ਜਾਂ ਅੱਖਾਂ ਮੀਟ ਕੇ ਕੱਲ੍ਹ ਵਾਸਤੇ ਟਾਲੇ ਨਹੀਂ ਜਾ ਸਕਦੇ। ਇਹ ਖੁਦਕੁਸ਼ੀ ਵਰਗਾ ਗੈਰ-ਜਰੂਰੀ ਵਿਹਾਰ ਸਾਬਤ ਹੋ ਸਕਦਾ ਹੈ।

ਲੋਕਤੰਤਰ ਅੰਦਰ ਹਰ ਨਾਗਰਿਕ ਨੂੰ ਵੋਟ ਦੇਣ ਦਾ ਅਧਿਕਾਰ ਹੁੰਦਾ ਹੈ, ਪਰ ਸਿਰਫ ਵੋਟ ਦੇਣਾ ਹੀ ਲੋਕਤੰਤਰ ਨਹੀਂ। ਸਿਆਸੀ ਪਾਰਟੀਆਂ ਜੋ ਵਾਅਦੇ ਕਰਦੀਆਂ ਹਨ ਉਨ੍ਹਾਂ ਦੀ ਪੁਣਛਾਣ ਕਰਨਾ ਤੇ ਫੇਰ ਜਿਹੜੀ ਪਾਰਟੀ ਦੇਸ ਦੇ ਭਲੇ ਵਾਸਤੇ ਭਾਵ ਗਰੀਬ, ਮਜਦੂਰ, ਕਿਸਾਨ ਆਦਿ ਕਿ ਹਰ ਮਿਹਨਤਕਸ਼ ਵਾਸਤੇ ਸੋਹਣੇ ਭਵਿੱਖ ਦਾ ਭਰੋਸਾ ਦਿੰਦੀ ਹੋਵੇ ਉਸਨੂੰ ਵੋਟ ਦਿੱਤਾ ਜਾਂਦਾ ਹੈ। ਇੱਥੋਂ ਹੀ ਨਾਗਰਿਕ ਦਾ ਲੋਕਤੰਤਰੀ ਕੰਮ ਸ਼ੁਰੂ ਹੁੰਦਾ ਹੈ, ਕਿ ਜੋ ਵਾਅਦੇ ਕਰਕੇ ਕੋਈ ਪਾਰਟੀ ਹਕੂਮਤ ਬਣਾ ਲੈਂਦੀ ਹੈ ਉਹ ਆਪਣੇ ਕਹੇ ਮੁਤਾਬਿਕ ਕੰਮ ਵੀ ਕਰ ਰਹੀ ਹੈ ਜਾਂ ਨਹੀਂ, ਹਰ ਗੱਲ/ਵਰਤਾਰੇ 'ਤੇ ਨਿਗਾਹ ਰੱਖਣੀ ਵੋਟ ਦੇਣ ਵਾਲੇ ਨਾਗਰਿਕਾਂ ਦਾ ਹੀ ਕੰਮ ਹੁੰਦਾ ਹੈ। ਜੇ ਅਜਿਹਾ ਨਹੀਂ ਵਾਪਰਦਾ ਤਾਂ ਲੋਕਤੰਤਰੀ ਢਾਂਚੇ ਅੰਦਰ ਵਿਗਾੜ ਪੈਦਾ ਹੋਣਗੇ ਤੇ ਬੇਰੋਕ-ਟੋਕ ਵਧਦੇ ਹੀ ਜਾਣਗੇ। ਇਸ ਨਾਲ ਲੋਕਤੰਤਰ ਕਮਜੋਰ ਹੋਵੇਗਾ ਤੇ ਉਸਦੇ ਕੁਰਾਹੇ ਪੈ ਜਾਣ ਦਾ ਖਤਰਾ ਵਧ ਜਾਵੇਗਾ। ਇਸ ਜ਼ੁੰਮੇਵਾਰੀ ਤੋਂ ਨਾਗਰਿਕ ਕਿਵੇਂ ਬਚ ਸਕਣਗੇ?

ਲੋਕਤੰਤਰੀ ਪ੍ਰਬੰਧ ਅੰਦਰ ਰਹਿੰਦਿਆਂ ਇਸ ਵਿਚ ਆਉਂਦੇ ਵਿਗਾੜਾਂ ਦੇ ਖਿਲਾਫ ਹੋਣਾ ਹੀ ਲੋਕਤੰਤਰੀ ਹੋਣਾ ਹੁੰਦਾ ਹੈ, ਤਾਂ ਕਿ ਲੋਕਤੰਤਰ ਦੀ ਰਾਖੀ ਕੀਤੀ ਜਾ ਸਕੇ। ਸਾਧਾਰਨ ਲਫਜਾਂ ਵਿਚ ਇਸ ਨੂੰ ਦੇਸ਼ਭਗਤੀ ਆਖਿਆ ਜਾ ਸਕਦਾ ਹੈ। ਅਜਿਹੇ ਸਮੇਂ ਚੁੱਪ ਰਹਿਣਾ ਲੋਕਤੰਤਰੀ ਸਮਾਜ ਵਿਚੋਂ ਆਪਣੇ ਆਪ ਨੂੰ ਖਾਰਿਜ ਕਰਨ ਦੇ ਬਰਾਬਰ ਹੁੰਦਾ ਹੈ। ਸਰਬੱਤ ਦੇ ਭਲੇ ਵਾਸਤੇ ਸਮਾਜ ਅੰਦਰ ਸੱਤਾਧਾਰੀਆਂ ਲਈ ਜਰੂਰੀ ਹੁੰਦਾ ਹੈ ਕਿ ਉਹ ਕਿਸੇ ਇਕ ਵੀ ਪ੍ਰਾਣੀ ਤੱਕ ਦੇ ਮਨੁੱਖੀ ਹੱਕਾਂ ਨੂੰ ਆਂਚ ਨਾ ਆਉਣ ਦੇਣ। ਮਿਹਨਤਕਸ਼ਾਂ ਨੂੰ ਲੁੱਟ ਦੇ ਆਸਰੇ ਬਣੀ ਧਨਾਢ ਜਮਾਤ (ਜੁੰਡਲੀ) ਦੇ ਮੁਕਾਬਲੇ ਦੂਜੈਲੇ ਕਿਸਮ ਦੇ ਸ਼ਹਿਰੀ ਸਮਝ ਕੇ ਵਿਤਕਰੇ ਦੇ ਸ਼ਿਕਾਰ ਨਾ ਬਨਾਉਣ, ਜੇ ਅਜਿਹਾ ਹੁੰਦਾ ਹੈ ਤਾਂ ਸਮਾਜ ਵਿਚ ਵੰਡੀਆਂ ਪੈਣ ਅਤੇ ਭਾਈਚਾਰਕ ਸਾਂਝ ਅੰਦਰ ਪਾੜ ਪੈਣ ਦੇ ਖਤਰੇ ਵਧ ਜਾਂਦੇ ਹਨ ਜੋ ਸਿਹਤਮੰਦ ਲੋਕਤੰਤਰ ਵਾਸਤੇ ਚੰਗਾ ਰੁਝਾਨ ਨਹੀਂ ਹੋ ਸਕਦਾ। ਅਜਿਹੇ ਵਰਤਾਰਿਆਂ ਨੂੰ ਅਣਡਿਠ ਕਰਨ ਵਾਲਾ ਹਕੂਮਤੀ ਢਾਂਚਾ ਲੋਕਤੰਤਰੀ ਲੀਹਾਂ ਨੂੰ ਛੱਡਣ ਵੇਲੇ ਗੈਰ-ਲੋਕਤੰਤਰੀ ਹੋ ਜਾਂਦਾ ਹੈ ਜੋ ਆਪਣੇ ਵਿਰੋਧੀਆਂ ਲਈ ਸਮਾਜ ਅੰਦਰ ਲੋਕਾਂ ਵਲੋਂ ਉਨ੍ਹਾਂ ਵਾਸਤੇ ਹਮਦਰਦੀ ਵਾਲਾ ਸਬੱਬ ਪੈਦਾ ਕਰਨ ਦਾ ਕਾਰਨ ਵੀ ਹੋ ਨਿੱਬੜਦਾ ਹੈ। ਜੁਲਮ ਵਿਰੋਧੀ ਸੁਰਾਂ ਵੀ ਅਜਿਹੇ ਸਮੇਂ ਹੀ ਉਠਦੀਆਂ ਤੇ ਸਮਾਜ ਬਦਲਣ ਵਾਸਤੇ ਸਰਗਰਮ ਹੋ ਜਾਂਦੀਆਂ ਹਨ।

ਉਸ ਪ੍ਰਬੰਧ ਨੂੰ ਲੋਕਤੰਤਰ ਕਿਵੇਂ ਕਿਹਾ ਜਾ ਸਕਦਾ ਹੈ ਜਿਸ ਅੰਦਰ ਆਪਣੇ ਲੋਕਾਂ ਪ੍ਰਤੀ ਸੰਵੇਦਨਾ ਦਾ ਭੋਰਾ ਬਚਿਆ ਹੀ ਨਾ ਹੋਵੇ। ਜਿਸ ਅੰਦਰ ਲੋਕਾਂ ਦੇ ਦੁੱਖ-ਸੁੱਖ ਅਤੇ ਦਰਦ ਸਾਮਲ ਹੀ ਨਾ ਹੋਣ। ਕਿਸੇ ਪ੍ਰਬੰਧ ਦੀ ਚੂਲ ਹੀ ਉਖਾੜ ਦੇਣੀ ਉਸ ਪ੍ਰਬੰਧ ਦਾ ਸਰੂਪ ਬਦਲ ਦਿੰਦੀ ਹੈ। ਕਿਸੇ ਵੀ ਥਾਵੇਂ ਲੋਕਤੰਤਰ ਉਸੇ ਨੂੰ ਆਖਿਆ ਜਾ ਸਕੇਗਾ ਜਿੱਥੇ ਪ੍ਰਬੰਧ ਅੰਦਰ ਲੋਕਾਂ ਦੀ ਹਰ ਘੜੀ ਭਰਵੀ ਸਮੂਲੀਅਤ ਹੋਵੇ। ਲੋਕਾਂ ਨੂੰ ਇਸ ਬਾਰੇ ਸੁਚੇਤ ਅਤੇ ਸਿੱਖਿਅਤ ਕਰਨਾ ਰਾਜ ਦੀਆਂ ਲੋਕਤੰਤਰੀ ਸੰਸਥਾਵਾਂ ਦਾ ਪਹਿਲਾ ਫਰਜ਼ ਹੋਣਾ ਚਾਹੀਦਾ ਹੈ। ਲੋਕ ਭਾਵਨਾਵਾਂ ਅਤੇ ਮਾਨਤਾਵਾਂ ਦੀਆਂ ਰੇਖਾਵਾਂ ਨੂੰ ਉਲੰਘਣਾ ਲੋਕ ਰਾਜ ਦਾ ਅਪਮਾਨ ਹੁੰਦਾ ਹੈ। ਲੋਕਾਂ ਵਲੋਂ ਆਪਣੇ ਨੁਮਾਇੰਦੇ ਚੁਣੇ ਜਾਣ ਤੋਂ ਬਾਅਦ ਉਨ੍ਹਾਂ ਨੁਮਾਂਇੰਦਿਆਂ ਵਾਸਤੇ ਲਾਜਮੀ ਹੁੰਦਾ ਹੈ ਕਿ ਉਹ ਸਮੁੱਚੇ ਲੋਕਾਂ ਦੀਆਂ ਭਾਵਨਾਵਾਂ ਦੀ ਪਾਲਣਾ ਅਤੇ ਉਨ੍ਹਾਂ ਦੀ ਕਦਰ/ ਸਤਿਕਾਰ ਕਰਨ ਵਾਸਤੇ ਪਾਬੰਦ ਰਹਿਣ। ਜਦੋਂ ਕੋਈ ਚੁਣਿਆਂ ਨੁਮਾਂਇੰਦਾ ਅਜਿਹਾ ਨਹੀਂ ਕਰਦਾ ਤਾਂ ਉਹ ਲੋਕਰਾਜੀ ਕਦਰਾਂ-ਕੀਮਤਾਂ ਨਾਲ ਇਨਸਾਫ ਨਾ ਕਰਕੇ ਉਨ੍ਹਾਂ ਨਾਲ ਵੈਰ ਕਮਾ ਰਿਹਾ ਹੁੰਦਾ ਹੈ।ਅਜਿਹੇ ਸਮੇਂ ਅਜਿਹੇ ਨੁਮਾਇੰਦੇ ਲੋਕਾਂ ਨਾਲ ਕੀਤੇ ਵਚਨਾਂ ਨੂੰ ਤੋੜਨ ਵਾਲੇ ਮੁਜਰਿਮ ਬਣ ਜਾਂਦੇ ਹਨ।

ਲੋਕਤੰਤਰੀ ਬੁਨਿਆਦ ਵਾਲੇ ਰਾਜ ਦੇ ਚੁਣੇ ਗਏ ਮੈਂਬਰ ਝੂਠ ਬੋਲਣ ਵਾਲੇ ਜਾਂ ਆਪਣੇ ਲੋਕਾਂ ਤੋਂ ਲੁਕੋ ਕੇ ਪਰਦੇ ਅੰਦਰ ਕਾਰਜ (ਨੀਤੀਆਂ ਬਨਾਉਣਾ ਆਦਿ) ਕਰਨ ਵਾਲੇ ਵੀ ਨਹੀਂ ਹੋਣੇ ਚਾਹੀਦੇ, ਸਗੋਂ ਲੋਕਾਂ ਨੂੰ ਉਨ੍ਹਾਂ 'ਤੇ ਭਰੋਸਾ ਹੋਵੇ ਕਿ ਉਹ ਜੋ ਕਹਿਣ ਉਸ 'ਤੇ ਪੂਰੇ ਵੀ ਉਤਰਨ। ਜਦੋਂ ਅਜਿਹਾ ਨਹੀਂ ਹੁੰਦਾ ਤਾਂ ਲੋਕਾਂ ਦਾ ਅਜਿਹੇ ਨੇਤਾਵਾਂ ਤੋਂ ਵਿਸ਼ਵਾਸ ਉੱਠ ਜਾਂਦਾ ਹੈ, ਇਸ ਨਾਲ ਕਿਸੇ ਨੇਤਾ ਨੂੰ ਫਰਕ ਪਵੇ ਨਾ ਪਵੇ ਪਰ ਲੋਕ ਤੰਤਰੀ ਪ੍ਰੰਪਰਾਵਾਂ ਨੂੰ ਫਰਕ ਪੈਂਦਾ ਹੈ, ਉਹ ਪ੍ਰੰਪਰਾਵਾਂ ਤਬਾਹ ਹੋ ਜਾਂਦੀਆਂ ਹਨ, ਜਿਨ੍ਹਾਂ 'ਤੇ ਲੋਕਾਂ ਦਾ ਭਰੋਸਾ ਬਣਿਆਂ ਹੁੰਦਾ ਹੈ। ਅਜਿਹੇ ਸਮੇਂ ਫੈਲੀ ਅਫਰਾ-ਤਫਰੀ ਗ੍ਰਹਿ ਯੁੱਧ ਵਿਚ ਬਦਲਦੀ ਵੀ ਇਤਿਹਾਸ ਨੇ ਬਹੁਤ ਥਾਵੀਂ ਦੇਖੀ ਹੈ। "ਸੋਸ਼ਲ ਡੈਮੋਕ੍ਰੇਸੀ" ਵਰਗੇ ਝੂਠੇ ਲਾਰਿਆਂ ਹੇਠ ਜਿੱਤ ਪ੍ਰਪਤ ਕਰ ਲੈਣ ਤੋਂ ਬਾਅਦ ਅਜਿਹੇ ਸਿਸਟਮ ਨੂੰ ਲੋਕਾਂ ਨੇ ਨਾਜੀਵਾਦ/ ਫਾਸ਼ੀਵਾਦ ਵਿਚ ਬਦਲਦਿਆਂ ਵੀ ਇਤਿਹਾਸ ਅੰਦਰ ਦਰਜ ਹੋਇਆ ਦੇਖਿਆ ਹੈ। ਲੋਕਾਂ ਦੀ ਭਾਗੀਦਾਰੀ ਨਾਲ ਉਸਰੇ ਉਸੇ ਝੂਠ ਭਰੇ ਦੁਰ-ਪ੍ਰਬੰਧ ਨੇ ਕਰੋੜਾਂ ਲੋਕਾਂ ਦੀ ਜਾਨ ਲਈ, ਇਹ ਕੌਣ ਨਹੀਂ ਜਾਣਦਾ?

ਲੋਕਤੰਤਰ ਦਾ ਮੁੱਖ ਕਾਰਜ ਲੋਕਾਂ ਅੰਦਰ ਸਹਿਹੋਂਦ ਦੀ ਭਾਵਨਾ ਪੈਦਾ ਕਰਨੀ ਅਤੇ ਇਕ ਦੂਜੇ ਪ੍ਰਤੀ ਸਤਿਕਾਰ ਅਤੇ ਮਨੁੱਖੀ ਹਮਦਰਦੀਆਂ ਵਾਲਾ ਭਾਈਚਾਰਾ ਕਾਇਮ ਕਰਨਾ ਵੀ ਹੈ। ਜਿਸ ਭਾਈਚਾਰੇ ਅੰਦਰ ਧਾਰਮਿਕ, ਸਮਾਜਿਕ, ਆਰਥਕ ਅਤੇ ਰਾਜਨੀਤਕ ਪੱਖੋਂ ਕਿਸੇ ਦੇ ਪ੍ਰਤੀ ਵੀ ਪੱਖਪਾਤ ਜਾਂ ਨਫਰਤ ਦੀ ਕੋਈ ਜਗ੍ਹਾ ਨਹੀਂ ਹੋ ਸਕਦੀ। ਜੇ ਕੋਈ ਅਜਿਹਾ ਕਰਦਾ ਹੈ ਤਾਂ ਉਹ ਗੈਰ-ਲੋਕਤੰਤਰੀ ਹੀ ਹੋ ਸਕਦਾ ਹੈ, ਸਮਾਜ ਅੰਦਰ ਅਜਿਹੇ ਲੋਕਾਂ ਨੂੰ ਕਦੇ ਵੀ ਕਬੂਲ ਨਹੀਂ ਕੀਤਾ ਜਾਂਦਾ।

ਜਿੱਥੇ ਡਰ-ਭੈਅ, ਧੱਕਾ ਤੇ ਧੌਂਸ ਦਾ ਬੋਲਬਾਲਾ ਹੋਵੇ ਉਸ ਨੂੰ ਲੋਕਰਾਜ ਕਹਿਣ 'ਤੇ ਸਵਾਲੀਆ ਨਿਸ਼ਾਨ ਤਾਂ ਲਗਦਾ ਹੀ ਹੈ ਸਗੋਂ ਨਾਲ ਹੀ ਲੋਕਾਂ ਅੰਦਰ ਅਜਿਹੇ ਪ੍ਰਬੰਧ ਅਤੇ ਪ੍ਰਬੰਧ ਨੂੰ ਚਲਾ ਰਹੀ ਸਰਕਾਰ ਪ੍ਰਤੀ ਨਿਰਾਸਤਾ ਤੇ ਗੁੱਸਾ ਦੋਵੇਂ ਪੈਦਾ ਹੁੰਦੇ ਹਨ। ਇਸ ਨਾਲ ਕਿਸੇ ਰਾਜ ਦੀ ਸੰਸਾਰ ਅੰਦਰਲੇ ਦੂਜੇ ਰਾਜਾਂ ਅੰਦਰ ਵੀ ਗੈਰ-ਭਰੋਸੇਯੋਗਤਾ ਵਾਲੀ ਹਾਲਤ ਬਣ ਜਾਂਦੀ ਹੈ।

ਜਦੋਂ ਲੋਕਾਂ ਦੀ ਚੁਣੀ ਹੋਈ ਸਰਕਾਰ ਲੋਕਾਂ ਦੀਆਂ ਹੱਕੀ ਮੰਗਾਂ ਦੀ ਅਣਦੇਖੀ ਕਰੇ ਤੇ ਲੋਕਾਂ ਦੇ ਮਸਲਿਆਂ ਨੂੰ ਕਿਸੇ ਹੋਰ ਦੇ ਮੁਫਾਦ ਜਾਂ ਮੁਨਾਫੇ ਖਾਤਰ ਟਾਲੇ ਜਾਂ ਬਦਨਾਮ ਕਰੇ ਉਦੋਂ ਲੋਕਾਂ ਵਲੋਂ ਚੁਣੀ ਹੋਈ ਸਰਕਾਰ ਲੋਕਤੰਤਰ ਨੂੰ ਅਣਗੌਲਿਆਂ ਕਰਨ ਜਾਂ ਲੋਕਤੰਤਰ ਦੀ ਬੇਅਦਬੀ ਕਰਨ ਦੀ ਦੋਸ਼ੀ ਬਣ ਜਾਂਦੀ ਹੈ। ਇਸ ਤਰ੍ਹਾਂ ਸਰਕਾਰ ਜਾਂ ਸਰਕਾਰੀਤੰਤਰ ਜਾਣੇ-ਅਣਜਾਣੇ ਆਪਣੇ ਹੀ ਲੋਕਾਂ ਨੂੰ ਉਕਸਾਉਣ ਜਾਂ ਭੜਕਾਉਣ ਦਾ ਕਾਰਜ ਕਰਦੇ ਹਨ, ਜਿਸ ਨੂੰ ਅਨੈਤਿਕ ਵੀ ਕਿਹਾ ਜਾ ਸਕਦਾ ਹੈ ਤੇ ਗੈਰ-ਜਰੂਰੀ ਵੀ। ਕਿਉਂਕਿ ਲੋਕਤੰਤਰੀ ਪਰੰਪਰਾਵਾਂ ਵਿਵਾਦ ਦੀ ਨਹੀ ਸੰਵਾਦ ਦੀ ਹਾਮੀ ਭਰਦੀਆਂ ਹਨ, ਹਰ ਮਸਲਾ ਸੰਵਾਦ ਨਾਲ ਸੁਲਝਾਇਆ ਜਾ ਸਕਦਾ। ਵਿਵਾਦ ਨੂੰ ਹਵਾ ਦੇਣ ਵਾਲੇ ਏਕਾਅਧਿਕਾਰਵਾਦੀ ਪ੍ਰਬੰਧ/ਵਿਵਸਥਾ ਨੂੰ ਉਤਸਾਹਿਤ ਕਰਨ ਦੇ ਕੁਕਰਮ ਦਾ ਕਾਰਨ ਬਣ ਸਕਦੇ ਹਨ। ਅਜਿਹਾ ਕਦੇ ਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਨਾਲ ਲੋਕਾਂ ਦਾ ਲੋਕਤੰਤਰ ਵਿਚ ਬਣਿਆ ਵਿਸ਼ਵਾਸ ਤਿੜਕਣ ਲੱਗ ਜਾਂਦਾ ਹੈ। ਇਸ ਦੇ ਸਿੱਟੇ ਬਹੁਤ ਖਤਰਨਾਕ ਹੋ ਸਕਦੇ ਹਨ, ਜਿਨ੍ਹਾਂ ਤੋਂ ਬਚਣਾ ਬਹੁਤ ਹੀ ਜ਼ਰੂਰੀ ਹੋ ਜਾਂਦਾ ਹੈ।

ਬੌਣੀ ਸੋਚ ਵਾਲੇ ਸਿਆਸੀ ਆਗੂਆਂ ਦਾ ਵੀ ਇਹੀ ਦੁਖਾਂਤ ਹੁੰਦਾ ਹੈ ਕਿ ਉਹ ਬਰਾਬਰੀ ਦੇ ਅਰਥ ਸਮਝਦੇ ਹੋਏ ਵੀ ਨਹੀਂ ਸਮਝਦੇ। ਜਾਂ ਫਿਰ ਉਹ ਇਹ ਅਰਥ ਸਮਝਣ ਤੋਂ ਅਸਮਰਥ ਹੁੰਦੇ ਹਨ। ਕਿਸੇ ਵੱਲੋਂ ਵੀ ਗਰੀਬੀ ਹੰਢਾਉਣਾ ਕਦੇ ਵੀ ਕਿਸਮਤ ਜਾਂ ਮੁਕੱਦਰ ਨਹੀਂ ਹੁੰਦੇ, ਇਹ ਤਾਂ ਵੱਧੋ-ਵਧ ਮੁਨਾਫਾ ਕਮਾਉਣ ਅਧਾਰਤ ਲੋਕਦੋਖੀ ਪ੍ਰਬੰਧ ਦਾ ਚਰਿਤ੍ਰ ਹੁੰਦਾ ਹੈ। ਗਰੀਬੀ ਹੰਢਾਅ ਚੁੱਕਿਆ ਮਨੁੱਖ ਕਦੇ ਵੀ ਆਪਣੇ ਪਿਛੋਕੜ ਅਤੇ ਹੰਢਾਈ ਹੋਈ ਪੀੜ ਨੂੰ ਭੁੱਲਦਾ ਨਹੀਂ ਹੁੰਦਾ ਜੋ ਭੁੱਲ ਜਾਵੇ ਉਹਦੇ ਚੋਂ ਇਨਸਾਨ ਹੋਣ ਦਾ ਬਹੁਤ ਕੁਝ ਕਿਰ ਗਿਆ ਹੁੰਦਾ ਹੈ। ਉਸ ਨਾਲ ਮਨੁੱਖਤਾ ਦੀ ਹਾਨੀ ਵੀ ਹੁੰਦੀ ਹੈ ਤੇ ਉਹ ਮਨੁੱਖ ਖੁਦ ਇਸ ਧਰਤੀ 'ਤੇ ਭਾਰ ਜਿਹਾ ਬਣ ਜਾਂਦਾ ਹੈ। ਸਮੇਂ ਦੀ ਸਲੇਟ ਤੇ ਇਹੋ ਪਲ ਦੁਖਦਾਈ ਕਹਾਉਂਦੇ ਹਨ। ਲੋਕ ਦੋਖੀ ਹਾਕਮਾਂ/ਹਕੂਮਤਾਂ ਨੂੰ ਆਮ ਲੋਕ ਸਦੀਆਂ ਤੱਕ ਲਾਹਨਤਾਂ ਪਾਉਂਦੇ ਹਨ।

ਜਦੋਂ ਮਨੁੱਖ ਕੋਲੋਂ ਆਪਣਾ ਪਿਛੋਕੜ ਤੇ ਆਪਣੇ ਵਿਰਸੇ ਅੰਦਰਲਾ ਦੂਜਿਆਂ ਬਾਰੇ ਨੇਕ ਸੋਚਣ ਦਾ ਵਿਚਾਰ ਖੁੱਸ ਜਾਵੇ ਤਾਂ ਉਸ ਦੇ ਕੋਲ ਬਚਦਾ ਹੀ ਕੀ ਹੈ? ਆਦਿ ਕਾਲ ਤੋਂ ਹੀ ਮਨੁੱਖ ਆਪਣੇ ਜੀਣ-ਥੀਣ ਲਈ ਸੰਘਰਸ਼ਸ਼ੀਲ ਰਿਹਾ ਹੈ। ਕਿਸੇ ਮਨੁੱਖ ਦਾ ਲੋਕਤੰਤਰੀ ਹੋਣਾ ਵੀ ਉਸਦੇ ਪਾਲਣ ਪੋਸ਼ਣ ਅਤੇ ਉਸ ਦੀ ਸਿਖਿਆ ਨਾਲ ਸੰਬੰਧ ਰੱਖਦਾ ਹੈ। ਗਲਤ ਸਿੱਖਿਆ ਅਤੇ ਦਲਿੱਦਰੀ ਤੇ ਨਫਰਤੀ ਸੋਚ ਕਦੇ ਵੀ ਉੱਜਲਾ ਭਵਿੱਖ ਨਹੀਂ ਸਿਰਜ ਸਕਦੀ।

ਲੋਕਤੰਤਰੀ ਪ੍ਰਬੰਧ ਚਲਾਉਣ ਵਾਸਤੇ ਆਗੂ ਆਮ ਲੋਕਾਂ ਵਿਚੋਂ ਚੁਣੇ ਜਾਂਦੇ ਹਨ ਚੁਣੇ ਜਾਣ ਤੱਕ ਭਾਵੇਂ ਉਹ ਕਿਸੇ ਇਕ ਸਿਆਸੀ ਪਾਰਟੀ ਦੇ ਨੁੰਮਾਇੰਦੇ ਹੁੰਦੇ ਹਨ ਪਰ ਚੁਣੇ ਜਾਣ ਤੋਂ ਬਾਅਦ ਉਹ ਸਾਰੇ ਲੋਕਾਂ ਦੇ ਆਗੂ ਹੁੰਦੇ ਹਨ। ਜੇ ਅਜਿਹਾ ਨਹੀਂ ਵਾਪਰਦਾ ਹਾਕਮਾਂ ਦੀ ਬਦਨਾਮੀ ਤਾਂ ਹੁੰਦੀ ਹੀ ਹੈ ਪਰ ਨੁਕਸਾਨ ਲੋਕਤੰਤਰ ਨੂੰ ਹੁੰਦਾ ਹੈ। ਲੋਕਾਂ ਦੇ ਕਹੇ ਜਾਂਦੇ ਰਾਜ ਅੰਦਰ ਆਗੂ ਸੱਚੇ- ਸੁੱਚੇ ਹੋਣੇ ਚਾਹੀਦੇ ਹਨ। ਝੂਠ ਬੋਲਣ ਵਾਲਾ ਆਗੂ ਲੋਕਤੰਤਰੀ ਹੋ ਹੀ ਨਹੀਂ ਸਕਦਾ, ਕਿਉਂਕਿ ਲੋਕਾਂ ਨਾਲ ਉਨ੍ਹਾਂ ਨੇ ਸੱਚ ਬੋਲਣ ਦਾ ਵਾਅਦਾ ਕੀਤਾ ਹੁੰਦਾ ਹੈ। ਕਿਸੇ ਵੀ ਲੋਕਤੰਤਰੀ ਆਗੂ ਦਾ ਆਪਣੇ ਸਿਆਸੀ ਵਿਰੋਧੀਆਂ ਪ੍ਰਤੀ ਇਮਾਨਦਾਰ ਤੇ ਸਹਿਣਸ਼ੀਲ ਹੋਣਾ ਬਹੁਤ ਜਰੂਰੀ ਹੁੰਦਾ ਹੈ। ਕਹੇ ਕੁੱਝ ਹੋਰ ਤੇ ਕਰੇ ਕੁੱਝ ਹੋਰ ਵਾਲਾ ਤਾਂ ਪੰਜਾਬੀ ਦੀ ਕਹਾਵਤ "ਬੁੱਕਲ ਵਿਚ ਰੋੜੀ ਭੰਨਣ ਵਾਲੇ" ਵਾਂਗ ਬੇ-ਈਮਾਨ ਹੀ ਗਿਣਿਆਂ ਜਾਂਦਾ ਹੈ । ਬੇ-ਈਮਾਨ ਬੰਦੇ 'ਤੇ ਦੁਨੀਆਂ ਵਿਚ ਕੌਣ ਭਰੋਸਾ ਕਰਦਾ ਹੈ? ਜੇ ਲੋਕਤੰਤਰ ਦੀ ਦੁਹਾਈ ਦੇਣ ਵਾਲਾ ਵੀ ਅਜਿਹਾ ਕਰੇ ਤਾਂ ਦੁਨੀਆਂ ਦੇ ਪੱਧਰ 'ਤੇ ਉਹ ਆਗੂ ਆਪਣੇ ਹੀ ਦੇਸ/ ਆਪਣੇ ਲੋਕਾਂ ਦੀ ਹੇਠੀ ਦਾ ਕਾਰਨ ਬਣ ਜਾਂਦਾ ਹੈ।

ਲੋਕਤੰਤਰ ਅੰਦਰ ਬਹੁਗਿਣਤੀ ਤੇ ਘੱਟਗਿਣਤੀ ਦਾ ਬਰਾਬਰ ਦਾ ਰੁਤਬਾ ਤੇ ਸਨਮਾਨ ਹੁੰਦਾ ਹੈ। ਕਿਸੇ ਵੀ ਧਰਮ ਨਿਰਪੱਖ ਰਾਜ ਅੰਦਰ ਧਾਰਮਕ, ਰਾਜਸੀ ਜਾਂ ਸਮਾਜਕ ਵਖਰੇਵਿਆਂ ਕਰਕੇ ਕਿਸੇ ਨਾਲ ਵਿਤਕਰਾ ਹੋਵੇ ਤਾਂ ਰਾਜ ਦਾ ਫਰਜ ਬਣ ਜਾਂਦਾ ਹੈ ਪੀੜਤ ਦੇ ਨਾਲ ਖੜੇ ਹੋਣਾ ਅਤੇ ਉਸਨੂੰ ਇਨਸਾਫ ਦੇਣਾ/ਦੁਆਉਣਾ। ਦੁਨੀਆਂ ਅੰਦਰ ਲੋਕਤੰਤਰ ਨੂੰ ਖੋਰਾ ਉਦੋਂ ਹੀ ਲੱਗਿਆ ਜਦੋਂ ਹਕੂਮਤਾਂ ਵਲੋਂ ਕਿਸੇ ਤਰ੍ਹਾਂ ਦੀਆਂ ਕੋਝੀਆਂ ਗਰਜਾਂ ਦੀ ਪੂਰਤੀ ਹਿਤ ਲੋਕਤੰਤਰੀ ਪਰੰਪਰਾਵਾਂ ਨੂੰ ਨੁਕਸਾਨ ਪਹੁੰਚਾਇਆ ਗਿਆ। ਇਹ ਹੋਣਾ ਹੀ ਨਹੀਂ ਚਾਹੀਦਾ ਪਰ ਦੁਨੀਆਂ ਦੇ ਇਤਿਹਾਸ ਅੰਦਰ ਇਸ ਤਰ੍ਹਾਂ ਦੇ ਕਿੱਸੇ ਵੀ ਮਿਲਦੇ ਹਨ। ਵਰਤਮਾਨ ਸਮੇਂ ਉਹ ਮੁੜ ਦੁਹਰਾਏ ਨਹੀਂ ਜਾਣੇ ਚਾਹੀਦੇ।

ਕਿਸੇ ਵੀ ਰਾਜ ਦੀ ਸਿਆਸੀ ਜਾਂ ਸਮਾਜੀ ਬਣਤਰ ਨੂੰ ਦੁਨੀਆਂ ਦੇਖਦੀ ਹੈ। ਆਰਥਿਕ ਤਰੱਕੀ ਤਾਂ ਤਾਨਾਸ਼ਾਹੀ ਵਾਲੇ ਰਾਜਾਂ ਵਿਚ ਵੀ ਨਹੀਂ ਰੁਕਦੀ, ਇਹ ਤਾਂ ਮਿਹਨਤਕਸ਼ ਲੋਕਾਂ ਦੇ ਖੂਨ-ਪਸੀਨੇ ਦਾ ਜਲੌਅ ਹੁੰਦਾ ਹੈ, ਉਹ ਖੁਸ਼ੀ ਨਾਲ ਕਰਨ ਜਾਂ ਧੱਕੇ ਨਾਲ ਕਰਵਾਇਆ ਜਾਵੇ। ਸਵਾਲ ਸਿਰਫ ਇਹ ਹੁੰਦਾ ਹੈ ਕਿ ਹੋਈ ਤਰੱਕੀ ਦਾ ਲਾਭ ਕਿਸ ਨੂੰ ਮਿਲਿਆ, ਹੋਏ ਵਿਕਾਸ ਨੇ ਕਿਨ੍ਹਾਂ ਲੋਕਾਂ ਦੇ ਚਿਹਰਿਆਂ 'ਤੇ ਹਾਸਾ ਜਾਂ ਰੌਣਕ ਲਿਆਂਦੀ। ਹੁਣ ਤੱਕ ਲੋਕਤੰਤਰ ਭਾਈਚਾਰਕ ਸਾਂਝ ਵਧਾਉਣ ਵਾਲਾ ਅਜਿਹਾ ਪ੍ਰਬੰਧ ਗਿਣਿਆਂ ਗਿਆ ਹੈ ਜਿੱਥੇ ਮਨੁੱਖੀ ਆਜਾਦੀਆਂ ਨੂੰ ਪਿਆਰਿਆ ਤੇ ਸਤਿਕਾਰਿਆ ਜਾਂਦਾ ਹੈ। ਇਸ ਪ੍ਰਬੰਧ ਦਾ ਮਕਸਦ ਲੋਕਾਂ ਨੂੰ ਇਨਸਾਨ ਬਣਨ ਅਤੇ ਇਨਸਾਨਾਂ ਨਾਲ ਆਪਣੇ ਵਰਗਾ ਵਿਹਾਰ ਕਰਨ ਦਾ ਸਬਕ ਪੜ੍ਹਾਇਆ ਜਾਂਦਾ ਹੈ। ਇਹ ਤਾਂ ਅਸੀਂ ਬਚਪਨ ਤੋਂ ਹੀ ਸੁਣਦੇ ਆਏ ਹਾਂ ਕਿ ਕੋਈ ਵੀ ਚੰਗਾ ਰਾਜਪ੍ਰਬੰਧ ਚਲਾਉਣ ਵਾਸਤੇ ਪਹਿਲੀ ਸ਼ਰਤ ਇਨਸਾਨਸਾਜੀ ਹੁੰਦੀ ਹੈ, ਇਸ ਤੋਂ ਬਿਨਾਂ ਰਾਜ ਨੂੰ ਚਲਾਉਣ ਵਾਲੇ ਡੋਲ ਜਾਂਦੇ ਹਨ ਤੇ ਅਸਲੋਂ ਹੀ ਲੋਕਤੰਤਰ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ੀ ਸਾਬਤ ਹੁੰਦੇ ਹਨ। ਅਜਿਹਾ ਬਹੁਤ ਵਾਰ ਹੋਇਆ ਹੈ ਕਿ ਗਲਤ ਪ੍ਰਚਾਰ ਨਾਲ ਗੁਮਰਾਹ ਹੋ ਕੇ ਲੋਕ ਕਾਲੇ ਮਨਾਂ ਵਾਲੇ ਆਗੂਆਂ ਨੂੰ ਚੁਣ ਲੈਂਦੇ ਰਹੇ ਹਨ ਤੇ ਫੇਰ ਉਨ੍ਹਾਂ ਨੇ ਅਣਜਾਣੇ 'ਚ ਹੋਈ ਗਲਤੀ ਦਾ ਆਪਣੀਆਂ ਜਾਨਾਂ ਦੇ ਕੇ ਮੁੱਲ ਵੀ ਤਾਰਿਆ।

ਲੋਕਾਂ ਦੇ ਭਾਈਚਾਰੇ ਨੂੰ ਵੰਡਣ ਵਾਲੇ ਕਿਸੇ ਵੀ ਖੇਤਰ ਦੇ ਆਗੂ ਲੋਕਾਂ ਨੇ ਕਦੇ ਦਿਲੋਂ ਪ੍ਰਵਾਨ ਨਹੀਂ ਕੀਤੇ। ਇਤਿਹਾਸ ਨੇ ਸਦਾ ਹੀ ਉਨ੍ਹਾਂ ਨੂੰ ਖਲਨਾਇਕਾਂ ਅਤੇ ਨਫਰਤੀ ਸੌਦਾਗਰਾਂ ਦੇ ਰੂਪ ਵਿਚ ਚੇਤੇ ਰੱਖਿਆ ਹੈ। ਲੋਕਤੰਤਰ ਨੂੰ ਖਤਰਾ ਪੈਦਾ ਹੋ ਜਾਣ ਸਮੇਂ ਉਸ ਦੀ ਰਾਖੀ ਲਈ ਮੱਥਿਆਂ ਵਿਚ ਗਿਆਨ ਦੇ ਜਗਦੇ ਦੀਵਿਆਂ ਵਾਲੇ ਲੋਕਾਂ ਨੇ ਹਮੇਸ਼ਾ ਹੀ ਆਪਣੀ ਆਵਾਜ ਬੁਲੰਦ ਕੀਤੀ। ਇਤਿਹਾਸ ਅਜਿਹੇ ਲੋਕਾਂ ਨੂੰ ਸਦਾ ਹੀ ਸਮੇਂ ਦੇ ਸੂਰਮਿਆਂ ਵਜੋਂ ਚੇਤੇ ਕਰਦਾ ਰਿਹਾ ਹੈ ਅਤੇ ਕਰਦਾ ਰਵ੍ਹੇਗਾ।

## ਕੱਢਦੀ ਫੁੱਲਕਾਰੀ ਨੀ/-ਬਹਾਦਰ ਡਾਲਵੀ

ਕੱਢਦੀ ਫੁੱਲਕਾਰੀ ਨੀ ਫੁੱਲ ਬੂਟੀਆਂ ਪਾਵਾਂ
ਮੇਰੇ ਵੀਰੇ ਨੇ ਆਉਣਾ ਮੈਂ ਤੱਕਦੀ ਆ ਰਾਹਵਾਂ
ਵੀਰੇ ਨੇ ਆਉਣਾ ਏ ਮੈਂ ਔਸੀਆਂ ਪਾਵਾਂ

ਸੀ ਧਰਮੀ ਬਾਬਲ ਨੇ ਮੇਰਾ ਕਾਜ ਰਚਾਇਆ
ਰੋਂਦੀ ਹੋਈ ਅੰਮੜੀ ਨੇ ਮੈਨੂੰ ਡੋਲੀ ਪਾਇਆ
ਹੰਝੂਆਂ ਨਾਲ ਭਿੱਜੀ ਨੂੰ ਮੈਨੂੰ ਗਲ ਨਾਲ ਲਾਇਆ

ਹੁਣ ਦਿਲ ਦੀਆਂ ਗੱਲਾਂ ਨੀ ਕੀਹਨੂੰ ਖੋਲ੍ਹ ਸੁਣਾਵਾਂ
ਕੱਢਦੀ ਫੁੱਲਕਾਰੀ ਨੀ....

ਹੁਣ ਗੁੱਡੀਆਂ ਪਟੋਲੇ ਨੀ ਮੇਰੇ ਪੇਕੀਂ ਰਹਿ ਗਏ
ਤੁਰ ਗਈਆਂ ਸਹੇਲੜੀਆਂ ਸਭ ਸੋਚੀਂ ਪੈ ਗਏ
ਕਿੰਨ੍ਹਾਂ ਜੰਮੀਆਂ ਧੀਆਂ ਨੇ ਕੇਹੜੇ ਡਾਹਢੇ ਲੈ ਗਏ

ਕਿਤੋਂ ਮਾਪਿਆਂ ਵਰਗੀਆਂ ਨੀ ਨਹੀਂ ਲੱਭਣੀਆਂ ਛਾਵਾਂ
ਕੱਢਦੀ ਫੁੱਲਕਾਰੀ ਨੀ...

ਮੇਰੇ ਰਾਜੇ ਬਾਬਲ ਦਾ ਰਹੇ ਵਸਦਾ ਖੇੜਾ
ਮੈਨੂੰ ਪਲ ਵੀ ਭੁੱਲਦਾ ਨਹੀਂ ਅੰਮੜੀ ਦਾ ਵਿਹੜਾ
ਮੈਨੂੰ ਅੰਮੜੀ ਬਾਝੋਂ ਨੀ ਦੇਵੇ ਧੀਰਜ ਕੇਹੜਾ

ਅੰਮੀ ਜਾਏ ਵੀਰਾਂ ਦੀ ਸਦਾ ਸੁੱਖ ਮਨਾਵਾਂ
ਕੱਢਦੀ ਫੁੱਲਕਾਰੀ ਨੀ...

ਕਿਤੇ ਪਾਰ ਸਮੁੰਦਰੋਂ ਨੀ ਮਾਹੀ ਡੇਰਾ ਲਾਇਆ
ਦੇ ਗਿਆ ਧਰਵਾਸਾ ਨੀ ਨਾ ਮੁੜਕੇ ਆਇਆ
ਬਿਰ੍ਹੋਂ ਦੀ ਅਗਨੀ ਨੇ ਮੇਰਾ ਮਨ ਤਪਾਇਆ।

'ਡਾਲਵੀ' ਪਰਦੇਸੀ ਨੂੰ ਮੈਂ ਕਿਵੇਂ ਭੁਲਾਵਾਂ
ਕੱਢਦੀ ਫੁੱਲਕਾਰੀ ਨੀ ਫੁੱਲ ਬੂਟੀਆਂ ਪਾਵਾਂ।

## ਸ਼ਹਿਤੂਤ

ਕੀ ਤੁਸੀਂ ਕਦੇ ਸ਼ਹਿਤੂਤ ਦੇਖਿਆ,
ਜਿੱਥੇ ਗਿਰਦਾ, ਓਸ ਜਮੀਨ 'ਤੇ
ਓਹਦੇ ਲਾਲ ਰੰਗ ਦਾ ਚਟਾਕ ਪੈ ਜਾਂਦਾ
ਗਿਰਨ ਤੋਂ ਜ਼ਿਆਦਾ
ਦੁੱਖਦਾਈ ਕੁੱਛ ਨਹੀਂ ।
ਮੈਂ ਅਣਗਿਣਤ ਮਜਦੂਰਾਂ ਨੂੰ ਵੇਖਿਆ
ਇਮਾਰਤਾਂ ਤੋਂ ਗਿਰਦੇ ਹੋਏ
ਗਿਰਕੇ ਸ਼ਹਿਤੂਤ ਬਣਦੇ ਹੋਏ

• • •

## ਰੱਬ

ਰੱਬ ਵੀ ਇੱਕ ਮਜਦੂਰ ਹੈ
ਜਰੂਰ ਓਹ ਵੈਲਡਰਾਂ
ਦਾ ਵੈਲਡਰ ਹੋਵੇਗਾ
ਸ਼ਾਮ ਦੀ ਰੋਸ਼ਨੀ 'ਚ
ਓਹਦੀਆਂ ਅੱਖਾਂ ਅੰਗਿਆਰ
ਵਾਂਗ ਲਾਲ ਹੋ ਜਾਂਦੀਆਂ
ਰਾਤ ਓਸਦੀ ਕਮੀਜ 'ਤੇ
ਸੁਰਾਖ ਹੀ ਸੁਰਾਖ ਹੋ ਜਾਂਦੇ।

• • •

## ਬੰਦੂਕ

ਜੇ ਓਹਨਾਂ ਬੰਦੂਕ ਦੀ ਕਾਢ
ਨਾਂ ਕੱਢੀ ਹੁੰਦੀ
ਤਾਂ ਕਿੰਨੇ ਲੋਕ, ਦੂਰ ਤੋਂ ਹੀ
ਮਾਰੇ ਜਾਣ ਤੋਂ ਬੱਚ ਜਾਂਦੇ
ਬਹੁਤ ਕੁੱਝ ਆਸਾਨ ਹੋ ਜਾਂਦਾ
ਓਹਨਾਂ ਨੂੰ ਮਜਦੂਰਾਂ ਦੀ ਤਾਕਤ
ਦਾ ਅਹਿਸਾਸ ਕਰਾਉਣਾ ਵੀ
ਕਈ ਗੁਣਾਂ ਜ਼ਿਆਦਾ ਆਸਾਨ ਹੁੰਦਾ।

• • •

## ਮੌਤ ਦਾ ਡਰ

ਸਾਰੀ ਓਮਰ ਮੈਂ ਇਸ ਗੱਲ 'ਤੇ
ਭਰੋਸਾ ਕੀਤਾ
ਕਿ ਝੂਠ ਬੋਲਣਾ ਗਲਤ ਹੁੰਦਾ ਹੈ।
ਗਲਤ ਹੁੰਦਾ ਹੈ ਕਿਸੇ ਨੂੰ
ਪਰੇਸ਼ਾਨ ਕਰਨਾ

ਸਾਰੀ ਓਮਰ ਮੈਂ ਇਸ ਗੱਲ ਨੂੰ ਸਵੀਕਾਰ ਕੀਤਾ
ਕਿ ਮੌਤ ਵੀ ਜ਼ਿੰਦਗੀ ਦਾ
ਇੱਕ ਹਿੱਸਾ ਹੈ

ਇਸਦੇ ਬਾਵਜੂਦ ਵੀ ਮੈਨੂੰ
ਮੌਤ ਤੋਂ ਡਰ ਲਗਦਾ ਹੈ
ਡਰ ਲਗਦਾ ਹੈ ਦੂਜੀ ਦੁਨੀਆਂ
ਵਿੱਚ ਵੀ ਮਜਦੂਰ ਬਣੇ ਰਹਿਣ ਤੋਂ

• • •

## ਭਵਿੱਖ ਦੀ ਚੋਣ

ਮੈਂ ਕਦੇ ਸਧਾਰਣ ਬੈਂਕ ਕਰਮਚਾਰੀ
ਨਹੀਂ ਬਣ ਸਕਦਾ ਸੀ
ਖਾਣ ਪੀਣ ਦੀਆਂ ਵਸਤੂਆਂ
ਵੇਚਣ ਵਾਲਾ ਨਹੀਂ
ਕਿਸੇ ਪਾਰਟੀ ਦਾ ਮੋਹਰੀ ਵੀ ਨਹੀਂ
ਨਾਂ ਹੀ ਟੈਕਸੀ ਡਰਾਈਵਰ
ਪ੍ਰਚਾਰ 'ਚ ਜੁਟਿਆ ਮਾਰਕਿਟਿੰਗ
ਵਾਲਾ ਵੀ ਨਹੀਂ

ਮੈਂ ਬੱਸ ਸਿਰਫ ਇਹ ਚਾਹੁੰਨਾ
ਕਿ ਸ਼ਹਿਰ ਦੀ ਸੱਭ ਤੋਂ ਓਚੀ
ਜਗ੍ਹਾ 'ਤੇ ਖੜਾ ਹੋਕੇ
ਹੇਠਾਂ ਸੰਘਣੀਆਂ ਇਮਾਰਤਾਂ ਦੇ ਵਿੱਚ
ਓਸ ਔਰਤ ਦਾ ਘਰ ਦੇਖਾਂ
ਜਿਹਦੇ ਨਾਲ ਮੈਂ ਪਿਆਰ ਕਰਦਾ ਹਾਂ
ਇਸ ਲਈ ਮੈਂ ਬੰਧੂਆ ਮਜਦੂਰ ਗਿਆ।

• • •

## ਮੇਰਾ ਪਿਓ

ਜੇ ਆਪਣੇ ਪਿਓ ਬਾਰੇ ਮੈਂ ਕੁੱਝ ਕਹਿਣ
ਦੀ ਹਿੰਮਤ ਕਰਾਂ
ਤਾਂ ਮੇਰੀ ਗੱਲ ਦਾ ਭਰੋਸਾ ਕਰਨਾ
ਓਹਨਾਂ ਦੇ ਜੀਵਨ ਕਾਲ ਨੇ ਓਹਨਾਂ
ਨੂੰ ਬਹੁਤ ਥੋੜ੍ਹੀ ਖੁਸ਼ੀ ਦਿੱਤੀ

ਓਹ ਸਖਸ਼ੀਅਤ ਆਪਣੇ ਪਰਿਵਾਰ
ਲਈ ਸਮਰਪਤ ਸੀ
ਪਰਿਵਾਰ ਦੇ ਦੁੱਖ ਮਟਾਓਣ ਲਈ
ਓਹਨਾਂ ਨੇ ਆਪਣਾ ਜੀਵਨ
ਕਠੋਰ ਤੇ ਖੁਰਦਰਾ ਬਣਾ ਲਿਆ

ਤੇ ਹੁਣ ਮੈਨੂੰ ਆਪਣੀਆਂ ਕਵਿਤਾਵਾਂ
ਛਪਵਾਉਂਦੇ ਹੋਏ
ਮੈਨੂੰ ਸਿਰਫ ਏਸ ਗੱਲ ਦਾ
ਪਛਤਾਵਾ ਹੁੰਦਾ ਹੈ
ਕਿ ਮੇਰੇ ਪਿਤਾ ਪੜ੍ਹ ਨਹੀਂ ਸਕਦੇ

• • •

## ਆਸਥਾ

ਮੇਰੇ ਪਿਤਾ ਮਜਦੂਰ ਸਨ
ਆਸਥਾ ਨਾਲ ਭਰੇ ਹੋਏ ਇਨਸਾਨ
ਜਦੋਂ ਵੀ ਪਾਠ ਪੜ੍ਹਦੇ
ਰੱਬ ਓਹਨਾਂ ਦੇ ਹੱਥ ਦੇਖ
ਸ਼ਰਮਿੰਦਾ ਹੋ ਜਾਂਦਾ ਸੀ।

• • •

## ਰਾਜਨੀਤੀ

ਵੱਡੇ - ਵੱਡੇ ਬਦਲਾਅ
ਕਿੰਨੀ ਆਸਾਨੀ ਨਾਲ ਕਰ ਦਿੱਤੇ ਜਾਂਦੇ
ਹੱਥੀਂ ਕੰਮ ਕਰਦੇ ਮਜਦੂਰਾਂ ਨੂੰ
ਰਾਜਨੀਤਕ ਕਾਰਕੁੰਨਾ ਵਿੱਚ
ਬਦਲ ਦੇਣਾ ਵੀ
ਕਿੰਨਾ ਸੁਖਾਲਾ, ਕਿ ਨਹੀਂ!
ਕਰੇਨਾਂ ਏਸ ਬਦਲਾਅ ਨੂੰ ਚੱਕਦੀਆਂ ਤੇ
ਸੂਲੀ ਤੱਕ ਪਹੁੰਚਾਉਂਦੀਆਂ ਹਨ

• • •

## ਦੋਸਤੀ

ਮੈਂ ਰੱਬ ਦਾ ਦੋਸਤ ਨਹੀਂ ਹਾਂ
ਇਸਦਾ ਸਿਰਫ ਇੱਕ ਹੀ ਕਾਰਣ ਹੈ
ਜਿਸਦੀਆਂ ਜੜ੍ਹਾਂ ਬਹੁਤ ਪੁਰਾਣੀਆਂ
ਭੂਤਕਾਲ 'ਚ ਨੇ
ਜਦੋਂ ਲੋਗਾਂ ਦਾ ਸਾਡਾ ਪਰਿਵਾਰ
ਇੱਕ ਤੰਗ ਕਮਰੇ 'ਚ ਰਹਿੰਦਾ ਸੀ
ਤੇ ਰੱਬ ਦੇ ਕੋਲ ਬਹੁਤ ਵੱਡਾ ਮਕਾਨ ਸੀ
ਜਿੱਥੇ ਓਹ ਇਕੱਲਾ ਰਹਿੰਦਾ ਸੀ।

• • •

## ਸਰਕਾਰ

ਕੁੱਝ ਸਮਾਂ ਹੋਇਆ
ਪੁਲਿਸ ਮੈਨੂੰ ਤਾਲਾਸ਼ ਰਹੀ ਹੈ
ਮੈਂ ਕਿਸੇ ਦਾ ਕਤਲ ਨਹੀਂ ਕੀਤਾ
ਮੈਂ ਸਰਕਾਰ ਦੇ ਖਿਲਾਫ
ਕੋਈ ਲੇਖ ਨਹੀਂ ਲਿਖਿਆ

ਸਿਰਫ ਤੂੰ ਜਾਣਦੀ ਹੈਂ। ਮੇਰੀ ਪਿਆਰੀ
ਕਿ ਜਨਤਾ ਦੇ ਲਈ
ਕਿੱਡੀ ਤ੍ਰਾਸਦੀ ਹੋਵੇਗੀ
ਕਿ ਸਰਕਾਰ ਏਸ ਤਰਾਂ ਏਸ ਕਾਰਣ
ਮੇਰੇ ਤੋਂ ਡਰਨ ਲੱਗੇ
ਕਿ ਮੈਂ ਇੱਕ ਮਜਦੂਰ ਹਾਂ
ਜੇ ਕਿਤੇ ਮੈਂ ਕਰਾਂਤੀਕਾਰੀ
ਯਾਂ ਬਾਗੀ ਹੁੰਦਾ
ਫੇਰ ਓਹ ਕੀ ਕਰਦੇ?

ਫੇਰ ਵੀ ਓਸ ਮੁੰਡੇ ਦੇ ਲਈ
ਇਹ ਦੁਨੀਆ
ਕੋਈ ਬਹੁਤ ਜ਼ਿਆਦਾ ਬਦਲੀ ਨਹੀਂ ਹੈ
ਜੋ ਸਕੂਲ ਦੀਆਂ ਸਾਰੀਆਂ ਕਿਤਾਬਾਂ ਤੇ ਪਹਿਲੇ
ਪੰਨੇ ਤੇ ਆਪਣੀ ਤਸਵੀਰ ਛਪੀ ਹੋਈ
ਦੇਖਣਾ ਚਾਹੁੰਦਾ।

• • •

## ਸਿਰਫ ਡਰ

ਜਦੋਂ ਮੈਂ ਮਰਾਂਗਾ
ਆਪਣੇ ਨਾਲ ਆਪਣੀਆਂ ਸਾਰੀਆਂ
ਕਿਤਾਬਾਂ ਲੈ ਜਾਵਾਂਗਾ
ਤੇ ਆਪਣੀ ਕਬਰ ਭਰ ਦਵਾਂਗਾ
ਓਹਨਾਂ ਲੋਕਾਂ ਦੀਆਂ ਤਸਵੀਰਾਂ
ਜਿਹਨਾਂ ਨੂੰ ਮੈਂ ਪਿਆਰ ਕੀਤਾ
ਮੇਰੇ ਨਵੇਂ ਘਰ ਵਿੱਚ ਕੋਈ ਜਗਾ
ਨਹੀਂ ਹੋਵੇਗੀ
ਭਵਿੱਖ ਦੇ ਪ੍ਰਤੀ ਡਰ ਦੇ ਲਈ

ਮੈਂ ਸ਼ਾਂਤ ਪਿਆ ਰਹਾਂਗਾ
ਮੇਰੀ ਸਿਗਰਟ ਦੇ ਕਸ਼
'ਤੇ ਰੋਵਾਂਗਾ ਓਹਨਾਂ ਤਮਾਮ
ਔਰਤਾਂ ਨੂੰ ਯਾਦ ਕਰਕੇ
ਜਿਹਨਾਂ ਨੂੰ ਮੈਂ ਗਲੇ ਲਗਾਉਣਾ ਚਾਹੁੰਦਾ ਸੀ

ਇਹ ਸਾਰੀਆਂ ਖੁਸ਼ੀਆਂ ਦੇ ਵਿੱਚ ਵੀ
ਇੱਕ ਡਰ ਫੇਰ ਵੀ ਨਾਲ ਰਿਹਾ
ਕਿ ਇੱਕ ਦਿਨ ਹੋਲੀ ਹੋਲੀ
ਕੋਈ ਮੋਢਾ ਹਿਲਾਕੇ ਜਗਾਏਗਾ
ਮੈਨੂੰ ਤੇ ਕਹੇਗਾ
ਉਠ ਜਾ ਪਾਸੇ ਚੱਲ
"ਕੰਮ ਤੇ ਚੱਲਣਾ ਹੈ"



ਮੂਲ ਕਵਿਤਾ : ਸਾਬਿਰ ਹਾਕਾ (ਇਰਾਨ)
ਪੰਜਾਬੀ ਅਨੁਵਾਦ : ਪਾਸ਼ ਔਜਲਾ

## ਠੰਢੀ, ਬੁੱਢੀ

ਠੰਢੀ, ਬੁੱਢੀ
ਤੇ ਕੰਬਦੀਆਂ ਲੱਤਾਂ ਵਾਲੀ ਲੀਡਰਸ਼ਿਪ
ਜੀ ਸਦਕੇ ਨਕਾਰ ਲੈਣਾ।
ਪਰ ਨਕਾਰਨ ਤੋਂ ਪਹਿਲਾਂ
ਇਹ ਹਕੀਕਤ ਨਾ ਵਿਸਾਰ ਦੇਣਾ
ਕਿ ਪੰਜਾਬ ਦੇ ਕਿਸਾਨ ਜਦੋਂ
ਕੁਰਕੀਆਂ ਰੋਕਣ ਲਈ ਲੜਦੇ ਸੀ
ਮੰਡੀਆਂ 'ਚੋਂ ਫਸਲਾਂ ਚੁਕਾਉਣ ਲਈ ਲੜਦੇ ਸੀ
ਉਦੋਂ ਭਲਾਂ ਇਹ ਖਾਲਿਸਤਾਨੀ ਕੀ ਕਰਦੇ ਸੀ ?
ਸ਼ਰੇਆਮ ਹੋ ਰਿਹਾ ਐਨਾ ਧੱਕਾ
ਨਿਹੰਗ ਸਿੰਘ ਕਿਮੇਂ ਜਰਦੇ ਸੀ
ਜਿਹੋ ਜਿਹੇ ਵੀ ਸੀ
ਬੁੱਢੇ ਠੇਰੇ ਯੂਨੀਅਨਾਂ ਵਾਲੇ ਹੀ
ਲੋਕਾਂ ਨੂੰ 'ਕੱਠੇ ਕਰਦੇ ਸੀ
ਠੰਢੀਆਂ ਯਖ਼ ਰਾਤਾਂ ਨੂੰ
ਇਹੀ ਠਰਦੇ ਸੀ
ਕੰਪਨੀਆਂ ਨੇ ਜ਼ਮੀਨਾਂ 'ਤੇ ਹੱਲੇ ਬੋਲੇ
ਕਿਸਾਨਾਂ ਦੇ ਹੱਕ ਰੋਲੇ
ਉਦੋਂ ਅਜਮੇਰ ਜਾਂ ਉਧੋਕੇ ਕੀ ਕਰਦੇ ਸੀ
ਅਨਿਆਂ ਦੇ ਇਹਨਾਂ ਵਾਕਿਆਂ ਨੂੰ
ਇਹ ਕੋਮਲ ਦਿਲ ਕਿਵੇਂ ਜਰਦੇ ਸੀ
ਹਾਂ ਸੱਚ, ਉਹ ਤਾਂ ਵਿਚਾਰੇ
ਸਿੱਖੀ ਬਚਾਉਣ ਦਾ ਫਿਕਰ ਕਰਦੇ ਸੀ
ਇਹਦੀ ਖਾਤਰ ਭੋਰੇ ਵਿਚ ਬੈਠ
ਸਕੀਮਾਂ ਘੜਦੇ ਸੀ
ਮਹਿਲ ਕਲਾਂ 'ਚ ਕਿਰਨਜੀਤ ਨੋਚੀ
ਫ਼ਰੀਦਕੋਟ 'ਚ ਸ਼ਰੁਤੀ 'ਤੇ ਕਹਿਰ ਵਰ੍ਹਿਆ
ਨਾ ਲੱਖੇ ਨੂੰ ਗੁੱਸਾ ਆਇਆ
ਨਾ ਦੀਪ ਦਾ ਪਾਰਾ ਚੜ੍ਹਿਆ
ਉਦੋਂ ਵੀ ਕੰਬਦੀਆਂ ਲੱਤਾਂ ਵਾਲਾ
ਕਾਫਲਾ ਹੀ ਅੜਿਆ
ਮੋਟਰਾਂ ਨੂੰ ਬਿੱਲ ਲੱਗੇ
ਸਕੂਲ ਕਾਲਜ ਸੇਲ 'ਤੇ ਲੱਗੇ
ਤਾਂ ਲੋਕਾਂ ਦੁਹਾਈ ਪਾਈ
ਨਾ ਬਹੁੜਿਆ ਕੋਈ ਸੰਤ ਬਾਬਾ
ਨਾ "ਵਿਦਵਾਨਾਂ" ਦੀ ਜੁੰਡਲੀ ਥਿਆਈ
ਉਦੋਂ ਵੀ ਫਿਰ
ਕਿਸਾਨ ਯੂਨੀਅਨ ਮੂਹਰੇ ਆਈ
ਬਾਦਲ ਨੇ ਬਿਜਲੀ ਬੋਰਡ ਤੋੜਿਆ
ਯੂਨੀਅਨਾਂ ਨੇ ਝੰਡਾ ਚੱਕਿਆ
ਤੇ ਲੋਕਾਂ ਨੂੰ ਜੋੜਿਆ
ਪਰ ਨਾ ਲੱਖੇ ਨੇ "ਵੱਡੀ ਗੱਲ" ਕਹੀ
ਨਾ ਦੀਪ ਨੇ "ਵੱਡਾ ਐਲਾਨ" ਕੀਤਾ
ਹਾਰ ਕੇ ਵਿਚਾਰੇ ਲੋਕਾਂ ਨੇ
ਸਬਰ ਦਾ ਘੁੱਟ ਪੀਤਾ
ਸਰਕਾਰਾਂ ਨੇ ਬੋਰਡ
ਸ਼ਰੇਆਮ ਨੀਲਾਮ ਕੀਤਾ
ਜਦੋਂ ਨਰਮੇ ਨੂੰ ਸੁੰਡੀ ਨੇ ਮਾਰਿਆ
ਕਿਸਾਨਾਂ ਨੇ ਬਠਿੰਡੇ ਧਰਨਾ ਲਾ ਲਿਆ
ਉਦੋਂ ਵੀ ਇਸ ਟੋਲੇ ਤੋਂ ਬਿਨਾਂ ਹੀ ਸਾਰਿਆ
ਖੇਤੀ ਕਾਨੂੰਨ ਆਏ
ਬੁੱਢੀ ਲੀਡਰਸ਼ਿਪ ਨੇ ਪਛਾਣੇ
ਲੋਕ ਸੜਕਾਂ 'ਤੇ ਨਿੱਤਰੇ
ਤੇ ਰਲਕੇ ਮੁੱਕੇ ਤਾਣੇ
ਫਿਰ ਗਰਮ ਖੂਨ ਜੁਝਾਰਾਂ ਨੇ ਐਲਾਨ ਕੀਤਾ ਕਿ
ਲੀਡਰਸ਼ਿਪ ਤਾਂ ਵਿਚਾਰੀ
ਬੁੱਢੀ ਤੇ ਕਮਜ਼ੋਰ ਹੋ ਗਈ ਹੈ
ਇਹਨਾਂ ਕੀ ਕਰਨਾ
ਇਸ ਲਈ ਸਾਡੇ ਬਿਨਾਂ ਨਹੀਂ ਸਰਨਾ,
ਫਿਰ ਕਬਜ਼ਿਆਂ ਤੇ ਫਿਲਮਾਂ 'ਚੋਂ
ਵਿਹਲੇ ਹੋ ਕੇ ਜਵਾਨ ਆਏ,
ਭੋਰਿਆਂ 'ਚੋਂ ਨਿਕਲ ਵਿਦਵਾਨ ਆਏ।
ਇਹਨਾਂ ਰੇਲਾਂ ਜਾਮ ਕਰਤੀਆਂ
ਟੋਲ ਪਲਾਜੇ ਨੱਪ ਲਏ,
ਇੱਕ ਲਲਕਾਰਾ ਐਸਾ ਮਾਰਿਆ
ਕਿ ਓਸੇ ਘੜੀ ਤੋਂ ਸਰਕਾਰ ਦੇ
ਸਭ ਕਾਰੋਬਾਰ ਠੱਪ ਪਏ,
ਦਿੱਲੀ ਚਲੋ ਦਾ ਹੋਕਾ ਲਾਇਆ
ਐਸੀ ਕਲਾ ਫਿਰ ਵਰਤ ਗਈ
ਇਨ੍ਹਾਂ ਪਿਛਲੇ ਜਥੇ ਦੇਖ ਕੇ
ਸਰਕਾਰ ਤਾਂ ਥਾਏਂ ਜਰਕ ਗਈ
ਫਿਰ ਇਨ੍ਹਾਂ ਨੂੰ ਧੁਰੋਂ ਆਇਆ ਫੁਰਮਾਨ ਕੋਈ
ਕਿ ਦਿੱਲੀ ਦੇ ਬਾਰਡਰਾਂ ਬਹਿ ਕੇ ਕੀ ਕਰਨਾ
ਕਨੂੰਨ ਤਾਂ ਅਦਾਲਤ ਵੀ ਰੱਦ ਕਰ ਦਊ
ਆਪਾਂ ਤਾਂ ਲਾਲ ਕਿਲਾ ਫਤਿਹ ਕਰਨਾ ।
ਫਿਰ ਲਾਲ ਕਿਲ੍ਹੇ ਚੜ੍ਹਾਈ ਕਰਤੀ
ਅਜਮੇਰ ਸਿਉਂ ਦੀਆਂ ਫੌਜਾਂ ਨੇ
ਓਦਣ ਪਿੱਛੋਂ ਕਿਸਾਨੀ ਨੂੰ ਤਾਂ
ਬੱਸ ਮੌਜਾਂ ਹੀ ਮੌਜਾਂ ਨੇ।

– ਗੁਰਦਾਸਪੁਰੀਆ
(ਲੋਕ ਯੁੱਧ ਫੇਸਬੁੱਕ ਪੇਜ ਤੋਂ)

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

## ਕਿਸਾਨ ਜ਼ਿੰਦਾਬਾਦ

ਖਬਰਦਾਰ
ਹਾਕਮਾਂ
ਮੈ ਦੁੱਕੀ ਤਿੱਕੀ ਨਹੀਂ ਹਾਂ
ਹੋਸ਼ ਉਡਾ ਦੇਵੇਗਾ
ਸੈਅ ਮੈ ਕੋਈ
ਨਿੱਕੀ ਨਹੀਂ ਹਾਂ
ਕੱਕੀਆਂ ਰਾਤਾਂ
ਠਰਦਾ ਹਾਂ
ਸਾਰਿਆ ਦਾ
ਢਿੱਡ ਭਰਦਾ ਹਾਂ
ਸੂਰਜ ਹਾਂ ਟਿੱਕੀ ਨਹੀਂ ਹਾਂ
ਬਹੁਤ ਹੋ ਗਈ
ਉਣੰਜਾ ਇਕਵਿੰਜਾ
ਹੱਕ ਬਰਾਬਰ ਦੇਣੇ ਪੈਣੇ
ਝੱਲ ਸਕਦਾ ਹੁਣ ਮੈਂ
ਉਨੀ ਇੱਕੀ ਨਹੀਂ ਹਾਂ
ਮੈ ਭਗਤ ਸਿੰਘ ਦੀ ਪੱਗ
ਤੇ ਰੰਗ ਬਸੰਤੀ
ਪੈ ਸਕਦੀ ਕਦੇ
ਫਿੱਕੀ ਨਹੀਂ ਹਾਂ
ਮੈ ਲੱਕੜ,ਲੋਹਾ,
ਅੱਗ ਤੇ ਪਾਣੀ
ਸਿਰਫ ਮਿੱਟੀ ਨਹੀਂ ਹਾਂ
ਮੈ ਦੁੱਕੀ ਤਿੱਕੀ ਨਹੀਂ ਹਾਂ
ਹੋਸ਼ ਉਡਾ ਦੇਵਾਂਗਾ
ਸੈਅ ਮੈਂ ਕੋਈ
ਨਿੱਕੀ ਨਹੀਂ ਹਾਂ

ਪਰਮਿੰਦਰ 'ਰਮਨ"

## ਪਰਵਾਸ

ਵਰਤੋਂ ਮਾਰ ਉਡਾਰੀਆਂ, ਉਤਰੇ ਕਰਨ ਸੁਰਗ ਦੀ ਭਾਲ
ਧਰਤ ਪਰਾਈ, ਲੋਕ ਪਰਾਏ, ਪਰਾਈ ਜੀਵਨ ਚਾਲ
ਆਪਣੇ ਭੁੱਲੇ, ਆਪਾ ਵਿਸਰਿਆ, ਖੁਦਦਾਰੀ ਤਾਰੋ ਤਾਰ
ਲੂੰਮਣਮੀਟੀ ਖੇਡ ਰਹੇ, ਆਪਣੀਆਂ ਹੀ ਨਜ਼ਰਾਂ ਨਾਲ
ਹੱਫਦੇ ਡਾਲਰਾਂ ਪਿੱਛੇ ਦੌੜਦੇ, ਪੰਜ ਦਰਿਆਵਾਂ ਦੇ ਲਾਲ
ਮੁੜ-ਸੋਚਣ ਦੀ ਦੇਵੇ ਫੁਰਸਤ ਨਾ, ਇਹ ਮਾਇਆ ਦਾ ਜਾਲ
ਆਪਣੀ ਬੋਲੀ, ਆਪਣੀ ਰਹਿਤਲ ਦੇ, ਪਹਿਨੀ ਫਿਰਨ ਲੰਗਾਰ
ਸੱਜ-ਧੱਜ ਸੜਕਾਂ 'ਤੇ ਨਿਕਲਦੇ, ਲਾ ਬੇਰੜਾ ਹਾਰ-ਸ਼ਿੰਗਾਰ
ਪਾਰਕਾਂ 'ਚ ਬੈਠੇ ਬਾਬੇ ਝੂਰਦੇ, ਤੱਕ ਅਜਨਬੀ ਜੀਵਨ-ਚਾਲ
ਡੁੱਬਦੇ ਮਨਾਂ ਨੂੰ ਢੋਈ ਦੇਵਦੇਂ, ਯਾਦਾਂ ਦੇ ਦੀਵੇ ਬਾਲ
ਪਰਾਲੀ ਬੋਲੀ ਪੱਲੇ ਨਾ ਪੈਂਵਦੀ, ਆਪਣੇ ਵੀ ਸਮਝਣ ਗੰਵਾਰ
ਹੋ ਗਈ ਜਿੰਦ ਸੱਖਣੀ, ਗਏ ਜੀਵਨ-ਬਾਜ਼ੀ ਹਾਰ
ਅੰਦਰੋਂ ਅੰਦਰੀਂ ਮਨ ਕੂਕਦਾ, ਕੋਈ ਨਾ ਸੁਣੇ ਪੁਕਾਰ
ਵਤਨੋਂ ਕੂਚ ਕਰਦਿਆਂ, ਮਨ ਰੋਇਆ ਜ਼ਾਰੋ-ਜ਼ਾਰ
ਛੱਡ ਚੱਲੇ ਮੋਹ-ਮੰਮਟੀਆਂ, ਮਿੱਠੜੇ ਬੇਲੀ ਯਾਰ
ਪਰਵਾਸ ਦਾ ਸਿਲਸਲਾ, ਸਾਨੂੰ ਕਰ ਰਿਹਾ ਹਾਲੋਂ ਬੇਹਾਲ
ਪੰਜ ਦਰਿਆ ਹੋ ਰਹੇ ਇਕ ਹੋਰ ਸਾਜਸ ਦਾ ਸ਼ਿਕਾਰ
ਨਕਲੀ ਆਜ਼ਾਦੀ ਦੀ ਕਟਾਰ ਨਾਲ, ਪਹਿਲਾਂ ਵੱਢਿਆ ਅੱਧ ਵਿਚਕਾਰ
ਦਿੱਲੀ ਲੰਦਨ ਜਸ਼ਨ ਮਨਾਏ, ਇਥੇ ਲਾਏ ਲਾਸ਼ਾਂ ਦੇ ਅੰਬਾਰ
ਹੁਣ ਚਾਹੁਣ ਗਲੀਆਂ ਸੁੰਨੀਆਂ, ਸੁੰਨੇ ਘਰ-ਬਾਰ
ਦੋਹੀਂ ਹੱਥੀਂ ਚੂੰਡਣਾ, ਮੇਟਣਾ ਕੌਮੀ ਨਕਸ਼-ਨੁਹਾਰ
ਉੱਠੋ ਤੋੜੀ ਗੰਢੀਏ, ਹਮਕੌਮੀ ਭਰਾਵਾਂ ਨਾਲ
ਇਕ ਕੌਮ, ਇਕ ਪੰਜਾਬ, ਇਕ ਪੰਜ ਪਾਣੀਆਂ ਦਾ ਪਰਿਵਾਰ
ਆਓ ਇਕ ਹੋ ਉੱਠੀਏ, ਢਾਹੀਏ ਹੱਦਾਂ ਦੀ ਦੀਵਾਰ
ਚੋਟ ਨਗਾਰੇ ਲਾਈਏ, ਸੁੱਕੀ ਜਾਵੇ ਨਾ ਡਾਕੂ ਧਾੜ

- ਗੁਰਤੇਜ ਸਿੰਘ ਖੋਖਰ


www.malwatires.ca
NOW OPEN AT
MALWA
TIRES & SERVICES LTD
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

PIONEER FINANCIAL SERVICES

# TRUCK LOANS

Low Interest Rates, Fast Approval




PIONEER TRUCKING SOLUTIONS

- PRORATE, IFTA
- US DOT
- BUYDOWN DEDUCTIBLE
- WRITE OFF PROTECTION

Monarch

INSURANCE BROKERS

# TRUCK INSURANCE

BEST INSURANCE RATES IN ALBERTA

CALL: 587-832-1208

# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
BROKERAGE WITH HOMELIFE BRAND

2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

**NOW HIRING NEW / EXPERIENCED REAL ESTATE PROFESSIONALS**
*Not intended to solicit anyone under contract

**JOIN ONE OF FASTEST GROWING BROKERAGE**



CALL HEAD OFFICE TODAY
**905.913.8500**
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton






AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.